# ਵਿਰਸੇ ਦੇ ਅੰਗ ਸੰਗ

(ਕਾਵਿ ਸੰਗ੍ਰਹਿ)

**ਡਾ. ਹਰੀ ਸਿੰਘ ਜਾਚਕ**

**ਪ੍ਰਕਾਸ਼ਕ**
ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੋਸਾਇਟੀ (ਰਜਿ.)
ਕੋਠੀ ਨੰ. 277 (ਪਾਰਕ ਦੇ ਸਾਹਮਣੇ), ਮਾਡਲ ਗਰਾਮ, ਲੁਧਿਆਣਾ
ਸੰਪਰਕ 098722-05910, 099883-21245

# ਵਿਰਸੇ ਦੇ ਅੰਗ ਸੰਗ

(ਕਾਵਿ ਸੰਗ੍ਰਹਿ)

ਡਾ. ਹਰੀ ਸਿੰਘ ਜਾਚਕ

# Virse De Ang Sang

(Collection of Poems)

**Dr. Hari Singh Jaachak**

**C Publisher**

**Price: Rs.100 $ 4 3**

Published by

**Paramdeep Singh Deep Yadgari Welfare Society(Regd.)**

Kothi No. 277(Opposite Park), Model Gram,Ludhiana-141002 ,Punjab,India

Contact 098722-05910 , 099883-21245

# ਸਮਰਪਣ

ਹੋਣਹਾਰ ਤੇ ਆਗਿਆਕਾਰੀ ਸਪੁੱਤਰ ਪਰਮਦੀਪ ਸਿੰਘ 'ਦੀਪ' ਦੀਆਂ ਪਾਵਨ ਯਾਦਾਂ ਨੂੰ,

ਜਿਸ ਨੂੰ 5 ਸਾਲ ਦੀ ਉਮਰ ਤੋਂ ਹੀ ਬਾਲ ਕਵੀ ਦੇ ਰੂਪ ਵਿੱਚ ਪਾਵਨ ਤਖ਼ਤ ਸਾਹਿਬਾਨ ਅਤੇ ਪੰਥਕ ਜਥੇਬੰਦੀਆਂ ਤੋਂ ਗੋਲਡ ਮੈਡਲ, ਮਾਣ ਸਨਮਾਨ ਅਤੇ ਸਿਰੋਪਾਉ ਦੀ ਬਖ਼ਸ਼ਸ਼ ਪ੍ਰਾਪਤ ਹੋਈ ਅਤੇ ਜੋ 21 ਸਾਲ ਦੀ ਉਮਰ ਵਿੱਚ ਹੀ ਜੋਬਨ ਰੁੱਤੇ, 16ਜੁਲਾਈ 2006 ਨੂੰ ਸਦੀਵੀ ਵਿਛੋੜਾ ਦੇ ਗਿਆ।

ਫੋਟੋ ਬਚਪਨ ਦੀ

ਫੋਟੋ ਚੜ੍ਹਾਈ ਕਰਨ ਪਹਿਲਾਂ ਦੀ

ਤਤਕਰਾ

# ਪ੍ਰਕਾਸ਼ਨ ਮਨੋਰਥ

ਆਮ ਤੌਰ ਤੇ ਇਹ ਦੇਖਣ ਵਿੱਚ ਆ ਰਿਹਾ ਸੀ ਕਿ ਪੰਥ ਦੇ ਕਈ ਸਿਰਮੌਰ ਕਵੀ ਜਿਹੜੇ ਸਾਰੀ ਉਮਰ ਪੰਥਕ ਸਟੇਜ਼ਾਂ 'ਤੇ ਆਪਣੀਆਂ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਦੇ ਰਹੇ ਪਰ ਆਰਥਿਕ ਸਾਧਨਾਂ ਦੀ ਕਮੀ ਹੋਣ ਕਾਰਣ ਉਹ ਇਨ੍ਹਾਂ ਕਵਿਤਾਵਾਂ ਨੂੰ ਜੀਉਂਦੇ ਜੀਅ ਛਪਵਾ ਨਾ ਸਕੇ ਅਤੇ ਉਨ੍ਹਾਂ ਦੇ ਜਾਣ ਤੋਂ ਬਾਅਦ ਉਨ੍ਹਾਂ ਦੀਆਂ ਬਹੁਮੁੱਲੀਆਂ ਕਵਿਤਾਵਾਂ ਰੱਦੀ ਵਿੱਚ ਹੀ ਚਲੀਆਂ ਗਈਆਂ। ਮਨ ਮਸਤਕ ਵਿੱਚ ਸੋਚ ਆਈ ਕਿ ਇਨ੍ਹਾਂ ਦੀ ਸੰਭਾਲ ਕੀਤੀ ਜਾਵੇ ਅਤੇ ਇਨ੍ਹਾਂ ਨੂੰ ਬਿਨਾਂ ਲਾਭ ਹਾਣ ਦੇ ਪ੍ਰਕਾਸ਼ਤ ਕਰਵਾ ਕੇ ਵਿਰਸੇ ਦੇ ਵਾਰਸਾਂ ਦੇ ਹੱਥਾਂ 'ਚ ਪਹੁੰਚਾਇਆ ਜਾਵੇ ਤਾਂ ਕਿ ਉਹ ਵੀ ਆਪਣੇ ਪਾਵਨ ਇਤਿਹਾਸ ਤੋਂ ਸੇਧ ਲੈ ਕੇ ਕੌਮ ਦੀ ਸੇਵਾ ਕਰ ਸਕਣ। ਪੁੰਗਰਦੇ ਬਾਲ ਕਵੀਆਂ ਅਤੇ ਲਿਖਾਰੀਆਂ ਨੂੰ ਹਰ ਸਾਲ ਹੌਂਸਲਾ ਅਫ਼ਜ਼ਾਈ ਕਰਕੇ ਅਤੇ ਉਨ੍ਹਾਂ ਨੂੰ ਮਾਣ ਸਨਮਾਨ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਇਆ ਜਾਵੇ । ਨਸ਼ਿਆਂ ਰਹਿਤ ਸਮਾਜ ਦੀ ਸਿਰਜਨਾ ਲਈ ਉਦਮ ਉਪਰਾਲੇ ਕੀਤੇ ਜਾਣ।ਇਨ੍ਹਾਂ ਆਸ਼ਿਆਂ ਅਤੇ ਹੋਰ ਕਈ ਮਨੋਰਥਾਂ ਨੂੰ ਮੁੱਖ ਰੱਖ ਕੇ 'ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੋਸਾਇਟੀ' ਬਣਾਈ ਗਈ ਅਤੇ।

ਪਰਮਦੀਪ ਸਿੰਘ 'ਦੀਪ' ਪ੍ਰਸਿੱਧ ਪੰਥਕ ਸ਼ਾਇਰ ਡਾ. ਹਰੀ ਸਿੰਘ 'ਜਾਚਕ' ਦਾ ਪਲੇਠਾ, ਹੋਣਹਾਰ ਤੇ ਆਗਿਆਕਾਰੀ ਸਪੁੱਤਰ ਸੀ। ਉਸ ਦਾ ਜਨਮ 17 ਅਕਤੂਬਰ 1984 ਨੂੰ ਮੋਹਾਲੀ ਵਿਖੇ ਹੋਇਆ ਸੀ।ਛੋਟੀ ਉਮਰ ਤੋਂ ਹੀ ਜਾਚਕ ਜੀ ਨਾਲ ਪੰਥਕ ਸਟੇਜਾਂ 'ਤੇ ਕਵਿਤਾ ਪੜ੍ਹਨ ਲੱਗ ਪਿਆ ਸੀ, ਜਿਸ ਕਰਕੇ ਸਿੱਖ ਪੰਥ ਦੇ ਪੰਜਾਂ ਤਖ਼ਤ ਤੋਂ ਸਨਮਾਨਿਤ ਕੀਤਾ ਗਿਆ ਸੀ।ਬਹੁਤ ਸਾਰੀਆਂ ਸਿੱਖਿਆ ਸੰਸਥਾਵਾਂ ਅਤੇ ਧਾਰਮਿਕ ਸੰਸਥਾਵਾਂ ਤੋਂ ਪਹਿਲਾ ਇਨਾਮ ਅਤੇ ਗੋਲਡ ਮੈਡਲ ਪ੍ਰਾਪਤ ਕੀਤੇ। ਮੁੱਢਲੀ ਵਿਦਿਆ ਹਾਸਲ ਕਰਨ ਤੋਂ ਬਾਅਦ ਕੰਪਿਊਟਰ ਇੰਜਨੀਅਰਿੰਗ ਦਾ ਡਿਪਲੋਮਾ ਕਰਕੇ ਵੱਖ ਵੱਖ ਮਲਟੀਨੈਸ਼ਨਲ ਕੰਪਨੀਆਂ ਤੋਂ ਤਜ਼ਰਬਾ ਹਾਸਲ ਕੀਤਾ ਅਤੇ 5 ਜੂਨ 2006 ਨੂੰ ਹੀ ਕੰਪਿਊਟਰ ਬਨਾਉਣ ਵਾਲੀ ਇਕ ਅਮਰੀਕਨ ਕੰਪਨੀ 'ਡੈੱਲ' ਦੀ ਮੋਹਾਲੀ ਬਰਾਂਚ ਵਿੱਚ ਸੀਨੀਅਰ ਟੈਕਨੀਕਲ ਸੁਪੋਰਟ ਐਸੋਸੀਏਟ ਦੀ ਨੌਕਰੀ ਤੇ 1,95,000 ਰੁਪਏ ਸਾਲਾਨਾ ਤਨਖ਼ਾਹ 'ਤੇ ਲੱਗ ਗਿਆ।ਛੋਟੀ ਉਮਰ 'ਚ ਹੀ ਵੱਡੀਆਂ ਪੁਲਾਂਘਾਂ ਪੁੱਟ ਕੇ ਆਪਣਾ ਅਤੇ ਆਪਣੇ ਮਾਂ-ਬਾਪ ਦਾ ਨਾਂ ਰੋਸ਼ਨ ਕਰ ਰਿਹਾ ਸੀ ਪਰ ਕੁਦਰਤ ਨੂੰ ਕੁਝ ਹੋਰ ਹੀ ਮਨਜ਼ੂਰ ਸੀ। 9 ਜੁਲਾਈ 2006 ਨੂੰ ਅਚਨਚੇਤ ਬੜਾ ਭਿਆਨਕ ਸੜਕ ਹਾਦਸਾ ਹੋ ਗਿਆ। ਭਾਵੇਂ ਪੀ.ਜੀ.ਆਈ. ਚੰਡੀਗੜ੍ਹ ਅਤੇ ਫੋਰਟਿਜ਼ ਹਸਪਤਾਲ, ਮੋਹਾਲੀ ਦੇ ਡਾਕਟਰ ਸਾਹਿਬਾਨ ਨੇ ਪੂਰੀ ਵਾਹ ਲਗਾਈ ਪਰ ਧੁਰ ਦਰਗਾਹ ਤੋਂ ਸੱਦਾ ਆ ਚੁੱਕਾ ਸੀ ਅਤੇ ਉਹ ਆਪਣੇ ਸੁਆਸਾਂ ਦੀ ਪੂੰਜੀ ਸਫ਼ਲੀ ਕਰਦਾ ਹੋਇਆ 16 ਜੁਲਾਈ 2006 ਸ਼ਾਮ ਦੇ 6.30 ਵਜੇ ਚੜ੍ਹਾਈ ਕਰ ਗਿਆ।ਕਿਰਨ ਸੂਰਜ ਵਿੱਚ ਸਮਾ ਗਈ।

ਜੂਨ 2007 ਦੇ ਅਖ਼ੀਰਲੇ ਹਫ਼ਤੇ ਮਨ ਵਿੱਚ ਇਹ ਭਾਵਨਾ ਉਤਪੰਨ ਹੋਈ ਕਿ ਕਿਉਂ ਨਾ ਪਰਮਦੀਪ ਸਿੰਘ 'ਦੀਪ' ਦੀ 16 ਜੁਲਾਈ 2007 ਨੂੰ ਆ ਰਹੀ ਪਹਿਲੀ ਬਰਸੀ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇ।ਇਸ ਲਈ ਸੋਚ ਆਈ ਕਿ ਜੋਬਨ ਰੁੱਤੇ ਤੁਰੇ ਇਸ ਗਭਰੂ ਦੀ ਯਾਦ ਵਿੱਚ ਯਾਦਗਾਰੀ ਸੋਸਾਇਟੀ ਬਣਾ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾਣ। ਦੀਪ ਦੇ ਮਾਤਾ ਦਲਬੀਰ ਕੌਰ ਵਲੋਂ ਉਸੇ ਦੀ ਹੀ ਕਿਰਤ ਕਮਾਈ ਨੂੰ ਸਫ਼ਲ ਕਰਦੇ ਹੋਏ 51000 ਰੁਪਏ ਮੁੱਢਲੀ ਰਾਸ਼ੀ ਦੇ ਰੂਪ ਵਿੱਚ ਦਿੱਤੇ ਗਏ ਹਨ। ਇਸ ਸੋਸਾਇਟੀ ਵਲੋਂ ਪ੍ਰਕਾਸ਼ਿਤ ਹੋ ਰਹੀ ਹੱਥਲੀ ਪੁਸਤਕ 'ਦੀਪ' ਨੂੰ ਹੀ ਸਮਰਪਿਤ ਹੈ।

**ਭੁਪਿੰਦਰ ਸਿੰਘ 'ਜ਼ਖ਼ਮੀ'**
**ਪ੍ਰਕਾਸ਼ਕ**
**ਪਰਮਦੀਪ ਸਿੰਘ 'ਦੀਪ' ਯਾਦਗਾਰੀ ਵੈਲਫੇਅਰ ਸੋਸਾਇਟੀ (ਰਜਿ.)**
ਕੋਠੀ ਨੰ. 277 (ਪਾਰਕ ਦੇ ਸਾਹਮਣੇ) ਮਾਡਲ ਗਰਾਮ, ਲੁਧਿਆਣਾ-141002
ਸੰਪਰਕ 098722-05910, 099883-21245

# ਦੋ ਸ਼ਬਦ

**ਡਾ. ਚਰਨ ਕਮਲ ਸਿੰਘ**
ਚੀਫ਼ ਸਕੱਤਰ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

ਦੋ ਸ਼ਬਦ

ਡਾ. ਚਰਨ ਕਮਲ ਸਿੰਘ
ਚੀਫ਼ ਸਕੱਤਰ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

# ਦੋ ਸ਼ਬਦ

**ਡਾ. ਚਰਨ ਕਮਲ ਸਿੰਘ**
ਚੀਫ਼ ਸਕੱਤਰ
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ

# ਮੁੱਖ ਬੰਦ

ਇਹ ਕਾਵਿ-ਪੁਸਤਕ ਕਵੀ ਹਰੀ ਸਿੰਘ 'ਜਾਚਕ' ਦੇ ਪਲੇਠੇ ਕਾਵਿ ਸੰਗ੍ਰਹਿ, 'ਵਿਰਸੇ ਦੇ ਅੰਗ ਸੰਗ' ਦਾ ਦੂਸਰਾ ਅਤੇ ਸੋਧਿਆ ਹੋਇਆ ਐਡੀਸ਼ਨ ਹੈ, ਜੋ ਕਿ ਸੰਨ 1995 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਪ੍ਰਕਾਸ਼ਿਤ ਕੀਤੀ ਗਈ ਸੀ। ਇਸ ਪੁਸਤਕ ਵਿੱਚ ਦਰਜ ਪਹਿਲੀਆਂ ਕਵਿਤਾਵਾਂ ਵਿੱਚ ਲੋੜੀਂਦੀ ਸੁਧਾਈ ਕਰਕੇ ਅਤੇ ਹੋਰ ਨਵੀਆਂ ਕਵਿਤਾਵਾਂ ਦਰਜ ਕਰਕੇ ਇਸ ਨੂੰ ਹੋਰ ਵਡੇਰਾ ਅਤੇ ਸੁਹਣੇਰਾ ਬਣਾਇਆ ਗਿਆ ਹੈ। ਇਨ੍ਹਾਂ ਕਵਿਤਾਵਾਂ ਵਿੱਚ ਕੌਮ ਦੇ ਗੌਰਵਮਈ ਵਿਰਸੇ ਨੂੰ ਬੜੀ ਚੜ੍ਹਦੀ ਕਲਾ ਨਾਲ ਪੇਸ਼ ਕੀਤਾ ਗਿਆ ਹੈ।

ਹਰੀ ਸਿੰਘ 'ਜਾਚਕ' ਨੂੰ ਸਿੱਖ ਇਤਿਹਾਸ ਦੀ ਭਰਪੂਰ ਵਾਕਫ਼ੀਅਤ ਅਤੇ ਗੁਰਮਤਿ ਸਿਧਾਂਤਾਂ ਦੀ ਪਕੇਰੀ ਸੂਝ ਹੈ, ਇਸੇ ਕਰਕੇ ਇਸ ਦੀ ਹਰ ਕਵਿਤਾ ਗੁਰਮਤਿ ਨਾਲ ਓਤ-ਪੋਤ ਹੁੰਦੀ ਹੈ। ਗੁਰਸਿੱਖੀ ਅਤੇ ਗੁਰਮਤਿ 'ਜਾਚਕ' ਨੂੰ ਵਿਰਸੇ ਵਿੱਚ ਮਿਲੀ ਹੈ। ਬਚਪਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗ ਕੇ ਗੁਰਬਾਣੀ ਦਾ ਪਾਠ ਅਤੇ ਅਧਿਐਨ ਕਰਨ ਸਦਕਾ ਇਸ ਦੀ ਕਵਿਤਾ ਵਿੱਚੋਂ ਗੁਰਬਾਣੀ ਰਹੱਸ ਝਲਕਾਂ ਮਾਰਦਾ ਹੈ। ਗੁਰ ਇਤਿਹਾਸ ਅਤੇ ਸਿੱਖ ਇਤਿਹਾਸ ਚੰਗੀ ਤਰ੍ਹਾਂ ਵਾਚ ਕੇ ਉਸ ਵਿੱਚੋਂ ਪ੍ਰਚੱਲਤ ਸਾਖੀਆਂ ਦੇ ਸਿਧਾਂਤ ਨੂੰ ਕਵਿਤਾ ਵਿੱਚ ਸਹਿਜੇ ਹੀ ਢਾਲ ਲੈਣਾ 'ਜਾਚਕ' ਦੀ ਖ਼ੂਬੀ ਹੈ। ਸਿੱਖ ਵਿਰਸੇ ਅਤੇ ਸਿੱਖੀ ਸਿਧਾਂਤਾਂ ਨਾਲ ਸਬੰਧਤ ਕੋਈ ਅਜਿਹਾ ਵਿਸ਼ਾ ਨਹੀਂ ਜੋ ਇਸ ਨੇ ਨਾ ਛੋਹਿਆ ਹੋਵੇ। ਇਤਿਹਾਸ ਦੇ ਸੁਨਹਿਰੀ ਪੰਨਿਆਂ ਨੂੰ ਹੋਰ ਚਮਕਾ ਕੇ ਅਤੇ ਰੁਸ਼ਨਾ ਕੇ 'ਜਾਚਕ' ਨੇ ਆਪਣੀ ਕਾਵਿਕ ਸ਼ੈਲੀ ਵਿੱਚ ਪੇਸ਼ ਕਰਨ ਦਾ ਯਤਨ ਕੀਤਾ ਹੈ।

'ਜਾਚਕ' ਨੇ ਆਪਣੀਆਂ ਕਵਿਤਾਵਾਂ ਵਿੱਚ ਖਾਲਸਾ ਪੰਥ ਦੀ ਚੜ੍ਹਦੀ ਕਲਾ ਦਾ ਫਲਸਫਾ, ਸਿੱਖੀ ਸਿਦਕ ਨਿਭਾਉਂਦੇ ਹੋਏ ਸ਼ਹੀਦਾਂ ਦੀਆਂ ਦਿਲ ਟੁੰਬਵੀਆਂ ਝਾਕੀਆਂ, ਗੁਰੂ ਪਿਆਰਿਆਂ ਅਤੇ ਗੁਰੂ-ਦੁਲਾਰਿਆਂ ਦੇ ਦਰਦਨਾਕ ਸ਼ਹੀਦੀ ਸਾਕਿਆਂ ਨੂੰ ਬੜੀ ਸ਼ਿੱਦਤ ਅਤੇ ਬੜੀ ਖ਼ੂਬਸੂਰਤੀ ਨਾਲ ਚਿਤਰਿਆ ਹੈ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸ ਗੁਰੂ ਜੋਤਾਂ ਦੇ ਜੀਵਨ ਇਤਿਹਾਸ ਵਿੱਚੋਂ ਕੁਝ ਖਾਸ-ਖਾਸ ਪੰਨਿਆਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਪ੍ਰਕਾਸ਼ਮਾਨ ਕੀਤਾ ਹੈ। ਗੁਰੂ ਗਰੰਥ ਸਾਹਿਬ ਦੀ ਵਿਚਾਰਧਾਰਾ ਅਤੇ ਗੁਰਬਾਣੀ ਦੀ ਫਿਲਾਸਫੀ ਨੂੰ ਵੀ ਆਪਣੀਆਂ ਕਵਿਤਾਵਾਂ ਦਾ ਆਧਾਰ ਬਣਾਇਆ ਹੈ।

ਹਰੀ ਸਿੰਘ 'ਜਾਚਕ' ਇੱਕ ਜੋਸ਼ੀਲਾ ਅਤੇ ਬੀਰ ਰਸੀ ਕਵੀ ਹੈ। ਇਹ ਜਿੱਥੇ ਕਲਮ ਦਾ ਧਨੀ ਹੈ, ਉਥੇ ਸਟੇਜ ਦਾ ਵੀ ਧਨੀ ਹੈ। ਇਸ ਦੀ ਬਿਆਨ-ਗ਼ੋਈ ਅਤੇ ਸ਼ਬਦਾਂ ਅਤੇ ਸ਼ੇਅਰਾਂ ਦੀ ਪੇਸ਼ਕਾਰੀ ਬਹੁਤ ਵਧੀਆ ਹੈ ਜੋ ਸਰੋਤਿਆਂ ਨੂੰ ਬਦੋ-ਬਦੀ ਕੀਲ ਲੈਂਦੀ ਹੈ। ਜਾਚਕ ਦੀ

ਕੜਕ ਆਵਾਜ਼ ਅਤੇ ਬੋਲਾਂ ਦੀ ਸਪਸ਼ਟਤਾ ਇਸ ਦੀ ਪੇਸ਼ਕਾਰੀ ਦਾ ਵਿਸ਼ੇਸ਼ ਗੁਣ ਹੈ। ਆਪਣੇ ਕਾਲਜ ਦੇ ਸਮੇਂ ਤੋਂ ਹੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਜੁੜੇ ਹੋਣ ਕਾਰਨ ਇਸ ਵਿਸ਼ਵ ਪੱਧਰ ਦੀ ਜਥੇਬੰਦੀ ਦੇ ਕਾਰਜਾਂ/ਸਾਲਾਨਾ ਸਮਾਗਮਾਂ ਵਿੱਚ ਮੂਹਰੇ ਹੋ ਕੇ ਵਿਚਰਨਾ, ਸਟੇਜ ਦਾ ਸੰਚਾਲਨ ਕਰਨਾ ਅਤੇ ਹਰ ਸਮਾਗਮ ਵਿੱਚ ਮੌਕੇ ਦੀ ਕਵਿਤਾ ਤਿਆਰ ਕਰਕੇ ਬੋਲਣ ਦੇ ਖੁੱਲ੍ਹੇ ਮੌਕੇ ਮਿਲਣ ਕਾਰਣ 'ਜਾਚਕ' ਦੀ ਕਵਿਤਾ ਨੂੰ ਹੋਰ ਬਲ, ਪਕਿਆਈ ਅਤੇ ਹੁਲਾਰਾ ਮਿਲਿਆ। ਵੱਖ-ਵੱਖ ਪੰਥਕ ਸਟੇਜਾਂ 'ਤੇ ਵੱਡੇ-ਵੱਡੇ ਸਥਾਪਿਤ ਕਵੀਆਂ ਨਾਲ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਹੋਣ ਨਾਲ ਜਾਚਕ ਦੀ ਕਵਿਤਾ ਵਿੱਚ ਨਿਖਾਰ ਆਉਂਦਾ ਗਿਆ ਅਤੇ ਕਵਿਤਾ ਦੀਆਂ ਬਾਰੀਕੀਆਂ ਦੀ ਸੂਝ ਪ੍ਰਪੱਕ ਹੁੰਦੀ ਗਈ।

ਡਾ. ਜਾਚਕ ਨਾਲ ਮੇਰੀ ਸਾਂਝ ਕਾਫ਼ੀ ਪੁਰਾਣੀ ਹੈ ਅਤੇ ਇਹ ਸਾਂਝ ਕਈ ਪੱਖਾਂ ਤੋਂ ਹੈ। ਗੁਰਸਿੱਖੀ ਦੀ ਸਾਂਝ, ਗੁਣਾਂ ਦੀ ਸਾਂਝ, ਵਿਚਾਰਾਂ ਦੀ ਸਾਂਝ, ਵਿਰਸੇ ਦੀ ਸਾਂਝ, ਵਿਹਾਰਾਂ ਦੀ ਸਾਂਝ, ਮਿੱਤਰਤਾ ਦੀ ਸਾਂਝ, ਪਰਿਵਾਰਾਂ ਦੀ ਸਾਂਝ, ਤਖ਼ਈਅਲ ਦੀ ਸਾਂਝ, ਸਰੋਕਾਰਾਂ ਦੀ ਸਾਂਝ, ਕਵਿਤਾ ਦੀ ਸਾਂਝ, ਕਵੀ ਦਰਬਾਰਾਂ ਦੀ ਸਾਂਝ। ਪ੍ਰਮਾਤਮਾ ਕਰੇ ਇਹ ਸਾਂਝ ਸਦਾ ਬਣੀ ਰਹੇ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪਲੇਟ ਫਾਰਮ ਤੋਂ ਇਹ ਸਾਂਝ ਸ਼ੁਰੂ ਹੋਈ, ਜਿੱਥੇ ਗੁਰਮਤਿ ਕੈਂਪਾਂ, ਕਾਰਜਸ਼ਾਲਾਵਾਂ ਅਤੇ ਸਾਲਾਨਾ ਸਮਾਗਮਾਂ ਵਿੱਚ ਇਕੱਠੇ ਹੋ ਕੇ ਸੇਵਾ ਦੇ ਕਾਰਜਾਂ ਵਿੱਚ ਹਿੱਸਾ ਲੈਣ ਅਤੇ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਅਤੇ ਕੇਡਰ ਦੇ ਵੀਰਾਂ ਨੂੰ ਅਮੀਰ ਸਿੱਖ ਵਿਰਸੇ ਦੀ ਜਾਣਕਾਰੀ ਸਾਂਝੀ ਕਰਨ ਦੇ ਖੁੱਲ੍ਹੇ ਮੌਕੇ ਮਿਲਦੇ ਰਹੇ। ਇਸ ਤੋਂ ਉਪਰੰਤ ਅਸੀਂ ਪੰਜਾਬ ਅਤੇ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਦੇ ਵੱਡੇ-ਵੱਡੇ ਸ਼ਹਿਰਾਂ, ਦਿੱਲੀ, ਬੰਬਈ, ਕਲਕੱਤਾ, ਪੂਨਾ, ਰਾਏਪੁਰ (ਮੱਧ ਪ੍ਰਦੇਸ਼), ਹਜ਼ੂਰ ਸਾਹਿਬ (ਨਾਂਦੇੜ), ਯਮੁਨਾ ਨਗਰ, ਪਾਉਂਟਾ ਸਾਹਿਬ, ਪਟਨਾ ਸਾਹਿਬ, ਕਰਨਾਲ, ਪਾਣੀਪਤ ਅਤੇ ਹੋਰ ਕਈ ਸ਼ਹਿਰਾਂ ਵਿੱਚ ਗੁਰਪੁਰਬ ਸਮਾਗਮਾਂ ਦੀਆਂ ਸਟੇਜਾਂ 'ਤੇ ਇਕੱਠੇ ਕਵੀ ਦਰਬਾਰ ਕੀਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਖਾਲਸੇ ਦੀ ਸਾਜਣਾ ਦੀ ਤੀਜੀ ਸ਼ਤਾਬਦੀ (1999) ਤੋਂ ਲੈ ਕੇ ਹੁਣ ਤੱਕ ਮਨਾਈਆਂ ਗਈਆਂ ਸਾਰੀਆਂ ਸ਼ਤਾਬਦੀਆਂ ਵਿੱਚ ਕੀਤੇ ਗਏ ਕਵੀ ਦਰਬਾਰਾਂ ਵਿੱਚ ਇਕੱਠੇ ਸ਼ਮੂਲੀਅਤ ਕੀਤੀ ਅਤੇ ਮਾਣ ਸਨਮਾਨ ਹਾਸਲ ਕੀਤੇ। ਇਥੇ ਹੀ ਬੱਸ ਨਹੀਂ ਸਾਲ 2005 ਵਿੱਚ ਜਨਵਰੀ 2005 ਤੋਂ ਅਪ੍ਰੈਲ 2005 ਤੱਕ ਚਾਰ ਮਹੀਨੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਇਕੱਠਿਆਂ ਕਵੀ ਦਰਬਾਰ ਕੀਤੇ। ਪਾਕਿਸਤਾਨ ਦੇ ਮਹਾਨ ਗੁਰਧਾਮ, ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਵਿਖੇ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਗਏ ਵਿਸ਼ੇਸ਼ ਕਵੀ ਦਰਬਾਰਾਂ ਵਿੱਚ ਹਿੱਸਾ ਲਿਆ।

ਡਾ. ਹਰੀ ਸਿੰਘ 'ਜਾਚਕ' ਜਿੱਥੇ ਵਧੀਆ ਕਵੀ, ਵਧੀਆ ਬੁਲਾਰਾ ਅਤੇ ਵਧੀਆ ਸਟੇਜ ਸੰਚਾਲਕ ਹੈ, ਉਥੇ ਵਧੀਆ ਪ੍ਰਬੰਧਕ ਵੀ ਹੈ। ਖਾਲਸੇ ਦੀ ਸਾਜਣਾ ਦੀ ਤੀਸਰੀ ਸ਼ਤਾਬਦੀ ਦੇ ਸਬੰਧ ਵਿੱਚ ਗੁਰਦੁਆਰਾ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34, ਚੰਡੀਗੜ੍ਹ ਵਿਖੇ 52 ਕਵੀਆਂ ਦੇ ਕਵੀ ਦਰਬਾਰ ਦਾ ਪ੍ਰਬੰਧ ਕੀਤਾ ਅਤੇ ਬੜੀ ਚੜ੍ਹਦੀ ਕਲਾ ਨਾਲ ਨੇਪਰੇ ਚਾੜ੍ਹਿਆ। ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਪ੍ਰਧਾਨ ਦੀ ਸੇਵਾ ਦਾਸ ਕੋਲ ਅਤੇ ਜਨਰਲ ਸਕੱਤਰ ਦੀ ਸੇਵਾ ਡਾ. ਜਾਚਕ ਕੋਲ ਹੋਣ ਕਰਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਈ ਸ਼ਤਾਬਦੀ ਸਮਾਗਮਾਂ 'ਤੇ ਕੀਤੇ ਜਾਣ ਵਾਲੇ ਕਵੀ ਦਰਬਾਰਾਂ ਦੇ ਪ੍ਰਬੰਧ ਦੀ ਸੇਵਾ ਇਸ ਕਵੀ ਸਭਾ ਨੂੰ ਸੌਂਪੀ ਗਈ, ਜਿਸਨੂੰ ਕਿ ਡਾ. ਹਰੀ ਸਿੰਘ 'ਜਾਚਕ' ਵਲੋਂ ਬੜੇ ਸੁਚੱਜੇ ਢੰਗ ਨਾਲ ਨਿਭਾਇਆ ਗਿਆ। ਸੰਨ 2006 ਵਿੱਚ ਪੰਚਮ ਪਾਤਸ਼ਾਹ ਸ਼ਹੀਦਾਂ ਦੇ ਸਿਰਤਾਜ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400 ਸਾਲਾ ਸ਼ਹੀਦੀ ਦਿਵਸ 'ਤੇ ਯਮੁਨਾ ਨਗਰ ਵਿਖੇ 52 ਕਵੀਆਂ ਦਾ ਕਵੀ ਦਰਬਾਰ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬ ਕਵੀ ਸਭਾ ਵਲੋਂ ਕੀਤਾ ਗਿਆ ਜਿਸ ਦੀ ਸਫ਼ਲਤਾ ਅਤੇ ਸੰਪੂਰਨਤਾ ਵਿੱਚ 'ਜਾਚਕ' ਜੀ ਦਾ ਬਹੁਤ ਯੋਗਦਾਨ ਰਿਹਾ।

ਸਮੇਂ ਦਾ ਸੱਚ ਕਹਿਣਾ ਅਤੇ ਸਮੇਂ ਉਤੇ ਕਹਿਣਾ ਇੱਕ ਸਿਆਣੇ, ਸੁਚੇਤ ਅਤੇ ਸੂਝਵਾਨ ਕਵੀ ਦੀ ਜ਼ਿੰਮੇਵਾਰੀ ਹੁੰਦੀ ਹੈ। ਕਵੀ ਤੇ ਲੇਖਕ ਕੌਮ ਅਤੇ ਸਮਾਜ ਨੂੰ ਸਮੇਂ-ਸਮੇਂ ਦਰਪੇਸ਼ ਸਮੱਸਿਆਵਾਂ ਅਤੇ ਚੁਣੌਤੀਆਂ ਪ੍ਰਤੀ ਚੇਤੰਨ ਅਤੇ ਜਾਗਰੂਕ ਕਰਨ ਲਈ ਨਿਡੱਕ ਹੋਕੇ ਪੂਰੀ ਦਲੇਰੀ ਨਾਲ ਸਮੇਂ ਦਾ ਸੱਚ ਸਮੇਂ ਦੇ ਮੂੰਹ ਤੇ ਕਹਿੰਦਾ ਹੈ। ਹਰੀ ਸਿੰਘ ਜਾਚਕ ਨੇ ਵੀ ਇਹ ਜ਼ਿੰਮੇਵਾਰੀ ਬੇ-ਖ਼ੌਫ਼ ਹੋ ਕੇ ਅਤੇ ਪੂਰੀ ਦ੍ਰਿੜ੍ਹਤਾ ਨਾਲ ਨਿਭਾਈ ਹੈ। ਇਸ ਨੇ ਸਮਾਜ ਵਿੱਚ ਵਧ ਰਹੇ ਨਸ਼ਿਆਂ ਦੇ ਰੁਝਾਨ ਅਤੇ ਉਸ ਦੇ ਮਾੜੇ ਪ੍ਰਭਾਵਾਂ, ਸਮਾਜਿਕ ਭਾਈਚਾਰਾ, ਨਕਲੀ ਗੁਰੂ ਡੰਮ੍ਹ, ਨਾਰੀ ਸਮਾਨਤਾ, ਸੇਵਾ, ਪਤਿਤਪੁਣੇ ਦੀ ਲਹਿਰ ਅਤੇ ਹੋਰ ਕਈ ਸਿਧਾਂਤਕ ਵਿਸ਼ਿਆਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਉਜਾਗਰ ਕੀਤਾ ਹੈ।

ਜਾਚਕ ਦੀਆਂ ਕਵਿਤਾਵਾਂ ਦੀ ਖੁਸ਼ਬੂ ਕੇਵਲ ਹਿੰਦੁਸਤਾਨ ਦੀਆਂ ਸਟੇਜਾਂ ਤੱਕ ਹੀ ਸੀਮਤ ਨਹੀਂ ਰਹੀ ਸਗੋਂ ਵਿਦੇਸ਼ਾਂ ਜਿਵੇਂ ਇੰਗਲੈਂਡ ਅਤੇ ਪਾਕਿਸਤਾਨ ਵਿਖੇ ਵੀ ਸੰਗਤਾਂ ਨੇ ਕਵੀ ਦਰਬਾਰਾਂ ਰਾਹੀਂ ਇਨ੍ਹਾਂ ਕਵਿਤਾਵਾਂ ਦੀ ਮਹਿਕ ਮਾਣੀ ਹੈ। ਸੰਨ 2005 ਵਿੱਚ ਸ. ਜਸਵਿੰਦਰ ਸਿੰਘ ਕੋਹਲੀ (ਮਾਨਚੈਸਟਰ) ਦੇ ਸੱਦੇ 'ਤੇ ਅਸੀਂ ਇਕੱਠਿਆਂ ਇੰਗਲੈਂਡ ਦੇ ਲਗ-ਭੱਗ 14-15 ਸ਼ਹਿਰਾਂ ਵਿੱਚ ਜਾ ਕੇ ਕਵੀ ਦਰਬਾਰ ਕੀਤੇ ਜੋ ਕਿ ਉਥੋਂ ਦੀਆਂ ਸਿੱਖ ਸੰਗਤਾਂ ਵਲੋਂ ਬਹੁਤ ਸਲਾਹੇ ਗਏ। ਇੰਗਲੈਂਡ ਦੇ ਸਾਰੇ ਰੇਡੀਓ ਸਟੇਸ਼ਨਾਂ ਰਾਹੀਂ ਵੀ ਪੂਰੇ ਯੂਰਪ ਦੀਆਂ ਸੰਗਤਾਂ ਨੇ ਸਾਡੀਆਂ ਕਵਿਤਾਵਾਂ ਸ੍ਰਵਣ ਕੀਤੀਆਂ ਅਤੇ ਸਰੋਤਿਆਂ ਵਲੋਂ ਟੈਲੀਫੂਨ ਕਾਲਾਂ ਰਾਹੀਂ ਉਨ੍ਹਾਂ ਕਵਿਤਾਵਾਂ ਦੀ ਸ਼ਲਾਘਾ ਕੀਤੀ ਗਈ।

ਜਾਚਕ ਦੀ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਅਤੇ ਮਕਬੂਲੀਅਤ, ਸ਼ਬਦਾਂ ਅਤੇ ਸਟੇਜ਼ ਤੇ ਕੰਟਰੋਲ, ਪ੍ਰਬੰਧਕੀ ਸਿਸਟਮ ਵਿੱਚ ਪ੍ਰਪੱਕਤਾ ਅਤੇ ਪੰਜਾਬੀ ਸਾਹਿਤ ਵਿੱਚ ਇਸ ਦੇ ਵਿਸ਼ੇਸ਼ ਯੋਗਦਾਨ ਸਦਕਾ ਹੀ ਉਹ ਸੰਨ 1999 ਤੋਂ ਜਦੋਂ ਤੋਂ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਬਣੀ ਹੈ ਦਾ ਜਨਰਲ ਸਕੱਤਰ ਚਲਿਆ ਆ ਰਿਹਾ ਹੈ।

ਜਾਚਕ ਨੂੰ ਕਵੀ ਦਰਬਾਰਾਂ ਵਿੱਚ ਜਦੋਂ ਮੈਂ ਦੇਸ਼ ਵਿਦੇਸ਼ ਦੀਆਂ ਸਟੇਜਾਂ ਤੇ ਇਨ੍ਹਾਂ ਲਾਈਨਾਂ ਨਾਲ ਪੇਸ਼ ਕਰਦਾ ਹਾਂ ਤਾਂ ਸੰਗਤਾਂ ਇਸ ਜੋਸ਼ੀਲੇ ਕਵੀ ਨੂੰ ਸੁਨਣ ਲਈ ਉਤਾਵਲੀਆਂ ਹੋ ਕੇ ਜੈਕਾਰੇ ਛਡਦੀਆਂ ਹਨ।

ਖ਼ਬਰੇ ਕਿਥੋਂ ਕਿਥੋਂ ਸ਼ਬਦ ਇਹ ਕਰਦਾ ਇਕੱਤਰ ਹੈ।
ਇਹਦੇ ਸ਼ੇਅਰਾਂ ਦੀ ਖ਼ੁਸ਼ਬੂ ਦਿਲਾਂ ਨੂੰ ਕਰਦੀ ਮੁਅੱਤਰ ਹੈ।
ਡਾ. ਹਰੀ ਸਿੰਘ ਜਾਚਕ ਡਬਲ ਐਮ.ਏ. ਤੇ ਪੀਐਚ.ਡੀ.,
ਸ੍ਰੀ ਦਸਮੇਸ਼ ਕਵੀ ਸਭਾ ਦਾ ਜਰਨਲ ਸਕੱਤਰ ਹੈ।

ਅਤੇ

ਹਰੀ ਸਿੰਘ 'ਜਾਚਕ' ਹੈ ਨਾਮ ਓਸ ਵੀਰ ਦਾ।
ਜੇਸ ਦਿਆਂ ਬੋਲਾਂ ਵਿੱਚ, ਜੋਸ਼ ਹੈ ਅਖੀਰ ਦਾ।
ਕਵਿਤਾ 'ਚ ਇਹਦੀ, ਹੁੰਦੈ ਵੱਖਰਾ ਹੀ ਜਲਵਾ।

ਕਵੀਆਂ ਦੀ ਕੌਮ ਦਾ ਇਹ ਹਰੀ ਸਿੰਘ ਨਲੂਆ।

ਜਾਚਕ ਬੜਾ ਉਤਸ਼ਾਹੀ ਕਵੀ ਹੈ। ਇਸ ਦੀ ਕਲਮ ਕੋਰੇ ਕਾਗਜ਼ਾਂ 'ਤੇ ਜਦੋਂ ਚੁੰਗੀਆਂ ਭਰਦੀ ਹੈ ਤਾਂ ਰੁਕਣ ਦਾ ਨਾਂ ਹੀ ਨਹੀਂ ਲੈਂਦੀ।

ਧਨੀ ਕਲਮ ਦਾ, ਕੌਮ ਦਾ ਕਵੀ ਜਾਚਕ, ਕਲਮ ਚੱਲਦੀ ਹੈ ਬਣਕੇ ਦਾਸ ਇਹਦੀ।
ਕਈ ਲੀਟਰ ਹੈ ਇਹ ਸਿਆਹੀ ਪੀ ਗਈ, ਫਿਰ ਵੀ ਬੁਝੀ ਨਹੀਂ ਹਾਲੇ ਪਿਆਸ ਇਹਦੀ।
ਬੀਰ ਰਸ ਵਿੱਚ ਲਿਖਦਾ ਹੈ ਜਦੋਂ ਜਾਚਕ, ਕਵਿਤਾ ਮਨਾਂ ਵਿੱਚ ਭਰਦੀ ਹੁਲਾਸ ਇਹਦੀ।
ਬੰਦ ਬੰਦ ਵਿੱਚ ਬੰਦ ਇਤਿਹਾਸ ਕਰਦੈ, 'ਨੂਰ' ਇਹੋ ਤਾਂ ਖ਼ੂਬੀ ਹੈ ਖਾਸ ਇਹਦੀ।

ਜਾਚਕ ਦੀ ਕਵਿਤਾ ਦੀ ਇਹ ਖਾਸ ਖ਼ੂਬੀ ਅਤੇ ਵਿਲੱਖਣਤਾ ਹੈ ਕਿ ਇਸ ਦੀ ਕਵਿਤਾ ਦੇ ਇੱਕ ਬੰਦ ਵਿੱਚ ਇਕ ਇਤਿਹਾਸ ਸੰਪੂਰਨ ਹੋ ਜਾਂਦਾ ਹੈ ਜਿਵੇਂ:-

ਭਾਈ ਤਾਰੂ ਸਿੰਘ ਨੂੰ ਜ਼ਕਰੀਏ ਆਖਿਆ ਸੀ, ਕਹਿਣਾ ਮੰਨ ਤੂੰ ਹੋ ਸੁਚੇਤ ਮੇਰਾ।
ਸਿੱਖੀ ਰੂਪ ਤਿਆਗ ਦੇ ਸਦਾ ਦੇ ਲਈ, ਏਸੇ ਵਿੱਚ ਏ ਤੇਰਾ ਤੇ ਹੇਤ ਮੇਰਾ।
ਕਿਹਾ ਸਿੰਘ ਨੇ ਅੱਗੋਂ ਲਲਕਾਰ ਕੇ ਤੇ, ਤੂੰ ਨਹੀਂ ਜਾਣ ਸਕਦਾ, ਸਿੱਖੀ ਭੇਤ ਮੇਰਾ।
'ਕੱਲੇ ਕੇਸ ਇਹ ਕਤਲ ਨਹੀਂ ਹੋ ਸਕਣੇ, ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ।

ਅਤੇ

ਵਿਛੜੀ ਜਿੰਦਾਂ ਨੂੰ ਜਦੋਂ ਦਲੀਪ ਮਿਲਿਆ, ਧਾਹਾਂ ਮਾਰ ਕੇ ਰੋਈ ਮਜ਼ਬੂਰ ਮਾਤਾ।
ਜੂੜਾ ਪੁੱਤ ਦੇ ਸਿਰ ਨਾ ਵੇਖ ਕੇ ਤੇ, ਹੋ ਗਈ ਟੁੱਟ ਕੇ ਸੀ ਚਕਨਾਚੂਰ ਮਾਤਾ।
ਅੱਗੋਂ ਕਿਹਾ ਉਸ ਮਾਂ ਦੇ ਚਰਨ ਫੜ ਕੇ, ਕੀਤਾ ਗੋਰਿਆਂ ਸਿੱਖੀਂ ਤੋਂ ਦੂਰ ਮਾਤਾ।
ਅੰਮ੍ਰਿਤ ਛੱਕ ਕੇ ਸਜੂੰ ਮੈਂ ਸਿੰਘ ਪੂਰਾ, ਸਹੁੰ ਖਾਂਦਾ ਹਾਂ ਤੇਰੇ ਹਜ਼ੂਰ ਮਾਤਾ।

ਜਾਚਕ ਦੀ ਕਵਿਤਾ ਜੋਸ਼, ਜਜ਼ਬੇ ਅਤੇ ਵਲਵਲੇ ਨਾਲ ਲਬਰੇਜ਼ ਹੁੰਦੀ ਹੈ। ਬੀਰ ਰਸ ਇਸਦੀ ਕਵਿਤਾ ਵਿੱਚੋਂ ਸਾਗਰ ਦੀਆਂ ਲਹਿਰਾਂ ਵਾਂਗ ਠਾਠਾਂ ਮਾਰਦਾ ਹੈ:-

ਪਾਵਨ ਅੰਮ੍ਰਿਤ ਦੀ ਸ਼ਕਤੀ ਜੇ ਵੇਖਣੀ ਜੇ, ਸਿੰਘ ਚਰਖੜੀਆਂ ਦੇ ਉੱਤੇ ਚੜ੍ਹੇ ਵੇਖੋ।
ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ, ਲਾੜੀ ਮੌਤ ਪ੍ਰਨਾਉਣ ਲਈ ਖੜ੍ਹੇ ਵੇਖੋ।
ਬੰਦ ਬੰਦ ਭਾਂਵੇਂ ਕੱਟੇ ਜਾ ਰਹੇ ਨੇ, ਮੁੱਖੋਂ ਸ਼ਬਦ ਗੁਰਬਾਣੀ ਦੇ ਪੜੇ ਵੇਖੋ।
ਲਿਖੀਆਂ ਗੁਰੂ ਗਰੰਥ ਦੀਆਂ ਜਿਨ੍ਹਾਂ ਬੀੜਾਂ, ਸੀਸ ਤਲੀ 'ਤੇ ਰੱਖ ਕੇ ਲੜੇ ਵੇਖੋ।
ਗਲ ਮਾਵਾਂ ਦੇ ਹਾਰ ਜੋ ਤੱਕ ਰਹੇ ਹੋ, ਮੋਤੀ ਲਾਲਾਂ ਦੇ ਸਿਰਾਂ ਦੇ ਜੜ੍ਹੇ ਵੇਖੋ।
ਵਾਰਨ ਆਪਣਾ ਆਪ ਜੋ ਏਸ ਉਤੋਂ, ਸਿੱਖੀ ਸਿਦਕ ਨਿਭਾਉਂਦੇ ਹੋਏ ਬੜੇ ਵੇਖੋ।

ਜਾਚਕ ਦੀਆਂ ਕਵਿਤਾਵਾਂ ਵਿੱਚ ਦ੍ਰਿਸ਼-ਚਿਤ੍ਰਣ ਵੀ ਬੜੀ ਖੂਬਸੂਰਤੀ ਨਾਲ ਚਿੱਤ੍ਰਿਆ ਗਿਆ ਹੈ ਜਿਵੇਂ ਅਗਲੇਰੀਆਂ ਪੰਗਤੀਆਂ ਨੂੰ ਪੜ੍ਹ ਪੜ੍ਹ ਕੇ ਗੁਰੂ ਗਰੰਥ ਸਾਹਿਬ ਜੀ ਦੇ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹਿਲੇ ਪ੍ਰਕਾਸ਼ ਦੀ ਤਸਵੀਰ ਹੂ-ਬ-ਹੂ ਅੱਖਾਂ ਸਾਹਮਣੇ ਆ ਜਾਂਦੀ ਹੈ :

ਬਾਬਾ ਬੁੱਢਾ ਜੀ ਸੀਸ ਤੇ ਬੀੜ ਰੱਖਕੇ, ਨੰਗੇ ਪੈਰੀਂ ਹਰਿਮੰਦਰ ਵੱਲ ਚੱਲ ਰਹੇ ਸੀ।
ਆਪਣੀ ਪੱਗ ਦੇ ਪੱਲੂ ਨਾਲ ਭਾਈ ਬੰਨੋ, ਕਰ ਸਾਫ ਰਸਤਾ ਪਲੋ ਪਲ ਰਹੇ ਸੀ।
ਅੱਗੇ ਅੱਗੇ ਗੁਰਦਾਸ ਜੀ ਪਕੜ ਗੜਵਾ, ਛਿੜਕ ਜਮੀਨ ਉੱਤੇ ਪਾਵਨ ਜਲ ਰਹੇ ਸੀ।
ਸੰਗਤਾਂ ਸ਼ਬਦ ਗੁਰਬਾਣੀ ਦੇ ਪੜ੍ਹੀ ਜਾਵਨ, ਪੰਚਮ ਪਾਤਸ਼ਾਹ ਜੀ ਚੌਰ ਝੱਲ ਰਹੇ ਸੀ।

ਹਰੀ ਸਿੰਘ 'ਜਾਚਕ' ਜਿਥੇ ਸੰਵੇਦਨਸ਼ੀਲ ਕਵੀ ਹੈ, ਉਥੇ ਸੰਘਰਸ਼-ਸ਼ੀਲ ਵੀ ਹੈ। ਨੌਕਰੀ ਦੀਆਂ ਪਾਬੰਦੀਆਂ, ਸਮਾਜਿਕ ਤੇ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਸਮੇਂ ਦੀਆਂ ਚੁਣੌਤੀਆਂ ਅਤੇ ਸਮੱਸਿਆਵਾਂ ਨਾਲ ਜੂਝਦਾ ਹੋਇਆ ਵੀ ਕਵਿਤਾ ਦੇ ਸਫ਼ਰ ਵਿੱਚ ਨਿਰੰਤਰ ਅੱਗੇ ਵਧਦਾ

ਜਾ ਰਿਹਾ ਹੈ। ਇਹ ਉਸਦੀ ਬਹਾਦਰੀ ਹੈ ਅਤੇ ਹਰ ਕੁਦਰਤੀ ਆਫ਼ਤ ਨੂੰ ਪ੍ਰਮਾਤਮਾ ਦਾ ਭਾਣਾ ਆਖ ਕੇ ਸੱਚਮੁੱਚ ਖਿੜੇ ਮੱਥੇ ਪ੍ਰਵਾਨ ਕਰਦਾ ਹੈ।

ਭਾਣਾ ਮੰਨਣਾ ਕਹਿਣਾ ਸੌਖਾ। ਐਪਰ ਭਾਣਾ ਮੰਨਣਾ ਔਖਾ।
ਉਹਦੇ ਹੁਕਮ ਦੀ ਖੇਡ ਹੈ ਸਾਰੀ। ਅਸੀਂ ਹਾਂ ਮੋਹਰੇ ਉਹ ਖਿਡਾਰੀ।
ਕਿਸ ਨੂੰ ਚੁੱਕਣੈ ਕਿਥੇ ਰੱਖਣੈ। ਕਿਸਨੂੰ ਕਿਸ ਦੇ ਅੱਗੋਂ ਡੱਕਣੈ।
ਉਹਨੂੰ ਹੀ ਹੈ ਪਤਾ ਇਹ ਸਾਰਾ।ਜੋ ਇਹ ਖੇਡ ਖਿਡਾਵਣਹਾਰਾ।.....

ਇਕ ਕਵਿਤਾ ਵਿੱਚ ਕਵੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਦੇ ਦ੍ਰਿਸ਼ ਨੂੰ ਪੇਸ਼ ਕਰਦਾ ਹੋਇਆਂ ਤੱਤੀ ਤਵੀ ਦੀ ਅੱਗ ਵਿੱਚੋਂ, ਸੀਸ ਤੇ ਪੈ ਰਹੀ ਤੱਤੀ ਰੇਤ ਵਿੱਚੋਂ ਅਤੇ ਉਲਬਦੀ ਦੇਗ ਵਿੱਚੋਂ ਵੀ ਸਿੱਖੀ ਦੀ ਚੜ੍ਹਦੀ ਕਲਾ ਵੇਖਦਾ ਹੈ :

ਗੁਰਾਂ ਕਿਹਾ ਇਹ ਤਵੀ ਦਾ ਤੇਜ ਹੈ ਜੋ,ਇਹਨੇ ਸਿੱਖੀ ਦੀਆਂ ਸ਼ਾਨਾਂ ਨੂੰ ਜਨਮ ਦੇਣੈ।
ਤੱਤੀ ਰੇਤਾ ਜੋ ਸੀਸ ਵਿਚ ਪੈ ਰਹੀ ਏ, ਇਹਨੇ ਅਣਖੀ ਜੁਆਨਾਂ ਨੂੰ ਜਨਮ ਦੇਣੈ।
ਉਬਲ ਰਿਹਾ ਜੋ ਪਾਣੀ ਇਹ ਦੇਗ ਅੰਦਰ, ਇਹਨੇ ਲੱਖਾਂ ਤੂਫਾਨਾਂ ਨੂੰ ਜਨਮ ਦੇਣੈ।
ਮੇਰੇ ਜਿਸਮ 'ਤੇ ਪਏ ਹੋਏ ਛਾਲਿਆਂ ਨੇ, ਮੀਰੀ ਪੀਰੀ ਕਿਰਪਾਨਾਂ ਨੂੰ ਜਨਮ ਦੇਣੈ।

'ਚਮਕੌਰ ਦੀ ਗੜ੍ਹੀ' ਕਵਿਤਾ ਵਿੱਚ ਦਸਮੇਸ਼ ਪਿਤਾ ਦੇ ਮੁਖਾਰਬਿੰਦ ਤੋਂ ਖਾਲਸਾ ਪੰਥ ਦੀ ਚੜ੍ਹਦੀ ਕਲਾ ਦੀ ਗੱਲ ਕਿੰਨੀ ਖੂਬਸੂਰਤੀ ਨਾਲ ਅਖਵਾਉਂਦਾ ਹੈ :-

ਜਿੰਨੀ ਮਰਜ਼ੀ ਕੋਈ ਆਪਣੀ ਵਾਹ ਲਾਏ,ਸਿੰਘਾਂ ਕਦੇ ਝੁਕਾਇਆ ਨਹੀਂ ਝੁਕ ਸਕਣਾ।
ਸੂਰਜ ਸਿੱਖੀ ਦਾ ਚਮਕੇਗਾ ਅੰਬਰਾਂ ਤੇ,ਜ਼ੁਲਮੀ ਬੱਦਲਾਂ ਵਿੱਚ ਨਹੀਂ ਲੁਕ ਸਕਣਾ।
ਸਿੱਖੀ ਜਜ਼ਬੇ ਦਾ ਵਹਿਣ ਰਹੂ ਸਦਾ ਵਗਦਾ,ਕਿਸੇ ਸੋਕੇ ਤੋਂ ਇਹ ਨਹੀਂ ਸੁੱਕ ਸਕਣਾ।
ਫੌਜਾਂ ਲੱਖਾਂ ਦੀ ਥਾਂ ਕਰੋੜ ਹੋਵਣ, ਸਿੰਘਾਂ ਕਦੇ ਮੁਕਾਇਆਂ ਨਹੀਂ ਮੁੱਕ ਸਕਣਾ।

ਇੱਕ ਹੋਰ ਕਵਿਤਾ ਵਿੱਚ ਕਵੀ ਦਸਮੇਸ਼ ਪਿਤਾ ਵੱਲੋਂ ਤਿਆਰ ਕੀਤੇ ਖੰਡੇ ਬਾਟੇ ਦੇ ਅੰਮ੍ਰਿਤ ਵਿੱਚ ਪਾਏ ਜਲ ਅਤੇ ਪਤਾਸਿਆਂ ਅਤੇ ਬਾਣੀ ਅਤੇ ਖੰਡੇ ਬਾਟੇ ਦੀ ਅਹਿਮੀਅਤ ਦਰਸਾਉਂਦਾ ਹੋਇਆ ਨਿਵੇਕਲੇ ਅਰਥ ਪ੍ਰਦਾਨ ਕਰਦਾ ਹੈ:-

ਗੁਰਾਂ ਲੋਹੇ ਦੇ ਬਾਟੇ 'ਚ ਜਲ ਪਾਇਆ, ਮਨ ਸਿੱਖਾਂ ਦਾ ਨਿਰਮਲ ਬਣਾਉਣ ਖਾਤਰ।
'ਮਾਤਾ ਜੀਤੋ' ਪਤਾਸੇ ਸੀ ਪਾ ਦਿੱਤੇ, ਅੰਮ੍ਰਿਤ ਵਿੱਚ ਮਿਠਾਸ ਲਿਆਉਣ ਖਾਤਰ।
ਪੜ੍ਹੀ ਬਾਣੀ ਤੇ ਫੇਰਿਆ ਨਾਲ ਖੰਡਾ,ਭਗਤੀ ਸ਼ਕਤੀ ਨੂੰ ਵਿੱਚ ਮਿਲਾਉਣ ਖਾਤਰ।
ਐਸੀ ਗੁਰਾਂ ਨੇ ਪਾਹੁਲ ਤਿਆਰ ਕੀਤੀ,ਚਿੜੀਆਂ ਬਾਜਾਂ ਦੇ ਨਾਲ ਲੜਾਉਣ ਖਾਤਰ।

ਸਿੱਖ ਕੌਮ ਦੀ ਚੜ੍ਹਦੀ ਕਲਾ ਦਾ ਭਵਿੱਖ ਬਿਆਨ ਕਰਦਾ ਹੋਇਆ ਕਵੀ ਲਿਖਦਾ ਹੈ:

ਲੱਖਾਂ ਝੱਖੜ ਹਨੇਰ ਤੂਫਾਨ ਹਰਦਮ, ਆਉਂਦੇ ਰਹੇ ਵੀ ਨੇ, ਆਉਂਦੇ ਰਹਿਣਗੇ ਵੀ।
ਸੋਹਿਲੇ ਖੂਨ ਦੇ ਸ਼ੁਰੂ ਤੋਂ ਸਿੰਘ ਸੂਰੇ, ਗਾਉਂਦੇ ਰਹੇ ਵੀ ਨੇ, ਗਾਉਂਦੇ ਰਹਿਣਗੇ ਵੀ।
ਕਿਲ੍ਹੇ ਜ਼ੁਲਮ ਤਸ਼ੱਦਦ ਤੇ ਸ਼ੁਰੂ ਤੋਂ ਹੀ, ਢਾਉਂਦੇ ਰਹੇ ਵੀ ਨੇ, ਢਾਉਂਦੇ ਰਹਿਣਗੇ ਵੀ।
ਲੋੜ ਪੈਣ 'ਤੇ ਸਿੰਘ ਸ਼ਹੀਦੀਆਂ ਨੂੰ, ਪਾਉਂਦੇ ਰਹੇ ਵੀ ਨੇ, ਪਾਉਂਦੇ ਰਹਿਣਗੇ ਵੀ।

ਨੌਜਵਾਨ ਲੇਖਕਾਂ ਦੇ ਨਾਂ ਸੰਦੇਸ਼ ਦਿੰਦਾ ਹੋਇਆ ਜਾਚਕ ਉਨ੍ਹਾਂ ਦੀ ਕਲਮ ਨੂੰ ਸਹੀ ਦਿਸ਼ਾ ਦੇਣ ਦਾ ਯਤਨ ਕਰਦਾ ਹੋਇਆ ਲਿਖਦਾ ਹੈ:

ਸਾਹਿਤ ਓਸਦਾ ਕਹਿੰਦੇ ਪ੍ਰਤੀਬਿੰਬ ਹੁੰਦੈ, ਜਿਹੋ ਜਿਹਾ ਕੋਈ ਸਭਿਆਚਾਰ ਹੋਵੇ।
ਲਿਖਦੈ ਸਮੇਂ ਦੀ ਸਦਾ ਸਚਿਆਈ ਜਿਹੜਾ,ਅਸਲ ਵਿਚ ਉਹੀ ਸਾਹਿਤਕਾਰ ਹੋਵੇ।
ਗੁਰਮਤਿ ਮਾਡਲ ਜੋ ਗੁਰਾਂ ਨੇ ਬਖ਼ਸ਼ ਦਿੱਤੈ,ਲਿਖਣ ਲਈ ਬਸ ਉਹੋ ਆਧਾਰ ਹੋਵੇ।
ਉਨ੍ਹਾਂ ਵਿਸ਼ਿਆਂ 'ਤੇ ਕਲਮ ਚਲਾਈ ਜਾਵੇ, ਜਿੰਨ੍ਹਾਂ ਨਾਲ ਸਮਾਜ ਸੁਧਾਰ ਹੋਵੇ।

'ਸਿੱਖੀ ਜੀਵਨ ਜਾਚ' ਕਵਿਤਾ ਵਿੱਚ ਗੁਰਮਤਿ ਸਿਧਾਂਤਾਂ ਦੀ ਤਰਜ਼ਮਾਨੀ ਕਰਦਾ ਹੋਇਆ ਕਵੀ ਗੁਰੂ ਨਾਨਕ ਦੇਵ ਜੀ ਦੇ ਦੱਸੇ ਹੋਏ ਸੁਨਹਿਰੀ ਅਸੂਲ ਕਿਰਤ ਕਰਨੀ, ਨਾਮ ਜਪਣਾ, ਵੰਡ ਕੇ ਛਕਣਾ ਅਤੇ ਸਰਬੱਤ ਦਾ ਭਲਾ ਮੰਗਣਾ ਅਤੇ ਵਹਿਮਾਂ-ਭਰਮਾਂ ਤੋਂ ਦੂਰ ਰਹਿਣ ਦਾ ਉਪਦੇਸ਼ ਇਸ ਤਰ੍ਹਾਂ ਕਲਮ-ਬੰਦ ਕਰਦਾ ਹੈ:

ਸਿੱਖੀ ਮਾਰਗ ਦਾ ਹਰ ਸੁਚੇਤ ਪਾਂਧੀ, ਹਰਦਮ ਭਲਾ ਸਰਬੱਤ ਦਾ ਮੰਗਦਾ ਏ।
ਕਰਕੇ ਕਿਰਤ ਤੇ ਵੰਡ ਕੇ ਛੱਕ ਲੈਂਦਾ, ਆਪਾ ਨਾਮ ਦੇ ਰੰਗ ਵਿੱਚ ਰੰਗਦਾ ਏ।
ਸੇਵਾ ਸਿਮਰਨ ਨੂੰ ਜੀਵਨ 'ਚ ਧਾਰ ਕੇ ਤੇ, ਨੇਕੀ ਕਰਨ ਤੋਂ ਕਦੇ ਨਾ ਸੰਗਦਾ ਏ।
ਊਚ ਨੀਚ ਦਾ ਵਿਤਕਰਾ ਨਹੀਂ ਕਰਦਾ, ਵਹਿਮਾਂ ਭਰਮਾਂ ਨੂੰ ਛਿੱਕੇ ਤੇ ਟੰਗਦਾ ਏ।

ਡਾ.ਹਰੀ ਸਿੰਘ 'ਜਾਚਕ' ਨੇ ਆਪਣੀਆਂ ਕਵਿਤਾਵਾਂ ਨੂੰ ਅਲੰਕਾਰਾਂ, ਉਪਮਾਵਾਂ, ਤਸ਼ਬੀਹਾਂ ਆਦਿ ਨਾਲ ਖੂਬ ਸ਼ਿੰਗਾਰਿਆ ਹੈ ਅਤੇ ਕਈ ਥਾਂਈਂ ਸ਼ਬਦ ਅਨੁਪ੍ਰਾਸ ਅਤੇ ਅੱਖਰ ਅਨੁਪ੍ਰਾਸ ਅਲੰਕਾਰ ਵਰਤ ਕੇ ਕਵਿਤਾਵਾਂ ਵਿੱਚ ਸੰਗੀਤਕ ਲੈਅ ਪੈਦਾ ਕੀਤੀ ਹੈ ਜਿਵੇਂ ਕਿ

ਲਾਲ ਗੁਰੂ ਦੇ ਚੌਂਕ ਜਿਉਂ ਲਾਲ ਕਰ ਗਏ,ਕਰ ਸਕੇ ਨਾ ਮਾਈ ਦਾ ਲਾਲ ਕੋਈ।
ਜਿਉਂਦੇ ਜੀਅ ਸੀ ਸਾੜਿਆ ਗਿਆ ਕੋਈ, ਦਿੱਤਾ ਦੇਗੇ ਦੇ ਵਿੱਚ ਉਬਾਲ ਕੋਈ।

ਜਦੋਂ ਤੇਗ 'ਤੇ ਤੇਗ ਦਾ ਵਾਰ ਹੋਇਆ,ਤਿੰਨਾਂ ਲੋਕਾਂ 'ਚ ਆਇਆ ਭੁਚਾਲ ਕੋਈ।
ਹੋਇਆ ਜੋ ਕੁਝ ਚਾਂਦਨੀ ਚੌਂਕ ਅੰਦਰ,ਦੁਨੀਆਂ ਵਿੱਚ ਨਹੀਂ ਮਿਲਦੀ ਮਿਸਾਲ ਕੋਈ।

ਸਮੁੱਚੇ ਤੌਰ 'ਤੇ ਇਹ ਪੁਸਤਕ ਗਾਗਰ ਵਿੱਚ ਸਾਗਰ ਦੇ ਸਮਾਨ ਹੈ। ਗੁਰੂ ਨਾਨਕ ਦੇਵ ਜੀ ਵਲੋਂ ਸਿੱਖੀ ਦਾ ਬੂਟਾ ਲਾਉਣ ਤੋਂ ਲੈ ਕੇ ਸਾਰੇ ਗੁਰੂ ਸਾਹਿਬਾਨਾਂ ਵਲੋਂ ਇਸ ਬੂਟੇ ਦੀ ਸਾਂਭ ਸੰਭਾਲ,ਦਸਮੇਸ਼ ਪਿਤਾ ਵਲੋਂ ਖਾਲਸੇ ਦੀ ਸਿਰਜਣਾ, ਅੰਮ੍ਰਿਤ ਦੀ ਦਾਤ ਤੇ ਆਪਣੇ ਪਿਆਰਿਆਂ ਅਤੇ ਦੁਲਾਰਿਆਂ ਦੇ ਖੂਨ ਨਾਲ ਇਸ ਬੂਟੇ ਨੂੰ ਸਿੰਜਣਾ ਅਤੇ ਫਿਰ ਇਸ ਦੇ ਵਧਣ, ਫੁੱਲਣ ਅਤੇ ਫੈਲਣ ਤੱਕ ਦਾ ਸਫ਼ਰ ਜਾਚਕ ਦੀ ਕਵਿਤਾ ਨੇ ਇਸ ਪੁਸਤਕ ਵਿਚ ਤੈਅ ਕੀਤਾ ਹੈ। ਇਹ ਪੁਸਤਕ ਕੌਮ ਦੇ ਨੌਜਵਾਨਾਂ ਅਤੇ ਸਿੱਖੀ ਮੁੱਖ ਧਾਰਾ ਤੋਂ ਦੂਰ ਜਾ ਰਹੇ ਸਿੱਖ ਬੱਚਿਆਂ ਲਈ ਇੱਕ ਚਾਨਣ ਮੁਨਾਰਾ ਸਾਬਤ ਹੋਵੇਗੀ।ਸੰਖੇਪ ਵਿੱਚ ਮੈਂ ਜਾਚਕ ਦੀ ਕਵਿਤਾ ਬਾਰੇ ਏਨਾਂ ਹੀ ਕਹਿ ਸਕਦਾ ਹਾਂ ਕਿ

ਕੀਤੀ ਜਾਚਕ ਨੇ ਖੁੱਲ੍ਹ ਕੇ ਕਾਵਿ ਰਚਨਾ, ਸਿੱਖ ਇਤਿਹਾਸ ਕਰਕੇ ਕਲਮਬੰਦ ਲਿਖਿਐ।
ਬੀਰ ਰਸ ਵਿੱਚ ਵਿਰਸੇ ਦੀ ਗੱਲ ਕੀਤੀ, ਦਸਮ ਪਿਤਾ ਦਾ ਬਣ ਕੇ ਫ਼ਰਜ਼ੰਦ ਲਿਖਿਐ।
ਹਰ ਇਕ ਸਾਕਾ ਸ਼ਹੀਦੀ ਦਾ ਦਰਦ ਭਰਿਆ, ਭਰਕੇ ਦਰਦ, ਹੋ ਕੇ ਦਰਦਮੰਦ ਲਿਖਿਐ।
ਲਹੂ ਭਿੱਜਾ ਇਤਿਹਾਸ ਦਾ ਹਰ ਪੰਨਾ, ਘੁੱਟ ਕੇ ਕਾਲਜਾ ਪੀਚ ਕੇ ਦੰਦ ਲਿਖਿਐ।

ਬਹੁਤੇ ਕਵੀਆਂ ਸ਼ਹੀਦਾਂ ਦਾ ਮੁੱਲ ਵੱਟਿਐ, ਜਾਂ ਚਮਕੌਰ ਲਿਖਿਐ ਜਾਂ ਸਰਹੰਦ ਲਿਖਿਐ।
ਐਪਰ 'ਜਾਚਕ' ਨੇ ਵਿਸ਼ਾ ਨਹੀਂ ਕੋਈ ਛੱਡਿਆ, ਜਜ਼ਬੇ ਜੋਸ਼ ਨੂੰ ਕਰਕੇ ਬੁਲੰਦ ਲਿਖਿਐ।
ਲਿਖਿਆ ਜੋ ਵੀ, ਲਿਖਿਆ ਹੈ ਸਾਫ਼ ਸੁਥਰਾ, ਬਿਲਕੁੱਲ ਨਹੀਂ ਲੱਚਰ ਗੰਦ ਮੰਦ ਲਿਖਿਐ।
ਖੁੱਲ੍ਹੀ ਕਵਿਤਾ ਦੀ ਖੁੱਲ੍ਹ ਨਹੀਂ ਲਈ ਇਸਨੇ, 'ਨੂਰ' ਜੋ ਲਿਖਿਐ ਛੰਦਾ ਬੰਦ ਲਿਖਿਐ।

ਹੱਥਲੀ ਪੁਸਤਕ 'ਵਿਰਸੇ ਦੇ ਅੰਗ ਸੰਗ' (Revised Edition) ਪਹਿਲੀ ਐਡੀਸ਼ਨ ਦਾ ਸੋਧਿਆ ਅਤੇ ਵਧਾਇਆ ਹੋਇਆ ਐਡੀਸ਼ਨ ਹੈ। ਪਹਿਲੀਆਂ ਕਵਿਤਾਵਾਂ ਵਿੱਚਲੀਆਂ ਕਾਵਿਕ ਤਰੁੱਟੀਆਂ ਬਹੁਤ ਹੱਦ ਤੱਕ ਦੂਰ ਹੋ ਗਈਆਂ ਹਨ। ਡਾ. ਹਰੀ ਸਿੰਘ 'ਜਾਚਕ' ਨੇ ਆਪਣੇ ਵੱਡੇ ਵੀਰ ਨੂੰ ਮਾਣ ਦਿੰਦੇ ਹੋਏ ਇਸ ਪੁਸਤਕ ਵਿਚਲੀਆਂ ਸਾਰੀਆਂ ਕਵਿਤਾਵਾਂ ਦੀ ਕਾਵਿਕ ਪੱਖ ਤੋਂ ਸੁਧਾਈ ਕਰਨ ਦੀ ਜ਼ਿੰਮੇਵਾਰੀ ਸੌਂਪੀ ਸੀ,ਜਿਸਨੂੰ ਮੈਂ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਯਤਨ ਕੀਤਾ ਹੈ। ਹਾਲੇ ਵੀ ਬਹੁਤ ਸਾਰੀਆਂ ਕਮੀਆਂ ਰਹਿ ਜਾਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ, ਕਿਉਂਕਿ ਹਰ ਚੀਜ਼ ਵਿੱਚ ਹੋਰ ਸੁਧਾਈ ਦੀ ਸੰਭਾਵਨਾ ਹਮੇਸ਼ਾ ਬਣੀ ਰਹਿੰਦੀ ਹੈ, ਜਿਵੇਂ ਇਨਸਾਨ ਸਾਰੀ ਜ਼ਿੰਦਗੀ ਆਪਣੇ ਆਪ ਨੂੰ ਸੋਧਣ, ਸੰਵਾਰਨ ਵਿੱਚ ਲੱਗਾ ਰਹਿੰਦਾ ਹੈ, ਫਿਰ ਵੀ ਸੰਪੂਰਨ ਨਹੀਂ ਹੋ ਸਕਦਾ।

ਮੈਨੂੰ ਇਹ ਵੀ ਪੂਰਨ ਭਰੋਸਾ ਹੈ ਕਿ ਪਾਠਕ ਇਸ ਪੁਸਤਕ ਨੂੰ ਪੜ੍ਹ ਕੇ ਜਿੱਥੇ ਆਪਣੇ ਸੁਨਹਿਰੀ ਇਤਿਹਾਸ ਅਤੇ ਅਮੀਰ ਵਿਰਸੇ ਦੀ ਜਾਣਕਾਰੀ ਪ੍ਰਾਪਤ ਕਰ ਸਕਣਗੇ ਉਥੇ ਕਾਵਿ ਰਸ ਦਾ ਵੀ ਭਰਪੂਰ ਆਨੰਦ ਲੈ ਸਕਣਗੇ। ਨੌਜਵਾਨ ਬੱਚੇ-ਬੱਚੀਆਂ ਇਨ੍ਹਾਂ ਕਵਿਤਾਵਾਂ ਵਿੱਚੋਂ ਪ੍ਰੇਰਨਾ ਅਤੇ ਉਤਸ਼ਾਹ ਲੈਣਗੇ ਅਤੇ ਇਨ੍ਹਾਂ ਕਵਿਤਾਵਾਂ ਨੂੰ ਕਵਿਤਾ ਮੁਕਾਬਲਿਆਂ ਵਿੱਚ ਪੜ੍ਹ ਕੇ ਸਤਿਗੁਰੂ ਅਤੇ ਸੰਗਤਾਂ ਦੀਆਂ ਅਸੀਸਾਂ ਹਾਸਲ ਕਰਨਗੇ।

ਮੈਂ ਡਾ. ਹਰੀ ਸਿੰਘ 'ਜਾਚਕ' ਨੂੰ ਇਸ ਪੁਸਤਕ ਦੀ ਪ੍ਰਕਾਸ਼ਨਾ ਤੇ ਮੁਬਾਰਕਬਾਦ ਦਿੰਦਾ ਹਾਂ ਅਤੇ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਜਾਚਕ ਦੀ ਕਲਮ ਨੂੰ ਹੋਰ ਬਲ ਬਖਸ਼ੇ ਤਾਂ ਜੋ ਇਹ ਕੌਮ ਅਤੇ ਸਮਾਜ ਨੂੰ ਜਾਗਰੂਕ ਅਤੇ ਸੁਚੇਤ ਕਰਨ ਲਈ ਹੋਰ ਤਿਖੇਰੀ ਚਾਲ ਚੱਲ ਸਕੇ।

**ਇੰਜੀ. ਕਰਮਜੀਤ ਸਿੰਘ ਨੂਰ**
XEN. (P.S.E.B.)
ਪ੍ਰਧਾਨ, ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ
ਮੋਬਾਈਲ 98150-23970

# ਕਲਮ ਨੂੰ ਵਰ

ਗੁਰੂਨਾਨਕ ਇਕ ਐਸਾ ਸਤਿਗੁਰੂਆਇਆ ਹੈ ਦੁਨੀਆਂ ਤੇ
ਕਿ ਜਿਸਦੀ ਪਾਕ ਰਹਿਮਤ ਦਾ ਕਦੇ ਸਾਇਆ ਨਹੀਂ ਢੱਲਦਾ।
ਜੇਕਰ ਉਹ ਸ਼ਹਿਨਸ਼ਾਹ ਚੁੰਮਦਾ ਨਾ ਖ਼ੁਦ ਲਾਲੋ ਦੀ ਝੁੱਗੀ ਨੂੰ
ਤਾਂ ਮਜ਼ਲੂਮਾਂ ਦੇ ਸੀਨੇ ਵਿੱਚ ਕਦੇ ਕੋਈ ਦੀਪ ਨਾ ਜਲਦਾ।

ਮੇਰੇ ਛੋਟੇ ਵੀਰ, ਖਾਲਸਾ ਪੰਥ ਦੇ ਨਿਹਾਇਤ ਹੀ ਖ਼ੂਬਸੂਰਤ, ਹਸੀਨ ਤੇ ਪ੍ਰਸਿੱਧ ਸ਼ਾਇਰ ਡਾ. ਹਰੀ ਸਿੰਘ ਜਾਚਕ ਹਨ ਜਿਨ੍ਹਾਂ ਨਾਲ ਮੈਂ ਪਿਛਲੇ ਕਈ ਸਾਲਾਂ ਤੋਂ ਕਵੀ ਦਰਬਾਰ ਪੜ੍ਹਦਾ ਆ ਰਿਹਾ ਹਾਂ। ਜਿਥੇ ਕਲਗੀਆਂ ਵਾਲੇ ਨੇ ਉਨ੍ਹਾਂ ਦੀ ਕਲਮ ਨੂੰ ਵਰ ਬਖ਼ਸ਼ਿਆ ਹੋਇਆ ਹੈ ਉਥੇ ਉਹ ਇਕ ਐਸੇ ਇਨਸਾਨ ਹਨ ਜਿਨ੍ਹਾਂ ਦੀ ਸ਼ਰਾਫ਼ਤ, ਮਾਨਵਤਾ ਅਤੇ ਇਬਾਦਤ ਦੀ ਕੋਈ ਮਿਸਾਲ ਨਹੀਂ।ਐਸੇ ਸਤਿਗੁਰ ਦੇ ਲਾਡਲੇ ਗੁਰਸਿੱਖ ਨੂੰ ਇਕ ਐਸੀ ਚੋਟ ਪਤਾ ਨਹੀਂ ਕਿਵੇਂ ਤੇ ਕਿਉਂ ਲੱਗ ਗਈ ਹੈ ਕਿ ਉਨ੍ਹਾਂ ਦਾ ਖ਼ੂਬਸੂਰਤ ਜਵਾਨ ਬੇਟਾ ਗੁਰੂਨੂੰ ਪਿਆਰਾ ਹੋ ਗਿਆ। ਮੈਂ ਉਨ੍ਹਾਂ ਦਾ ਵੱਡਾ ਭਰਾ ਹੋਣ ਦੇ ਨਾਤੇ ਉਨ੍ਹਾਂ ਨੂੰ ਇਹ ਹੀ ਬੇਨਤੀ ਕਰਦਾ ਹਾਂ ਕਿਓਂ ਜੋ ਤਿਸੁ ਭਾਵੈ ਨਾਨਕਾ ਸਾਈ ਗਲ ਚੰਗੀ ਦੇ ਮਹਾਂਵਾਕ ਅਨੁਸਾਰ ਸਾਰੇ ਪਰਵਾਰ ਨੂੰ ਭਾਣੇ ਵਿੱਚ ਰਹਿਣਾ ਪਵੇਗਾ।ਮੈਨੂੰ ਇਸ ਗੱਲ ਦੀ ਪ੍ਰਸੰਨਤਾ ਵੀ ਹੈ ਕਿ ਬਾਜਾਂ ਵਾਲੇ ਨੇ ਇਨ੍ਹਾਂ ਨੂੰ ਹਿੰਮਤ ਅਤੇ ਅਜ਼ਮਤ ਬਖ਼ਸ਼ੀ ਹੈ ਕਿ ਇਹ ਸਤਿਗੁਰਾਂ ਦੇ ਭਾਣੇ ਵਿੱਚ ਰਹਿਕੇ ਹੀ ਜ਼ਿੰਦਗੀ ਦਾ ਬਾਕੀ ਸਮਾਂ ਖ਼ੁਸ਼ੀ ਖ਼ੁਸ਼ੀ ਬਤੀਤ ਕਰ ਰਹੇ ਹਨ।

ਇਹ ਮੇਰੀ ਅਕੀਦਤ ਹੈ ਕਿ ਅਸੀਂ ਜਿਤਨੇ ਕਵੀ ਆਪਣੀ ਕਵਿਤਾ ਰਾਹੀਂ ਸਟੇਜਾਂ ਤੇ ਜਾ ਕੇ ਸਾਧ ਸੰਗਤ ਦੀ ਸੇਵਾ ਕਰਦੇ ਹਾਂ ਇਨ੍ਹਾਂ ਵਿੱਚ ਕੋਈ ਕਵੀ ਵੀ ਵੱਡਾ,ਛੋਟਾ ਨਹੀਂ ਹੁੰਦਾ। ਇਹ ਤਾਂ ਸਤਿਗੁਰ ਜੀ ਦੀ ਆਪਣੀ ਰਹਿਮਤ ਤੇ ਬਖ਼ਸ਼ਿਸ਼ ਹੈ ਕਿ ਕਿਸ ਕਵੀ ਨੂੰ ਉਸ ਨੇ ਬਹੁਤ ਗਹਿਰੀ ਸੋਚ ਤੇ ਬਹੁਤ ਉੱਚੀ ਉਡਾਰੀ ਬਖ਼ਸ਼ੀ ਹੈ। ਹਰ ਇਕ ਕਵੀ ਗੁਰਸਿੱਖੀ ਦੇ ਸੱਚੇ ਸੁੱਚੇ ਨਿਸਚੇ ਅਨੁਸਾਰ ਆਪਣੀ ਕੌਮ ਦਾ, ਆਪਣੇ ਦੇਸ਼ ਦਾ ਕਾਸਦ ਬਣ ਕੇ ਪੈਗਾਮ ਦੇਂਦਾ ਹੈ। ਇਸੇ ਤਰ੍ਹਾਂ ਹੀ ਮੇਰਾ ਵੀਰ ਡਾ. ਹਰੀ ਸਿੰਘ ਜਾਚਕ ਗੁਰਸਿੱਖੀ ਨਾਲ ਜੁੜਿਆ ਹੋਇਆ ਹੈ, ਰਹਿਤ ਬਹਿਤ ਵਿੱਚ ਪੱਕਾ ਹੈ,ਅੰਮ੍ਰਿਤਧਾਰੀ ਹੈ ਅਤੇ ਕਵਿਤਾਵਾਂ ਰਾਹੀਂ ਗੁਰਸਿੱਖੀ ਦਾ ਪ੍ਰਚਾਰ ਕਰ ਰਿਹਾ ਹੈ ।

ਜਾਚਕ ਸਾਹਿਬ ਨੇ ਆਪਣੀ ਛੱਪ ਰਹੀ ਪੁਸਤਕ ਵਿਰਸੇ ਦੇ ਅੰਗ ਸੰਗ ਲਈ ਚੰਦ ਸ਼ਬਦ ਲਿਖਣ ਦਾ ਮੈਨੂੰ ਮਾਣ ਬਖ਼ਸ਼ਿਆ ਹੈ। ਇਹ ਧਾਰਮਿਕ ਕਵਿਤਾਵਾਂ ਦੀ ਪੁਸਤਕ ਉਨ੍ਹਾਂ ਨੇ ਆਪਣੇ ਗੁਰਪੁਰਵਾਸੀ ਬੱਚੇ ਪਰਮਦੀਪ ਸਿੰਘ ਦੀਪ ਨੂੰ ਸਮਰਪਿਤ ਕੀਤੀ ਹੈ, ਇਸ ਲਈ ਇਹ ਬਹੁਤ ਖ਼ੁਸ਼ੀ ਦਾ ਮੁਕਾਮ ਹੈ ਕਿ ਪਰਮਦੀਪ ਸਿੰਘ ਦੀਪ ਤਾਂ ਭਾਂਵੇਂ ਗੁਰੂਨਾਨਕ ਦੇ ਚਰਨਾਂ ਵਿੱਚ ਜਾ ਬਿਰਾਜਿਆ ਹੈ,ਪਿੱਛੇ ਉਸ ਦਾ ਸਾਰਾ ਪਰਵਾਰ ਉਸ ਦੀ ਯਾਦ ਨੂੰ ਅਮਰ ਰੱਖਣ ਲਈ ਇਹ ਪੁਸਤਕ ਪੰਜਾਬੀ ਸਾਹਿਤ ਨੂੰ ਭੇਟਾ ਕਰ ਰਿਹਾ ਹੈ।

ਇਹ ਪੁਸਤਕ ਦਸ ਗੁਰੂਸਾਹਿਬਾਨ, ਸ੍ਰੀ ਗੁਰੂਗ੍ਰੰਥ ਸਾਹਿਬ, ਖ਼ਾਲਸਾ ਪੰਥ,ਸਾਹਿਬਜ਼ਾਦਿਆਂ ਦੀਆਂ ਪਾਵਨ ਸ਼ਹਾਦਤਾਂ ਅਤੇ ਸਿੱਖ ਸਿਧਾਂਤਾਂ ਨਾਲ ਸਬੰਧਿਤ ਕਵਿਤਾਵਾਂ ਨਾਲ ਭਰਪੂਰ ਹੈ।ਇਸ ਲਈ ਮੈਂ ਪੰਜਾਬੀ ਦੇ ਲੇਖਕਾਂ,ਕਵੀਆਂ, ਸਾਹਿਤਕਾਰਾਂ, ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਸੇਵਾਦਾਰਾਂ ਅਤੇ ਸੰਗਤਾਂ ਨੂੰ ਸੱਦਾ ਦਿੰਦਾ ਹਾਂ ਕਿ ਇਸ ਪੁਸਤਕ ਨੂੰ ਖ਼ਰੀਦੋ, ਪੜ੍ਹੋ ਅਤੇ ਲੇਖਕ ਨੂੰ ਦਾਦ ਅਤੇ ਬੱਚੇ ਨੂੰ ਅਸੀਸਾਂ ਦਿਉ।

ਇਨ੍ਹਾਂ ਸ਼ਬਦਾਂ ਨਾਲ ਆਪ ਤੋਂ ਆਗਿਆ ਲੈਂਦਾ ਹਾਂ ਕਿ

ਰੁਤਬਾ ਮਿਲੇ ਸ਼ਹੀਦ ਦਾ, ਸ਼ਾਇਰ ਦਾ ਜਾਂ ਮਿਲੇ,
ਕਈ ਜਨਮ ਗੁਜਾਰ ਲਏ ਇਸ ਇੰਤਜ਼ਾਰ ਤੇ ।

ਖ਼ਾਲਸਾ ਪੰਥ ਦਾ ਕਾਸਦ,
**ਪ੍ਰੀਤਮ ਸਿੰਘ 'ਕਾਸਦ'**
ਜਨਰਲ ਸਕੱਤਰ, ਪੰਜਾਬੀ ਸਾਹਿਤ ਮੰਡਲ,
M-471, ਗੁਰੂਹਰਕ੍ਰਿਸ਼ਨ ਨਗਰ,
ਨਿਊ ਦਿੱਲੀ 110087
ਮੋਬਾਈਲ ਨੰ: 09810030825

22.07.2007

# ਕਥਨੀ-ਕਰਨੀ ਦਾ ਪੂਰਾ ਕਵੀ-ਹਰੀ ਸਿੰਘ 'ਜਾਚਕ'

ਕਵਿਤਾ ਦਿਲ ਦੀ ਬੋਲੀ ਹੈ। ਇਸ ਲਈ ਕੋਈ ਜ਼ਰੂਰੀ ਨਹੀਂ ਸਮਝਿਆ ਜਾਂਦਾ ਕਿ ਕਵੀ ਵਿਦਵਾਨ ਵੀ ਹੋਵੇ। ਪਰ ਜਦ ਕਵਿਤਾ ਕਿਸੇ ਖ਼ਾਸ ਸਿਧਾਂਤ, ਧਰਮ ਜਾਂ ਇਤਿਹਾਸ ਸਬੰਧੀ ਲਿਖਣੀ ਹੋਵੇ ਤਾਂ ਕਵੀ ਦਾ ਵਿਦਵਾਨ ਹੋਣਾ ਵੀ ਜ਼ਰੂਰੀ ਹੁੰਦਾ ਹੈ। ਸਿੱਖ ਧਰਮ ਦੀ ਕਵਿਤਾ ਲਿਖਣ ਵਾਲਿਆਂ ਵਿੱਚ ਅਜੋਕੇ ਸਮੇਂ ਹਰੀ ਸਿੰਘ 'ਜਾਚਕ' ਸਭ ਕਵੀਆਂ ਤੋਂ ਵੱਧ ਪੜ੍ਹਿਆ ਲਿਖਿਆ ਕਵੀ ਹੈ। ਉਹ ਦੋ ਦੋ ਐਮ.ਏ ਅਤੇ ਗੁਰਮਤਿ ਦੀ ਪੀਐਚ.ਡੀ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਉਪਜ ਹੋਣ ਕਾਰਣ ਉਹ ਕੱਟੜ ਗੁਰਸਿੱਖ ਅਤੇ ਵਿਦਵਾਨ ਵਕਤਾ ਵਰਗਾ ਕਵੀ ਹੈ। ਮੈਂ ਉਸਨੂੰ ਹਰੀ ਸਿੰਘ 'ਜਾਚਕ' ਹੀ ਨਹੀਂ,ਕਵੀਆਂ ਦਾ ਹਰੀ ਸਿੰਘ ਨਲੂਆ ਵੀ ਕਹਿੰਦਾ ਹਾਂ। ਜੋਸ਼ ਉਸ ਦੀ ਕਵਿਤਾ ਦਾ ਮੀਰੀ ਗੁਣ ਹੈ।

ਜਾਚਕ ਸਾਡਾ ਭੋਲਾ ਭਾਲਾ ਕਵੀ ਹੈ। ਇੰਗਲੈਂਡ ਵਿੱਚ ਇਕੱਠੇ ਵਿਚਰਦਿਆਂ ਇਹ ਵੀ ਸਪਸ਼ਟ ਹੋਇਆ ਕਿ ਉਹ ਕਵੀ-ਮਨ ਤੇ ਬਾਲ-ਮਨ ਦਾ ਮਿਸ਼ਰਣ ਹੈ। ਰੁੱਸਣਾ-ਮੰਨਣਾ ਉਸ ਲਈ ਖੇਡ ਹੈ,ਇਸੇ ਕਾਰਣ ਉਹ ਹਰ ਇਕ ਦੇ ਢਿੱਡ ਵਿੱਚ ਵੜਨ ਦੀ ਕਲਾ ਜਾਣਦਾ ਹੈ। ਕਵਿਤਾ ਕਹਿੰਦਿਆਂ ਸੰਗਤ ਦੇ ਮਨ ਵਿੱਚ ਉਤਰਨਾ ਉਸ ਦੇ ਇਸੇ ਗੁਣ ਦੀ ਦੇਣ ਹੈ। ਇਹੀ ਗੁਣ ਨਿਰਵੈਰਤਾ ਵਿੱਚ ਲੈ ਜਾਂਦਾ ਹੈ।

ਸਿੱਖ ਧਰਮ ਦੀ ਕਵਿਤਾ ਲਿਖਣ ਵਾਲਾ ਜੇ ਗੁਰ-ਉਪਦੇਸ਼ ਅਨੁਸਾਰ ਜੀਵੇ ਨਾ ਤਾਂ ਉਹ ਕਥਨੀ ਕਰਨੀ ਦਾ ਪੂਰਾ ਨਹੀਂ ਅਖਵਾ ਸਕਦਾ। 'ਜਾਚਕ' ਜੋ ਲਿਖਦਾ ਹੈ ਉਹ ਜੀਉਂਦਾ ਵੀ ਹੈ। ਉਸਦੇ ਜੁਆਨ ਪੁੱਤਰ ਦੀ 'ਅਚਿੰਤੀ' ਮੌਤ ਉਸ ਨੂੰ ਗੁਰੂ ਆਸ਼ੇ ਤੋਂ ਡੁਲਾ ਨਹੀਂ ਸਕੀ। ਮੈਂ ਉਸ ਨੂੰ ਹਮਦਰਦੀ ਦਾ ਫੋਨ ਕੀਤਾ। ਉਸ ਦਾ ਸਹਿਜ ਉੱਤਰ ਸੀ 'ਗੁਰੂ ਦਾ ਭਾਣਾ ਹੈ, ਸਿੱਖ ਵਾਂਗ ਮੰਨ ਰਿਹਾ ਹਾਂ।' ਮੈਂ ਉਸ ਦਿਨ ਤੋਂ 'ਜਾਚਕ' ਦਾ ਦਸ ਗੁਣਾਂ ਕਾਇਲ ਹੋ ਗਿਆ।

ਕਿਸੇ ਕਵੀ ਦੀ ਕਿਸੇ ਹੋਰ ਕਵੀ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। ਹਰ ਕਵੀ ਦਾ ਆਪਣਾ ਇਕ ਨਿਆਰਾਪਨ ਹੁੰਦਾ ਹੈ। ਇਸ ਲਈ ਕਵੀ,ਕਵੀ ਹੁੰਦਾ ਹੈ,ਵੱਡਾ ਛੋਟਾ ਨਹੀਂ। 'ਜਾਚਕ' ਵੀ ਆਪਣੇ ਕਾਵਿ ਮੁਹਾਂਦਰੇ ਵਿੱਚ ਨਿਆਰਾ ਹੈ। ਇਸੇ ਲਈ ਆਪਣੀ

ਕਵਿਤਾ ਤੋਂ ਬਹੁਤ ਸੰਤੁਸ਼ਟ ਹੈ। ਉਸ ਨੂੰ ਆਪ ਨੂੰ ਪਤਾ ਹੈ ਕਿ ਉਸਦੀ ਕਵਿਤਾ ਉਸ ਦੀ ਆਪਣੀ ਕਵਿਤਾ ਹੈ ਕਿਸੇ ਹੋਰ ਕਵੀ ਦਾ ਉਧਾਰ ਜਾਂ ਉਤਾਰ ਨਹੀਂ। ਉਸ ਦੀ ਇਸ ਮੌਲਿਕਤਾ ਦੀ ਮਿਸਾਲ ਵਜੋਂ ਉਸਦੀ ਇਕ ਕਵਿਤਾ ਵਿੱਚੋਂ ਇਕ ਬੰਦ ਪੇਸ਼ ਕਰਨਾ ਚਾਹੁੰਦਾ ਹਾਂ। ਇਕ ਸ਼ਰਧਾਵਾਨ ਸਿੱਖ ਵਾਂਗ ਉਹ ਮਾਤਾ ਗੁਜਰੀ ਨੂੰ ਪ੍ਰਣਾਮ ਕਰਦਾ ਹੈ। ਕਵਿਤਾ ਦੀ ਪਹਿਲੀ ਸਤਰ ਤੋਂ ਹੀ ਉਸ ਦਾ ਵਿਚਾਰ ਕਾਵਿ-ਉਡਾਣ ਭਰਨੀ ਸ਼ੁਰੂ ਕਰ ਦਿੰਦਾ ਹੈ ਤੇ ਚੌਥੀ ਸਤਰ ਤੱਕ ਇਹ ਉਡਾਣ ਨਵੀਆਂ ਉਚਾਈਆਂ ਗ੍ਰਹਿਣ ਕਰਦੀ ਜਾਂਦੀ ਹੈ। ਹਰ ਨਵੀਂ ਸਤਰ ਮਾਤਾ ਗੁਜਰੀ ਦੀ ਲਾਸਾਨੀ ਕੁਰਬਾਨੀ ਅਤੇ ਪਵਿੱਤਰਤਾ ਦੀ ਨਵੀਂ ਨੁਹਾਰ ਉਲੀਕਦੀ ਚਲੀ ਜਾਂਦੀ ਹੈ ਤੇ ਚੌਥੀ ਸਤਰ ਇਕ ਅਮੋਘ ਬਾਣ ਵਾਂਗ ਸਰੋਤੇ ਦੇ ਦਿਲ ਤੇ ਮਿੱਠੀ ਜਿਹੀ ਚੋਟ ਕਰਦੀ ਹੋਈ ਇਕੋ ਸਤਰ ਵਿੱਚ ਮਾਤਾ ਗੁਜਰੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਅਪੂਰਵਤਾ ਨੂੰ ਪ੍ਰਕਾਸ਼ਮਾਨ ਕਰ ਜਾਂਦੀ ਹੈ :

ਮਾਤਾ ਗੁਜਰੀ ਦੇ ਨਾਲ ਸੀ ਹੋਈ ਜਿੰਦਾਂ, ਕਿਸੇ ਨਾਲ ਨਹੀਂ ਹੋਈ ਤੇ ਨਾ ਹੋਣੀ।
ਖੇਡਾਂ ਖੇਡੀਆਂ ਹੋਣੀ ਨਾਲ ਉਮਰ ਸਾਰੀ,ਸਿਰ 'ਤੇ ਗੁਜਰੀ ਦੇ ਗੁਜਰੀ ਸੀ ਤਾਂ ਹੋਣੀ।
ਜੇਹੋ ਜਹੀ ਸੀ ਗੁਰੂ ਦਸਮੇਸ਼ ਦੇ ਸਿਰ, ਏਹੋ ਜੇਹੀ ਨਹੀਂ ਕਿਸੇ ਸਿਰ ਛਾਂ ਹੋਣੀ।
ਗੋਬਿੰਦ ਜੇਹਾ ਨਹੀਂ ਕਿਸੇ ਦਾ ਪੁੱਤ ਹੋਣਾ,ਗੁਜਰੀ ਜਹੀ ਨਹੀਂ ਕਿਸੇ ਦੀ ਮਾਂ ਹੋਣੀ।

ਇਸ ਬੰਦ ਵਿੱਚ ਜਿਥੇ ਇਤਿਹਾਸ ਹੈ,ਦਸਮ ਪਿਤਾ ਤੇ ਮਾਤਾ ਗੁਜਰੀ ਪ੍ਰਤੀ ਸ਼ੁਕਰਾਨਾ ਹੈ,ਵਿਚਾਰ ਦੀ ਪ੍ਰਬਲਤਾ ਉਸਾਰਨ ਦੀ ਕਾਵਿ ਵਿਧੀ ਹੈ ਉਥੇ ਕਾਫੀਏ ਦਾ ਨਿਭਾਅ ਏਨਾ ਸੁੰਦਰ ਹੈ ਕਿ ਬੰਦ ਨੂੰ ਚਾਰ ਚੰਦ ਲੱਗ ਗਏ ਹਨ।

ਇਸੇ ਤਰ੍ਹਾਂ 'ਜਾਚਕ' ਦੀ ਇਕ ਅੰਤਰਰਾਸ਼ਟਰੀ ਪੱਧਰ 'ਤੇ ਸਲਾਹੀ ਗਈ ਕਵਿਤਾ ਹੈ 'ਕੇਸਾਂ ਦੀ ਮਹਾਨਤਾ'। ਕੇਸਾਂ ਦੀ ਸਾਇੰਟਿਫ਼ਿਕ ਜਸਟੀਫ਼ਿਕੇਸ਼ਨ, ਸਮਾਜਿਕ ਸਾਰਥਕਤਾ, ਸਭਿਆਚਾਰਕ ਪਿਛੋਕੜ, ਕੁਦਰਤੀ ਲੋੜ, ਧਾਰਮਿਕ ਮਾਨਤਾ ਆਦਿ ਅਨੇਕਾਂ ਪੱਖਾਂ ਤੋਂ ਅਨੇਕਾਂ ਲੇਖ, ਦਰਜਨਾਂ ਪੁਸਤਕਾਂ ਪ੍ਰਾਪਤ ਹਨ ਪਰ ਨਿਰੋਲ ਸਿੱਖ ਦ੍ਰਿਸ਼ਟੀਕੋਣ ਤੋਂ ਲਿਖੀ ਗਈ ਇਹ ਕਵਿਤਾ 'ਜਾਚਕ' ਦੇ ਹੀ ਹਿੱਸੇ ਆਉਣੀ ਸੀ ਤੇ ਆਈ। ਕਵਿਤਾ ਪੜ੍ਹਦਿਆਂ ਉਹ ਕੇਸਾਂ ਦਾ ਸ਼ੁਦਾਈ ਜਾਪਣ ਲੱਗ ਪੈਂਦਾ ਹੈ ਤੇ ਜਿਸ ਸ਼ਿਅਰ 'ਤੇ ਸੰਗਤਾਂ ਜੈਕਾਰਾ ਛੱਡ ਦੇਣ,ਜਾਚਕ ਮਾਣ ਨਾਲ ਸਟੇਜ਼ 'ਤੇ ਬੈਠੇ ਕਵੀਆਂ ਵੱਲ ਵੇਖਦਾ ਹੈ। ਉਸਦੇ ਮਾਨਸਿਕ ਅਨੰਦ ਦੀ ਇਸ ਅਵਸਥਾ ਦਾ ਮੈਂ ਕਈ ਵਾਰ ਅਨੰਦ ਲਿਆ ਹੈ ।ਕਵਿਤਾ ਦੀਆਂ ਕੁਝ ਸਤਰਾਂ ਪਾਠਕ ਆਪ ਪੜ੍ਹਨ ਅਤੇ ਅਨੰਦ ਲੈਣ :-

ਤਾਰੂ ਸਿੰਘ ਨੂੰ ਜ਼ਕਰੀਏ ਆਖਿਆ ਸੀ, ਕਹਿਣਾ ਮੰਨ ਤੂੰ ਹੋ ਸੁਚੇਤ ਮੇਰਾ।
ਸਿੱਖੀ ਰੂਪ ਤਿਆਗ ਦੇ ਸਦਾ ਦੇ ਲਈ, ਏਸੇ ਵਿੱਚ ਏ ਤੇਰਾ ਤੇ ਹੇਤ ਮੇਰਾ।
ਕਿਹਾ ਸਿੰਘ ਨੇ ਅੱਗੋਂ ਲਲਕਾਰ ਕੇ ਤੇ, ਤੂੰ ਨਹੀਂ ਜਾਣ ਸਕਦਾ ਸਿੱਖੀ ਭੇਤ ਮੇਰਾ।
'ਕੱਲੇ ਕੇਸ ਇਹ ਕਤਲ ਨਹੀਂ ਹੋ ਸਕਣੇ, ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ।

ਅਰਸਤੂ ਨੇ ਕਵੀ ਨੂੰ ਪਰਮਾਤਮਾਂ ਤੋਂ ਬਾਅਦ ਦੂਜਾ ਸਿਰਜਕ ਕਿਹਾ ਹੈ। ਭਾਰਤੀ ਤੇ ਮੱਧ ਪੂਰਬੀ ਸੱਭਿਅਤਾਵਾਂ ਨੇ ਕਵਿਤਾ ਨੂੰ ਦਰਵੇਸ਼ੀ ਆਖਿਆ। ਇਸ ਲਈ ਮੰਨਣਾ ਚਾਹੀਦਾ ਹੈ

ਕਵੀ ਵੀ ਅਨੰਤ ਹੁੰਦਾ ਹੈ। ਇਥੇ ਵੀ ਕਵੀ 'ਜਾਚਕ' ਦੇ ਸਿਰਫ਼ ਇਕ ਦੋ ਪੱਖ ਹੀ ਛੋਹੇ ਹਨ ਬਾਕੀ ਫੇਰ ਕਦੀ। ਜਾਚਕ ਤੋਂ ਸਿੱਖ ਧਰਮ ਦੀ ਕਵਿਤਾ ਨੂੰ ਬਹੁਤ ਆਸਾਂ ਹਨ।

**ਡਾ. ਰਾਬਿੰਦਰ ਸਿੰਘ ਮਸਰੂਰ**
ਲੈਕਚਰਾਰ, ਪੰਜਾਬੀ ਵਿਭਾਗ,
ਕੁਰਕਸ਼ੇਤਰ ਯੂਨੀਵਰਸਿਟੀ,
ਕੁਰੁਕਸ਼ੇਤਰ (ਹਰਿਆਣਾ)
13.07.2007 ਮੋਬਾਈਲ ਨੰ.09896124289

# ਥੋੜੇ ਸਮੇਂ ਵਿੱਚ ਵੱਡੀਆਂ ਮੱਲਾਂ

ਹਰੀ ਸਿੰਘ 'ਜਾਚਕ' ਨੇ ਥੋੜੇ ਸਮੇਂ ਵਿੱਚ ਵੱਡੀਆਂ ਮੱਲਾਂ ਮਾਰੀਆਂ ਹਨ। ਦੇਸ਼ ਭਰ ਵਿੱਚ ਹੋਣ ਵਾਲੇ ਧਾਰਮਿਕ ਕਵੀ ਦਰਬਾਰਾਂ ਦੀ ਇਹ ਜਿੰਦ ਜਾਨ ਹੈ। ਗੁਰਮੁਖ ਗੁਰਸਿੱਖ ਵਾਲੀ ਰਹਿਣੀ-ਬਹਿਣੀ, ਚੰਗੀ ਜੀਵਨ ਜਾਚ ਅਤੇ ਮਿਲਣਸਾਰ ਸੁਭਾਅ ਅਤੇ ਦਰਸ਼ਨੀ ਚਿਹਰੇ ਨਾਲ ਇਹ ਸਭ ਦਾ ਮਨ ਜਿੱਤ ਲੈਂਦਾ ਹੈ। ਇਸ ਸ਼ਰਧਾਵਾਨ ਗੁਰਸਿੱਖ ਕਵੀ ਨੇ ਗੁਰੂ ਸਾਹਿਬਾਨ ਅਤੇ ਸਿੱਖ ਸਿਧਾਂਤਾਂ ਨਾਲ ਸਬੰਧਤ ਕਵਿਤਾਵਾਂ ਨੂੰ ਆਪਣੀ ਪੁਸਤਕ ਦਾ ਸ਼ਿੰਗਾਰ ਬਣਾਇਆ ਹੈ। ਮੈਨੂੰ ਆਸ ਹੈ ਕਿ ਹਰੀ ਸਿੰਘ 'ਜਾਚਕ' ਦੀ ਇਹ ਪੁਸਤਕ ਆਉਣ ਵਾਲੀ ਪੀੜ੍ਹੀ ਦਾ ਮਾਰਗ ਦਰਸ਼ਨ ਕਰੇਗੀ। ਮੇਰੀ ਸਤਿਗੁਰਾਂ ਦੇ ਫੁਰਮਾਨ ਅਨੁਸਾਰ ਇਸ ਲਈ ਇਹੋ ਹੀ ਅਰਦਾਸ ਹੈ:

ਜਾਚਕ ਮੰਗੈ ਦਾਨ ਦੇਹ ਪਿਆਰਿਆ।
ਦੇਵਣਹਾਰ ਦਾਤਾਰ ਮੈ ਨਿਤ ਚਿਤਾਰਿਆ।

**ਬਲਵੰਤ ਸਿੰਘ 'ਨਿਰਵੈਰ'**
ਸੀ ਡੀ 194, ਪ੍ਰੀਤਮਪੁਰਾ, ਦਿੱਲੀ-34.

# ਇੱਕ ਵਿਦਵਾਨ ਕਵੀ, ਡਾ.ਹਰੀ ਸਿੰਘ 'ਜਾਚਕ'

ਇੱਕ ਪੂਰਨ ਗੁਰਸਿੱਖ ਬਾਣੀ ਤੇ ਬਾਣੇ ਦਾ ਧਾਰਨੀ, ਆਸ਼ਾਵਾਦੀ ਅਤੇ ਵਿਦਵਾਨ,ਧਾਰਮਿਕ ਕਵੀ ਸ:ਹਰੀ ਸਿੰਘ 'ਜਾਚਕ' ਦੀਆਂ ਧਾਰਮਿਕ ਵਲਵਲਾ ਭਰਪੂਰ ਕਵਿਤਾਵਾਂ ਦਾ ਸੰਗ੍ਰਹਿ 'ਵਿਰਸੇ ਦੇ ਅੰਗ ਸੰਗ' ਆਪ ਦੇ ਹੱਥਾਂ ਵਿੱਚ ਹੈ, ਜਿਸ ਵਿੱਚ ਜਾਚਕ ਜੀ ਨੇ ਜੋਸ਼ੀਲੀਆਂ ਅਤੇ ਸਿੱਖੀ ਜਜ਼ਬੇ ਨਾਲ ਭਰਪੂਰ ਕਵਿਤਾਵਾਂ ਸਿੱਖ ਸੰਗਤ ਨੂੰ ਭੇਂਟ ਕੀਤੀਆਂ ਹਨ।

ਸ: ਹਰੀ ਸਿੰਘ 'ਜਾਚਕ' ਕੋਈ ਸਾਧਾਰਨ ਕਵੀ ਨਹੀਂ ਸਗੋਂ ਇੱਕ ਮਹਾਨ ਵਿਦਵਾਨ ਸ਼ਾਇਰ ਹੈ। ਵਿਦਿਆ ਪੱਖੋਂ ਉਹ ਡਬਲ ਐਮ.ਏ., ਪੀਐਚ.ਡੀ. ਹਨ। ਉਨ੍ਹਾਂ ਦੀ ਕਾਵਿ ਰਚਨਾ ਦਾ ਪ੍ਰੇਰਨਾ ਸ੍ਰੋਤ ਮਹਾਨ ਕਵੀ ਭਾਈ ਸੰਤੋਖ ਸਿੰਘ ਚੂੜਾਮਣਿ ਹਨ ਜਿਨ੍ਹਾਂ ਦੀ ਰਚਨਾ ਅਤੇ ਜੀਵਨ 'ਤੇ ਖੋਜ ਕਰਕੇ ਉਨ੍ਹਾਂ ਨੇ ਪੀ.ਐਚ.ਡੀ. ਕੀਤੀ ਹੈ। ਭਾਈ ਸੰਤੋਖ ਸਿੰਘ ਚੂੜਾਮਣਿ ਦੀ ਕਾਵਿ-ਰਚਨਾ 'ਤੇ ਖੋਜ ਕਰਦਿਆਂ-ਕਰਦਿਆਂ ਜਾਚਕ ਜੀ ਆਪ ਇੱਕ ਮਹਾਨ ਸ਼ਾਇਰ ਬਣ ਗਏ। ਅਜੋਕੇ ਸਮੇਂ ਵਿੱਚ ਜਦੋਂ ਕਿ ਧਾਰਮਿਕ ਕਵਿਤਾ ਲਗਭਗ ਅਲੋਪ ਹੀ ਹੁੰਦੀ ਜਾ ਰਹੀ ਹੈ, 'ਜਾਚਕ' ਜੀ ਇਸ ਵੇਲੇ ਦੇ ਉਚਕੋਟੀ ਦੇ ਸਟੇਜੀ ਕਵੀ ਹੀ ਨਹੀਂ ਸਗੋਂ ਸਿੱਖ ਸਟੇਜਾਂ ਦੇ ਸ਼ਿੰਗਾਰ ਹਨ। ਉਨ੍ਹਾਂ ਦੀ ਕਵਿਤਾ ਦਾ ਉਹ ਕਿਹੜਾ ਜੋਸ਼ੀਲਾ ਸ਼ੇਅਰ ਹੈ ਜਿਸ ਨੇ ਸਰੋਤਿਆਂ ਨੂੰ ਹਲੂਣ ਕੇ ਜੈਕਾਰੇ ਗਜਾਉਣ ਲਈ ਮਜ਼ਬੂਰ ਨਾ ਕੀਤਾ ਹੋਵੇ। ਇਕ ਕਵਿਤਾ ਵਿੱਚ ਤਾਂ ਉਹ ਆਪ ਹੀ ਲਿਖਦੇ ਹਨ

ਲਿਸ਼ਕਾਂ ਮਾਰਦੈ ਜਿਦਾਂ ਅਕਾਸ਼ ਅੰਦਰ,ਚੰਨ ਚੌਧਵੀਂ ਦਾ ਵਿੱਚ ਤਾਰਿਆਂ ਦੇ।
ਚੜ੍ਹਦੀ ਕਲਾ ਆਉਂਦੀ ਦਰਸ਼ਨ ਕਰ ਜਿਦਾਂ,ਸੋਹਣੇ ਸਜੇ ਹੋਏ ਪੰਜਾਂ ਪਿਆਰਿਆਂ ਦੇ
ਝੁੱਲਦੇ ਕੇਸਰੀ ਪਏ ਨਿਸ਼ਾਨ ਸਾਹਿਬ, ਜਿਦਾਂ ਸੋਂਹਦੇ ਨੇ ਨਾਲ ਗੁਰਦੁਆਰਿਆਂ ਦੇ
ਕਲਗੀਧਰ ਦੇ ਕਵੀ ਦਰਬਾਰ ਏਦਾਂ, ਜੱਚਦੇ 'ਜਾਚਕਾ' ਨਾਲ ਜੈਕਾਰਿਆਂ ਦੇ।

ਉਨ੍ਹਾਂ ਦੀ ਕਵਿਤਾ ਕੇਸਾਂ ਦੀ ਮਹਾਨਤਾ, ਸਟੇਜੀ ਕਵਿਤਾ ਦਾ ਅਨੂਪਮ ਨਮੂਨਾ ਹੈ। ਸਿੱਖੀ ਜਜ਼ਬੇ ਨਾਲ ਰੰਗੀ ਹੋਈ ਹੈ। ਜਦੋਂ ਉਹ ਭਾਈ ਤਾਰੂ ਸਿੰਘ ਦੇ ਮੂੰਹੋਂ ਅਖਵਾਉਂਦੇ ਹਨ

'ਕੱਲੇ ਕੇਸ ਨਹੀਂ ਕਤਲ ਇਹ ਹੋ ਸਕਣੇ,ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ।

ਉਪਰੋਕਤ ਕਵਿਤਾ ਲਗਭਗ ਹਰ ਕਵੀ ਦਰਬਾਰ ਵਿੱਚ ਸੁਣੀ ਜਾਂਦੀ ਹੈ। ਵੈਸੇ ਤਾਂ ਉਨ੍ਹਾਂ ਦੀ ਹਰ ਕਵਿਤਾ ਹੀ ਇੱਕ ਉਚ ਪਾਏ ਦੀ ਕਾਵਿ ਰਚਨਾ ਹੁੰਦੀ ਹੈ ਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਅਤੇ ਖਾਲਸੇ ਦੀਆਂ ਕੁਰਬਾਨੀਆਂ ਨਾਲ ਸਬੰਧਤ ਕਵਿਤਾਵਾਂ ਤਾਂ ਕਵੀ ਦਰਬਾਰਾਂ ਵਿੱਚ ਸਿੱਖੀ ਜਜ਼ਬੇ ਨੂੰ ਹਲੂਣ ਕੇ ਰੱਖ ਦਿੰਦੀਆਂ ਹਨ।

2005 ਵਿੱਚ ਉਨ੍ਹਾਂ ਦੇ ਇੰਗਲੈਂਡ ਦੇ ਪਰਤਣ ਤੋਂ ਬਾਅਦ 2006 ਵਿਚ ਮੈਨੂੰ ਇੰਗਲੈਂਡ ਜਾਣ ਦਾ ਮੌਕਾ ਮਿਲਿਆ ਤਾਂ ਉਥੇ ਜਾ ਕੇ ਪਤਾ ਲੱਗਾ ਕਿ ਵਲਾਇਤ ਵਿੱਚ ਸਾਊਥਹਾਲ, ਕੁਵੈਂਟਰੀ, ਬਰਮਿੰਘਮ ਅਤੇ ਮਾਨਚੈਸਟਰ ਆਦਿ ਸ਼ਹਿਰਾਂ ਵਿੱਚ 'ਜਾਚਕ' ਅਤੇ ਕਰਮਜੀਤ ਸਿੰਘ 'ਨੂਰ' ਕਵੀ ਦਰਬਾਰਾਂ ਵਿੱਚ ਚੰਗੀ ਧਾਂਕ ਜਮਾ ਕੇ ਆਏ ਹਨ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਡਿਪਟੀ ਚੀਫ਼ ਸਕੱਤਰ ਹੋਣ ਦੇ ਨਾਤੇ ਵੀ ਸਿੱਖ ਜਗਤ ਵਿੱਚ ਉਨ੍ਹਾਂ ਦਾ ਵਿਸ਼ੇ

ਸ਼ ਸਥਾਨ ਹੈ। ਜਾਚਕ ਜੀ ਭਾਰਤ ਤੇ ਇੰਗਲੈਂਡ ਦੇ ਲਗਭਗ ਹਰ ਸ਼ਹਿਰ ਦੀਆਂ ਸਟੇਜਾਂ ਦੇ ਸ਼ਿੰਗਾਰ ਹਨ। ਕਿੱਤੇ ਵਜੋਂ ਉਹ ਇੱਕ ਸੁਹਿਰਦ ਅਤੇ ਆਦਰਸ਼ਵਾਦੀ ਅਫ਼ਸਰ ਹਨ। ਉਹ ਇੱਕ ਬਹੁਤ ਹੀ ਮਿਲਾਪੜੇ ਅਤੇ ਸੁਹਿਰਦ ਸੁਭਾਅ ਦੇ ਮਾਲਕ ਹਨ। ਸ਼ਾਇਦ ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਕਵਿਤਾਵਾਂ ਸਟੇਜ਼ 'ਤੇ ਵੀ ਇੱਕ ਪਿਆਰਾ ਅਤੇ ਮਨ ਮੋਹਣਾ ਵਾਤਾਵਰਣ ਸਿਰਜ ਦਿੰਦੀਆਂ ਹਨ। ਅਕਾਲ ਪੁਰਖ ਅੱਗੇ ਅਰਦਾਸ ਬੇਨਤੀ ਹੈ ਕਿ ਸਿੱਖ ਪੰਥ ਦੇ ਕਾਵਿ ਆਕਾਸ਼ਾਂ ਦਾ ਇਹ ਚਮਕਦਾ ਸਿਤਾਰਾ ਸੂਰਜ ਬਣਕੇ ਚਮਕੇ ਅਤੇ ਚੜ੍ਹਦੀਆਂ ਕਲਾਂ ਵਾਲਾ ਕਾਵਿ-ਚਾਨਣ ਬਖੇਰਦਾ ਰਹੇ।

**ਪ੍ਰਿੰ. ਚੰਨਣ ਸਿੰਘ 'ਚਮਨ' ਹਰਗੋਬਿੰਦਪੁਰੀ**

12.07.2007 ਸ੍ਰੀ ਹਰਿਗੋਬਿੰਦਪੁਰ, ਗੁਰਦਾਸਪੁਰ

# ਸਟੇਜੀ ਕਵੀ ਦਰਬਾਰਾਂ ਦੀ ਸਿੱਖਰਲੀ ਸ਼ਾਨ

ਹੱਥਲੀ ਕਿਤਾਬ ਦਾ ਰਚਨਹਾਰਾ ਹਰੀ ਸਿੰਘ 'ਜਾਚਕ' ਅੱਜ ਦੇ ਸਟੇਜੀ ਕਵੀ ਦਰਬਾਰਾਂ ਦੀ ਸਿੱਖਰਲੀ ਸ਼ਾਨ ਹੈ। ਸਿੱਖਰਲੀ ਵਿੱਦਿਆ ਪ੍ਰਾਪਤ ਕਰਕੇ ਅਤੇ ਵੱਧ ਪੜ੍ਹਨ ਦੀ ਰੁਚੀ ਕਰਕੇ ਵੀ ਇਸ ਦੀ ਛੰਦਾ-ਬੰਦੀ ਵਿੱਚ ਲਿਖੀ ਕਵਿਤਾ ਨੇ ਅਤ ਜਲਦੀ ਰਵਾਨੀ ਪ੍ਰਾਪਤ ਕਰ ਲਈ ਹੈ। ਪੰਜਾਬ, ਹਰਿਆਣਾ, ਹਿਮਾਚਲ ਅਤੇ ਭਾਰਤ ਦੀਆਂ ਕੁੱਲ ਵੱਡੀਆਂ ਸਟੇਜਾਂ ਦਾ ਸ਼ਿੰਗਾਰ ਬਣਨ ਤੋਂ ਇਲਾਵਾ ਯੂਰਪੀਨ ਮੁਲਕਾਂ ਅਤੇ ਹੋਰ ਦੇਸ਼ਾਂ ਵਿੱਚ ਵੀ ਅਥਾਹ ਨਾਮਣਾ ਖੱਟਿਆ ਹੈ।

ਇਹ ਇੱਕ ਵਧੀਆ ਮਨੁੱਖ, ਇੱਕ ਵਧੀਆ ਸਿੱਖ ਅਤੇ ਵਧੀਆ ਦੋਸਤ ਵੀ ਹੈ।

ਗੁਰੂ ਆਸ਼ੇ ਅਤੇ ਭਾਣੇ ਵਿੱਚ ਰਹਿਕੇ ਸ਼ੁਕਰਾਨਾ ਕਰਨ ਵਾਲੇ ਇਸ ਕਵੀ ਨੂੰ ਰੱਬ ਹੋਰ ਉਚਿਆਈਆਂ ਬਖਸ਼ੇ।

**ਰਾਜਿੰਦਰ ਸਿੰਘ ਜੋਸ**

14.07.2007 ਪੰਜਾਬੀ ਕਵੀ, ਸੰਗਰੂਰ

# ਲੇਖਣੀ, ਕਥਨੀ ਅਤੇ ਕਰਨੀ ਵਿੱਚ ਬਰਾਬਰ

ਪ੍ਰਮਾਤਮਾ ਜਿਸ ਪ੍ਰਾਣੀ ਉਤੇ ਅਤੀ ਪ੍ਰਸੰਨ ਹੁੰਦਾ ਹੈ ਉਸਨੂੰ ਕਵਿਤਾ ਦੀ ਦਾਤ ਬਖਸ਼ ਦਿੰਦਾ ਹੈ। ਉਹ ਕਵੀ ਹੋਰ ਵੀ ਵੱਡੇ ਭਾਗਾਂ ਵਾਲਾ ਹੈ ਜਿਸ ਨੇ ਆਪਣੀ ਕਵਿਤਾ ਧਰਮ ਦੇ ਲੇਖੇ ਲਾਈ ਹੋਵੇ। ਹਰੀ ਸਿੰਘ 'ਜਾਚਕ' ਇੱਕ ਐਸਾ ਕਵੀ ਹੈ ਜੋ ਲੇਖਣੀ ਵਿੱਚ, ਕਥਨੀ ਵਿੱਚ ਅਤੇ ਕਰਨੀ ਵਿੱਚ ਬਰਾਬਰ ਹੈ। ਜਿਹੜਾ ਆਪਣੇ ਵਿਰਸੇ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਇਸ ਨੂੰ ਸੰਭਾਲਣ ਲਈ ਯਤਨਸ਼ੀਲ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਪੂਰੀ ਤਰ੍ਹਾਂ ਜੁੜਿਆ ਹੋਇਆ ਦੇਸ਼ ਦੀ ਹਰ ਸਟੇਜ ਅਤੇ ਵਿਦੇਸ਼ਾਂ ਵਿੱਚ ਵੀ ਜਾ ਕੇ ਸਿੱਖੀ ਦੀ ਜਾਚਨਾ ਕਰਨ ਵਾਲਿਆਂ ਨੂੰ ਹੱਲਾਸ਼ੇਰੀ ਦੇ ਰਿਹਾ ਹੈ। ਮੈਂ ਇਸ ਦੀ ਨਵੀਂ ਪੁਸਤਕ 'ਵਿਰਸੇ ਦੇ ਅੰਗ ਸੰਗ' ਦੀ ਪ੍ਰਕਾਸ਼ਨਾ ਦੀ ਵਧਾਈ ਦਿੰਦਾ ਹਾਂ।

**ਤਰਲੋਕ ਸਿੰਘ ਗੁੰਚਾ, ਪੰਥਕ ਕਵੀ**

ਮੈਂਬਰ, ਸਰਬ ਸੰਸਾਰ ਪ੍ਰਚਾਰਕ ਸੰਸਥਾ,

14.07.2007 ਰੋਪੜ, ਪੰਜਾਬ

# ਹਰੀ ਸਿੰਘ 'ਜਾਚਕ' ਇੱਕ ਲਗਨ ਵਾਲਾ ਕਵੀ

ਕਵੀ ਦੀ ਅਸਲ ਦੌਲਤ ਉਸ ਦੀ ਕਵਿਤਾ ਹੁੰਦੀ ਹੈ। ਉਸ ਨੂੰ ਸੰਭਾਲ ਲੈਣਾ ਤੇ ਉਸ ਨੂੰ ਪੁਸਤਕ ਦਾ ਰੂਪ ਦੇ ਕੇ ਲੋਕਾਂ ਤੱਕ ਪਹੁੰਚਾਣ ਨਾਲ ਹੀ ਕਵੀ ਨੂੰ ਖੁਸ਼ੀ ਪ੍ਰਾਪਤ ਹੁੰਦੀ ਹੈ।ਮੇਰੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਸ:ਹਰੀ ਸਿੰਘ ਜਾਚਕ ਨੂੰ ਉਦਮ ਅਤੇ ਕਾਮਯਾਬੀ ਬਖਸ਼ੇ ਤਾਂ ਕਿ ਜਾਚਕ ਦਾ ਹੋਰ ਚੰਗੀਆਂ ਕਵਿਤਾਵਾਂ ਲਿਖਣ ਦਾ ਉਤਸ਼ਾਹ ਵਧੇ।

ਅਸੀਸਾਂ ਸਹਿਤ..

**ਮਹਿੰਦਰ ਸਿੰਘ ਬਾਵਾ**

ਪੰਜਾਬੀ ਕਵੀ,

ਈ-2/89, ਸਾਸ਼ਤਰੀ ਨਗਰ

ਮਿਤੀ 7.7.2007 ਦਿੱਲੀ-52.

# ਸ਼ਬਦ ਚਿੱਤਰ ਸ: ਹਰੀ ਸਿੰਘ ਜਾਚਕ

ਜਦੋਂ ਜਗਤ ਜਲੰਦੇ ਨੂੰ ਰੱਖਣੇ ਨੂੰ, ਕਲਗੀ ਵਾਲਾ ਸੀ ਆਪ ਹਜ਼ੂਰ ਆਇਆ।
ਭਾਰਤ ਮਾਤਾ ਦੇ ਦੁੱਖੜੇ ਹਰਨ ਖਾਤਰ, ਕਰਨ ਜਬਰ ਨੂੰ ਚਕਨਾ ਚੂਰ ਆਇਆ।
ਉਦੋਂ ਸ੍ਰਿਸਟ ਉਬਾਰਨ ਨੂੰ ਜੱਗ ਉਤੇ, ਖੰਡਿਆਂ ਨਾਲ ਸੀ ਕਵਿਤਾ ਦਾ ਨੂਰ ਆਇਆ।
ਉਸਦੀ ਨਦਰ ਤੋਂ 'ਜਾਚਕ'ਵੀ ਕਲਮ ਲੈ ਕੇ,ਤੀਜੇ ਪੰਥ ਦਾ ਹੋਕੇ ਦਸਤੂਰ ਆਇਆ।

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੋਇਆ ਕਰਦਾ ਹੈ ਇਸ ਲਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਦਰਬਾਰ ਵਿੱਚ 52 ਕਵੀ ਰੱਖੇ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਇਤਿਹਾਸ ਅਤੇ ਆਪਣੇ ਵਿਰਸੇ ਤੋਂ ਜਾਗਰੂਕ ਹੋ ਸਕਣ। ਇਸੇ ਆਸ਼ੇ ਨੂੰ ਮੁੱਖਰੱਖ ਕੇ ਦਸਮੇਸ਼ ਪਿਤਾ ਜੀ ਨੇ ਕਵੀ ਦਰਬਾਰਾਂ ਨੂੰ ਜਨਮ ਦਿੱਤਾ।

ਕਵੀ ਦਰਬਾਰਾਂ ਨੂੰ ਪਤਾ ਨਹੀਂ ਕਿਸ ਨੀਤੀ ਅਧੀਨ ਗੁਰੂ-ਘਰ ਵਿੱਚੋਂ ਲਗਭਗ ਖਾਰਿਜ ਕਰ ਦਿੱਤਾ ਗਿਆ ਹੈ। ਐਪਰ ਕਲਗੀ ਵਾਲੇ ਦੇ ਇਸ ਯੋਧੇ ਕਵੀ ਸ: ਹਰੀ ਸਿੰਘ 'ਜਾਚਕ' ਜੀ ਨੇ ਤਨ, ਮਨ ਤੇ ਧਨ ਨਾਲ ਇਸ ਗੌਰਵਮਈ ਵਿਰਸੇ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰੀ ਰੱਖਿਆ ਹੈ ਅਤੇ ਸਵਾਸ-ਸਵਾਸ ਕਵੀ ਦਰਬਾਰਾਂ ਨੂੰ ਜੀਵਤ ਰੱਖਣ ਲਈ ਸੰਘਰਸ਼-ਰੱਤ ਹਨ। ਸਹਿਜ, ਸੇਵਾ, ਸਿਮਰਨ ਤੇ ਸ਼ਾਇਰੀ ਆਪ ਜੀ ਦੀ ਸ਼ਬਦਾਂਤਿਕ ਮੂਰਤ ਹੈ।ਆਉਣ ਵਾਲੀ ਪੀੜ੍ਹੀ ਲਈ ਆਪ ਜੀ ਪ੍ਰੇਰਨਾ ਸ੍ਰੋਤ ਹਨ।ਆਪ ਜੀ ਦੀਆਂ ਕਵਿਤਾਵਾਂ ਸੁਣਦਿਆਂ ਸਤਿਗੁਰਾਂ, ਸ਼ਹੀਦਾਂ ਮੁਰੀਦਾਂ, ਜਪੀਆਂ, ਤਪੀਆਂ, ਹਠੀਆਂ ਦੇ ਸਰੂਪ ਮੂਰਤੀਮਾਨ ਹੁੰਦੇ ਹਨ ਅਤੇ ਇਹ ਕਵਿਤਾਵਾਂ ਹਿਰਦਿਆਂ ਨੂੰ ਸਿੱਖੀ ਦੀ ਸ਼ਮ੍ਹਾ ਬਨਣ ਲਈ ਪ੍ਰੇਰਨਾ ਦਿੰਦੀਆਂ ਹਨ।

ਜਿਥੇ ਇਸ ਪੁਸਤਕ ਦੇ ਛਪਣ ਦੀ ਅੰਬਰ ਜਿੱਡੀ ਖ਼ੁਸ਼ੀ ਹੈ ਉਥੇ ਪਹਾੜ ਜਿਡਾ ਅਰੁੱਕ ਦਰਦ ਆਪ ਜੀ ਦੇ ਪਿਆਰੇ ਹੋਣਹਾਰ ਸ਼ਾਇਰ ਸਪੁੱਤਰ ਦੇ ਬਿਨ ਖਿਲੇ ਕਵਲ ਦੇ ਤੁਰ ਜਾਣ ਦਾ ਹੈ।

ਰੁੱਖਾਂ ਕੱਟਿਆਂ ਦਾ ਕਿੰਨਾ ਦੁੱਖ ਹੁੰਦੈ, ਸਾਰਾ ਦੁੱਖ ਉਹਦਾ ਉਹਦੀ ਛਾਂ ਤੋਂ ਪੁੱਛ।
ਵਿਛੜੇ ਪੁੱਤ ਜੀਂਹਦਾ,ਕਿਸੇ ਉਮਰ ਅੰਦਰ, ਅੰਨ੍ਹੇ ਖੂਹ ਡਿੱਗੀ ਉਹਦੀ ਮਾਂ ਤੋਂ ਪੁੱਛ।

ਭਰੇ ਮਨ ਤੇ ਭਰੀਆਂ ਅੱਖਾਂ ਨਾਲ ਆਪ ਜੀ ਦੇ ਅਰੁੱਕ ਦਰਦ ਵਿੱਚ ਸ਼ਰੀਕ ਹੁੰਦਾ ਹੋਇਆ

**ਫਕੀਰ ਚੰਦ 'ਜਲੰਧਰੀ'**
14.07.2007 ਤੁੱਲੀ ਵਿੱਲਾ, 5 ਰਮੇਸ਼ ਕਾਲੋਨੀ, ਜਲੰਧਰ

# ਬੜਾ ਸੁਘੜ ਸ਼ੁਸ਼ੀਲ ਇਹ ਕਵੀ ਪੰਥਕ

ਬੜਾ ਸੁਘੜ ਸ਼ੁਸ਼ੀਲ ਇਹ ਕਵੀ ਪੰਥਕ,ਹਰੀ ਸਿੰਘ 'ਜਾਚਕ'ਮਿਠਾ ਸੁਭ੍ਹਾ ਇਹਦਾ।
ਇਹਦੀ ਕਵਿਤਾ ਦੇ ਵਿੱਚ ਰਵਾਨਗੀ ਏ, ਅਜਬ ਚਿਹਰੇ ਤੇ ਵੇਖਿਆ ਚਾਅ ਇਹਦਾ।
ਸਿੱਖੀ ਸਰੂਪ ਦਾਤਾਰ ਨੇ ਬਖ਼ਸ਼ਿਆ ਏ, ਗੁਰੂ ਘਰ 'ਚ ਪਿਆਰ ਅਥਾਹ ਇਹਦਾ।
ਜੋਸ਼ ਵਲਵਲੇ ਜ਼ਜ਼ਬੇ ਜਾਗ ਉਠਦੇ, ਚੜ੍ਹਦੀ ਕਲਾ ਵਿੱਚ ਡਿੱਠਾ ਉਤਸ਼ਾਹ ਇਹਦਾ।

ਦੇਣ ਕਵਿਤਾ ਦੀ ਬਖ਼ਸ਼ੀ ਏ ਆਪ ਦਾਤੇ,ਮਿਹਨਤ,ਲਗਨ ਦੀ ਉਘਰਦੀ ਕਣੀ ਹੈ ਇਹ।
ਹਨੇਰੇ ਦਿਲਾਂ ਨੂੰ ਕਰਦੀ ਜ਼ਾਏ ਰੋਸ਼ਨ, ਗੁਰਮਤਿ ਗਿਆਨ ਦੀ ਚਮਕਦੀ ਮਣੀ ਹੈ ਇਹ।

ਹਰੀ ਸਿੰਘ 'ਜਾਚਕ','ਜਾਚਕ' ਹਰੀ ਦਾ ਏ,ਰੋਜ਼ ਉਠ ਕੇ ਹਰੀ ਤੋਂ ਦਾਨ ਮੰਗੇ।
ਲਾਲਚ ਲੋਭ ਚਤੁਰਾਈ ਨੂੰ ਨਾ ਮੰਗੇ , ਨਾਮ ਦਾਨ ਦੇ ਨਾਲ ਇਸ਼ਨਾਨ ਮੰਗੇ।
ਉਹਦੀ ਜਾਨ ਸਦਕੇ,ਕੌਮ ਨੂੰ ਮਿਲੇ ਜੀਵਨ,ਆਪਣੀ ਕਲਮ ਲਈ ਏਹੋ ਜਹੀ ਜਾਨ ਮੰਗੇ।
ਆਪਣੇ ਵਾਸਤੇ ਕੁਝ ਵੀ ਮੰਗਦਾ ਨਹੀਂ,ਐਪਰ ਪੰਥ ਲਈ ਉਚੀ ਜਿਹੀ ਸ਼ਾਨ ਮੰਗੇ।

ਸਟੱਡੀ ਸਰਕਲ ਜੋ ਗੁਰੂ ਦਸ਼ਮੇਸ਼ ਜੀ ਦਾ,'ਪਰਵਾਨੇ' ਉਹਦਾ ਜਰੂਰੀ ਅੰਗ ਹੈ ਇਹ।
ਜੇਹੜਾ ਗੁਰੂ ਨੇ ਆਪ ਤਿਆਰ ਕੀਤਾ , ਓਸ 'ਵਿਰਸੇ ਦੇ ਅੰਗ ਸੰਗ' ਹੈ ਇਹ।

**ਜੈ ਸਿੰਘ ਪਰਵਾਨਾ**
ਪੰਥਕ ਕਵੀ
14.07.2007 ਸ਼ਾਹਬਾਦ ਮਾਰਕੰਡਾ (ਹਰਿਆਣਾ)

# ਪ੍ਰੰਪਰਾਵਾਦੀ ਕਾਵਿ ਦਾ ਗਿਆਤਾ ਤੇ ਵਿਦਵਾਨ ਕਵੀ

ਡਾ. ਹਰੀ ਸਿੰਘ 'ਜਾਚਕ' ਪ੍ਰੰਪਰਾਵਾਦੀ ਕਾਵਿ ਦਾ ਗਿਆਤਾ ਤੇ ਵਿਦਵਾਨ ਕਵੀ ਹੈ। ਉਸ ਦੀਆਂ ਰਚਨਾਵਾਂ ਵਿੱਚ ਅੰਤਾਂ ਦੀ ਰਵਾਨੀ ਤੇ ਸਰਲਤਾ ਹੈ।ਉਸ ਦਾ ਵਿਸ਼ਾ ਤੇ ਆਸ਼ਾ ਸਿੱਖ ਇਤਿਹਾਸ ਨੂੰ ਪ੍ਰਚਾਰਨ ਤੇ ਪ੍ਰਸਾਰਨ ਦਾ ਇਕ ਮਾਧਿਅਮ ਹੈ ਜਿਸ ਵਿੱਚ ਉਹ ਪੂਰੀ ਤਰ੍ਹਾਂ ਸਫ਼ਲ ਹੋਇਆ ਹੈ। ਉਸ ਦੀ ਰਚਨਾ ਸ਼ਾਂਤ ਰਸ ਤੋਂ ਸ਼ੁਰੂ ਹੋ ਕੇ ਬੀਰ ਰਸ ਵਿੱਚ ਰੂਪਮਾਨ ਹੋ ਨਿਬੜਦੀ ਹੈ।ਉਸ ਦੀ ਰਚਨਾ ਦੇਸ਼ ਵਿਦੇਸ਼ ਤੇ ਪੰਥਕ ਅਦਾਰਿਆਂ ਵਿੱਚ ਪੂਰਨ ਤੌਰ 'ਤੇ ਪ੍ਰਵਾਨ ਚੜ੍ਹੀ ਹੈ।ਉਸ ਦੇ ਵਿਅਕਤੀਤਵ ਅਤੇ ਉਸ ਦੀ ਕਵਿਤਾ ਨੂੰ ਹੇਠ ਲਿਖੀਆਂ ਚਾਰ ਲਾਈਨਾਂ 'ਚ ਰੂਪਮਾਨ ਕਰਨ ਦਾ ਯਤਨ ਕੀਤਾ ਹੈ।

ਵਿਰਸਾ ਘੋਖ ਵਿਰਾਸਤਾਂ ਕਰ ਮੰਥਨ,'ਜਾਚਕ' ਸਿਰਜਦਾ ਕਾਵਿ ਕਮਾਲ ਦੀ ਏ।
ਓਹਦੀ ਕਾਵਿ ਉਡਾਰੀ ਦਾ ਅੰਤ ਕੋਈ ਨਾ,ਸੀਮਾ ਕੋਈ ਨਾ ਉਦ੍ਹੇ ਖਿਆਲ ਦੀ ਏ।
ਕੋਈ ਕਹੇ ਇਤਿਹਾਸ ਦਾ ਪਾਰਖੂ ਹੈ, ਪਰਖ ਏਸ ਨੂੰ ਸਰਗਮੀ ਤਾਲ ਦੀ ਏ।
'ਨਿਮਰ' ਕਰੇ ਗੁਰੇਜ਼ ਨਾ ਸੱਚ ਕਹਿਣੋ, ਮਿਹਰ ਏਸ ਤੇ ਪੁਰਖ ਅਕਾਲ ਦੀ ਏ।

ਆਸ ਕਰਦਾ ਹਾਂ ਕਿ ਇਹ ਕਿਤਾਬ 'ਵਿਰਸੇ ਦੇ ਅੰਗ ਸੰਗ' ਗੁਰੂ ਸੰਗਤ ਅਤੇ ਗੁਰੂ ਪੰਥ ਦੀ ਸੇਵਾ ਵਿੱਚ ਚੜ੍ਹਦੀ ਕਲਾ ਨਾਲ ਆਪਣਾ ਮਹਾਨ ਯੋਗਦਾਨ ਪਾਏਗੀ।

ਸ਼ੁੱਭ ਇਛਾਵਾਂ ਸਹਿਤ,

ਗੁਰੂ ਪੰਥ ਦਾ ਦਾਸ,

**ਗੁਰਦਿਆਲ ਸਿੰਘ 'ਨਿਮਰ'**
ਪੰਥਕ ਕਵੀ
ਪ੍ਰਧਾਨ, ਸ੍ਰੀ ਦਸਮੇਸ਼ ਇੰਟਰਨੈਸ਼ਨਲ
ਪੰਜਾਬੀ ਕਵੀ ਸਭਾ, ਹਰਿਆਣਾ ਸਟੇਟ

15.07.2007

# 'ਦੀਪ' ਦੀਪਕ-ਵੱਤ ਮਾਰਗ-ਦਰਸ਼ਕ

'ਵਿਰਸੇ ਦੇ ਅੰਗ-ਸੰਗ' ਪੁਸਤਕ ਦਾ ਸੋਧਿਆ ਅਤੇ ਵਧਾਇਆ ਐਡੀਸ਼ਨ ਡਾਕਟਰ ਹਰੀ ਸਿੰਘ 'ਜਾਚਕ' ਦੇ ਜੀਵਨ ਵਿੱਚ ਜਗੇ 'ਦੀਪ' ਦੀ ਸਦੀਵ ਕਾਲ-ਵਿਛੋੜਾ-ਯਾਦ ਨੂੰ ਸਮਰਪਤਿ ਕਾਵਿ-ਸੰਗ੍ਰਹਿ ਹੈ। ਮਲੂਕੜੇ ਜਿਹੇ ਕਾਕਾ ਪਰਮਦੀਪ ਸਿੰਘ 'ਦੀਪ' ਨੇ ਆਪਣੇ ਛੋਟੇ ਜੀਵਤ-ਜੀਵਨ ਦੇ ਪਹਿਲੇ ਕੇਵਲ 10-11 ਸਾਲਾਂ ਵਿੱਚ ਹੀ ਸਿੱਖ ਪੰਥ ਦੇ ਪੰਜਾਂ ਤਖ਼ਤ ਸਾਹਿਬਾਨ ਵਿਖੇ ਸਜੇ ਦੀਵਾਨਾਂ ਵਿੱਚ, ਇੱਕ ਬਾਲ-ਕਵੀ ਦੇ ਰੂਪ ਵਿੱਚ ਕਵਿਤਾਵਾਂ ਸੁਣਾਈਆਂ ਅਤੇ ਆਪਣੀ ਤੋਤਲੀ ਜਿਹੀ, ਬੜੀ ਪਿਆਰੀ, ਮਿੱਠੀ, ਜਜ਼ਬੇ-ਭਰਪੂਰ, ਸਾਫ਼ ਤੇ ਸਪਸ਼ਟ ਪਰ ਰਵਾਂ-ਰਵੀਂ ਵਗਦੇ ਦਰਿਆ ਵਾਂਗ ਕਵਿਤਾਵਾਂ ਸੁਣਾਉਣ ਦੀ ਕਲਾ ਦੇ ਸਨਮੁੱਖ ਸਿੰਘ ਸਾਹਿਬਾਨ, ਨਾਮੀ ਪੰਥਕ ਆਗੂਆਂ, ਗੁਰਸਿੱਖਾਂ ਅਤੇ ਸਿੱਖ ਸੰਗਤਾਂ ਦੀਆਂ ਅਸੀਸਾਂ, ਸਿਰੋਪਾਅ ਅਤੇ ਪੰਥਕ ਪਿਆਰ ਮਾਨਣ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਗੁਰਮਤਿ ਸਿਖਲਾਈ ਕੈਂਪਾਂ ਅਤੇ ਗੁਰਮਤਿ ਕਿਆਰੀਆਂ ਵਿੱਚ ਸਿੱਖ ਬੱਚਿਆਂ ਅਤੇ ਨੌਜਵਾਨਾਂ ਲਈ 'ਦੀਪ' ਦੀਪਕ-ਵੱਤ ਮਾਰਗ-ਦਰਸ਼ਕ ਰਿਹਾ।

ਜਾਚਕ ਦੀ ਕਵਿਤਾ ਵਿੱਚ ਗੁਰਬਾਣੀ ਸਿਧਾਂਤ, ਗੁਰ-ਇਤਿਹਾਸ ਅਤੇ ਸਿੱਖ ਇਤਿਹਾਸ ਦੇ ਹਰ ਪਹਿਲੂ ਦਾ ਗੁਰਮਤਿ ਸੰਦਰਭ ਵਿੱਚ ਪ੍ਰਗਟਾਅ ਪਰੁੱਚਿਆ ਹੋਇਆ ਹੈ। ਇਸ ਕਵਿਤਾ ਵਿੱਚਲਾ ਵਿਚਾਰ-ਵਹਾਅ ਮਨੁੱਖੀ ਸੁਰਤ ਨੂੰ ਜਗਾਉਣ ਅਤੇ ਪ੍ਰਫੁੱਲਤ ਕਰਨ ਵਿੱਚ ਸਹਾਇਕ ਹੋਣ ਦੇ ਨਾਲ-ਨਾਲ 'ਗੁਰਸਿਖ ਮੀਤ ਚਲਹੁ ਗੁਰਚਾਲੀ' ਵੱਲ ਦਾ ਸਫ਼ਰ ਹੈ।

ਪਿਤਾ ਦੇ ਹੱਥਾਂ ਵਿੱਚ ਬੇਟੇ ਦਾ ਜੀਵਨ-ਪੰਧ ਖ਼ਤਮ ਹੋਣ ਦਾ ਸਦਮਾ ਵੱਡੇ-ਵੱਡਿਆਂ ਨੂੰ ਹਿਲਾ ਦਿੰਦਾ ਹੈ।ਮੇਰੇ ਇਸ ਵੀਰ ਨੇ ਵੱਡੇ ਸਦਮੇ ਨੂੰ ਝੱਲਦਿਆਂ ਚੜ੍ਹਦੀ ਕਲਾ ਬਣਾਈ ਰੱਖੀ ਤੇ ਇਹ ਪੁਸਤਕ ਸਿੱਖ ਜਗਤ ਨੂੰ ਸੌਂਪਦਿਆਂ ਸਿੱਧ ਕਰ ਵਿਖਾਇਆ ਹੈ ਕਿ ਗੁਰਮਤਿ ਦੀ ਲੋਅ ਜਿਸ ਹਿਰਦੇ ਵਿੱਚ ਹੋਵੇ, ਉਥੇ ਹੰਝੂ ਵੀ ਕਾਵਿ-ਰੂਪ ਵਿੱਚ ਹੀ ਸਮੋ ਜਾਂਦੇ ਹਨ। ਮਿਹਰਵਾਨ ਅਕਾਲ ਪੁਰਖ ਜੀ ਪਾਸ ਇਹੀ ਅਰਦਾਸ ਹੈ ਕਿ ਵੀਰ 'ਜਾਚਕ' ਅਤੇ ਪਰਿਵਾਰ ਨੂੰ ਇਸੇ ਪ੍ਰਕਾਰ ਗੁਰਮਤਿ ਨਾਲ ਸਰਸ਼ਾਰ ਰੱਖਣ।

**ਪਿਰਥੀ ਸਿੰਘ**
ਡਿਪਟੀ ਚੀਫ਼ ਆਰਗੇਨਾਈਜ਼ਰ
(ਯੋਜਨਾ ਅਤੇ ਵਿਕਾਸ)
ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ।

11.7.2007

# ਧੁਰ ਅੰਦਰ ਨੂੰ ਟੁੰਬ ਗਿਆ

ਡਾ. ਹਰੀ ਸਿੰਘ 'ਜਾਚਕ' ਨਾਲ ਮੇਰੀ ਮਿੱਤਰਤਾ ਤਕਰੀਬਨ 15 ਸਾਲਾਂ ਤੋਂ ਚੱਲਦੀ ਆ ਰਹੀ ਹੈ। ਜਿਨ੍ਹਾਂ ਨਾਲ ਮਿਲਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕਈ ਗੁਰਮਤਿ ਸਮਾਗਮ ਕੀਤੇ।

ਦਾਸ ਦੇ ਸਪੁੱਤਰ ਕਾਕਾ ਜਸਵਿੰਦਰ ਸਿੰਘ ਦੇ ਸਿਰ ਉਤੇ ਦਸਤਾਰ ਸਜਾਉਣ ਦਾ ਸਮਾਗਮ ਸੀ ਜਿਸ ਵਿੱਚ ਡਾ. 'ਜਾਚਕ' ਨੇ ਦਸਤਾਰ ਦੀ ਮਹਾਨਤਾ ਬਾਰੇ ਕਵਿਤਾ ਸੰਗਤਾਂ ਦੇ ਰੂ-ਬ-ਰੂ ਪੇਸ਼ ਕੀਤੀ ਅਤੇ ਗੁਰੂ-ਅਸੀਸਾਂ ਪ੍ਰਾਪਤ ਕੀਤੀਆਂ। ਅਜਿਹੇ ਸਮਾਗਮਾਂ 'ਤੇ ਚੜ੍ਹਦੀ ਕਲਾ ਨਾਲ ਕਵਿਤਾਵਾਂ ਪੜ੍ਹਨੀਆਂ ਸਮਝ ਵਿੱਚ ਸਨ ਪਰ ਜਦੋਂ ਉਨ੍ਹਾਂ ਦੇ ਸਪੁੱਤਰ ਕਾਕਾ ਪਰਮਦੀਪ ਸਿੰਘ ਚੜ੍ਹਾਈ ਕਰ ਗਏ ਅਤੇ ਉਸ ਦੀ ਅੰਤਿਮ ਅਰਦਾਸ ਸਮਾਗਮ ਸਮੇਂ, ਡਾ. 'ਜਾਚਕ' ਦਾ ਉਸੇ ਹੀ ਜਲਾਲ ਵਿੱਚ ਕਵਿਤਾ ਸੁਣਾਉਣਾ ਤੇ ਕਾਵਿ-ਰੂਪ ਸ਼ਰਧਾਂਜਲੀ ਦੇਣਾ, ਮੇਰੇ ਧੁਰ ਅੰਦਰ ਨੂੰ ਟੁੰਬ ਗਿਆ ਅਤੇ ਹਿਰਦੇ 'ਚੋਂ ਗੁਰ ਇਤਿਹਾਸ ਵਿਚੋਂ ਭਾਈ ਭਿਖਾਰੀ ਜੀ

ਦਾ ਪ੍ਰਸੰਗ ਮੇਰੀਆਂ ਅੱਖਾਂ ਸਾਹਮਣੇ ਘੁੰਮ ਗਿਆ। ਧੰਨ ਗੁਰਸਿੱਖੀ, ਜਿਹੜੀ ਪਾਤਸ਼ਾਹਾਂ ਨੇ ਇਸ ਵੀਰ ਨੂੰ ਬਖਸ਼ਿਸ਼ ਕੀਤੀ... ਪ੍ਰਣਾਮ ਹੈ ਇਸ ਵੀਰ ਦੀ ਗੁਰਮਤਿ ਕਮਾਈ ਨੂੰ.........

**ਮੋਹਣ ਸਿੰਘ**
ਸਿੱਖ ਧਰਮ ਗ੍ਰੰਥ ਸਟਾਲ,
ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ।

# ਪਹਿਲੀ ਐਡੀਸ਼ਨ ਦਾ ਰੀਵਿਊ

## ਰੋਜ਼ਾਨਾ ਅਜੀਤ ਐਤਵਾਰ 19 ਜਨਵਰੀ 1997

ਹਰੀ ਸਿੰਘ 'ਜਾਚਕ' ਧਾਰਮਿਕ ਕਵੀ ਹੈ।ਉਸ ਨੇ ਸਿੱਖ ਧਰਮ ਅਤੇ ਸਿੱਖ ਇਤਿਹਾਸ ਨੂੰ ਆਪਣੀ ਕਵਿਤਾ ਦਾ ਵਿਸ਼ਾ ਬਣਾਇਆ ਹੈ।ਬਹੁਤ ਸਾਰੇ ਮੌਕਿਆਂ ਉੱਤੇ ਬੋਲੇ ਜਾਣ ਵਾਲੀਆਂ ਕਵਿਤਾਵਾਂ ਦੀ ਰਚਨਾ ਉਸ ਨੇ ਕੀਤੀ ਹੈ ਅਤੇ ਇੰਜ ਸਿੱਖ ਧਰਮ ਦੇ ਬਹੁਤ ਸਾਰੇ ਪੱਖਾਂ 'ਤੇ ਰੋਸ਼ਨੀ ਪਾਈ ਹੈ। ਗੁਰੂ ਸਾਹਿਬਾਨ ਦੀਆਂ ਜੀਵਨੀਆਂ, ਉਨ੍ਹਾਂ ਦੇ ਜੀਵਨ ਦੀਆਂ ਅਹਿਮ ਘਟਨਾਵਾਂ ਅਤੇ ਸਿੱਖ ਧਰਮ ਦੇ ਮੁੱਖ ਅਸੂਲ ਉਸ ਦੀਆਂ ਕਵਿਤਾਵਾਂ ਦੇ ਉੱਘੇ ਵਿਸ਼ੇ ਹਨ।

ਇਵੇਂ ਹੀ ਇਤਿਹਾਸ ਵਿੱਚੋਂ ਕਈ ਅਹਿਮ ਘਟਨਾਵਾਂ ਨੂੰ ਉਸ ਨੇ ਕਵਿਤਾਵਾਂ ਦੀ ਸੁੰਦਰ ਜ਼ੁਬਾਨ ਵਿੱਚ ਪੇਸ਼ ਕੀਤਾ ਹੈ।ਸਾਹਿਬਜ਼ਾਦਿਆਂ ਦੀ ਸ਼ਹੀਦੀ, ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ, ਚਮਕੌਰ ਦੀ ਗੜ੍ਹੀ, ਸ੍ਰੀ ਅਕਾਲ ਤਖ਼ਤ ਅਤੇ ਬਾਕੀ ਦੇ ਹੋਰ ਤਖ਼ਤ,ਗੁਰੂ ਗ੍ਰੰਥ ਸਾਹਿਬ ਜੀ, ਸਿੱਖੀ ਜੀਵਨ ਜਾਚ,ਸੇਵਾ ਆਦਿ ਨੂੰ ਵੀ ਉਸ ਨੇ ਕਵਿਤਾਵਾਂ ਰਾਹੀਂ ਪੇਸ਼ ਕੀਤਾ ਹੈ।ਉਸ ਦੀਆਂ ਕਵਿਤਾਵਾਂ ਵਿੱਚੋਂ ਉਸ ਦੇ ਜਜ਼ਬਾਤ ਡੁੱਲ੍ਹ-ਡੁੱਲ੍ਹ ਪੈਂਦੇ ਹਨ ਅਤੇ ਆਪਣੇ ਵਿਸ਼ਵਾਸ 'ਤੇ ਅਟੱਲ ਖੜ੍ਹਾ ਉਹ ਇਕ ਪਹਿਰੇਦਾਰ ਵਾਂਗ ਹੋਕਾ ਦਿੰਦਾ ਲੱਗਦਾ ਹੈ।ਹਰਿਮੰਦਰ ਸਾਹਿਬ, ਸਿੰਘ ਸਭਾ ਲਹਿਰ,ਸਟੱਡੀ ਸਰਕਲ ਵਰਗੇ ਵਿਸ਼ੇ ਵੀ ਉਸ ਨੇ ਬੜੀ ਹੀ ਖ਼ੂਬੀ ਨਾਲ ਪੇਸ਼ ਕੀਤੇ ਹਨ।ਇਕ ਗੱਲ ਜੋ ਉਸ ਨੇ ਪੁਰਾਣੇ ਕਵੀਆਂ ਵਾਂਗ ਕੀਤੀ ਹੈ,ਉਹ ਹੈ ਅਰਜ਼ੋਈ ਭਾਵ ਬੇਨਤੀ।ਪੁਸਤਕ ਦੇ ਆਰੰਭ ਵਿੱਚ ਉਸ ਨੇ ਉਸ ਬਖਸ਼ਣਹਾਰ ਤੋਂ ਆਪਣੇ ਵਾਸਤੇ ਕਵਿਤਾ ਰਚਣ ਦੀ ਸਮਰੱਥਾ ਅਤੇ ਕਿਰਪਾ ਦਾ ਵਰਦਾਨ ਮੰਗਿਆ ਹੈ।ਹੇ ਸਰਬ ਸ਼ਕਤੀਵਾਨ-ਕਵਿਤਾ ਰਚਣ ਦੀ ਸ਼ਕਤੀ ਬਖ਼ਸ਼ਸ਼ ਕਰੋ। ਸਿੱਖ ਗੁਰੂਆਂ ਅਤੇ ਸਿੱਖ ਧਰਮ ਵੱਲੋਂ ਦਿੱਤਾ ਗਿਆ ਫਲਸਫਾ,ਸੋਚ ਅਤੇ ਸਮੁੱਚੀ ਮਨੁੱਖਤਾਵਾਦੀ ਪਹੁੰਚ ਨੂੰ ਉਸ ਨੇ ਬੜੇ ਹੀ ਸੁੰਦਰ ਸ਼ਬਦਾਂ ਵਿੱਚ ਬਿਆਨ ਕੀਤਾ ਹੈ। ਸਮਾਜਿਕ ਪੁਨਰ-ਨਿਰਮਾਣ ਅਤੇ ਸਮੁੱਚੇ ਭਾਰਤੀ ਚਿੰਤਨ ਵਿੱਚ ਸਿੱਖ ਧਰਮ ਦੀ ਕੀ ਭੂਮਿਕਾ ਹੈ,ਇਸ 'ਤੇ ਸੁਚੱਜੀ ਝਾਤ ਪਵਾਈ ਹੈ ਅਤੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਅੱਜ ਦੀ ਭਟਕਦੀ ਮਨੁੱਖ ਜਾਤੀ ਦਾ ਭਲਾ ਇਸੇ ਵਿੱਚ ਹੈ ਕਿ ਉਹ ਇਨ੍ਹਾਂ ਸੁਨਿਹਰੀ ਅਸੂਲਾਂ ਨੂੰ ਨਿਤ ਜੀਵਨ ਵਿੱਚ ਥਾਂ ਦੇਵੇ। ਸਰਬੱਤ ਦੇ ਭਲੇ ਦੀ ਗੱਲ ਇਕ ਸਥਾਈ ਫਲਸਫਾ ਹੈ ਜੋ ਯੁਗ ਬਦਲਣ ਜਾਂ ਬਦਲਦੀ ਸੋਚ ਤੋਂ ਅਭਿੱਜ ਹੈ।ਨਾਸਤਕਤਾ ਅਤੇ ਅਜੋਕੀ ਅਗਾਂਹਵਧੂ ਸੋਚ ਵਾਲੇ ਤਥਾ-ਕਥਿਤ ਚਿੰਤਕਾਂ ਨੂੰ ਵੀ ਇਕ ਵੰਗਾਰ ਵਜੋਂ ਉਸ ਨੇ ਸੰਬੋਧਨ ਕੀਤਾ ਹੈ। ਅੱਜ ਦੇ ਨੌਜਵਾਨ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਾਵੀਂ ਪੱਧਰੀ ਜ਼ਿੰਦਗੀ ਜੀਊਣ ਦੀ ਪ੍ਰੇਰਨਾ ਦਿੱਤੀ ਹੈ।ਲੇਖਕ ਦਾ ਗੁਰਬਾਣੀ ਗਿਆਨ ਅਤੇ ਆਮ ਗਿਆਨ ਵਸੀਹ ਹੈ,ਜਿਸ ਕਰਕੇ ਉਸ ਨੇ ਡੂੰਘੀਆਂ ਅਤੇ ਚਿੰਤਨ ਭਰਪੂਰ ਗੱਲਾਂ ਲਿਖੀਆਂ ਹਨ।

ਆਮ ਕਰਕੇ ਇਹ ਕਵਿਤਾਵਾਂ ਉਹ ਸਟੇਜਾਂ 'ਤੇ ਭਾਵ ਸਰੋਤਿਆਂ ਸਾਹਮਣੇ ਪੇਸ਼ ਕਰਦਾ ਰਿਹਾ ਹੈ ਇਸ ਕਰਕੇ ਇਨ੍ਹਾਂ ਵਿੱਚ ਲੈਅ ਅਤੇ ਗਾਏ ਜਾਣ ਵਾਲਾ ਗੁਣ ਪੂਰੀ ਤਰ੍ਹਾਂ ਹਾਵੀ ਹੈ।ਆਮ ਕਰਕੇ ਉਸ ਨੇ ਵਾਰਸ, ਕਾਦਰਯਾਰ,ਵਾਂਗ ਇਸ ਦੇ ਮਿਸਰੇ ਨੂੰ ਇਕ ਲਾਈਨ ਵਿੱਚ ਨਹੀਂ ਲਿਖਿਆ। ਇਸ ਛੰਦ ਦੀਆਂ ਮਾਤਰਾਵਾਂ ਨੂੰ ਅਤੇ ਹੋਰ ਨਿਯਮਾਂ ਨੂੰ ਉਸ ਨੇ ਭਲੀਭਾਂਤ ਨਿਭਾਇਆ ਹੈ ਅਤੇ ਇਸ ਨਿਭਾਅ ਦੀ ਖ਼ੂਬੀ ਵਿੱਚ ਜੋ ਹੋਰ ਗੱਲ ਸ਼ਾਮਿਲ ਹੈ ਉਹ ਹੈ ਉਸ ਦੀ ਸਰਲ, ਸੌਖੀ ਅਤੇ ਆਮ ਵਰਤੋਂ ਦੀ ਬੋਲੀ।ਕਿਉਂਕਿ ਸਰੋਤਿਆਂ ਨੇ ਕੇਵਲ ਸੁਣ ਕੇ ਹੀ ਗੱਲ ਨੂੰ ਸਮਝਣਾ ਹੈ, ਇਸ ਕਰਕੇ ਔਖੀ ਤੋਂ ਔਖੀ ਗੱਲ ਨੂੰ ਵੀ ਸੌਖੀ ਬੋਲੀ ਵਿੱਚ ਸਮਝਾਉਣਾ ਜ਼ਰੂਰੀ ਹੈ।ਇਸ ਪੱਖੋਂ ਕਵੀ ਸੁਚੇਤ ਵੀ ਹੈ ਅਤੇ ਸਮਰੱਥ ਵੀ। ਜ਼ਰਾ ਵੰਨਗੀ ਵੇਖੋ :-

ਬਿਨਾਂ ਕਿਸੇ ਵੀ ਕਿਸਮ ਦੇ ਵਿਤਕਰੇ ਦੇ, ਸਾਂਝਾ ਸਿੱਖੀ ਦਾ ਮਹਿਲ ਉਸਾਰਿਆ ਸੀ।
ਸਭੇ ਸਾਂਝੀਵਾਲ ਸਦਾਉਣ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਭਾਸ਼ਾ ਉੱਤੇ ਉਸ ਦੀ ਪੂਰੀ ਪਕੜ ਹੈ। ਭਾਸ਼ਾ ਠੇਠ, ਸਰਲ, ਸੌਖੀ ਅਤੇ ਮੁਹਾਵਰੇਦਾਰ ਹੈ।ਭਾਂਵੇਉਸ ਦੀ ਕਵਿਤਾ ਧਾਰਮਿਕ ਹੈ ਪਰ ਤਾਂ ਵੀ ਕਾਵਿਕ-ਗੁਣਾਂ ਨਾਲ ਓਤ-ਪੋਤ ਹੈ।ਬੜੇ ਹੀ ਢੰਗ ਨਾਲ ਸਿੱਖੀ ਜੀਵਨ-ਜਾਚ ਨੂੰ ਆਮ ਲੋਕਾਂ ਸਾਹਮਣੇ ਰੱਖਿਆ ਗਿਆ ਹੈ।ਕਦੇ-ਕਦੇ ਅਤੇ ਕਿਤੇ-ਕਿਤੇ ਉਹ ਉਲਾਰ ਵੀ ਹੋ ਗਿਆ ਲੱਗਦਾ ਹੈ ਪਰ ਤਾਂ ਵੀ ਸਮੁੱਚੇ ਰੂਪ ਵਿੱਚ ਉਸ ਦਾ ਯਤਨ ਸਲਾਹੁਣਯੋਗ ਹੈ। ਭਾਂਵੇਂ ਇਹ ਉਸ ਦਾ ਪਹਿਲਾ ਕਾਵਿ-ਸੰਗ੍ਰਹਿ ਹੈ, ਪਰ ਇਹ ਕਾਵਿ-ਸੰਗ੍ਰਹਿ ਸਭ ਤੋਂ ਪਹਿਲੇ ਹੋਣ ਦਾ ਪਤਾ ਨਹੀਂ ਲੱਗਦਾ। ਕਲਮ ਵਿੱਚ ਦਮ ਹੈ, ਸ਼ਬਦਾਂ ਵਿੱਚ ਰਸ ਹੈ ਅਤੇ ਮਨਮੋਹਕ ਪ੍ਰਗਟਾਵਾ ਹੈ। ਉਸ ਤੋਂ ਹੋਰ ਆਸਾਂ ਰੱਖੀਆਂ ਜਾ ਸਕਦੀਆਂ ਹਨ।

**ਹਰਭਜਨ ਸਿੰਘ ਬਟਾਲਵੀ**

# ਪਹਿਲੀ ਐਡੀਸ਼ਨ ਦਾ ਰੀਵਿਊ

## ਪੰਜਾਬੀ ਟ੍ਰਿਬਿਊਨ ਐਤਵਾਰ, 7 ਜੂਨ 1998

ਸਿੱਖ ਇਤਿਹਾਸ ਅਤੇ ਸਿੱਖ ਫਲਸਫੇ ਹੀ ਨਹੀਂ, ਸਿੱਖ ਗੁਰੂਆਂ ਦੇ ਮਹਾਨ ਸਾਕਿਆਂ ਬਾਰੇ ਧਾਰਮਿਕ ਕਵੀਆਂ ਵਲੋਂ ਲਿਖੀਆਂ ਕਵਿਤਾਵਾਂ ਦੀ ਗਿਣਤੀ ਕਰਨੀ ਸੌਖੀ ਨਹੀਂ ਹੈ। ਇਹ ਕਵਿਤਾਵਾਂ ਸਰੋਤਿਆਂ ਵਿੱਚ ਧਾਰਮਿਕ ਜਜ਼ਬਾ ਪੈਦਾ ਕਰਨ ਅਤੇ ਉਨ੍ਹਾਂ ਨੂੰ ਸਿੱਖੀ ਸਿਦਕ ਤੇ ਸਿੱਖੀ ਨਾਲ ਪਿਆਰ ਕਰ ਕੇ ਇਸ ਬਦਲੇ ਮਰ ਮਿਟਣ ਲਈ ਪ੍ਰੇਰਨਾ ਦੇਣ ਦਾ ਕੰਮ ਕਰਦੀਆਂ ਹਨ। ਸ੍ਰੀ ਹਰੀ ਸਿੰਘ 'ਜਾਚਕ' ਦੀਆਂ ਇਸ ਸੰਗ੍ਰਹਿ ਵਿੱਚਲੀਆਂ ਕਵਿਤਾਵਾਂ ਵੀ ਇਸੇ ਸ਼੍ਰੇਣੀ ਵਿੱਚ ਆਉਂਦੀਆਂ ਹਨ। ਲੇਖਕ ਦਾ ਸਬੰਧ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨਾਲ ਰਿਹਾ ਹੈ ਅਤੇ ਇਹ ਪੁਸਤਕ ਵੀ ਇਸੇ ਸਰਕਲ ਵਲੋਂ ਛਾਪੀ ਗਈ ਹੈ।

ਦ. ਸਿੰਘ

# ਅਰਜ਼ੋਈ

ਰੱਬੀ ਦਾਤ ਇਹ ਕਵਿਤਾ ਦੀ ਬਖਸ਼ ਮੈਨੂੰ, ਮੇਰੇ ਹੱਥ ਤੂੰ ਕਲਮ ਫੜਾਈ ਦਾਤਾ।
ਔਖੀ ਘਾਟੀ ਤੇ ਮੁਸ਼ਕਲ ਏ ਬੜਾ ਪੈਂਡਾ, ਆਪੇ ਕਰਨੀ ਏ ਤੁਸਾਂ ਅਗਵਾਈ ਦਾਤਾ।
ਲੈ ਕੇ ਲੋਅ ਗੁਰਬਾਣੀ ਦੀ ਜੋਤ ਕੋਲੋਂ, ਸਾਰੇ ਜੱਗ ਵਿੱਚ ਕਰੇ ਰੁਸ਼ਨਾਈ ਦਾਤਾ।
ਰਹਿ ਕੇ ਨਾਮ ਖ਼ੁਮਾਰੀ ਦੇ ਵਿੱਚ ਹਰਦਮ, ਲਿਖਦੀ ਥੱਕੇ ਨਾ, ਤੇਰੀ ਵਡਿਆਈ ਦਾਤਾ।

ਲੈ ਕੇ ਸੇਧ ਇਤਿਹਾਸ ਦੇ ਪੰਨਿਆਂ ਤੋਂ, ਸਿੱਖੀ ਅਣਖ ਨੂੰ ਰੱਖੇ ਜਗਾਈ ਦਾਤਾ।
ਜੀਵਨ ਦਾਨ ਦਿਤੈ, ਜਿੰਨਾਂ ਪੰਥ ਤਾਂਈਂ, ਮੂਰਤ ਅੱਖਾਂ 'ਚ ਰੱਖੇ ਵਸਾਈ ਦਾਤਾ।
ਲਿਖਦੀ ਰਹੇ ਇਹ ਆਖ਼ਰੀ ਦਮ ਤੀਕਰ, ਮੇਰੀ ਕੰਬੇ ਨਾ ਕਦੇ ਕਲਾਈ ਦਾਤਾ।
ਕਿਤੇ ਭਟਕ ਕੇ ਰਸਤਾ ਨਾ ਭੁੱਲ ਜਾਵੇ, ਹੋਵੀਂ ਮੁਸ਼ਕਲਾਂ ਵਿੱਚ ਸਹਾਈ ਦਾਤਾ।

ਲਿਖੇ ਸਦਾ ਸਰਬੱਤ ਦੇ ਭਲੇ ਖ਼ਾਤਰ, ਕਦੇ ਸੁੱਕੇ ਨਾ ਇਹਦੀ ਸਿਆਈ ਦਾਤਾ।
ਕਦੇ ਡੋਲੇ ਤੇ ਡਰੇ ਨਾ ਕਿਸੇ ਕੋਲੋਂ, ਲਿਖੇ ਸਮੇਂ ਦੀ ਸਦਾ ਸਚਿਆਈ ਦਾਤਾ।
ਮੇਰੇ ਵੱਸ ਦੇ ਵਿੱਚ ਨਾ ਰਹੀ ਹੁਣ ਤਾਂ, ਜਿਵੇਂ ਚਾਹੁੰਦਾ ਏਂ, ਜਾ ਚਲਾਈ ਦਾਤਾ।
ਜਿੰਨਾਂ ਲਾਹ ਸਕਦੀ ਉਨਾਂ ਲਾਹ ਸੱਕੇ, 'ਜਾਚਕ' ਕੌਮ ਦਾ ਬੜਾ ਕਰਜ਼ਾਈ ਦਾਤਾ।

# ਸ੍ਰੀ ਗੁਰੂ ਨਾਨਕ ਦੇਵ ਜੀ

ਸੜਦੀ ਹੋਈ ਲੋਕਾਈ ਨੂੰ ਤੱਕ ਕੇ ਤੇ, ਧੁਰੋਂ ਆਏ ਸਨ ਰੱਬ ਦੇ ਨੂਰ ਨਾਨਕ।
ਮੈਲ ਮਨਾਂ ਦੇ ਸ਼ੀਸ਼ੇ ਤੋਂ ਲਾਹੁਣ ਖਾਤਰ, ਹਾਜ਼ਰ ਹੋਏ ਸਨ ਆਪ ਹਜ਼ੂਰ ਨਾਨਕ।
ਵਹਿਮਾਂ ਭਰਮਾਂ ਪਾਖੰਡਾਂ ਨੂੰ ਤੋੜ ਕੇ ਤੇ, ਆਏ ਕਰਨ ਹੈਸਨ ਚਕਨਾਚੂਰ ਨਾਨਕ।
ਸੂਰਜ ਸੱਚ ਦਾ ਚਮਕਿਆ ਅੰਬਰਾਂ ’ਤੇ, ਧੁੰਧ ਝੂਠ ਦੀ ਕੀਤੀ ਸੀ ਦੂਰ ਨਾਨਕ।

ਰੂਪ ਰੱਬ ਦਾ ਰਾਇ ਬੁਲਾਰ ਜਾਤਾ, ਭੈਣ ਨਾਨਕੀ ਦਾ ਸੋਹਣਾ ਵੀਰ ਨਾਨਕ।
ਲਾਲੋ ਵਰਗਿਆਂ ਲਾਲਾਂ ਨੂੰ ਗਲ ਲਾ ਕੇ, ਬਦਲ ਦਿੱਤੀ ਸੀ ਆਣ ਤਕਦੀਰ ਨਾਨਕ।
ਛੂਤ ਛਾਤ ਵਾਲੀ, ਊਚ ਨੀਚ ਵਾਲੀ, ਮੇਟ ਦਿੱਤੀ ਸੀ ਮੁੱਢੋਂ ਲਕੀਰ ਨਾਨਕ।
ਹਿੰਦੂ ਆਖਦੇ ਸਾਡਾ ਏ ‘ਗੁਰੂ’ ਇਹ ਤਾਂ, ਮੁਸਲਮਾਨਾਂ ਨੇ ਸਮਝਿਆ ‘ਪੀਰ’ ਨਾਨਕ।

ਧੁਰ ਦਰਗਾਹ ’ਚੋਂ ਦੁਨੀਆਂ ਨੂੰ ਤਾਰਨੇ ਲਈ, ਲੈ ਕੇ ਆਏ ਸਨ ਖਾਸ ਉਦੇਸ਼ ਸਤਿਗੁਰ।
ਜਾਤ ਜਨਮ ਤੇ ਵਰਨਾਂ ਨੂੰ ਛੱਡ ਕੇ ਤੇ, ਭਾਈਚਾਰੇ ਦਾ ਦਿੱਤਾ ਸੰਦੇਸ਼ ਸਤਿਗੁਰ।
ਇੱਕ ਪਿਤਾ ਤੇ ਓਸਦੇ ਅਸੀਂ ਬਾਰਕ, ਦਿੱਤਾ ਜਗਤ ਦੇ ਤਾਂਈਂ ਉਪਦੇਸ਼ ਸਤਿਗੁਰ।
ਲੜ ਲਾਉਣ ਲਈ ਇੱਕ ਪ੍ਰਮਾਤਮਾ ਦੇ, ਪਹੁੰਚੇ ਥਾਂ ਥਾਂ ਦੇਸ਼ ਵਿਦੇਸ਼ ਸਤਿਗੁਰ।

ਜਿੱਥੇ ਜਿੱਥੇ ਵੀ ਬਾਬਾ ਸੀ ਪੈਰ ਧਰਦਾ, ਸਾਏ ਵਾਂਗ ਮਰਦਾਨਾ ਸੀ ਨਾਲ ਹੁੰਦਾ।
ਲਾ ਕੇ ਹਿਕ ਦੇ ਨਾਲ ਰਬਾਬ ਰੱਖਦਾ, ਕੁੱਛੜ ਚੁੱਕਿਆ ਜਿਸ ਤਰ੍ਹਾਂ ਬਾਲ ਹੁੰਦਾ।
‘ਧੁਰ ਦੀ ਬਾਣੀ’ ਜਦ ਬਾਬੇ ਨੂੰ ਆਂਵਦੀ ਸੀ, ਤਾਰਾਂ ਛੇੜ ਮਰਦਾਨਾ ਨਿਹਾਲ ਹੁੰਦਾ।
ਸੁਰਤਿ ਸ਼ਬਦ ਦਾ ਜਦੋਂ ਮਿਲਾਪ ਹੋਵੇ, ਨੂਰੀ ਚਿਹਰੇ ’ਤੇ ਰੱਬੀ ਜਲਾਲ ਹੁੰਦਾ।

ਕਮਲ ਫੁੱਲ ਦੇ ਵਾਂਗ ਨਿਰਲੇਪ ਸੀ ਜੋ, ਹੈਸੀ ਵਿੱਚ ਗ੍ਰਹਿਸਤ ਦੇ ਸੰਤ ਨਾਨਕ।
ਉਹ ਤੇ ਰਹਿਬਰ ਸੀ ਸੱਚ ਦੇ ਪਾਂਧੀਆਂ ਦਾ, ਬਹੁ ਬਿਧਿ ਰੰਗਲਾ ਬੜਾ ਬਿਅੰਤ ਨਾਨਕ।
ਭਲਾ ਸਦਾ ਸਰਬੱਤ ਦਾ ਚਾਹੁਣ ਵਾਲਾ, ਆਇਆ ਜੱਗ ਵਿੱਚ ਪੁਰਖ ਭਗਵੰਤ ਨਾਨਕ।
ਫ਼ੁੱਲਾਂ ਵਾਂਗ ਮੁਰਝਾਈ ਮਨੁੱਖਤਾ ਤੇ, ਪਤਝੜ ਬਾਅਦ ਲਿਆਏ ਬਸੰਤ ਨਾਨਕ।

ਕਈਆਂ ਕਿਹਾ ਬੇਤਾਲਾ ਤੇ ਭੂਤਨਾ ਸੀ, ਨਹੀਂ ਕਿਸੇ ਦੀ ਕੀਤੀ ਪ੍ਰਵਾਹ ਬਾਬੇ।
ਤਪਦੇ ਹੋਏ ਕੜਾਹੇ ਵੀ ਸ਼ਾਂਤ ਹੋ ਗਏ, ਕੀਤੀ ਮਿਹਰ ਦੀ ਜਦੋਂ ਨਿਗਾਹ ਬਾਬੇ।
ਸੱਜਣ ਠੱਗ ਤੇ ਭੂਮੀਏ ਚੋਰ ਤਾਰੇ, ਡੁੱਬਦੇ ਬੇੜਿਆਂ ਦਾ ਬਣ ਮਲਾਹ ਬਾਬੇ।
ਜਿਹੜੇ ਜਿਹੜੇ ਵੀ ਰਸਤੇ ਨੂੰ ਭੁੱਲ ਗਏ ਸੀ, ਪਾਇਆ ਸੱਚ ਦੇ ਉਨ੍ਹਾਂ ਨੂੰ ਰਾਹ ਬਾਬੇ।

ਜਿਹੜੇ ਬਹਿਸਾਂ ‘ਚ ਵਾਲ ਦੀ ਖੱਲ ਲਾਹੁੰਦੇ, ਦਿੱਤਾ ਉਨ੍ਹਾਂ ਦਾ ਤੋੜ ਹੰਕਾਰ ਬਾਬੇ।
ਸਿੱਧਾਂ ਜੋਗੀਆਂ ਪੰਡਤਾਂ ਨਾਲ ਬਹਿ ਕੇ, ਹਰ ਇਕ ਪਹਿਲੂ ’ਤੇ ਕੀਤੀ ਵਿਚਾਰ ਬਾਬੇ।
ਨਾਮ ਬਾਣੀ ਦੇ ਛੱਡ ਕੇ ਬਾਣ ਹਰ ਥਾਂ, ਦਿੱਤਾ ਦੂਈ ਦਵੈਤ ਨੂੰ ਮਾਰ ਬਾਬੇ।
ਲਾ ਕੇ ਚਾਰ ਉਦਾਸੀਆਂ ਦਿਸ਼ਾ ਚਾਰੇ, ਦਿੱਤਾ ਜਗਤ ਜਲੰਦੇ ਨੂੰ ਠਾਰ ਬਾਬੇ।

ਜੀਵਨ ਜਾਚ ਸਮਝਾਉਣ ਲਈ ਅਸਾਂ ਤਾਂਈਂ, ਗਿਆ ਬਾਣੀ ’ਚ ਥਾਂ ਥਾਂ ਲਿਖ ਬਾਬਾ।
ਜਿਹੜੇ ਜਿਹੜੇ ਵੀ ਕੰਮਾਂ ਤੋਂ ਰੋਕਿਆ ਸੀ, ਕਰਨ ਲੱਗ ਪਏ ਨੇ ਓਹੀ ਸਿੱਖ ਬਾਬਾ।
ਮਨਮੱਤ ਨੇ ਮਾਰੀ ਏ ਮੱਤ ਸਾਡੀ, ਮਿੱਠੀ ਸਮਝ ਕੇ ਪੀ ਰਹੇ ਬਿੱਖ ਬਾਬਾ।
ਅੱਜ ਸਾਡੇ ਹੰਕਾਰ ’ਤੇ ਚੌਧਰਾਂ ਨੇ, ਕੀਤਾ ਧੁੰਧਲਾ ਸਾਡਾ ਭਵਿੱਖ ਬਾਬਾ।

ਜਿਹੜਾ ਬੀਜ ਗੁਰੂ ਨਾਨਕ ਨੇ ਬੀਜਿਆ ਸੀ, ਵਧਿਆ ਫੁੱਲਿਆ ਵਿੱਚ ਸੰਸਾਰ ਹੈਸੀ।
ਕਿਤੇ ਬੂਟਾ ਨਾ ਸਿੱਖੀ ਦਾ ਸੁਕ ਜਾਵੇ, ਪਾਇਆ ਖ਼ੂਨ ਸ਼ਹੀਦਾਂ ਕਈ ਵਾਰ ਹੈਸੀ।
ਪਤਝੜਾਂ, ਤੁਫਾਨਾਂ ’ਤੇ ਸੋਕਿਆਂ ਦਾ, ‘ਜਾਚਕ’ ਸ਼ੁਰੂ ਤੋਂ ਰਿਹਾ ਸ਼ਿਕਾਰ ਹੈਸੀ।
ਕੋਈ ਤਾਕਤ ਨਹੀਂ ਇਹਨੂੰ ਉਖਾੜ ਸਕਦੀ , ਲਾਇਆ ਆਪ ਇਹ ਨਾਨਕ ਨਿਰੰਕਾਰ ਹੈਸੀ।

# ਪਰਉਪਕਾਰੀ ਗੁਰੂ ਨਾਨਕ ਦੇਵ ਜੀ

ਕੂੜ ਮੱਸਿਆ ਦੀ ਕਾਲੀ ਰਾਤ ਕਾਰਣ, ਛਾਇਆ ਨ੍ਹੇਰ ਸੀ ਸਾਰੇ ਜਹਾਨ ਅੰਦਰ।
ਲੋਭੀ ਲਾਲਚੀ ਧਰਮ ਦੇ ਆਗੂਆਂ ਨੇ, ਵੰਡੀ ਪਾਈ ਇਨਸਾਨ ਇਨਸਾਨ ਅੰਦਰ।
ਕਰਮ ਕਾਂਡ ਨੂੰ ਹੀ ਧਰਮ ਸਮਝ ਕੇ ਤੇ, ਭਟਕ ਰਹੇ ਸਨ ਲੋਕ ਅਗਿਆਨ ਅੰਦਰ।
ਇਜ਼ਤ ਗਜ਼ਨੀ ’ਚ ਰਹੀ ਨਿਲਾਮ ਹੁੰਦੀ, ਸੁੱਤੀ ਰਹੀ ਤਲਵਾਰ ਮਿਆਨ ਅੰਦਰ।

ਕੁੰਭਕਰਨ ਦੀ ਨੀਂਦ ਸਨ ਸਭ ਸੁੱਤੇ, ਉਧਰ ਦੇਸ਼ ਦਾ ਸਤਿਆਨਾਸ ਹੋਇਆ।
ਖਾਂਦੀ ਵਾੜ ਹੀ ਖੇਤ ਨੂੰ ਤੱਕ ਕੇ ਤੇ, ਹੁਕਮ ਵਾਹਿਗੁਰੂ ਵਲੋਂ ਇਹ ਖਾਸ ਹੋਇਆ।
ਮਾਤਾ ਤ੍ਰਿਪਤਾ ਦੀ ਗੋਦ ਨੂੰ ਭਾਗ ਲੱਗੇ, ਨਾਨਕ ਨੂਰ ਦਾ ਤਦੋਂ ਪ੍ਰਕਾਸ਼ ਹੋਇਆ।
ਹਿਰਦੇ ਤਪਦੇ ਇਕਦੱਮ ਸ਼ਾਂਤ ਹੋ ਗਏ, ਬਿਹਬਲ ਦਿਲਾਂ ਨੂੰ ਬੜਾ ਧਰਵਾਸ ਹੋਇਆ।

ਭੈਣ ਨਾਨਕੀ, ਨਾਨਕ ਨੂੰ ਤੱਕ ਅੰਦਰੋਂ, ਕਹਿੰਦੀ ਕਲਯੁਗ ’ਚ ਵੀਰ ਅਵਤਾਰ ਆਇਆ।
ਨੂਰੀ ਮੁੱਖ ’ਤੇ ਛਾਂ ਦੀ ਆੜ ਹੇਠਾਂ, ਫਨੀਅਰ ਸੱਪ ਵੀ ਕਰਨ ਦੀਦਾਰ ਆਇਆ।
ਵੀਹ ਰੁਪਈਆਂ ਦਾ ਭੋਜਨ ਛਕਾਉਣ ਵਾਲਾ, ਭੁੱਖੇ ਭਾਣਿਆਂ ਦਾ ਮੱਦਦਗਾਰ ਆਇਆ।
ਤੇਰਾਂ ਤੇਰਾਂ ਹੀ ਮੁੱਖੋਂ ਉਚਾਰ ਕੇ ਤੇ, ਉਹ ਤਾਂ ‘ਤੇਰਾ’ ਸੀ ਕਰਨ ਪ੍ਰਚਾਰ ਆਇਆ।

ਲਾ ਕੇ ਜਲ ਸਮਾਧੀ ਫਿਰ ਵਿੱਚ ਵੇਂਈ, ਨਾਨਕ ਪਹੁੰਚੇ ਸਨ ਸੱਚੇ ਦਰਬਾਰ ਅੰਦਰ।
ਜਗਤ ਜਲੰਦੇ ’ਚ ਠੰਢ ਵਰਤਾਉਣ ਖਾਤਰ, ‘ਧੁਰ ਦੀ ਬਾਣੀ’ ਲਿਆਏ ਸੰਸਾਰ ਅੰਦਰ।
ਨਾ ਕੋ ਹਿੰਦੂ ਨਾ ਮੁਸਲਮਾਨ ਏਥੇ, ਰੱਬੀ ਜੋਤ ਏ ਹਰ ਨਰ ਨਾਰ ਅੰਦਰ।
ਅੰਦਰੋਂ ਉੱਠੀ ਜੋ ਹੂਕ ਉਹ ਕੂਕ ਬਣਕੇ, ਗੂੰਜ ਉਠੀ ਫਿਰ ਸਾਰੇ ਸੰਸਾਰ ਅੰਦਰ।

ਕਿਰਤ ਕਰਨੀ ਤੇ ਵੰਡ ਕੇ ਛੱਕ ਲੈਣੀ, ਹੱਥੀਂ ਸੇਵਾ ਨੂੰ ਦਿੱਤੀ ਵਡਿਆਈ ਉਹਨਾਂ।
ਦੁਨੀਆਂ ਭਰ ਦੇ ਦੁਖੀਆਂ ਤੇ ਰੋਗੀਆਂ ਨੂੰ, ਸੱਚੇ ਨਾਮ ਦੀ ਦਿੱਤੀ ਦਵਾਈ ਉਹਨਾਂ।
ਉਚ ਨੀਚ ਦੇ ਵਿਤਕਰੇ ਖਤਮ ਕਰਕੇ, ਸ਼ੁਭ ਅਮਲਾਂ ‘ਤੇ ਗੱਲ ਮੁਕਾਈ ਉਹਨਾਂ।
ਰੱਬੀ ਬਾਣੀ ਦਾ ਨੂਰੀ ਪ੍ਰਕਾਸ਼ ਦੇ ਕੇ, ਜੀਵਨ ਜਾਚ ਸੀ ਸਾਨੂੰ ਸਿਖਾਈ ਉਹਨਾਂ।

ਇੱਕੋ ਪਿਤਾ ਤੇ ਉਸਦੇ ਅਸੀਂ ਪੁੱਤਰ, ਸਾਂਝੇ ਗੁਰੂ ਨੇ ਸਾਂਝਾ ਉਪਦੇਸ਼ ਦਿੱਤਾ।
ਲਾ ਕੇ ਨਾਹਰਾ ਸਰਬੱਤ ਦੇ ਭਲੇ ਵਾਲਾ, ਦੁੱਖੀ ਦੁਨੀਆਂ ਦਾ ਕੱਟ ਕਲੇਸ਼ ਦਿੱਤਾ।
ਜਗਤ ਜਨਨੀ ਨੂੰ ਉਨ੍ਹਾਂ ਨੇ ਧੰਨ ਕਹਿ ਕੇ, ਔਰਤ ਜਾਤ ਨੂੰ ਦਰਜਾ ਵਿਸ਼ੇਸ਼ ਦਿੱਤਾ।
ਸਿੱਖੀ ਕਾਫਲੇ ਦੇ ਪਹਿਲੇ ਬਣੇ ਰਹਿਬਰ, ਦੁਨੀਆਂ ਤਾਂਈਂ ਸੀ ਰੱਬੀ ਸੰਦੇਸ਼ ਦਿੱਤਾ।

ਮਲਕ ਭਾਗੋ ਦੀ ਝੁਕ ਗਈ ਨਜ਼ਰ ਹੈਸੀ, ਜਦ ਖੂਨ ਪੂੜਿਆਂ ‘ਚੋਂ ਲਾਲੋ ਲਾਲ ਤੱਕਿਆ।
ਸੱਜਣ ਠੱਗ ਨੂੰ ਠੱਗੀਆਂ ਭੁੱਲ ਗਈਆਂ, ਨੂਰੀ ਚਿਹਰੇ ’ਤੇ ਜਦੋਂ ਜਲਾਲ ਤੱਕਿਆ।
ਸ਼ਰਧਾ ਨਾਲ ਬਾਬਰ ਸਿੱਜਦਾ ਆਣ ਕੀਤਾ, ਜੇਲ ਵਿੱਚ ਜਦ ਲੋਕਾਂ ਦੇ ਨਾਲ ਤੱਕਿਆ।
ਵਲੀ ਕੰਧਾਰੀ ਦੇ ਓਦੋਂ ਸੀ ਵਲ ਨਿਕਲੇ, ਪੰਜੇ ਅੱਗੇ ਜਦ ਪੱਥਰ ਨਿਢਾਲ ਤੱਕਿਆ।

ਰਾਖਸ਼ ਬੁੱਧੀ ਸੀ ਕੌਡੇ ਦੀ ਹਵਾ ਹੋਈ, ਜਦੋਂ ਸਾਹਮਣੇ ਸਾਹਿਬੇ ਕਮਾਲ ਤੱਕਿਆ।
ਜੀਊਣੇ ਜਿਧਰ ਨੂੰ ਬਾਬੇ ਦੇ ਪੈਰ ਕੀਤੇ, ਮੱਕਾ ਉਧਰ ਨੂੰ ਘੁੰਮਦਾ ਨਾਲ ਤੱਕਿਆ।
ਦੁਨੀ ਚੰਦ ਸੀ ਪੈਰਾਂ ’ਤੇ ਆਣ ਡਿੱਗਾ, ਜਦੋਂ ਗਿਆਨ ਦਾ ਸਾਗਰ ਵਿਸ਼ਾਲ ਤੱਕਿਆ।
ਨੂਰ ਸ਼ਾਹ ਦਾ ਜਾਦੂ ਸੀ ਹਰਨ ਹੋਇਆ, ਅੱਖਾਂ ਸਾਹਵੇਂ ਜਦ ਤ੍ਰਿਪਤਾ ਦਾ ਲਾਲ ਤੱਕਿਆ।

ਥਾਂ ਥਾਂ ਸੱਪਾਂ ਦੀਆਂ ਸਿਰੀਆਂ ਸਨ ਰਹੇ ਮਿੱਧਦੇ,ਰੇਤ, ਅੱਕ ਦਾ ਕੀਤਾ ਆਹਾਰ ਬਾਬੇ।
ਸੱਚੇ ਮਾਰਗ ਤੋਂ ਭਟਕੀ ਮਨੁੱਖਤਾ ਦਾ, ਥਾਂ ਥਾਂ ਜਾ ਕੇ ਕੀਤਾ ਸੁਧਾਰ ਬਾਬੇ।
ਸਿੱਧੇ ਰਾਹ ‘ਤੇ ਸਿੱਧ ਸੀ ਲੈ ਆਂਦੇ, ਸਿੱਧਾ ਸਾਧਾ ਜਿਹਾ ਕਰ ਵਿਵਹਾਰ ਬਾਬੇ।
ਚੱਪੂ ਨਾਮ ਦੇ ਲਾ ਕੇ ਥਾਂ ਥਾਂ ’ਤੇ, ਬੇੜੇ ਡੁੱਬਦੇ ਲਾਏ ਸਨ ਪਾਰ ਬਾਬੇ।

ਛੱਲਣੀ ਛੱਲਣੀ ਹੋਈ ਮਨੁੱਖਤਾ ਦੀ, ਬਦਲਣ ਆਏ ਸਨ ਆਪ ਤਕਦੀਰ ਸਤਿਗੁਰ।
ਮਾਨਵ ਏਕਤਾ, ਪ੍ਰੇਮ ਪਿਆਰ ਵਾਲੀ, ਜਿਉਂਦੀ ਜਾਗਦੀ ਸਨ ਤਸਵੀਰ ਸਤਿਗੁਰ ।
ਸਹਿਜ ਸੁਭਾਇ ਹੀ ਪਤੇ ਦੀ ਗੱਲ ਕਰਦੇ, ਸਦਾ ਰਹਿ ਕੇ ਗਹਿਰ ਗੰਭੀਰ ਸਤਿਗੁਰ।
ਜਗਤ ਜੇਤੂ, ਸੁਧਾਰਕ, ਤੇ ਜਗਤ ਤਾਰਕ, ਜਗਤ ਗੁਰੂ ਤੇ ਜਾਹਰਾ ਸਨ ਪੀਰ ਸਤਿਗੁਰ।

# ਰੱਬੀ ਨੂਰ ਸ੍ਰੀ ਗੁਰੂ ਨਾਨਕ ਦੇਵ ਜੀ

ਭੀੜ ਬਣੀ ਸੀ ਜਦੋਂ ਮਨੁੱਖਤਾ ’ਤੇ, ’ਨੇਰੀ ਜ਼ੁਲਮ ਵਾਲੀ ਰਹੀ ਝੁੱਲ ਹੈਸੀ।
ਚਲਦੀ ਛੁਰੀ ਦਿਨ ਰਾਤ ਸੀ ਗਾਟਿਆਂ ’ਤੇ, ਐਪਰ ਕੁਸਕਣ ਦੀ ਰਤਾ ਨਾ ਖੁਲ੍ਹ ਹੈਸੀ।
ਲੁਕਿਆ ਧਰਮ ਤੇ ਬਦੀ ਦਾ ਹੋਇਆ ਪਹਿਰਾ, ਇੱਜਤ ਆਬਰੂ ਦਾ ਦੀਵਾ ਗੁੱਲ ਹੈਸੀ।
ਮਾਣਸ ਖਾਣੇ ਸਨ ਧਰਮ ਦੇ ਕੁਲ ਆਗੂ, ਸੱਚ ਧਰਮ ਦਾ ਕੋਈ ਨਾ ਮੁਲ ਹੈਸੀ।

ਪੂਜਾ ਪੁਰਖ ਅਕਾਲ ਦੀ ਛੱਡ ਕੇ ਤੇ, ਲੋਕ ਹਿੰਦ ਦੇ ਸਨ ਪੱਥਰ ਪੂਜ ਹੋ ਗਏ।
ਦੇਵੀ ਦੇਵਤੇ 33 ਕਰੋੜ ਤੱਕ ਕੇ, ਪੂਜਨ ਵਾਲੇ ਵੀ ਪੂਰੇ ਕੰਨਫਿਊਜ਼ ਹੋ ਗਏ।
ਚੌਂਹ ਵਰਨਾਂ ’ਚ ਵੰਡੇ ਮਨੁੱਖ ਇਥੇ, ਫਾੜੀ ਫਾੜੀ ਸਨ ਵਾਂਗ ਤਰਬੂਜ਼ ਹੋ ਗਏ।
’ਨੇਰਾ ਕੂੜ ਅਗਿਆਨ ਦਾ ਫੈਲਿਆ ਸੀ, ਚਾਨਣ ਗਿਆਨ ਦੇ ਬਲਬ ਫਿਊਜ਼ ਹੋ ਗਏ।

ਚੁੱਕੀ ਅੱਤ ਸੀ ਜ਼ਾਲਮਾਂ ਹਾਕਮਾਂ ਨੇ, ਉਲਟੀ ਵਾੜ ਹੀ ਖੇਤ ਨੂੰ ਖਾ ਰਹੀ ਸੀ।
ਭੇਜੋ ਕਿਸੇ ਅਵਤਾਰ ਨੂੰ ਜੱਗ ਉਤੇ, ਦੁਖੀ ਜਨਤਾ ਵਾਸਤੇ ਪਾ ਰਹੀ ਸੀ।
ਬਿਹਬਲ ਦਿਲਾਂ ਦੀ ਇਹ ਪੁਕਾਰ ਸੁਣ ਕੇ, ਲਿਆ ਪੁਰਖ ਅਕਾਲ ਨੇ ਧਾਰ ਹੈਸੀ।
ਦੀਨ ਦੁਖੀਆਂ ਦਾ ਦਰਦ ਵੰਡਾਉਣ ਦੇ ਲਈ, ਗੁਰੂ ਨਾਨਕ ਨੇ ਲਿਆ ਅਵਤਾਰ ਹੈਸੀ ।

ਹੁਕਮ ਮੰਨ ਕੇ ਪੁਰਖ ਅਕਾਲ ਜੀ ਦਾ, ਚਰਨ ਧਰਤੀ ’ਤੇ ਪਾਏ ਸਨ ਗੁਰੂ ਨਾਨਕ।
ਰੋਂਦੇ ਹੋਏ ਨੇ ਲੋਕੀਂ ਤਾਂ ਜਨਮ ਲੈਂਦੇ, ਹੱਸਦੇ ਹੱਸਦੇ ਪਰ ਆਏ ਸਨ ਗੁਰੂ ਨਾਨਕ।
ਚਾਨਣ ਗਿਆਨ ਦਾ ਧੁਰੋਂ ਲਿਆ ਕੇ ਤੇ, ‘ਨ੍ਹੇਰੇ ਰਾਹ ਰੁਸ਼ਨਾਏ ਸਨ ਗੁਰੂ ਨਾਨਕ।
ਮਹਿਤਾ ਕਾਲੂ ਘਰ ਨੂਰੀ ਫੁਹਾਰ ਹੋਈ, ਮਾਤਾ ਤ੍ਰਿਪਤਾ ਦੇ ਜਾਏ ਸਨ ਗੁਰੂ ਨਾਨਕ।

ਧਰਤੀ ਦੱਬੀ ਸੀ ਪਾਪ ਦੇ ਭਾਰ ਹੇਠਾਂ, ਸੱਚ ਉਡਿਆ ਲਾ ਕੇ ਖੰਭ ਹੈਸੀ।
ਹਰ ਥਾਂ ਈਰਖਾ, ਝੂਠ ਤੇ ਖੁਦਗਰਜ਼ੀ, ਵਧਿਆ ਬੜਾ ਪਾਖੰਡ ਤੇ ਦੰਭ ਹੈਸੀ।
ਰਾਜੇ ਸ਼ੀਹ, ਮੁਕੱਦਮ ਸਨ ਬਣੇ ਕੁੱਤੇ, ਸੱਚ ਧਰਮ ਗਿਆ ਹਾਰ ਤੇ ਹੰਭ ਹੈਸੀ।
ਗੁਰੂ ਨਾਨਕ ਦੇ ਆਗਮਨ ਨਾਲ ਜੱਗ ਵਿੱਚ, ਨਵੇਂ ਯੁਗ ਦਾ ਹੋਇਆ ਅਰੰਭ ਹੈਸੀ।







ਗੁਰੂ ਨਾਨਕ ਦੇ ਪਾਵਨ ਪ੍ਰਕਾਸ਼ ਵੇਲੇ, ਆਪਾਂ ਮਾਰੀਏ ਜੇ ਪੰਛੀ ਝਾਤ ਕੋਈ।
ਘਟਾ ਜ਼ੁਲਮ ਦੀ ਚੜ੍ਹੀ ਸੀ ਚੌਹੀਂ ਪਾਸੀਂ, ਕਾਲੀ ਬੋਲੀ ਅੰਧੇਰੀ ਸੀ ਰਾਤ ਕੋਈ।
ਕਰਮਾਂ ਕਾਂਡਾਂ ਦੇ ਨਾਲ ਅਗਿਆਨਤਾ ਦੀ, ਹੋ ਰਹੀ ਸੀ ਹਰ ਥਾਂ ਬਾਤ ਕੋਈ।
ਪ੍ਰਗਟ ਹੋਏ ਗੁਰ ਨਾਨਕ ਜਦ ਵਾਂਗ ਸੂਰਜ, ਚੜ੍ਹੀ ਚਾਨਣੀ ਭਰੀ ਪ੍ਰਭਾਤ ਕੋਈ।

ਠੰਡ ਪਾਉਣ ਲਈ ਤਪਦਿਆਂ ਹਿਰਦਿਆਂ ’ਚ, ਨਾਨਕ ਰੂਪ ਦੇ ਵਿੱਚ ਨਿਰੰਕਾਰ ਆਇਆ।
ਮੰਝਧਾਰ ਅੰਦਰ ਗੋਤੇ ਖਾਂਦਿਆਂ ਨੂੰ, ਤਾਰਨ ਲਈ ਹੈਸੀ ਤਾਰਨਹਾਰ ਆਇਆ।
ਧੁਰ ਦਰਗਾਹ ’ਚੋਂ ਬਖਸ਼ਿਸ਼ਾਂ ਲੈ ਕੇ ਤੇ, ਦਾਤਾਂ ਵੰਡਣ ਲਈ ਆਪ ਦਾਤਾਰ ਆਇਆ।
ਪੰਡਤ, ਮੁੱਲਾਂ ਤੇ ਪਾਂਧੇ ਸਭ ਕਹਿਣ ਲੱਗੇ, ਕਲਯੁੱਗ ਵਿੱਚ ਹੈ ਨਾਨਕ ਅਵਤਾਰ ਆਇਆ।

ਲੈ ਕੇ ਪੁਰਖ ਅਕਾਲ ਤੋਂ ਜੋਤ ਨੂਰੀ, ਦੁਨੀਆਂ ਵਿੱਚ ਹੈਸਨ ਰੱਬੀ ਨੂਰ ਆਏ।
ਸਾਰੀ ਉਮਰ ਹੀ ਕਰਨ ਲਈ ਖਰੇ ਸੌਦੇ, ਰੱਬੀ ਬਖਸ਼ਿਸ਼ਾਂ ਨਾਲ ਭਰਪੂਰ ਆਏ।
ਸਾਡੀ ਆਤਮਾਂ ਅੰਸ਼ ਪ੍ਰਮਾਤਮਾਂ ਦੀ, ਲੋਕਾਂ ਤਾਂਈਂ ਇਹ ਦੱਸਣ ਹਜ਼ੂਰ ਆਏ।
ਚੌਂਹ ਵਰਨਾਂ ’ਚ ਵੰਡੀ ਮਨੁੱਖਤਾ ’ਚੋਂ, ਕਰਨ ਦੂਈ ਦਵੈਤ ਨੂੰ ਦੂਰ ਆਏ।

ਭਾਂਵੇਂ ਹਿੰਦੂ ਤੇ ਭਾਂਵੇਂ ਸੀ ਕੋਈ ਮੁਸਲਮ, ਦਿੱਤਾ ਸਭ ਨੂੰ ਰੱਬੀ ਪੈਗਾਮ ਬਾਬੇ।
ਗਾਹੇ ਸਾਗਰ ਤੇ ਚੜ੍ਹੇ ਸੁਮੇਰ ਪਰਬਤ, ਘੜੀ ਪਲ ਨਾ ਕੀਤਾ ਅਰਾਮ ਬਾਬੇ।
ਕਰਨ ਲਈ ਸੁਧਾਰ ਮਨੁਖਤਾ ਦਾ, ਸੱਚੇ ਪ੍ਰਭੂ ਦਾ ਵੰਡਿਆ ਨਾਮ ਬਾਬੇ।
ਜਿਹੜੇ ਕਰਦੇ ਸਨ ਜ਼ੁਲਮ ਬੇਦੋਸ਼ਿਆਂ ’ਤੇ, ਪਾਈ ਉਨ੍ਹਾਂ ਦੇ ਤਾਂਈਂ ਲਗਾਮ ਬਾਬੇ।

ਮੋਨ ਧਾਰ ਕੇ ਕਦੇ ਨਾ ਬੈਠ ਸਕਿਆ, ਅੱਖੀਂ ਦੇਖ ਕੇ ਦੁਨੀਆਂ ਦੇ ਦੁੱਖ ਨਾਨਕ।
ਰੁਲ ਰਹੇ ਸਨ ਪੈਰਾਂ ਦੇ ਵਿੱਚ ਜਿਹੜੇ, ਸੀ ਬਣਾਏ ਉਹ ਪੂਰਨ ਮਨੁੱਖ ਨਾਨਕ।
ਭਰਮ ਭੇਖ ਤੇ ਭੈ ਦਾ ਨਾਸ਼ ਕਰਕੇ, ਬਦਲ ਦਿੱਤਾ ਸੀ ਸਮੇਂ ਦਾ ਰੁਖ ਨਾਨਕ।
ਕੀਤੇ ਦੁਨੀਆਂ ਦੇ ਦੁੱਖ ਸੀ ਦੂਰ ‘ਜਾਚਕ’, ਘਰ ਦੇ ਛੱਡ ਕੇ ਸਾਰੇ ਹੀ ਸੁੱਖ ਨਾਨਕ।



# ਵੇਈਂ ਨਦੀ 'ਚ ਚੁੱਭੀ ਲਗਾਈ ਨਾਨਕ

ਰਹਿੰਦੇ ਰਹਿੰਦਿਆਂ ਸ਼ਹਿਰ ਸੁਲਤਾਨਪੁਰ ਵਿੱਚ, ਲੀਲਾ ਬਾਬੇ ਨੇ ਅਜਬ ਵਰਤਾਈ ਹੈਸੀ।
ਧੁਰ ਦਰਗਾਹ 'ਚੋਂ ਬਖਸ਼ਿਸਾਂ ਲੈਣ ਖਾਤਰ, ਵੇਈਂ ਨਦੀ 'ਚ ਚੁੱਭੀ ਲਗਾਈ ਹੈਸੀ।
ਤਿੰਨ ਦਿਨ ਜਲ ਸਮਾਧੀ ਦੇ ਵਿੱਚ ਰਹਿ ਕੇ, ਬਿਰਤੀ ਨਾਲ ਅਕਾਲ ਦੇ ਲਾਈ ਹੈਸੀ।
ਕਰਤਾ ਪੁਰਖ ਦੀ ਕਿਰਪਾ ਦੇ ਨਾਲ ਉਨ੍ਹਾਂ, ਪਾਈ ਧੁਰ ਦਰਗਾਹੋਂ ਗੁਰਿਆਈ ਹੈਸੀ।

ਤਿੰਨ ਦਿਨ ਉਹ ਸੋਚਾਂ 'ਚ ਰਹੇ ਡੁੱਬੇ, ਕਿਵੇਂ ਡੁੱਬ ਰਹੇ ਜਗਤ ਨੂੰ ਤਾਰਨਾ ਏ।
ਲੈ ਕੇ 'ਪਾਪ ਦੀ ਜੰਞ' ਜੋ ਚੜ੍ਹ ਆਇਐ, ਉਸ ਬਾਬਰ ਨੂੰ ਕਿਵੇਂ ਵੰਗਾਰਨਾ ਏ।
ਸਿਖਰਾਂ ਉੱਤੇ ਜੋ ਮਜ਼ਬੀ ਜਨੂੰਨ ਪਹੁੰਚੈ, ਧੋਣੋਂ ਪਕੜ ਕੇ ਥੱਲੇ ਉਤਾਰਨਾ ਏ।
ਜੀਹਨੇ ਜੀਹਨੇ ਵੀ ਚੱਕੀ ਏ ਅੱਤ ਏਥੇ, ਉਹਦੇ ਘਰ ਜਾ ਉਹਨੂੰ ਲਲਕਾਰਨਾ ਏ।

ਚਾਰ ਰਹੇ ਜੋ ਦੁਨੀਆਂ ਨੂੰ ਭੇਖਧਾਰੀ, ਉਨ੍ਹਾਂ ਤਾਂਈਂ ਵੀ ਪੈਣਾ ਹੁਣ ਚਾਰਨਾ ਏ।
ਵਹਿਮਾਂ ਭਰਮਾਂ ਪਖੰਡਾਂ ਨੂੰ ਗਲੋਂ ਫੜ੍ਹਕੇ, ਸ਼ਰੇਆਮ ਹੀ ਪੈਣਾ ਲਲਕਾਰਨਾ ਏ।
ਪਾਪੀ ਰੂਹਾਂ ਨੂੰ ਪਾ ਕੇ ਰਾਹ ਸਿੱਧੇ, ਉਨ੍ਹਾਂ ਤਾਂਈਂ ਵੀ ਪਾਰ ਉਤਾਰਨਾ ਏ।
ਰੇਤ ਅੱਕ ਦਾ ਇਥੇ ਅਹਾਰ ਕਰਕੇ, ਕਿੱਦਾਂ, ਰੱਬ ਦਾ ਸ਼ੁਕਰ ਗੁਜ਼ਾਰਨਾ ਏ।

ਜ਼ਾਤ ਪਾਤ ਵਾਲਾ, ਛੂਤ ਛਾਤ ਵਾਲਾ, ਭੂਤ ਚੰਬੜਿਆ ਕਿੱਦਾਂ ਉਤਾਰਨਾ ਏ।
ਜੀਹਨੂੰ ਪੈਰ ਦੀ ਜੁੱਤੀ ਹੈ ਕਿਹਾ ਜਾਂਦਾ, ਉਹਦੇ ਤਾਂਈਂ ਫਿਰ ਕਿਵੇਂ ਸਤਿਕਾਰਨਾ ਏ।
ਆਦਮਖੋਰਾਂ ਨੇ ਜਿਹੜੇ ਤਪਾ ਰੱਖੇ, ਕਿਵੇਂ ਤਪਦੇ ਕੜਾਹਿਆਂ ਨੂੰ ਠਾਰਨਾ ਏ।
ਕਿਵੇਂ ਨਫਰਤ ਤੇ ਘਿਰਣਾ ਨੂੰ ਜੜੋਂ ਪੁੱਟ ਕੇ, ਸਰਬ ਸਾਂਝਾ ਸਮਾਜ ਉਸਾਰਨਾ ਏ।

ਸੇਵਾ ਸਿਮਰਨ, ਸਚਾਈ ਤਿਆਗ ਤਾਂਈਂ, ਸਮੇਂ ਸਮੇਂ ਤੇ ਕਿਵੇਂ ਪ੍ਰਚਾਰਨਾ ਏ।
ਕਿੱਦਾਂ ਬਹਿਣਾ ਏ, ਉਬਲਦੀ ਦੇਗ ਅੰਦਰ, ਇਹ ਵੀ ਪੈਣਾ ਅੱਜ ਮੈਨੂੰ ਵਿਚਾਰਨਾ ਏ।
ਕਿਵੇਂ ਦਿੱਲੀ ਦੇ ਚਾਂਦਨੀ ਚੌਂਕ ਅੰਦਰ, ਸਬਰ ਜਿਤਣਾ ਤੇ ਜਬਰ ਹਾਰਨਾ ਏ।
ਕਿਵੇਂ ਆਪਣੀਆਂ ਅੱਖਾਂ ਦੇ ਤਾਰਿਆਂ ਨੂੰ, ਅੱਖਾਂ ਸਾਹਮਣੇਂ ਜੰਗ ਵਿੱਚ ਵਾਰਨਾ ਏ।

ਗੁਰੂ ਪੰਥ ਤੇ ਗੁਰੂ ਗ੍ਰੰਥ ਵਾਲੇ, ਸਿੱਖ ਸਿਧਾਂਤ ਨੂੰ ਕਿਵੇਂ ਪ੍ਰਚਾਰਨਾ ਏ।
ਇਹ ਜਨਮ ਤਾਂ ਇਹਦੇ ਲਈ ਹੈ ਥੋੜ੍ਹਾ, ਲੰਮਾਂ ਸਮਾਂ ਹੁਣ ਪੈਣਾ ਗੁਜ਼ਾਰਨਾ ਏ।
ਦਸਾਂ ਜਾਂਮਿਆਂ ਵਿੱਚ ਇਸ ਧਰਤ ਉੱਤੇ, ਕਿਹੜਾ ਕਿਹੜਾ ਸਰੂਪ ਮੈਂ ਧਾਰਨਾਂ ਏ।
ਦਿਬ-ਦ੍ਰਿਸ਼ਟ ਨਾਲ ਤਿੰਨੋਂ ਦਿਨ ਰਹੇ ਤੱਕਦੇ, ਕਿੱਦਾਂ ਜਗਤ ਜਲੰਦੇ ਨੂੰ ਠਾਰਨਾਂ ਏ।

ਓਧਰ ਨਾਨਕ ਜਦ ਪਰਤ ਨਾ ਆਏ ਵਾਪਸ, ਘਰ ਵਿੱਚ ਸੋਗ ਦੀ ਲਹਿਰ ਕੋਈ ਛਾਈ ਹੈਸੀ।
ਨਾਨਕ ਡੁੱਬ ਗਿਐ ਜਾਂ ਫਿਰ ਰੁੜ੍ਹ ਗਿਐ, ਗੱਲਾਂ ਕਰਦੀ ਪਈ ਸਾਰੀ ਲੁਕਾਈ ਹੈਸੀ।
ਉਹਨੂੰ ਲੱਭਣ ਲਈ ਪਿੰਡ ਦੇ ਵਾਸੀਆਂ ਨੇ, ਹਰ ਤਰ੍ਹਾਂ ਦੀ ਵਾਹ ਲਗਾਈ ਹੈਸੀ।
ਤਿੰਨ ਦਿਨ ਜਦ ਪਤਾ ਨਾ ਕੋਈ ਲੱਗਾ, ਚਾਰੇ ਪਾਸੇ ਹੀ ਮਚੀ ਦੁਹਾਈ ਹੈਸੀ।

ਉਡ ਗਈਆਂ ਸਨ ਰੌਣਕਾਂ ਚਿਹਰਿਆਂ 'ਤੋਂ, ਸਾਰੇ ਕਹਿਣ ਲੱਗੇ, ਕਿਧਰ ਗਿਆ ਨਾਨਕ।
ਖਬਰ ਫੈਲ ਗਈ ਜੰਗਲ ਦੀ ਅੱਗ ਵਾਂਗੂੰ, ਰੁੜ ਗਿਆ ਏ, ਹੁਣ ਨਹੀਂ ਰਿਹਾ ਨਾਨਕ।
ਇਕ ਦੂਜੇ ਨੂੰ ਆਖ ਰਹੇ ਸਨ ਸਾਰੇ, ਵੇਈਂ ਨਦੀ ਨੇ ਨਿਗਲ ਏ ਲਿਆ ਨਾਨਕ।
ਭੈਣ ਨਾਨਕੀ ਅਜੇ ਵੀ ਕਹਿ ਰਹੀ ਸੀ, ਚੋਜੀ ਚੋਜ ਕੋਈ ਕਰਦਾ ਏ ਪਿਆ ਨਾਨਕ।

ਤੀਜੇ ਦਿਨ ਜਦ ਨਾਨਕ ਜੀ ਹੋਏ ਪਰਗਟ, ਵਗਦੇ ਹੰਝੂਆਂ ਨੂੰ ਇਕ ਦੱਮ ਬੰਨ੍ਹ ਲੱਗੇ।
ਨਾਨਕ ਪਰਤ ਆਇਐ,ਨਾਨਕ ਪਰਤ ਆਇਐ, ਮੁੱਖੋਂ ਕਹਿਣ ਸਾਰੇ ਧੰਨ ਧੰਨ ਲੱਗੇ।
ਦਰਸ਼ਨ ਕਰਨ ਤੇ ਸੁਣਨ ਲਈ ਸਭ ਵਿਥਿਆ, ਮਾਨੋ ਕੁਦਰਤ ਨੂੰ ਅੱਖਾਂ ਤੇ ਕੰਨ ਲੱਗੇ।
ਬੇਬੇ ਨਾਨਕੀ ਖੁਸ਼ੀ ਨਾਲ ਹੋਈ ਖੀਵੀ, ਉਹਦੇ ਸਿਦਕ ਨੂੰ ਸੀ ਚਾਰ ਚੰਨ ਲੱਗੇ।

ਜੀਹਨੇ ਜੀਹਨੇ ਵੀ ਕੀਤੇ ਸੀ ਆਣ ਦਰਸ਼ਨ, ਉਹਨੂੰ ਨਾਨਕ ਨੂਰਾਨੀ ਦਾ ਨੂਰ ਦਿੱਸਿਆ।
ਭੈਣ ਨਾਨਕੀ ਨੂੰ ਨਾਨਕ ਵੀਰ ਉਦੋਂ, ਰੱਬੀ ਬਖ਼ਸ਼ਸਾਂ ਨਾਲ ਭਰਪੂਰ ਦਿੱਸਿਆ।
ਆ ਕੇ ਜਦੋਂ ਨਵਾਬ ਨੇ ਤੱਕਿਆ ਸੀ, ਖੁਦਾ ਓਸਨੂੰ ਹਾਜ਼ਰ ਹਜ਼ੂਰ ਦਿੱਸਿਆ।
'ਨਾ ਕੋ ਹਿੰਦੂ ਨਾ ਮੁਸਲਮਾਨ' ਕਹਿੰਦਾ, ਰੱਬੀ ਰੰਗ 'ਚ ਨਾਨਕ ਮਖਮੂਰ ਦਿੱਸਿਆ।

ਗੁਰੂ ਨਾਨਕ ਨੇ ਸੋਚ ਕੇ ਸੋਚ ਲੰਮੀ, ਬਖਸ਼ਿਸ ਕਰਨ ਲਈ ਦੁਨੀਆਂ ਦੇ ਵਾਸੀਆਂ 'ਤੇ।
ਖਾਕਾ ਖਿੱਚ ਕੇ ਸਾਰਾ ਦਿਮਾਗ ਅੰਦਰ,ਤੇ ਕਰਕੇ ਮਿਹਰ ਸਭ ਨਗਰ ਨਿਵਾਸੀਆਂ 'ਤੇ।
ਅੰਮ੍ਰਿਤ ਨਾਮ ਪਿਲਾਉਣ ਲਈ ਪਏ ਕਾਹਲੇ,ਕਰਕੇ ਤਰਸ ਉਹ ਰੂਹਾਂ ਪਿਆਸੀਆਂ 'ਤੇ।
ਭੈਣ ਨਾਨਕੀ ਨੂੰ 'ਜਾਚਕ' ਦੱਸ ਵਿਥਿਆ, ਚਲ ਪਏ ਗੁਰੂ ਨਾਨਕ ਉਦਾਸੀਆਂ 'ਤੇ।

# ਜਾਦੂਗਰਨੀ ਨੂਰਸ਼ਾਹ ਦਾ ਨਿਸਤਾਰਾ

ਸਤਿਨਾਮ ਦਾ ਚੱਕਰ ਚਲਾਉਂਦੇ। ਦੁਨੀਆਂ ਨੂੰ 'ਇੱਕ' ਦੇ ਲੜ ਲਾਉਂਦੇ।
ਨੂਰੀ ਨਾਨਕ ਵੰਡਦੇ ਨਾਮ। ਪਹੁੰਚ ਗਏ ਸਨ ਵਿੱਚ ਆਸਾਮ।
ਛੱਡ ਮੈਦਾਨ, ਪਹਾੜ 'ਚ ਬੈਠੇ। ਸ਼ਹਿਰੋਂ ਬਾਹਰ ਉਜਾੜ 'ਚ ਬੈਠੇ।
ਤਿੰਨ ਦਿਨਾਂ ਦੇ ਭੁਖਣ ਭਾਣੇ। ਉਹਦੀਆਂ ਰਮਜ਼ਾਂ ਉਹੋ ਜਾਣੇ।
ਮਰਦਾਨੇ ਨੂੰ ਲੱਗ ਗਈ ਭੁੱਖ। ਕਹਿੰਦਾ ਵੱਡਾ ਭੁੱਖ ਦਾ ਦੁੱਖ।
ਤੜਫ ਰਹੀ ਇਹ ਜਿੰਦ ਨਿਮਾਣੀ। ਨਾ ਰੋਟੀ, ਨਾ ਪੀਣ ਨੂੰ ਪਾਣੀ।

ਤੂੰ ਤੇ ਦਾਤਾ ਨੂਰ ਇਲਾਹੀ। ਕੌਣ ਜਾਣੇ ਤੇਰੀ ਬੇਪਰਵਾਹੀ।
ਸ਼ਹਿਰ ਮੈਂ ਚੱਲਿਆਂ ਅੰਤਰਜਾਮੀ। ਰੋਟੀ ਖਾ ਕੇ ਆ ਜਾਊਂ ਸ਼ਾਮੀ।
ਅੰਨ ਬਿਨਾਂ ਮੈਂ ਰਹਿ ਨਹੀਂ ਸਕਦਾ। ਬਹੁਤਾ ਕੁਝ ਹੁਣ ਕਹਿ ਨਹੀਂ ਸਕਦਾ।
ਮੁੱਖ 'ਚੋਂ ਕਿਹਾ, ਮਿਹਰਾਂ ਦੇ ਸਾਂਈਂ। ਡੋਲ ਰਹੇ ਮਰਦਾਨੇ ਤਾਂਈਂ।
ਮਰਦਾਨਿਆਂ, ਮਰ ਜਾਣਿਆਂ। ਤੂੰ ਆਪਾ ਨਹੀਂ ਪਹਿਚਾਣਿਆਂ।
ਵੇ ਸ਼ਬਦਾਂ ਦੇ ਵਣਜਾਰਿਆ। ਅੱਜ ਦਿਲ ਨੂੰ ਹੈ ਕਿਉਂ ਹਾਰਿਆ।

ਤੇਰੇ ਨਾਲ ਮੈਂ ਲਾਈ ਯਾਰੀ। ਰੋਂਦੀ ਵੇਖ ਕੇ ਦੁਨੀਆਂ ਸਾਰੀ।
ਛੱਡ ਕੇ ਤੂੰ ਨਾਨਕ ਨਿਰੰਕਾਰੀ। ਕਿਧਰ ਨੂੰ ਕਰ ਲਈ ਤਿਆਰੀ।
ਕਿਉਂ ਤੂੰ ਅੱਜ ਹੈ ਹਿੰਮਤ ਹਾਰੀ। ਜਾਏ ਨਾ ਤੈਥੋਂ ਭੁੱਖ ਸਹਾਰੀ।
ਸੁਣੀ ਨਾ ਉਹਨੇ ਕੋਈ ਵੀ ਗੱਲ। ਭੁਖ ਦਾ ਦੁੱਖ ਨਾ ਸਕਿਆ ਝੱਲ।
ਕਰਕੇ ਉਹ ਤਾਂ ਪੂਰਾ ਹੱਠ। ਸ਼ਹਿਰ ਵੱਲ ਨੂੰ ਪਿਆ ਸੀ ਨੱਠ।
ਡੋਲ ਦੇ ਵਾਂਗੂੰ ਰਿਹਾ ਸੀ ਡੋਲ। ਪਹੁੰਚ ਗਿਆ ਇਕ ਘਰ ਦੇ ਕੋਲ।

ਘਰ ਦੇ ਅੰਦਰ ਆ ਕੇ ਵੜਿਆ। ਜਾ ਕੇ ਵਿਹੜੇ ਦੇ ਵਿੱਚ ਖੜਿਆ।
ਤੱਕ ਕੇ ਉਥੇ ਅਜਬ ਨਜ਼ਾਰਾ। ਜਿਸਮ ਓਸਦਾ ਕੰਬਿਆ ਸਾਰਾ।
ਪਿੰਜਰ ਉਥੇ ਲਟਕ ਰਿਹਾ ਸੀ। ਖੂਨ ਓਸ 'ਚੋਂ ਟਪਕ ਰਿਹਾ ਸੀ।
ਇਧਰ ਸ਼ੇਰ ਪਿਆ ਲਲਕਾਰੇ। ਉਧਰ ਸੱਪ ਮਾਰੇ ਫੁੰਕਾਰੇ।
ਜਿਥੇ ਹੈਸੀ ਸੋਨ ਸਵੇਰਾ। ਹੋ ਗਿਆ ਉਥੇ ਘੁੱਪ ਹਨੇਰਾ।
ਵੇਖ ਕੇ ਡਾਢਾ ਉਹ ਘਬਰਾਇਆ। ਸਿਰ ਉਹਦੇ ਨੂੰ ਚੱਕਰ ਆਇਆ।

ਜਿਵੇਂ ਹੀ ਉਹਨੂੰ ਹੋਸ਼ ਸੀ ਆਈ। ਸਾਰਾ ਕੁਝ ਹੋ ਗਿਆ ਹਵਾਈ।
ਜਾਦੂ ਦਾ ਇਹ ਖੇਲ ਸੀ ਸਾਰਾ। ਅੱਜ ਫਸ ਗਿਆ ਭੌਰ ਵਿਚਾਰਾ।
ਜਾਦੂ ਦਾ ਸੀ ਇਹ ਤਾਂ ਮੰਦਰ। ਫਸਿਆ ਆਣ ਬਟੇਰਾ ਅੰਦਰ।
ਅਕਲ ਦੀ ਐਨਕ ਲਾ ਕੇ ਵੇਖੇ। ਘੋੜੇ ਬੜੇ ਦੁੜਾ ਕੇ ਵੇਖੇ।
ਵੇਖੀ ਜਾਂਦੈ ਸੱਜੇ ਖੱਬੇ। ਐਪਰ ਕੋਈ ਹੁਣ ਰਾਹ ਨਾ ਲੱਭੇ।
ਮਰਦਾਨਾ ਸੀ ਦਿਲ ਵਿੱਚ ਕਹਿੰਦਾ। ਕੀ ਹੁੰਦਾ ਜੇ ਭੁੱਖਾ ਈ ਰਹਿੰਦਾ।

ਬਾਬਾ ਨਾਨਕ ਰੋਕ ਰਹੇ ਸੀ। ਏਥੇ ਆਉਣੋਂ ਟੋਕ ਰਹੇ ਸੀ।
ਪਰ ਮੈਂ ਨਹੀਂ ਸਾਂ ਆਖੇ ਲੱਗਿਆ। ਏਸੇ ਲਈ ਮੈਂ ਗਿਆ ਹਾਂ ਠੱਗਿਆ।
ਗੁਰੂ ਸਾਹਿਬ ਦੀ ਕਦਰ ਨਾ ਪਾਈ। ਤਾਂਹੀਉਂ ਮੇਰੀ ਸ਼ਾਮਤ ਆਈ।
ਨਹੀਂ ਇਥੋਂ ਕੋਈ ਜਾਣੀ ਸੂੰਹ। ਪੈ ਗਿਆ ਮੈਂ ਤਾਂ ਮੌਤ ਦੇ ਮੂੰਹ।
ਏਨੇ ਨੂੰ ਇਕ ਸੁੰਦਰੀ ਆਈ। ਰੋਟੀ ਪਾਣੀ ਨਾਲ ਲਿਆਈ।
ਉਹਨੂੰ ਵੀ ਲੱਗੀ ਸੀ ਭੁੱਖ। ਭੋਜਣ ਵੇਖ ਕੇ ਭੁਲ ਗਿਆ ਦੁੱਖ।

ਖਾਣਾ ਉਹਨੇ ਰੱਜ ਕੇ ਖਾਧਾ। ਖਾ ਕੇ ਖਾਣਾ ਪ੍ਰਭੂ ਅਰਾਧਾ।
ਹੁਣ ਆਈ ਇਕ ਮੋਹਨੀ ਮੂਰਤ। ਮੋਹਨੀ ਮੂਰਤ, ਸੋਹਣੀ ਸੂਰਤ।
ਨੂਰਸ਼ਾਹ ਨਾਂ ਦੀ ਮੁਟਿਆਰ। ਜੀਕਣ ਹੁਸਨਾਂ ਦੀ ਸਰਕਾਰ।
ਵੱਡੀ ਸੀ ਇਹ ਜਾਦੂਗਰਨੀ। ਜਾਦੂਗਰਨੀ, ਮਨ ਨੂੰ ਹਰਨੀ।
ਲੱਗਦੀ ਸੀ ਕੋਈ ਚੰਨ ਦਾ ਨੂਰ। ਤੱਕ ਤੱਕ ਜਿਸਨੂੰ ਚੜ੍ਹੇ ਸਰੂਰ।
ਝਾਲ ਉਸਦੀ ਜਾਏ ਨਾ ਝੱਲੀ। ਦਿਲ ਡੁਲ੍ਹਦਾ ਸੀ ਮੱਲੋ ਮੱਲੀ।

ਗੱਲਾਂ ਹੀ ਗੱਲਾਂ ਦੇ ਨਾਲ। ਸੁੱਟ ਦੇਂਦੀ ਸੀ ਪ੍ਰੀਤ ਦਾ ਜਾਲ।
ਤਰ੍ਹਾਂ ਤਰ੍ਹਾਂ ਦੇ ਵਰਤ ਕੇ ਢੰਗ। ਮਾਰ ਦਿੰਦੀ ਸੀ ਪ੍ਰੀਤ ਦੇ ਡੰਗ।
ਜੋ ਵੀ ਆਉਂਦਾ ਭੁੱਲ ਕੇ ਰਾਹ। ਉਹਨੂੰ ਇਹ ਲੈਂਦੀ ਸੀ ਫਾਹ।
ਵਾਪਸ ਜਾਣ ਜੋਗਾ ਨਾ ਰਹਿੰਦਾ। ਜਿਵੇਂ ਉਹ ਕਹਿੰਦੀ ਤਿਵੇਂ ਉਹ ਕਹਿੰਦਾ।
ਮਰਦਾਨਾ ਅੱਜ ਗਿਆ ਸੀ ਫਸ। ਕਰ ਲਿਆ ਉਸਨੂੰ ਜਾਦੂ ਵੱਸ।
ਬੰਨੀ ਗਲ ਜਾਦੂਈ ਗਾਨੀ। ਭੁਲ ਗਿਆ ਉਹ ਦੁਨੀਆਂ ਫਾਨੀ।

ਚਾਲ ਚੱਲੀ ਸੀ ਐਸੀ ਕੋਝੀ। ਦੁਨੀਆਂ ਦੀ ਉਹਨੂੰ ਰਹੀ ਨਾ ਸੋਝੀ।
ਹੋ ਗਿਆ ਉਹ ਬੇਹੋਸ਼, ਬੇਸੁਧ। ਉਹਨੂੰ ਰਹੀ ਨਾ ਸੁੱਧ ਤੇ ਬੁੱਧ।
ਹੱਥ ਪੈਰ ਸਭ ਹੋ ਗਏ ਸੁੰਨ। ਭੁੱਲ ਗਿਆ ਉਹ ਨਾਮ ਦੀ ਧੁੰਨ।
ਬੈਠਾ ਸੀ ਉਹ ਚੁੱਪ ਚੁਪੀਤਾ। ਨਿਕਲ ਗਿਆ ਉਹਦਾ ਖਾਧਾ ਪੀਤਾ।
ਕਹਿਣ ਲੱਗੀ ਉਹ ਸਾਥਣਾਂ ਤਾਂਈਂ। ਆਖੇ ਲੱਗੂ ਇਹ ਚਾਂਈਂ ਚਾਂਈਂ।
ਸੁਰਤ ਇਹਦੀ ਨੂੰ ਵੱਸ ਮੈਂ ਕੀਤਾ। ਜਾਦੂ ਨਾਲ ਬੇ-ਵਸ ਮੈਂ ਕੀਤਾ।

ਜਿਧਰ ਜਾਵਾਂ ਉਧਰ ਜਾਂਦੈ। ਚੁੰਬਕ ਮਗਰ ਜਿਉਂ ਲੋਹਾ ਆਂਦੈ।
ਇਹ ਬੰਦਾ ਹੁਣ ਬਣ ਕੇ ਭੇਡੂ। ਭੇਡੂ ਵਾਂਗੂ, ਖੇਡਾਂ ਖੇਡੂ।
ਜਦ ਮਰਦਾਨਾ ਮੂੰਹ ਨੂੰ ਖੋਲੇ। ਭੇਡੂ ਵਾਂਗੂ, ਮੈਂ ਮੈਂ ਬੋਲੇ।
ਤੱਕੇ ਚਾਰ ਚੁਫੇਰੇ ਇੱਦਾਂ। ਫਸਿਆ ਜਾਲ ਬਟੇਰਾ ਜਿੱਦਾਂ।
ਮੁੜ ਨਾ ਜਦ ਮਰਦਾਨਾ ਆਇਆ। ਬਾਬੇ ਨਾਨਕ ਚੋਜ ਰਚਾਇਆ।
ਇਕਦਮ ਕਰਕੇ ਚਿੱਤ ਇਕਾਗਰ। ਚੱਲ ਪਏ ਮਿਹਰਾਂ ਦੇ ਸਾਗਰ।

ਸ਼ਹਿਰ ਵੱਲ ਨੂੰ ਉਠ ਕੇ ਤੁਰ ਪਏ। ਮਰਦਾਨੇ ‘ਤੇ ਤੁੱਠ ਕੇ ਤੁਰ ਪਏ।
ਪਹੁੰਚ ਗਏ ਸੀ ਵਾਹੋਦਾਹੀ। ਗੁਰੂ ਨਾਨਕ ਜੀ ਨੂਰ ਇਲਾਹੀ।
ਕੁਫਰ ਗੜ੍ਹ ਨੂੰ ਤੋੜਨ ਖਾਤਰ। ਨਾਲ ਨਾਮ ਦੇ ਜੋੜਨ ਖਾਤਰ।
ਘਰ ਦੇ ਅੱਗੇ ਆ ਕੇ ਖੜ੍ਹ ਗਏ। ਪਲਕ ਝਪਕਦੇ ਅੰਦਰ ਵੜ ਗਏ।
ਵੜੇ ਜਦੋਂ ਤ੍ਰਿਪਤਾ ਦੇ ਚੰਦ। ਬੂਹਾ ਹੋ ਗਿਆ ਅੰਦਰੋਂ ਬੰਦ।
ਪਹੁੰਚ ਕੇ ਵਿਹੜੇ ਦੇ ਵਿਚਕਾਰ। ਮੁਖੋਂ ਬੋਲੇ ‘ਸਤਿ ਕਰਤਾਰ’।

ਨੂਰ ਸ਼ਾਹ ਨੇ ਨਜ਼ਰ ਜਾ ਚੁੱਕੀ। ਮਾਨੋ ਉਹਦੀ ਰੱਤ ਸੀ ਸੁੱਕੀ।
ਤੱਕਿਆ ਜਦੋਂ ਨੂਰਾਨੀ ਚਿਹਰਾ। ਅੱਖਾਂ ਅੱਗੇ ਆਇਆ ਹਨੇਰਾ।
ਜਿਵੇਂ ਹੀ ਉਸ ਨੇ ਨਜ਼ਰਾਂ ਗੱਡੀਆਂ। ਅੱਖਾਂ ਰਹਿ ਗਈਆਂ ਸੀ ਟੱਡੀਆਂ।
ਤੱਕ ਤੱਕ ਹੋ ਗਈ ਸੀ ਉਹ ਦੰਗ। ਪਲ ਪਲ ਪਿਛੋਂ ਬਦਲਣ ਰੰਗ।
ਇਕਦਮ ਸੀ ਤਰੇਲੀਆਂ ਆਈਆਂ। ਚਿਹਰੇ ਉਤੇ ਪਿਲੱਤਣਾਂ ਛਾਈਆਂ।
ਫੇਰ ਕੇ ਬੁਲ੍ਹਾਂ ਉਤੇ ਜੀਭ। ਕਹਿੰਦੀ ਸੜ ਗਏ ਹਾਏ ਨਸੀਬ।

ਖੋਹ ਪੈ ਰਹੀ ਏ ਅੰਦਰ ਖੋਹਣੀ। ਅੱਜ ਹੋਣੀ ਏ ਕੋਈ ਅਣਹੋਣੀ।
ਮਨ ਦੀ ’ਕੱਠੀ ਕਰਕੇ ਤਾਕਤ। ਵਿੱਚ ਜਾਦੂ ਦੀ ਭਰ ਕੇ ਤਾਕਤ।
ਮੰਤਰ ਉਹ ਚਲਾਵਣ ਲੱਗੀ। ਬਾਬੇ ਨੂੰ ਭਰਮਾਵਣ ਲੱਗੀ।
ਜਿਵੇਂ ਜਿਵੇਂ ਉਹ ਕਰਦੀ ਵਾਰ। ਬਾਬਾ ਕਹਿੰਦਾ ‘ਧੰਨ ਨਿਰੰਕਾਰ’।
ਲਾਇਆ ਜ਼ੋਰ ਪਰ ਇਕ ਨਾ ਚੱਲੀ। ਛੱਡ ਗਏ ਇਲਮ ਤੇ ਰਹਿ ਗਈ ’ਕੱਲੀ।
ਪਹੁੰਚੇ ਫਿਰ ਮਰਦਾਨੇ ਕੋਲ। ਬੋਲ ਨਾ ਸਕੇ ਜੋ ਕੋਈ ਬੋਲ।

ਖੋਲਿਆ ਜਦ ਜਾਦੂ ਦਾ ਜੰਦਾ। ਮਰਦਾਨਾ ਫਿਰ ਬਣ ਗਿਆ ਬੰਦਾ।
ਮਰਦਾਨੇ ਨੂੰ ਗਲ ਨਾਲ ਲਾ ਕੇ। ਕਹਿਣ ਲੱਗੇ ਉਹ ਫਿਰ ਮੁਸਕਾ ਕੇ।
ਸਾਡੇ ਨਾਲ ਤੂੰ ਕੀਤੇ ਵਾਧੇ। ਸਾਨੂੰ ਛੱਡ ਕੇ ਭੋਜਨ ਖਾਧੇ।
ਮਰਦਾਨਾ ਫਿਰ ਪੈ ਕੇ ਚਰਨੀ। ਕਹਿੰਦਾ ਬਾਬਾ, ਧੰਨ ਤੇਰੀ ਕਰਨੀ।
ਮੈਂ ਤਾਂ ਥੋਨੂੰ ਬਹੁਤ ਸਤਾਇਆ। ਤੁਸੀਂ ਮੈਨੂੰ ਪਰ ਗਲ ਨਾਲ ਲਾਇਆ।
ਸਤਿਗੁਰ ਨਾਨਕ ਹੱਸ ਪਏ ਸੀ। ਮਿਹਰਾਂ ਦੇ ਮੀਂਹ ਵੱਸ ਪਏ ਸੀ।

ਨੂਰਸ਼ਾਹ ਸੀ ਤੱਕਦੀ ਰਹਿ ਗਈ। ਤੱਕਦੀ ਉਹ ਚਰਨਾਂ ‘ਤੇ ਢਹਿ ਗਈ।
ਹੋ ਗਿਆ ਰੰਗ ਸੀ ਨੀਲਾ ਪੀਲਾ। ਗੁਰ ਨਾਨਕ ਦੀ ਵੇਖ ਕੇ ਲੀਲਾ।
ਅੱਖਾਂ ਦੇ ਵਿੱਚ ਹੰਝੂ ਭਰਕੇ। ਚਰਨਾਂ ਉੱਤੇ ਮੱਥਾ ਧਰ ਕੇ।
ਕਹਿਣ ਲੱਗੀ ਉਹ ਬਾਬੇ ਤਾਂਈਂ। ਮਿਹਰ ਕਰੋ ਮਿਹਰਾਂ ਦੇ ਸਾਂਈਂ।
ਮੈਨੂੰ ਆਪਣੇ ਚਰਨੀਂ ਲਾਇਓ। ਅਧਵੱਟੇ ਹੁਣ ਛੱਡ ਨਾ ਜਾਇਓ।
ਕਰਦਿਆਂ ਮੈਨੂੰ ਧਾਗੇ ਤਵੀਤ। ਸਾਰੀ ਉਮਰ ਗਈ ਏ ਬੀਤ।

ਭੋਗ ਰਹੀ ਹਾਂ ਜੋ ਸੰਤਾਪ। ਲਾਹ ਦਿਉ ਮੇਰੇ ਤੀਨੇ ਤਾਪ।
ਰੱਖਿਆ ਸਿਰ ’ਤੇ ਮਿਹਰ ਦਾ ਹੱਥ। ਗਿਆ ਭੂਤ ਜਾਦੂ ਦਾ ਲੱਥ।
ਗੁਰ ਨਾਨਕ ਨੇ ਬਖਸ਼ਿਸ਼ ਕੀਤੀ। ਅਕਾਲ ਪੁਰਖ ਨਾਲ ਲਾਈ ਪ੍ਰੀਤੀ।
ਲੱਥੇ ਪਾਪ ਤੇ ਪੈ ਗਈ ਠੰਢ। ਪਈ ਨਾਮ ਨਾਲ ਸੱਚੀ ਗੰਢ।
ਜਾਦੂ ਦਾ ਉਸ ਮੰਦਰ ਢਾਇਆ। ਧਰਮਸਾਲ ਉਸ ਤਾਂਈਂ ਬਣਾਇਆ।
ਲੁਟੀ ਮਾਇਆ ਤਾਂਈਂ ਲੁਟਾਇਆ। ਹਰ ਇੱਕ ਦੇ ਲਈ ਲੰਗਰ ਲਾਇਆ।

ਖਬਰ ਫੈਲ ਗਈ ਸਾਰੇ ਜੱਗ। ਜਿਉਂ ਫੈਲੇ ਜੰਗਲ ਦੀ ਅੱਗ।
ਹੋ ਗਏ ਸਨ ਪ੍ਰਸੰਨ ਗੁਰ ਨਾਨਕ। ਸਾਰੇ ਬੋਲੋ, ਧੰਨ ਗੁਰ ਨਾਨਕ।
ਸਾਰੇ ਆਖੋ ਧੰਨ ਗੁਰ ਨਾਨਕ। ਸਾਰੇ ਬੋਲੋ ਧੰਨ ਗੁਰ ਨਾਨਕ।

# ਗੁਰੂ ਨਾਨਕ ਦੇਵ ਦੀ ਜੀ ਸਿੱਖਿਆ ਤੇ ਸਾਲਸ ਰਾਇ

ਸਾਹਿਬ ਸ੍ਰੀ ਗੁਰੂ ਨਾਨਕ ਪਿਆਰੇ। ਕਰਦੇ ਰਹੇ ਨੇ ਚੋਜ ਨਿਆਰੇ।
ਜਗਤ ਜਲੰਦਾ ਠਾਰਨ ਖਾਤਰ। ਡੁਬਦਿਆਂ ਤਾਂਈਂ ਤਾਰਨ ਖਾਤਰ।
ਕਰਦੇ ਹੋਏ ਧਰਮ ਪ੍ਰਚਾਰ। ਪਹੁੰਚੇ ਪਟਨੇ ਸ਼ਹਿਰ ਦੇ ਬਾਹਰ।
ਇੱਕ ਥਾਂ ਜਾ ਗੁਰ ਨਾਨਕ ਲੇਟੇ। ਨਿਰੰਕਾਰ ਦੇ ਸੋਹਣੇ ਬੇਟੇ।
ਚਿਹਰੇ ’ਤੇ ਨੂਰੀ ਪ੍ਰਕਾਸ਼। ਬੈਠਾ ਹੈ ਮਰਦਾਨਾ ਪਾਸ।
ਮਰਦਾਨੇ ਨੇ ਕੀਤਾ ਸੁਆਲ। ਦੱਸਿਉ ਮੈਨੂੰ ਦੀਨ ਦਇਆਲ।

ਕਹਿੰਦੇ ਹੋ ਸੰਸਾਰ ਇਹ ਸਾਰਾ। ਇਕ ਓਅੰਕਾਰ ਦਾ ਹੈ ਪਾਸਾਰਾ।
ਕਿਥੋਂ ਲਿਆਈਏ ਐਸੀ ਦ੍ਰਿਸ਼ਟੀ। ਜਾਪੇ ਉਸਦੀ ਸਾਰੀ ਸ੍ਰਿਸ਼ਟੀ।
ਕਿਹੜੀ ਹੈ ਉਹ ਪਾਰਖੂ ਅੱਖ। ਵੇਖੇ ਨਾ ਜੋ ਵੱਖੋ ਵੱਖ।
ਕਿਵੇਂ ਨੇ ਸਾਰੇ ਰੱਬ ਦੇ ਬੰਦੇ। ਭਾਵੇਂ ਚੰਗੇ ਭਾਵੇਂ ਮੰਦੇ।
ਮੈਨੂੰ ਇਸ ਬਾਰੇ ਸਮਝਾਉ। ਥੋੜਾ ਜਿਹਾ ਹੁਣ ਚਾਨਣ ਪਾਉ।
ਖਿੜੇ ਮੱਥੇ ਮਿਹਰਾਂ ਦੇ ਸਾਈਂ। ਕਹਿਣ ਲੱਗੇ ਮਰਦਾਨੇ ਤਾਈਂ।

ਨਜ਼ਰ ਬੰਨ੍ਹ ਕੇ, ਵੇਖੀਏ ਜਿੱਦਾਂ। ਮਨ ਨੂੰ ਬੰਨ ਕੇ ਵੇਖ ਤੂੰ ਇੱਦਾਂ।
ਟਿਕ ਜਾਏਗਾ ਮਨ ਜਦ ਤੇਰਾ। ਫਿਰ ਨਹੀਂ ਦਿੱਸਣਾ ਮੇਰਾ ਤੇਰਾ।
ਦੂਰ ਹੋਏਗਾ ਘੁੱਪ ਹਨੇਰਾ। ‘ਓਹਦਾ’ ਜਾਪੂ ਚਾਰ ਚੁਫੇਰਾ।
ਸ਼ਬਦਿ ਸੁਰਤਿ ਜਦ ਸੁਰ ਹੋ ਜਾਊ। ਅੰਦਰ ਅੰਮ੍ਰਿਤ ਰਸ ਫਿਰ ਆਊ।
ਚੋਜੀ ਚੋਜ ਰਚਾਵਣ ਲੱਗੇ। ਸੇਵਕ ਨੂੰ ਸਮਝਾਵਣ ਲੱਗੇ।
ਕਹਿੰਦੇ, ਭਾਈ ਮਰਦਾਨਾ ਜਾਹ। ਖਾਣ ਲਈ ਕੁਝ ਸ਼ਹਿਰੋਂ ਲਿਆ।

ਲੈ ਜਾ ਇਹ ਲਾਲ ਜਿਹੀ ਵੱਟੀ। ਪਹੁੰਚ ਜਾ ਕਿਸੇ ਸ਼ਾਹ ਦੀ ਹੱਟੀ।
ਵੇਚੀਂ, ਜੋ ਹੀਰੇ ਦਾ ਭੇਤੀ। ਖਾਣ ਲਈ ਕੁਝ ਲੈ ਆਈਂ ਛੇਤੀ।
ਜਾਂਦੇ ਹੀ ਤੂੰ ਪਈਂ ਨਾ ਕਾਹਲਾ। ਮਿਲੂ ਕੋਈ ਮੁਲ ਪਾਵਣ ਵਾਲਾ।
ਹੁਕਮ ਮੰਨ ਮਰਦਾਨਾ ਤੁਰਿਆ। ਨਾਨਕ ਦਾ ਦੀਵਾਨਾ ਤੁਰਿਆ।

ਚੁੱਕ ਪੋਟਲੀ ਸ਼ਹਿਰ ਨੂੰ ਆਇਆ। ਕਈ ਦੁਕਾਨਾਂ 'ਤੇ ਦਿਖਲਾਇਆ।
ਕਿਸੇ ਕਿਹਾ ਆ, ਆ ਕੇ ਬਹਿ ਜਾ। ਇਹਦਾ ਦੋ ਗਜ ਕਪੜਾ ਲੈ ਜਾ।

ਕੋਈ ਕਹਿੰਦਾ ਜੇ ਤੂੰ ਹੈ ਖਾਣੇ। ਲੈ ਜਾ ਇਸਦੇ ਪਾਅ ਭਰ ਦਾਣੇ।
ਕਹਿੰਦਾ ਇਕ ਹੋ ਬੜਾ ਦਿਆਲੂ। ਲੈ ਜਾ ਇਹਦੇ ਗੋਭੀ ਆਲੂ।
ਪੱਥਰੀ ਇਹ ਮੁਲਾਇਮ ਤੇ ਕੂਲੀ। ਲੈ ਜਾ ਇਸਦੇ ਬਦਲੇ ਮੂਲੀ।
ਕਿਸੇ ਕਿਹਾ ਇਹ ਲਾਲ ਹੈ ਥੋਹੜੀ। ਲੈ ਜਾ ਚੱਲ ਤੂੰ ਗੁੜ ਦੀ ਰੋੜੀ।
ਕਿਸੇ ਨੇ ਕੋਈ ਮੁੱਲ ਨਾ ਪਾਇਆ। ਇਹ ਵੀ ਹੈਸੀ 'ਓਹਦੀ' ਮਾਇਆ।
ਆਖਰ ਭੁੱਖਾ ਅਤੇ ਤਿਹਾਇਆ। ਸਾਲਸ ਰਾਇ ਦੀ ਹੱਟੀ ਆਇਆ।

ਸਾਲਸ ਰਾਇ ਪਟਨੇ ਵਿੱਚ ਰਹਿੰਦਾ। ਰੱਬ ਦੀ ਰਜਾ 'ਚ ਉਠਦਾ ਬਹਿੰਦਾ।
ਕਰਦਾ ਸੀ ਵਪਾਰ ਉਹ ਲਾਲਾ। ਹੀਰੇ ਰਤਨ ਜਵਾਹਰ ਵਾਲਾ।
ਨਜ਼ਰ ਉਸਦੀ ਬੜੀ ਸੀ ਤਿੱਖੀ। ਖਰੇ ਖੋਟੇ ਦੀ ਪਰਖ ਸੀ ਸਿੱਖੀ।
ਮਰਦਾਨਾ ਪੁੱਜਾ ਉਸ ਕੋਲ। ਹੌਲੀ ਹੌਲੀ ਬੋਲੇ ਬੋਲ।
ਕਹਿੰਦਾ ਮੇਰੀ ਸੁਣੋ ਕਹਾਣੀ। ਛਕਣੈ ਅਸਾਂ ਨੇ ਅੰਨ ਤੇ ਪਾਣੀ।
ਲੈ ਕੇ ਮੈਂ ਇਹ ਪੋਟਲੀ ਆਇਆ। ਇਹਦੇ ਵਿੱਚ ਇਕ ਚੀਜ਼ ਲਿਆਇਆ।

ਵੇਚਣ ਲਈ ਹਾਂ ਆਇਆ ਇਹਨੂੰ। ਇਹਦੇ ਦੇ ਦਿਉ ਪੈਸੇ ਮੈਨੂੰ।
ਸਾਲਸ ਰਾਇ ਪੋਟਲੀ ਖੋਲੀ। ਕਹਿੰਦਾ ਮੈਂ ਤਾਂ ਵਾਰੇ ਘੋਲੀ।
ਜਿੱਦਾਂ ਹੀ ਉਹਨੇ ਅੰਦਰ ਤੱਕਿਆ। ਓਦਾਂ ਹੀ ਉਹਨੂੰ ਹੱਥੀਂ ਢੱਕਿਆ।
ਕਹਿਣ ਲੱਗਾ ਉਹ ਨੌਕਰ ਤਾਂਈਂ। ਅੰਦਰੋਂ ਜਾ ਕੇ ਪੈਸੇ ਲਿਆਈਂ।
ਕਹਿੰਦਾ ਵੇਖੀ ਦੁਨੀਆਂ ਸਾਰੀ। ਤੇਰਾ ਮਾਲਕ ਵੱਡਾ ਵਪਾਰੀ।
ਖਰਾ ਸੌਦਾ ਕੋਈ ਖਾਸ ਵਿਸ਼ੇਸ਼। ਵੇਚ ਰਿਹੈ ਉਹ ਦੇਸ਼ ਵਿਦੇਸ਼।

ਵਾਪਸ ਲੈ ਜਾ ਤੂੰ ਇਹ ਲਾਲ। ਤੱਕ ਤੱਕ ਮੈਂ ਤਾਂ ਹੋਇਆ ਨਿਹਾਲ।
100 ਰੁਪਈਆ ਵਿੱਚ ਵਲੇਟਾ। ਇਹ ਤਾਂ ਇਸਦੀ ਦਰਸ਼ਨ ਭੇਟਾ।
ਇਹ ਤਾਂ ਲਾਲ ਕੋਈ ਅਨਮੁੱਲ। ਇਹਦਾ ਦੁਨੀਆਂ ਵਿੱਚ ਨਹੀਂ ਮੁੱਲ।
ਫਿਰ ਜੇ ਇਹਨੂੰ ਵੇਚਣ ਆਈਂ। ਇਹਦਾ ਮਾਲਕ ਨਾਲ ਲਿਆਈਂ।

ਵੱਡਾ ਜੋਹਰੀ ਜਾਣੀ ਜਾਣ। ਲੈ ਰਿਹੈ ਸਾਡਾ ਇਮਤਿਹਾਨ।
ਛੱਡੀ ਫਿਰਦੈ ਦੁਨੀਆਦਾਰੀ। ਤੇਰਾ ਮਾਲਕ ਪ੍ਰਉਪਕਾਰੀ।

ਸੌ ਰੁਪਈਏ ਲੈ ਕੇ ਰਾਸ। ਸਿੱਖ ਪਹੁੰਚਾ ਸਤਿਗੁਰ ਦੇ ਪਾਸ।
ਕਹਿੰਦਾ ਦਾਤਾ ਤੇਰੀ ਮਾਇਆ। ਮੈਨੂੰ ਤਾਂ ਕੁਝ ਸਮਝ ਨਾ ਆਇਆ।
ਕਿਸੇ ਨੇ ਮੂਲੋਂ ਮੁੱਲ ਨਾ ਪਾਇਆ। ਕਿਸੇ ਨੇ ਦਰਸ਼ਨ ਭੇਟ ਚੜ੍ਹਾਇਆ।
ਸਤਿਗੁਰ ਨਾਨਕ ਹੱਸ ਪਏ ਸੀ। ਮਿਹਰਾਂ ਦੇ ਮੀਂਹ ਵੱਸ ਪਏ ਸੀ।
ਕਹਿੰਦੇ ਏਹੀਓ ਹੁੰਦੀ ਅੱਖ। ਜਿਸਨੂੰ ਦਿੱਸ ਜਾਂਦੈ ਪ੍ਰਤੱਖ।
ਸ਼ਬਦ ਸੁਰਤਿ ਦਾ ਜੀਹਨੂੰ ਗਿਆਨ। ਉਹਦੀ ਦ੍ਰਿਸ਼ਟੀ ਹੈ ਮਹਾਨ।

ਇਹ ਹੈ ਸਭ ਦ੍ਰਿਸ਼ਟੀਆਂ ਤੋਂ ਪਰੇ। ਦਿਸੇ ਉਹਨੂੰ, ਜੀਹਦਾ ਆਪਾ ਮਰੇ।
ਬੰਦੇ ਨੂੰ ਫਿਰ ਆਉਂਦੈ ਸੁਆਦ। ਝੂਮਣ ਲੱਗਦੈ ਵਿੱਚ ਵਿਸਮਾਦ।
ਏਨੇ ਚਿਰ ਨੂੰ ਸਾਲਸ ਰਾਇ। ਸਤਿਗੁਰ ਦੇ ਲਈ ਭੋਜਨ ਲਿਆਏ।
ਪਿਆਰ ਨਾਲ ਪ੍ਰਸ਼ਾਦਾ ਪੱਕਿਆ। ਮਰਦਾਨੇ ਤੇ ਬਾਬੇ ਛੱਕਿਆ।
ਦਿੱਬ ਦ੍ਰਿਸ਼ਟ ਦਾ ਦਿੱਤਾ ਦਾਨ। ਬਾਬਾ ਨਾਨਕ ਬੜਾ ਮਹਾਨ।
'ਜਾਚਕ' ਬਾਬੇ ਹੋ ਨਿਹਾਲ। ਬਣਵਾਈ ਓਥੇ ਧਰਮਸਾਲ।
(ਅੱਜਕੱਲ ਗੁਰਦੁਆਰਾ ਗਊਘਾਟ, ਪਟਨਾ ਸਾਹਿਬ)

# ਗੁਰੂ ਅੰਗਦ ਦੇਵ ਜੀ

ਗੁੜ੍ਹਤੀ ਨਾਮ ਦੀ ਮਿਲੀ ਸੀ ਵਿੱਚ ਵਿਰਸੇ, ਧਿਆਨ ਭਗਤੀ ’ਚ ਲਾਉਂਦਾ ਸੀ ਭਾਈ ਲਹਿਣਾ।
ਮਾਤਾ ਪਿਤਾ ਜੀ ਦੇਵੀ ਦੇ ਭਗਤ ਹੈਸਨ, ਜੱਸ ਉਸੇ ਦਾ ਗਾਉਂਦਾ ਸੀ ਭਾਈ ਲਹਿਣਾ।
ਹਰ ਸਾਲ ਹੀ ਦੇਵੀ ਦੇ ਦਰਸ਼ਨਾਂ ਨੂੰ, ਪੈਦਲ ਚੱਲ ਕੇ ਆਉਂਦਾ ਸੀ ਭਾਈ ਲਹਿਣਾ।
ਉਹਨੂੰ ਮੁਖੀ ਬਣਾਇਆ ਸੀ ਸੰਗਤਾਂ ਨੇ, ਜੱਥੇਦਾਰ ਕਹਾਉਂਦਾ ਸੀ ਭਾਈ ਲਹਿਣਾ।

ਉਹਨਾਂ ਪਿੰਡ ਖਡੂਰ ’ਚ ਰਹਿੰਦਿਆਂ ਹੀ, ਭਾਈ ਜੋਧ ਕੋਲੋਂ ਬਾਣੀ ਸੁਣੀ ਹੈਸੀ ।
ਸੁਣਦੇ ਸਾਰ ਹੀ ਉਹਦੇ ਕਪਾਟ ਖੁਲ੍ਹ ਗਏ, ਵੱਜਣ ਲੱਗ ਪਈ ਨਾਮ ਦੀ ਧੁਣੀ ਹੈਸੀ ।
ਕਾਫੀ ਸਮੇਂ ਤੋਂ ਤੜਪ ਸੀ ਰਿਹਾ ਜਿਹੜਾ, ਪੀੜ ਓਸਦੇ ਦਿਲ ਦੀ ਚੁਣੀ ਹੈਸੀ ।
ਗੁਰੂ ਨਾਨਕ ਦੇ ਪਾਵਨ ਦਰਸ਼ਨਾਂ ਲਈ, ਛਿੜੀ ਉਸ ਅੰਦਰ ਝੁਣਝੁਣੀ ਹੈਸੀ ।

ਭਾਈ ਜੋਧ ਨੇ ਲਹਿਣੇ ਨੂੰ ਦੱਸਿਆ ਸੀ, ਨਿਰੇ ਰੱਬ ਦੇ ਨੂਰ ਨੇ ਗੁਰੂ ਨਾਨਕ।
ਏਸ ਧੁਰ ਕੀ ਬਾਣੀ ਦੇ ਰਚਨਹਾਰੇ, ਸਰਬ ਕਲਾ ਭਰਪੂਰ ਨੇ ਗੁਰੂ ਨਾਨਕ।
ਰਾਵੀ ਕੰਢੇ ਕਰਤਾਰਪੁਰ ਹੈ ਕਸਬਾ, ਉਥੇ ਹਾਜ਼ਰ ਹਜ਼ੂਰ ਨੇ ਗੁਰੂ ਨਾਨਕ।
ਵਹਿਮ, ਭਰਮ, ਪਾਖੰਡ ਸਭ ਤੋੜ ਕੇ ਤੇ, ਕਰਦੇ ਚਕਨਾਚੂਰ ਨੇ ਗੁਰੂ ਨਾਨਕ।

ਪਈ ਖਿੱਚ ਸੀ ਲਹਿਣੇ ਨੂੰ ਧੁਰ ਅੰਦਰੋਂ, ਸ਼ਰਧਾ ਵਿੱਚ ਹੈਸੀ ਸ਼ਰਧਾਵਾਨ ਆਇਆ।
ਬਹਿ ਕੇ ਘੋੜੇ ਤੇ ਚੱਲ ਸੀ ਪਿਆ ਰਾਹੀ, ਧਰ ਕੇ ਓਸੇ ਦਾ ਸੀ ਧਿਆਨ ਆਇਆ।
ਮੰਜ਼ਿਲ ਮਾਰ ਕੇ ਵਿੱਚ ਕਰਤਾਰਪੁਰ ਦੇ, ਗੁਰੂ ਦਰਸ਼ਨਾਂ ਦਾ ਚਾਹਵਾਨ ਆਇਆ।
ਇਧਰ ਦਿਲ ਦੀ ਦਿਲ ’ਚ ਤਾਰ ਖੜ੍ਹਕੀ, ਅੱਗੋਂ ਲੈਣ ਉਹਨੂੰ ਜਾਣੀ ਜਾਣ ਆਇਆ।

‘ਨਾਨਕ ਤਪੇ’ ਦਾ ਪੁਛਿਆ ਘਰ ਲਹਿਣੇ, ਅੱਖਾਂ ਸਾਹਵੇਂ ਜਦ ਇਕ ਇਨਸਾਨ ਆਇਆ।
ਅੱਗੋਂ ਕਿਹਾ ਉਸ, ਘਰ ਮੈਂ ਛੱਡ ਆਉਂਣਾ, ਲੱਗਦਾ ਤੂੰ ਤਾਂ ਕੋਈ ਮਹਿਮਾਨ ਆਇਆ।
ਲਹਿਣਾ ਘੋੜੇ ’ਤੇ, ਪੈਦਲ ਸਨ ਆਪ ਸਤਿਗੁਰ, ਚੋਜੀ ਚੋਜ ਸੀ ਕੋਈ ਵਰਤਾਨ ਆਇਆ।
ਆਖਰ ਚੱਲਦਾ ਚੱਲਦਾ ਜਾ ਰੁਕਿਆ, ਗੁਰੂ ਨਾਨਕ ਦਾ ਜਿਥੇ ਸਥਾਨ ਆਇਆ।

ਚੰਦ ਪਲਾਂ ‘ਚ ਲਹਿਣੇ ਨੇ ਤੱਕਿਆ ਕੀ, ਸਾਹਵੇਂ ਤਖਤ ’ਤੇ ਉਹੀਉ ਇਨਸਾਨ ਆਇਆ।
ਇਹ ਤਾਂ ਆਪ ਪ੍ਰਤੱਖ ਸਨ ਗੁਰੂ ਨਾਨਕ, ਲੈਣ ਭਗਤ ਨੂੰ ਆਪ ਭਗਵਾਨ ਆਇਆ।
ਢਹਿ ਪਿਆ ਸੀ ਚਰਨਾਂ ’ਤੇ ਭਾਈ ਲਹਿਣਾ, ਕੀਤੀ ਗਲਤੀ ਦਾ ਜਦੋਂ ਧਿਆਨ ਆਇਆ।
ਗੁਰਾਂ ਚੁੱਕ ਕੇ ਸੀਨੇ ਦੇ ਨਾਲ ਲਾਇਆ, ਮਿਹਰਾਂ ਵਿੱਚ ਹੈਸੀ, ਮਿਹਰਵਾਨ ਆਇਆ।

ਗੁਰੂ ਨਾਨਕ ਨੇ ਮੁੱਖ ’ਚੋਂ ਬਚਨ ਕੀਤੇ, ਇਥੇ ਲੈਣ ਲਈ ਆਇਆ ਤੂੰ ਲਾਹ ਲਹਿਣੇ।
ਏਸ ਨਗਰ ’ਚ ਪਹੁੰਚ ਕੇ ਤੂੰ ਇਥੇ, ਪੂਰਾ ਕੀਤਾ ਏ ਪਹਿਲਾ ਪੜਾ ਲਹਿਣੇ।
ਜਿਵੇਂ ਘੋੜੀ ਦੇ ਗਲੇ ’ਚ ਟੱਲ ਖੜਕੇ, ਉਵੇਂ ਮਨ ਦਾ ਬੂਹਾ ਖੜਕਾ ਲਹਿਣੇ।
ਜਿਵੇਂ ਘੋੜੀ ਦੀਆਂ ਵਾਗਾਂ ਫੜਾ ਦਿਤੀਆਂ, ਉਵੇਂ ਮਨ ਦੀਆਂ ਵਾਗਾਂ ਫੜਾ ਲਹਿਣੇ।

ਸੱਧਰ ਦਿਲ ਅੰਦਰ, ਦਰਸ਼ਨ ਕਰਨ ਵਾਲੀ, ਪੂਰੀ ਹੋ ਗਈ ਪੁਰ ਕਰਤਾਰ ਅੰਦਰ।
ਹਿਰਦਾ ਖਿੜ ਗਿਆ ਵੇਖ ਕੇ ਮੁੱਖ ਨੂਰੀ, ਨੂਰ ਝਲਕਦਾ ਨੂਰੀ ਦਰਬਾਰ ਅੰਦਰ।
ਮਿਲ ਗਿਆ ਸੀ ਚਾਨਣ ਦਾ ਮਹਾਂ ਸੋਮਾਂ, ਸੀਸ ਝੁੱਕ ਗਿਆ ਉਹਦੇ ਸਤਿਕਾਰ ਅੰਦਰ।
ਨਿਰਮਲ ਹੋ ਗਿਆ ਤਨ ਤੇ ਮਨ ਉਹਦਾ, ਲਿਵ ਲੱਗ ਗਈ ਸਤਿ ਕਰਤਾਰ ਅੰਦਰ।

ਧੁਰ ਅੰਦਰੋਂ ਲਹਿਣਾ ਸੀ ਲੀਨ ਹੋਇਆ, ਫੁਟਿਆ ਨਾਮ ਦਾ ਸੋਮਾਂ ਸਾਕਾਰ ਅੰਦਰ।
ਹਾਲਤ ਹੋ ਗਈ ਚੰਨ ਚਕੋਰ ਵਾਂਗੂ, ਪੂਰਾ ਗੁਰੂ ਸੀ ਮਿਲਿਆ ਸੰਸਾਰ ਅੰਦਰ।
ਗੁਰੂ ਨਾਨਕ ਵੀ ਦਿਲ ’ਚ ਸੋਚਿਆ ਸੀ, ਲਹਿਣਾ ਲੈਣ ਲਈ ਆਇਐ ਦਰਬਾਰ ਅੰਦਰ।
ਸੇਵਾ ਏਥੇ ਹੀ ਕਰਨੀ ਏ ਉਮਰ ਸਾਰੀ, ਨਿਸਚਾ ਲਿਆ ਸੀ ਲਹਿਣੇ ਨੇ ਧਾਰ ਅੰਦਰ।

ਰੱਬੀ ਬਖਸ਼ਿਸਾਂ ਓਸ ’ਤੇ ਧੁਰੋਂ ਹੋਈਆਂ, ਸੇਵਾ ਕੀਤੀ ਉਸ ਸਿਦਕ ਦੇ ਨਾਲ ਹੈਸੀ।
ਕਿਸੇ ਹੁਕਮ ’ਤੇ ਕਿੰਤੂ ਨਾ ਕਦੇ ਕੀਤਾ, ਤਕੜੀ ਬੜੀ ਹੀ ਘਾਲੀ ਉਸ ਘਾਲ ਹੈਸੀ।
ਸੁਘੜ ਸਿਆਣੇ ਤੇ ਪੁੰਜ ਸੀ ਨਿਮਰਤਾ ਦੇ, ਕੀਤਾ ਕੰਮ ਹਰ ਬੇਮਿਸਾਲ ਹੈਸੀ।
ਪਰਚੇ ਔਖੇ ਤੋਂ ਔਖੇ ਸੀ ਪਏ ਭਾਵੇਂ, ਹੱਲ ਕੀਤਾ ਪਰ ਹਰ ਸੁਆਲ ਹੈਸੀ।

ਗਿੱਲੇ ਘਾਹ ਦੀ ਚੁੱਕੀ ਜਦ ਪੰਡ ਸਿਰ ’ਤੇ, ਗੰਦਾ ਹੋ ਗਿਆ ਜਾਮਾ ਬਹੁਮੁੱਲ, ਵੇਖੋ।
ਤੱਕ ਕੇ ਮਾਤ ਸੁਲੱਖਣੀ ਕਹਿਣ ਲੱਗੇ, ਹੋ ਗਈ ਸਾਂਈਂ ਜੀਉ, ਵੱਡੀ ਭੁੱਲ, ਵੇਖੋ।
ਅੱਗੋਂ ਪਾਤਸ਼ਾਹ ਹੱਸ ਕੇ ਕਹਿਣ ਲੱਗੇ, ਛਿੱਟੇ ਚਿੱਕੜ ਦੇ ਕੇਸਰ ਦੇ ਤੁੱਲ, ਵੇਖੋ।
ਨਹੀਂ ਘਾਹ ਦੀ ਪੰਡ ਇਹ ਸਿਰ ਉੱਤੇ, ਦੀਨ ਦੁਨੀ ਦਾ ਛੱਤਰ ਰਿਹੈ ਝੁੱਲ, ਵੇਖੋ।

ਪੰਡਾਂ ਘਾਹ ਦੀਆਂ ਚੁੱਕੀਆਂ ਸਿਰ ਉੱਤੇ, ਕਦੇ ਮੱਥੇ ’ਤੇ ਪਾਇਆ ਨਾ ਵੱਟ ਲਹਿਣੇ।
ਡਿੱਗ ਪਿਆ ਕਟੋਰਾ ਜਦ ਟੋਏ ਅੰਦਰ, ਗੰਦੇ ਪਾਣੀ ’ਚੋਂ ਕੱਢਿਆ ਝੱਟ ਲਹਿਣੇ।
ਕੰਧ ਮੀਂਹ ਨਾਲ ਢੱਠੀ ਬਣਾ ਦਿੱਤੀ, ਸਾਰੀ ਰਾਤ ਹੀ ਠੰਢ ’ਚ ਕੱਟ ਲਹਿਣੇ।
ਮੁਰਦਾ ਖਾਣ ਦੇ ਹੁਕਮ ਨੂੰ ਮੰਨ ਕੇ ਤੇ, ਦੀਨ ਦੁਨੀ ਦੀ ਖੱਟੀ ਲਈ ਖੱਟ ਲਹਿਣੇ।

ਆਪਣੇ ਸੀਨੇ ਨਾਲ ਲਾ ਕੇ ਪਾਤਸ਼ਾਹ ਨੇ, ਲਹਿਣੇ ਤਾਂਈਂ ਫਿਰ ਮੁੱਖੋਂ ਸੀ ਕਿਹਾ ਅੰਗਦ।
ਭੱਠੀ ਵਿੱਚ ਪਾ ਕੇ ਕੁੰਦਨ ਵਾਂਗ ਕੀਤੈ, ਤੇਰੇ ਮੇਰੇ ’ਚ ਫਰਕ ਨਾ ਰਿਹਾ ਅੰਗਦ।
ਘੜਿਐ ਸੁਰਤ ਦੀ ਸੱਚੀ ਟਕਸਾਲ ਤੈਨੂੰ, ਹੋ ਗਿਆ ਤੂੰ ਮੇਰੇ ਹੀ ਜਿਹਾ ਅੰਗਦ।
ਤੈਨੂੰ ਜੋਤ ਮੈ ਆਪਣੀ ਸੌਂਪ ਰਿਹਾਂ, ਜਿਹੀ ਜੋਤ ਨਾਨਕ, ਚਾਨਣ ਤਿਹਾ ਅੰਗਦ।

ਬੂਟਾ ਸਿੱਖੀ ਦਾ ਲਾਇਆ ਜੋ ਗੁਰੂ ਨਾਨਕ, ਦੂਜੇ ਪਾਤਸ਼ਾਹ ਅਮਰ ਬਹਾਰ ਕੀਤਾ।
ਚਲਦਾ ਗੁਰੂ ਕਾ ਲੰਗਰ ਸੀ ਹਰ ਵੇਲੇ, ਮਾਤਾ ਖੀਵੀ ਜੋ ਹੱਥੀਂ ਤਿਆਰ ਕੀਤਾ।
ਵਹਿਮ ਭਰਮ ਫੈਲਾਏ ਜੋ ਭੇਖੀਆਂ ਨੇ, ਉਹ ਸਭ ਮੰਨਣ ਤੋਂ ਗੁਰਾਂ ਇੰਨਕਾਰ ਕੀਤਾ।
ਊਚ ਨੀਚ ਦੇ ਭਰਮ ਭੁਲੇਖਿਆਂ ਤੋਂ, ਗੁਰੂ ਸੰਗਤਾਂ ਨੂੰ ਖਬਰਦਾਰ ਕੀਤਾ।

ਲੰਘਿਆ ਜਦੋਂ ਹਿਮਾਯੂ ਖਡੂਰ ਵਿੱਚੋਂ, ਸ਼ੇਰ ਸ਼ਾਹ ਕੋਲੋਂ ਹਾਰ ਖਾ ਕੇ ਤੇ।
ਹੁੰਦਾ ਵੇਖ ਨਾ ਕੋਈ ਸਤਿਕਾਰ ਏਥੇ, ਚੰਡੀ ਕੱਢੀ ਸੀ ਗੁੱਸੇ ਵਿੱਚ ਆ ਕੇ ਤੇ।
ਨਹੀਂ ਜਾਇਜ਼ ਫਕੀਰਾਂ ’ਤੇ ਵਾਰ ਕਰਨਾ, ਮੁੱਖੋਂ ਸਤਿਗੁਰਾਂ ਕਿਹਾ ਮੁਸਕਾ ਕੇ ਤੇ।
ਰਾਜ ਭਾਗ ਤੂੰ ਆਪਣਾ ਲੈ ਵਾਪਸ, ਇਹਨੂੰ ਜੰਗ ਦੇ ਵਿੱਚ ਚਲਾ ਕੇ ਤੇ।

ਸਮੇਂ ਸਮੇਂ ’ਤੇ ਸਿੱਖਾਂ ਨੂੰ ਕਿਹਾ ਉਨ੍ਹਾਂ, ਸੱਚਾ ਸੁੱਚਾ ਹਮੇਸ਼ਾਂ ਵਿਵਹਾਰ ਕਰਨੈ।
ਧਰਤੀ ਵਾਂਗ ਹੀ ਸੀਤਲ ਸੁਭਾਅ ਰੱਖਣੈ, ਕਦੇ ਭੁੱਲਕੇ ਨਹੀਂ ਹੰਕਾਰ ਕਰਨੈ।
ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ, ਦਾਨ ਪੁੰਨ ਤੇ ਪਰਉਪਕਾਰ ਕਰਨੈ।
ਰਹਿਕੇ ਵਿੱਚ ਗ੍ਰਿਹਸਤ ਦੇ ਕਮਲ ਵਾਂਗੂੰ, ਹਰ ਇੱਕ ਦੇ ਨਾਲ ਪਿਆਰ ਕਰਨੈ।

ਮੱਲ ਅਖਾੜੇ ਸਜਾ ਕੇ ਪਾਤਸ਼ਾਹ ਨੇ, ਕਸਰਤ ਕਰਨ ਦੀ ਦਿੱਤੀ ਸਿਖਲਾਈ ਸੋਹਣੀ।
ਲਿੱਪੀ ਗੁਰਮੁਖੀ ਵੱਲ ਧਿਆਨ ਦੇ ਕੇ, ਬਾਲਾਂ ਤਾਂਈਂ ਪੰਜਾਬੀ ਪੜ੍ਹਾਈ ਸੋਹਣੀ।
ਬਾਬੇ ਨਾਨਕ ਦੇ ਜੀਵਨ ਬ੍ਰਿਤਾਂਤ ਵਾਲੀ, ਜਨਮ ਸਾਖੀ ਵੀ ਆਪ ਲਿਖਵਾਈ ਸੋਹਣੀ।
ਜਿੰਮੇਵਾਰੀ ਗੁਰਿਆਈ ਦੀ ਗੁਰੂ ਜੀ ਨੇ, 13 ਸਾਲਾਂ ਤੱਕ ‘ਜਾਚਕ’ ਨਿਭਾਈ ਸੋਹਣੀ।

# ਮਾਤਾ ਖੀਵੀ

ਮਾਤਾ ਖੀਵੀ ਨੇ ਸੇਵਾ ਸੀ ਜਿਵੇਂ ਕੀਤੀ, ਓਦਾਂ ਕੋਈ ਨਹੀਂ ਸੇਵਾ ਕਮਾ ਸਕਦਾ।
ਦੀਨਾਂ ਦੁਖੀਆਂ ਨੂੰ ਜਿਨ੍ਹਾਂ ਸੀ ਮਾਣ ਦਿੱਤਾ, ‘ਜਾਚਕ’ ਕਲਮ ਨਾਲ ਲਿਖਿਆ ਨਹੀਂ ਜਾ ਸਕਦਾ।
ਪਾਵਨ ਲੰਗਰ ਦੀ ਸੇਵਾ ਸੀ ਜਿਵੇਂ ਕੀਤੀ, ਉਹਦਾ ਕੋਈ ਵੀ ਮੁੱਲ ਨਹੀਂ ਪਾ ਸਕਦਾ।
ਮਾਤਾ ਖੀਵੀ ਦੇ ਯੋਗਦਾਨ ਤਾਂਈਂ, ਨਹੀਂ ਕਦੇ ਇਤਿਹਾਸ ਭੁਲਾ ਸਕਦਾ।

# ਸ੍ਰੀ ਗੁਰੂ ਅਮਰਦਾਸ ਜੀ

ਬਹਿ ਕੇ ਗੁਰਗੱਦੀ ਕਿਹਾ ਸੰਗਤਾਂ ਨੂੰ, ਕਰੋ ਸਿੱਖੀ ਦੀ ਪੱਕੀ ਬੁਨਿਆਦ ਪਹਿਲਾਂ।
ਊਚ ਨੀਚ 'ਚ ਜਿਹੜੇ ਵਿਸ਼ਵਾਸ ਕਰਦੇ, ਛੇੜੋ ਉਨ੍ਹਾਂ ਵਿਰੁੱਧ ਜਹਾਦ ਪਹਿਲਾਂ।
ਘੁਣ ਵਾਂਗ ਜੋ ਖਾਣ ਮਨੁੱਖਤਾ ਨੂੰ, ਜਾਤਾਂ ਪਾਤਾਂ ਤੋਂ ਹੋਵੋ ਆਜ਼ਾਦ ਪਹਿਲਾਂ।
ਦਰਸ਼ਨ ਕਰਨੇ ਨੇ ਜੇਸ ਵੀ ਸਿੱਖ ਮੇਰੇ, ਬਹਿ ਕੇ ਪੰਗਤ 'ਚ ਛਕੇ ਪ੍ਰਸ਼ਾਦਿ ਪਹਿਲਾਂ।

ਵਹਿਮਾਂ ਭਰਮਾਂ ਦੇ ਵਿੱਚ ਜੋ ਹੈ ਫਸਿਆ, ਸਮਝੋ ਸਿੱਖ ਉਹ ਨਾਮ ਧਰੀਕ ਸਿੱਖੋ।
ਨਾਲ ਤੁਸਾਂ ਦੇ ਬੁਰਾ ਕੋਈ ਕਰੇ ਫਿਰ ਵੀ, ਗੁੱਸਾ ਆਵੇ ਨਾ ਥੋੜੇ ਨਜ਼ਦੀਕ ਸਿੱਖੋ।
ਐਸੇ ਦੋਖੀ ਨੂੰ ਸਜਾ ਜ਼ਰੂਰ ਮਿਲਦੀ, ਸਮਝੋ ਏਸ ਨੂੰ ਪੱਥਰ 'ਤੇ ਲੀਕ ਸਿੱਖੋ।
ਚੱਕੀ ਵਾਹਿਗੁਰੂ ਦੀ ਚਲਦੀ ਬਹੁਤ ਹੌਲੀ, ਆਟਾ ਪੀਸਦੀ ਐਪਰ ਬਰੀਕ ਸਿੱਖੋ।

ਨੱਕੋ ਨੱਕ ਜੋ ਹਉਮੈ ਦੇ ਨਾਲ ਭਰਿਆ, ਉਸ ਤਪੇ ਦੀ ਕੀਤੀ ਸੁਧਾਈ ਦਾਤੇ।
ਜਾਤਾਂ ਪਾਤਾਂ ਦਾ ਖਾਤਮਾ ਕਰਨ ਖਾਤਿਰ, ਗੋਇੰਦਵਾਲ 'ਚ ਬਾਉਲੀ ਬਣਵਾਈ ਦਾਤੇ।
ਰਸਮ ਸਤੀ ਦੀ ਸਦੀਆਂ ਤੋਂ ਚਲੀ ਆਉਂਦੀ, ਉਸ ਵਿਰੁੱਧ ਆਵਾਜ਼ ਉਠਾਈ ਦਾਤੇ।
ਘੁੰਡ ਪਰਦੇ ਤੋਂ ਵਰਜਿਆ ਬੀਬੀਆਂ ਨੂੰ, ਵਿਧਵਾ ਵਿਆਹ ਦੀ ਰੀਤ ਚਲਾਈ ਦਾਤੇ।

ਪ੍ਰੇਮਾ ਕੋਹੜੀ ਜਦ ਪ੍ਰੇਮ 'ਚ ਲੀਨ ਹੋਇਆ, ਉਹਦਾ ਰੋਗ ਮਿਟਾਇਆ ਸੀ ਪਾਤਸ਼ਾਹ ਨੇ।
ਭਾਈ ਪਾਰੋ ਦੀ ਸਿੱਖੀ 'ਤੇ ਰੀਝ ਕੇ ਤੇ, ਉਹਨੂੰ ਕੋਲ ਬੁਲਾਇਆ ਸੀ ਪਾਤਸ਼ਾਹ ਨੇ।
ਉਹਦੇ ਤਾਂਈਂ ਗੁਰਸਿੱਖੀ ਦਾ ਦਾਨ ਦੇ ਕੇ, ਸੀਨੇ ਨਾਲ ਲਗਾਇਆ ਸੀ ਪਾਤਸ਼ਾਹ ਨੇ।
ਭੁਲੇ ਭਟਕਿਆਂ ਨੂੰ ਜੀਵਨ ਦਾਨ ਦੇ ਕੇ, ਸੱਚੇ ਸੇਵਕ ਬਣਾਇਆ ਸੀ ਪਾਤਸ਼ਾਹ ਨੇ।

ਹੋਕਾ ਦੇਣ ਖਾਤਿਰ ਸਾਂਝੀਵਾਲਤਾ ਦਾ, ਪੰਗਤ ਸੰਗਤ ਤੇ ਕੀਤਾ ਇਸ਼ਨਾਨ ਸਾਂਝਾ।
ਆਇਆ ਅਕਬਰ ਵੀ ਜਦੋਂ ਸੀ ਦਰਸ਼ਨਾਂ ਨੂੰ , ਛੱਕਿਆ ਲੰਗਰ ਸੀ ਨਾਲ ਸਨਮਾਨ ਸਾਂਝਾ।
ਕਿਸੇ ਧਰਮ ਦਾ ਵਿਤਕਰਾ ਨਹੀਂ ਏਥੇ, ਹਰ ਇਕ ਸਿੱਖ ਹਿੰਦੂ ਮੁਸਲਮਾਨ ਸਾਂਝਾ।
ਬਿਨਾਂ ਕਿਸੇ ਵੀ ਵੰਡ ਤੇ ਵਿਤਕਰੇ ਦੇ, ਵੰਡਿਆ ਗੁਰਾਂ ਨੇ ਰੱਬੀ ਗਿਆਨ ਸਾਂਝਾ।

22 ਮੰਜੀਆਂ ਥਾਪ ਕੇ ਪਾਤਸ਼ਾਹ ਨੇ, ਥਾਂ ਥਾਂ ਸਿੱਖੀ ਦਾ ਸ਼ੁਰੂ ਪ੍ਰਚਾਰ ਕੀਤਾ।
ਪੱਕੇ ਪੈਰਾਂ 'ਤੇ ਖੜ੍ਹੀ ਹੋ ਜਾਏ ਸਿੱਖੀ, ਏਸ ਜਜ਼ਬੇ ਨੂੰ ਦਿਲ ਵਿੱਚ ਧਾਰ ਕੀਤਾ।
'ਕੱਠਾ ਕਰਨ ਲਈ ਇਕ ਥਾਂ ਸੰਗਤਾਂ ਨੂੰ, ਸੀ ਵਿਸਾਖੀ ਦਾ ਸ਼ੁਰੂ ਤਿਉਹਾਰ ਕੀਤਾ।
ਇਕੋ ਤੰਦ ਨਾਲ ਬੰਨ੍ਹ ਕੇ ਸਾਰਿਆਂ ਨੂੰ, ਸਾਂਝਾ ਸਿੱਖੀ ਦਾ ਸਾਰਾ ਪ੍ਰਵਾਰ ਕੀਤਾ।

ਰਚੀ ਪਹਿਲੇ ਤੇ ਦੂਸਰੇ ਪਾਤਸ਼ਾਹ ਜੋ, ਰੱਬੀ ਬਾਣੀ ਦੀ ਕੀਤੀ ਸੰਭਾਲ ਸਾਹਿਬਾਂ।
ਆਪ ਰਾਗਾਂ 17 'ਚ ਰਚੀ ਬਾਣੀ, ਬੜੇ ਪ੍ਰੇਮ ਪਿਆਰ ਦੇ ਨਾਲ ਸਾਹਿਬਾਂ।
ਪਾਵਨ ਬਾਣੀ ਦੀ ਪੋਥੀ ਲਿਖਵਾਈ ਹੈਸੀ, ਆਪਣੇ ਪੋਤੇ ਨੂੰ ਕੋਲ ਬਿਠਾਲ ਸਾਹਿਬਾਂ।
ਗੱਦੀ ਸੌਂਪ ਦਿੱਤੀ 'ਰਾਮਦਾਸ' ਜੀ ਨੂੰ, 'ਜਾਚਕ' ਸੇਵਾ ਤੋਂ ਹੋ ਨਿਹਾਲ ਸਾਹਿਬਾਂ।

# ਸ੍ਰੀ ਗੁਰੂ ਰਾਮ ਦਾਸ ਜੀ

ਮਾਂ ਬਾਪ ਦਾ ਸਾਇਆ ਸੀ ਉਠ ਗਿਆ, ਛੋਟੀ ਉਮਰ ’ਚ ਜੇਠੇ ਦੇ ਸਿਰ ਉਤੋਂ।
ਇੰਜ ਲੱਗਿਆ ਜਿਵੇਂ ਇਸ ਬਾਲਕੇ ’ਤੇ, ਬਿਜਲੀ ਕੋਈ ਅਸਮਾਨੀ ਪਈ ਗਿਰ ਉਤੋਂ।
ਛੋਟੇ ਭੈਣ ਭਰਾ ਨੂੰ ਪਾਲਣੇ ਲਈ, ਜਿੰਮੇਵਾਰੀ ਵੀ ਪਈ ਸੀ ਫਿਰ ਉਤੋਂ।
ਐਪਰ ਜਦੋਂ ਯਤੀਮ ਦੇ ਭਾਗ ਜਾਗੇ, ਰੱਖਿਆ ਹੱਥ ‘ਨਿਧਿਰਿਆਂ ਦੀ ਧਿਰ’ ਉਤੋਂ।

ਸੁਘੜ ਸਿਆਣਾ ਤੇ ਪੁੰਜ ਸੀ ਨਿਮਰਤਾ ਦਾ, ਸੇਵਾ ਕਰਦਾ ਸੀ ਸਿਦਕ ਦੇ ਨਾਲ ਜੇਠਾ।
ਕਿਸੇ ਹੁਕਮ ’ਤੇ ਕਿੰਤੂ ਨਾ ਕਦੇ ਕੀਤਾ, ਬੜੀ ਰਿਹਾ ਸੀ ਘਾਲਣਾ ਘਾਲ ਜੇਠਾ।
ਬਣਨ ਪਿਛੋਂ ਦਾਮਾਦ ਵੀ ਖਿੜ੍ਹੇ ਮੱਥੇ, ਕਰਦਾ ਰਿਹਾ ਸੇਵਾ ਬੇਮਿਸਾਲ ਜੇਠਾ।
ਤਾਹੀਉਂ ਸਤਿਗੁਰਾਂ ਸੇਵਾ ਤੋਂ ਖੁਸ਼ ਹੋ ਕੇ, ਗੁਰਗੱਦੀ ’ਤੇ ਦਿੱਤਾ ਬਿਠਾਲ ਜੇਠਾ।

ਹੁਕਮ ਮੰਨ ਕੇ ਤੀਸਰੇ ਪਾਤਸ਼ਾਹ ਦਾ, ਅੰਮ੍ਰਿਤਸਰ ਵਸਾਇਆ ਸੀ ਆਪ ਆ ਕੇ।
ਦੁੱਖ ਭੰਜਨੀ ਬੇਰੀ ਦੇ ਨਾਲ ਕਰਕੇ, ਸੋਹਣਾ ਤਾਲ ਖੁਦਵਾਇਆ ਸੀ ਆਪ ਆ ਕੇ।
ਸ਼ਾਹਾਂ, ਕਿਰਤੀਆਂ ਅਤੇ ਵਪਾਰੀਆਂ ਨੂੰ, ਦੂਰੋਂ ਦੂਰੋਂ ਮੰਗਵਾਇਆ ਸੀ ਆਪ ਆ ਕੇ।
ਗੁਰੂ ਬਨਣ ਤੋਂ ਬਾਅਦ ਫਿਰ ਪਾਤਸ਼ਾਹ ਨੇ,ਡੇਰਾ ਏਥੇ ਹੀ ਲਾਇਆ ਸੀ ਆਪ ਆ ਕੇ।

ਏਸ ਪਾਵਨ ਅਸਥਾਨ ਤੋਂ ਪਾਤਸ਼ਾਹ ਨੇ, ਚਹੁੰ ਚੱਕਾਂ ਦੇ ਵਿੱਚ ਫੈਲਾਈ ਸਿੱਖੀ।
ਬਾਲ ਉਮਰ ’ਚੋਂ ਨਿਕਲ ਕੇ ਉਸ ਵੇਲੇ, ਭਰ ਜਵਾਨੀ ਦੇ ਵਿੱਚ ਸੀ ਆਈ ਸਿੱਖੀ।
ਵਾਸਾ ਕੀਤਾ ਸੀ ਉਨ੍ਹਾਂ ਦੇ ਹਿਰਦਿਆਂ ਵਿੱਚ, ਪੂਰੀ ਤਰ੍ਹਾਂ ਸੀ ਜਿੰਨ੍ਹਾਂ ਅਪਣਾਈ ਸਿੱਖੀ।
ਜਾਤਾਂ ਪਾਤਾਂ ਦੇ ਵਿਤਕਰੇ ਖਤਮ ਕਰਕੇ, ਊਚ ਨੀਚ ਦੀ ਵਿੱਥ ਮਿਟਾਈ ਸਿੱਖੀ।

ਅਕਬਰ ਬਾਦਸ਼ਾਹ ਜਦੋਂ ਦੀਦਾਰ ਕੀਤੇ, ਲੱਗੀ ਪਾਵਨ ਸ਼ਖ਼ਸੀਅਤ ਦੀ ਛਾਪ ਉਸ ’ਤੇ।
ਭਟਕੀ ਰੂਹ ਜੋ ਚਰਨਾਂ ‘ਤੇ ਆਣ ਡਿੱਗੀ, ਉਨ੍ਹਾਂ ਛਿੜਕਿਆ ਨਾਮ ਦਾ ਜਾਪ ਉਸ ’ਤੇ।
ਛੱਟੇ ਮਾਰ ਗੁਰਬਾਣੀ ਦੇ ਲਾਹ ਦਿੱਤੇ, ਚੜ੍ਹੇ ਹੋਏ ਸਨ ਜਿਹੜੇ ਵੀ ਪਾਪ ਉਸ ’ਤੇ।
ਦੂਰੋਂ ਨੇੜਿਓ ਜਿਹੜਾ ਵੀ ਸ਼ਰਨ ਆਇਆ, ਕੀਤੀ ਮਿਹਰ ਸੀ ਗੁਰਾਂ ਨੇ ਆਪ ਉਸ ’ਤੇ।

ਪ੍ਰਿਥੀ ਚੰਦ ਜਦ ਸਾਜ਼ਿਸ਼ੀ ਹੋ ਗਿਆ ਸੀ, ਦਿੱਤਾ ਓਸ ਨੂੰ ਦਿਲੋਂ ਵਿਸਾਰ ਉਹਨਾਂ।
ਦੁਸ਼ਟਾਂ ਦੋਖੀਆਂ, ਨਿੰਦਕਾਂ, ਭੇਖੀਆਂ ਨੂੰ, ਮਾਰੀ ਬੜੀ ਹੀ ਕਰੜੀ ਸੀ ਮਾਰ ਉਹਨਾਂ।
ਪੂਰਨ ਪੁਰਖ ਸਮਦ੍ਰਿਸ਼ਟੀ ਦੇ ਸਨ ਮਾਲਕ, ਲਈ ਦੁਖੀਆਂ ਗ਼ਰੀਬਾਂ ਦੀ ਸਾਰ ਉਹਨਾਂ।
ਮਹਿਮਾਂ ਪਾਵਨ ਗੁਰਬਾਣੀ ਦੀ ਕਾਇੰਮ ਰੱਖੀ, ਕਈ ਤਰ੍ਹਾਂ ਦੇ ਜੋਖ਼ਮ ਸਹਾਰ ਉਹਨਾਂ।

ਸੁਣਿਆ ਗੁਰਾਂ ਜਦ ਸ੍ਰੀ ਚੰਦ ਆ ਰਹੇ ਨੇ, ਪਹੁੰਚ ਗਏ ਸੀ ਕਰਨ ਦਿਦਾਰ ਅੱਗੋਂ।
ਲੱਤਾਂ ਘੁੱਟੀਆਂ, ਚਰਨ ਦਬਾਏ ਸੋਹਣੇ, ਹੱਦਾਂ ਟੱਪ ਕੇ ਕੀਤਾ ਸਤਿਕਾਰ ਅੱਗੋਂ।
ਦਾਹੜੀ ਲੰਮੀ ਕਿਉਂ ਏਨੀ ਵਧਾਈ ਹੋਈ ਏ, ਬਾਬੇ ਪੁਛਿਆ ਨਾਲ ਪਿਆਰ ਅੱਗੋਂ।
ਮਹਾਂ ਪੁਰਖਾਂ ਦੇ ਚਰਨਾਂ ਨੂੰ ਝਾੜਨੇ ਲਈ, ਮੁੱਖੋਂ ਕਿਹਾ ਸੀ ਨੂਰੀ ਨੁਹਾਰ ਅੱਗੋਂ।

ਲੈ ਕੇ ਧੁਰੋਂ ਉਹ ਨਾਮ ਦਾ ਧਨ ਸੱਚਾ, ਵੰਡਣ ਆਏ ਸਨ ਪੂਰੇ ਸੰਸਾਰ ਅੰਦਰ।
30 ਰਾਗਾਂ ’ਚ ਬਾਣੀ ਸੀ ਰਚੀ ‘ਜਾਚਕ’, ਰੰਗੇ ਹੋਇਆਂ ਨੇ ਰੱਬੀ ਪਿਆਰ ਅੰਦਰ।
ਦੀਨ ਦੁਨੀਆਂ ਦਾ ਉਨ੍ਹਾਂ ਨੂੰ ਥੰਮ ਕਿਹੈ, ਭਾਈ ਗੁਰਦਾਸ ਨੇ ਆਪਣੀ ਵਾਰ ਅੰਦਰ।
123 ਸਵੱਯੀਆਂ ’ਚੋਂ ਵਿੱਚ ਸੱਠਾਂ, ਮਹਿਮਾ ਕੀਤੀ ਏ ਭੱਟਾਂ ਸਤਿਕਾਰ ਅੰਦਰ।

# ਬੀਬੀ ਭਾਨੀ ਲਈ ਵਰ

ਕਿਹਾ ਗੁਰੂ ਕੇ ਮਹਿਲਾਂ ਨੇ ਪਾਤਸ਼ਾਹ ਨੂੰ, ਭਾਨੀ ਲਈ ਇਕ ਵਰ ਹਜ਼ੂਰ ਤੱਕਿਐ।
ਔਹ ਜੋ ਘੁਗਣੀਆਂ ਵੇਚਦਾ ਜਾ ਰਿਹਾ ਏ, ਉਹਨੂੰ ਗੁਣਾਂ ਦੇ ਨਾਲ ਭਰਪੂਰ ਤੱਕਿਐ।
ਤੀਜੇ ਗੁਰਾਂ ਨੇ ਆਖਿਆ ਹਾਂ ਮੈਂ ਵੀ, ਜੇਠੇ ਵਿੱਚ ਇਲਾਹੀ ਕੋਈ ਨੂਰ ਤੱਕਿਐ।
‘ਇਹੋ ਜਿਹਾ ਤੇ ਇਹੋ ਹੀ ਹੋ ਸਕਦੈ’, ਤੂੰ ਜੋ ਤੱਕਿਐ, ਹੀਰਾ ਕੋਹਿਨੂਰ ਤੱਕਿਐ।

# ਭਾਈ ਜੇਠੇ ਨੇ ਕੀਤੀ ਮਹਾਨ ਸੇਵਾ

ਤੀਜੇ ਗੁਰਾਂ ਦੇ ਬਣੇ ਜੁਆਈ ਭਾਂਵੇਂ, (ਪਰ) ਭਾਈ ਜੇਠੇ ਨੇ ਕੀਤੀ ਮਹਾਨ ਸੇਵਾ।
ਖਿੜੇ ਮੱਥੇ ਸੀ ਟੋਕਰੀ ਢੋਈ ਸਿਰ ’ਤੇ, ਉਨ੍ਹਾਂ ਸਮਝੀ ਨਾ ਕਦੇ ਅਪਮਾਨ ਸੇਵਾ।
ਸਿਰ ’ਤੇ ਮਿੱਟੀ ਦੀ ਟੋਕਰੀ ਰਹੇ ਚੁੱਕਦੇ, ਸਦਾ ਸਮਝ ਕੇ ਸਿੱਖੀ ਦੀ ਸ਼ਾਨ ਸੇਵਾ।
ਆਏ ਕਦੇ ਨਾ ਹਉਮੈਂ ਹੰਕਾਰ ਅੰਦਰ, ਕੀਤੀ ਹੋ ਕੇ ਸਦਾ ਨਿਰਮਾਨ ਸੇਵਾ।

ਪਾਵਨ ਅੰਮ੍ਰਿਤ ਸਰੋਵਰ ਖੁਦਵਾਉਣ ਦੇ ਲਈ, ਆਪਣੇ ਹੱਥੀਂ ਲਗਾਇਆ ਟੱਕ ਹੈਸੀ।
ਸੇਵਾ ਕੀਤੀ ਸੀ ਸੰਗਤਾਂ ਨਾਲ ਉਨ੍ਹਾਂ, ਸਿੱਖੀ ਸਿਦਕ ‘ਚ ਰਹਿ ਪ੍ਰਪੱਕ ਹੈਸੀ।
ਮਨ ਬਾਂਛਤ ਫਲ ਪਾਉਗੇ ਤੁਸੀਂ ਏਥੋਂ, ਕਿਹਾ ਹਰ ਇਕ ਸਿੱਖ ਵੱਲ ਤੱਕ ਹੈਸੀ।
ਅੰਮ੍ਰਿਤਸਰ ਹਾਂ ਜੇਸਨੂੰ ਅੱਜ ਕਹਿੰਦੇ, ਇਹਨੂੰ ਆਖਦੇ “ਗੁਰੂ ਕਾ ਚੱਕ” ਹੈਸੀ।

ਤੀਜੇ ਪਾਤਸ਼ਾਹ ਸੋਚ ਕੇ ਸੋਚ ਲੰਮੀ, ਦੋਏ ਪਰਾਹੁਣੇ ਬੁਲਾਉਣ ਲਈ, ਹੁਕਮ ਕੀਤਾ।
ਸਿੱਖੀ ਸਿਦਕ ਦੀ ਪ੍ਰੀਖਿਆ ਲੈਣ ਖਾਤਰ, ਇਕ ਥੜਾ ਬਣਾਉਣ ਲਈ, ਹੁਕਮ ਕੀਤਾ।
ਹੁੰਦਾ ਪਾਸ ਕਿਹੜਾ ਇਮਤਿਹਾਨ ਵਿੱਚੋਂ, ਗੁਰਾਂ ਇਹ ਅਜਮਾਉਣ ਲਈ, ਹੁਕਮ ਕੀਤਾ।
ਬਣੇ ਥੜੇ ਨੂੰ ਤੱਕ ਕੇ ਹਰ ਵਾਰੀ, ਗੁਰੂ ਸਾਹਿਬ ਨੇ ਢਾਉਣ ਲਈ, ਹੁਕਮ ਕੀਤਾ।

ਨਹੀਂ ਇਹ ਪਸੰਦ ਨਹੀਂ ਥੜਾ ਮੈਨੂੰ, ਢਾਅ ਕੇ ਫੇਰ ਬਣਾਉਣ ਲਈ, ਹੁਕਮ ਕੀਤਾ।
ਭਾਈ ਰਾਮਾ ਜੀ ਅੱਕ ਕੇ ਕਹਿਣ ਲੱਗੇ, ਤੁਸਾਂ ਸਾਨੂੰ ਖਿਝਾਉਣ ਲਈ, ਹੁਕਮ ਕੀਤਾ।
ਬਿਰਧ ਉਮਰ ਕਰਕੇ, ਤੁਸੀਂ ਭੁੱਲ ਜਾਂਦੇ, ਪਹਿਲਾਂ ਜਿੱਦਾਂ ਬਣਾਉਣ ਲਈ, ਹੁਕਮ ਕੀਤਾ।
ਹਰ ਵਾਰੀ ਬਣਾਵਾਂ ਮੈਂ ਥੜਾ ਓਦਾਂ, ਜਿਦਾਂ ਤੁਸੀਂ ਬਣਾਉਣ ਲਈ ਹੁਕਮ ਕੀਤਾ।

ਭਾਈ ਜੇਠੇ ਨੂੰ ਕਿਹਾ ਜਦ ਸਤਿਗੁਰਾਂ ਨੇ, ਕਹਿੰਦਾ ਬੜਾ ਮੈਂ ਤਾਂ ਭੁੱਲਣਹਾਰ ਦਾਤਾ।
ਹਰ ਵਾਰੀ ਹੋ ਤੁਸੀਂ ਤਾਂ ਠੀਕ ਦੱਸਦੇ, ਮੈਂ ਹੀ ਭੁਲ ਜਾਂਦਾ ਹਰ ਵਾਰ ਦਾਤਾ।
ਟੇਢਾ ਮੇਢਾ ਬਣ ਜਾਂਦਾ ਏ ਥੜਾ ਮੈਥੋਂ, ਢਾਹ ਕੇ ਦੇਂਦਾ ਹਾਂ ਫੇਰ ਉਸਾਰ ਦਾਤਾ।
ਵਾਰ ਵਾਰ ਮੈਂ ਗਲਤੀ ਤੇ ਕਰਾਂ ਗਲਤੀ, ਤੁਸੀਂ ਬਖ਼ਸ ਦੇਂਦੇ ਹਰ ਵਾਰ ਦਾਤਾ।

ਓਨੀ ਵਾਰ ਹੀ ਥੜਾ ਬਣਾਊਂ ਮੈਂ ਤਾਂ, ਹੁਕਮ ਕਰੋਗੇ ਜਿੰਨੀ ਵੀ ਵਾਰ ਦਾਤਾ।
ਤੁਸੀਂ ਦਿਆਲੂ ਕਿਰਪਾਲੂ ਹੋ ਪਾਤਸ਼ਾਹ ਜੀ, ਕੀਤੀ ਮੇਰੇ ’ਤੇ ਰਹਿਮਤ ਅਪਾਰ ਦਾਤਾ।
ਹੁਕਮ ਮੰਨ ਕੇ ਸੇਵਾ ਮੈਂ ਰਹਾਂ ਕਰਦਾ, ਸਾਰੀ ਉਮਰ ਕਰਾਈਂ ਇਹ ਕਾਰ ਦਾਤਾ।
(ਪਰ) ਥੜਾ ਬਣਨਾ ਏ ਵਧੀਆ ਤੇ ਸਾਫ ਸੁਥਰਾ, ਥੋੜੀ ਮਿਹਰ ਦੇ ਨਾਲ ਦਾਤਾਰ ਦਾਤਾ।

ਸੁਣ ਕੇ ਬਚਨ ਇਹ ਜੇਠੇ ਦੇ ਮੁੱਖ ਵਿੱਚੋਂ, ਸਤਿਗੁਰ ਆਖਿਆ ਵਜਦ ਵਿੱਚ ਆ ਕੇ ਤੇ।
ਸਿੱਖਾ, ਸੇਵਾ ਦੀ ਸਿੱਖੀ ਤੂੰ ਜਾਚ ਪੂਰੀ, ਵਾਰ ਵਾਰ ਇਹ ਥੜਾ ਬਣਾ ਕੇ ਤੇ।
ਥੜਾ ਨਹੀਂ, ਤੂੰ ਤਖ਼ਤ ਬਣਾ ਰਿਹਾ ਸੀ, ਸੇਵਾ, ਸਿਮਰਨ ਦੀ ਮਿਹਨਤ ਲਗਾ ਕੇ ਤੇ।
ਤੇਰੀ ਸੇਵਾ ਨੇ ਕੀਤਾ ਏ ਵੱਸ ਮੈਨੂੰ, ਗੁਰਾਂ ਆਖਿਆ ਸੀਨੇ ਲਗਾ ਕੇ ਤੇ।

ਇਹ ਹੈ ਗੁਰੂ ਦੀ ਗੱਦੀ ਦਾ ਅਸਲ ਵਾਰਸ, ਕਿਹਾ ਸੰਗਤ ਨੂੰ ਗੁਰਾਂ ਸੁਣਾ ਕੇ ਤੇ।
ਬਾਬੇ ਬੁੱਢੇ ਤੋਂ ਜੇਠੇ ਨੂੰ ਉਸੇ ਵੇਲੇ, ਗੁਰ ਗੱਦੀ ਦਾ ਤਿਲਕ ਲਗਵਾ ਕੇ ਤੇ।
ਪੰਜ ਪੈਸੇ ਤੇ ਨਾਰੀਅਲ ਰੱਖ ਅੱਗੇ, ਮੱਥਾ ਟੇਕਿਆ ਸੀਸ ਨਿਵਾ ਕੇ ਤੇ।
ਨਦਰੀ ਨਦਰਿ ਸੀ ਕੀਤਾ ਨਿਹਾਲ ‘ਜਾਚਕ’, ਭਾਈ ਜੇਠੇ ਨੂੰ ‘ਗੁਰੂ’ ਬਣਾ ਕੇ ਤੇ।

# ਸ੍ਰੀ ਗੁਰੂ ਅਰਜਨ ਦੇਵ ਜੀ

ਤੀਜੇ ਪਾਤਸ਼ਾਹ ਭਾਨੀ ਨੂੰ ਕਿਹਾ ਇਕ ਦਿਨ, ਅਰਜਨ ਹੈ ਤੇਰਾ ਹੋਣਹਾਰ ਬਾਲਕ।
ਸਾਡੀ ਪੱਗ ਦੀ ਰੱਖੂਗਾ ਲਾਜ ਇਹ ਤਾਂ, ਦੁਨੀਆਂ ਵਿੱਚ ਇਹ ਪਾਊ ਸਤਿਕਾਰ ਬਾਲਕ।
ਰਹੂ ਸਦਾ ਹੀ ਰੱਬੀ ਰਜ਼ਾ ਅੰਦਰ, ਹੋਊ ਸ਼ਾਂਤੀ ਦਾ ਇਹ ਅਵਤਾਰ ਬਾਲਕ।
ਘੋਰ ਸੰਕਟ ਤੇ ਦੁੱਖ ਮੁਸੀਬਤਾਂ ਨੂੰ, ਖਿੜੇ ਮੱਥੇ ਇਹ ਲਊ ਸਹਾਰ ਬਾਲਕ।

ਬਹਿਕੇ ਤੀਸਰੇ ਪਾਤਸ਼ਾਹ ਪਾਸ ਸੰਗਤਾਂ, ਸੁਣ ਰਹੀਆਂ ਸਨ, ਦੀਨ ਦਇਆਲ ਤਾਂਈਂ।
ਬਾਲ ਅਰਜਨ ਵੀ ਰਿੜਦੇ ਹੋਏ ਕੋਲ ਪਹੁੰਚੇ, ਗੁਰਾਂ ਲਿਆ ਸੀ ਗੋਦੀ ਵਿੱਚ ਲਾਲ ਤਾਂਈਂ।
'ਦੋਹਿਥਾ ਬਾਣੀ ਕਾ ਬੋਹਿਥਾ' ਕਹਿ ਮੁੱਖੋਂ, ਵਰ ਦਿੱਤਾ ਸੀ ਨੰਨ੍ਹੇ ਜਿਹੇ ਬਾਲ ਤਾਂਈਂ।
ਨਦਰੀ ਨਦਰਿ ਸੀ ਕਰ ਨਿਹਾਲ ਦਿੱਤਾ, ਭਾਈ ਜੇਠੇ ਦੇ ਨੌਨਿਹਾਲ ਤਾਂਈਂ।

ਭਾਈ ਜੇਠੇ ਦੇ ਲਾਡਲੇ ਲਾਲ ਹੈਸਨ, ਮਾਤਾ ਭਾਨੀ ਦੇ ਜਾਏ ਸਨ ਬਾਲ ਅਰਜਨ।
ਨਾਨਾ ਗੁਰੂ ਦੀ ਗੋਦ 'ਚ ਖੇਡ ਖੇਡਾਂ, ਮੁਢਲੇ ਸਾਲ ਬਿਤਾਏ ਸਨ ਬਾਲ ਅਰਜਨ।
ਸਮੇਂ ਸਮੇਂ 'ਤੇ ਨਿਕੜੀ ਉਮਰ ਅੰਦਰ, ਵਰ ਝੋਲੀ ਪੁਆਏ ਸਨ ਬਾਲ ਅਰਜਨ।
ਗੁਰਮਤਿ ਅਤੇ ਗੁਰਬਾਣੀ ਦੀ ਮਿਲੀ ਗੁੜ੍ਹਤੀ, ਆਏ ਧੁਰੋਂ ਵਰੋਸਾਏ ਸਨ ਬਾਲ ਅਰਜਨ।

ਸਹਜ ਅਵੱਸਥਾ 'ਚ ਸ਼ੁਰੂ ਤੋਂ ਰਹੇ ਉਹ ਤਾਂ, ਰੱਬੀ ਰੰਗ 'ਚ ਰੰਗੇ ਸਨ ਬਾਲ ਅਰਜਨ।
ਭਾਵੇਂ ਸਭ ਭਰਾਵਾਂ ਤੋਂ ਸਨ ਛੋਟੇ, ਐਪਰ ਸਭ ਤੋਂ ਚੰਗੇ ਸਨ ਬਾਲ ਅਰਜਨ।
ਬਾਬਾ ਬੁੱਢਾ ਤੇ ਭਾਈ ਗੁਰਦਾਸ ਜੀ ਦੇ, ਰਹੇ ਸਦਾ ਹੀ ਸੰਗੇ ਸਨ ਬਾਲ ਅਰਜਨ।
ਪਰ ਪ੍ਰਿਥੀ ਚੰਦ ਦੇ ਸ਼ੁਰੂ ਤੋਂ ਈਰਖਾ ਦੇ, ਜ਼ਹਿਰੀ ਡੰਗਾਂ ਨਾਲ ਡੰਗੇ ਸਨ ਬਾਲ ਅਰਜਨ।

ਸਮੇਂ ਸਮੇਂ ਉਤੇ ਪੰਚਮ ਪਾਤਸ਼ਾਹ 'ਤੇ, ਦੁੱਖ ਮੁਸੀਬਤਾਂ ਦੇ ਘੋਰ ਆਏ ਸੰਕਟ।
ਗੱਦੀ ਬੈਠਣ ਤੋਂ ਪਹਿਲਾਂ ਹੀ ਕਈ ਵਾਰੀ, ਗੁਰੂ ਦੋਖੀ ਸਨ ਕਈ ਲਿਆਏ ਸੰਕਟ।
ਕੀਤੀ ਗਈ ਸੀ ਜਦੋਂ ਦਸਤਾਰ ਬੰਦੀ, ਕਾਲੀ ਘਟਾ ਦੇ ਵਾਂਗ ਸਨ ਛਾਏ ਸੰਕਟ।
ਪ੍ਰਿਥੀ ਚੰਦ ਨੇ ਚੱਲੀਆਂ ਸਦਾ ਚਾਲਾਂ, ਛੋਟੇ ਭਾਈ ਦੇ ਗਲ ਪੁਆਏ ਸੰਕਟ।

ਜ਼ਿੰਮੇਵਾਰੀ ਗੁਰਿਆਈ ਦੀ ਮਿਲੀ ਉਹਨੂੰ, ਗੁਰੂ ਨਜ਼ਰ 'ਚ ਹੋਇਆ ਪ੍ਰਵਾਨ ਜਿਹੜਾ।
ਕੰਵਲ ਫੁੱਲ ਦੇ ਵਾਂਗ ਨਿਰਲੇਪ ਰਹਿਕੇ, ਗ੍ਰਿਹਸਤੀ ਜੀਵਨ 'ਚ ਪੂਰਨ ਇਨਸਾਨ ਜਿਹੜਾ।
ਸੇਵਾ ਸਿਮਰਨ ਨੂੰ ਜੀਵਨ ਦੇ ਵਿੱਚ ਧਾਰੇ, ਗੁਣਾਂ ਨਾਲ ਭਰਪੂਰ ਗੁਣਵਾਨ ਜਿਹੜਾ।
ਹਰ ਇਕ ਨੂੰ ਵਿਰਸੇ 'ਚ ਨਹੀਂ ਮਿਲਦਾ, ਗੁਰੂ ਅਰਜਨ ਨੂੰ ਮਿਲਿਆ ਸਨਮਾਨ ਜਿਹੜਾ।

ਗੁਰੂ ਨਾਨਕ ਦੀ ਗੱਦੀ 'ਤੇ ਬੈਠ ਕੇ ਤੇ, ਕਰਦੇ ਗੁਰਮਤਿ ਦਾ ਰਹੇ ਪ੍ਰਚਾਰ ਸਤਿਗੁਰ।
ਚੜ੍ਹ ਪੈਂਦਾ ਗਿਆਨ ਦਾ ਕੋਈ ਸੂਰਜ, ਕਰਦੇ ਸੰਗਤ ਨਾਲ ਜਦੋਂ ਵਿਚਾਰ ਸਤਿਗੁਰ।
ਸੁੱਚੀ ਕਿਰਤ ਵਿੱਚ ਅੰਮ੍ਰਿਤ ਦੇ ਘੁੱਟ ਹੁੰਦੇ, ਕਹਿੰਦੇ ਸੰਗਤਾਂ ਨੂੰ ਬਾਰੰਬਾਰ ਸਤਿਗੁਰ।
ਕਰਨੇ ਚਾਹੀਦੇ ਸੇਵਾ ਨਾਲ ਹੱਥ ਸੁੱਚੇ, ਇਹ ਵੀ ਕਹਿੰਦੇ ਸਨ ਪੰਚਮ ਦਾਤਾਰ ਸਤਿਗੁਰ।

ਪੰਚਮ ਪਿਤਾ ਨੇ ਆਪਣੇ ਸਮੇਂ ਅੰਦਰ, ਗੁਰੂ ਘਰ ਤਿਆਰ ਕਰਵਾਏ ਸੋਹਣੇ।
ਦੁਖੀ ਮਨਾਂ ਨੂੰ ਸੁੱਖਾਂ ਦੀ ਮਨੀ ਦੇ ਕੇ, ਤਨ ਮਨ ਦੇ ਸੁੱਖ ਪਹੁੰਚਾਏ ਸੋਹਣੇ।
ਨਾਮ ਬਾਣੀ ਦੇ ਪਾਰਸ ਦੀ ਛੋਹ ਦੇ ਕੇ, ਪਾਪੀ ਹਿਰਦੇ ਸਨ ਪਾਵਨ ਬਣਾਏ ਸੋਹਣੇ।
ਕਥਨੀ ਕਰਨੀ ਨਾਲ ਧਰਮ ਪ੍ਰਚਾਰ ਕਰਕੇ, ਹਰ ਥਾਂ ਧਰਮ ਦੇ ਝੰਡੇ ਝੁਲਾਏ ਸੋਹਣੇ।

ਗੁਰੂਆਂ,ਭਗਤਾਂ ਤੇ ਗੁਰਸਿੱਖ ਪਿਆਰਿਆਂ ਦੀ,ਬਾਣੀ ਕੱਠੀ ਕਰਵਾਈ ਸੀ ਪਾਤਸ਼ਾਹ ਨੇ।
ਰਾਮਸਰ ਸਰੋਵਰ ਦੇ ਬਹਿ ਕੰਢੇ, ਸੁਰਤੀ ਬਿਰਤੀ ਲਗਾਈ ਸੀ ਪਾਤਸ਼ਾਹ ਨੇ।
ਹੱਥ ਭਾਈ ਗੁਰਦਾਸ ਦੇ ਕਲਮ ਦੇ ਕੇ, ਪਾਵਨ ਬਾਣੀ ਲਿਖਵਾਈ ਸੀ ਪਾਤਸ਼ਾਹ ਨੇ।
ਭਾਦੋਂ ਸੁਦੀ ਏਕਮ, ਅੰਮ੍ਰਿਤਸਰ ਅੰਦਰ, ਸਾਰੀ ਸੰਗਤ ਬੁਲਾਈ ਸੀ ਪਾਤਸ਼ਾਹ ਨੇ।

ਆਦਿ ਬੀੜ ਸੰਪੂਰਨ ਅੱਜ ਹੋਈ ਹੈਸੀ, ਸਿੱਖ ਗਏ ਸੱਦੇ ਖਾਸ ਖਾਸ ਏਥੇ।
ਦੂਰੋਂ ਦੂਰੋਂ ਸਨ ਪਹੁੰਚੀਆਂ ਸਿੱਖ ਸੰਗਤਾਂ, ਸ਼ਰਧਾ ਅਦਬ ਤੇ ਨਾਲ ਵਿਸ਼ਵਾਸ ਏਥੇ।
ਗੱਲ 'ਚ ਪਾ ਪੱਲਾ, ਪੰਚਮ ਪਾਤਸ਼ਾਹ ਨੇ, ਗੁਰੂ ਚਰਨਾਂ 'ਚ ਕੀਤੀ ਅਰਦਾਸ ਏਥੇ।
ਰਹਿਮਤ ਪੁਰਖ ਅਕਾਲ ਦੀ ਹੋਈ ਐਸੀ, ਕਾਰਜ ਸਾਰੇ ਹੀ ਹੋਏ ਨੇ ਰਾਸ ਏਥੇ।

ਬਾਬਾ ਬੁੱਢਾ ਜੀ ਸੀਸ 'ਤੇ ਬੀੜ ਰੱਖਕੇ, ਨੰਗੇ ਪੈਰੀਂ ਹਰੀਮੰਦਰ ਵੱਲ ਚੱਲ ਰਹੇ ਸੀ।
ਅੱਗੇ ਅੱਗੇ ਗੁਰਦਾਸ ਜੀ ਪਕੜ ਗੜਵਾ, ਛਿੜਕ ਜ਼ਮੀਨ ਉੱਤੇ ਪਾਵਨ ਜਲ ਰਹੇ ਸੀ।
ਆਪਣੀ ਪੱਗ ਦੇ ਪੱਲੂ ਨਾਲ ਭਾਈ ਬੰਨੋ, ਕਰ ਸਾਫ ਰਸਤਾ ਪਲੋ ਪਲ ਰਹੇ ਸੀ।
ਸੰਗਤਾਂ ਸ਼ਬਦ ਗੁਰਬਾਣੀ ਦੇ ਪੜ੍ਹੀ ਜਾਵਨ, ਪੰਚਮ ਪਾਤਸ਼ਾਹ ਜੀ ਚੌਰ ਝੱਲ ਰਹੇ ਸੀ।

ਹਰੀਮੰਦਰ ਸਜਾ ਕੇ 'ਬੀੜ' ਸਾਹਿਬ, ਜਦ ਪ੍ਰਕਾਸ਼ ਕਰਵਾਇਆ ਸੀ ਗੁਰੂ ਅਰਜਨ।
ਰਿਦਾ ਗੁਰੂ ਦਾ ਜਾਨੋਂ ਗਰੰਥ ਅੰਦਰ, ਆਪਣੇ ਮੁੱਖੋਂ ਫੁਰਮਾਇਆ ਸੀ ਗੁਰੂ ਅਰਜਨ।
ਪੋਥੀ ਸਾਹਿਬ ਸਜਾ ਕੇ ਤਖ਼ਤ ਉੱਤੇ, ਥੱਲੇ ਆਸਨ ਲਗਾਇਆ ਸੀ ਗੁਰੂ ਅਰਜਨ।
ਬਾਬਾ ਬੁੱਢਾ ਜੀ ਤਾਂਈਂ ਸਨਮਾਨ ਦੇ ਕੇ, ਮੁੱਖ ਗ੍ਰੰਥੀ ਬਣਾਇਆ ਸੀ ਗੁਰੂ ਅਰਜਨ।

ਚੜ੍ਹਦੀ ਕਲਾ 'ਚ ਸਿੱਖੀ ਨੂੰ ਤੱਕ ਕੇ ਤੇ, ਧੁਰ ਅੰਦਰੋਂ ਖਾਧੀ ਸੀ ਖਾਰ ਦੁਸ਼ਟਾਂ।
ਇਹਨੂੰ ਸਦਾ ਲਈ ਜੜ੍ਹਾਂ ਤੋਂ ਖਤਮ ਕਰਨੈ, ਇਹ ਸੀ ਰੱਖਿਆ ਦਿਲਾਂ 'ਚ ਧਾਰ ਦੁਸ਼ਟਾਂ।
ਸੋਚ ਸਮਝ ਕੇ ਗੁੰਦੀਆਂ ਸਨ ਗੋਂਦਾਂ, ਗੁਰੂ ਘਰ 'ਤੇ ਕਰਨ ਲਈ ਵਾਰ ਦੁਸ਼ਟਾਂ।
ਸ਼ੇਖ ਅਹਿਮਦ ਸਰਹੰਦੀ ਤੇ ਮੁਰਤਜ਼ਾ ਜਿਹੇ, ਕੱਟੜ ਪੰਥੀ ਸਨ ਕੀਤੇ ਤਿਆਰ ਦੁਸ਼ਟਾਂ।

ਜਹਾਂਗੀਰ ਪਿਆਲੇ ਜਦ ਪੀ ਉਧਰ, ਡੁੱਬ ਚੁੱਕਾ ਸੀ ਨਸ਼ੇ ਸ਼ਰਾਬ ਅੰਦਰ।
ਗੁਰੂ ਘਰ ਦੇ ਦੋਖੀਆਂ ਤਾੜ ਮੌਕਾ, ਜ਼ਹਿਰ ਭਰੀ ਸੀ ਉਦੋਂ ਜਨਾਬ ਅੰਦਰ।
ਅਰਜਨ ਨਾਮ ਦਾ ਇਕ ਚਲਾਕ ਸਾਧੂ, ਖੋਲੀ ਬੈਠੈ ਦੁਕਾਨ ਪੰਜਾਬ ਅੰਦਰ।
ਕੀਤੀ ਗਈ ਇਸਲਾਮ ਦੀ ਨਿੰਦਿਆ ਹੈ, ਉਹਦੀ ਲਿਖੀ ਹੋਈ ਖ਼ਾਸ ਕਿਤਾਬ ਅੰਦਰ।

ਉਹਨੇ ਗੁਰਾਂ ਦੇ ਕਤਲ ਦਾ ਹੁਕਮ ਦਿੱਤਾ, ਕਰਮ ਧਰਮ ਤੇ ਦੀਨ ਇਮਾਨ ਛੱਡ ਕੇ।
ਚੱਲ ਪਏ ਲਾਹੌਰ ਦੇ ਵੱਲ ਸਤਿਗੁਰ, ਪਾਵਨ ਗੁਰੂ ਕੀ ਨਗਰੀ ਮਹਾਨ ਛੱਡ ਕੇ।
ਚਿਹਰੇ ਫੁੱਲਾਂ ਦੇ ਗਏ ਮੁਰਝਾ ਓਦੋਂ, ਮਾਲੀ ਜਾ ਰਿਹਾ ਸੀ ਗੁਲਿਸਤਾਨ ਛੱਡ ਕੇ।
ਪੀ ਕੇ ਜਾਮਿ ਸ਼ਹਾਦਤ ਅਲੋਪ ਹੋ ਗਏ, ਵੱਸਦਾ ਰੱਸਦਾ 'ਜਾਚਕ' ਜਹਾਨ ਛੱਡ ਕੇ।

# ਉੱਚੀ ਸੁੱਚੀ ਕੁਰਬਾਨੀ

ਗੁਰੂ ਨਾਨਕ ਨੇ ਪਾਏ ਜੋ ਪੂਰਨੇ ਸੀ, ਤੁਰੇ ਉਸੇ ਹੀ ਲੀਹੇ ਸਨ ਗੁਰੂ ਅਰਜਨ।
ਧੁਰ ਕੀ ਬਾਣੀ ਦਾ ਕੀਤਾ ਪ੍ਰਚਾਰ ਜੀਹਨਾਂ, ਧੁਰੋਂ ਭੇਜੇ ਮਸੀਹੇ ਸਨ ਗੁਰੂ ਅਰਜਨ।
ਯਾਸਾ ਤਹਿਤ ਜੋ ਸਾਰੇ ਸਨ ਗਏ ਦਿਤੇ, ਸਹਿੰਦੇ ਰਹੇ ਤਸੀਹੇ ਸਨ ਗੁਰੂ ਅਰਜਨ।
ਚੱਕੀ ਸੰਕਟਾਂ ਦੀ ਸਦਾ ਰਹੀ ਚੱਲਦੀ, ਪੀਹਣ ਦੁਖਾਂ ਦੇ ਪੀਹੇ ਸਨ ਗੁਰੂ ਅਰਜਨ।

ਸੀਰਤ ਸੂਰਤ ਸੀ ਪ੍ਰਭੂ ਰਸ ਰੰਗ ਭਿੱਜੀ, ਬਚਪਨ ਬਿਆਸਾ ਦੇ ਕੰਢੇ ਗੁਜ਼ਾਰਿਆ ਸੀ।
ਤੀਖਣ ਬੁੱਧੀ ਦੇ ਸ਼ੁਰੂ ਤੋਂ ਸਨ ਮਾਲਕ, ਸਦਾ ਦੁਧ 'ਚੋਂ ਪਾਣੀ ਨਿਤਾਰਿਆ ਸੀ।
ਜ਼ੁਲਮੀ ਝੱਖੜ ਨਾ ਕੁਝ ਵਿਗਾੜ ਸਕੇ, ਪੱਕਾ ਸਿੱਖੀ ਦਾ ਮਹਿਲ ਉਸਾਰਿਆ ਸੀ।
ਉੱਚੀ ਸੁੱਚੀ ਕੁਰਬਾਨੀ ਸੀ ਜਦੋਂ ਦਿਤੀ, ਸਬਰ ਜਿੱਤਿਆ ਤੇ ਜਬਰ ਹਾਰਿਆ ਸੀ।

# ਚਿੱਠੀਆਂ ਲਿਖ ਸਤਿਗੁਰ ਵੱਲ ਪਾਈਆਂ

ਸਿਹਾਰੀ ਮੱਲ ਨੇ ਬੇਨਤੀ ਆਣ ਕੀਤੀ, ਮੇਰੇ ਪੁੱਤਰ ਦਾ ਹੈ ਵਿਆਹ ਸਤਿਗੁਰ।
ਸ਼ਾਮਲ ਹੋਣਾ ਏ ਤੁਸਾਂ ਨੇ ਪਾਤਸ਼ਾਹ ਜੀ, ਮੇਰੇ ਮਨ ਦੀ ਇਹੋ ਹੈ ਚਾਹ ਸਤਿਗੁਰ।
ਚਰਨ ਪਾਉ ਹੁਣ ਤੁਸੀਂ ਲਾਹੌਰ ਅੰਦਰ, ਚਲੂ ਬਾਣੀ ਦਾ ਨਾਲੇ ਪ੍ਰਵਾਹ ਸਤਿਗੁਰ।
ਏਧਰ ਖੇਚਲ ਤੋਂ ਉਹਨੂੰ ਬਚਾਉਣ ਦੇ ਲਈ, ਲਭ ਰਹੇ ਸਨ ਢੁਕਵਾਂ ਰਾਹ ਸਤਿਗੁਰ।

ਕਾਫੀ ਸੋਚ ਵਿਚਾਰ ਕੇ ਕਿਹਾ ਦਾਤੇ, ਤਿੰਨਾਂ ਵਿੱਚੋਂ ਲਾਹੌਰ ਕੋਈ ਜਾਊ ਪੁੱਤਰ।
ਸ਼ਾਮਲ ਹੋਏਗਾ ਏਸ ਵਿਆਹ ਅੰਦਰ, ਸਾਕ ਸਬੰਧੀਆਂ ਨੂੰ ਮਿਲ ਆਊ ਪੁੱਤਰ।
ਪ੍ਰਿਥੀ ਚੰਦ ਨੇ ਸਾਫ ਸੀ ਨਾਂਹ ਕੀਤੀ, ਮਹਾਂਦੇਵ ਸੀ ਕੰਮ ਚਲਾਊ ਪੁੱਤਰ।
ਆਖਰ ਗੁਰਾਂ ਨੇ ਕਿਹਾ ਲਾਹੌਰ ਜਾਊ, ਅਰਜਨ ਮੱਲ ਜੋ ਮੇਰਾ ਏ ਸਾਊ ਪੁੱਤਰ।

ਭਾਵੇਂ ਉਮਰ ’ਚ ਛੋਟੇ ਸਨ ਸਾਰਿਆਂ ਤੋਂ, ਐਪਰ ਗੁਣਾਂ ਦੇ ਸੀ ਭੰਡਾਰ ਅਰਜਨ।
ਹੁਕਮ ਮੰਨਿਆਂ ਗੁਰਾਂ ਦਾ ਖਿੜੇ ਮੱਥੇ, ਕਿਉਂਕਿ ਸ਼ੁਰੂ ਤੋਂ ਸੀ ਆਗਿਆਕਾਰ ਅਰਜਨ।
ਮਾਤਾ ਭਾਨੀ ਨੇ ਪਾਵਨ ਅਸੀਸ ਦਿੱਤੀ, ਵੱਧ ਫੁਲ ਤੂੰ ਵਿੱਚ ਸੰਸਾਰ ਅਰਜਨ।
ਗੁਰੂ ਪਿਤਾ ਜੋ ਦਿੱਤਾ ਆਦੇਸ਼ ਤੈਨੂੰ, ਜਾ ਕੇ ਕਰੀਂ ਤੂੰ ਧਰਮ ਪ੍ਰਚਾਰ ਅਰਜਨ।

ਕਿਹਾ ਪੁੱਤ ਨੇ ਸੀਸ ਝੁਕਾ ਕੇ ਤੇ, ਮੈਂ ਲਾਹੌਰ ਹੁਣ ਜਾਊਂਗਾ, ਪਿਤਾ ਜੀਉ।
ਮੈਨੂੰ ਤੁਸਾਂ ਨੇ ਕੀਤੈ ਜੋ ਹੁਕਮ ਪਾਵਨ, ਉਸ ’ਤੇ ਫੁੱਲ ਚੜਾਊਂਗਾ, ਪਿਤਾ ਜੀਉ।
ਓਥੇ ਰਹਿੰਦੀਆਂ ਗੁਰੂ ਕੀਆਂ ਸੰਗਤਾਂ ਦਾ, ਦੁਖ ਦਰਦ ਵੰਡਾਊਂਗਾ, ਪਿਤਾ ਜੀਉ।
ਹੁਕਮ ਕਰੋਗੇ ਜਦੋਂ ਵੀ ਆਉਣ ਬਾਰੇ, ਵਾਪਸ ਉਦੋਂ ਹੀ ਆਊਂਗਾ, ਪਿਤਾ ਜੀਉ।

ਜਿਉਂਦਾ ਰਹਿ ਬੇਟਾ, ਸੀਨੇ ਠੰਢ ਪਾਈ, ਮੁੱਖ ਵਿੱਚੋਂ ਫੁਰਮਾਇਆ ਸੀ ਪਾਤਸ਼ਾਹ ਨੇ।
ਵਰ੍ਹਦੇ ਰਹਿਣ ਬੱਦਲ ਸਦਾ ਰਹਿਮਤਾਂ ਦੇ, ਏਦਾਂ ਆਖ ਸੁਣਾਇਆ ਸੀ ਪਾਤਸ਼ਾਹ ਨੇ।
ਹੁਕਮ ਮੰਨਣਾ, ਭਾਣੇ ਦੇ ਵਿੱਚ ਰਹਿਣਾ, ਇਹ ਵੀ ਮੁੱਖੋਂ ਅਲਾਇਆ ਸੀ ਪਾਤਸ਼ਾਹ ਨੇ।
ਆਉਣ ਵਾਲੜੇ ਕੱਲ੍ਹ ਦਾ ਆਖ ਸੂਰਜ, ਸੀਨੇ ਨਾਲ ਲਗਾਇਆ ਸੀ ਪਾਤਸ਼ਾਹ ਨੇ।

ਹੋ ਕੇ ਸ਼ਾਮਲ ਵਿਆਹ ਵਿੱਚ ਖਿੜੇ ਮੱਥੇ, ਸਭ ਨੂੰ ਹੱਸ ਕੇ ਮਿਲਿਆ ਸੀ ਸਾਹਿਬਜ਼ਾਦਾ।
ਉਥੇ ਆਏ ਜਿਹੜੇ ਰਿਸ਼ਤੇਦਾਰ ਹੈਸਨ, ਸਭ ਨੂੰ ਮਿਲਿਆ ਤੇ ਗਿਲਿਆ ਸੀ ਸਾਹਿਬਜ਼ਾਦਾ।
ਨਾਮ ਬਾਣੀ ਚ ਹਰਦਮ ਲੀਨ ਰਹਿਕੇ, ਸੇਵਾ ਸਿਮਰਨ ’ਚ ਹਿਲਿਆ ਸੀ ਸਾਹਿਬਜ਼ਾਦਾ।
ਦਰਸ਼ਨ ਕਰਕੇ ਉਥੋਂ ਦੀਆਂ ਸੰਗਤਾਂ ਦੇ, ਕਮਲ ਵਾਂਗਰਾਂ ਖਿਲਿਆ ਸੀ ਸਾਹਿਬਜ਼ਾਦਾ।

ਸੋਨੇ ਉਤੇ ਸੁਹਾਗੇ ਦਾ ਕੰਮ ਹੋਇਆ, ਆਏ ਜਦੋਂ ਅਰਜਨ ਧਰਮਸਾਲ ਅੰਦਰ।
ਲੱਗਣ ਲੱਗ ਪਏ ਪਾਵਨ ਦੀਵਾਨ ਸੋਹਣੇ, ਕੀਰਤਨ ਕਰਨ ਲੱਗੇ ਸੁਰ ਤਾਲ ਅੰਦਰ।
ਕਈ ਮਹੀਨੇ ਜਦ ਬੀਤ ਗਏ ਵਿਛੜਿਆਂ ਨੂੰ, ਉੱਠਣ ਲੱਗ ਪਏ ਕਈ ਭੁਚਾਲ ਅੰਦਰ।
ਆਖਰ ਹੋ ਕੇ ਬ੍ਰਿਹੋਂ ਦੇ ਵਿੱਚ ਬਿਹਬਲ, ਚਿੱਠੀ ਪਾਈ ਲਿਖ ਕੇ ਸਾਰਾ ਹਾਲ ਅੰਦਰ।

ਮੋਹ ਭਿੱਜੇ ਸਨ ਏਦਾਂ ਕੁਝ ਲਿਖੇ ਅੱਖਰ, ਸਹਿ ਨਹੀਂ ਹੁੰਦਾ ਵਿੱਛੋੜੇ ਦਾ ਦੁੱਖ ਦਾਤਾ।
ਮਨ ਲੋਚਦਾ ਆਪ ਦੇ ਦਰਸ਼ਨਾਂ ਨੂੰ, ਚਾਹਵਾਂ ਵੇਖਣਾ ਆਪ ਦਾ ਮੁੱਖ ਦਾਤਾ।
ਰੋਮ ਰੋਮ ਅੰਦਰ ਕਾਫੀ ਸਮੇਂ ਤੋਂ ਹੀ, ਅੱਗ ਬਿਰਹੋਂ ਦੀ ਰਹੀ ਏ ਧੁੱਖ ਦਾਤਾ।
ਤੜਪ ਰਿਹਾ ਹਾਂ ਚਾਤ੍ਰਿਕ ਵਾਂਗ ਹਰਦਮ, ਭੇਜੋ ਹੁਕਮ ਤਾਂ ਹੋਵਾਂ ਸਨਮੁੱਖ ਦਾਤਾ।

ਚਿੱਠੀ ਲੈ ਕੇ ਗੁਰਾਂ ਦਾ ਇਕ ਸੇਵਕ, ਅੰਮ੍ਰਿਤਸਰ ਦੇ ਵੱਲ ਰਵਾਨ ਹੋਇਆ।
ਪਹੁੰਚ ਗਿਆ ਉਹ ਮੰਜ਼ਲਾਂ ਮਾਰਕੇ ਤੇ, ਸਾਰੇ ਰਾਹ ਹੀ ਅੰਤਰ ਧਿਆਨ ਹੋਇਆ।
ਸਜੇ ਹੋਏ ਸਨ ਆਸਨ ’ਤੇ ਪਾਤਸ਼ਾਹ ਜੀ, ਸੋਹਣਾ ਲੱਗਾ ਸੀ ਪਾਵਨ ਦੀਵਾਨ ਹੋਇਆ।
ਪ੍ਰਿਥੀ ਚੰਦ ਨੂੰ ਚਿੱਠੀ ਉਹ ਦੇ ਕੇ ਤੇ, ਵਾਪਸ ਮੁੜ ਪਿਆ ਬੇਧਿਆਨ ਹੋਇਆ।

ਕਾਫੀ ਸਮਾਂ ਨਾ ਜਦੋਂ ਜੁਆਬ ਆਇਆ, ਗੁਰੂ ਪਿਤਾ ਵੱਲ ਦੂਸਰੀ ਪਾਈ ਚਿੱਠੀ।
ਦਰਸ਼ਨ ਕੀਤਿਆਂ ਨੂੰ ਕਾਫੀ ਸਮਾਂ ਹੋਇਆ, ਨਾ ਕੋਈ ਸੱਦਾ ਨਾ ਆਪ ਤੋਂ ਆਈ ਚਿੱਠੀ।
ਗੁਰੂ ਪਿਤਾ ਨੂੰ, ਦਿਲ ਦਾ ਦਰਦ ਲਿਖਕੇ, ਸੇਵਾਦਾਰ ਨੂੰ ਆਖਰ ਫੜਾਈ ਚਿੱਠੀ।
ਪ੍ਰਿਥੀ ਚੰਦ ਨੇ ਚੱਲ ਕੇ ਚਾਲ ਕੋਝੀ, ਬ੍ਰਿਹੋਂ ਭਰੀ ਇਹ ਫੇਰ ਲੁਕਾਈ ਚਿੱਠੀ।

ਘਰ ਦਾ ਬੰਦਾ ਜੇ ਘਰ ਨੂੰ ਸੰਨ੍ਹ ਲਾਵੇ, ਕਿਸ ਦੇ ਨਾਂ ਤੇ ਚੋਰੀ ਇਹ ਮੜ੍ਹੀ ਜਾਵੇ।
ਪ੍ਰਿਥੀ ਚੰਦ ਵੀ ਏਦਾਂ ਹੀ ਘਰ ਅੰਦਰ, ਚੋਰ ਵਾਂਗਰਾਂ ਚਿੱਠੀਆਂ ਫੜੀ ਜਾਵੇ।
ਫੋਕੇ ਹਉਮੇਂ ਹੰਕਾਰ ਦੇ ਛੱਡ ਗੋਲੇ, ਅੱਗ ਈਰਖਾ ਦੀ ਅੰਦਰ ਸੜੀ ਜਾਵੇ।
ਕਿਤੇ ਅਰਜਨ ਨੂੰ ਗੱਦੀ ਨਾ ਮਿਲ ਜਾਵੇ, ਦਿਨੇ ਰਾਤ ਉਹ ਸਾਜਿਸ਼ਾਂ ਘੜੀ ਜਾਵੇ।

ਹੁੰਦੀ ਵੱਡੀ ਏ ਸਜਾ ਉਡੀਕ ਵਾਲੀ, ਸਮਾਂ ਬੀਤਿਆ ਬੇਹਿਸਾਬ ਹੈਸੀ।
ਤੀਜਾ ਪੱਤਰ ਫਿਰ ਲਿਖਦਿਆਂ ਗੁਰਾਂ ਵੱਲੇ, ਵੱਗਿਆ ਨੈਣਾਂ ’ਚੋਂ ਰਾਵੀ ਚਨਾਬ ਹੈਸੀ।

ਹੁਣ ਤਾਂ ਰਾਤ ਨੂੰ ਕਦੇ ਨਾ ਨੀਂਦ ਆਵੇ, ਨਾ ਕੋਈ ਸੱਦ ਨਾ ਆਇਆ ਜਵਾਬ ਹੈਸੀ।
ਕਹਿਣਾ ਗੁਰਾਂ ਨੂੰ ਗੁਰਮੁਖਾ ਦੇ ਚਿੱਠੀ, ਅਰਜਨ ਮਿਲਣ ਲਈ ਬੜਾ ਬੇਤਾਬ ਹੈਸੀ।

ਬਿਨਾਂ ਜਲ ਤੋਂ ਮੱਛੀ ਜਿਉਂ ਤੜਪਦੀ ਏ, ਏਦਾਂ ਤੜਪਦੇ ਰਹੇ ਲਾਹੌਰ ਅੰਦਰ।
ਚੜ੍ਹਦੀ ਕਲਾ ਦਾ ਪੱਲਾ ਪਰ ਨਹੀਂ ਛੱਡਿਆ, ਉਨ੍ਹਾਂ ਮੁਸ਼ਕਲਾਂ ਭਰੇ ਇਸ ਦੌਰ ਅੰਦਰ।
ਗੁਰੂ ਪਿਤਾ ਲਈ ਧੁਰੋਂ ਸੀ ਖਿੱਚ ਏਦਾਂ, ਖਿੱਚ ਫੁੱਲ ਦੀ ਜਿਸ ਤਰ੍ਹਾਂ ਭੌਰ ਅੰਦਰ।
ਅੱਗ ਬਿਰਹੋਂ ਵਿਛੋੜੇ ਦੀ ਧੁਖ ਰਹੀ ਸੀ, ਧੁਰ ਕੀ ਬਾਣੀ ਦੇ ਕਵੀ ਸਿਰਮੌਰ ਅੰਦਰ।

ਜਾਂਦੇ ਸਾਰ ਉਸ ਗੁਰਾਂ ਨੂੰ ਟੇਕ ਮੱਥਾ, ਕਰ ਕਮਲਾਂ ਦੇ ਵਿੱਚ ਫੜਾਈ ਚਿੱਠੀ।
ਮੋਹ ਭਿੱਜੇ ਇਸ ਚਿੱਠੀ ਦੇ ਪੜ੍ਹ ਅੱਖਰ, ਗੁਰਾਂ ਚੁੰਮ ਕੇ ਸੀਨੇ ਨਾਲ ਲਾਈ ਚਿੱਠੀ।
ਪ੍ਰਿਥੀ ਚੰਦ ਨੂੰ ਪੁਛਿਆ ਸਤਿਗੁਰਾਂ ਨੇ, ਪਹਿਲੀ ਦੂਜੀ ਤੂੰ ਕਿਥੇ ਛੁਪਾਈ ਚਿੱਠੀ।
ਖੁਲ੍ਹ ਗਿਆ ਸੀ ਢੋਲ ਦਾ ਪੋਲ ਸਾਰਾ, ਗੁਰਾਂ ਜੇਬ 'ਚੋਂ ਜਦੋਂ ਕਢਵਾਈ ਚਿੱਠੀ।

ਉਸੇ ਵੇਲੇ ਹੀ ਗੁਰਾਂ ਲਾਹੌਰ ਵੱਲੇ, ਬਾਬੇ ਬੁੱਢੇ ਤੇ ਸਿੱਖਾਂ ਨੂੰ ਘੱਲਿਆ ਸੀ।
ਗੁਰੂ ਪਿਤਾ ਦਾ ਜਿਵੇਂ ਹੀ ਹੁਕਮ ਮਿਲਿਆ, ਅਰਜਨ ਮੱਲ ਲਾਹੌਰ ਤੋਂ ਚੱਲਿਆ ਸੀ।
ਵੱਡੇ ਭਾਗਾਂ ਨਾਲ ਗੁਰੂ ਮਿਲਾਪ ਹੋਇਆ, ਬੜਾ ਦੁੱਖ ਵਿਛੋੜੇ ਦਾ ਝੱਲਿਆ ਸੀ।
ਵੱਗਿਆ ਨੈਣੋਂ ਦਰਿਆ ਸੀ ਹੰਝੂਆਂ ਦਾ, ਠੱਲਣ ਨਾਲ ਵੀ ਜਾਂਦਾ ਨਾ ਠੱਲਿਆ ਸੀ।

ਪਾਸ ਹੋ ਗਿਆ ਸੀ ਇਮਤਿਹਾਨ ਵਿੱਚੋਂ, ਜੀਹਨੇ ਬਿਰਹੋਂ ਦਾ ਸੱਲ੍ਹ ਸਹਾਰਿਆ ਸੀ।
ਅਰਜਨ ਦੇਵ ਗੁਰਗੱਦੀ ਦਾ ਬਣੂ ਵਾਰਿਸ, ਦਿਲ ਹੀ ਦਿਲ 'ਚ ਗੁਰਾਂ ਵਿਚਾਰਿਆ ਸੀ।
ਏਸ ਸ਼ਬਦ ਨੂੰ ਕਰੋ ਹੁਣ ਤੁਸੀਂ ਪੂਰਾ, ਕਹਿਕੇ ਗੁਰਾਂ ਨੇ ਬੜਾ ਸਤਿਕਾਰਿਆ ਸੀ।
ਅਰਜਨ ਮੱਲ ਫਿਰ ਆਖਰੀ ਭਾਗ ਇਹਦਾ, ਪਾਵਨ ਮੁੱਖ ਦੇ ਵਿੱਚੋਂ ਉਚਾਰਿਆ ਸੀ।

ਦੈਵੀ ਗਿਆਨ ਦਾ ਤੱਕ ਭੰਡਾਰ ਅਰਜਨ, ਸੀਨੇ ਨਾਲ ਲਗਾਇਆ ਸੀ ਪਾਤਸ਼ਾਹ ਨੇ।
ਦੇਣ ਲਈ ਗੁਰਿਆਈ ਫਿਰ ਉਸੇ ਵੇਲੇ , ਆਪਣਾ ਮਨ ਬਣਾਇਆ ਸੀ ਪਾਤਸ਼ਾਹ ਨੇ।
ਬੂਟਾ ਚੰਦਨ ਦਾ ਘਰ 'ਚ ਤੱਕ ਕੇ ਤੇ,ਹਰ ਇਕ ਮਨ ਮਹਿਕਾਇਆ ਸੀ ਪਾਤਸ਼ਾਹ ਨੇ।
ਆਪਣੇ ਪੁੱਤਰ ਦੇ ਅੱਗੇ ਫਿਰ ਟੇਕ ਮੱਥਾ,'ਜਾਚਕ' ਗੁਰੂ ਬਣਾਇਆ ਸੀ ਪਾਤਸ਼ਾਹ ਨੇ।

# ਭਾਈ ਮੰਝ ਜੀ

ਸਖੀ ਸਰਵਰ ਦਾ ਸੇਵਕ ਸੀ ਮੰਝ ਪਹਿਲਾਂ, ਰੱਖਦਾ ਓਸ 'ਤੇ ਬੜਾ ਵਿਸ਼ਵਾਸ ਹੈਸੀ।
ਉਹਦੇ ਘਰ ਦੇ ਵਿੱਚ ਸੀ ਪੀਰਖਾਨਾ, ਮੁੱਖੀ ਉਨ੍ਹਾਂ ਦਾ ਇਹ ਤਾਂ ਖਾਸ ਹੈਸੀ।
ਐਪਰ ਦਿਲ ਦੀ ਸੱਧਰ ਨਾ ਹੋਈ ਪੂਰੀ, ਹੋ ਗਿਆ ਉਹ ਬੜਾ ਨਿਰਾਸ਼ ਹੈਸੀ।
ਦਾਤ ਸਿੱਖੀ ਦੀ ਲੈਣ ਦੇ ਲਈ ਆਖਰ, ਪੰਚਮ ਪਿਤਾ ਦੇ ਪਹੁੰਚਿਆ ਪਾਸ ਹੈਸੀ।

ਕਿਹਾ ਨਾਲ ਪਿਆਰ ਦੇ ਸਤਿਗੁਰਾਂ ਨੇ, ਗੁਰੂ ਦਰ 'ਤੇ ਕਿਉਂ ਤੂੰ ਆਣ ਲੱਗੈਂ।
ਮਿਲੀ ਹੋਈ ਤੂੰ ਸੁਖਾਂ ਦੀ ਸੇਜ ਛੱਡ ਕੇ, ਕਾਹਨੂੰ ਦੁੱਖਾਂ ਨੂੰ ਗਲ ਨਾਲ ਲਾਣ ਲੱਗੈਂ।
ਵੈਰੀ ਹੋ ਜਾਣੈ ਤੇਰਾ ਭਾਈਚਾਰਾ, ਕਸ਼ਟਾਂ ਵਾਲਾ ਕਿਉਂ ਰਾਹ ਅਪਣਾਣ ਲੱਗੈਂ।
ਔਖੀ ਘੜੀ ਤੇ ਮੁਸ਼ਕਲ ਏ ਬੜਾ ਪੈਂਡਾ, ਕਿਉਂ ਇਹਦੇ ਵੱਲ ਕਦਮ ਵਧਾਣ ਲੱਗੈਂ।

ਨਾਲ ਨਿਮਰਤਾ ਦੇ ਭਾਈ ਮੰਝ ਬੋਲੇ, ਆਪਣਾ ਮਨ ਬਣਾਇਆ ਮੈਂ ਪਾਤਸ਼ਾਹ ਜੀ।
ਸਭ ਕੁਝ ਸੋਚ ਵਿਚਾਰ ਤੇ ਪਰਖ ਕੇ ਤੇ, ਸੱਚਾ ਮਾਰਗ ਅਪਣਾਇਆ ਮੈਂ ਪਾਤਸ਼ਾਹ ਜੀ।
ਖਿੜ ਗਿਆ ਹਾਂ ਕਮਲ ਦੇ ਫੁੱਲ ਵਾਂਗੂੰ, ਪਹਿਲਾਂ ਸੀ ਮੁਰਝਾਇਆ ਮੈਂ ਪਾਤਸ਼ਾਹ ਜੀ।
ਮਿਹਰ ਕਰੋ ਤੇ ਸਿੱਖੀ ਦਾ ਦਾਨ ਬਖਸ਼ੋ, ਥੋਡੀ ਸ਼ਰਨ 'ਚ ਆਇਆ ਮੈਂ ਪਾਤਸ਼ਾਹ ਜੀ।

ਮਿਹਰਾਂ ਵਾਲੇ ਨੇ ਮਿਹਰ ਦੇ ਵਿੱਚ ਆ ਕੇ, ਸਿੱਖੀ ਦਾਨ ਉਹਦੀ ਝੋਲੀ ਪਾ ਦਿੱਤਾ।
ਘਰ ਆਉਂਦਿਆਂ ਸਾਰ ਹੀ ਮੰਝ ਜੀ ਨੇ, ਸਖੀ ਸਰਵਰ ਦੀ ਕਬਰ ਨੂੰ ਢਾਹ ਦਿੱਤਾ।
ਪਿੰਡ ਵਾਲਿਆਂ ਰੋਹ ਦੇ ਵਿੱਚ ਆ ਕੇ, ਪਿੰਡੋਂ ਬਾਹਰ ਦਾ ਰਸਤਾ ਦਿਖਾ ਦਿੱਤਾ।
ਭਾਈ ਮੰਝ ਨੇ ਸਿਦਕ ਦੇ ਵਿੱਚ ਰਹਿਕੇ, ਸਭ ਕੁਝ ਆਪਣਾ ਦਾਅ 'ਤੇ ਲਾ ਦਿੱਤਾ।

ਭਾਈ ਸਾਹਿਬ ਫਿਰ ਧਰਮ ਦੀ ਕਿਰਤ ਕਰਕੇ, ਘਰ ਬਾਰ ਦੇ ਤਾਂਈਂ ਚਲਾਉਣ ਲੱਗੇ।
ਸੇਵਾ ਸਿਮਰਨ ਸਚਾਈ ਦੇ ਚੱਲ ਮਾਰਗ, ਸੱਚੇ ਗੁਰੂ ਦਾ ਸ਼ੁਕਰ ਮਨਾਉਣ ਲੱਗੇ।
ਹੱਥੀਂ ਕਰ ਹਰੀਮੰਦਰ ਦੀ ਕਾਰ ਸੇਵਾ, ਜੀਵਨ ਆਪਣਾ ਲੇਖੇ ਵਿੱਚ ਲਾਉਣ ਲੱਗੇ।
ਕੱਟ ਵੱਢ ਕੇ ਜੰਗਲ 'ਚੋਂ ਲੱਕੜਾਂ ਨੂੰ, ਗੁਰੂ ਲੰਗਰਾਂ ਵਿੱਚ ਪੁਚਾਉਣ ਲੱਗੇ।

ਇਕ ਦਿਨ ਚੁੱਕ ਕੇ ਲੱਕੜਾਂ ਸਿਰ ਉੱਤੇ, ਪਰਤ ਰਿਹਾ ਸੀ ਗੁਰੂ ਦਰਬਾਰ ਵੱਲੇ।
ਕਾਲੀ ਘੁੱਪ ਹਨੇਰੀ ਸੀ ਚੜ੍ਹੀ ਭਾਂਵੇਂ, ਚਲਦਾ ਰਿਹਾ ਉਹ ਸੱਚੀ ਸਰਕਾਰ ਵੱਲੇ।
ਡਿੱਗਾ ਖੂਹ ਦੇ ਵਿੱਚ ਧੜੱਮ ਕਰਕੇ, ਪਰ ਸੁਰਤੀ ਜੁੜੀ ਰਹੀ ਸਤਿ ਕਰਤਾਰ ਵੱਲੇ।
ਭਿੱਜ ਜਾਣ ਨਾ ਸੁਕੀਆਂ ਕਿਤੇ ਲੱਕੜਾਂ, ਧਰਿਆ ਧਿਆਨ ਉਸ ਪੰਚਮ ਦਾਤਾਰ ਵੱਲੇ।

ਕਰ ਰਿਹਾ ਸੀ ਉਹ ਅਰਦਾਸ ਦਿਲ ਵਿੱਚ, ਉਧਰ ਦਿਲ ਦੀ ਦਿਲ ਵਿੱਚ ਤਾਰ ਹਿੱਲੀ।
ਉਦੋਂ ਪਲੰਘ ਨਿਵਾਰੀ ਤੋਂ ਅਚਨਚੇਤੀ, ਕਾਹਲੀ ਨਾਲ ਸੀ ਸੱਚੀ ਸਰਕਾਰ ਹਿੱਲੀ।
ਨੰਗੇ ਪੈਰੀਂ ਹੀ ਜੰਗਲ ਵੱਲ ਪਾਏ ਚਾਲੇ, ਉਦੋਂ ਧਰਤੀ ਵੀ ਪੱਬਾਂ ਦੇ ਭਾਰ ਹਿੱਲੀ।
ਝਾਤੀ ਮਾਰੀ ਜਦ ਖੂਹ ਵਿੱਚ ਪਾਤਸ਼ਾਹ ਨੇ, ਸੁਰਤੀ ਮੰਝ ਦੀ ਨਾਲ ਸਤਿਕਾਰ ਹਿੱਲੀ।

ਕਿਹਾ ਸਿੱਖਾਂ ਨੂੰ ਗੁਰਾਂ ਨੇ ਉਸੇ ਵੇਲੇ, ਰੱਸਾ ਖੂਹ ਦੇ ਵਿੱਚ ਲਟਕਾਉ ਛੇਤੀ।
ਉਧਰ ਮੰਝ ਨੂੰ ਗੁਰਾਂ ਫੁਰਮਾਨ ਕੀਤਾ, ਇਹਨੂੰ ਪਕੜੋ ਤੇ ਬਾਹਰ ਨੂੰ ਆਉ ਛੇਤੀ।
ਅੱਗੋਂ ਨਿਮਰਤਾ ਨਾਲ ਭਾਈ ਮੰਝ ਬੋਲੇ, ਪਹਿਲੋਂ ਲੱਕੜਾਂ ਤੁਸੀਂ ਖਿਚਵਾਉ ਛੇਤੀ।
ਲੱਕੜਾਂ ਸੁਕੀਆਂ ਭਿੱਜ ਨਾ ਜਾਣ ਕਿਧਰੇ, ਗਿਲੀਆਂ ਹੋਣ ਤੋਂ ਪਹਿਲਾਂ ਬਚਾਉ ਛੇਤੀ।

ਪਹਿਲਾਂ ਲੱਕੜਾਂ ਬਾਅਦ ਵਿੱਚ ਮੰਝ ਨਿਕਲੇ,ਢਹਿ ਪਏ ਗੁਰੂ ਦੇ ਚਰਨਾਂ ’ਚ ਆ ਕੇ ਤੇ।
ਹੋ ਗਿਆ ਸੀ ਤਨ ਤੇ ਮਨ ਸੀਤਲ, ਧੂੜੀ ਚਰਨਾਂ ਦੀ ਮਸਤਕ ਨੂੰ ਲਾ ਕੇ ਤੇ।
ਮੈਨੂੰ ਬਹੁਤ ਪਿਆਰਾ ਏਂ ਤੂੰ ਸਿੱਖਾ, ਗੁਰਾਂ ਕਿਹਾ ਸੀ ਸੀਨੇ ਨਾਲ ਲਾ ਕੇ ਤੇ।
ਤੂੰ ਹੈਂ ‘ਗੁਰੂ ਕਾ ਬੋਹਿਥਾ’ ਕਹਿ ਮੁੱਖੋਂ, ਦਿਤਾ ਵਰ ਪਿਆਰ ਵਿੱਚ ਆ ਕੇ ਤੇ।

ਮੰਗ ਲੈ ਤੂੰ ਜੋ ਕੁਝ ਮੰਗਣਾ ਈ, ਪਾਵਨ ਮੁਖੋਂ ਫੁਰਮਾਇਆ ਸੀ ਪਾਤਸ਼ਾਹ ਨੇ।
ਸੋਝੀ ਗੁਰਮਤਿ ਦੀ ਬਖਸ਼ ਕੇ ਮੰਝ ਤਾਂਈਂ,ਆਪਣੀ ਹਿੱਕ ਨਾਲ ਲਾਇਆ ਸੀ ਪਾਤਸ਼ਾਹ ਨੇ।
ਸੁੱਚੀ ਘਾਲ ’ਤੇ ਰੀਝ ਕੇ ਮੰਝ ਜੀ ਨੂੰ, ‘ਜਾਚਕ’ ਸੇਵਕ ਬਣਾਇਆ ਸੀ ਪਾਤਸ਼ਾਹ ਨੇ।
ਪਾਰ ਲਾਉਣ ਲਈ ਗੁਰੂ ਕੀਆਂ ਸੰਗਤਾਂ ਨੂੰ,ਉਹਨੂੰ ਬੋਹਿਥ ਬਣਾਇਆ ਸੀ ਪਾਤਸ਼ਾਹ ਨੇ।

# ਸੁਖਮਨੀ ਸਾਹਿਬ

ਜੀਹਨੂੰ ਕਹਿੰਦੇ ਨੇ ਸੁਖਾਂ ਦੀ ਮਨੀ ਸਾਰੇ, ਰੱਚਿਆ ਗੁਰਾਂ ਸੀ ਆਪ, ਸੁਖਮਨੀ ਸਾਹਿਬ।
ਕੀਤੀ ਗਈ ਹੈ ਏਸ ਵਿੱਚ ਨਾਮ ਮਹਿਮਾਂ, ਸਾਰਾ ਓਹਦਾ ਪ੍ਰਤਾਪ, ਸੁਖਮਨੀ ਸਾਹਿਬ।
ਪੜ੍ਹ ਸੁਣ ਕੇ ਦੁੱਖ ਨੇ ਦੂਰ ਹੁੰਦੇ, ਲਾਹੁੰਦਾ ਤੀਨੇ ਹੀ ਤਾਪ, ਸੁਖਮਨੀ ਸਾਹਿਬ।
ਸੰਗਤਾਂ ਅਤੇ ਸੁਸਾਇਟੀਆਂ ਥਾਂ ਥਾਂ ’ਤੇ, ‘ਜਾਚਕ’ ਜਪਦੀਆਂ ਜਾਪ, ਸੁਖਮਨੀ ਸਾਹਿਬ।

# ਤਰਨਤਾਰਨ

ਤਾਰਨ ਲਈ ਲੋਕਾਈ ਨੂੰ ਪਾਤਸ਼ਾਹ ਨੇ, ਪਾਵਨ ਨਗਰ ਵਸਾਇਆ ਸੀ ਤਰਨਤਾਰਨ।
ਜੀਹਨੂੰ ਕੋਈ ਨਾ ‘ਜਾਚਕ’ਸੰਭਾਲਦਾ ਸੀ, ਉਹਨੂੰ ਗਿਆ ਬੁਲਾਇਆ ਸੀ ਤਰਨਤਾਰਨ।
ਕੁਸ਼ਟ ਰੋਗੀਆਂ ਅਤੇ ਲਾਵਾਰਸਾਂ ਨੂੰ, ਗੋਦੀ ਵਿੱਚ ਬਿਠਾਇਆ ਸੀ ਤਰਨਤਾਰਨ।
ਸਖੀ ਸਰਵਰ ਦਾ ਪਹਿਲਾਂ ਸੀ ਗੜ੍ਹ ਜਿਹੜਾ, ਸਿੱਖੀ ਗੜ੍ਹ ਬਣਾਇਆ ਸੀ ਤਰਨਤਾਰਨ।

# ਪਾਪੀ ਚੰਦੂ ਤੇ ਗੁਰੂ ਜੀ

ਜਹਾਂਗੀਰ ਦੇ ਰਾਜ ਦਰਬਾਰ ਅੰਦਰ, ਦਿੱਲੀ ਵਿੱਚ ਸੀ ਵੱਡਾ ਦੀਵਾਨ ਚੰਦੂ।
ਉੱਚੀ ਕੁੱਲ ਦਾ ਸੀ ਅਮੀਰ ਖੱਤਰੀ, ਸਦਾ ਰਹਿੰਦਾ ਸੀ ਵਿੱਚ ਗੁਮਾਨ ਚੰਦੂ।
ਹੋਈ ਵਿਆਹ ਦੇ ਲਾਇਕ ਜਦ ਧੀ ਉਸਦੀ, ਚੰਗੇ ਵਰ ਦਾ ਸੀ ਚਾਹਵਾਨ ਚੰਦੂ।
ਕਹਿਣ ਲੱਗਾ ਪ੍ਰੋਹਿਤ ਜੀ ਵਰ ਲੱਭੋ, ਆਪਣੇ ਜਿਹਾ ਚਾਹੁੰਦਾ ਖਾਨਦਾਨ ਚੰਦੂ।

ਗੁਰਾਂ ਪਾਸ ਪ੍ਰੋਹਿਤ ਨੇ ਆਣ ਕਿਹਾ, ਲੜਕਾ ਤੁਸਾਂ ਦਾ ਭਰ ਜੁਆਨ ਹੋਇਆ।
ਚੰਦੂ ਸ਼ਾਹ ਦੀ ਧੀ ਦਾ ਲੈ ਰਿਸ਼ਤਾ, ਮੈਂ ਤਾਂ ਹਾਜ਼ਰ ਹਾਂ ਵਿੱਚ ਦੀਵਾਨ ਹੋਇਆ।
ਮੋਹਰਾਂ ਪੰਜ ਸੌ ਗੁਰਾਂ ਦੇ ਰੱਖ ਅੱਗੇ, ਕਹਿੰਦਾ ਸਮਝੋ ਇਹ ਰਿਸ਼ਤਾ ਪ੍ਰਵਾਨ ਹੋਇਆ।
ਭੇਜ ਦਿਆਂਗੇ ਦਿੱਲੀ ਤੋਂ ਸ਼ਗਨ ਛੇਤੀ, ਸਾਹਿਬਜ਼ਾਦਾ ਹੁਣ ਸਾਡਾ ਮਹਿਮਾਨ ਹੋਇਆ।

ਖੁਸ਼ੀ ਖੁਸ਼ੀ ਜਾ ਚੰਦੂ ਨੂੰ ਕਹਿਣ ਲੱਗਾ, ਵਰ ਟੋਲਿਆ ਕੁੜੀ ਦੇ ਹਾਣ ਦਾ ਏ।
ਗੁਰੂ ਅਰਜਨ ਦਾ ਲਾਡਲਾ ਹੈ ਪੁੱਤਰ, ਇਕੋ ਇਕ ਜੁਆਨੀਆਂ ਮਾਣ ਦਾ ਏ।
ਪੂਜੇ ਜਾਂਦੇ ਉਹ ਸਾਰੇ ਸੰਸਾਰ ਅੰਦਰ, ਹਰ ਕੋਈ ਹੀ ਉਨ੍ਹਾਂ ਨੂੰ ਜਾਣ ਦਾ ਏ।
ਪੱਕਾ ਰਿਸ਼ਤਾ ਮੈਂ ਏਸੇ ਲਈ ਕਰ ਆਇਆਂ,(ਕਿਉਂਕਿ) ਉੱਚੇ ਸੁੱਚੇ ਉਹ ਖਾਨਦਾਨ ਏ।

ਸੁਣਦੇ ਸਾਰ ਹੰਕਾਰ ਵਿੱਚ ਕਿਹਾ ਚੰਦੂ, ਤੂੰ ਤਾਂ ਪੰਡਤਾ, ਧੋਖਾ ਕੋਈ ਖਾ ਆਇਐਂ।
ਉਹ ਫਕੀਰ ਤੇ ਅਸੀਂ ਦੀਵਾਨ ਸ਼ਾਹੀ, ਇੱਟ ਚੁਬਾਰੇ ਦੀ ਮੋਰੀ ਨੂੰ ਲਾ ਆਇਐਂ।
ਨਾ ਹੀ ਸੋਚਿਆ, ਨਾ ਵੀਚਾਰਿਆ ਤੂੰ, ਮੇਰੀ ਧੀ ਦੀ ਬਲੀ ਚੜ੍ਹਾ ਆਇਐਂ।
ਕੀ ਕਰਾਂ ਤੇ ਕੀ ਨਾ ਕਰਾ ਹੁਣ ਮੈਂ, ਮੈਨੂੰ ਦੁਬਿਧਾ ਦੇ ਵਿੱਚ ਫਸਾ ਆਇਐਂ।

ਤੈਨੂੰ ਪਤੈ ਸਰਕਾਰੀ ਦੀਵਾਨ ਹਾਂ ਮੈਂ, ਨਾਤੇ ਤੋੜ ਸਕਦਾ, ਨਾਤੇ ਜੋੜ ਸਕਦਾ।
ਪਰ ਹੁਣ ਸ਼ਗਨ ਤਾਂ ਭੇਜਣਾ ਹੀ ਪੈਣੈ, ਨਹੀਂ ਤੇਰਾ ਹੁਣ ਕਿਹਾ ਮੈਂ ਮੋੜ ਸਕਦਾ।
ਕਿਸਮਤ ਵਿੱਚ ਬਸ ਏਹੋ ਹੀ ਲਿਖਿਆ ਸੀ, ਰਿਸ਼ਤਾ ਨਹੀਂ ਹੁਣ ਇਹ ਮੈਂ ਤੋੜ ਸਕਦਾ।
ਲਾਉਣਾ ਪੈਣਾ ਹੁਣ ਬੇੜੀ ਨੂੰ ਕਿਸੇ ਕੰਢੇ, ਮੰਝਧਾਰ ਦੇ ਵਿੱਚ ਨਹੀਂ ਛੋੜ ਸਕਦਾ।

ਉਧਰ ਚੰਦੂ ਦੀ ਗੱਲ ਨੇ ਵਿੱਚ ਦਿੱਲੀ, ਹੈਸੀ ਖੂਨ ਉਬਾਲਿਆ, ਸੰਗਤਾਂ ਦਾ।
ਏਸ ਰਿਸ਼ਤੇ ਵਿਰੁੱਧ ਫਿਰ ਰੋਹ ਭਾਰੀ, ਉਪਰ ਤੱਕ ਉਛਾਲਿਆ, ਸੰਗਤਾਂ ਦਾ।
ਨਹੀਂ ਨਹੀਂ ਇਹ ਰਿਸ਼ਤਾ ਹੁਣ ਨਹੀਂ ਹੋਣਾ, ਗੁਰਾਂ ਬਚਨ ਸੀ ਪਾਲਿਆ, ਸੰਗਤਾਂ ਦਾ।
ਏਸ ਰਿਸ਼ਤੇ ਨੂੰ ਗੁਰਾਂ ਨੇ ਟਾਲ ਦਿੱਤਾ, ਐਪਰ ਹੁਕਮ ਨਾ ਟਾਲਿਆ, ਸੰਗਤਾਂ ਦਾ।

ਮੋੜ ਦਿੱਤਾ ਜਦ ਗੁਰਾਂ ਨੇ ਸ਼ਗਨ ਹੈਸੀ, ਸੜ ਬਲ ਕੇ ਕੋਲੇ ਹੋ ਗਿਆ ਚੰਦੂ।
ਨਿਕਲੇ ਅੱਖਾਂ ਦੇ ਵਿੱਚੋਂ ਅੰਗਿਆਰ ਉਸਦੇ, ਆਪਣੇ ਦਿਲ ਨੂੰ ਲਾ ਸੀ ਲਿਆ ਚੰਦੂ।
ਮੇਰੀ ਪੱਤ ਅੱਜ ਗਲੀਆਂ ਦੇ ਵਿੱਚ ਰੁਲ ਗਈ, ਸੋਚ ਸੋਚ ਕੇ ਮੰਜੇ ’ਤੇ ਪਿਆ ਚੰਦੂ।
ਏਸ ਹੇਠੀ ਦਾ ਬਦਲਾ ਜ਼ਰੂਰ ਲੈਣੈ, ਰਿਹਾ ਸੋਚਾਂ ਦੇ ਘੋੜੇ ਦੁੜਾਅ ਚੰਦੂ।

ਉਧਰ ਹੋਣੀ ਨੇ ਬਣਤ ਬਣਾਈ ਐਸੀ, ਘਟਾ ਕਾਲੀ ਕੋਈ ਜ਼ੁਲਮ ਦੀ ਚੜ੍ਹੀ ਹੈਸੀ।
ਸਿੱਖ ਧਰਮ ਨੂੰ ਸਿਖਰਾਂ ’ਤੇ ਤੱਕ ਕੇ ਤੇ, ਆ ਗਈ ਅਣਹੋਣੀ ਕੋਈ ਘੜੀ ਹੈਸੀ।
ਖਿਚ ਰਹੇ ਤਨਾਵਾਂ ਸਨ ਮਾਰ ਤੁਣਕੇ, ਕੱਟੜਵਾਦ ਵਾਲੀ ਗੁੱਡੀ ਚੜ੍ਹੀ ਹੈਸੀ।
ਪੰਚਮ ਪਿਤਾ ਦੇ ਬਣੇ ਸਨ ਲੱਖ ਵੈਰੀ, ਆਈ ਆਖ਼ਰ ਸ਼ਹਾਦਤ ਦੀ ਘੜੀ ਹੈਸੀ।

ਦਿਨ ਦੀਵੀਂ ਫਿਰ ਭਾਨੀ ਦੇ ਚੰਨ ਉੱਤੇ, ਚੰਦੂ ਚੰਦਰੇ ਕਹਿਰ ਗੁਜਾਰਿਆ ਸੀ।
ਸੂਰਜ ਨਾਲੋਂ ਵੀ ਗੁੱਸੇ ’ਚ ਲਾਲ ਹੋ ਕੇ, ਬਦਲਾ ਲੈਣ ਲਈ ਦਿਲ ਵਿੱਚ ਧਾਰਿਆ ਸੀ।
ਓਹਦੀ ਨੂੰਹ ਨੇ ਆਣ ਕੇ ਉਸੇ ਵੇਲੇ, ਜ਼ਾਲਮ ਸਹੁਰੇ ਦੇ ਤਾਂਈਂ ਫਿਟਕਾਰਿਆ ਸੀ।
ਇਸ ਸਬਰ ਤੇ ਜਬਰ ਦੀ ਜੰਗ ਅੰਦਰ, ਸਬਰ ਜਿੱਤਿਆ ਤੇ ਜਬਰ ਹਾਰਿਆ ਸੀ।

ਪਾਪੀ ਮਾਰਨੇ ਲਈ ਪਾਪ ਬਲੀ ਹੁੰਦੈ, ਓਹਨੂੰ ਪਾਪਾਂ ਨੇ ਘੇਰਾ ਫਿਰ ਪਾ ਦਿੱਤਾ।
ਜਹਾਂਗੀਰ ਨੇ ਦੇਣ ਲਈ ਸਜਾ ਇਸ ਨੂੰ, ਛੇਵੇਂ ਪਾਤਸ਼ਾਹ ਹੱਥ ਫੜਾ ਦਿੱਤਾ।
ਪਾ ਕੇ ਨੱਕ ਦੇ ਵਿਚ ਨਕੇਲ ਸਿੱਖਾਂ, ਇਹਨੂੰ ਚੱਕਰੀ ਵਾਂਗ ਘੁਮਾ ਦਿੱਤਾ।
ਆਖਰ ਰੋਹ ’ਚ ਸਿੱਖਾਂ ਨੇ ਆ ‘ਜਾਚਕ’, ਪਾਪੀ ਨਰਕਾਂ ਦੇ ਵਿੱਚ ਪਹੁੰਚਾ ਦਿੱਤਾ।

# ਮੀਆਂ ਮੀਰ ਤੇ ਗੁਰੂ ਜੀ

ਮੀਆਂ ਮੀਰ ਫਕੀਰ ਨੇ ਗੁਰੂ ਜੀ ਨੂੰ, ਆ ਕੇ ਸੀਸ ਝੁਕਾਇਆ ਸੀ ਉਸ ਵੇਲੇ।
ਸੜਦਾ ਤਵੀ 'ਤੇ ਫੁੱਲ ਗੁਲਾਬ ਤੱਕ ਕੇ, ਰੋਇਆ ਅਤੇ ਕੁਰਲਾਇਆ ਸੀ ਉਸ ਵੇਲੇ।
ਧੁਰ ਅੰਦਰੋਂ ਹਾਅ ਦਾ ਮਾਰ ਨਾਹਰਾ, ਭਾਰੀ ਰੋਸ ਪ੍ਰਗਟਾਇਆ ਸੀ ਉਸ ਵੇਲੇ।
ਪੰਚਮ ਪਿਤਾ 'ਤੇ ਹੁੰਦਾ ਇਹ ਜ਼ੁਲਮ ਤੱਕ ਕੇ, ਡਾਢੇ ਰੋਹ 'ਚ ਆਇਆ ਸੀ ਉਸ ਵੇਲੇ।

ਵਾਂਗ ਸ਼ੇਰ ਦੇ ਗਰਜ ਕੇ ਕਹਿਣ ਲੱਗਾ, ਇਨ੍ਹਾਂ ਦੁਸ਼ਟਾਂ ਨੂੰ ਸਬਕ ਸਿਖਾ ਦੇਵਾਂ।
ਹੁਕਮ ਕਰੋ ਜੇ ਜਗਤ ਦੇ ਪੀਰ ਮੈਨੂੰ, ਸਭ ਨੂੰ ਕੀਤੀ ਦਾ ਮਜਾ ਚਖਾ ਦੇਵਾਂ।
ਤੇਰੇ ਇਕੋ ਇਸ਼ਾਰੇ ਦੇ ਨਾਲ ਦਾਤਾ, ਤਖ਼ਤ ਮਿੱਟੀ ਦੇ ਵਿੱਚ ਮਿਲਾ ਦੇਵਾਂ।
ਹੁਕਮ ਕਰੋ ਤਾਂ ਦਿੱਲੀ ਲਾਹੌਰ ਵਾਲੀ, ਇੱਟ ਨਾਲ ਮੈਂ ਇੱਟ ਖੜਕਾ ਦੇਵਾਂ।

ਜਹਾਂਗੀਰ ਨੂੰ ਲਾਹਨਤਾਂ ਪਾਉਣ ਲੱਗਾ, ਬੜਾ ਘੋਰ ਤੂੰ ਕੀਤੈ ਗੁਨਾਹ ਸ਼ਾਹਾ।
ਦੁੱਖ ਦਿੱਤੈ ਤੂੰ ਅੱਲ੍ਹਾ ਦੀ ਰੂਹ ਤਾਂਈਂ, ਆ ਕੇ ਚੁੱਕ ਵਿੱਚ ਖਾਹਮਖਾਹ ਸ਼ਾਹਾ।
ਤੱਤੀ ਤਵੀ 'ਤੇ ਮਾਲਾ ਪਿਆ ਫੇਰਦਾ ਈ, ਬੈਠਾ ਹੋਇਆ ਉਹ ਬੇਪ੍ਰਵਾਹ ਸ਼ਾਹਾ।
ਤੇਰੇ ਬਾਪ ਵੀ ਸਿੱਜਦੇ ਸੀ ਆਣ ਕੀਤੇ, ਸੱਚੀ ਸੁੱਚੀ ਹੈ ਇਹ ਦਰਗਾਹ ਸ਼ਾਹਾ।

ਸਿਰ 'ਤੇ ਚੁੱਕੀ ਏ ਪਾਪਾਂ ਦੀ ਪੰਡ ਤੂੰ ਤਾਂ, ਭੁੱਲ ਗਿਆ ਇਸਲਾਮ ਦਾ ਰਾਹ ਸ਼ਾਹਾ।
ਤੇਰੇ ਪਾਪ ਦਾ ਬੇੜਾ ਹੁਣ ਭਰ ਚੁੱਕੈ, ਤੇਰੇ ਰਾਜ ਨੇ ਹੋਣੈ ਤਬਾਹ ਸ਼ਾਹਾ।
ਜੀਹਨੂੰ ਝੂਠ ਦੀ ਤੂੰ ਦੁਕਾਨ ਕਹਿੰਦੈ, ਇਹ ਤਾਂ ਸੱਚ ਤੇ ਧਰਮ ਦਾ ਰਾਹ ਸ਼ਾਹਾ।
ਕੀਤੈ ਜਿਹੜਾ ਗੁਨਾਹ ਤੂੰ ਜਾਣ ਬੁਝ ਕੇ, ਇਹਦਾ ਰਹੂ ਇਤਿਹਾਸ ਗਵਾਹ ਸ਼ਾਹਾ।

ਸਤਿਗੁਰ ਹੱਸੇ ਤੇ ਹੱਸ ਕੇ ਕਹਿਣ ਲੱਗੇ, ਬਹੁਤੇ ਗੁੱਸੇ 'ਚ ਆਉ ਨਾ ਪੀਰ ਜੀਓ।
ਸਭ ਕੁਝ ਅੱਲਾਹ ਦੇ ਭਾਣੇ 'ਚ ਹੋ ਰਿਹਾ ਏ, ਨੈਣਾਂ ਵਿੱਚੋਂ ਵਗਾਉ ਨਾ ਨੀਰ ਜੀਓ।
ਰੱਖਣੇ ਚਾਹੀਦੇ ਰੁੱਖਾਂ ਦੇ ਵਾਂਗ ਜੇਰੇ, ਔਖੇ ਸਮੇਂ 'ਚ ਰੱਬੀ ਫਕੀਰ ਜੀਓ।
ਨਵਾਂ ਰਾਹ ਇਬਾਦਤ ਦਾ ਦੱਸਣਾ ਏ, ਮਿੱਠਾ ਮੰਨ ਭਾਣਾ ਮੀਆਂ ਮੀਰ ਜੀਓ।

ਨਾਲ ਨਿਮਰਤਾ ਕਿਹਾ ਫਿਰ ਪਾਤਸ਼ਾਹ ਨੇ, ਗੁੱਸਾ ਨਿਰਾ ਹੁੰਦਾ ਭਾਂਬੜ ਅੱਗ ਦਾ ਏ।
ਨਾਲ ਸਬਰ ਦੇ ਜਬਰ ਨੂੰ ਮਾਤ ਦੇਣੀ, ਏਹੋ ਸਾਂਈਂ ਜੀ ਅਸਾਂ ਨੂੰ ਫੱਬਦਾ ਏ।
ਸਭ ਕੁਝ ਕਾਦਰ ਦੇ ਹੁਕਮ 'ਚ ਹੋ ਰਿਹਾ ਏ, ਇਹਦੇ ਵਿੱਚ ਹੀ ਭਲਾ ਸਭ ਜੱਗ ਦਾ ਏ।
ਤਪਦੀ ਤਵੀ 'ਤੇ ਬੈਠਿਆਂ ਕਿਹਾ ਸਤਿਗੁਰ, ਭਾਣਾ ਮਿੱਠਾ ਪਿਆਰੇ ਦਾ ਲੱਗਦਾ ਏ।

ਤੇਰੇ ਦਿਲ ਦੀ ਵੇਦਨ ਮੈਂ ਜਾਣਦਾ ਹਾਂ, ਤੇਰੇ ਮਨ ਦਾ ਰੋਹ ਏ ਠੀਕ ਸਾਂਈਆਂ।
ਰਹਿਣੈ ਸਬਰ ਸੰਤੋਖ ਦੇ ਵਿੱਚ ਆਪਾਂ, ਗੁੱਸਾ ਆਵੇ ਨਾ ਸਾਡੇ ਨਜ਼ਦੀਕ ਸਾਂਈਆਂ।
ਐਸੇ ਦੋਖੀ ਨੂੰ ਸਜ਼ਾ ਜ਼ਰੂਰ ਮਿਲਦੀ, ਸਮਝੀਂ ਏਸ ਨੂੰ ਪੱਥਰ 'ਤੇ ਲੀਕ ਸਾਂਈਆਂ।
ਚੱਕੀ ਵਾਹਿਗੁਰੂ ਦੀ ਚਲਦੀ ਬਹੁਤ ਹੌਲੀ, ਆਟਾ ਪੀਸਦੀ ਐਪਰ ਬਰੀਕ ਸਾਂਈਆਂ।

ਕਰਾਮਾਤ ਤਾਂ ਕਹਿਰ ਦਾ ਨਾਂ ਹੁੰਦੈ, ਜੋ ਕੁਝ ਕਰਨਾ ਏ, ਉਹੋ ਹੀ ਕਰ ਰਹੇ ਹਾਂ।
ਪੀਣੈ ਅਸਾਂ ਨੇ ਜਾਮ ਸ਼ਹਾਦਤਾਂ ਦਾ, ਏਸੇ ਲਈ ਇਹ ਦੁੱਖੜੇ ਜਰ ਰਹੇ ਹਾਂ।
ਪਰਦਾ ਝੂਠ ਦਾ ਲਾਹੁਣ ਲਈ ਸੱਚ ਉੱਤੋਂ, ਅਸੀਂ ਮੌਤ ਮਰਜਾਣੀ ਨੂੰ ਵਰ ਰਹੇ ਹਾਂ।
ਤੁਸਾਂ ਨੀਂਹ ਹਰਿਮੰਦਰ ਦੀ ਧਰੀ ਹੈਸੀ, ਅਸੀਂ ਨੀਂਹ ਕੁਰਬਾਨੀ ਦੀ ਧਰ ਰਹੇ ਹਾਂ।

ਮੀਆਂ ਮੀਰ, ਇਹ ਮੌਜ ਅਕਾਲ ਦੀ ਏ, ਦਖਲ ਦੇਣਾ ਨਹੀਂ ਏਸ ਵਿੱਚ ਠੀਕ ਸਾਂਈਆਂ।
ਰਾਜੀ ਰਹਿਣਾ ਏ ਉਸਦੀ ਰਜ਼ਾ ਅੰਦਰ, ਮੈਂ ਤਾਂ ਅੰਤਮ ਸਵਾਸ ਦੇ ਤੀਕ ਸਾਂਈਆਂ।
ਨਹੀਂ ਨਹੀਂ ਇਹ ਅਜੇ ਨਹੀਂ ਵਕਤ ਆਇਆ, ਅਜੇ ਰਹਿਣਾ ਏ ਸ਼ਾਂਤੀ ਨਾਲ ਆਪਾਂ।
ਸਮਾਂ ਆਉਣ 'ਤੇ ਇੱਟ ਨਾਲ ਇੱਟ ਖੜਕੂ, ਅੱਗ ਅਣਖ ਦੀ ਦੇਣੀ ਏ ਬਾਲ ਆਪਾਂ।

ਮੀਆਂ ਮੀਰ ਇਹ ਠੀਕ ਹੈ ਰੱਤ ਮੇਰੀ, ਤੱਤੀ ਤਵੀ ਦੇ ਉੱਤੇ ਹੈ ਸੁਕ ਸਕਦੀ।
ਐਪਰ ਕਦੇ ਸੱਚਾਈ ਸੰਸਾਰ ਵਿੱਚੋਂ, ਨਾ ਹੀ ਮਰ ਸਕਦੀ ਨਾ ਹੀ ਮੁੱਕ ਸਕਦੀ।

ਇਸ ਅੱਤ ਨੇ 'ਜਾਚਕਾ' ਜਨਮ ਦੇਣੈ, ਨਵੀਂ ਜ਼ਿੰਦਗੀ ਦੀ ਸ਼ੁਰੂਆਤ ਤਾਂਈਂ।
ਸਬਰ ਸ਼ਾਂਤੀ ਦੇ ਮੈਂ ਜੋ ਬੀਜ ਬੀਜੇ, ਖਤਮ ਕਰਨਗੇ ਜ਼ੁਲਮ ਦੀ ਰਾਤ ਤਾਂਈਂ।
ਕਰੂ ਸ਼ਬਦ ਹੁਣ ਸਫ਼ਰ ਸਮਸ਼ੀਰ ਤੀਕਰ, ਬਲ ਮਿਲੂ ਕ੍ਰਾਂਤੀ ਦੀ ਬਾਤ ਤਾਂਈਂ।
ਤੁਸੀਂ ਸ਼ਾਂਤ ਹੋ ਕੇ ਦੇਖੋ ਪੀਰ ਜੀਉ, ਆਉਂਦੀ ਕੌਮ 'ਤੇ ਨਵੀਂ ਪ੍ਰਭਾਤ ਤਾਂਈਂ।

# ਸ਼ਹੀਦੀ ਸ੍ਰੀ ਗੁਰੂ ਅਰਜਨ ਦੇਵ ਜੀ

ਬੂਟਾ ਸਿੱਖੀ ਦਾ ਲਾਇਆ ਜੋ ਗੁਰੂ ਨਾਨਕ, ਸੋਹਣੇ ਫੁੱਲ ਤੇ ਫ਼ਲ ਸੀ ਆਉਣ ਲੱਗੇ।
ਪੰਚਮ ਪਾਤਸ਼ਾਹ ਇਸਦੀ ਮਹਿਕ ਤਾਂਈਂ, ਸਾਰੇ ਜਗਤ ਦੇ ਵਿੱਚ ਫੈਲਾਉਣ ਲੱਗੇ।
ਆਦਿ ਗੁਰੂ ਗ੍ਰੰਥ ਤਿਆਰ ਕਰਕੇ, ਜੀਵਨ ਜਾਚ ਦੀ ਜੁਗਤ ਸਿਖਾਉਣ ਲੱਗੇ।
ਦਰਸ਼ਨ ਕਰਨ ਲਈ ਸ੍ਰੀ ਦਰਬਾਰ ਸਾਹਿਬ, ਕੋਨੇ ਕੋਨੇ ਤੋਂ ਸਿੱਖ ਸਨ ਆਉਣ ਲੱਗੇ।

ਉਧਰ ਸਿੱਖੀ ਦੀ ਲਹਿਰ ਦੇ ਖ਼ਾਤਮੇ ਲਈ, ਦੋਖੀ ਸੋਚਾਂ ਦੇ ਘੋੜੇ ਦੁੜਾਉਣ ਲੱਗੇ।
ਸੋਹਣੇ ਚੰਨ ਨੂੰ ਲਾਈਏ ਗ੍ਰਹਿਣ ਰਲ ਕੇ, ਘਟੀਆ ਢੰਗ ਤਰੀਕੇ ਅਪਨਾਉਣ ਲੱਗੇ।
ਤਰ੍ਹਾਂ ਤਰ੍ਹਾਂ ਦੇ ਝੂਠੇ ਇਲਜ਼ਾਮ ਲਾ ਕੇ, ਜਹਾਂਗੀਰ ਦੇ ਤਾਂਈਂ ਭੜਕਾਉਣ ਲੱਗੇ।
ਬਾਗ਼ੀ ਖੁਸਰੋ ਦੀ ਮਦਦ ਦੇ ਦੋਸ਼ ਥੱਲੇ, ਬਲਦੀ ਅੱਗ ਉਤੇ ਤੇਲ ਪਾਉਣ ਲੱਗੇ।

ਜਹਾਂਗੀਰ ਨੇ ਆਖ਼ਿਰ ਇਹ ਹੁਕਮ ਦਿੱਤਾ, ਬੰਦ ਝੂਠ ਦੀ ਇਹ ਦੁਕਾਨ ਹੋਵੇ।
ਅਰਜਨ ਤਾਂਈਂ ਤਸੀਹੇ ਕੋਈ ਦਿਉ ਐਸੇ, ਚਰਚਾ ਜਿੰਨ੍ਹਾਂ ਦੀ ਵਿੱਚ ਜਹਾਨ ਹੋਵੇ।
ਡਿੱਗੇ ਲਹੂ ਦੀ ਬੂੰਦ ਨਾ ਧਰਤ ਉੱਤੇ, ਜਦੋਂ ਤੱਕ ਸਰੀਰ ਵਿੱਚ ਜਾਨ ਹੋਵੇ।
ਆਖ਼ਰ ਦੇਣਾ ਦਰਿਆ ਵਿੱਚ ਰੋਹੜ ਤਾਂ ਕਿ, ਬੰਦ ਸਦਾ ਲਈ ਇਹਦੀ ਜ਼ਬਾਨ ਹੋਵੇ।

ਜੇਠ ਹਾੜ੍ਹ ਦੀ ਕੜਕਦੀ ਧੁੱਪ ਅੰਦਰ, ਪੈਰ ਧਰਤੀ ’ਤੇ ਧਰਿਆ ਨਾ ਜਾ ਰਿਹਾ ਸੀ।
ਸੜਦੀ ਤਪਦੀ ਜ਼ਮੀਨ ਦੀ ਹਿੱਕ ਵਿੱਚੋਂ, ਲਾਵਾ ਫੁੱਟ ਕੇ ਬਾਹਰ ਨੂੰ ਆ ਰਿਹਾ ਸੀ।
ਲਾਲੋ ਲਾਲ ਸੂਰਜ ਆਪਣੇ ਜੋਸ਼ ਅੰਦਰ, ਉਤੋਂ ਅੱਗ ਦੇ ਗੋਲੇ ਵਰਸਾ ਰਿਹਾ ਸੀ।
ਪੰਚਮ ਪਾਤਸ਼ਾਹ ਇਹੋ ਜਿਹੇ ਸਮੇਂ ਅੰਦਰ, ਤੱਤੀ ਤਵੀ ’ਤੇ ਚੌਂਕੜਾ ਲਾ ਰਿਹਾ ਸੀ।

ਗੁਰਾਂ ਕਿਹਾ ਇਹ ਤਵੀ ਦਾ ਤੇਜ ਹੈ ਜੋ, ਇਹਨੇ ਸਿੱਖੀ ਦੀਆਂ ਸ਼ਾਨਾਂ ਨੂੰ ਜਨਮ ਦੇਣੈ।
ਤੱਤੀ ਰੇਤਾ ਜੋ ਸੀਸ ਵਿੱਚ ਪੈ ਰਹੀ ਏ, ਇਹਨੇ ਅਣਖੀ ਜੁਆਨਾਂ ਨੂੰ ਜਨਮ ਦੇਣੈ।
ਉਬਲ ਰਿਹਾ ਜੋ ਪਾਣੀ ਇਹ ਦੇਗ ਅੰਦਰ, ਇਹਨੇ ਲੱਖਾਂ ਤੂਫਾਨਾਂ ਨੂੰ ਜਨਮ ਦੇਣੈ।
ਮੇਰੇ ਜਿਸਮ ’ਤੇ ਪਏ ਹੋਏ ਛਾਲਿਆਂ ਨੇ, ਮੀਰੀ ਪੀਰੀ ਕਿਰਪਾਨਾਂ ਨੂੰ ਜਨਮ ਦੇਣੈ।

ਕਿਵੇਂ ਸਬਰ ਨੇ ਜਬਰ ਨੂੰ ਮਾਤ ਦਿੱਤੀ, ਦੁਨੀਆਂ ਤਾਂਈਂ ਮੈਂ ਅੱਜ ਦਿਖਲਾ ਚੱਲਿਆਂ।
ਸਹਿ ਕੇ ਜ਼ੁਲਮ ਅਸਹਿ ਨਾ ਸੀਅ ਕੀਤੀ, ਛਾਪ ਸੱਚ ਦੀ ਦਿਲਾਂ ’ਤੇ ਲਾ ਚੱਲਿਆਂ।
ਮੇਰੇ ਸਿੱਖ ਨਾ ਸਿਦਕ ਤੋਂ ਡੋਲ ਜਾਵਣ, ਏਸੇ ਲਈ ਮੈਂ ਪੂਰਨੇ ਪਾ ਚੱਲਿਆਂ।
ਸਿਹਰਾ ਬੰਨ੍ਹ ਸ਼ਹੀਦੀ ਦਾ ਸਿਰ ਉਤੇ, ਜੂਝ ਮਰਣ ਦਾ ਵੱਲ ਸਿਖਾ ਚੱਲਿਆਂ।

ਕਸ਼ਟ ਸਹਿ ਕੇ ਕੋਮਲ ਸਰੀਰ ਉਤੇ, ਭਾਣਾ ਮਿੱਠਾ ਕਰ ਮੰਨਿਆ, ਗੁਰੂ ਅਰਜਨ।
ਸੀਸ ਵਿੱਚ ਪੁਆ ਕੇ ਰੇਤ ਤੱਤੀ, ਸਿਰ ਜ਼ੁਲਮ ਦਾ ਭੰਨਿਆ, ਗੁਰੂ ਅਰਜਨ।
ਪੈਦਾ ਲੱਖਾਂ ਸ਼ਹੀਦ ਸਨ ਹੋਏ ਉਸ ਤੋਂ, ਮੁੱਢ ਜੇਸਦਾ ਬੰਨ੍ਹਿਆ, ਗੁਰੂ ਅਰਜਨ।
ਉਹ ਸ਼ਹੀਦਾਂ ਦੇ ਬਣੇ ਸਿਰਤਾਜ ਹੈਸਨ, ਲਿਖਿਆ ਸਮੇਂ ਦੇ ਪੰਨਿਆਂ, ਗੁਰੂ ਅਰਜਨ।

ਕਹਿੰਦੇ ਖੂਨ ਨੂੰ ਬੜਾ ਵਿਆਜ ਲੱਗਦਾ, ਸਿੱਖ ਸ਼ੁਰੂ ਤੋਂ ਜੱਗ ਨੂੰ ਦੱਸਦੇ ਰਹੇ।
ਗੋਡੇ ਟੇਕੇ ਨਹੀਂ ਕਦੀ ਵੀ ਜ਼ੁਲਮ ਅੱਗੇ, ਬੰਦ ਬੰਦ ਕਟਵਾਉਂਦੇ ਵੀ ਹੱਸਦੇ ਰਹੇ।
ਲੜੇ ਜੰਗ ਅੰਦਰ ਤਲੀ ਸੀਸ ਧਰਕੇ, ਦੁਸ਼ਮਣ ਤੱਕਦੇ ਰਹੇ ਨਾਲੇ ਨੱਸਦੇ ਰਹੇ।
ਭਾਣਾ ਮੰਨਿਆ ਖਾਲਸੇ ਖਿੜੇ ਮੱਥੇ, ਜ਼ਹਿਰੀ ਨਾਗ ਭਾਂਵੇਂ ‘ਜਾਚਕ’ ਡੱਸਦੇ ਰਹੇ।

# ਸ਼ਹੀਦਾਂ ਦੇ ਸਿਰਤਾਜ

ਨੀਂਹ ਰੱਖੀ ਸੀ ਜੀਹਨੇ ਸ਼ਹਾਦਤਾਂ ਦੀ, ਉਹਦੀ ਪਾਵਨ ਕੁਰਬਾਨੀ ਦੀ ਗੱਲ ਕਰੀਏ।
ਜਿਸਦਾ ਪੁਰਬ ਸ਼ਹੀਦੀ ਮਨਾ ਰਹੇ ਹਾਂ, ਉਸ ਮਹਾਂ ਬਲਿਦਾਨੀ ਦੀ ਗੱਲ ਕਰੀਏ।
ਸਹੇ ਜਬਰ ਤੇ ਜ਼ੁਲਮ ਜਿਸ ਖਿੜੇ ਮੱਥੇ, ਉਸ ਯੋਧੇ ਲਾਸਾਨੀ ਦੀ ਗੱਲ ਕਰੀਏ।
ਜੀਹਨੇ ਲਾਈ ਸਮਾਧੀ ਸੀ ਤਵੀ ਉੱਤੇ, ਉਸ ਅੰਤਰ ਧਿਆਨੀ ਦੀ ਗੱਲ ਕਰੀਏ।

ਪੰਚਮ ਪਿਤਾ ਦੇ ਜੀਵਨ ਇਤਿਹਾਸ ਅੰਦਰ, ਸਮੇਂ ਸਮੇਂ ਗੰਭੀਰ ਸਨ ਆਏ ਸੰਕਟ।
ਕਈ ਦੁਸ਼ਟਾਂ ਨੇ ਸਾਜਿਸ਼ੀ ਰਚੇ ਸੰਕਟ, ਰਿਸ਼ਤੇਦਾਰਾਂ ਦੇ ਕਈ ਸਨ ਜਾਏ ਸੰਕਟ।
ਗੁਰੂ ਘਰ ਜਦ ਲਾਡਲਾ ਲਾਲ ਹੋਇਆ, ਕਾਲੀ ਘਟਾ ਦੇ ਵਾਂਗ ਸਨ ਛਾਏ ਸੰਕਟ।
ਕੋਈ ਸੰਕਟ ਵੀ ਹਾਵੀ ਨਾ ਹੋ ਸਕਿਆ, ਗੁਰਾਂ ਵਾਂਗ ਕਾਫੂਰ ਉਡਾਏ ਸੰਕਟ।

ਨਾਨਾ ਗੁਰੂ ਦੀ ਗੋਦ 'ਚ ਖੇਡ ਖੇਡਾਂ, ਗੋਇੰਦਵਾਲ ਵਿੱਚ ਬਚਪਨ ਗੁਜ਼ਾਰਿਆ ਸੀ।
ਵਿਰਸੇ ਵਿੱਚ ਗੁਰਬਾਣੀ ਦੀ ਮਿਲੀ ਦੌਲਤ, ਨਾਮ ਬਾਣੀ ਨੂੰ ਮਨ ਵਿੱਚ ਧਾਰਿਆ ਸੀ।
ਬਚਪਨ ਵਿੱਚ ਹੀ ਵੇਖ ਕੇ ਚਿਹਨ ਚੱਕਰ, ਤੀਜੇ ਪਾਤਸ਼ਾਹ ਬੜਾ ਸਤਿਕਾਰਿਆ ਸੀ।
'ਦੋਹਿਥਾ ਬਾਣੀ ਕਾ ਬੋਹਿਥਾ' ਹੋਊ ਇਹ ਤਾਂ, ਪਾਵਨ ਮੁੱਖ 'ਚੋਂ ਗੁਰਾਂ ਉਚਾਰਿਆ ਸੀ।

ਤੀਜੇ ਪਾਤਸ਼ਾਹ ਆਸਣ 'ਤੇ ਸਨ ਬੈਠੇ, ਦਰਸ਼ਨ ਕਰਕੇ ਰਿਹਾ ਸੀ ਠਰ ਅਰਜਨ।
ਰਿੜਦੇ ਰਿੜਦਿਆਂ ਪਾਵੇ ਨੂੰ ਹੱਥ ਪਾ ਕੇ, ਪੈਰ ਰਿਹਾ ਸੀ ਆਸਣ 'ਤੇ ਧਰ ਅਰਜਨ।
ਨਾਨਾ ਗੁਰੂ ਨੇ ਹੱਸ ਕੇ ਕਿਹਾ ਅੱਗੋਂ, ਅਜੇ ਐਨੀ ਤੂੰ ਕਾਹਲੀ ਨਾ ਕਰ ਅਰਜਨ।
ਏਸ ਆਸਣ 'ਤੇ ਤੂੰਹੀਉਂ ਹੀ ਬੈਠਣਾ ਏ, ਦੇ ਰਿਹਾ ਹਾਂ ਤੈਨੂੰ ਇਹ ਵਰ ਅਰਜਨ।

ਬੂਟਾ ਚੰਦਨ ਦਾ ਘਰ 'ਚ ਤੱਕ ਕੇ ਤੇ, ਆਪਣਾ ਮਨ ਬਣਾਇਆ ਸੀ ਪਾਤਸ਼ਾਹ ਨੇ।
ਯੋਗ ਜਾਣ ਕੇ ਅਰਜਨ ਨੂੰ ਹਰ ਪੱਖੋਂ, ਗੱਦੀ ਉੱਤੇ ਬਿਠਾਇਆ ਸੀ ਪਾਤਸ਼ਾਹ ਨੇ।
ਆਪਣੇ ਪੁਤ ਦੇ ਅੱਗੇ ਫਿਰ ਟੇਕ ਮੱਥਾ, ਆਪਣਾ ਗੁਰੂ ਬਣਾਇਆ ਸੀ ਪਾਤਸ਼ਾਹ ਨੇ।
ਗੁਰੂ ਨਾਨਕ ਦੀ ਗੱਦੀ ਦੇ ਬਣ ਮਾਲਕ, ਰੱਬੀ ਦੀਪ ਜਗਾਇਆ ਸੀ ਪਾਤਸ਼ਾਹ ਨੇ।

ਸਮੇਂ ਸਮੇਂ 'ਤੇ ਸਮੇਂ ਨੂੰ ਮੁੱਖ ਰੱਖਕੇ, ਸੋਹਣੇ ਨਗਰ ਵਸਾਏ ਸਨ ਪਾਤਸ਼ਾਹ ਨੇ।
ਜਦੋਂ ਪਾਣੀ ਦੀ ਹਰ ਥਾਂ ਥੋੜ੍ਹ ਪੈ ਗਈ, ਓਦੋਂ ਖੂਹ ਖੁਦਵਾਏ ਸਨ ਪਾਤਸ਼ਾਹ ਨੇ।
ਪਿਆ ਕਾਲ ਸੀ ਜਦੋਂ ਲਾਹੌਰ ਅੰਦਰ, ਥਾਂ ਥਾਂ ਲੰਗਰ ਲਗਵਾਏ ਸਨ ਪਾਤਸ਼ਾਹ ਨੇ।
ਦੀਨਾਂ ਦੁਖੀਆਂ ਦੀ ਹੱਥੀਂ ਕਰ ਸੇਵਾ, ਦੁੱਖ ਦਰਦ ਵੰਡਾਏ ਸਨ ਪਾਤਸ਼ਾਹ ਨੇ।

ਵੱਖੋ ਵੱਖ ਵਿਦਵਾਨ ਇਹ ਮੰਨਦੇ ਨੇ, ਪ੍ਰਿਥੀ ਚੰਦ ਪੁਆੜੇ ਦੀ ਜੜ੍ਹ ਹੈਸੀ।
ਰਿਸ਼ਤਾ ਚੰਦੂ ਦੀ ਧੀ ਦਾ ਜਦੋਂ ਮੁੜਿਆ, ਧੁਰ ਅੰਦਰੋਂ ਗਿਆ ਉਹ ਸੜ੍ਹ ਹੈਸੀ।
ਬਾਗੀ ਖੁਸਰੋ ਦੀ ਮਦਦ ਦਾ ਦੋਸ਼ ਆਖਰ, ਕੱਟੜ ਪੰਥੀਆਂ ਨੇ ਦਿੱਤਾ ਮੜ੍ਹ ਹੈਸੀ।
ਪੰਚਮ ਪਿਤਾ ਨੂੰ ਸਜ਼ਾ ਦਿਵਾਉਣ ਖਾਤਰ, ਦੁਸ਼ਟਾਂ ਲਿਆ ਬਹਾਨਾ ਇਹ ਘੜ੍ਹ ਹੈਸੀ।

ਕਦੀ ਕਦੀ ਜੋ ਆਉਂਦੇ ਸੰਸਾਰ ਅੰਦਰ, ਹੀਰੇ ਰਤਨ ਅਨਮੋਲ ਸਨ ਗੁਰੂ ਅਰਜਨ।
ਆਪਣੇ ਸੀਨੇ 'ਤੇ ਸ਼ੁਰੂ ਤੋਂ ਰੱਖ ਪੱਥਰ, ਸੁਣੇ ਬੋਲ ਕਬੋਲ ਸਨ ਗੁਰੂ ਅਰਜਨ।
ਮੁੱਖ ਵਿਚੋਂ ਨਾ ਸੀਅ ਜਾਂ ਹਾਇ ਨਿਕਲੀ, ਗਏ ਜਿੰਦੜੀ ਘੋਲ ਸਨ ਗੁਰੂ ਅਰਜਨ।
ਡੋਲ ਗਏ ਸਨ ਖੰਡ ਬ੍ਰਹਿਮੰਡ ਸਾਰੇ, ਐਪਰ ਰਹੇ ਅਡੋਲ ਸਨ ਗੁਰੂ ਅਰਜਨ।

ਜਿਹੜੇ ਫੁੱਲਾਂ ਦੇ ਨਾਲ ਪਿਆਰ ਕਰਦੇ, ਉਹ ਤਾਂ ਕੰਡਿਆਂ ਨਾਲ ਵੀ ਖਹਿ ਸਕਦੇ।
ਸਦਾ ਮਖਮਲੀ ਆਸਣ 'ਤੇ ਬਹਿਣ ਵਾਲੇ, ਤੱਪਦੀ ਤਵੀ ਦੇ ਉੱਤੇ ਵੀ ਬਹਿ ਸਕਦੇ।
ਨਾਮ ਸਿਮਰਨ 'ਚ ਜਿਹੜੇ ਨੇ ਲੀਨ ਰਹਿੰਦੇ, ਉਹ ਤਾਂ ਦੁਖ ਤਸੀਹੇ ਵੀ ਸਹਿ ਸਕਦੇ।
ਬਲਦੀ ਸ਼ਮਾਂ ਪਰਵਾਨੇ ਜਦ ਤੱਕਦੇ ਨੇ, ਕਦੇ ਸੜਣ ਤੋਂ ਬਿਨਾਂ ਨਹੀਂ ਰਹਿ ਸਕਦੇ।

ਚਲ ਰਹੀ ਕੋਈ ਕਹਿਰ ਦੀ ਲੂਅ ਹੈਸੀ, ਮੁੜਕਾ ਸੂਰਜ ਦੇ ਮੁਖ 'ਤੇ ਆ ਰਿਹਾ ਸੀ।
ਦਿੱਤੇ ਗਏ ਤਸੀਹੇ ਬੇਅੰਤ 'ਜਾਚਕ'', ਫਿਰ ਵੀ ਭਾਨੀ ਦਾ ਚੰਨ ਮੁਸਕਾ ਰਿਹਾ ਸੀ।
ਤੱਤੇ ਮੌਸਮ 'ਚ ਤੱਤੇ ਹਾਲਾਤ ਅੰਦਰ, ਠੰਡਾ ਰਹਿ ਕੇ ਠੰਡ ਵਰਤਾ ਰਿਹਾ ਸੀ।
ਬਹਿ ਕੇ ਤਵੀ ਉੱਤੇ ਮਹਾਂਕਵੀ ਕੋਈ, ਗੀਤ ਅਰਸ਼ੀ ਪ੍ਰੀਤਮ ਦੇ ਗਾ ਰਿਹਾ ਸੀ।

ਪੰਚਮ ਪਿਤਾ ਜਦ ਹੋਏ ਸ਼ਹੀਦ 'ਜਾਚਕ', ਆਇਆ ਮੋੜ ਸੀ ਸਿੱਖ ਇਤਿਹਾਸ ਅੰਦਰ।
ਦੇਣੈ ਇੱਟ ਦਾ ਹੁਣ ਜੁਆਬ ਪੱਥਰ, ਪਹਿਲੀ ਵਾਰ ਸੀ ਹੋਇਆ ਅਹਿਸਾਸ ਅੰਦਰ।
ਖੂਨ ਖੌਲਿਆ ਜੁਸਿਆਂ ਵਿੱਚ ਏਦਾਂ, ਸੋਢਾ ਜਿਸ ਤਰਾਂ ਖੌਲੇ ਗਲਾਸ ਅੰਦਰ।
ਜੀਹਨੂੰ ਦੇਖ ਕੁਰਬਾਨੀ ਕੁਰਬਾਨ ਹੋਈ, ਯਾਦ ਕਰਦੇ ਹਾਂ ਰੋਜ਼ ਅਰਦਾਸ ਅੰਦਰ।

# ਪੰਚਮ ਦਾਤਾਰ ਸਤਿਗੁਰ

ਮਾਤਾ ਭਾਨੀ ਦੀ ਗੋਦ ਨੂੰ ਭਾਗ ਲੱਗੇ, ਸੋਹਣੇ ਸੁੰਦਰ ਇਸ ਬਾਲਕ ਦਾ ਜਨਮ ਹੋਇਆ।
ਮੋਹਣੀ ਮੂਰਤ ਨੂੰ ਤੱਕ ਕੇ ਕਹਿਣ ਸਾਰੇ, ਘਰ ਖਾਲਕ ਦੇ ਖਾਲਕ ਦਾ ਜਨਮ ਹੋਇਆ।
ਸਾਰੀ ਉਮਰ ਜਿਸ ਪਰਉਪਕਾਰ ਕੀਤੇ, ਓਸ ਸਰਬ ਪ੍ਰਿਤਪਾਲਕ ਦਾ ਜਨਮ ਹੋਇਆ।
ਪੁੰਜ ਸ਼ਾਂਤੀ ਦੇ ਤੇ ਸਾਗਰ ਨਿਮਰਤਾ ਦੇ, ਦੀਨ ਦੁਨੀ ਦੇ ਮਾਲਕ ਦਾ ਜਨਮ ਹੋਇਆ।

ਨਾਨਾ ਗੁਰੂ ਦੀ ਗੋਦ ’ਚ ਖੇਡ ਕੇ ਤੇ, ਬਾਲ ਅਰਜਨ ਨੇ ਬਚਪਨ ਗੁਜ਼ਾਰਿਆ ਸੀ।
ਨਿੱਕੇ ਬੱਚੇ ’ਚ ਤੱਕ ਕੇ ਗੁਣ ਵੱਡੇ, ਤੀਜੇ ਪਾਤਿਸ਼ਾਹ ਬਹੁਤ ਸਤਿਕਾਰਿਆ ਸੀ।
‘ਦੋਹਿਤਾ ਬਾਣੀ ਕਾ ਬੋਹਿਥਾ’ ਮੁੱਖ ਵਿੱਚੋਂ, ਏਸ ਬੱਚੇ ਲਈ ਬਚਨ ਉਚਾਰਿਆ ਸੀ।
ਬਾਲ ਅਰਜਨ ਨੇ ਬਣ ਫਿਰ ਗੁਰੂ ਅਰਜਨ, ਪਾਵਨ ਬਚਨਾਂ ਦਾ ਮੁੱਲ ਉਤਾਰਿਆ ਸੀ।

ਮੱਥਰਾ ਭੱਟ ਸਵੱਈਆਂ ਦੇ ਵਿੱਚ ਲਿਖਦੈ, ਪੂਰਨ ਪੁਰਖ ਹੈਸੀ ਹੋਣਹਾਰ ਸਤਿਗੁਰ।
ਦਿੱਤੀ ਸੇਧ ਜਿਨ੍ਹਾਂ ਭੁੱਲੇ ਭਟਕਿਆਂ ਨੂੰ, ਉਹ ਰੂਹਾਨੀਅਤ ਦੇ ਸੀ ਭੰਡਾਰ ਸਤਿਗੁਰ।
ਧੁਰੋਂ ਭੇਜੇ ਅਧਿਆਤਮਕ ਕਵੀ ਸੀ ਉਹ, ਤੇ ਰਾਗਾਂ ਵਿੱਚ ਵੀ ਮਾਹਰ ਫੰਕਾਰ ਸਤਿਗੁਰ।
ਮੈਲੇ ਮਨਾਂ ਨੂੰ ਨਾਮ ਦਾ ਲਾ ਸਾਬਣ, ਧੋ ਦੇਂਦੇ ਸਨ ਪੰਚਮ ਦਾਤਾਰ ਸਤਿਗੁਰ।

ਮੀਆਂ ਮੀਰ ਤੋਂ ਨੀਂਹ ਰੱਖਵਾ ਕੇ ਤੇ, ਹਰੀਮੰਦਰ ਨੂੰ ਗੁਰਾਂ ਉਸਾਰਿਆ ਸੀ।
ਊਚ ਨੀਚ ਦਵੈਤ ਤੋਂ ਦੂਰ ਰਹਿਕੇ, ਹਰ ਇੱਕ ਦੇ ਤਾਂਈਂ ਸਤਿਕਾਰਿਆ ਸੀ।
ਚੌਂਹ ਦਿਸ਼ਾਂ ਵੱਲ ਰੱਖਕੇ ਚਾਰ ਬੂਹੇ, ਹਰਿ ਧਰਮ ਤੇ ਕੌਮ ਨੂੰ ਪਿਆਰਿਆ ਸੀ।
ਸਾਂਝੀਵਾਲਤਾ ਵਾਲਾ ਸੰਦੇਸ਼ ਦੇ ਕੇ, ਗੁਰਾਂ ਸਾਰੀ ਲੋਕਾਈ ਨੂੰ ਤਾਰਿਆ ਸੀ।

ਰਾਮਸਰ ਸਰੋਵਰ ਦੇ ਬੈਠ ਕੰਢੇ, ਸੁਰਤੀ ਬਿਰਤੀ ਲਗਾਈ ਸੀ ਗੁਰੂ ਅਰਜਨ।
ਕਰਕੇ ਮਿਹਰ ਦੀ ਨਜ਼ਰ ਗੁਰਦਾਸ ਜੀ ’ਤੇ, ਪਾਵਨ ਬੀੜ ਲਿਖਵਾਈ ਸੀ ਗੁਰੂ ਅਰਜਨ।
ਰੱਬੀ ਭਗਤਾਂ ਦੀ ਬਾਣੀ ਵੀ ਕਰ ਸ਼ਾਮਲ, ਸਭ ਨੂੰ ਦਿੱਤੀ ਵਡਿਆਈ ਸੀ ਗੁਰੂ ਅਰਜਨ।
ਆਦਿ ਗ੍ਰੰਥ ਸੰਪੂਰਨ ਕਰਵਾ ਕੇ ਤੇ, ਜੀਵਨ ਜਾਚ ਸਿਖਾਈ ਸੀ ਗੁਰੂ ਅਰਜਨ।

ਤਰਨ ਤਾਰਨ ਤੇ ਪੁਰ ਕਰਤਾਰ ਵਰਗੇ, ਸੋਹਣੇ ਨਗਰ ਵਸਾਏ ਸੀ ਪਾਤਿਸ਼ਾਹ ਨੇ।
ਕਾਲ ਪਿਆ ਜਦ ਪੂਰੇ ਪੰਜਾਬ ਅੰਦਰ, ਜਜ਼ੀਏ ਮਾਫ਼ ਕਰਵਾਏ ਸੀ ਪਾਤਿਸ਼ਾਹ ਨੇ।
ਅੰਮ੍ਰਿਤਸਰ ਇਲਾਕੇ ਦੇ ਵਿੱਚ ਓਦੋਂ, 12 ਖੂਹ ਖੁਦਵਾਏ ਸੀ ਪਾਤਿਸ਼ਾਹ ਨੇ।
ਕੋਹੜ ਕੋਹੜੀਆਂ ਦੇ ਦੂਰ ਕਰਨ ਖਾਤਰ, ਦਵਾਖਾਨੇ ਬਣਵਾਏ ਸੀ ਪਾਤਿਸ਼ਾਹ ਨੇ।

ਗੁਰੂ ਘਰ ਦੀ ਜੱਗ ’ਤੇ ਚੜ੍ਹਤ ਤੱਕ ਕੇ, ਦੋਖੀ ਰਲ ਮਿਲ ਸਾਜਿਸ਼ਾਂ ਘੜਨ ਲੱਗੇ।
ਪ੍ਰਿਥੀ ਚੰਦ ਵਰਗੇ ਚੰਦੂ ਸ਼ਾਹ ਵਰਗੇ, ਅੱਗ ਈਰਖਾ ਦੀ ਅੰਦਰ ਸੜਨ ਲੱਗੇ।
ਸ਼ੇਖ ਅਹਿਮਦ ਤੇ ਮੁਰਤਜ਼ਾ ਖਾਂ ਵਰਗੇ, ਕੱਟੜ ਪੰਥੀ ਵੀ ਇਨ੍ਹਾਂ ਨਾਲ ਖੜਨ ਲੱਗੇ।
ਬਾਗੀ ਖੁਸਰੋ ਨੂੰ ਇਨ੍ਹਾਂ ਪਨਾਂਹ ਦਿੱਤੀ, ਐਸੇ ਦੋਸ਼ ਵੀ ਗੁਰਾਂ ’ਤੇ ਮੜ੍ਹਨ ਲੱਗੇ।

ਜਹਾਂਗੀਰ ਦੇ ਭਰੇ ਜਦ ਕੰਨ ਇਨ੍ਹਾਂ, ਆਖਿਰ ਓਸ ਨੇ ਹੁਕਮ ਸੁਣਾ ਦਿੱਤਾ।
‘ਯਾਸਾ’ ਰਾਹੀਂ ਤਸੀਹੇ ਦਿਵਾਉਣ ਖਾਤਿਰ, ਚੰਦੂ ਚੰਦਰੇ ਕੋਲ ਪਹੁੰਚਾ ਦਿੱਤਾ।
ਗੁਰੂ ਸਾਹਿਬ ਨੂੰ ਭੁਖਿਆਂ ਰੱਖ ਉਨ੍ਹੇ, ਪੰਜ ਦਿਨਾਂ ਦਾ ਸਮਾਂ ਲੰਘਾ ਦਿੱਤਾ।
ਤੱਤੀ ਤਵੀ ’ਤੇ ਆਖਿਰ ਬਿਠਾ ਕੇ ਤੇ, ਦੇ ਦੇ ਕਸ਼ਟ ਸ਼ਹੀਦ ਕਰਵਾ ਦਿੱਤਾ।

ਪਾਈ ਜਿਦਾਂ ਸ਼ਹੀਦੀ ਸੀ ਪਾਤਸ਼ਾਹ ਨੇ, ਕਰਦੇ ਉਸ ਤੇ ਅਸੀਂ ਹਾਂ ਨਾਜ ਸਾਰੇ।
ਮੁੱਢ ਓਸੇ ਤੋਂ ਬੱਝਾ ਸ਼ਹਾਦਤਾਂ ਦਾ, ਤਾਂ ਸ਼ਹੀਦਾਂ ਦਾ ਕਹਿਣ ਸਿਰਤਾਜ ਸਾਰੇ।
ਸਹੇ ਦੁਖ ਤਸੀਹੇ ਸਭ ਖਿੜੇ ਮੱਥੇ, ਲੱਗਣ ਦਿੱਤੀ ਨਾ ਸਿੱਖੀ ਨੂੰ ਲਾਜ ਸਤਿਗੁਰ।
ਪੈਦਾ ਲੱਖਾਂ ਸ਼ਹੀਦ ਫਿਰ ਹੋਏ ਉਸ ਤੋਂ, ਇੰਜ ਸ਼ਹੀਦਾਂ ਦੇ ਬਣੇ ਸਿਰਤਾਜ ਸਤਿਗੁਰ।

ਰਾਵੀ ਵਿੱਚੋਂ ਅਗੰਮੀ ਆਵਾਜ਼ ਆਈ, ਹੁਣ ਤਾਂ ਸਿੱਖੀ ਦੀਆਂ ਸ਼ਾਨਾਂ ਦਾ ਜਨਮ ਹੋਊ।
ਜੀਹਨਾਂ ਜ਼ੁਲਮ ਨੂੰ ਜੜ੍ਹੋਂ ਉਖਾੜ ਸੁਟਣੈ, ਉਨ੍ਹਾਂ ਲੱਖਾਂ ਤੂਫਾਨਾਂ ਦਾ ਜਨਮ ਹੋਊ।
ਸੰਤ ਸਿਪਾਹੀਆਂ ਦੇ ਪੂਰਨ ਸਰੂਪ ਅੰਦਰ, ਬੀਰ ਬਾਂਕੇ ਬਲਵਾਨਾਂ ਦਾ ਜਨਮ ਹੋਊ।
ਰੱਖਿਆ ਭਗਤੀ ਦੀ ਕਰਨ ਲਈ ਨਾਲ ਸ਼ਕਤੀ, ਮੀਰੀ ਪੀਰੀ ਕਿਰਪਾਨਾਂ ਦਾ ਜਨਮ ਹੋਊ।

ਏਸ ਪਾਵਨ ਸ਼ਹਾਦਤ ਤੋਂ ਬਾਅਦ ‘ਜਾਚਕ’, ਬੀਰ ਬਾਂਕੇ ਬਲਕਾਰਾਂ ਦਾ ਜਨਮ ਹੋਇਆ।
ਛੇਵੇਂ ਪਾਤਸ਼ਾਹ ਬੈਠੇ ਜਦ ਤਖ਼ਤ ਉੱਤੇ, ਮੀਰੀ ਪੀਰੀ ਤਲਵਾਰਾਂ ਦਾ ਜਨਮ ਹੋਇਆ।
ਪੈਦਾ ਕਰਨ ਲਈ ਅਣਖ ਦੇ ਕਈ ਸ਼ੁਅਲੇ, ਚੜ੍ਹਦੀ ਕਲਾ ਦੀਆਂ ਵਾਰਾਂ ਦਾ ਜਨਮ ਹੋਇਆ।
ਧੌਂਸੇ ਖੜਕੇ ਨਗਾਰੇ ‘ਤੇ ਚੋਟ ਲੱਗੀ, ਸਾਡੇ ਬਾਗੀਂ ਬਹਾਰਾਂ ਦਾ ਜਨਮ ਹੋਇਆ।

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ

ਲੱਗੀਆਂ ਪਿੰਡ ਵਡਾਲੀ ਵਿੱਚ ਰੌਣਕਾਂ ਸੀ, ਸੱਚਾ ਪਾਤਸ਼ਾਹ ਆਪ ਦਿਆਲ ਹੋਇਆ।
ਬਾਬਾ ਬੁੱਢਾ ਜੀ ਦੇ ਪਾਵਨ ਵਰ ਸਦਕਾ, ਪੰਚਮ ਪਿਤਾ ਦੇ ਘਰ ਸੀ ਲਾਲ ਹੋਇਆ।
ਏਧਰ ਖੁਸ਼ੀ ਦੀ ਲਹਿਰ ਸੀ ਹਰ ਪਾਸੇ, ਵਾਤਾਵਰਣ ਸੀ ਸਾਰਾ ਖੁਸ਼ਹਾਲ ਹੋਇਆ।
ਓਧਰ ਬੱਚੇ ਨੂੰ ਮਾਰ ਮੁਕਾਉਣ ਦੇ ਲਈ, ਪ੍ਰਿਥੀ ਚੰਦ ਸੀ ਹਾਲੋਂ ਬੇਹਾਲ ਹੋਇਆ।

ਜ਼ਹਿਰ ਦੇਣ ਦੀ ਕੋਸ਼ਿਸ਼ ਵੀ ਗਈ ਕੀਤੀ, ਐਪਰ ਦਾਈ ਦਾ ਮੰਦੜਾ ਹਾਲ ਹੋਇਆ।
ਫਨੀਅਰ ਸੱਪ ਵੀ ਡੰਗ ਨਾ ਮਾਰ ਸਕਿਆ, ਵੇਖਣ ਵਾਲਿਆਂ ਕਿਹਾ ਕਮਾਲ ਹੋਇਆ।
ਰੱਖਿਆ ਗੁਰੂ ਨੇ 'ਚੇਚਕ' ਤੋਂ ਆਪ ਕੀਤੀ, ਰੱਤੀ ਭਰ ਵੀ ਵਿੰਗਾ ਨਾ ਵਾਲ ਹੋਇਆ।
ਮੁੱਖੜਾ ਚੰਦ ਵਰਗਾ ਚਿੱਟਾ ਬਾਲਕੇ ਦਾ, ਤੱਕਿਆ ਜੇਸਨੇ ਉਹੀਉ ਨਿਹਾਲ ਹੋਇਆ।

ਛੋਟੀ ਉਮਰ ਤੋਂ ਹੀ ਹਰਿਗੋਬਿੰਦ ਜੀ ਦਾ, ਭਰਵਾਂ ਜੁੱਸਾ ਤੇ ਨੂਰੀ ਨੁਹਾਰ ਹੈਸੀ।
ਘੋੜ ਸਵਾਰੀ ਤੇ ਸ਼ਸਤਰਾਂ ਬਸਤਰਾਂ ਨਾਲ, ਰੱਖਿਆ ਸ਼ੁਰੂ ਤੋਂ ਉਨ੍ਹਾਂ ਪਿਆਰ ਹੈਸੀ।
11 ਸਾਲ ਦੇ ਜਦੋਂ ਸੀ ਆਪ ਹੋਏ, ਆਇਆ ਸੀਸ 'ਤੇ ਗੱਦੀ ਦਾ ਭਾਰ ਹੈਸੀ।
ਕੀਤੇ ਪਿਤਾ ਸ਼ਹੀਦ ਜਦ ਜ਼ਾਲਮਾਂ ਨੇ, ਮੀਰੀ ਪੀਰੀ ਦੀ ਪਹਿਨੀ ਤਲਵਾਰ ਹੈਸੀ।

ਭੇਜੇ ਹੁਕਮਨਾਮੇ ਗੱਦੀ ਬੈਠ ਕੇ 'ਤੇ, ਹੋ ਜਾਉ ਹੁਣ ਤਿਆਰ ਬਰ ਤਿਆਰ ਸਿੱਖੋ।
ਲੜੋ ਕੁਸ਼ਤੀਆਂ, ਕਸਰਤਾਂ ਕਰੋ ਮਿਲ ਕੇ, ਰੱਖੋ ਘੋੜੇ ਤੇ ਖੇਡੋ ਸ਼ਿਕਾਰ ਸਿੱਖੋ।
ਭੇਟ ਕਰੋ ਜਵਾਨੀਆਂ ਤੁਸੀਂ ਆ ਕੇ, ਫੜੋ ਹੱਥਾਂ 'ਚ ਤਿੱਖੀ ਤਲਵਾਰ ਸਿੱਖੋ।
ਜ਼ੁਲਮ ਜ਼ਾਲਮਾਂ ਦੇ ਰੋਕਣ ਵਾਸਤੇ ਹੁਣ, ਭੇਜੋ ਮਾਇਆ ਦੀ ਥਾਂ ਹਥਿਆਰ ਸਿੱਖੋ।

ਰਚਿਆ ਤਖ਼ਤ, ਹਰਿਮੰਦਰ ਦੇ ਐਨ ਸਾਹਵੇਂ, ਕੋਈ ਕਿਸੇ ਨੂੰ ਕਰ ਨਾ ਤੰਗ ਸੱਕੇ।
ਹਰੀਮੰਦਰ ਦੀ ਗੋਦ ਵਿੱਚ ਸਿੱਖ ਬੈਠਾ, ਆਪਾ ਨਾਮ ਦੇ ਰੰਗ ਵਿੱਚ ਰੰਗ ਸੱਕੇ।
ਅਕਾਲ ਤਖ਼ਤ ਸਾਹਵੇਂ ਸੁਣ ਕੇ ਸਿੱਖ ਵਾਰਾਂ, ਛੇੜ ਜ਼ੁਲਮ ਵਿਰੁੱਧ ਹੁਣ ਜੰਗ ਸੱਕੇ।
ਸੰਤ ਸਿਪਾਹੀਆਂ ਦੀ ਫੌਜ ਬਣਾਈ ਤਾਂ ਕਿ, ਜ਼ਾਲਮ ਸ਼ਾਂਤੀ ਕਰ ਨਾ ਭੰਗ ਸੱਕੇ।

ਛੇਵੇਂ ਪਾਤਸ਼ਾਹ ਤਖ਼ਤ 'ਤੇ ਬੈਠਦੇ ਸੀ, ਇਥੇ ਸੁੰਦਰ ਸਿੰਘਾਸਨ ਸਜਾ ਕੇ ਤੇ।
ਮੀਰੀ ਪੀਰੀ ਤਲਵਾਰਾਂ ਨੂੰ ਪਹਿਨ ਕੇ ਤੇ, ਉਪਰ ਸੀਸ ਦੇ ਕਲਗੀ ਫਬਾ ਕੇ ਤੇ।
ਮੁਖੜਾ ਗੁਰਾਂ ਦਾ ਚੰਦ ਦੇ ਵਾਂਗ ਚਮਕੇ, ਸੰਗਤਾਂ ਤੱਕਣ ਚਕੋਰਾਂ ਵਾਂਗ ਆ ਕੇ ਤੇ।
ਦੁਖ ਦੂਰ ਫ਼ਰਿਆਦੀ ਦੇ ਕਰ ਦਿੰਦੇ, ਸਜ਼ਾ ਦੋਸ਼ੀਆਂ ਤਾਂਈਂ ਸੁਣਾ ਕੇ ਤੇ।

ਜਦ ਗਵਾਲੀਅਰ ਕਿਲ੍ਹੇ 'ਚ ਕੈਦ ਕਰਕੇ, ਦਿੱਤਾ ਸੰਗਤ ਦੇ ਨਾਲੋਂ ਵਿਛੋੜ ਦਾਤਾ।
ਕਹਿਣ ਰੋਂਦੀਆਂ ਕਿਲ੍ਹੇ ਦੇ ਕੋਲ ਜਾ ਕੇ, ਸਾਨੂੰ ਬਾਹਰੋਂ ਹੀ ਦੇਂਦੇ ਨੇ ਮੋੜ ਦਾਤਾ।
ਓਧਰ ਕਿਲ੍ਹੇ 'ਚ ਕੈਦੀਆਂ ਕਿਹਾ ਇਥੇ, ਸਾਡੇ ਸੰਗਲ ਗੁਲਾਮੀ ਦੇ ਤੋੜ ਦਾਤਾ।
ਕੈਦੀ ਰਾਜੇ ਰਿਹਾਅ ਕਰਵਾਉਣ ਕਰਕੇ, ਨਾ ਪੈ ਗਿਆ ਸੀ ਬੰਦੀ-ਛੋੜ ਦਾਤਾ।

ਜਿੱਥੇ ਜਿੱਥੇ ਵੀ ਕਿਸੇ ਨੇ ਯਾਦ ਕੀਤਾ, ਓਥੇ ਓਥੇ ਹੀ ਮੇਰੇ ਬਲਬੀਰ ਪਹੁੰਚੇ।
ਭਾਗ ਭਰੀ ਨੇ ਜਦੋਂ ਅਰਦਾਸ ਕੀਤੀ, ਕਿ ਮੇਰੇ ਦਿਲ ਦਾ ਸ਼ੂਕਦਾ ਤੀਰ ਪਹੁੰਚੇ।
ਤੇਰੇ ਚਰਨਾਂ 'ਚ ਬਿਰਧ ਗਰੀਬਣੀ ਦਾ, ਹੋ ਨਹੀਂ ਸਕਦਾ, ਕਦੇ ਸਰੀਰ ਪਹੁੰਚੇ।
ਰਹਿ ਨਾ ਦਿਲ ਦੀ ਦਿਲ ਦੇ ਵਿੱਚ ਜਾਵੇ, ਛੇਵੇਂ ਪਾਤਸ਼ਾਹ ਆਪ ਕਸ਼ਮੀਰ ਪਹੁੰਚੇ।

ਪਿਆਰ ਨਾਲ ਸੀਤਾ ਕੁੜਤਾ ਪਾਉਣ ਦੇ ਲਈ, ਭਾਗ ਭਰੀ ਦੇ ਕੋਲ ਅਖ਼ੀਰ ਪਹੁੰਚੇ।
ਭਾਈ ਰੂਪੇ ਦੀ ਸੱਦ ਜਦ ਖਿੱਚ ਪਾਈ, ਤਿੱਖੀ ਧੁੱਪ 'ਚ ਵਾਟਾਂ ਨੂੰ ਚੀਰ ਪਹੁੰਚੇ।
ਪਿਆਸੇ ਪਾਣੀ ਤੋਂ ਬਿਨਾਂ ਜੋ ਤੜਪ ਰਹੇ ਸਨ,ਉਨ੍ਹਾਂ ਸਿੱਖਾਂ ਨੂੰ ਦੇਣ ਲਈ ਧੀਰ ਪਹੁੰਚੇ।
ਛਕਣ ਵਾਸਤੇ ਉਨ੍ਹਾਂ ਤੋਂ ਜਲ ਠੰਡਾ, ਮੀਰ ਮੀਰਾਂ ਦੇ, ਪੀਰਾਂ ਦੇ ਪੀਰ ਪਹੁੰਚੇ।

ਪੁੰਜ ਬੀਰਤਾ ਦੇ ਹੈਸਨ ਗੁਰੂ 'ਜਾਚਕ', ਸੀ ਰੂਹਾਨੀਅਤ ਦੇ ਵੀ ਭੰਡਾਰ ਸਤਿਗੁਰ।
ਬਾਣੀ ਵਿੱਚੋਂ ਹੀ ਸਨ ਉਪਦੇਸ਼ ਦਿੰਦੇ, ਦਿੰਦੇ ਪੋਥੀ ਦੇ ਨਾਲ ਕਟਾਰ ਸਤਿਗੁਰ।
ਪਹਿਲੀ ਪਾਤਸ਼ਾਹੀ ਪਿਛੋਂ ਸੰਗਤਾਂ ਵਿੱਚ, ਕੀਤਾ ਥਾਂ ਥਾਂ ਜਾ ਕੇ ਪ੍ਰਚਾਰ ਸਤਿਗੁਰ।
ਪੱਕੇ ਪੈਰਾਂ 'ਤੇ ਕੌਮ ਨੂੰ ਖੜ੍ਹੀ ਕਰ ਕੇ, ਗੁਰਪੁਰੀ ਨੂੰ ਗਏ ਸਿਧਾਰ ਸਤਿਗੁਰ।

# ਮੀਰੀ ਪੀਰੀ ਦਾ ਮਾਲਕ

ਸੂਰਜ ਵਾਂਗ ਸੀ ਚਿਹਰੇ ’ਤੇ ਤੇਜ ਜਿਸਦੇ, ਸੋਹਣੇ ਸੁੰਦਰ ਉਸ ਬਾਲਕ ਦਾ ਜਨਮ ਹੋਇਆ।
ਰੱਖਿਆ ਖਲਕਤ ਦੀ ਕਰਨ ਲਈ ਨਾਲ ਸ਼ਕਤੀ, ਪੰਚਮ ਪਿਤਾ ਘਰ ਖਾਲਕ ਦਾ ਜਨਮ ਹੋਇਆ।
ਸੋਲਾਂ ਕਲਾਂ ਸੰਪੂਰਨ ਸੀ ਸਾਹਿਬਜ਼ਾਦਾ, ਸਚਮੁੱਚ ਸਰਬ ਪ੍ਰਿਤਪਾਲਕ ਦਾ ਜਨਮ ਹੋਇਆ।
ਮੁਰਦਾ ਅਣਖ ’ਚ ਜ਼ਿੰਦਗੀ ਪਾਉਣ ਖਾਤਰ, ਮੀਰੀ ਪੀਰੀ ਦੇ ਮਾਲਕ ਦਾ ਜਨਮ ਹੋਇਆ।

ਉਧਰ ਪ੍ਰਿਥੀਏ ਦੇ ਸਿਰ ਸੀ ਖੂਨ ਚੜ੍ਹਿਆ, ਲੱਗੀਆਂ ਰੌਣਕਾਂ ਕਿਵੇਂ ਸੀ ਜਰ ਸਕਦਾ।
ਦਿਨੇਂ ਰਾਤ ਉਹ ਸਾਜਿਸ਼ਾਂ ਘੜਨ ਲੱਗਾ, ਇਹਨੂੰ ਕਿਵੇਂ ਕੋਈ ਖਤਮ ਹੈ ਕਰ ਸਕਦਾ।
ਦੋਖੀ ਸੋਚਾਂ ਦੇ ਘੋੜੇ ਦੁੜਾ ਰਿਹਾ ਸੀ, ਸਾਹਿਬਜ਼ਾਦਾ ਹੈ ਕਿਸ ਤਰ੍ਹਾਂ ਮਰ ਸਕਦਾ।
ਪਰ ਜੀਹਦਾ ਰਾਖਾ ਉਹ ਆਪ ਅਕਾਲ ਹੋਵੇ, ਉਹਦਾ ਵਾਲ ਨਹੀਂ ਵਿੰਗਾ ਕੋਈ ਕਰ ਸਕਦਾ।

ਸੋਭੀ ਦਾਈ ਨੇ ਥਣਾਂ ਨੂੰ ਜ਼ਹਿਰ ਲਾ ਕੇ, ਉਹਨੂੰ ਦੁਧ ਚੁੰਘਾਉਣ ਦਾ ਯਤਨ ਕੀਤਾ।
ਇੱਕ ਸਪੇਰੇ ਤੋਂ ਪ੍ਰਿਥੀਏ ਨੇ ਸੱਪ ਰਾਹੀਂ, ਜ਼ਹਿਰੀ ਡੰਗ ਮਰਵਾਉਣ ਦਾ ਯਤਨ ਕੀਤਾ।
ਪਾ ਪਾ ਕੇ ਦਹੀਂ ’ਚ ਸੰਖੀਆ ਵੀ, ਬਾਲਕ ਤਾਂਈਂ ਖੁਵਾਉਣ ਦਾ ਯਤਨ ਕੀਤਾ।
ਕਰਨੀ ਕੁਦਰਤ ਦੀ ਉਹ ਸਭ ਆਪ ਮਰ ਗਏ, ਜਿਨ੍ਹਾਂ ਮਾਰ ਮੁਕਾਉਣ ਦਾ ਯਤਨ ਕੀਤਾ।

ਬਹਿ ਕੇ ਗੁਰਗੱਦੀ, ਛੇਵੇਂ ਪਾਤਸ਼ਾਹ ਜੀ, ਪਾਵਨ ਗੁਰਮਤਿ ਦਾ ਕਰਨ ਪ੍ਰਚਾਰ ਲੱਗੇ।
ਉਚੇ ਕੱਦ ਵਾਲੇ ਸੁੰਦਰ ਗਭਰੂ ਉਹ, ਮੀਰੀ ਪੀਰੀ ਦੀ ਪਹਿਨਣ ਤਲਵਾਰ ਲੱਗੇ।
ਕਰਕੇ ਕਮਰਕਸੇ, ਹੱਥ ਵਿੱਚ ਤੀਰ ਫੜ੍ਹਕੇ, ਸੀਸ ਉਤੇ ਸਜਾਉਣ ਦਸਤਾਰ ਲੱਗੇ।
ਸਸ਼ਤਰ ਬਸਤਰ ਸਜਾ ਕੇ ਸਤਿਗੁਰੂ ਜੀ, ਸੋਹਣੇ ਘੋੜੇ ’ਤੇ ਹੋਣ ਸਵਾਰ ਲੱਗੇ।

ਯੋਧੇ ਬੀਰ ਬਲਕਾਰਾਂ ਨੂੰ ਕਰ ਭਰਤੀ, ਸਿੱਖ ਫੌਜਾਂ ਸਨ ਕਰਨ ਤਿਆਰ ਲੱਗੇ।
ਫਰਕਣ ਲੱਗ ਪਏ ਡੋਲੇ ਬਹਾਦਰਾਂ ਦੇ, ਜਦੋਂ ਹੱਥਾਂ ’ਚ ਫੜਨ ਹਥਿਆਰ ਲੱਗੇ।
ਭਗਤੀ ਨਾਲ ਹੀ ਗੁਰੂ ਦੀਆਂ ਸੰਗਤਾਂ ’ਚ, ਉਹ ਤਾਂ ਸ਼ਕਤੀ ਦਾ ਕਰਨ ਸੰਚਾਰ ਲੱਗੇ। ਨਾਲ
ਸਿੱਖਾਂ ਦੇ ਜੰਗਲਾਂ ਵਿੱਚ ਜਾ ਕੇ, ਉਹ ਤਾਂ ਸ਼ੇਰਾਂ ਦਾ ਕਰਨ ਸ਼ਿਕਾਰ ਲੱਗੇ।

ਦਿਲਾਂ ਵਿੱਚ ਸੀ ਜੋਸ਼ ਦਾ ਹੜ੍ਹ ਆਇਆ,ਉਹ ਤਾਂ ਹੋਣ ਸੀ ਤਿਆਰ ਬਰ ਤਿਆਰ ਲੱਗੇ।
ਦੁਸ਼ਟ ਰੂਹਾਂ ਨੂੰ ਮਾਰ ਮੁਕਾਉਣ ਦੇ ਲਈ, ਸਿੱਖ ਕਰਨ ਓਦੋਂ ਮਾਰੋ ਮਾਰ ਲੱਗੇ।
ਦੂਰ ਕਰਨ ਲਈ ਦੁਖ ਫਰਿਆਦੀਆਂ ਦੇ, ਕਰਨ ਫੈਸਲੇ ਆਪ ਦਾਤਾਰ ਲੱਗੇ।
ਨਾਮ ਦਾਨ ਦੇ ਕੇ ਆਈਆਂ ਸੰਗਤਾਂ ਨੂੰ, ਭਵਸਾਗਰ ਤੋਂ ਕਰਨ ਉਹ ਪਾਰ ਲੱਗੇ।

ਉਨ੍ਹਾਂ ਕਿਹਾ ਕਿ ਲੱਕੜ ਦੀ ਇੱਕ ਤੀਲੀ, ਸਾਰੇ ਜੰਗਲ ਨੂੰ ਅੱਗ ਏ ਲਾ ਸਕਦੀ।
’ਕੱਠੇ ਹੋਵੋਗੇ ਬੱਦਲਾਂ ਵਾਂਗ ਜੇਕਰ, ਘਟਾ ਕਾਲੀ ਘਨਘੋਰ ਹੈ ਛਾ ਸਕਦੀ।
ਚਮਕ ਬਿਜਲੀ ਦੀ ਬੱਦਲ ਦੀ ਗਰਜ ਵਾਂਗੂ, ਵਖਤ ਤਖ਼ਤ ਦੇ ਤਾਂਈਂ ਹੈ ਪਾ ਸਕਦੀ।
ਜਦੋਂ ਵਰ੍ਹੋਗੇ ਤਾਂ ਇਹ ਹੜ੍ਹ ਬਣਕੇ, ਜ਼ਾਲਮ ਦੁਸ਼ਟਾਂ ਨੂੰ ਰੋਹੜ ਲਿਜਾ ਸਕਦੀ।

ਢਾਡੀ ਕਵੀਆਂ ਨੂੰ ਗੁਰਾਂ ਫੁਰਮਾਨ ਕੀਤਾ, ਕੱਢੋ ਕੌਮ ਨੂੰ ਟੋਇਆਂ ’ਚੋਂ ਬਾਹਰ ਹੁਣ ਤਾਂ।
ਠੰਡਾ ਕੌਮ ਦਾ ਖ਼ੂਨ ਗਰਮਾਉਣ ਖਾਤਰ, ਥੋਡੇ ਸਾਜਾਂ ’ਚੋਂ ਨਿਕਲੇ ਲਲਕਾਰ ਹੁਣ ਤਾਂ।
ਕਰਨ ਲਈ ਕੁਰਬਾਨੀ ਦਾ ਚਾਅ ਪੈਦਾ, ਸੂਰਬੀਰਾਂ ਦੀ ਛੇੜੋ ਕੋਈ ਵਾਰ ਹੁਣ ਤਾਂ।
ਕੁਦਣ ਸ਼ਮਾਂ ਤੇ ਵਾਂਗ ਪ੍ਰਵਾਨਿਆਂ ਦੇ, ਸਿੱਖ ਤੁਰਨ ਇਹ ਖੰਡੇ ਦੀ ਧਾਰ ਹੁਣ ਤਾਂ।

ਬਿਧੀ ਚੰਦ ਨੂੰ ਸਤਿਗੁਰਾਂ ਬਚਨ ਕੀਤੇ, ਕਿ ਉਹਨਾਂ ਲੋਕਾਂ ’ਤੇ ਕਦੇ ਨਾ ਵਾਰ ਹੋਵੇ।
ਜੋ ਅਣਭੋਲ ਜ਼ਮੀਨ ਤੇ ਹੋਣ ਲੇਟੇ, ਜਾਂ ਕੋਈ ਰੋਗ ਦੇ ਨਾਲ ਬਿਮਾਰ ਹੋਵੇ।
ਚੁੱਕਣਾ ਹੱਥ ਨਹੀਂ ਇਸਤਰੀ, ਬੱਚਿਆਂ ’ਤੇ, ਨਾ ਹੀ ਬੁੱਢੇ ਤੇ ਜੋ ਲਾਚਾਰ ਹੋਵੇ।
ਬਖ਼ਸ਼ ਦੇਣਾ ਜੋ ਆਵੇ ਪਨਾਹ ਅੰਦਰ, ਛੱਡ ਦੇਣਾ ਜੋ ਬੇ-ਹਥਿਆਰ ਹੋਵੇ।

ਦੁਸ਼ਮਣ ਦਲਾਂ ਦੇ ਕਰਨ ਲਈ ਦੰਦ ਖੱਟੇ, ਲੋਹਗੜ੍ਹ ਦਾ ਕਿਲ੍ਹਾ ਉਸਾਰਿਆ ਸੀ।
ਹੱਥੀਂ ਆਪਣੀ ਕਰਕੇ ਫੌਜ ਭਰਤੀ, ਮੀਰੀ ਪੀਰੀ ਸਿਧਾਂਤ ਉਭਾਰਿਆ ਸੀ।
ਸੱਚ ਧਰਮ ਦੀ ਰੱਖਿਆ ਲਈ ‘ਜਾਚਕ’, ਦੁਸ਼ਟਾਂ ਦੋਖੀਆਂ ਤਾਈਂ ਵੰਗਾਰਿਆ ਸੀ।
ਜੰਗਾਂ ਚਾਰ ਜੋ ਲੜੀਆਂ ਸੀ ਪਾਤਸ਼ਾਹ ਨੇ, ਸੱਚ ਜਿੱਤਿਆ ਤੇ ਝੂਠ ਹਾਰਿਆ ਸੀ।

# ਸੇਵਕ ਤੇ ਗੁਰੂ

ਖਿੱਚ ਚੁੰਬਕੀ ਸੇਵਕ ਤੇ ਗੁਰੂ ਅੰਦਰ, ਜਜ਼ਬਾ ਪਿਆਰ ਵਾਲਾ ਠਾਠਾਂ ਮਾਰਦਾ ਏ।
ਇਕ ਵਾਰੀ ਜੋ ਗੁਰੂ ਦਾ ਹੋ ਜਾਂਦੈ, ਗੁਰੂ ਉਹਦੀਆਂ ਕੁਲਾਂ ਨੂੰ ਤਾਰਦਾ ਏ।
ਹੁੰਦੀ ਉਦੋਂ ਏ ਗੁਰੂ ਨੂੰ ਪੀੜ ਡਾਢੀ, ਸੇਵਕ ਜਦੋਂ ਕੋਈ ਦੁੱਖ ਸਹਾਰਦਾ ਏ।
ਜਾਣਾ ਪੈਂਦਾ ਏ 'ਜਾਚਕਾ' ਪਾਸ ਉਸਦੇ, ਸੱਚੇ ਦਿਲੋਂ ਜਦ ਸੇਵਕ ਪੁਕਾਰਦਾ ਏ।

# ਭਾਈ ਸਾਧਾ ਤੇ ਭਾਈ ਰੂਪਾ

ਜੇਠ ਹਾੜ ਦੀ ਤੱਤੀ ਦੁਪਹਿਰ ਕਾਰਨ, ਤਾਂਬੇ ਵਾਂਗ ਧਰਤੀ ਰਹੀ ਭੱਖ ਹੈਸੀ।
ਚੜ੍ਹੀ ਹੋਈ ਜੁਆਨੀ ਸੀ ਧੁੱਪ ਤਾਂਈਂ, ਪਈ ਨਿਕਲਦੀ ਕਾਂ ਦੀ ਅੱਖ ਹੈਸੀ।
ਪਿਓ ਪੁੱਤ ਨੇ ਪਾਣੀ ਦੀ ਟਿੰਡ ਭਰਕੇ, ਟਾਹਣੀ ਨਾਲ ਬੰਨ ਕੇ, ਦਿੱਤੀ ਰੱਖ ਹੈਸੀ।
ਕੁਝ ਚਿਰ ਬਾਅਦ ਫਿਰ ਗੁਰੂ ਪਿਆਰਿਆਂ ਨੇ, ਖੇਡੀ ਪਿਆਰ ਦੀ ਖੇਡ ਪ੍ਰਤੱਖ ਹੈਸੀ।

ਮੁੜਕੋ ਮੁੜਕੀ ਜਦ ਹੋ ਗਏ ਕਿਰਤ ਕਰਕੇ, ਲੱਗੀ ਹੋਈ ਸੀ ਡਾਹਢੀ ਪਿਆਸ ਓਦੋਂ।
ਹੱਥ ਮਸ਼ਕ ਨੂੰ ਲਾਇਆ ਜਾ ਕੋਲ ਜਾਕੇ, ਠੰਡਾਠਾਰ ਸੀ ਪਾਣੀ ਕੋਈ ਖਾਸ ਓਦੋਂ।
ਜਾਗੀ ਸ਼ਰਧਾ ਤੇ ਜਾਗ ਪਏ ਭਾਗ ਸੁੱਤੇ, ਸਿਰਜ ਦਿਤਾ ਸੀ ਨਵਾਂ ਇਤਿਹਾਸ ਓਦੋਂ।
ਬੜੇ ਪਿਆਰ, ਸਤਿਕਾਰ ਦੇ ਨਾਲ ਕੀਤੀ, ਗੁਰੂ ਚਰਨਾਂ 'ਚ ਉਹਨਾਂ ਅਰਦਾਸ ਓਦੋਂ।

ਛੇਵੇਂ ਪਾਤਸ਼ਾਹ ਹਰਗੋਬਿੰਦ ਜੀਉ, ਪਿਐ ਟਿੰਡ ਅੰਦਰ ਠੰਡਾ ਠਾਰ ਪਾਣੀ।
ਪਹਿਲਾਂ ਤੁਸਾਂ ਛਕਣੈ, ਫੇਰ ਅਸਾਂ ਪੀਣੈ, ਤੱਤੀ ਧੁੱਪ ਅੰਦਰ, ਅੰਮ੍ਰਿਤਧਾਰ ਪਾਣੀ।
ਜੇ ਨਾ ਤੁਸੀਂ ਆਏ, ਅਸੀਂ ਨਹੀਂ ਪੀਣਾ, ਭਾਵੇਂ ਪਿਆ ਸਾਹਵੇਂ ਬੇਸ਼ੁਮਾਰ ਪਾਣੀ।
ਜਾਨ ਨਿਕਲਦੀ ਏ ਬੇਸ਼ਕ ਨਿਕਲ ਜਾਵੇ, ਤੁਸਾਂ ਬਿਨਾਂ ਨਹੀਂ ਪੀਣਾ ਦਾਤਾਰ ਪਾਣੀ।

ਬੈਠੇ ਸਨ ਡਰੋਲੀ ਵਿੱਚ ਗੁਰੂ ਛੇਵੇਂ, ਜਦੋਂ ਦਿਲਾਂ ਦੀ ਦਿਲ ਵਿੱਚ ਤਾਰ ਹਿੱਲੀ।
ਸਜੇ ਹੋਏ ਦਿਵਾਨ 'ਚੋਂ ਉਸ ਵੇਲੇ, ਕਾਹਲੀ ਨਾਲ ਸੀ ਸੱਚੀ ਸਰਕਾਰ ਹਿੱਲੀ।
ਅਜਬ ਕੌਤਕ ਨੂੰ ਤੱਕਣ ਲਈ ਖਾਲਸਾ ਜੀ, ਸਾਰੀ ਸੰਗਤ ਵੀ ਵਾਰੋ ਵਾਰ ਹਿੱਲੀ।
ਅੱਡੀ ਲਾਈ ਜਦ ਘੋੜੇ ਨੂੰ ਪਾਤਸ਼ਾਹ ਨੇ, ਓਦੋਂ ਧਰਤੀ ਵੀ ਪੱਬਾਂ ਦੇ ਭਾਰ ਹਿੱਲੀ।

ਧੂਹ ਪਈ ਸੀ ਗੁਰਾਂ ਦੇ ਕਾਲਜੇ ਨੂੰ, ਤਿੱਖੀ ਧੁਪ ਵਿੱਚ ਵਾਟਾਂ ਨੂੰ ਚੀਰ ਪਹੁੰਚੇ।
ਪਿਆਸੇ ਪਾਣੀ ਤੋਂ ਬਿਨਾਂ ਜੋ ਤੜਪ ਰਹੇ ਸੀ, ਉਨ੍ਹਾਂ ਸਿੱਖਾਂ ਨੂੰ ਦੇਣ ਲਈ ਧੀਰ ਪਹੁੰਚੇ।
ਸਿਦਕੀ ਸਿੱਖਾਂ ਨੂੰ ਹੁੰਦਾ ਬੇਹੋਸ਼ ਤੱਕ ਕੇ, (ਭਾਈ) ਰੂਪੇ ਸਾਧੇ ਦੇ ਕੋਲ ਅਖੀਰ ਪਹੁੰਚੇ।
ਛੱਕਣ ਵਾਸਤੇ ਉਨ੍ਹਾਂ ਤੋਂ ਜਲ ਠੰਡਾ, ਮੀਰ ਮੀਰਾਂ ਦੇ, ਪੀਰਾਂ ਦੇ ਪੀਰ ਪਹੁੰਚੇ।

ਦਰਸ਼ਨ ਕਰਕੇ ਸੇਵਕ ਨਿਹਾਲ ਹੋ ਗਏ, ਹੋਸ਼ ਵਿੱਚ ਲਿਆਇਆ, ਜਦ ਪਾਤਸ਼ਾਹ ਨੇ।
ਰੋਮ ਰੋਮ ਸੀ ਠੰਡੜਾ ਸ਼ਾਂਤ ਹੋਇਆ, ਸੀਨੇ ਨਾਲ ਲਗਾਇਆ ਜਦ ਪਾਤਸ਼ਾਹ ਨੇ।
ਹੋ ਗਈ ਦਿਲ ਦੀ ਓਦੋਂ ਸੀ ਰੀਝ ਪੂਰੀ, ਕਿਹਾ ਮੈਂ ਤਿਹਾਇਆ, ਜਦ ਪਾਤਸ਼ਾਹ ਨੇ।
ਠੰਡੀ ਮਸ਼ਕ ਦਾ ਪੀਣ ਲਈ ਜਲ ਠੰਡਾ, ਅੱਗੇ ਬੁੱਕ ਵਧਾਇਆ ਜਦ ਪਾਤਸ਼ਾਹ ਨੇ।

ਨੂਰੀ ਚਿਹਰੇ ਵੱਲ ਤੱਕਦੇ ਰਹਿ ਗਏ ਉਹ,ਗਟ ਗਟ ਪਾਣੀ ਲੰਘਾਇਆ ਜਦ ਪਾਤਸ਼ਾਹ ਨੇ।
ਜਨਮਾਂ ਜਨਮਾਂ ਦੀ ਬੁਝੀ ਪਿਆਸ 'ਜਾਚਕ', ਹੱਥੀਂ ਪਾਣੀ ਪਿਲਾਇਆ ਜਦ ਪਾਤਸ਼ਾਹ ਨੇ।
ਖਿੜੇ ਕਮਲ ਦੇ ਫੁੱਲ ਦੇ ਵਾਂਗ ਹਿਰਦੇ, ਪਿਆਰ ਨਾਲ ਬੁਲਾਇਆ ਜਦ ਪਾਤਸ਼ਾਹ ਨੇ।
ਦੂਰ ਦੂਰ ਤੱਕ ਸਿੱਖੀ ਫੈਲਾਈ ਉਨ੍ਹਾਂ, ਸੀ ਪ੍ਰਚਾਰਕ ਬਣਾਇਆ, ਜਦ ਪਾਤਸ਼ਾਹ ਨੇ।

# ਪੈਂਦੇ ਖਾਂ ਤੇ ਗੁਰੂ ਜੀ

ਮੇਰੇ ਨਾਲ ਅੱਜ ਟਾਕਰਾ ਕਰਨ ਆਇਐਂ, ਹੱਥੀਂ ਪਾਲਿਆ ਸੀ ਪੈਂਦੇ ਖਾਂ ਤੈਨੂੰ।
ਇਕੋ ਵਾਰ ਨਾਲ ਕਰ ਰਿਹਾ ਮੁਕਤ ਕਿਉਂਕਿ, ਲੱਗਦੈ ਨਹੀਂ ਪਿਆਰੀ ਸੀ ਜਾਂ ਤੈਨੂੰ।
ਤੇਰੇ ਚਿਹਰੇ 'ਤੇ ਧੁੱਪ ਨਹੀਂ ਵੇਖ ਸਕਦਾ, ਨਾਲ ਢਾਲ ਦੇ ਕਰ ਰਿਹਾ ਛਾਂ ਤੈਨੂੰ।
'ਕਲਮਾਂ ਪੜ੍ਹ' ਤੂੰ ਆਖਰੀ ਸਮੇਂ ਉੱਤੇ, ਮਿਲੂ ਵਿੱਚ ਬਹਿਸ਼ਤ ਦੇ ਥਾਂ ਤੈਨੂੰ।

# ਨਿਸ਼ਾਨ ਸਾਹਿਬ

ਛੇਵੇਂ ਪਾਤਸ਼ਾਹ ਹਰਗੋਬਿੰਦ ਜੀ ਨੇ, ਸੀ ਤਿਆਰ ਕਰਵਾਇਆ ਨਿਸ਼ਾਨ ਸਾਹਿਬ।
ਪਾਵਨ ਵੇਖ ਅਸਥਾਨ ਅਕਾਲ ਬੁੰਗਾ, ਉੱਤੇ ਸੁੰਦਰ ਝੁਲਾਇਆ ਨਿਸ਼ਾਨ ਸਾਹਿਬ।
ਹਰੀਮੰਦਰ ਤੇ ਤਖ਼ਤ ਅਕਾਲ ਵਾਲਾ, ਨਾਲੋ ਨਾਲ ਲਗਾਇਆ ਨਿਸ਼ਾਨ ਸਾਹਿਬ।
ਭਗਤੀ ਸ਼ਕਤੀ ਦਾ ਇਥੇ ਸੁਮੇਲ ਕਰਕੇ, ਸੰਤ ਸਿਪਾਹੀ ਬਣਾਇਆ ਨਿਸ਼ਾਨ ਸਾਹਿਬ।

ਪੰਜ ਤੀਰ ਤੇ ਬਖਸ਼ ਨਿਸ਼ਾਨ ਸਾਹਿਬ, ਗੁਰਾਂ ਭੇਜਿਆ ਬੰਦਾ ਪੰਜਾਬ ਏਧਰ।
ਦੁਸ਼ਟਾਂ ਦੋਖੀਆਂ ਤਾਂਈਂ ਉਸ ਸੋਧ ਕੇ ਤੇ, ਕਰ ਦਿੱਤਾ ਬਰਾਬਰ ਹਿਸਾਬ ਏਧਰ।
ਗਿਣ ਗਿਣ ਕੇ ਉਨ੍ਹਾਂ ਤੋਂ ਲਏ ਬਦਲੇ, ਮਿੱਧੇ ਜਿਨ੍ਹਾਂ ਨੇ ਫੁੱਲ ਗੁਲਾਬ ਏਧਰ।
ਬੰਦਾ, ਕੇਸਰੀ ਝੰਡੇ ਦੀ ਛਤਰ ਛਾਵੇਂ, ਲੈ ਆਇਆ ਉਹ ਇਨਕਲਾਬ ਏਧਰ।

ਸਾਰੇ ਦੇਸ਼ਾਂ ਤੇ ਧਰਮਾਂ ਦੇ ਹੈਨ ਝੰਡੇ, ਝੰਡੇ ਹੁੰਦੇ ਨੇ ਸਭ ਭਿੰਨ ਭਿੰਨ ਸਿੰਘੋ।
ਸਾਡੇ ਕੋਲ ਹੈ ਐਪਰ ਨਿਸ਼ਾਨ ਸਾਹਿਬ, ਚੜ੍ਹਦੀ ਕਲਾ ਦਾ ਸਾਡਾ ਇਹ ਚਿੰਨ ਸਿੰਘੋ।
ਖੰਡਾ, ਚੱਕਰ, ਕਿਰਪਾਨਾਂ ਦਾ ਇੱਕ ਜੋੜਾ, ਸਾਹਿਬ ਇੱਕ ਨਿਸ਼ਾਨ ਨੇ ਤਿੰਨ ਸਿੰਘੋ।
ਜਿਹੜਾ ਸ਼ਰਨ ਆਵੇ, ਉਹਦੀ ਲਾਜ ਰੱਖੇ, ਦਿੰਦੇ ਦੁਸ਼ਟਾਂ ਦੇ ਸੀਨੇ ਨੂੰ ਵਿੰਨ ਸਿੰਘੋ।

ਜਿੱਥੇ ਜਿੱਥੇ ਨੇ ਪਾਵਨ ਗੁਰਧਾਮ ਸਾਡੇ, ਉਥੇ ਉਥੇ ਹਮੇਸ਼ਾਂ ਲਹਿਰਾ ਰਿਹਾ ਏ।
ਝੂਲ ਝੂਲ ਕੇ ਸਾਰੇ ਸੰਸਾਰ ਅੰਦਰ, ਪੰਥਕ ਹੋਂਦ ਦੇ ਤਾਂਈਂ ਦਰਸਾ ਰਿਹਾ ਏ।
ਖੰਡਾ ਏਸ ਉੱਤੇ ਲਿਸ਼ਕਾਂ, ਮਾਰਦਾ ਜੋ, ਕੌਮੀ ਜਜ਼ਬੇ ਨੂੰ ਟੁੰਬ ਜਗਾ ਰਿਹਾ ਏ।
ਚਮਕਾਂ ਮਾਰਦਾ ਪਿਆ ਜੋ ਚੰਨ ਵਾਂਗੂ, ਚਾਰ ਚੰਨ ਗੁਰਸਿੱਖੀ ਨੂੰ ਲਾ ਰਿਹਾ ਏ।

ਗੁਰੂ ਚਰਨਾਂ 'ਚ 'ਜਾਚਕ' ਅਰਦਾਸ ਕਰੀਏ, ਝੰਡਾ ਕੇਸਰੀ ਹੋਰ ਬੁਲੰਦ ਹੋਵੇ।
ਸ਼ਬਦ ਗੁਰੂ 'ਤੇ ਓਟ ਜੋ ਰੱਖਦਾ ਏ, ਨਾਨਕ ਨਾਮ ਲੇਵਾ ਲਾਮਬੰਦ ਹੋਵੇ।
ਸਦਾ ਮਿਲੇ ਅਗਵਾਈ ਤੇ ਸੇਧ ਉਹਨੂੰ, ਗੁਰਸਿੱਖੀ ਦਾ ਜਿਹੜਾ ਪਾਬੰਦ ਹੋਵੇ।
ਪਾਵਨ ਕੇਸਰੀ ਏਸ ਨਿਸ਼ਾਨ ਥੱਲੇ, ਸਿੱਖ ਕੌਮ ਸਾਰੀ ਜਥੇਬੰਦ ਹੋਵੇ।

# ਸ੍ਰੀ ਗੁਰੂ ਹਰਿਰਾਇ ਸਾਹਿਬ ਜੀ

ਕੀਰਤਪੁਰ ਦੀ ਧਰਤੀ ਨੂੰ ਭਾਗ ਲੱਗੇ, ਹਰਿਰਾਇ ਦਾ ਹੋਇਆ ਪ੍ਰਕਾਸ਼ ਹੈਸੀ।
ਨੂਰੀ ਮੁਖੜਾ ਤੱਕ ਕੇ ਸੰਗਤਾਂ ਨੂੰ, ਧੁਰ ਅੰਦਰੋਂ ਚੜ੍ਹਿਆ ਹੁਲਾਸ ਹੈਸੀ।
ਖੁਸ਼ੀਆਂ ਖੇੜੇ ਲੈ ਏਥੋਂ ਸੀ ਵਿਦਾ ਹੋਇਆ, ਜਿਹੜਾ ਜਿਹੜਾ ਵੀ ਆਇਆ ਉਦਾਸ ਹੈਸੀ।
ਸ਼ਸਤਰ ਵਿਦਿਆ ਨਾਲ ਹੀ ਬਾਲਕੇ ਨੇ, ਘੋੜ ਸਵਾਰੀ ਦਾ ਕੀਤਾ ਅਭਿਆਸ ਹੈਸੀ।

ਕਲੀਆਂਦਾਰ ਚੋਲਾ ਇਕ ਦਿਨ ਪਹਿਨ ਕੇ ਤੇ, ਟਹਿਲ ਰਹੇ ਹਰਿਰਾਇ ਸੀ ਬਾਗ਼ ਅੰਦਰ।
ਫੁੱਲ ਟਹਿਣੀਉਂ ਟੁੱਟੇ ਜਦ ਨਾਲ ਅੜ ਕੇ, ਕੋਮਲ ਹਿਰਦਾ ਸੀ ਆਇਆ ਵੈਰਾਗ ਅੰਦਰ।
ਕਿਹਾ ਗੁਰਾਂ ਜਦ, ਦਾਮਨ ਸੰਕੋਚ ਚੱਲੋ, ਲੱਗ ਗਈ ਸੀ ਉਨ੍ਹਾਂ ਦੇ ਜਾਗ ਅੰਦਰ।
ਸਾਰੀ ਉਮਰ ਜੋ ਰੋਸ਼ਨੀ ਰਿਹਾ ਵੰਡਦਾ, ਜਗ ਮਗ ਜਗ ਪਿਆ ਕੋਈ ਚਰਾਗ ਅੰਦਰ।

14 ਸਾਲ ਦੀ ਉਮਰ ਸੀ ਜਦੋਂ ਹੋਈ, ਛੇਵੇਂ ਪਾਤਸ਼ਾਹ ਹੱਥੀਂ ਗੁਰਿਆਈ ਬਖ਼ਸ਼ੀ।
ਯੋਗ ਜਾਣ ਕੇ ਆਪਣੇ ਪੋਤਰੇ ਨੂੰ, ਸਭ ਤੋਂ ਵੱਡੀ ਸੀ ਗੁਰਾਂ ਵਡਿਆਈ ਬਖਸ਼ੀ।
ਦੂਰ ਕਰਨ ਲਈ ਝੂਠ ਦੀ ਧੁੰਧ ਤਾਂਈਂ, ਨਾਨਕ ਜੋਤ ਦੀ ਪਾਵਨ ਰੁਸ਼ਨਾਈ ਬਖਸ਼ੀ।
ਆਪਣੇ ਸਮੇਂ ’ਚ ਗੁਰਾਂ ਨੇ ਹਰ ਪੱਖੋਂ, ਸਿੱਖ ਕੌਮ ਨੂੰ ਸੋਹਣੀ ਅਗਵਾਈ ਬਖਸ਼ੀ।

ਕੋਮਲ ਹਿਰਦਾ ਸੀ ਜਿਨ੍ਹਾਂ ਦਾ ਵਾਂਗ ਫੁੱਲਾਂ, ਵੰਡੀ ਵਿੱਚ ਸੰਸਾਰ ਸੁਗੰਧ ਉਨ੍ਹਾਂ।
ਰੱਬੀ ਪ੍ਰੇਮ ਦੀ ਤਾਰ ਨਾਲ ਬੰਨ੍ਹ ਸਭ ਨੂੰ, ਜੋੜ ਦਿੱਤੇ ਸੀ ਟੁੱਟੇ ਸਬੰਧ ਉਨ੍ਹਾਂ।
ਕਾਲ ਪਿਆ ਜਦ ਪੂਰੇ ਪੰਜਾਬ ਅੰਦਰ, ਲੇਖੇ ਲਾਇਆ ਸੀ ਸਾਰਾ ਦਸਵੰਧ ਉਨ੍ਹਾਂ।
ਲੋੜਵੰਦਾਂ ਦੀ ਲੋੜ ਨੂੰ ਮੁੱਖ ਰੱਖਕੇ, ਲੰਗਰ ਬਸਤਰ ਦਾ ਕੀਤਾ ਪ੍ਰਬੰਧ ਉਨ੍ਹਾਂ।

ਬਾਲਕ ਫੂਲ ਤੇ ਸੰਦਲੀ ਜਦੋਂ ਲੈ ਕੇ, ਕਾਲਾ ਚੌਧਰੀ ਆਇਆ ਦਰਬਾਰ ਅੰਦਰ।
ਹੱਥ ਫੇਰਨੇ ਢਿੱਡਾਂ ’ਤੇ ਸ਼ੁਰੂ ਕੀਤੇ, ਬੱਚਿਆਂ ਟੇਕ ਕੇ ਮੱਥਾ, ਸਤਿਕਾਰ ਅੰਦਰ।
ਗੁਰਾਂ ਤਾਂਈਂ ਸੀ ਦੱਸਿਆ ਚੌਧਰੀ ਨੇ, ਡਾਢੇ ਭੁੱਖ ਨੇ ਕੀਤੇ ਲਾਚਾਰ ਅੰਦਰ।
ਰਾਜੇ ਬਣਨਗੇ ਇਹ ਰਿਆਸਤਾਂ ਦੇ, ਗੁਰਾਂ ਕਿਹਾ ਸੀ ਅੱਗੋਂ ਖ਼ੁਮਾਰ ਅੰਦਰ।

ਸੁਣ ਕੇ ਕੀਰਤਨ ਇਕ ਦਿਨ ਪਾਤਸ਼ਾਹ ਜੀ, ਲੇਟੇ ਮੰਜੇ ਤੋਂ ਉੱਠੇ ਝੱਟਪੱਟ ਹੈਸੀ।
ਕਾਹਲੀ ਨਾਲ ਜਦ ਉਤਰੇ ਆਪ ਹੇਠਾਂ, ਲੱਗੀ ਗੋਡੇ ’ਤੇ ਉਨ੍ਹਾਂ ਦੇ ਸੱਟ ਹੈਸੀ।
ਕਿਹਾ ਸਿੱਖਾਂ ਨੇ, ਪਿਆਰੇ ਪਾਤਸ਼ਾਹ ਜੀ, ਤੁਸੀਂ ਕਿਉਂ ਉੱਠੇ, ਫਟਾਫੱਟ ਹੈਸੀ।
ਅਸਾਂ ਬਾਣੀ ਦਾ ਪੂਰਨ ਸਤਿਕਾਰ ਕਰਨੈ, ਅੱਗੋਂ ਕਿਹਾ ਦਾਤਾਰ ਨੇ ਝੱਟ ਹੈਸੀ।

ਦੂਰ ਦੂਰ ਤੱਕ ਸਿੱਖੀ ਪ੍ਰਚਾਰ ਕਰਕੇ, ਖਲਕਤ, ਸੁੱਤੀ ਜਗਾਈ ਸੀ ਪਾਤਸ਼ਾਹ ਨੇ।
ਰੱਖੇ ਬਾਈ ਸੌ ਘੋੜ ਸਵਾਰ ਭਾਂਵੇਂ, ਨਾ ਕੋਈ ਕੀਤੀ ਲੜਾਈ ਸੀ ਪਾਤਸ਼ਾਹ ਨੇ।
ਥਾਂ ਥਾਂ ਖੋਹਲ ਗਰੀਬਾਂ ਲਈ ਦਵਾਖਾਨੇ, ਸੁਖੀ ਕੀਤੀ ਲੋਕਾਈ ਸੀ ਪਾਤਸ਼ਾਹ ਨੇ।
ਰਾਜੀ ਜੀਹਦੇ ਨਾਲ ਦਾਰਾ ਸ਼ਿਕੋਹ ਹੋਇਆ, ਏਥੋਂ ਭੇਜੀ ਦਵਾਈ ਸੀ ਪਾਤਸ਼ਾਹ ਨੇ।

ਸੱਦਾ ਆਇਆ ਔਰੰਗੇ ਦਾ ਗੁਰਾਂ ਤਾਂਈਂ, ਰਾਮਰਾਇ ਨੂੰ ਕੀਤਾ ਤਿਆਰ ਉਹਨਾਂ।
ਸਿੱਖ ਸਿਧਾਂਤਾਂ ’ਤੇ ਆਂਚ ਨਹੀਂ ਆਉਣ ਦੇਣੀ, ਕਿਹਾ ਉਸ ਨੂੰ ਨਾਲ ਪਿਆਰ ਉਹਨਾਂ।
ਉਹਨੇ ਜਦੋਂ ਗੁਰਬਾਣੀ ਦੀ ਤੁੱਕ ਬਦਲੀ, ਸਦਾ ਸਦਾ ਲਈ ਦਿੱਤਾ ਦੁਰਕਾਰ ਉਹਨਾਂ।
ਕਰਕੇ ਸਦਾ ਦੇ ਲਈ ਬੇਦਖ਼ਲ ਉਹਨੂੰ, ਮੱਥੇ ਲਾਉਣ ਤੋਂ ਕੀਤਾ ਇਨਕਾਰ ਉਹਨਾਂ।

ਗੁਰੂ ਚਰਨਾਂ ‘ਚ ‘ਜਾਚਕ’ ਅਰਦਾਸ ਕਰੀਏ, ਚੜ੍ਹਦੀ ਕਲਾ ਹੋਰ ਦੂਣ ਸਵਾਈ ਹੋਵੇ।
ਸਤਵੇਂ ਗੁਰਾਂ ਦੇ ਪਾਵਨ ਪ੍ਰਕਾਸ਼ ਉੱਤੇ, ਸਾਰੀ ਸੰਗਤ ਨੂੰ ਲੱਖ ਲੱਖ ਵਧਾਈ ਹੋਵੇ।

# ਸ੍ਰੀ ਗੁਰੂ ਹਰਿਕ੍ਰਿਸ਼ਨ ਜੀ

ਸੱਤਵੇਂ ਮਾਂਹ ਦੀ ਸੱਤ ਤਾਰੀਖ ਸੋਹਣੀ, ਪ੍ਰਗਟੇ ਗੁਰੂ ਅਠਵੇਂ ਕੀਰਤਪੁਰ ਹੈਸੀ।
ਖਿੜਿਆ ਫੁੱਲ ਤੇ ਭੌਰਿਆਂ ਗੀਤ ਗਾਏ, ਕੱਚੀ ਕੋਇਲਾਂ ਨੇ ਮਿੱਠੀ ਜਿਹੀ ਸੁਰ ਹੈਸੀ।
ਰਹਿ ਕੇ ਬਾਣੀ 'ਚ ਸ਼ੁਰੂ ਤੋਂ ਲੀਨ ਹਰਦਮ, ਗੁਰੂ ਪਿਤਾ ਦੇ ਰਸਤੇ ਪਏ ਤੁਰ ਹੈਸੀ।
ਪੰਜ ਸਾਲਾਂ ਦੀ ਨਿਕੜੀ ਉਮਰ ਸੀ ਜਦ, ਬੈਠੇ ਗੁਰਗੱਦੀ ਅੱਠਵੇਂ ਗੁਰ ਹੈਸੀ।

ਬਾਲ ਗੁਰੂ ਗੁਰਗੱਦੀ 'ਤੇ ਬੈਠ ਕੇ ਤੇ, ਦੈਵੀ ਚਾਨਣ ਤੇ ਬਖਸ਼ੀ ਅਗਵਾਈ ਸੋਹਣੀ।
ਨਾਨਕ ਜੋਤ ਨੂਰਾਨੀ ਹੁਣ ਬਦਲ ਚੋਲ੍ਹਾ, ਏਸ ਬਾਲਕ ਦੇ ਰੂਪ ਵਿੱਚ ਆਈ ਸੋਹਣੀ।
ਦੈਵੀ ਸ਼ਕਤੀਆਂ ਸਦਕਾ ਹੀ ਪਾਤਸ਼ਾਹ ਨੇ, ਜ਼ਿੰਮੇਵਾਰੀ ਸੀ ਤੋੜ ਨਿਭਾਈ ਸੋਹਣੀ।
'ਜਿਸ ਡਿਠੈ ਸਭਿ ਦੁਖ ਜਾਇ' ਲਿਖਕੇ, ਦਸਮ ਪਿਤਾ ਨੇ ਕੀਤੀ ਵਡਿਆਈ ਸੋਹਣੀ।

ਰਾਮ ਰਾਇ ਦੀ ਬੁੱਧੀ ਸੀ ਗਈ ਭ੍ਰਿਸ਼ਟੀ, ਕਿਹਾ ਗੁਰਾਂ ਨੂੰ 'ਮਾਤਾ ਦਾ ਮਾਲ' ਉਸਨੇ।
ਲੈਣ ਵਾਸਤੇ ਪਾਵਨ ਗੁਰਿਆਈ ਤਾਂਈਂ, ਚੱਲੀ ਬੜੀ ਹੀ ਕੋਝੀ ਸੀ ਚਾਲ ਉਸਨੇ।
ਲਾਲਚ ਵੱਸ ਮਸੰਦਾਂ ਨੂੰ ਕਰਕੇ ਤੇ, ਗੰਢ ਲਿਆ ਸੀ ਆਪਣੇ ਨਾਲ ਉਸਨੇ।
ਮੱਦਦ ਮੰਗੀ ਫਿਰ ਔਰੰਗਜ਼ੇਬ ਕੋਲੋਂ, ਗਲਦੀ ਵੇਖੀ ਨਾ ਜਦੋਂ ਕੋਈ ਦਾਲ ਉਸਨੇ।

ਸੱਦਾ ਆਇਆ ਸੀ ਜਦੋਂ ਫਿਰ ਬਾਦਸ਼ਾਹ ਦਾ, ਗੁਰਾਂ ਜਾਣ ਤੋਂ ਕੀਤਾ ਇਨਕਾਰ ਓਦੋਂ।
ਅਰਜ਼ ਮੰਨ ਐਪਰ ਰਾਜਾ ਜੈ ਸਿੰਘ ਦੀ, ਹੋ ਗਏ ਗੁਰੂ ਜੀ ਫੇਰ ਤਿਆਰ ਓਦੋਂ।
ਬਾਲਾ ਪ੍ਰੀਤਮ ਨਾਲ ਦਿੱਲੀ ਨੂੰ ਜਾਣ ਦੇ ਲਈ, ਸੰਗਤਾਂ ਤੁਰੀਆਂ ਸੀ ਬੇਸ਼ੁਮਾਰ ਓਦੋਂ।
ਉੱਘੇ ਸਿੱਖਾਂ ਤੋਂ ਬਿਨਾਂ ਸਭ ਮੋੜ ਦਿੱਤੀਆਂ, ਪਹੁੰਚ ਪੰਜੋਖਰੇ, ਨੂਰੀ ਨੁਹਾਰ ਓਦੋਂ।

ਭੁੱਲੜ ਬਾਹਮਣ ਪੰਜੋਖਰੇ ਵਿਖੇ ਆ ਕੇ, ਗੁਰੂ ਸਾਹਿਬ ਨਾਲ ਜਦੋਂ ਤਕਰਾਰ ਕੀਤਾ।
ਛੱਜੂ ਝਿਊਰ 'ਤੇ ਮਿਹਰ ਦੀ ਨਜ਼ਰ ਕਰ ਕੇ, ਅਨਪੜ੍ਹ ਤਾਂਈਂ ਵਿਦਵਾਨ ਦਾਤਾਰ ਕੀਤਾ।
ਦਿੱਬ ਦ੍ਰਿਸ਼ਟ ਨਾਲ ਛੱਜੂ ਨੇ ਮੁੱਖ ਵਿੱਚੋਂ, ਪਾਵਨ ਗੀਤਾ ਦਾ ਅਰਥ ਵਿਚਾਰ ਕੀਤਾ।
ਕੌਤਕ ਤੱਕ ਸਾਰਾ ਕਿਸ਼ਨ ਲਾਲ ਪੰਡਿਤ, ਚਰਨਾਂ ਵਿੱਚ ਢਹਿ ਕੇ ਨਮਸਕਾਰ ਕੀਤਾ।

ਸਾਰੇ ਰਾਹ ਵਿੱਚ ਤਾਰ ਕੇ ਸੰਗਤਾਂ ਨੂੰ, ਆਖ਼ਰ ਚੱਲ ਕੇ ਦਿੱਲੀ ਨੂੰ ਆਏ ਸਤਿਗੁਰ।
ਰਾਜਾ ਜੈ ਸਿੰਘ ਦੇ ਸੁੰਦਰ ਬੰਗਲੇ ਵਿੱਚ, ਨਾਲ ਅਦਬ ਦੇ ਗਏ ਠਹਿਰਾਏ ਸਤਿਗੁਰ।
ਸਿੱਖ ਧਰਮ ਦਾ ਕਰਨ ਪ੍ਰਚਾਰ ਲੱਗੇ, ਹਰ ਰੋਜ਼ ਦੀਵਾਨ ਸਜਾਏ ਸਤਿਗੁਰ।
ਔਰੰਗਜ਼ੇਬ ਨੂੰ ਮਿਲਣ ਤੋਂ ਨਾਂਹ ਕਰਕੇ, ਗੁਰੂ ਪਿਤਾ ਦੇ ਬਚਨ ਨਿਭਾਏ ਸਤਿਗੁਰ।

ਰਾਣੀ ਜੈ ਸਿੰਘ ਜਦੋਂ ਸੀ ਪਰਖ ਕੀਤੀ, ਚਰਨ ਓਸੇ ਦੀ ਗੋਦ ਵਿੱਚ ਪਾਏ ਓਥੇ।
ਸੇਵਾ ਕੀਤੀ ਸੀ ਦੁੱਖੀਆਂ ਤੇ ਰੋਗੀਆਂ ਦੀ, ਜਿਹੜੇ ਹੋਏ ਸੀ ਬੜੇ ਘਬਰਾਏ ਓਥੇ।
ਸਾਰੇ ਪਿੰਡੇ 'ਤੇ ਉਦੋਂ ਫਿਰ ਪਾਤਿਸ਼ਾਹ ਦੇ, ਛਾਲੇ ਚੇਚਕ ਦੇ ਨਿਕਲ ਸੀ ਆਏ ਓਥੇ।
ਮੁੱਖੋਂ 'ਬਾਬਾ ਬਕਾਲਾ' ਫਿਰ ਕਹਿ 'ਜਾਚਕ', ਜੋਤੀ ਜੋਤ ਸੀ, ਆਖਰ ਸਮਾਏ ਓਥੇ।

# ਧਰਮ ਦੀ ਢਾਲ-ਸ੍ਰੀ ਗੁਰੂ ਤੇਗ ਬਹਾਦਰ

ਨਾਲ ਜਬਰ ਦੇ ਬਦਲਣੈ ਧਰਮ ਏਥੇ, ਐਸਾ ਢੰਗ ਹੈਸੀ ਆਲਮਗੀਰ ਚੁਣਿਆ।
ਇਕ ਸਿਰੇ ਤੋਂ ਮੁਸਲਮ ਬਣਾਉਣ ਖਾਤਰ, ਸਭ ਤੋਂ ਪਹਿਲਾਂ ਸੀ ਉਸ ਕਸ਼ਮੀਰ ਚੁਣਿਆ।
ਅਮਲੀ ਜਾਮਾ ਪਹਿਨਾਉਣ ਲਈ ਏਸ ਤਾਂਈਂ, ਉਸ ਸ਼ੇਰ ਅਫ਼ਗਾਨ ਵਜ਼ੀਰ ਚੁਣਿਆ।
ਹਿੰਦੂ ਧਰਮ ਦੇ ਚੁਣੇ ਵਿਦਵਾਨ ਪੰਡਿਤ, ਕਿਰਪਾ ਰਾਮ ਵਰਗਾ ਧਰਮਵੀਰ ਚੁਣਿਆ।

ਲੱਗੇ ਸੋਚਾਂ ਦੇ ਘੋੜੇ ਦੁੜਾਉਣ ਪੰਡਿਤ, ਖਹਿੜਾ ਇਹਦੇ ਤੋਂ ਸਾਡਾ ਛੁਡਾਊ ਕਿਹੜਾ।
ਇਹਦੇ ਜ਼ੁਲਮ ਦੇ ਹੜ੍ਹ ਨੂੰ ਠੱਲ ਪਾ ਕੇ, ਬੇੜਾ ਧਰਮ ਦਾ ਬੰਨੇ ਲਗਾਊ ਕਿਹੜਾ।
ਜਿਹੜੇ ਪੁੱਤ ਨੇ ਪਿਉ ਨੂੰ ਬਖਸ਼ਿਆ ਨਹੀਂ, ਉਹਦੇ ਹੱਥੋਂ ਹੁਣ ਸਾਨੂੰ ਬਚਾਊ ਕਿਹੜਾ।
ਕਿਹੜਾ ਨਿਤਰੂ ਮਰਦ ਮੈਦਾਨ ਅੰਦਰ, ਮੱਥਾ ਮੁਗਲ ਸਰਕਾਰ ਨਾਲ ਲਾਊ ਕਿਹੜਾ।

ਡਿੱਗਦੇ ਢਹਿੰਦੇ ਹੋਏ ਮਾਰੇ ਮੁਸੀਬਤਾਂ ਦੇ, ਅਨੰਦਪੁਰ 'ਚ ਇਹ ਹਿੰਦੂ ਵੀਰ ਪਹੁੰਚੇ।
ਦੁੱਖੀ ਦਿਲਾਂ ਦੀ ਦਾਦ ਫਰਿਆਦ ਲੈ ਕੇ, ਹੋ ਕੇ ਬੜੇ ਲਾਚਾਰ ਦਿਲਗੀਰ ਪਹੁੰਚੇ।
ਸਹਿਮੇ, ਡਰੇ ਤੇ ਬੜੇ ਬੇਬੱਸ ਹੋਏ, ਨੈਣਾਂ ਵਿੱਚੋਂ ਵਗਾਉਂਦੇ ਹੋਏ ਨੀਰ ਪਹੁੰਚੇ।
ਗੁਰੂ ਨਾਨਕ ਦੇ ਏਸ ਦਰਬਾਰ ਅੰਦਰ, ਨੌਵੇਂ ਪਾਤਸ਼ਾਹ ਕੋਲ ਅਖ਼ੀਰ ਪਹੁੰਚੇ।

ਕਿਰਪਾ ਰਾਮ ਨੇ ਗੱਲ ਵਿੱਚ ਪਾ ਪੱਲਾ, ਹੱਥ ਬੰਨ੍ਹ ਕੇ ਕੀਤੀ ਅਰਜ਼ੋਈ ਦਾਤਾ।
ਝੱਖੜ ਜ਼ੁਲਮ ਦਾ ਝੁਲਿਐ ਚਹੁੰ ਪਾਸੀਂ, ਥੰਮਣ ਵਾਲਾ ਨਹੀਂ ਦਿੱਸਦਾ ਕੋਈ ਦਾਤਾ।
ਸਿਰ 'ਤੇ ਟੁੱਟੇ ਪਹਾੜ ਮੁਸੀਬਤਾਂ ਦੇ, ਸਾਡੇ ਨਾਲ ਅਣਹੋਣੀ ਹੈ ਹੋਈ ਦਾਤਾ।
ਗਲੇ ਲੱਗ ਕੇ ਤਿਲਕ ਤੇ ਜੰਞੂਆਂ ਦੇ, ਜ਼ਾਰੋਜ਼ਾਰ ਅੱਜ ਬੋਦੀ ਹੈ ਰੋਈ ਦਾਤਾ।

ਵਾਰੋ ਵਾਰੀ ਫਿਰ ਨਾਲ ਸਨ ਆਏ ਜਿਹੜੇ, ਕੇਰ ਕੇਰ ਕੇ ਹੰਝੂ ਉਹ ਕਹਿ ਰਹੇ ਨੇ।
ਆਈ ਹੋਈ ਏ ਖ਼ੂਨੀ ਬਰਸਾਤ ਦਾਤਾ, ਨਾਲੇ ਲਹੂ ਦੇ ਥਾਂ ਥਾਂ ਵਹਿ ਰਹੇ ਨੇ।
ਮੌਤ ਰਹੀ ਖੜਕਾ ਹਰ ਥਾਂ ਡਮਰੂ, ਘਰ ਘਰ 'ਚ ਵੈਣ ਹੁਣ ਪੈ ਰਹੇ ਨੇ।
ਖੇਡੀ ਜਾ ਰਹੀ ਖ਼ੂਨ ਦੇ ਨਾਲ ਹੋਲੀ, ਸਵਾ ਮਣ ਜੰਞੂ ਰੋਜ਼ ਲਹਿ ਰਹੇ ਨੇ।

ਮਸਤ ਹਾਥੀ ਦੇ ਵਾਂਗ ਇਹ ਭੂਤਰੇ ਨੇ, ਬਣਾ ਰਹੇ ਜਬਰੀ ਮੁਸਲਮਾਨ ਦਾਤਾ।
ਜਿਹੜਾ ਨਹੀਂ ਇਸਲਾਮ ਕਬੂਲ ਕਰਦਾ, ਕੱਢ ਲੈਂਦੇ ਨੇ ਉਸਦੀ ਜਾਨ ਦਾਤਾ।
ਦੜ ਵੱਟ ਕੇ ਬੈਠੇ ਸਭ ਸੂਰਮੇ ਨੇ, ਰਾਜਪੂਤ, ਮਰਹੱਟੇ ਚੌਹਾਨ ਦਾਤਾ।
ਅੱਖੀਂ ਦੇਖ ਕੇ ਅੱਖੀਆਂ ਮੀਟ ਲਈਆਂ, ਜਾਣ ਬੁਝ ਕੇ ਬਣੇ ਅਨਜਾਣ ਦਾਤਾ।

ਠੱਲ ਪਾਉਣ ਲਈ ਜ਼ਾਲਮ ਦੇ ਜ਼ੁਲਮ ਤਾਂਈਂ,ਸਿਰ 'ਤੇ ਬੀੜਾ ਉਠਾਇਆ ਸੀ ਪਾਤਸ਼ਾਹ ਨੇ।
ਦੇਣਾ ਪੈਣਾ ਏ ਮੈਨੂੰ ਬਲੀਦਾਨ ਹੁਣ ਤਾਂ, ਆਪਣਾ ਮਨ ਬਣਾਇਆ ਸੀ ਪਾਤਸ਼ਾਹ ਨੇ।
ਦੁਖੀਆਂ ਅਤੇ ਮਜ਼ਲੂਮਾਂ ਦੇ ਬਣ ਦਰਦੀ, ਦੁਖ ਦਰਦ ਵੰਡਾਇਆ ਸੀ ਪਾਤਸ਼ਾਹ ਨੇ।
ਤਿਲਕ ਜੰਞੂ ਦੀ ਰੱਖਿਆ ਕਰਨ ਨਿਕਲੇ, ਭਾਂਵੇਂ ਜੰਞੂ ਨਾ ਪਾਇਆ ਸੀ ਪਾਤਸ਼ਾਹ ਨੇ।

ਕੀਤੇ ਬਚਨਾਂ ਨੂੰ ਤੋੜ ਨਿਭਾਉਣ ਖਾਤਰ, ਤੁਰ ਪਏ ਦਿੱਲੀ ਨੂੰ ਦੀਨ ਦਇਆਲ ਆਖਿਰ।
ਭਾਈ ਉਦਾ ਗੁਰਦਿਤਾ ਤੇ ਭਾਈ ਜੈਤਾ, ਮਤੀਦਾਸ ਦਿਆਲਾ ਸੀ ਨਾਲ ਆਖਿਰ।
ਰਸਤੇ ਵਿੱਚ ਫਿਰ ਥਾਂ ਥਾਂ ਸੰਗਤਾਂ ਨੂੰ, ਬਚਨਾਂ ਨਾਲ ਸੀ ਕੀਤਾ ਨਿਹਾਲ ਆਖਿਰ।
ਜਾ ਕੇ ਆਗਰੇ ਸੀ ਗ੍ਰਿਫਤਾਰ ਹੋ ਗਏ, ਦਿੱਲੀ ਲੈ ਗਿਆ ਨਾਲ ਕੋਤਵਾਲ ਆਖਿਰ।

ਕਿਹਾ ਗੁਰਾਂ ਨੂੰ ਦਿੱਲੀ ਦੇ ਵਿੱਚ ਕਾਜ਼ੀ, ਕਾਮਲ ਮੁਰਸ਼ਦ ਹੋ ਹਿੰਦੁਸਤਾਨ ਅੰਦਰ।
ਤੁਸਾਂ ਲਈ ਏ ਅਦਬ ਸਤਿਕਾਰ ਡਾਢਾ, ਹਰ ਧਰਮ ਦੇ ਹਰ ਇਨਸਾਨ ਅੰਦਰ।
ਅਸੀਂ ਚਾਹੁੰਦੇ ਇਸਲਾਮ ਦਾ ਬੋਲਬਾਲਾ, ਹੋ ਜਾਏ ਹੁਣ ਸਾਰੇ ਜਹਾਨ ਅੰਦਰ।
ਜੇਕਰ ਤੁਸੀਂ ਵੀ ਦੀਨ ਕਬੂਲ ਕਰ ਲਉ, ਇਕੋ ਧਰਮ ਹੋਜੂ ਹਿੰਦੁਸਤਾਨ ਅੰਦਰ।

ਸਤਿਗੁਰ ਹੱਸੇ ਤੇ ਹੱਸ ਕੇ ਕਹਿਣ ਲੱਗੇ, ਮੋਮੇ ਠੱਗਣੀਆਂ ਗੱਲਾਂ ਤੂੰ ਛੱਡ ਕਾਜ਼ੀ।
ਕੋਈ ਧਰਮ ਨਹੀਂ ਫਲ ਤੇ ਫੁਲ ਸਕਦਾ, ਦੂਜੇ ਧਰਮਾਂ ਦੇ ਲੋਕਾਂ ਨੂੰ ਵੱਢ ਕਾਜ਼ੀ।
ਇਹ ਨਹੀਂ ਹੋ ਸਕਿਆ ਇਹ ਨਹੀਂ ਹੋ ਸਕਣਾ, ਇਸ ਵਹਿਮ ਨੂੰ ਦਿਲੋਂ ਤੂੰ ਕੱਢ ਕਾਜ਼ੀ।
ਪ੍ਰੇਮ ਪਿਆਰ ਨਾਲ ਲੋਕਾਂ ਦੇ ਦਿਲਾਂ ਅੰਦਰ, ਝੰਡੇ ਧਰਮ ਇਸਲਾਮ ਦੇ ਗੱਡ ਕਾਜ਼ੀ।

ਗੱਲ ਹੋਰ ਧਿਆਨ ਦੇ ਨਾਲ ਸੁਣ ਲੈ, ਮੈਂ ਨਹੀਂ ਏਥੇ ਕੁਝ ਸੁਣਨ ਸੁਣਾਉਣ ਆਇਆ।
ਕਰਾਮਾਤ ਨਹੀਂ ਕੋਈ ਦਿਖਾਣ ਆਇਆ, ਨਾ ਦੀਨ ਇਸਲਾਮ ਅਪਨਾਉਣ ਆਇਆ।

ਸਭ ਕਾਦਰ ਦੇ ਹੁਕਮ ‘ਚ ਹੋ ਰਿਹਾ ਏ, ਉਹਦੇ ਰਾਹ ਨਹੀਂ ਰੋੜਾ ਅਟਕਾਉਣ ਆਇਆ।
ਅਨੰਦਪੁਰੀ ਦੇ ਸਾਰੇ ਅਨੰਦ ਛੱਡ ਕੇ, ਮੈਂ ਤਾਂ ਸੀਸ ਹਾਂ ਕਲਮ ਕਰਵਾਉਣ ਆਇਆ।

ਹੋਣੀ ਨੱਚੀ ਫਿਰ ਚਾਂਦਨੀ ਚੌਂਕ ਅੰਦਰ, ਨੌਂਵੇ ਗੁਰੂ ਜਦ ਚੌਂਕੜਾ ਮਾਰ ਬਹਿ ਗਏ।
ਸਾਨੂੰ ਧਰਮ ਪਿਆਰਾ ਏ ਜਿੰਦ ਨਾਲੋਂ, ਏਨਾ ਕਹਿ ਕੇ ਮੇਰੇ ਦਾਤਾਰ ਬਹਿ ਗਏ।
ਤਿਲਕ ਜੰਞੂ ਦੀ ਰੱਖਿਆ ਕਰਨ ਦੇ ਲਈ, ਮੌਤ ਵਰਨ ਲਈ ਹੋ ਤਿਆਰ ਬਹਿ ਗਏ।
ਡੁਬਦਾ ਹਿੰਦ ਦਾ ਬੇੜਾ ਬਚਾਉਣ ਖਾਤਰ,ਸੀਸ ਦੇਣ ਲਈ ਦਿਲ ਵਿੱਚ ਧਾਰ ਬਹਿ ਗਏ।

ਜਲਾਲੂਦੀਨ ਜਲਾਦ ਨੇ ਕਈ ਵਾਰੀ, ਤੇਜ ਤਿੱਖੀ ਤਲਵਾਰ ਦੀ ਧਾਰ ਤੱਕੀ।
ਕਈ ਵਾਰੀ ਸੀ ਕੰਬਣੀ ਛਿੜੀ ਉਹਨੂੰ, ਸਾਹਵੇਂ ਬੈਠੀ ਜਦ ਨੂਰੀ ਨੁਹਾਰ ਤੱਕੀ।
ਕਤਲ ਕੀਤੇ ਸਨ ਜੇਸ ਅਣਗਿਣਤ ਬੰਦੇ, ਪਹਿਲੀ ਵਾਰ ਉਸ ਆਪਣੀ ਹਾਰ ਤੱਕੀ।
ਉਹਦੀ ਮਾਨਸਕ ਹਾਲਤ ਸੀ ਉਸ ਵੇਲੇ, ਅੰਤਰਦ੍ਰਿਸ਼ਟੀ ਨਾਲ ਮੇਰੇ ਦਾਤਾਰ ਤੱਕੀ।

ਤੱਕ ਕੇ ਓਸ ਵੱਲ ਫੇਰ ਦਾਤਾਰ ਬੋਲੇ, ਨਹੀਂ ਤੇਰਾ ਵੀ ਨਹੀਂ ਕਸੂਰ ਸੱਜਣਾ।
ਤੇਰੇ ਸਿਰ ‘ਤੇ ਕੂਕਦਾ ਹੁਕਮ ਸ਼ਾਹੀ, ਹੁਕਮ ਮੰਨਣ ਲਈ ਤੂੰ ਮਜਬੂਰ ਸੱਜਣਾ।
ਅੱਜ ਤੇਰੇ ਇਮਤਿਹਾਨ ਦੀ ਘੜੀ ਆਈ, ਡਰ ਭੈ ਸਭ ਕਰ ਤੂੰ ਦੂਰ ਸੱਜਣਾਂ।
ਏਧਰ ਤੂੰ ਤਲਵਾਰ ਦਾ ਵਾਰ ਕਰ ਦਈਂ, ਓਧਰ ਮੈਨੂੰ ਵੀ ਆਊ ਸਰੂਰ ਸੱਜਣਾ।

ਜਪੁਜੀ ਸਾਹਿਬ ਜੀ ਦਾ ਪਾਵਨ ਪਾਠ ਪੂਰਾ, ਕਰ ਲਿਆ ਜਦ ਮੇਰੇ ਦਾਤਾਰ ਹੈਸੀ।
ਜਲਾਲੂਦੀਨ ਜਲਾਦ ਨੇ ਸੀਸ ਉੱਤੇ, ਕੀਤਾ ਨਾਲ ਤਲਵਾਰ ਦੇ ਵਾਰ ਹੈਸੀ।
ਸੀਸ ਧੜ ਤੋਂ ਲਾਂਭੇ ਸੀ ਹੋ ਡਿੱਗਿਆ, ਪਾਵਨ ਲਹੂ ਦੀ ਫੁੱਟੀ ਫੁਹਾਰ ਹੈਸੀ।
ਹਾਹਾਕਾਰ ਸੀ ਮਚ ਗਈ ਜੱਗ ਅੰਦਰ, ਸੁਰਲੋਕ ਹੋਈ ਜੈ ਜੈਕਾਰ ਹੈਸੀ।

ਜ਼ੁਲਮੀ ਤੇਗ ਦੀ ਪਿਆਸ ਬੁਝਾ ਦਿੱਤੀ, ਸ਼ਾਹ ਰਗ ਦਾ ਖੂਨ ਪਿਆਲ ਸਤਿਗੁਰ।
ਆਈ ਹੋਈ ਮੁਸੀਬਤ ਮਨੁੱਖਤਾ ’ਤੇ, ਸੀਸ ਦੇ ਕੇ ਦਿੱਤੀ ਸੀ ਟਾਲ ਸਤਿਗੁਰ।
ਆਪਣੇ ਪਾਵਨ ਪਵਿੱਤਰ ਬਲੀਦਾਨ ਸਦਕਾ, ਸਚਮੁੱਚ ਧਰਮ ਦੀ ਬਣ ਗਏ ਢਾਲ ਸਤਿਗੁਰ।
ਰਹਿੰਦੀ ਦੁਨੀਆਂ ਤੱਕ ‘ਜਾਚਕ’ ਨਹੀਂ ਬੁਝ ਸਕਦੀ, ਦਿੱਤੀ ਸ਼ਮਾਂ ਸ਼ਹੀਦੀ ਦੀ ਬਾਲ ਸਤਿਗੁਰ।

# ਬਲੀਦਾਨ

ਸ਼ੁਭ ਕਰਮਾਂ ਲਈ ਦਿੰਦੈ ਬਲੀਦਾਨ ਜਿਹੜਾ, ਉਹ ਤਾਂ ਬਦਲ ਮਨੁੱਖੀ ਇਤਿਹਾਸ ਦਿੰਦੈ।
ਲੋਕ ਚੇਤਨਾ ਤਾਂਈਂ ਉਭਾਰ ਕੇ ਤੇ, ਧੁਰ ਤੀਕ ਹਲੂਣਾ ਕੋਈ ਖਾਸ ਦਿੰਦੈ।
ਆਪਣੀ ਪਾਵਨ ਸ਼ਹਾਦਤ ਦੇ ਨਾਲ ਉਹ ਤਾਂ, ਕਰ ਜ਼ੁਲਮ ਦਾ ਸਤਿਆਨਾਸ ਦਿੰਦੈ।
ਉਹਦੇ ਪਾਵਨ ਬਲੀਦਾਨ ਦਾ ਧਰੂ ਤਾਰਾ, ਸਦਾ ਜ਼ਿੰਦਗੀ ਤਾਂਈਂ ਪ੍ਰਕਾਸ਼ ਦਿੰਦੈ।

# ਭਾਈ ਮਤੀ ਦਾਸ ਜੀ

ਭਾਈ ਪਿਰਾਗੇ ਦੀ ਅੰਸ 'ਚੋਂ ਸੀ ਜਿਹੜਾ, ਨਾ ਉਸਦਾ ਸੀ ਮਤੀ ਦਾਸ ਸੋਹਣਾ।
ਨੌਵੇਂ ਪਾਤਸ਼ਾਹ ਦੇ ਦਰਸ਼ਨ ਕਰਦਿਆਂ ਹੀ, ਗੁਰੂ ਚਰਨਾਂ ਦਾ ਬਣ ਗਿਆ ਦਾਸ ਸੋਹਣਾ।
ਗੁਰੂ ਸੇਵਾ 'ਚ ਜੀਵਨ ਬਤੀਤ ਕੀਤਾ, ਸਾਨੂੰ ਦੱਸਦੈ ਸਾਡਾ ਇਤਿਹਾਸ ਸੋਹਣਾ।
ਚੌਂਕ ਚਾਂਦਨੀ ਦੇ ਇਮਤਿਹਾਨ ਵਿੱਚੋਂ, ਚੜ੍ਹਦੀ ਕਲਾ ਨਾਲ ਹੋ ਗਿਆ ਪਾਸ ਸੋਹਣਾ।

ਕਾਜੀ ਕਹਿਣ ਲੱਗਾ ਮਤੀਦਾਸ ਭਾਈ, ਸਿੱਖੀ ਸਿਦਕ ਨਿਭਾਉਣ ਦਾ ਕੀ ਫਾਇਦਾ।
ਤੇਰੇ ਗੁਰੂ ਨੇ ਤੇਰਾ ਨਹੀਂ ਸਾਥ ਦੇਣਾ, ਜ਼ਿੰਦੜੀ ਘੋਲ ਘੁਮਾਉਣ ਦਾ ਕੀ ਫਾਇਦਾ।
ਅਸਾਂ ਲੱਖਾਂ ਹੀ ਹਿੰਦੂ ਬਣਾਏ ਮੋਮਨ, ਮੱਥਾ ਸਾਡੇ ਨਾਲ ਲਾਉਣ ਦਾ ਕੀ ਫਾਇਦਾ।
ਮੁਸ਼ਕਲ ਨਾਲ ਮਨੁੱਖਾ ਇਹ ਜਨਮ ਮਿਲਦੈ, ਐਵੇਂ ਜਾਨ ਗਵਾਉਣ ਦਾ ਕੀ ਫਾਇਦਾ।

ਮਤੀਦਾਸ ਜੀ ਸਹਿਜ ਨਾਲ ਕਹਿਣ ਲੱਗੇ, ਆਈ ਮੌਤ ਨਾ ਕਦੇ ਵੀ ਟਲੇ ਕਾਜ਼ੀ।
ਧੱਕਾ ਜਬਰ ਬਸ ਥੋੜੀ ਹੀ ਦੇਰ ਚਲਦੈ, ਜ਼ਿਆਦਾ ਦੇਰ ਨਾ ਕਦੇ ਵੀ ਚਲੇ ਕਾਜ਼ੀ।
ਜਿੱਤ ਨੇਕੀ ਦੀ ਅੰਤ ਨੂੰ ਸਦਾ ਹੁੰਦੀ, ਸਦਾ ਬਦੀ ਦੀ ਅੱਗ ਨਾ ਬਲੇ ਕਾਜ਼ੀ।
ਧਰਮ ਨਹੀਂ ਤਲਵਾਰ ਨਾਲ ਫੈਲ ਸਕਦਾ, ਇਹ ਤਾਂ ਪਿਆਰ ਨਾਲ ਫੁੱਲੇ ਤੇ ਫਲੇ ਕਾਜ਼ੀ।

ਵੱਟ ਮੱਥੇ 'ਤੇ ਪਾ ਕੇ ਕਿਹਾ ਕਾਜ਼ੀ, ਤੇਰੀ ਸਿੱਖੀ ਨੂੰ ਪਾਊਂ ਮੈਂ ਨੱਥ ਵੇਖੀਂ।
ਕਲਮਾਂ ਪੜ੍ਹ ਤੇ ਮੌਜਾਂ ਮਾਣ ਲੈ ਤੂੰ, ਸਾਡਾ ਬਾਦਸ਼ਾਹ ਬੜਾ ਸਮਰੱਥ ਵੇਖੀਂ।
ਕਰ ਲੈ ਦੀਨ ਇਸਲਾਮ ਕਬੂਲ ਨਹੀਂ ਤਾਂ, ਧੋਣੇ ਪੈਣਗੇ ਜਾਨ ਤੋਂ ਹੱਥ ਵੇਖੀਂ।
ਜੇਕਰ ਕਿਸੇ ਵੀ ਕਿਸਮ ਦੀ ਅੜੀ ਕੀਤੀ, ਸਿਰ ਧੜ ਤੋਂ ਜਾਊਗਾ ਲੱਥ ਵੇਖੀਂ।

ਮਤੀਦਾਸ ਜੀ ਹੱਸ ਕੇ ਕਹਿਣ ਲੱਗੇ, ਆਇਆ ਹੋਇਆ ਕਿਉਂ ਵਿੱਚ ਗਰੂਰ ਕਾਜ਼ੀ।
ਜਿਹੜਾ ਆਇਆ ਏ ਇਸ ਸੰਸਾਰ ਅੰਦਰ, ਇਕ ਦਿਨ ਜਾਣਾ ਏ ਓਸ ਜ਼ਰੂਰ ਕਾਜ਼ੀ।
ਧਰਮ ਬਦਲਣ ਲਈ ਤੁਸਾਂ ਨੇ ਜਬਰਦਸਤੀ, ਤਾਇਆ ਹੋਇਆ ਏ ਜ਼ੁਲਮੀ ਤੰਦੂਰ ਕਾਜ਼ੀ।
ਜਿੰਨੇ ਮਰਜੀ ਤੂੰ ਲਾਲਚ ਤੇ ਡਰ ਦੇ ਲੈ, ਸਿਰਫ ਮੌਤ ਹੀ ਮੈਨੂੰ ਮਨਜੂਰ ਕਾਜ਼ੀ।

ਛੇਤੀ ਕਰ ਹੁਣ ਦੇਰ ਨਾ ਲਾ ਬਹੁਤੀ, ਦੇ ਦੇ ਜਿਹੜੀ ਵੀ ਦੇਣੀ ਊ ਸਜ਼ਾ ਮੈਨੂੰ।
ਮੇਰੀ ਟੇਕ ਹੈ ਇਕ ਅਕਾਲ ਉੱਤੇ, ਚੰਗੀ ਲਗਦੀ ਓਸਦੀ ਰਜ਼ਾ ਮੈਨੂੰ।
ਨਾ ਹੀ ਡੋਲਾਂਗਾ, ਥਿੜਕਾਂਗਾ ਅੰਤ ਤੀਕਰ, ਭਾਵੇਂ ਮਾਰ ਰਿਹੈਂ ਬੇ-ਵਜ੍ਹਾ ਮੈਨੂੰ।
ਭਾਵੇਂ ਕੱਟ ਦੇ ਵੱਢ ਦੇ, ਕਰ ਟੋਟੇ, ਵੇਖੀਂ ਇਹਦਾ ਵੀ ਆਊਗਾ ਮਜ਼ਾ ਮੈਨੂੰ।

ਗੁੱਸੇ ਵਿੱਚ ਕਾਜ਼ੀ ਹੋ ਕੇ ਲਾਲ ਪੀਲਾ, ਕੰਬ ਰਿਹਾ ਸੀ ਬੈਂਤ ਦੀ ਛੜੀ ਵਾਂਗੂੰ।
ਅੱਖਾਂ ਲਾਲ ਅੰਗਿਆਰੇ ਸਨ ਛੱਡ ਰਹੀਆਂ, ਲਗਾਤਾਰ ਪਟਾਕੇ ਦੀ ਲੜੀ ਵਾਂਗੂੰ।
ਚੁੱਪ ਕਰਨ ਦਾ ਨਾਂ ਸੀ ਨਹੀਂ ਲੈਂਦਾ, ਵਜ ਰਹੇ ਅਲਾਰਮ ਦੀ ਘੜੀ ਵਾਂਗੂੰ।
ਨਹੀਂ ਸੀ ਰੁਕਣ ਦਾ ਲੈ ਰਿਹਾ ਨਾਂ ਉਹ ਤਾਂ, ਲੱਗੀ ਹੋਈ ਕੋਈ ਸਾਵਣ ਦੀ ਝੜੀ ਵਾਂਗੂੰ।

ਮਤੀਦਾਸ ਨੇ ਜਦੋਂ ਅਡੋਲ ਰਹਿ ਕੇ, ਸਭੇ ਲਾਲਚਾਂ ਤਾਂਈਂ ਠੁਕਰਾ ਦਿੱਤਾ।
ਲਾਲ ਪੀਲਾ ਹੋ ਗੁੱਸੇ ਦੇ ਵਿੱਚ ਕਾਜ਼ੀ, ਕਹਿਰਵਾਨ ਹੋ ਕਹਿਰ ਕਮਾ ਦਿੱਤਾ।
ਆਰੇ ਨਾਲ ਇਸ ਕਾਫ਼ਰ ਨੂੰ ਚੀਰ ਦੇਵੋ, ਪੱਥਰ ਦਿਲ ਨੇ ਫਤਵਾ ਸੁਣਾ ਦਿੱਤਾ।
ਜਦੋਂ ਜ਼ਾਲਮਾਂ ਆਖਰੀ ਖਾਹਿਸ਼ ਪੁੱਛੀ, ਮੁੱਖ ਗੁਰਾਂ ਦੇ ਵੱਲ ਫੁਰਮਾ ਦਿੱਤਾ।

ਭਾਈ ਸਾਹਿਬ ਨੂੰ ਕੱਸ ਕੇ ਫੱਟਿਆਂ ਵਿੱਚ, ਰੱਖਿਆ ਸੀਸ ਦੇ ਉੱਤੇ ਅਖੀਰ ਆਰਾ।
ਮੁਖੋਂ ਕਰ ਰਹੇ ਸਨ ਉਹ ਪਾਠ ਇੱਧਰ, ਓਧਰ ਨੈਣੋਂ ਵਗਾ ਰਿਹੈ ਨੀਰ ਆਰਾ।
ਵੱਢ ਵੱਢ ਕੇ ਨਾੜਾਂ ਤੇ ਆਂਦਰਾਂ ਨੂੰ, ਕਰ ਗਿਆ ਜਿਸਮ ਤਾਂਈਂ ਲੀਰੋ ਲੀਰ ਆਰਾ।
ਪਰ ਸਿੱਖੀ ਸਿੱਦਕ ਨੂੰ ਚੀਰ ਨਾ ਸਕਿਆ ਸੀ, ਭਾਵੇਂ ਗਿਆ ਸਰੀਰ ਨੂੰ ਚੀਰ ਆਰਾ।

ਮਤੀਦਾਸ ਗੁਰਸਿੱਖ ਤਾਂ ਖਿੜੇ ਮੱਥੇ, ਸਹਿ ਜ਼ਾਲਮਾਂ ਦੇ ਅਤਿਆਚਾਰ ਗਿਆ।
ਸਹਿ ਕੇ ਕਸ਼ਟ ਤਸੀਹੇ ਅਸਹਿ 'ਜਾਚਕ', ਆਪਣਾ ਆਪਾ ਸੀ ਕੌਮ ਤੋਂ ਵਾਰ ਗਿਆ।
ਮੁੱਖ ਰਿਹਾ ਸੀ ਗੁਰਾਂ ਵੱਲ ਅੰਤ ਤੀਕਰ, ਆਖਰ ਭੌਰ ਉਡਾਰੀ ਸੀ ਮਾਰ ਗਿਆ।
ਇਸ ਨੇਕੀ ਤੇ ਬਦੀ ਦੀ ਜੰਗ ਅੰਦਰ, ਸਿੱਦਕ ਜਿੱਤ ਗਿਆ, ਜਬਰ ਹਾਰ ਗਿਆ।

# ਸੀਸ ਗੰਜ ਤੇ ਚਾਂਦਨੀ ਚੌਂਕ

ਸੀਸ ਗੰਜ ਤੇ ਚਾਂਦਨੀ ਚੌਂਕ ਅੰਦਰ, ਡੁੱਲਿਆ ਹੋਇਆ ਸ਼ਹੀਦਾਂ ਦਾ ਖੂਨ ਏਥੇ।
ਓਦੋਂ ਮੁਗਲਾਂ ਨੇ ਮਜਹਬ ਦੀ ਆੜ ਹੇਠਾਂ, ਪਾਇਆ ਸਿੱਖਾਂ ਦੇ ਜਖਮਾਂ ਤੇ ਲੂਨ ਏਥੇ।
ਦਿਨ ਦਿਹਾੜੇ ਸੀ ਕਤਲੇਆਮ ਕੀਤਾ, ਛਿੱਕੇ ਟੰਗ ਕੇ ਸਾਰੇ ਕਾਨੂੰਨ ਏਥੇ।
ਗੁਰੂ ਸਾਹਿਬ ਤੇ ਗੁਰਸਿੱਖ ਪਿਆਰਿਆਂ ਨੂੰ, ਕਤਲ ਕੀਤਾ ਵਿੱਚ ਸ਼ਾਹੀ ਜਨੂਨ ਏਥੇ।

# ਚਾਂਦਨੀ ਚੌਂਕ

ਜਦ ਵੀ ਤੱਕਦਾਂ ਚਾਂਦਨੀ ਚੌਂਕ ਤਾਂਈਂ, ਰੋਂਦੈ ਦਿਲ ਮੇਰਾ ਭੁੱਬਾਂ ਮਾਰ ਏਥੇ।
ਜ਼ੁਲਮੀ ਕਾਰਾ ਸੀ ਜ਼ਾਲਮਾਂ ਕਰ ਦਿੱਤਾ, ਧਰਮੀ ਧੌਣ ’ਤੇ ਮਾਰ ਤਲਵਾਰ ਏਥੇ।
ਗੁਰੂ ਸਾਹਿਬ ਤੇ ਸਿੱਖਾਂ ਪਿਆਰਿਆਂ ’ਤੇ, ਢਾਹਿਆ ਜ਼ੁਲਮ ਸੀ ਮੁਗਲ ਸਰਕਾਰ ਏਥੇ।
ਸ਼ਰਧਾ ਨਾਲ ਕੁਰਬਾਨੀ ਨੂੰ ਯਾਦ ਕਰਦੈ, ਤੇ ਆ ਕੇ ਝੁਕਦੈ ਸਾਰਾ ਸੰਸਾਰ ਏਥੇ।

# ਭਾਈ ਦਿਆਲਾ ਜੀ

ਦੁਖੀ ਪੰਡਿਤਾਂ ਜਦੋਂ ਪੁਕਾਰ ਕੀਤੀ, ਨੌਵੇਂ ਪਾਤਸ਼ਾਹ ਦਿੱਲੀ ਵੱਲ ਆਏ ਹੈਸਨ।
ਭਾਈ ਊਦਾ, ਗੁਰਦਿੱਤਾ ਤੇ ਭਾਈ ਜੈਤਾ, ਮਤੀਦਾਸ, ਦਿਆਲਾ ਲਿਆਏ ਹੈਸਨ।
ਗੁਰੂ ਸਾਹਿਬ ਦੇ ਨਾਲ ਗੁਰਸਿੱਖ ਉਦੋਂ, ਮੁਗਲ ਹਾਕਮਾਂ ਕੈਦੀ ਬਣਾਏ ਹੈਸਨ।
ਦੇ ਕੇ ਕਸ਼ਟ ਅਸਹਿ,ਅਕਹਿ ਉਹਨਾਂ, ਤਿੰਨ ਸਿੱਖ ਸ਼ਹੀਦ ਕਰਵਾਏ ਹੈਸਨ।

ਕੈਦਖਾਨੇ ’ਚੋਂ ਕੱਢ ਕੇ ਭਾਈ ਦਿਆਲਾ, ’ਆਂਦਾ ਗਿਆ ਤਦ ਵਿੱਚ ਮੈਦਾਨ ਹੈਸੀ।
ਮੱਥੇ ਉੱਤੇ ਜਲਾਲ ਸੀ ਕੋਈ ਗੈਬੀ, ਅਜਬ ਚਿਹਰੇ ਤੇ ਖਿੜੀ ਮੁਸਕਾਨ ਹੈਸੀ।
ਫਤਵਾ ਲਾਉਣ ਲਈ ਇਸ ਗੁਰਸਿੱਖ ਉੱਤੇ, ਕਾਜੀ ਬੜਾ ਹੋਇਆ ਕਹਿਰਵਾਨ ਹੈਸੀ।
ਗੁਰਸਿੱਖ ਨੇ ਅੰਤਰ ਧਿਆਨ ਹੋ ਕੇ, ਗੁਰੂ ਸਾਹਿਬ ਦਾ ਧਰਿਆ ਧਿਆਨ ਹੈਸੀ।

ਕਾਜੀ ਕਿਹਾ ਇਸਲਾਮ ਕਬੂਲ ਕਰ ਲੈ, ਜੇਕਰ ਤੈਨੂੰ ਪਿਆਰੀ ਹੈ ਜਾਨ ਸਿੱਖਾ।
ਰੁਤਬਾ ਦਿਆਂਗੇ ਪੀਰ ਦਾ ਅਸੀਂ ਤੈਨੂੰ, ਸਿਜਦੇ ਕਰੂ ਫਿਰ ਸਾਰਾ ਜਹਾਨ ਸਿੱਖਾ।
ਸਿੱਖੀ ਸਿਦਕ ਤੂੰ ਛੱਡ ਕੇ ਮੰਨ ਕਹਿਣਾ, ਬਹੁਤਾ ਬਣ ਨਾ ਤੂੰ ਸ਼ਰਧਾਵਾਨ ਸਿੱਖਾ।
ਗੁਰੂ ਤੇਰਾ ਏ ਅਸਾਂ ਦੀ ਕੈਦ ਅੰਦਰ, ਉਹ ਤਾਂ ਅੱਗੇ ਈ ਐ ਪ੍ਰੇਸ਼ਾਨ ਸਿੱਖਾ।

ਭਾਈ ਸਾਹਬ ਨੇ ਦਿੱਤਾ ਜੁਆਬ ਅੱਗੋਂ, ਅਸੀਂ ਨਹੀਂ ਮੁਸੀਬਤ ਤੋਂ ਡਰਨ ਵਾਲੇ।
ਲਾਵਾਂ ਮੌਤ ਨਾਲ ਲੈਣ ਲਈ ਘਰੋਂ ਚੱਲੇ, ਅਸੀਂ ਮੌਤ ਮਰਜਾਣੀ ਨੂੰ ਵਰਨ ਵਾਲੇ।
ਸਾਨੂੰ ਜਾਨ ਤੋਂ ਪਿਆਰੀ ਹੈ ਇਹ ਸਿੱਖੀ, ਅਸੀਂ ਸਿਦਕ ਦੇ ਸਾਗਰ ਨੂੰ ਤਰਨ ਵਾਲੇ।
ਘੋਰ ਸੰਕਟ ਤੇ ਦੁੱਖ ਮੁਸੀਬਤਾਂ ਨੂੰ, ਖਿੜੇ ਮੱਥੇ ਹਾਂ ਅਸੀਂ ਤਾਂ ਜਰਨ ਵਾਲੇ।

ਕਾਲੇ ਦਿਲ ਦੇ ਕਾਜੀ ਨੇ ਦੇ ਫਤਵਾ, ਦੇਗੇ ਵਿੱਚ ਦਿਆਲਾ ਬਿਠਵਾ ਦਿੱਤਾ।
ਪਾਣੀ ਉਬਲਦੇ ਆਲੂਆਂ ਵਾਂਗ ਉਬਲੇ, ਥੱਲੇ ਅੱਗ ਨੇ ਭਾਂਬੜ ਮਚਾ ਦਿੱਤਾ।
ਸੁਰਤ ਜੁੜੀ ਸੀ ਨਾਲ ਪ੍ਰਮਾਤਮਾ ਦੇ, ਜਨਮ ਮਰਨ ਨੂੰ ਉਹਨੇ ਭੁਲਾ ਦਿਤਾ।
ਗੁਰੂ ਅਰਜਨ ਦੇ ਚੱਲ ਕੇ ਪੂਰਨੇ ’ਤੇ, ਸਿੱਖੀ ਸਿੱਦਕ ਨੂੰ ਤੋੜ ਨਿਭਾ ਦਿਤਾ।

ਗੁਰੂ ਤੇਗ ਬਹਾਦਰ ਮਹਾਰਾਜ ਸਾਹਵੇਂ, ਕਸ਼ਟ ਦਿੱਤੇ ਸਨ ਗੁਰੂ ਦੁਲਾਰਿਆਂ ਨੂੰ।
ਗੁਰੂ ਸਾਹਿਬ ਨੇ ਹੁੰਦੇ ਸ਼ਹੀਦ ਤੱਕਿਆ, ਅੱਖਾਂ ਸਾਹਮਣੇ ਅੱਖਾਂ ਦੇ ਤਾਰਿਆਂ ਨੂੰ।
ਰਹਿਕੇ ਵਿੱਚ ਵਿਸਮਾਦ ਦੇ ਤੱਕਦੇ ਰਹੇ, ਸਾਹਵੇਂ ਹੋ ਰਹੇ ਖ਼ੂਨੀ ਨਜ਼ਾਰਿਆਂ ਨੂੰ।
ਰਹਿੰਦੀ ਦੁਨੀਆਂ ਤੱਕ ਰਹੂਗਾ ਨਾਂ 'ਜਾਚਕ', 'ਸੀਸਾਂ ਦਿੱਤੀਆਂ ਸਤਿਗੁਰਾਂ ਸਾਰਿਆਂ ਨੂੰ।

## ਗੁਰੂ ਦੇ ਲਾਲ

ਡੀਕ ਲਾ ਕੇ ਗੁਰੂ ਦੇ ਲਾਲ ਤਿੰਨੋਂ, ਗਏ ਜਾਮ ਸ਼ਹਾਦਤ ਦਾ ਪੀ ਸੀ ਉਹ।
ਪੂੰਜੀ ਪਾਵਨ ਸਵਾਸਾਂ ਦੀ ਲਾ ਲੇਖੇ, ਅੱਲੇ ਜਖ਼ਮ ਗਏ ਕੌਮ ਦੇ ਸੀਅ ਸੀ ਉਹ।
ਕੋਈ ਕਲਮ ਬਿਆਨ ਨਹੀਂ ਕਰ ਸਕਦੀ, ਸੀ ਇਨਸਾਨ, ਫਰਿਸ਼ਤੇ ਜਾਂ ਕੀ ਸੀ ਉਹ।
ਪਰਗਟ ਹੋਇਆ ਫਿਰ ਖਾਲਸਾ ਪੰਥ ਜਿਸ ਤੋਂ, ਬੀਜ ਗਏ ਸ਼ਹਾਦਤ ਦੇ ਬੀਅ ਸੀ ਉਹ।

## ਸਿੱਖੀ ਸਿਦਕ

ਸਿੱਖੀ ਸਿਦਕ ਅਡੋਲ ਚਟਾਨ ਵਾਂਗੂੰ, ਇਹਦਾ ਕਰ ਕੋਈ ਵਿੰਗਾ ਨਹੀਂ ਵਾਲ ਸਕਦਾ।
ਇਹਨੂੰ ਆਰਾ ਨਹੀਂ ਕੋਈ ਵੀ ਚੀਰ ਸਕਦਾ, ਪਾਣੀ ਉਬਲਦਾ ਏਹਨੂੰ ਨਹੀਂ ਗਾਲ ਸਕਦਾ।
ਹਿਰਦਾ ਸਿੱਖ ਦਾ ਸਖ਼ਤ ਫੌਲਾਦ ਨਾਲੋਂ, ਇਹਨੂੰ ਅੱਗ ਨਾਲ ਕੋਈ ਨਹੀਂ ਢਾਲ ਸਕਦਾ।
ਅਮਰ ਖਾਲਸਾ ਸਦਾ ਹੀ ਅਮਰ ਰਹਿੰਣੈ, ਇਹਨੂੰ ਖਾ ਨਹੀਂ ਕਦੇ ਵੀ ਕਾਲ ਸਕਦਾ।

## ਸਾਕਾ ਚਾਂਦਨੀ ਚੌਂਕ

ਕਿਰਨਾਂ ਸੱਚ ਦੀਆਂ ਚਾਨਣ ਲੈਣ ਜਿਸ ਤੋਂ,(ਉਹ) ਤੇਜਵਾਨ ਸ਼ਖ਼ਸੀਅਤ ਸੀ ਪਾਤਸ਼ਾਹ ਦੀ।
ਇੱਕੀ ਵਰ੍ਹੇ ਜਿਸ ਭੋਰੇ 'ਚ ਤੱਪ ਕੀਤਾ, ਅੰਤਰ ਧਿਆਨ ਸ਼ਖ਼ਸੀਅਤ ਸੀ ਪਾਤਸ਼ਾਹ ਦੀ।
ਰਚੀ ਬਾਣੀ ਦੇ ਇਕ ਇੱਕ ਸ਼ਬਦ ਵਿੱਚੋਂ, ਰੂਪਮਾਨ ਸ਼ਖ਼ਸੀਅਤ ਸੀ ਪਾਤਸ਼ਾਹ ਦੀ।
ਜ਼ੁਲਮੀ ਹੱੜ੍ਹ ਨੂੰ ਜਿਨ੍ਹਾਂ ਨੇ ਠੱਲ ਪਾਈ, ਉਹ ਮਹਾਨ ਸ਼ਖ਼ਸੀਅਤ ਸੀ ਪਾਤਸ਼ਾਹ ਦੀ।

ਔਰੰਗਜ਼ੇਬ ਦੇ ਜ਼ੁਲਮ ਤੇ ਅੱਤ ਕਾਰਨ, ਗੈਰ ਮੁਸਲਮ ਜਦ ਹਾਲੋਂ ਬਿਹਾਲ ਹੋ ਗਏ।
ਹਿੰਦੂ ਮੰਦਰਾਂ, ਠਾਕਰ ਦੁਆਰਿਆਂ 'ਚ, ਵੱਜਣੇ ਬੰਦ ਜਦ ਸੰਖ ਘੜਿਆਲ ਹੋ ਗਏ।
ਲੈ ਕੇ ਗੰਗਾ ਤੋਂ ਅਟਕ ਦਰਿਆ ਤੀਕਰ, ਰੰਗ ਪਾਣੀਆਂ ਦੇ ਲਾਲੋ ਲਾਲ ਹੋ ਗਏ।
ਠੱਲ ਪਾਉਣ ਲਈ ਜ਼ਾਲਮ ਦੇ ਜ਼ੁਲਮ ਤਾਂਈਂ, ਨੌਂਵੇ ਪਾਤਸ਼ਾਹ ਧਰਮ ਦੀ ਢਾਲ ਹੋ ਗਏ।

ਸਤੇ ਹੋਏ ਬ੍ਰਾਹਮਣ ਕਸ਼ਮੀਰ ਵਿੱਚੋਂ, ਡਿੱਗਦੇ ਢਹਿੰਦੇ ਜਦ ਗੁਰੂ ਦੁਆਰ ਪਹੁੰਚੇ।
ਕਿਰਪਾ ਰਾਮ ਨੇ ਕਿਹਾ ਹੁਣ ਕਰੋ ਕਿਰਪਾ, ਚਾਰੇ ਪਾਸੇ ਤੋਂ ਹੋ ਲਾਚਾਰ ਪਹੁੰਚੇ।
ਸਾਡੀ ਕੋਈ ਨਹੀਂ ਦਾਦ ਫਰਿਆਦ ਸੁਣਦਾ, ਕੋਲ ਆਪ ਜੀ ਦੇ ਆਖਰਕਾਰ ਪਹੁੰਚੇ।
ਮਿਹਰਾਂ ਵਾਲਿਆ ਮਿਹਰ ਹੁਣ ਕਰ ਐਸੀ, ਬੇੜਾ ਧਰਮ ਦਾ ਭਵਜਲੋਂ ਪਾਰ ਪਹੁੰਚੇ।

ਹਉਕੇ ਲੈ ਲੈ ਪੰਡਿਤ ਸੀ ਕਹਿਣ ਲੱਗੇ, ਹੋਣੀ ਸਾਡੇ ਬਨੇਰੇ ਤੇ ਖੜ੍ਹੀ ਦਾਤਾ।
ਚਾਰੇ ਪਾਸੇ ਹੀ ਸਹਿਮ ਦੇ ਛਾਏ ਬੱਦਲ, ਕਾਲੀ ਘਟਾ ਕੋਈ ਜ਼ੁਲਮ ਦੀ ਚੜ੍ਹੀ ਦਾਤਾ।
ਮੰਦਰ,ਠਾਕਰ ਦੁਆਰੇ ਨੇ ਢਹਿ ਚੁੱਕੇ, ਸਾਡੇ ਨਾਲ ਕਿਸਮਤ ਸਾਡੀ ਲੜੀ ਦਾਤਾ।
ਘੜੋ ਕੋਈ ਤਦਬੀਰ ਕਿ ਲਾਜ ਰਹਿ ਜਾਏ, ਟਲ ਜਾਏ ਮੁਸੀਬਤ ਦੀ ਘੜੀ ਦਾਤਾ।

ਛਮ ਛਮ ਵਗ ਰਹੇ ਹੰਝੂਆਂ ਤਾਂਈਂ ਤੱਕ ਕੇ, ਗੁਰਾਂ ਕਿਹਾ ਮੈਂ ਕਸ਼ਟ ਮੁਕਾ ਦਿਆਂਗਾ।
ਤਿਲਕ ਜੰਞੂ ਦੀ ਰੱਖਿਆ ਕਰਨ ਖਾਤਰ, ਸੀਸ ਆਪਣਾ ਭੇਟ ਚੜ੍ਹਾ ਦਿਆਂਗਾ।
ਪੰਡਤੋ ! ਥੋਡੀਆਂ ਮੈਂ ਬਹੂਆਂ ਬੇਟੀਆਂ ਦਾ, ਸਿਰ ਦੇ ਕੇ ਸੱਤ ਬਚਾ ਦਿਆਂਗਾ।
ਹਿੰਦੂ ਧਰਮ ਦਾ ਦੀਵਾ ਨਹੀਂ ਬੁੱਝਣ ਦੇਣਾ, ਤੇਲ ਆਪਣੇ ਖ਼ੂਨ ਦਾ ਪਾ ਦਿਆਂਗਾ।

ਨੌਵੇਂ ਨਾਨਕ ਨੂੰ ਦਿੱਲੀ ’ਚ ਕੈਦ ਕਰਕੇ, ਵਿੱਚ ਪਿੰਜਰੇ ਪਾਇਆ ਸੀ ਜ਼ਾਲਮਾਂ ਨੇ।
ਲਾਲਚ ਵੱਡੇ ਤੋਂ ਵੱਡੇ ਵੀ ਗਏ ਦਿੱਤੇ, ਸਬਜ ਬਾਗ ਦਿਖਾਇਆ ਸੀ ਜ਼ਾਲਮਾਂ ਨੇ।
ਐਪਰ ਸਤਿਗੁਰੂ ਰਤਾ ਵੀ ਨਾ ਡੋਲੇ, ਜ਼ੁਲਮੀ ਚੱਕਰ ਚਲਾਇਆ ਸੀ ਜ਼ਾਲਮਾਂ ਨੇ।
ਕਤਲ ਕਰਨ ਲਈ ਅੰਤ ਫਿਰ ਪਾਤਸ਼ਾਹ ਨੂੰ, ਚੌਂਕ ਵਿੱਚ ਬਿਠਾਇਆ ਸੀ ਜ਼ਾਲਮਾਂ ਨੇ।

ਪਾਵਨ ਸੀਸ ਤੇ ਧੜ ਅਲੱਗ ਹੋ ਕੇ, ਪਏ ਧਰਤ ’ਤੇ ਲਹੂ ਲੁਹਾਨ ਹੈਸੀ।
ਰੋਈ ਧਰਤ ਤੇ ਅੰਬਰ ਨੇ ਧਾਹ ਮਾਰੀ, ਚੱਲੀਆਂ ’ਨੇਰੀਆਂ ਚੜ੍ਹੇ ਤੂਫਾਨ ਹੈਸੀ।
ਕਾਲੀ ਘਟਾ ਕੋਈ ਛਾ ਗਈ ਚੌਹੀਂ ਪਾਸੀ, ਵਰਤ ਗਈ ਉਥੇ ਸੁੰਨਸਾਨ ਹੈਸੀ।
ਅਫ਼ਰਾ ਤਫ਼ਰੀ ਸੀ ਫੈਲ ਗਈ ਚਹੁੰ ਪਾਸੀਂ, ਚੌਂਕ ਚਾਂਦਨੀ ਵਾਲੇ ਮੈਦਾਨ ਹੈਸੀ।

ਭਾਈ ਜੈਤੇ ਉਠਾਇਆ ਸੀ ਸੀਸ ਪਾਵਨ, ਰੱਖਕੇ ਤਲੀ ’ਤੇ ਆਪਣੀ ਜਾਨ ਓਦੋਂ।
ਭਾਈ ਉਦੇ ਗੁਰਦਿੱਤੇ ਨੇ ਧੜ ਰੱਖਿਆ, ਲੱਖੀ ਸ਼ਾਹ ਦੇ ਗੱਡੇ ’ਤੇ ਆਣ ਓਦੋਂ।
ਆਖਰ ਘਰ ਵਣਜਾਰੇ ਨੇ ਪਹੁੰਚ ਕੇ ਤੇ, ਲਾਇਆ ਸੀਨੇ ਦੇ ਨਾਲ ਭਗਵਾਨ ਓਦੋਂ।
ਕਰਨ ਲਈ ਸਸਕਾਰ ਉਸ ਸਤਿਗੁਰਾਂ ਦਾ, ਅਗਨ ਭੇਟ ਕਰ ਦਿੱਤਾ ਮਕਾਨ ਓਦੋਂ।

ਉਧਰ ਫੌਜਾਂ ’ਚ ਭਾਜੜਾਂ ਪੈ ਗਈਆਂ, ਕਿਧਰ ਸੀਸ ਗਿਆ ਕਿਧਰ ਧੜ ਗਿਆ।
ਜਾਂ ਤਾਂ ਵਿੱਚ ਪਤਾਲ ਦੇ ਧਸ ਗਿਆ, ਜਾਂ ਫਿਰ ਕਿਤੇ ਅਸਮਾਨ ਤੇ ਚੜ੍ਹ ਗਿਆ।
ਹੋਸ਼ ਹੁੰਦਿਆਂ ਹੋਇਆਂ ਬੇਹੋਸ਼ ਹੋ ਗਏ, ਸਾਡੀ ਸਮਝ ਨੂੰ ਖੌਰੇ ਕੀ ਲੜ ਗਿਆ।
ਜ਼ਾਲਮ ਮੁਗਲ ਹਕੂਮਤ ਦੇ ਮੂੰਹ ਉਤੇ, ਥੱਪੜ ਦਿਨ ਦਿਹਾੜੇ ਕੋਈ ਜੜ ਗਿਆ।

ਗੁਰੂ ਤੇਗ ਬਹਾਦਰ ਨਾਲ ਨਹੀਂ ਹੋਇਆ, ਹੋਇਆ ਸਾਰੀ ਇਨਸਾਨੀਅਤ ਨਾਲ ਸਾਕਾ।
ਦਿਨ ਦਿਹਾੜੇ ਹੀ ਲੋਕਾਂ ਨੇ ਤੱਕਿਆ ਸੀ, ਲਾਲ ਖੂਨ ਵਾਲਾ ਲਾਲੋ ਲਾਲ ਸਾਕਾ।
ਹਿੱਲੀ ਧਰਤੀ ਤੇ ਲੋਕਾਂ ਦੇ ਦਿਲ ਹਿੱਲੇ, ਲੈ ਆਇਆ ਸੀ ਮਾਨੋ ਭੂਚਾਲ ਸਾਕਾ।
ਰਹਿੰਦੀ ਦੁਨੀਆਂ ਤੱਕ ‘ਜਾਚਕਾ’ ਯਾਦ ਰਹਿਣੈ, ਚੌਂਕ ਚਾਂਦਨੀ ਦਾ ਬੇਮਿਸਾਲ ਸਾਕਾ।

# ਕਾਤਲ ਪਾਸ ਮਕਤੂਲ

ਖੁੰਡੀ ਕਰਨ ਲਈ ਜ਼ੁਲਮੀ ਤਲਵਾਰ ਤਾਂਈਂ, ਲਈ ਮੌਤ ਕਬੂਲ ਸੀ ਖਿੜੇ ਮੱਥੇ।
ਅਨੰਦਪੁਰੀ ਤੋਂ ਦਿੱਲੀ ਦੇ ਵਿੱਚ ਪਹੁੰਚੇ, ਕਾਤਲ ਪਾਸ ਮਕਤੂਲ ਸੀ ਖਿੜੇ ਮੱਥੇ।
ਦਿੱਤਾ ਸੀਸ ਪਰ ਸਿਰਰ ਨਾ ਜਾਣ ਦਿੱਤਾ, ਮੰਨੇ ਸਿੱਖੀ ਅਸੂਲ ਸੀ ਖਿੜੇ ਮੱਥੇ।
ਪਈ ਵੇਖਕੇ ਬਿਪਤਾ ਬੇਦੋਸ਼ਿਆਂ ’ਤੇ, ਦਿੱਤੀ ਜਿੰਦ ਵੀ ਹੂਲ ਸੀ ਖਿੜੇ ਮੱਥੇ।

# ਬਲੀਦਾਨ

ਹੁੰਦਾ ਵੇਖਕੇ ਜ਼ੁਲਮ ਨਾ ਸਹਿ ਸਕੇ, ਤੁਰ ਪਏ ਦਿੱਲੀ ਨੂੰ ਦੇਣ ਬਲੀਦਾਨ ਸਤਿਗੁਰ।
ਫਸੇ ਮੌਤ ਦੇ ਮੂੰਹ ’ਚੋਂ ਕੱਢ ਦਿੱਤੇ, ਦੇ ਕੇ ਆਪਣੇ ਸੀਸ ਦਾ ਦਾਨ ਸਤਿਗੁਰ।
ਬਦਲੇ ਧਰਮ ਨਾ ਕਿਸੇ ਦਾ ਕੋਈ ਜਬਰੀ, ਏਸੇ ਵਾਸਤੇ ਹੋਏ ਕੁਰਬਾਨ ਸਤਿਗੁਰ।
ਉਹਦਾ ਪੁਰਬ ਸ਼ਹੀਦੀ ਮਨਾ ਕੇ ਤੇ, ਯਾਦ ਕਰ ਰਿਹੈ ਸਾਰਾ ਜਹਾਨ ਸਤਿਗੁਰ।

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ

ਲਾਲ ਗੁਰੂ ਦੇ ਚੌਂਕ ਜਿਉਂ ਲਾਲ ਕਰ ਗਏ, ਕਰ ਸਕੇ ਨਾ ਮਾਈ ਦਾ ਲਾਲ ਕੋਈ।
ਜਿਉਂਦੇ ਜੀਅ ਸੀ ਸਾੜਿਆ ਗਿਆ ਕੋਈ, ਦਿੱਤਾ ਦੇਗੇ ਦੇ ਵਿੱਚ ਉਬਾਲ ਕੋਈ।

ਜਦੋਂ ਤੇਗ 'ਤੇ ਤੇਗ ਦਾ ਵਾਰ ਹੋਇਆ, ਤਿੰਨਾਂ ਲੋਕਾਂ 'ਚ ਆਇਆ ਭੁਚਾਲ ਕੋਈ।
ਜੋ ਕੁਝ ਹੋਇਆ ਸੀ ਚਾਂਦਨੀ ਚੌਂਕ ਅੰਦਰ, ਦੁਨੀਆਂ ਵਿੱਚ ਨਹੀਂ ਮਿਲਦੀ ਮਿਸਾਲ ਕੋਈ।

ਅਜੇ ਕੱਲ ਹੀ ਤਾਂ ਮਤੀਦਾਸ ਤਾਂਈਂ, ਦਬਕੇ ਦੇ ਦੇ ਦੁਸ਼ਟਾਂ ਡਰਾਇਆ ਹੈਸੀ।
ਏਸ ਸਿੱਖ ਨੂੰ ਦੀਨ ਮਨਵਾਉਣ ਖਾਤਿਰ, ਜੋਰ ਕਾਜ਼ੀ ਨੇ ਬੜਾ ਲਗਾਇਆ ਹੈਸੀ।

ਚੀਰ ਦੇਣ ਲਈ ਆਰੇ ਦੇ ਨਾਲ ਇਹਨੂੰ, ਆਖ਼ਰ ਓਸ ਨੇ ਫਤਵਾ ਸੁਣਾਇਆ ਹੈਸੀ।
ਖ਼ਾਹਿਸ਼ ਆਖ਼ਰੀ ਪੁੱਛੀ ਜਦ ਗਈ ਉਸ ਤੋਂ, ਮੁੱਖ ਗੁਰਾਂ ਦੇ ਵੱਲ ਫੁਰਮਾਇਆ ਹੈਸੀ।

ਮੰਨ ਕੇ ਹੁਕਮ ਜਲਾਦ ਨੇ ਉਸ ਤਾਂਈਂ, ਰੱਸੇ ਕੱਸ ਕੇ ਫੱਟੇ 'ਤੇ ਪੀੜਿਆ ਸੀ।
ਆਰਾ ਉਸਦੇ ਸੀਸ ਤੇ ਰੱਖ ਕੇ ਤੇ, ਲੱਕੜ ਵਾਂਗ ਵਿੱਚਕਾਰ ਤੋਂ ਚੀਰਿਆ ਸੀ।

ਖੋਪੜ ਚਿਰਿਆ ਤੇ ਖ਼ੂਨ ਦੀ ਧਾਰ ਚੱਲੀ, ਜਪਦੇ ਜਪੁਜੀ ਮੁੱਖ ਤੋਂ ਜਾ ਰਹੇ ਸੀ।
ਨੌਂਵੀਂ ਜੋਤ ਦੇ ਵੱਲ ਨੂੰ ਮੁੱਖ ਹੈਸੀ, ਮਰਦਾਂ ਵਾਂਗ ਸ਼ਹੀਦੀਆਂ ਪਾ ਰਹੇ ਸੀ।

ਪਰਸੋਂ ਭਾਈ ਦਿਆਲੇ ਨੂੰ ਏਸ ਥਾਂ 'ਤੇ, ਦੇਗ਼ ਉਬਲਦੀ ਦੇ ਵਿੱਚ ਪਾਇਆ ਹੈਸੀ।
ਜਿਉਂਦੇ ਜੀਅ ਨੂੰ ਰਿੰਨ੍ਹਿਆ ਜ਼ਾਲਮਾਂ ਨੇ, ਥੱਲੇ ਅੱਗ ਦਾ ਭਾਂਬੜ ਮਚਾਇਆ ਹੈਸੀ।

ਸੁਰਤ ਉਹਦੀ ਗੁਰ ਚਰਨਾਂ 'ਚ ਜੁੜੀ ਹੋਈ ਸੀ, ਜੀਵਨ ਮਰਨ ਨੂੰ ਉਹਨੇ ਭੁਲਾਇਆ ਹੈਸੀ।
ਗੁਰੂ ਅਰਜਨ ਦੇ ਚੱਲ ਕੇ ਪੂਰਨੇ 'ਤੇ, ਸਿੱਖੀ ਸਿਦਕ ਨੂੰ ਤੋੜ ਨਿਭਾਇਆ ਹੈਸੀ।

ਸਤੀ ਦਾਸ ਜਦ ਧਰਮ ਤੋਂ ਡੋਲਿਆ ਨਾ, ਦਿੱਤੇ ਕਸ਼ਟ ਫਿਰ ਬਣਤ ਬਣਾ ਕੇ ਤੇ।
ਕੋਮਲ ਜਿਸਮ 'ਤੇ ਰੂਈਂ ਲਪੇਟ ਦਿੱਤੀ, ਲੋਕਾਂ ਸਾਹਮਣੇ ਉਹਨੂੰ ਖੜ੍ਹਾ ਕੇ ਤੇ।

ਕਰ ਦਿੱਤੀ ਤਸ਼ੱਦਦ ਦੀ ਹੱਦ ਉਹਨਾਂ, ਅੰਗ ਅੰਗ ਉੱਤੇ ਤੇਲ ਪਾ ਕੇ ਤੇ।
ਕਰ ਦਿੱਤਾ ਸੀ ਜ਼ਿੰਦਾ ਸ਼ਹੀਦ ਉਹਨੂੰ, ਹੱਥੀਂ ਜ਼ਾਲਮਾਂ ਨੇ ਲਾਂਬੂ ਲਾ ਕੇ ਤੇ।

ਭੀੜ ਅੱਜ ਵੀ ਜੁੜੀ ਹੈ ਬਹੁਤ ਭਾਰੀ, ਖ਼ੂਨ ਜ਼ਿਮੀਂ ਅਸਮਾਨ 'ਚੋਂ ਵੱਗ ਰਿਹਾ ਏ।
ਓਧਰ ਨੌਂਵੇਂ ਦਾਤਾਰ ਨਿਸ਼ਚਿੰਤ ਬੈਠੇ, ਇਧਰ ਹੋ ਬੇਚੈਨ ਅੱਜ ਜੱਗ ਰਿਹਾ ਏ।

ਨੂਰ ਮੁਖੜੇ 'ਤੇ ਠਾਠਾਂ ਮਾਰਦਾ ਏ, ਮਸਤੀ ਨੈਣਾਂ 'ਚ ਉਨ੍ਹਾਂ ਦੇ ਛਾਈ ਹੋਈ ਏ।
ਹਰਖ ਸੋਗ ਨਾ ਚਿਹਰੇ 'ਤੇ ਨਜ਼ਰ ਆਵੇ, ਬਿਰਤੀ ਨਾਮ 'ਚ ਉਨ੍ਹਾਂ ਲਗਾਈ ਹੋਈ ਏ।

ਧੁਰ ਕੀ ਬਾਣੀ 'ਚ ਬਿਰਤੀ ਨੂੰ ਜੋੜ ਕੇ ਤੇ, ਭੋਗ ਜਪੁਜੀ ਸਾਹਿਬ ਦਾ ਪਾ ਦਿੱਤਾ।
ਇੱਧਰ ਹੱਥ ਜੱਲਾਦ ਦਾ ਉਠਿਆ ਏ, ਉਧਰ ਸਤਿਗੁਰਾਂ ਨੇ ਮੁਸਕਰਾ ਦਿੱਤਾ।

ਜਦੋਂ ਸੀਸ ਤੇ ਧੜ ਅਲੱਗ ਹੋਏ, ਝੁਲੀ ਸਖ਼ਤ ਹਨੇਰੀ ਤੁਫਾਨ ਚੱਲਿਆ।
ਭਾਈ ਜੈਤਾ ਉਠਾ ਕੇ ਸੀਸ ਪਾਵਨ, ਰੱਖਕੇ ਤਲ਼ੀ 'ਤੇ ਆਪਣੀ ਜਾਨ ਚੱਲਿਆ।

ਭਾਈ ਉਦੇ, ਗੁਰਦਿੱਤੇ ਨੇ ਧੜ ਤਾਂਈਂ, ਲੱਖੀ ਸ਼ਾਹ ਦੇ ਗੱਡੇ 'ਚ ਆਨ ਰੱਖਿਆ।
ਧੜ ਸਣੇ ਮਕਾਨ ਨੂੰ ਅੱਗ ਲਾ ਕੇ, ਉਹਨੇ ਗੁਰੂ ਦਾ ਮਾਣ ਸਨਮਾਨ ਰੱਖਿਆ।

ਦੀਨਾਂ ਦੁੱਖੀਆਂ ਦੀ ਰੱਖਿਆ ਲਈ 'ਜਾਚਕ', ਸੀਸ ਆਪਣਾ ਸਤਿਗੁਰਾਂ ਵਾਰ ਦਿੱਤਾ।
ਨੌਂਵੀਂ ਜੋਤ ਅਦੁੱਤੀ ਬਲੀਦਾਨ ਦੇ ਕੇ, ਸਿੱਖ ਕੌਮ ਨੂੰ ਨਵਾਂ ਨਿਖਾਰ ਦਿੱਤਾ।

# ਗੁਰੂ ਸਾਹਿਬ ਦਾ ਸੀਸ ਤੇ ਭਾਈ ਜੈਤਾ

ਦਿੱਲੀ ਵਾਲਿਆਂ ਦਿਲਾਂ ਤੇ ਹੱਥ ਰੱਖ ਲਏ, ਨੌਵਾਂ ਗੁਰੂ ਜਦ ਹੋਇਆ ਕੁਰਬਾਨ ਹੈਸੀ।
ਭਾਈ ਜੈਤੇ ਉਠਾਇਆ ਤਦ ਸੀਸ ਪਾਵਨ, ਰੱਖਕੇ ਤਲੀ ’ਤੇ ਆਪਣੀ ਜਾਨ ਹੈਸੀ।
ਚਾਦਰ ਵਿੱਚ ਲਪੇਟ ਕੇ ਨਾਲ ਸ਼ਰਧਾ, ਸਿਰ ’ਤੇ ਭਗਤ ਨੇ ਰੱਖਿਆ ਭਗਵਾਨ ਹੈਸੀ।
ਬਾਣੀ ਪੜ੍ਹਦਿਆਂ ਪੁਰੀ ਅਨੰਦ ਵੱਲੇ, ਕਾਹਲੀ ਕਾਹਲੀ ਫਿਰ ਹੋਇਆ ਰਵਾਨ ਹੈਸੀ।

ਫੁਰਤੀ ਨਾਲ ਫਿਰ ਦਿੱਲੀਉਂ ਬਾਹਰ ਹੋ ਕੇ, ਤੁਰਦਾ ਜਾ ਰਿਹੈ ਵਾਟਾਂ ਨੂੰ ਚੀਰ ਜੈਤਾ।
ਕਰ ਕਰ ਯਾਦ ਸ਼ਹਾਦਤ ਦਾ ਸੀਨ ਸਾਰਾ, ਨੈਣਾਂ ਵਿੱਚੋਂ ਵਹਾ ਰਿਹੈ ਨੀਰ ਜੈਤਾ।
ਨਹੀਂ ਰੱਖਿਆ ਸੀਸ ਨੂੰ ਧਰਤ ਉੱਤੇ, ਚਲਦਾ ਰਿਹਾ ਹੋ ਗਹਿਰ ਗੰਭੀਰ ਜੈਤਾ।
ਬਚ ਬਚਾ ਕੇ ਸਾਰਿਆਂ ਖਤਰਿਆਂ ਤੋਂ, ਆਪਣੀ ਮੰਜ਼ਲ ’ਤੇ ਪਹੁੰਚਾ ਅਖੀਰ ਜੈਤਾ।

ਕੀਰਤਪੁਰੋਂ ਫਿਰ ਗੁਰਾਂ ਵੱਲ ਭਾਈ ਜੈਤੇ, ਦਰਦ ਭਿੱਜਾ ਸੁਨੇਹੜਾ ਘੱਲਿਆ ਸੀ।
ਸੁਣ ਕੇ ਖਬਰ ਇਹ ਸੰਗਤ ਸਮੇਤ ਓਦੋਂ, ਗੋਬਿੰਦ, ਪੁਰੀ ਅਨੰਦ ਤੋਂ ਚੱਲਿਆ ਸੀ।
ਧੁਰ ਅੰਦਰੋਂ ਆਇਆ ਹਰ ਇਕ ਹੰਝੂ, ਪਲਕਾਂ ਵਿੱਚ ਦਸਮੇਸ਼ ਨੇ ਠੱਲਿਆ ਸੀ।
ਪਾਵਨ ਸੀਸ ਨੂੰ ਚੁੱਕ ਕੇ ਮਲਕੜੇ ਜਿਹੇ, ਉਨ੍ਹਾਂ ਸੱਲ੍ਹ ਵਿਛੋੜੇ ਦਾ ਝੱਲਿਆ ਸੀ।

ਆਪਣੇ ਸਿਰ ਦੇ ਸਾਂਈਂ ਦਾ ਸੀਸ ਤੱਕ ਕੇ, ਮਾਤਾ ਗੁਜਰੀ ਜੀ ਆਏ ਵੈਰਾਗ ਅੰਦਰ।
ਇਨ੍ਹਾਂ ਧਰਮ ਤੋਂ ਇੰਝ ਕੁਰਬਾਨ ਹੋਣੈ, ਧੁਰੋਂ ਲਿਖਿਆ ਸੀ ਏਦਾਂ ਈ ਭਾਗ ਅੰਦਰ।
ਉਹ ਤਾਂ ਕਰੁਣਾ ਦੇ ਕਲਪ ਬ੍ਰਿਛ ਹੈਸਨ, ਧਰਤੀ ਵਾਂਗ ਸੀ ਧੀਰਜ ਸੋਹਾਗ ਅੰਦਰ।
ਆਖਰ ਤਨ ਵੀ ਦਿੱਤਾ ਤਿਆਗ ਆਪਣਾ, ਸਾਰੀ ਉਮਰ ਜੋ ਰਹੇ ਤਿਆਗ ਅੰਦਰ।

ਮਾਤਾ ਨਾਨਕੀ ਲਾਲ ਦਾ ਚੁੰਮ ਮੁੱਖੜਾ, ਬੋਲੇ ਅੰਮੀ ਦੀ ਤੈਨੂੰ ਅਸੀਸ ਪੁੱਤਰ।
ਲਾ ਕੇ ਘੁੱਟ ਕਲੇਜੇ ਦੇ ਨਾਲ ਕਹਿੰਦੇ, ਬਿਨਾਂ ਧੜ ਆਇਆ ਤੇਰਾ ਸੀਸ ਪੁੱਤਰ।
ਤਿਲਕ ਜੰਞੂ ਦੀ ਰੱਖਿਆ ਕਰਨ ਖਾਤਰ, ਪਾਵਨ ਸੀਸ ਦੀ ਦਿੱਤੀ ਤੂੰ ਫੀਸ ਪੁੱਤਰ।
ਜਿੰਦਾਂ ਦਿੱਤੀ ਕੁਰਬਾਨੀ ਤੂੰ ਲਾਲ ਮੇਰੇ, ਨਹੀਂ ਜੱਗ ’ਤੇ ਇਹਦੀ ਕੋਈ ਰੀਸ ਪੁੱਤਰ।

ਪਾਵਨ ਸੀਸ ਨੂੰ ਸੀਸ ’ਤੇ ਚੁੱਕ ਕੇ ਤੇ, ਮਾਖੋਵਾਲ ਨੂੰ ਹੋਏ ਰਵਾਨ ਸਤਿਗੁਰ।
ਨਹੀਂ ਰੋਣਾ ਕੁਰਲਾਉਣਾ ਵਿਰਲਾਪ ਕਰਨਾ, ਸੰਗਤ ਤਾਂਈਂ ਕੀਤਾ ਸਾਵਧਾਨ ਸਤਿਗੁਰ।
ਸਾਰੇ ਰਾਹ ਗੁਰਬਾਣੀ ਦਾ ਪਾਠ ਕਰਦੇ, ਚਲਦੇ ਰਹੇ ਹੋ ਅੰਤਰ ਧਿਆਨ ਸਤਿਗੁਰ।
ਆਖਿਰ ਪੁਰੀ ਅਨੰਦ ਵਿੱਚ ਪਹੁੰਚ ਕੇ ਤੇ, ਬੜਾ ਭਾਰੀ ਸੀ ਲਾਇਆ ਦੀਵਾਨ ਸਤਿਗੁਰ।

ਭਾਈ ਜੈਤੇ ਨੇ ਵਿਥਿਆ ਸੁਣਾਈ ਸਾਰੀ, ਛਮ ਛਮ ਨੈਣਾਂ ’ਚੋਂ ਨੀਰ ਵਹਾ ਕੇ ਤੇ।
ਗੁਰਾਂ ਓਸ ਨੂੰ ਮਾਣ ਸਨਮਾਨ ਦਿਤਾ, ਵਿੱਚ ਪੁਰੀ ਅਨੰਦ ਦੇ ਆ ਕੇ ਤੇ।
ਜਿਹੜੇ ਸੀਸ ’ਤੇ ਚੁੱਕਿਆ ਸੀਸ ਪਾਵਨ, ਓਸ ਸੀਸ ਨੂੰ ਸੀਸ ਝੁਕਾ ਕੇ ਤੇ।
ਸੀਨੇ ਨਾਲ ‘ਰੰਘਰੇਟੇ’ ਨੂੰ ਲਾ ਲੀਤਾ, ‘ਜਾਚਕ’ ‘ਗੁਰੂ ਕਾ ਬੇਟਾ’ ਬਣਾ ਕੇ ਤੇ।

ਆ ਕੇ ਰੋਹ ‘ਚ ਗੁਰਾਂ ਨੇ ਬਚਨ ਕੀਤੇ, ਕਰਨੈ ਪੈਣੇ ਨੇ ਹੱਥ ਦੋ ਚਾਰ ਆਖਰ।
ਲੈਣੀ ਪੈਣੀ ਏ ਜ਼ੁਲਮ ਦੇ ਨਾਲ ਟੱਕਰ, ਇਹ ਵੀ ਲਿਆ ਸੀ ਦਿਲ ਵਿੱਚ ਧਾਰ ਆਖਰ।
ਪਹਿਰਾ ਦੇਣ ਲਈ ਸੱਚ ਤੇ ਧਰਮ ਉਤੇ, ਪੈਣੇ ਸਾਜਨੇ ਸਿੰਘ ਸਰਦਾਰ ਆਖਰ।
ਗੁਰੂ ਪਿਤਾ ਦੇ ਸੀਸ ਦਾ ਫੇਰ ਉਨ੍ਹਾਂ, ਨਾਲ ਅਦਬ ਦੇ ਕੀਤਾ ਸਸਕਾਰ ਆਖਰ।

ਜਿੱਥੇ ਦਿੱਤੀ ਸ਼ਹਾਦਤ ਸੀ ਪਾਤਸ਼ਾਹ ਨੇ, ਖੇਡੇ ਸਿੱਖ ਜਿੱਥੇ ਆਪਣੀ ਜਾਨ ਉਤੇ।
ਸ਼ੋਭ ਰਿਹਾ ਏ ‘ਸੀਸ ਗੰਜ’ ਗੁਰਦੁਆਰਾ, ਚੌਂਕ ਚਾਂਦਨੀ ਵਾਲੇ ਅਸਥਾਨ ਉੱਤੇ।
ਲੱਖੀ ਸ਼ਾਹ ਨੇ ਕਰ ਸਸਕਾਰ ਜਿੱਥੇ, ਚਾਰ ਚੰਨ ਲਾਏ ਸਿੱਖੀ ਸ਼ਾਨ ਉੱਤੇ।
ਬਣਿਆ ਹੋਇਐ ‘ਰਕਾਬ ਗੰਜ’ ਗੁਰਦੁਆਰਾ, ਪੂਜਨਯੋਗ ਅੱਜ ਓਸੇ ਮਕਾਨ ਉੱਤੇ।

ਜਿਵੇਂ ਹੋਈ ਸ਼ਹਾਦਤ ਸੀ ਪਾਤਸ਼ਾਹ ਦੀ, ਮਿਲਦੀ ਨਹੀਂ ਮਿਸਾਲ ਜਹਾਨ ਉਤੇ।
ਜੀਵਨ ਦਾਨ ਦਿੱਤਾ ਮੁਰਦਾ ਕੌਮ ਤਾਂਈਂ, ਗੁਰਾਂ ਖੇਡ ਕੇ ‘ਜਾਚਕਾ’ ਜਾਨ ਉੱਤੇ।

# ਗੁਰੂ ਗੋਬਿੰਦ ਸਿੰਘ ਜੀ

ਪਟਨੇ ਵਿੱਚ ਅੱਜ ਰੌਣਕਾਂ ਲੱਗੀਆਂ ਨੇ, ਪੈਦਾ ਨੂਰ ਦੇ ਘਰ ਹੈ ਨੂਰ ਹੋਇਆ।
ਕਰਨ ਲਈ ਗੁਰੂ ਨਾਨਕ ਦਾ ਮਿਸ਼ਨ ਪੂਰਾ, ਆਪ ਜੱਗ ਵਿੱਚ ਹਾਜ਼ਰ ਹਜ਼ੂਰ ਹੋਇਆ।
ਲੜ ਲਾਉਣ ਲਈ ਇੱਕ ਪ੍ਰਮਾਤਮਾਂ ਦੇ, ਗੁਜਰੀ ਕੁੱਖ ਦਾ ਇਹ ਕੋਹਿਨੂਰ ਹੋਇਆ।
ਸੰਤ ਸਿਪਾਹੀ ਦਾ ਪੂਰਨ ਸਰੂਪ ਦੇ ਕੇ, ਰੱਬ ਭੇਜਣ ਲਈ ਆਪ ਮਜ਼ਬੂਰ ਹੋਇਆ।

ਭੀਖਣ ਸ਼ਾਹ ਨੇ ਕੁੱਜੇ ਜਦ ਦੋ ਰੱਖੇ, ਛੋਹ ਕੇ ਦੋਹਾਂ ਨੂੰ ਉਨ੍ਹਾਂ ਸਤਿਕਾਰਿਆ ਸੀ।
ਤੀਸਰ ਖਾਲਸਾ ਪੰਥ ਸਜਾਉਣ ਦੇ ਲਈ, ਪਟਨੇ ਵਿੱਚ ਅਵਤਾਰ ਉਸ ਧਾਰਿਆ ਸੀ।

ਠੱਲ੍ਹ ਪਾਉਣ ਲਈ ਜ਼ੁਲਮ ਦੇ ਝੱਖੜਾਂ ਨੂੰ, ਕਤਲਗਾਹ ਵੱਲ ਪਿਤਾ ਨੂੰ ਘੱਲਿਆ ਸੀ।
ਦੁੱਖੀਆਂ ਅਤੇ ਮਜ਼ਲੂਮਾਂ ਦੀ ਰੱਖਿਆ ਲਈ, ਵਗਦੇ ਵਹਿਣਾਂ ਨੂੰ ਉਨ੍ਹਾਂ ਨੇ ਠੱਲ੍ਹਿਆ ਸੀ।
ਸੀਸ ਗੁਰਾਂ ਦਾ ਲੈ ਕੇ ਭਾਈ ਜੈਤਾ, ਦਿੱਲੀਉਂ ਪੁਰੀ ਅਨੰਦ ਨੂੰ ਚੱਲਿਆ ਸੀ।
ਪਾਵਨ ਸੀਸ ਨੂੰ ਚੁੱਕ ਕੇ ਮਲਕੜੇ ਜਿਹੇ, ਸਤਿਗੁਰ ਸੱਲ੍ਹ ਵਿਛੋੜੇ ਦਾ ਝੱਲਿਆ ਸੀ।

ਭਾਈ ਜੈਤੇ ਨੂੰ ਲਾਇਆ ਸੀ ਨਾਲ ਸੀਨੇ, ਮੱਥਾ ਚੁੰਮ ਕੇ,ਉਹਨੂੰ ਪਿਆਰਿਆ ਸੀ।
ਉਸ 'ਰੰਘਰੇਟੇ' ਨੂੰ ਬੇਟਾ ਬਣਾਉਣ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਗੁਰਾਂ ਨੀਂਹ ਰੱਖੀ ਪੰਥ ਖਾਲਸੇ ਦੀ, ਅੰਮ੍ਰਿਤ ਬਖਸ਼ ਕੇ ਪੰਜਾਂ ਪਿਆਰਿਆਂ ਨੂੰ।
ਫੇਰ ਉਨ੍ਹਾਂ ਤੋਂ ਛੱਕ ਕੇ ਆਪ ਅੰਮ੍ਰਿਤ, ਮਾਣ ਬਖਸ਼ਿਆ ਗੁਰੂ ਦੁਲਾਰਿਆਂ ਨੂੰ।
ਸਿਰਾਂ ਵੱਟੇ ਸਰਦਾਰੀਆਂ ਬਖਸ਼ ਦਿੱਤੀਆਂ, ਡਿੱਗਿਆਂ, ਢੱਠਿਆਂ, ਬੇਸਹਾਰਿਆਂ ਨੂੰ।
ਜ਼ਜਬੇ ਸੁੱਤੇ ਹੋਏ ਜਾਗੇ ਬਹਾਦਰੀ ਦੇ, ਪਾਇਆ ਹੱਥ ਜਦ ਖੰਡੇ ਦੁਧਾਰਿਆਂ ਨੂੰ।

ਮਸਤੀ ਲਾਹੁਣ ਲਈ ਮਸਤੇ ਹੋਏ ਹਾਥੀਆਂ ਦੀ, ਇਕ ਸਿੰਘ ਬਚਿੱਤਰ ਖਲ੍ਹਾਰਿਆ ਸੀ।
ਬਾਜ ਚਿੜੀਆਂ ਦੇ ਹੱਥੋਂ ਤੁੜਾਨ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਗੁਰਾਂ ਪਾਸ ਜਾਂ ਸਿੰਘਾਂ ਸ਼ਕਾਇਤ ਕੀਤੀ, ਕਹਿਰ ਭਾਈ ਘਨੱਈਆ ਕਮਾ ਰਿਹਾ ਏ।
ਅਸੀਂ ਜਿਨ੍ਹਾਂ ਨੂੰ ਮਾਰ ਕੇ ਸੁੱਟਦੇ ਹਾਂ, ਪਾਣੀ ਪਾ ਪਾ ਫੇਰ ਜਿਵਾ ਰਿਹਾ ਏ।
ਸੱਦ ਕੇ ਗੁਰਾਂ ਘਨੱਈਏ ਨੂੰ ਪੁਛਿਆ ਜਾਂ, ਇਹ ਸਿੱਖ ਕੀ ਠੀਕ ਫੁਰਮਾ ਰਿਹਾ ਏ।
ਅੱਗੋਂ ਕਿਹਾ ਉਸ ਮੈਨੂੰ ਤਾਂ ਸਾਰਿਆਂ 'ਚ, ਰੂਪ ਆਪਦਾ ਨਜ਼ਰੀਂ ਹੀ ਆ ਰਿਹਾ ਏ।

ਡੱਬੀ ਮੱਲ੍ਹਮ ਦੀ ਹੱਥ ਫੜਾ ਕੇ ਤੇ, ਸਾਂਝਾ ਸਿੱਖੀ ਦਾ ਮਹਿਲ ਉਸਾਰਿਆ ਸੀ।
ਸਭੇ ਸਾਂਝੀਵਾਲ ਸਦਾਉਣ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਲਾੜੀ ਮੌਤ ਨੂੰ ਵਰਨ੍ਹ ਲਈ ਗੜ੍ਹੀ ਵਿੱਚੋਂ, ਸਿੰਘ ਸੂਰਮੇ ਕਈ ਸਰਦਾਰ ਤੋਰੇ।
ਸਵਾ ਲੱਖ ਨਾਲ ਇਕ ਲੜਾਉਣ ਖ਼ਾਤਰ, ਵਾਰੀ ਨਾਲ ਅਜੀਤ ਜੁਝਾਰ ਤੋਰੇ।
ਦਾਦੀ ਗੁਜਰੀ ਨੇ ਥਾਪੜੇ ਬਖਸ਼ ਕੇ ਤੇ, ਆਪਣੇ ਪੁੱਤਰ ਦੇ ਰਾਜ ਦੁਲਾਰ ਤੋਰੇ।
ਨੀਂਹ ਜ਼ੁਲਮ ਦੀ ਖੋਖਲੀ ਕਰਨ ਖਾਤਰ, ਨੰਨ੍ਹੇ ਲਾਲ ਦੋ ਨੀਹਾਂ ਵਿਚਕਾਰ ਤੋਰੇ।

ਟੋਟੇ ਜਿਗਰ ਦੇ ਸਾਰੇ ਸਨ ਹੋਏ ਟੋਟੇ, ਫਿਰ ਵੀ ਰੱਬ ਦਾ ਸ਼ੁਕਰ ਗੁਜ਼ਾਰਿਆ ਸੀ।
ਪੁੱਤਰ ਸਿੰਘਾਂ ਦੇ ਤਾਂਈਂ ਬਨਾਉਣ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਹੁਕਮ ਮੰਨ ਕੇ ਖਾਲਸਾ ਪੰਥ ਜੀ ਦਾ, ਤਾੜੀ ਮਾਰ ਕੇ ਜਾਂਦਾ ਦਾਤਾਰ ਤੱਕੋ।
ਨਾ ਬਾਜ ਨਾ ਤਾਜ ਨਾ ਲਾਉ ਲਸ਼ਕਰ, ਪੈਦਲ ਜਾ ਰਿਹਾ ਸ਼ਾਹਸਵਾਰ ਤੱਕੋ।
ਸੇਜ ਕੰਡਿਆਂ ਦੀ ਤਕੀਆ ਟਿੰਡ ਦਾ ਏ, ਗਗਨ ਰੂਪੀ ਰਜਾਈ ਵਿਚਕਾਰ ਤੱਕੋ।
ਮਾਛੀਵਾੜੇ ਦੇ ਜੰਗਲਾਂ ਵਿੱਚ ਸੁੱਤਾ, ਸਰਬੰਸਦਾਨੀ ਦਸਮੇਸ਼ ਦਾਤਾਰ ਤੱਕੋ।

'ਕੱਲੇ ਰਹੇ ਸਨ ਰੋਹੀ ਦੇ ਰੁੱਖ ਵਾਂਗੂੰ, ਫਿਰ ਵੀ ਹੌਂਸਲਾ ਓਸ ਨਾ ਹਾਰਿਆ ਸੀ।
ਹਾਲ ਮਿੱਤਰ ਪਿਆਰੇ ਨੂੰ ਕਹਿਣ ਵਾਲੇ, ਪਟਨੇ ਵਿੱਚ ਅਵਤਾਰ ਉਸ ਧਾਰਿਆ ਸੀ।

ਜਿਹੜਾ ਇਕ ਵਾਰੀ ਉਸਦਾ ਹੋ ਗਿਆ ਸੀ, ਉਹ ਸਦਾ ਲਈ ਓਸ ਦੇ ਹੋ ਗਏ ਸੀ।
ਅਪਨੇ ਜੋਗੇ ਨੂੰ ਆਪ ਬਚਾਉਣ ਖਾਤਿਰ, ਬੂਹੇ ਵੇਸਵਾ ਅੱਗੇ ਖਲੋ ਗਏ ਸੀ।
ਜਦ ਬੇਦਾਵੀਏ ਜੂਝ ਕੇ ਜੰਗ ਅੰਦਰ, ਸਾਰੇ ਸਦਾ ਦੀ ਨੀਂਦ ਲਈ ਸੌਂ ਗਏ ਸੀ।
ਉਦੋਂ ਪਾਤਸ਼ਾਹ ਨੈਣਾਂ 'ਚੋਂ ਕੇਰ ਹੰਝੂ, ਬੇਦਾਵੀਆਂ ਦੇ ਧੋਣੇ ਧੋ ਗਏ ਸੀ।

ਮਹਾਂ ਸਿੰਘ ਦਾ ਪੱਟ ਤੇ ਸੀਸ ਰੱਖ ਕੇ, ਉਹਦੇ ਤਪਦੇ ਹੋਏ ਸੀਨੇ ਨੂੰ ਠਾਰਿਆ ਸੀ।
ਮੁੱਖੋਂ ਮੁਕਤੀਆਂ ਦੀ ਝੜੀ ਲਾਉਣ ਵਾਲੇ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

ਉਨ੍ਹਾਂ ਕਿਹਾ ਕਿ ਅੱਜ ਤੋਂ ਖਾਲਸਾ ਜੀ, ਥੋਡਾ ਧਰਮ ਇੱਕੋ ਥੋਡੀ ਜਾਤ ਇੱਕੋ।
ਸਿੰਘ ਸੂਰਮੇ ਤੁਸੀਂ ਬਲਵਾਨ ਯੋਧੇ, ਥੋਡਾ ਪਿਤਾ ਇੱਕੋ ਥੋਡੀ ਮਾਤ ਇੱਕੋ।
ਹੁੰਦਾ ਵੇਖੋ ਜਦ ਜ਼ੁਲਮ ਬੇਦੋਸ਼ਿਆਂ 'ਤੇ, ਜ਼ਾਲਮ ਲਈ ਫਿਰ ਬਣੇ ਅਫਾਤ ਇੱਕੋ।
ਚੜ੍ਹਦੀ ਕਲਾ 'ਚ ਰਹਿਣਾ ਏ ਖਾਲਸੇ ਨੇ, ਸਦਾ ਰਹਿੰਦੇ ਨਹੀਂ ਕਦੇ ਹਾਲਾਤ ਇੱਕੋ।

ਹਰ ਰੋਜ਼ ਗੁਰਬਾਣੀ ਦਾ ਪਾਠ ਕਰਨਾ, ਆਪਣੇ ਮੁੱਖ ਤੋਂ ਉਨ੍ਹਾਂ ਉਚਾਰਿਆ ਸੀ।
ਗੱਦੀ ਗੁਰੂ ਗ੍ਰੰਥ ਨੂੰ ਦੇਣ ਖ਼ਾਤਰ, ਪਟਨੇ ਵਿੱਚ ਅਵਤਾਰ ਅੱਜ ਧਾਰਿਆ ਸੀ।

# ਕਵੀਆਂ ਦੇ ਸਿਰਤਾਜ

ਕੇਵਲ ਕਲਮ ਦੇ ਧਨੀ ਹੀ ਨਹੀਂ ਸਨ ਉਹ, ਕਲਮਾਂ ਵਾਲਿਆਂ ਦੇ ਕਦਰਦਾਨ ਵੀ ਸਨ।
ਕਵੀਆਂ ਕੋਲੋਂ ਕਵਿਤਾਵਾਂ ਸਨ ਆਪ ਸੁਣਦੇ, ਨਾਲੇ ਬਖ਼ਸ਼ਦੇ ਮਾਣ ਸਨਮਾਨ ਵੀ ਸਨ।
ਭਰ ਭਰ ਕੇ ਢਾਲਾਂ ਇਨਾਮ ਦੇਂਦੇ, ਏਨੇ ਉਨ੍ਹਾਂ ਉੱਤੇ ਮਿਹਰਬਾਨ ਵੀ ਸਨ।
ਸਚਮੁੱਚ ਕਵੀਆਂ ਦੇ ਸਨ ਸਿਰਤਾਜ ਉਹ ਤਾਂ, ਦਾਤਾ ਕਵੀ ਦਰਬਾਰਾਂ ਦੀ ਸ਼ਾਨ ਵੀ ਸਨ।

# ਚੜ੍ਹਦੀ ਕਲਾ ਦਾ ਅਵਤਾਰ

ਕੋਈ ਮਰਦ ਅਗੰਮੜਾ ਕਹੇ ਓਹਨੂੰ, ਚੜ੍ਹਦੀ ਕਲਾ ਦਾ ਕੋਈ ਅਵਤਾਰ ਕਹਿੰਦੈ।
ਬਾਜਾਂ ਵਾਲੜਾ ਕੋਈ ਪੁਕਾਰਦਾ ਏ, ਕੋਈ ਨੀਲੇ ਦਾ ਸ਼ਾਹ ਅਸਵਾਰ ਕਹਿੰਦੈ।
ਕੋਈ ਆਖਦਾ 'ਤੇਗ ਦਾ ਧਨੀ' ਸੀ ਉਹ, ਦੁਸ਼ਟ ਦਮਨ ਕੋਈ ਸਿਪਾਹ ਸਲਾਰ ਕਹਿੰਦੈ।
'ਦਾਤਾ ਅੰਮ੍ਰਿਤ ਦਾ' ਆਖਦਾ ਕੋਈ 'ਜਾਚਕ', ਕੋਈ ਕੌਮ ਦਾ ਉਹਨੂੰ ਸ਼ਿੰਗਾਰ ਕਹਿੰਦੈ।

# ਸੰਤ ਸਿਪਾਹੀ ਗੁਰੂ ਗੋਬਿੰਦ ਸਿੰਘ ਜੀ

ਵਿੱਚ ਅਮਨ ਦੇ ਕਲਮ ਦੇ ਨਾਲ ਲਿਖਿਆ, ਵਿੱਚ ਜੰਗ ਦੇ ਤੇਗ ਚਲਾਈ ਸਤਿਗੁਰ।
ਰੱਖਿਆ ਸਦਾ ਗਰੀਬਾਂ ਦੀ ਰਹੇ ਕਰਦੇ, ਜ਼ੁਲਮ ਵਿਰੁੱਧ ਤਲਵਾਰ ਉਠਾਈ ਸਤਿਗੁਰ।
ਸੈਦ ਖਾਂ ਜਦ ਧਰਤੀ 'ਤੇ ਡਿਗਿਆ ਸੀ, ਆਪਣੀ ਢਾਲ ਨਾਲ ਛਾਂ ਕਰਾਈ ਸਤਿਗੁਰ।
ਕੱਫਨ ਬਿਨਾਂ ਜਹਾਨੋਂ ਨਾ ਜਾਏ ਕੋਈ, ਨੋਕ ਤੀਰਾਂ ਦੀ ਸੋਨੇ ਮੜ੍ਹਾਈ ਸਤਿਗੁਰ।

ਛੀਂਬੇ, ਨਾਈ, ਝੀਵਰ, ਖੱਤਰੀ, ਜੱਟ ਤਾਂਈਂ, ਹੱਥੀਂ ਆਪ ਦਿੰਦਾ ਪਾਤਸ਼ਾਹੀ ਡਿੱਠਾ।
'ਕੱਠਾ ਬਾਣੀ ਤੇ ਬਾਣੇ ਨੂੰ ਕਰਨ ਵਾਲਾ, ਚੜ੍ਹਦੀ ਕਲਾ 'ਚ ਸੰਤ ਸਿਪਾਹੀ ਡਿੱਠਾ।

ਮੁਗਲ ਫੌਜ ਤੇ ਰਾਜੇ ਪਹਾੜੀਆਂ ਨੇ, (ਮਾਖੋਵਾਲ) ਅਨੰਦਪੁਰ ਤੇ ਕੀਤੀ ਚੜ੍ਹਾਈ ਹੈਸੀ।
ਇੱਕ ਸਿੱਖ ਘਨੱਈਆ ਇਸ ਯੁੱਧ ਅੰਦਰ, ਫਿਰਦਾ ਮੋਢੇ ਤੇ ਮਸ਼ਕ ਟਿਕਾਈ ਹੈਸੀ।
ਮੂੰਹਾਂ ਵਿੱਚ ਉਸ ਤੜਪਦੇ ਦੁਸ਼ਮਣਾਂ ਦੇ, ਪਾਣੀ ਪਾ ਪਾ ਜ਼ਿੰਦਗੀ ਪਾਈ ਹੈਸੀ।
ਸਿੰਘਾਂ ਕੀਤੀ ਸ਼ਿਕਾਇਤ ਜਦ ਪਾਤਸ਼ਾਹ ਨੂੰ, ਪੇਸ਼ ਕੀਤੀ ਘਨੱਈਏ ਸਫ਼ਾਈ ਹੈਸੀ।

ਮੈਨੂੰ ਸਿੱਖ ਜਾਂ ਮੁਗਲ ਨਾ ਨਜ਼ਰ ਆਇਆ, ਮੈਂ ਤਾਂ ਸਭ ਵਿੱਚ ਆਪਣਾ ਮਾਹੀ ਡਿੱਠਾ।
ਡੱਬੀ ਮੱਲ੍ਹਮ ਦੀ ਹੱਥ ਫੜਾਉਣ ਵਾਲਾ, ਚੜ੍ਹਦੀ ਕਲਾ 'ਚ ਸੰਤ ਸਿਪਾਹੀ ਡਿੱਠਾ।

ਸਿੰਘਾਂ ਅਤੇ ਪ੍ਰਵਾਰ ਦੇ ਨਾਲ ਸਤਿਗੁਰ, ਚੱਲੇ ਪੁਰੀ ਅਨੰਦ ਨੂੰ ਛੋੜ ਕੇ ਤੇ।
ਹੱਲਾ ਕੀਤਾ ਸੀ ਲਾਲਚੀ ਲੋਭੀਆਂ ਨੇ, ਕਸਮਾਂ ਚੁੱਕੀਆਂ ਹੋਈਆਂ ਨੂੰ ਤੋੜ ਕੇ ਤੇ।
ਖੂਨੀ ਜੰਗ ਅੰਦਰ ਜੂਝੇ ਸਿੰਘ ਸੂਰੇ, ਵਾਗਾਂ ਘੋੜਿਆਂ ਦੀਆਂ ਨੂੰ ਮੋੜ ਕੇ ਤੇ।
ਪਾਣੀ ਸਰਸਾ ਦਾ ਸ਼ੂਕਦਾ ਨਾਲ ਆਪਣੇ, ਲੈ ਗਿਆ ਸੀ ਕਈਆਂ ਨੂੰ ਰੋਹੜ ਕੇ ਤੇ।

ਨਿਤਨੇਮ ਵੀ ਜੰਗ ਵਿੱਚ ਛੱਡਿਆ ਨਾ, ਸੀ ਅਨੋਖਿਆਂ ਰਾਹਾਂ ਦਾ ਰਾਹੀ ਡਿੱਠਾ।
ਹਰ ਸਮੇਂ ਤੇ ਹਰ ਸਥਾਨ ਉੱਤੇ, ਚੜ੍ਹਦੀ ਕਲਾ 'ਚ ਸੰਤ ਸਿਪਾਹੀ ਡਿੱਠਾ।

ਲਾੜੀ ਮੌਤ ਨੂੰ ਵਰਨ ਲਈ ਗੜ੍ਹੀ ਵਿੱਚੋਂ, ਸਿੰਘ ਸੂਰਮੇ ਕਈ ਸਰਦਾਰ ਤੋਰੇ।
ਸਵਾ ਲੱਖ ਨਾਲ ਇੱਕ ਲੜਾਉਣ ਖਾਤਰ, ਵਾਰੀ ਨਾਲ ਅਜੀਤ ਜੁਝਾਰ ਤੋਰੇ।

ਸਿੱਖੀ ਸਿਦਕ ਨਿਭਾਉਣਾ ਏ ਨਾਲ ਸਿਰ ਦੇ, ਦਾਦੀ ਆਖ ਕੇ ਜਾਂਨਿਸਾਰ ਤੋਰੇ।
ਮਿਲੇ ਕੋਈ ਮਿਸਾਲ ਨਾ ਜੱਗ ਅੰਦਰ, ਦੋ ਲਾਲ ਜੋ ਨੀਹਾਂ ਵਿੱਚਕਾਰ ਤੋਰੇ।

ਇਨ੍ਹਾਂ ਪੁੱਤਾਂ ਤੋਂ ਵਾਰੇ ਨੇ ਲਾਲ ਚਾਰੇ, ਮਾਤਾ ਜੀਤੋ ਨੂੰ ਦਿੰਦਾ ਗਵਾਹੀ ਡਿੱਠਾ।
ਟੋਟੇ ਜਿਗਰ ਦੇ ਭਾਵੇਂ ਸਨ ਹੋਏ ਟੋਟੇ, (ਫਿਰ ਵੀ) ਚੜ੍ਹਦੀ ਕਲਾ ’ਚ ਸੰਤ ਸਿਪਾਹੀ ਡਿੱਠਾ।

ਗੜ੍ਹੀ ਛੱਡੀ ਸੀ ਪੰਥ ਦਾ ਹੁਕਮ ਮੰਨ ਕੇ, ਸੰਗਤ ਸਿੰਘ ਦੇ ਕਲਗੀ ਸਜਾ ਕੇ ਤੇ।
ਉਚੀ ਟਿੱਬੀ ’ਤੇ ‘ਜਾਚਕ’ ਫਿਰ ਪਾਤਸ਼ਾਹ ਨੇ, ਭਾਜੜ ਪਾ ’ਤੀ ਤਾੜੀ ਵਜਾ ਕੇ ਤੇ।
ਮਾਛੀਵਾੜੇ ਦੇ ਜੰਗਲਾਂ ਵਿੱਚ ਪਹੁੰਚੇ, ਰਾਤੋ ਰਾਤ ਹੀ ਪੈਂਡਾ ਮੁਕਾ ਕੇ ਤੇ।
ਪਾਣੀ ਪੀ ਕੇ ਖੂਹ ਦੀ ਟਿੰਡ ਵਿੱਚੋਂ, ਥੱਕੇ ਲੇਟ ਗਏ ਇੱਕ ਥਾਂ ਆ ਕੇ ਤੇ।

ਲੀਰਾਂ ਤਨ ’ਤੇ ਪੈਰਾਂ ਦੇ ਵਿੱਚ ਛਾਲੇ, ਸੁੱਤਾ ਕੰਡਿਆਂ ’ਤੇ ਕੋਈ ਰਾਹੀ ਡਿੱਠਾ।
ਹਾਲ ਮਿੱਤਰ ਪਿਆਰੇ ਨੂੰ ਕਹਿਣ ਵਾਲਾ, ਚੜ੍ਹਦੀ ਕਲਾ ’ਚ ਸੰਤ ਸਿਪਾਹੀ ਡਿੱਠਾ।

# ਸਰਬੰਸਦਾਨੀ ਗੁਰੂ ਗੋਬਿੰਦ ਸਿੰਘ

ਵੇਖੇ ਸਮੇਂ ਅਣਗਿਣਤ ਇਨਸਾਨ ਏਥੇ, ਜਿਕਰ ਕਈਆਂ ਦਾ ਵਿੱਚ ਇਤਿਹਾਸ ਹੋਇਆ।
ਅੱਖਾਂ ਗਈਆਂ ਚੁੰਧਿਆ ਸੰਸਾਰ ਦੀਆਂ, ਪਟਨੇ ਵਿੱਚ ਜਦ ਨੂਰੀ ਪ੍ਰਕਾਸ਼ ਹੋਇਆ।
ਆਇਆ ਅੱਲਾ ਦਾ ਰੂਪ ਏ ਜੱਗ ਅੰਦਰ, ਭੀਖਣ ਸ਼ਾਹ ਨੂੰ ਓਦੋਂ ਵਿਸ਼ਵਾਸ ਹੋਇਆ।
ਏਸ ਜਗਤ ਤਮਾਸ਼ੇ ਨੂੰ ਦੇਖਣੇ ਲਈ, ਪ੍ਰਗਟ ਮਰਦ ਅਗੰਮੜਾ ਖਾਸ ਹੋਇਆ।

ਪੋਹ ਸੁਦੀ ਸਤਵੀਂ, ਐਤਵਾਰ ਦੇ ਦਿਨ, ਪ੍ਰਗਟ ਹੋਇਆ ਸੀ ਪੁਰਖ ਭਗਵੰਤ ਏਥੇ।
ਚਾਨਣ ਚਾਨਣ ਸੀ ਹੋ ਗਿਆ ਚਹੁੰ ਪਾਸੀਂ, ਅੰਧਕਾਰ ਦਾ ਹੋ ਗਿਆ ਅੰਤ ਏਥੇ।
ਭਗਤੀ ਸ਼ਕਤੀ ਨੂੰ ਆਪਣੇ ਨਾਲ ਲੈ ਕੇ, ਪਰਗਟ ਹੋਇਆ ਸਿਪਾਹੀ ਤੇ ਸੰਤ ਏਥੇ।
ਚਹਿਕ ਮਹਿਕ ਤੇ ਟਹਿਕ ਸੀ ਹਰ ਪਾਸੇ, ਮਾਨੋਂ ਖਿੜ ਗਈ ਰੁੱਤ ਬਸੰਤ ਏਥੇ।

ਪਟਨੇ ਸ਼ਹਿਰ ਦੀ ਪਾਵਨ ਧਰਤ ਉਤੇ, ਪੰਥ ਖਾਲਸੇ ਦਾ ਸਾਜਣਹਾਰ ਆਇਆ।
ਢਹਿੰਦੀ ਕਲਾ ਦੀ ਖੱਡ ’ਚੋਂ ਕੱਢਣੇ ਲਈ, ਚੜ੍ਹਦੀ ਕਲਾ ਦਾ ਸੀ ਅਵਤਾਰ ਆਇਆ।
ਸਮਝੇ ਜਾਂਦੇ ਸੀ ਨੀਵੇਂ ਅਛੂਤ ਜਿਹੜੇ, ਉਨ੍ਹਾਂ ਤਾਂਈਂ ਬਣਾਉਣ ਸਰਦਾਰ ਆਇਆ।
ਮੁਰਦਾ ਦਿਲਾਂ ਅੰਦਰ ਜਾਨ ਪਾਉਣ ਖਾਤਰ, ਕਲਗੀਧਰ ਸੀ ਵਿੱਚ ਸੰਸਾਰ ਆਇਆ।

ਸ਼ਿਵ ਦਤ ਪੰਡਤ, ਦਰਸ਼ਨ ਜਦੋਂ ਕੀਤੇ, ਅੱਖਾਂ ਸਾਹਮਣੇ ਕ੍ਰਿਸ਼ਨ ਤੇ ਰਾਮ ਡਿੱਠਾ।
ਰਹੀਮ ਬਖ਼ਸ਼ ਨਵਾਬ ਵੀ ਵਿੱਚ ਪਟਨੇ, ਝੁੱਕ ਝੁੱਕ ਕੇ ਕਰਦਾ ਸਲਾਮ ਡਿੱਠਾ।
ਕਿਹਾ ਦਿਲ ਦਾ ਟੁੱਕੜਾ ਸੀ ਉਸ ਤਾਂਈਂ, ਰਾਣੀ ਮੈਣੀ ਨੇ ਜਦੋਂ ਵਰਿਆਮ ਡਿੱਠਾ।
ਓਹਦੀ ਮਾਂ ਦੀ ਮਮਤਾ ਸੀ ਹੋਈ ਪੂਰੀ, ਗੋਦੀ ਵਿੱਚ ਜਦ ਬੈਠਾ ਬਲਰਾਮ ਡਿੱਠਾ।

ਸਮੇਂ ਸਮੇਂ ’ਤੇ ਬਿਜਲੀਆਂ ਕੜਕ ਪਈਆਂ, ਛੋਟੀ ਉਮਰ ਤੋਂ ਹੀ ਹੋਣਹਾਰ ਉੱਤੇ।
9 ਸਾਲ ’ਚ ਪਿਤਾ ਜੀ ਵਾਰ ਦਿੱਤੇ, ਸਾਇਆ ਰਿਹਾ ਨਹੀਂ ਸੀ ਬਰਖੁਰਦਾਰ ਉੱਤੇ।
ਅੱਖਾਂ ਸਾਹਵੇਂ ਨਜ਼ਾਰੇ ਨੂੰ ਤੱਕ ਰਹੇ ਸੀ, ਹੋਣੀ ਟੁੱਟਣੀ ਸਾਰੇ ਪ੍ਰਵਾਰ ਉੱਤੇ।
ਅਣਖੀ ਕੌਮ ਦੀ ਸਾਜਨਾ ਕਰਨ ਦੇ ਲਈ, ਕੀਤੀ ਪਰਖ ਤਲਵਾਰ ਦੀ ਧਾਰ ਉੱਤੇ।

ਪਾਵਨ ਪੁਰੀ ਅਨੰਦ ਦੀ ਧਰਤ ਉੱਤੇ, ਚੌਹਾਂ ਵਰਨਾਂ ਨੂੰ ਦਿੱਤਾ ਸੀ ਮੇਲ ਸਤਿਗੁਰ।
ਸੀਸ ਮੰਗ ਕੇ ਪੰਜਾਂ ਪਿਆਰਿਆਂ ਦੇ, ਕੀਤਾ ਕੋਈ ਅਨੋਖਾ ਸੀ ਖੇਲ ਸਤਿਗੁਰ।

ਕੱਠੇ ਕਰਕੇ ਸ਼ਸਤਰ ਤੇ ਸਾਸ਼ਤ੍ਰ ਨੂੰ, ਭਗਤੀ ਸ਼ਕਤੀ ਦਾ ਕੀਤਾ ਸੁਮੇਲ ਸਤਿਗੁਰ।
ਚੱਪੂ ਅੰਮ੍ਰਿਤ ਦੇ ਲਾ ਕੇ ਕੌਮ ਤਾਂਈਂ, ਦਿੱਤਾ ਵਿਸ਼ਵ ਸਮੁੰਦਰ ‘ਚ ਠੇਲ ਸਤਿਗੁਰ।

ਕੇਸਗੜ੍ਹ ’ਤੇ ਕਲਗੀਆਂ ਵਾਲੜੇ ਨੇ, ਪ੍ਰਗਟ ਕੀਤਾ ਨਿਆਰਾ ਗੁਰ ਖਾਲਸਾ ਸੀ।
ਸਾਬਤ ਸੂਰਤ ਦਸਤਾਰ ਸੀ ਸਿਰ ਉੱਤੇ, ਲਗਦਾ ਬੜਾ ਪਿਆਰਾ ਗੁਰ ਖਾਲਸਾ ਸੀ।
ਖਾਸ ਰੂਪ ਅੰਦਰ ਕਲਗੀਧਰ ਜੀ ਦਾ, ਬਣਿਆ ਅੱਖਾਂ ਦਾ ਤਾਰਾ ਗੁਰ ਖਾਲਸਾ ਸੀ।
ਬਰਫ ਵਾਂਗ ਠੰਡਾ ਨਾਲ ਸੱਜਣਾਂ ਦੇ, ਦੁਸ਼ਮਣ ਲਈ ਅੰਗਿਆਰਾ ਗੁਰ ਖਾਲਸਾ ਸੀ।

ਕੇਸਗੜ੍ਹ ’ਤੇ ਬਖ਼ਸ ਕੇ ਦਾਤ ਅੰਮ੍ਰਿਤ, ਸਾਨੂੰ ਸਿੰਘ ਸਜਾਇਆ ਸੀ ਪਾਤਸ਼ਾਹ ਨੇ।
ਦਾਤ ਅੰਮ੍ਰਿਤ ਦੀ ਮੰਗ ਫਿਰ ਚੇਲਿਆਂ ਤੋਂ,ਆਪਣਾ ਗੁਰੂ ਬਣਾਇਆ ਸੀ ਪਾਤਸ਼ਾਹ ਨੇ।
ਆਪਣੇ ਪੁੱਤਰਾਂ ਤੋਂ ਪਿਆਰੇ ਖਾਲਸੇ ਤੋਂ, ਖਾਨਦਾਨ ਲੁਟਾਇਆ ਸੀ ਪਾਤਸ਼ਾਹ ਨੇ।
ਜੋ ਕੁਝ ਕੋਈ ਨਹੀਂ ਦੁਨੀਆਂ ’ਚ ਕਰ ਸਕਿਆ, ਉਹ ਕਰ ਵਿਖਾਇਆ ਸੀ ਪਾਤਸ਼ਾਹ ਨੇ।

ਸੁਤੀਆਂ ਸ਼ਕਤੀਆਂ ਤਾਂਈਂ ਜਗਾ ਕੇ ਤੇ, ਗੁਰਾਂ ਕੀਤਾ ਸੀ ਆਤਮ ਵਿਸ਼ਵਾਸ਼ ਪੈਦਾ।
ਗੱਲ ਕਰਕੇ ਡੰਕੇ ਦੀ ਚੋਟ ਉੱਤੇ, ਜੀਵਨ ਜਿਊਣ ਲਈ ਕੀਤਾ ਹੁਲਾਸ ਪੈਦਾ।
ਸਰਬ ਕਲਾ ਸੰਪੂਰਨ ਦਸਮੇਸ਼ ਜੀ ਨੇ, ਟੁੱਟੇ ਦਿਲਾਂ ’ਚ ਕੀਤਾ ਧਰਵਾਸ ਪੈਦਾ।
ਢਹਿੰਦੀ ਕਲਾ ਨੂੰ ਕੱਢ ਕੇ ਦਿੱਲਾਂ ਵਿੱਚੋਂ, ਚੜ੍ਹਦੀ ਕਲਾ ਦਾ ਕੀਤਾ ਅਹਿਸਾਸ ਪੈਦਾ।

ਅਜ ਪੁਰੀ ਅਨੰਦ ਨੂੰ ਛੱਡਕੇ ਤੇ, ਕਲਗੀ ਵਾਲੜਾ ਚਲਿਆ ਖਿੜੇ ਮੱਥੇ।
ਘੱਲਿਆ ਜੰਗ ਦੇ ਵਿੱਚ ਅਜੀਤ ਯੋਧਾ, ਫਿਰ ਜੁਝਾਰ ਵੀ ਘੱਲਿਆ ਖਿੜੇ ਮੱਥੇ।
ਵਗਿਆ ਨੈਣੋਂ ਦਰਿਆ ਨਾ ਹੰਝੂਆਂ ਦਾ, ਸੀਨੇ ਵਿੱਚ ਹੀ ਠੱਲਿਆ ਖਿੜੇ ਮੱਥੇ।
ਜਿਹੜਾ ਦੁੱਖ ਨਹੀਂ ਕੋਈ ਵੀ ਝੱਲ ਸਕਦਾ, ਉਹ ਦਸਮੇਸ਼ ਨੇ ਝੱਲਿਆ ਖਿੜੇ ਮੱਥੇ।

ਖੂਨੀ ਗੜੀ ਚਮਕੌਰ ਦੀ ਜੰਗ ਅੰਦਰ, ਨਾਲ ਬਰਛਿਆਂ ਦੇ ਬਰਛੇ ਠਹਿਕਦੇ ਸੀ।
ਵਾਛੜ ਤੀਰਾਂ ਦੀ ਜਦੋਂ ਦਸਮੇਸ਼ ਕਰਦੇ, ਦੁਸ਼ਮਣ ਤੜਪਦੇ ਸੀ ਨਾਲੇ ਸਹਿਕਦੇ ਸੀ।
40 ਸੂਰਮੇ ਤੇ ਵੱਡੇ ਲਾਲ ਦੋਵੇਂ, ਦਸਮ ਪਿਤਾ ਦੀ ਮਹਿਕ ਨਾਲ ਮਹਿਕਦੇ ਸੀ।
ਵਾਰੋ ਵਾਰੀ ਫਿਰ ਟੁੱਟ ਗਏ ਫੁੱਲ ਦੋਵੇਂ, ਜਿਹੜੇ ਸਿੱਖੀ ਦੇ ਬਾਗ ਵਿੱਚ ਟਹਿਕਦੇ ਸੀ।

ਹੁਕਮ ਖਾਲਸਾ ਪੰਥ ਦਾ ਮੰਨ ਕੇ ਤੇ, ਤਾੜੀ ਮਾਰ ਕੇ ਜਾਂਦਾ ਦਾਤਾਰ ਤੱਕੋ।
ਨਾ ਬਾਜ ਨਾ ਤਾਜ ਨਾ ਲਉ ਲਸ਼ਕਰ, ਪੈਦਲ ਜਾ ਰਿਹਾ ਸ਼ਾਹ ਸਵਾਰ ਤੱਕੋ।
ਸੇਜ ਕੰਡਿਆਂ ਦੀ, ਤਕੀਆ ਟਿੰਡ ਦਾ ਏ, ਗਗਨ ਰੂਪੀ ਰਜਾਈ ਵਿਚਕਾਰ ਤੱਕੋ।
ਮਾਛੀਵਾੜੇ ਦੇ ਜੰਗਲਾਂ ਵਿੱਚ ਸੁੱਤਾ, ਬਾਰੰਬਾਰ ਤੱਕੋ, ਬਾਰ ਬਾਰ ਤੱਕੋ।

ਦੱਸਿਆ ਮਾਹੀ ਜਦ ਕਲਗੀਆਂ ਵਾਲੜੇ ਨੂੰ, ਫੁੱਲ ਟਹਿਣੀਉਂ ਡਿੱਗੇ ਨੇ ਟੁੱਟ ਕੇ ਤੇ।
ਮਾਤਾ ਗੁਜਰੀ ਵੀ ਆਖਰ ਫਿਰ ਪਾਏ ਚਾਲੇ, ਜੀਹਨਾਂ ਲਾਏ ਛਾਤੀ ਘੁੱਟ ਘੁੱਟ ਕੇ ਤੇ।
ਚਿਣੀਆਂ ਨੀਹਾਂ ’ਚ ਸੁਣ ਮਾਸੂਮ ਜਿੰਦਾਂ, ਸੰਗਤ ਰੋਈ ਓਦੋਂ ਫੁੱਟ ਫੁੱਟ ਕੇ ਤੇ।
ਜੜ੍ਹ ਜ਼ੁਲਮ ਦੀ ਕਿਹਾ ਹੁਣ ਗਈ ਪੁੱਟੀ, ਦਸਮ ਪਿਤਾ ਨੇ ਕਾਹੀ ਨੂੰ ਪੁੱਟ ਕੇ ਤੇ।

ਦਸਮ ਪਿਤਾ ਦੇ ਗੁਣ ਨਹੀਂ ਗਿਣੇ ਜਾਂਦੇ, ਸੰਤ ਸਿਪਾਹੀ ਸੀ ਤੇ ਨੀਤੀਵਾਨ ਵੀ ਸੀ।
ਯੋਧੇ, ਸੂਰਮੇ ਬੀਰ ਜਰਨੈਲ ਭਾਰੀ, ਕੋਮਲ ਚਿਤ ਤੇ ਬੜੇ ਨਿਰਮਾਨ ਵੀ ਸੀ।
ਸ਼ਾਇਰ ਸਨ ਕਮਾਲ ਦੇ ਪਾਤਸ਼ਾਹ ਜੀ, ਕਰਦੇ ਕਵੀਆਂ ਦਾ ‘ਜਾਚਕ’ ਸਨਮਾਨ ਵੀ ਸੀ।
ਪਤਝੜ ਵਿੱਚ ਬਸੰਤ ਲਿਆਉਣ ਵਾਲੇ, ਮਹਾਂ ਦਾਨੀ ਮਹਾਨ ਇਨਸਾਨ ਵੀ ਸੀ।

# ਭਾਈ ਘਨੱਈਆ ਜੀ

ਪਿੰਡ ਸੋਦਰਾ ਦੀ ਪਾਵਨ ਧਰਤ ਉੱਤੇ, ਭਾਈ ਘਨੱਈਆ ਸੀ ਵਿੱਚ ਜਹਾਨ ਹੋਇਆ।
ਬਚਪਨ ਵਿੱਚ ਹੀ ਸੇਵਾ ਦੀ ਲਗਨ ਲੱਗੀ, ਸੇਵਾ ਕਰਦਿਆਂ ਭਰ ਜੁਆਨ ਹੋਇਆ ।
ਸੇਵਾ ਕੀਤੀ ਸੀ ਸਿਦਕ ਦੇ ਨਾਲ ਜਿਸਨੇ,ਦੁਨੀਆਂ ਵਿੱਚ ਉਹ ਪੁਰਖ ਮਹਾਨ ਹੋਇਆ ।
ਪਾਵਨ ਪੁਰੀ ਅਨੰਦ 'ਚ ਪਹੁੰਚ ਕੇ ਤੇ, ਗੁਰੂ ਦਰ ਤੇ ਉਹ ਪ੍ਰਵਾਨ ਹੋਇਆ ।

ਚੜ੍ਹਦੀ ਕਲਾ 'ਚ ਤੱਕ ਕੇ ਖਾਲਸੇ ਨੂੰ, ਜਦੋਂ ਰਾਜੇ ਪਹਾੜੀ ਸੀ ਸੜਨ ਲੱਗੇ।
ਪੱਠੇ ਪਾਉਣ ਲਈ ਹਉਮੈ ਤੇ ਚਉਧਰਾਂ ਨੂੰ, ਬਿਨਾਂ ਗੱਲ ਤੋਂ ਸਿੰਘਾਂ ਨਾਲ ਅੜਨ ਲੱਗੇ।
ਮੁਗਲ ਫੌਜਾਂ ਨਾਲ ਪੁਰੀ ਅਨੰਦ ਤਾਂਈ, ਘੇਰਾ ਪਾ ਕੇ, ਸਾਜਸ਼ਾਂ ਘੜਨ ਲੱਗੇ।
ਟਿੱਡੀ ਦਲਾਂ ਨੂੰ ਤੱਕ ਕੇ, ਖਾਲਸੇ ਦੇ, ਲਹੂ ਗਰਮ ਹੋ ਗਏ, ਰੋਹ ਚੜ੍ਹਨ ਲੱਗੇ।

ਛਿੜ ਪਿਆ ਫਿਰ ਯੁੱਧ ਘਸਮਾਨ ਉਥੇ, ਸਿੰਘ ਤੇਗਾਂ ਦੇ ਜ਼ੌਹਰ ਵਿਖਾ ਰਹੇ ਸੀ।
ਬਲਦੀ ਸਮਾਂ ਤੋਂ ਵਾਂਗ ਪਤੰਗਿਆਂ ਦੇ, ਸਿਰ ਧੜ ਦੀਆਂ ਬਾਜੀਆਂ ਲਾ ਰਹੇ ਸੀ।
ਬੀਰ ਬਾਂਕੜੇ ਬਲੀ ਵਰਿਆਮ ਯੋਧੇ, ਦਿਨੇ ਦੁਸ਼ਟਾਂ ਨੂੰ ਤਾਰੇ ਦਿਖਾ ਰਹੇ ਸੀ।
ਗਹਿਗੱਚ ਲੜਾਈ 'ਚ ਕੁੱਦ ਕੁੱਦ ਕੇ, ਦੁਸ਼ਮਣ ਦਲਾਂ ਦੀਆਂ ਸਫਾਂ ਵਿਛਾ ਰਹੇ ਸੀ।

ਭੱਖੇ ਹੋਏ ਇਸ ਰਣ ਮੈਦਾਨ ਅੰਦਰ, ਬ੍ਰਹਮ ਗਿਆਨੀ ਇਕ ਚੋਜ਼ ਵਰਤਾਈ ਜਾਂਦੈ।
ਆਪਣੇ ਮੋਢੇ ਤੇ ਭਰੀ ਹੋਈ ਮਸ਼ਕ ਚੁੱਕ ਕੇ, ਬਿਨਾਂ ਵਿਤਕਰੇ ਪਾਣੀ ਪਿਲਾਈ ਜਾਂਦੈ।
ਕਦੀ ਏਸ ਪਾਸੇ ਤੇ ਕਦੇ ਉਸ ਪਾਸੇ, ਨਿਰਭੈ ਹੋ ਕੇ ਜਲ ਛਕਾਈ ਜਾਂਦੈ।
ਬਿਨਾਂ ਪਾਣੀ ਤੋਂ ਜੇਸ ਦੀ ਜਾਨ ਨਿਕਲੇ, ਜਾਨ ਉਸ ਦੀ ਜਾਨ ਵਿੱਚ ਪਾਈ ਜਾਂਦੈ।
-

ਸਿੰਘਾਂ ਗੁਰੂ ਜੀ ਪਾਸ ਸ਼ਿਕਾਇਤ ਕੀਤੀ, ਭਾਈ ਘਨੱਈਆ ਕੀ ਚੰਨ ਚੜ੍ਹਾ ਰਿਹਾ ਏ।
ਅਸੀਂ ਜਿਨਾਂ ਨੂੰ ਮਾਰ ਕੇ ਸੁੱਟਦੇ ਹਾਂ, ਪਾਣੀ ਪਾ ਕੇ ਫੇਰ ਜਿਵਾ ਰਿਹਾ ਏ।
ਦਿਨ ਦੀਵੀਂ ਉਹ ਤੁਰਕਾਂ ਦਾ ਮਿਤ ਬਣ ਕੇ, ਤੇਲ ਸਾਡੀਆਂ ਜੜ੍ਹਾਂ 'ਚ ਪਾ ਰਿਹਾ ਏ।
ਜਾਨੀ ਜਾਨ ਕਹਿੰਦੇ, ਜਾ ਕੇ ਕਹੋ ਉਸਨੂੰ, ਕਲਗੀਵਾਲੜਾ ਤੈਨੂੰ ਬੁਲਾ ਰਿਹਾ ਏ।

ਪੇਸ਼ ਹੋਏ ਘਨੱਈਆ ਤਾਂ ਕਿਹਾ ਸਤਿਗੁਰ,ਸੁਣਿਐ ਉਲਟੀ ਕੋਈ ਕਾਰ ਕਮਾ ਰਿਹਾ ਏ।
ਮੇਰੇ ਪਾਸ ਹੈ ਤੇਰੀ ਸ਼ਕਾਇਤ ਪਹੁੰਚੀ,(ਤੂੰ) ਪਾਣੀ ਦੁਸ਼ਮਣਾਂ ਤਾਈਂ ਪਿਲਾ ਰਿਹਾ ਏਂ।

ਇਹ ਵੀ ਸੁਣਿਆ ਏ ਰਣ ਮੈਦਾਨ ਅੰਦਰ, ਸਿੰਘਾਂ ਨਾਲ ਹੀ ਦਗਾ ਕਮਾ ਰਿਹਾ ਏਂ।
ਕੀ ਇਹ ਸੱਚ ਏ ਵੈਰੀ ਜੋ ਹੋਣ ਜਖਮੀ , ਉਨ੍ਹਾਂ ਮਰਦਿਆਂ ਤਾਈਂ ਜਿਵਾ ਰਿਹਾ ਏਂ।

ਹੱਥ ਜੋੜ ਘਨੱਈਆ ਜੀ ਕਹਿਣ ਲੱਗੇ, ਸਹੀ ਸਿੰਘਾਂ ਦਾ ਬਿਲਕੁਲ ਰੁੱਖ ਦਿੱਸਦੈ ।
ਦੌੜ ਪੈਂਦਾ ਹਾਂ ਉਧਰ ਨੂੰ ਮਸ਼ਕ ਚੁੱਕ ਕੇ, ਪਾਣੀ ਮੰਗਦਾ ਜਿਧਰ ਮਨੁੱਖ ਦਿਸਦੈ।
ਹਿੰਦੂ,ਮੁਸਲਮ ਜਾਂ ਸਿੱਖ ਨਹੀਂ ਨਜ਼ਰ ਆਉਂਦੈ,ਮੈਨੂੰ ਸਿਰਫ਼ ਦੁਖਿਆਰੇ ਦਾ ਦੁਖ ਦਿਸਦੈ।
ਸੱਚ ਪੁੱਛੋ ਤਾਂ ਮੈਨੂੰ ਬਸ ਤੁਸੀਂ ਦਿਸਦੇ, ਹਰ ਇਕ ਮੁੱਖ ਵਿੱਚੋਂ, ਤੇਰਾ ਈ ਮੁੱਖ ਦਿਸਦੈ।

ਸੀਨੇ ਲਾ ਕੇ ਪਾਤਸ਼ਾਹ ਕਹਿਣ ਲੱਗੇ, ਸਭ ਨੂੰ ਏਦਾਂ ਹੀ ਸੁਖ ਪਹੁੰਚਾਈਂ ਸਿੱਖਾ।
ਹੋਈ ਤੈਨੂੰ ਹੈ ਸੇਵਾ ਦੀ ਦਾਤ ਬਖ਼ਸ਼ਿਸ, ਸਾਰੀ ਉਮਰ ਇਹ ਟਹਿਲ ਕਮਾਈਂ ਸਿੱਖਾ।
ਤੈਨੂੰ ਕੋਈ ਵੀ ਰੋਕ ਨਾ ਟੋਕ ਸਕੂ, ਪਾਣੀ ਫੱਟੜਾਂ ਤਾਂਈ ਪਿਲਾਈਂ ਸਿੱਖਾ।
ਆਹ ਲੈ ਮਲਮ ਦੀ ਡੱਬੀ ਵੀ ਕੋਲ ਰੱਖ ਲੈ, ਅੱਲੇ ਜਖਮਾਂ ਤੇ ਮੱਲ੍ਹਮ ਵੀ ਲਾਈਂ ਸਿੱਖਾ।

ਸਿੰਘਾਂ ਤਾਂਈ ਫਿਰ ਪਾਤਸ਼ਾਹ ਕਹਿਣ ਲੱਗੇ,ਇਹਦੇ ਲਈ ਕੋਈ ਵੈਰੀ,ਬਿਗਾਨਾ ਹੀ ਨਹੀ਼।
ਜਿਦਾਂ ਮਸਤ ਇਹ ਆਪਣੀ ਮੌਜ ਅੰਦਰ, ਇਹਦੇ ਜਿਹਾ ਕੋਈ ਹੋਰ ਦੀਵਾਨਾਂ ਹੀ ਨਹੀਂ।
ਅਸਲ ਵਿੱਚ ਹੈ ਮਾਨਸ ਦੀ ਜਾਤ ਇਕੋ,ਇਹਦੇ ਜਿਹਾ ਕੋਈ ਦਿਸਦਾ ਦਾਨਾਂ ਹੀ ਨਹੀਂ।
ਕਰਨਾ ਵਿਤਕਰਾ ਕਿਸੇ ਵੀ ਧਰਮ ਦੇ ਨਾਲ,ਸਾਡਾ ਮੰਤਵ ਜਾਂ ਕੋਈ ਨਿਸ਼ਾਨਾ ਹੀ ਨਹੀਂ।

ਸਾਰੀ ਉਮਰ ਹੀ ਜਲ ਛਕਾਉਣ ਵਾਲੀ, ਜਾਰੀ ਰੱਖੀ ਸੀ ਉਨ੍ਹਾਂ ਮਹਾਨ ਸੇਵਾ।
ਪੂਰਨ ਪੁਰਖ ਸਮਦ੍ਰਿਸ਼ਟੀ ਦੇ ਸਨ ਮਾਲਕ, ਮਿਲਿਆ ਉਨ੍ਹਾਂ ਨੂੰ ਰੱਬੀ ਵਰਦਾਨ ਸੇਵਾ।
ਸੇਵਾ ਪੰਥੀਆਂ ਸੰਤਾਂ ਦੀ ਸ਼ੁਰੂ ਤੋਂ ਹੀ , ਸਦਾ ਰਹੀ ਏ ਜਿੰਦ ਤੇ ਜਾਨ ਸੇਵਾ।
ਸਮੇਂ ਸਮੇਂ ਤੇ ਸੇਵਾ ਜੋ ਇਨ੍ਹਾਂ ਕੀਤੀ, ਸਾਰੀ ਕੌਮ ਨੇ ਕੀਤੀ ਪ੍ਰਵਾਨ ਸੇਵਾ।

ਪਾਵਨ ਰੂਹ ਦੀ ਤੀਜੀ ਸ਼ਤਾਬਦੀ ਤੇ, ਭਾਈ ਸਾਹਿਬ ਦੀ ਯਾਦ ਮਨਾਉ ਸਾਰੇ।
ਆਪੋ ਆਪਣੀ ਥਾਂ ਤੇ ਰਲ ਮਿਲ ਕੇ, ਮਾਨਵ ਸੇਵਾ ਦੇ ਕਾਰਜ ਚਲਾਉ ਸਾਰੇ।
ਘੁਣ ਵਾਂਗ ਸਮਾਜ ਜੋ ਖਾ ਰਹੀਆਂ, ਉਹ ਕੁਰੀਤੀਆਂ ਜੜੋਂ ਮਿਟਾਉ ਸਾਰੇ।
'ਸਿੱਖ ਧਰਮ ਦਾ ਕਰ ਪ੍ਰਚਾਰ 'ਜਾਚਕ' ਜਗਤ ਜਲੰਦੇ 'ਚ ਠੰਢ ਵਰਤਾਉ ਸਾਰੇ।

# ਭਾਈ ਮਹਾਂ ਸਿੰਘ

ਘੇਰਾ ਕਿਲੇ ਨੂੰ ਪਾ ਕੇ ਚੋਹੀਂ ਪਾਸੀਂ, ਦੁਸ਼ਮਣ ਆਪਣਾ ਜਾਲ ਵਿਛਾ ਰਹੇ ਸੀ।
ਹੋ ਗਏ ਲੰਗਰ ਵੀ ਮਸਤ ਸਨ ਖਾਲਸੇ ਦੇ, ਪੱਤੇ ਖਾ ਖਾ ਝੱਟ ਲੰਘਾ ਰਹੇ ਸੀ।
ਕਹਿੰਦੇ ਭੁੱਖ ਦਾ ਹੁੰਦਾ ਏ ਦੁੱਖ ਡਾਢਾ, ਭੁੱਖਣ ਭਾਣੇ ਹੀ ਦਿਨ ਬਿਤਾ ਰਹੇ ਸੀ।
ਅਨੰਦਪੁਰੀ 'ਚ ਰੋਣਕਾਂ ਖਤਮ ਹੋਈਆਂ, ਸਿੰਘ ਭਾਣੇ ਨੂੰ ਮਿੱਠਾ ਮਨਾ ਰਹੇ ਸੀ।

ਧੋਖਾ ਦੇਣ ਲਈ ਦੁਸ਼ਮਣਾਂ ਚਾਲ ਚੱਲੀ, ਪਾਵਨ ਪੁਰੀ ਨੂੰ ਖਾਲੀ ਕਰਾਉਣ ਖਾਤਰ।
ਪੰਡਤ ਗਊ ਤੇ ਸੱਯਦ ਕੁਰਾਨ ਲੈ ਕੇ, ਆਏ ਇਹ ਵਿਸ਼ਵਾਸ਼ ਦੁਆਉਣ ਖਾਤਰ।
ਵੈਰ ਤੁਸਾਂ ਲਈ ਰਤਾ ਨਹੀਂ ਦਿਲ ਸਾਡੇ, ਨਿਕਲੋ ਕਿਲੇ 'ਚੋਂ ਇਹ ਅਜਮਾਉਣ ਖਾਤਰ।
ਖਾਲੀ 'ਪੁਰੀ ਅਨੰਦ' ਨੂੰ ਕਰੋ ਸਤਿਗੁਰ, ਵਿੱਚ ਜੰਗ ਦੇ ਅਮਨ ਲਿਆਉਣ ਖਾਤਰ।

ਕਈਆਂ ਸਿੰਘਾਂ ਨੇ ਆਖਿਆ ਗੁਰੂ ਜੀ ਨੂੰ, ਸਮਾਂ ਦੁੱਖਾਂ ਦਾ ਗਿਆ ਏ ਆ ਦਾਤਾ।
ਲੱਭੇ ਅੰਨ ਨਾ ਬਣੀ ਏ ਜਾਨ ਤਾਈਂ, ਕਈ ਭੁੱਖ ਨੇ ਲਏ ਨੇ ਖਾ ਦਾਤਾ।
ਚਾਰੇ ਪਾਸੇ ਤੋਂ ਦੁਸ਼ਟਾਂ ਨੇ ਘੇਰਿਆ ਏ, ਭੁੱਖੇ ਲੜਨ ਦੀ ਰਹੀ ਨਹੀਂ ਵਾਹ ਦਾਤਾ।
ਛੱਡ ਕੇ ਪੁਰੀ ਅਨੰਦ ਹੁਣ ਚਲੇ ਚਲੀਏ, ਇਕ ਪਲ ਵੀ ਦੇਰ ਨਾ ਲਾ ਦਾਤਾ।

ਕਿਹਾ ਗੁਰਾਂ ਨੇ ਕਸਮਾਂ ਇਹ ਝੂਠੀਆਂ ਨੇ, ਸਮਝੋ ਦੁਸ਼ਮਣਾਂ ਦੀ ਤੁਸੀਂ ਚਾਲ ਸਿੰਘੋ।
ਸਮਾਂ ਆਉਣ ਤੇ ਪੁਰੀ ਨੂੰ ਛੱਡ ਦਿਆਂਗੇ, ਕਰੋ ਬਹੁਤ ਨਾ ਮੈਨੂੰ ਸੁਆਲ ਸਿੰਘੋ।
ਫਸ ਜਾਉਗੇ ਨਿਕਲਦੇ ਸਾਰ ਏਥੋਂ, ਬੁਣਿਆ ਵੈਰੀ ਨੇ ਜਿਹੜਾ ਏ ਜਾਲ ਸਿੰਘੋ।
ਸਾਡੀ ਟੇਕ ਹੈ ਸਿਰਫ਼ ਅਕਾਲ ਉੱਤੇ, ਰਾਖੀ ਕਰੇਗਾ ਆਪ ਅਕਾਲ ਸਿੰਘੋ।

ਮਾਰੇ ਭੁੱਖ ਦੇ ਦੁੱਖ ਦੇ ਸਿੰਘ ਚਾਲੀ, ਦੇ ਕੇ ਅੱਜ ਬੇਦਾਵਾ ਉਹ ਜਾ ਰਹੇ ਨੇ।
ਰਣ ਵਿੱਚ ਮੌਤ ਨੂੰ ਮਸ਼ਕਰੀ ਕਰਨ ਵਾਲੇ, ਖੌਫ਼ ਮੌਤ ਮਰਜਾਣੀ ਦਾ ਖਾ ਰਹੇ ਨੇ।
ਆਪ ਢਹਿੰਦੀਆਂ ਕਲਾਂ 'ਚ ਜਾ ਰਹੇ ਨੇ, ਬਾਕੀ ਸਿੰਘਾਂ ਦੇ ਹੌਸਲੇ ਢਾਹ ਰਹੇ ਨੇ।
ਚਾਰ ਚੰਨ ਇਤਿਹਾਸ ਨੂੰ ਲਾਉਣ ਵਾਲੇ, ਵੇਖੋ ਦਾਗ ਇਤਿਹਾਸ ਨੂੰ ਲਾ ਰਹੇ ਨੇ।



ਘਰ ਪਹੁੰਚਣ ਤੇ ਇਨ੍ਹਾਂ 'ਭਗੋੜਿਆਂ' ਨੂੰ,ਮਿਹਣੇ ਮਾਰੇ ਸਨ ਇਨ੍ਹਾਂ ਦੀਆਂ ਨਾਰੀਆਂ ਨੇ।
ਅੰਮ੍ਰਿਤ ਛੱਕ ਦੇ ਖੰਡੇ ਦੀ ਧਾਰ ਵਾਲਾ, ਜਾਨਾਂ ਕੀਤੀਆਂ ਕਿਉਂ ਪਿਆਰੀਆਂ ਨੇ।
ਲੱਖ ਲਾਹਨਤ ਹੈ ਤੁਸਾਂ ਦੀ ਜਿੰਦਗੀ ਤੇ, ਛੱਡ ਦਿੱਤੀਆਂ ਤੁਸਾਂ ਸਰਦਾਰੀਆਂ ਨੇ।
ਵੰਗਾਂ ਹੱਥਾਂ 'ਚ ਪਾਉ ਤੇ ਲਉ ਚੁੰਨੀਆਂ, ਕਾਹਨੂੰ ਸਿਰਾਂ ਤੇ ਪੱਗਾਂ ਸੁਆਰੀਆਂ ਨੇ।

ਕਿਹਾ ਲੋਕਾਂ ਨੇ ਰੋਹ 'ਚ ਮਹਾਂ ਸਿੰਘਾਂ, ਬੇੜਾ ਮੁਢੋਂ ਹੀ ਤੂੰ ਤਾਂ ਰੋਹੜ ਆਇਐਂ।
ਆਪਣੇ ਹੱਥੀ ਬੇਦਾਵਾ ਤੂੰ ਦੇ ਕੇ ਤੇ, ਮੁੱਖ ਗੁਰੂ ਤੋਂ ਸਦਾ ਲਈ ਮੋੜ ਆਇਐਂ।
ਆਈ ਜਦੋਂ ਸੀ ਬਿਪਤਾ ਦੀ ਘੜੀ ਸਿਰ ਤੇ, ਉਦੋਂ ਗੁਰੂ ਦਾ ਸਾਥ ਤੂੰ ਛੋੜ ਆਇਐਂ।
ਜਿਹੜੇ ਗੁਰੂ ਨੇ ਤੈਨੂੰ ਸੀ ਮਾਣ ਦਿੱਤਾ, ਉਸੇ ਗੁਰੂ ਦਾ ਮਾਣ ਤੂੰ ਤੋੜ ਆਇਐਂ।

ਮਾਈ ਭਾਗੋ ਨੇ ਕਿਹਾ ਸੀ ਜਥੇਦਾਰਾ, ਦੁੱਖ ਭੁੱਖ ਦੇ ਉਥੇ ਹੀ ਜਰ ਜਾਂਦਾ।
ਬਿਖੜੇ ਸਮੇਂ 'ਚ ਗੁਰੂ ਦਾ ਸਾਥ ਦੇ ਕੇ, ਸਿੱਖੀ ਸਿਦਕ ਦੇ ਸਾਗਰ ਨੂੰ ਤਰ ਜਾਂਦਾ।
ਸਾਹਿਬਜਾਦਿਆਂ ਨਾਲ ਹੀ ਮਹਾਂ ਸਿੰਘਾ, ਭੇਟਾ ਆਪਣਾ ਆਪ ਤੂੰ ਕਰ ਜਾਂਦਾ।
ਜੇਕਰ ਜੀਉਣਾ ਸੀ ਜਿਉਂਦਾ ਤੂੰ ਅਣਖ ਦੇ ਨਾਲ, ਨਹੀਂ ਤੇ ਸੂਰਮੇ ਦੀ ਮੌਤ ਮਰ ਜਾਂਦਾ।

ਅੱਖਾਂ ਵਿਚੋਂ ਪਛਤਾਵੇ ਦੇ ਵਗੇ ਹੰਝੂ, ਝੁਕਿਆ ਸਿਰ ਉਹਦਾ, ਸ਼ਰਮ ਨਾਲ ਹੈਸੀ।
ਧੋਣ ਲਈ ਬੇਮੁੱਖੀ ਦਾ ਦਾਗ ਮੁੱਖ ਤੋਂ, ਉਹਦੇ ਸੀਨੇ 'ਚ ਉੱਠੇ ਭੁਚਾਲ ਹੈ ਸੀ।
ਆਪਣੀ ਟੁੱਟੀ ਗੰਢਵਾਉਣ ਲਈ ਉਸ ਵੇਲੇ, ਹੋ ਰਿਹਾ ਉਹ ਹਾਲੋਂ ਬੇਹਾਲ ਹੈਸੀ।
ਭੁਲਿਆ ਸੁਭ੍ਹਾ ਦਾ ਸ਼ਾਮ ਨੂੰ ਘਰ ਆਇਆ, ਕਲਗੀਧਰ ਦਾ ਨੌਨਿਹਾਲ ਹੈਸੀ।

ਸੁੱਤੇ ਸ਼ੇਰ ਦੀ ਸੁੱਤੀ ਹੋਈ ਅਣਖ ਜਾਗੀ, ਉਹਨੇ ਸਾਥੀਆਂ ਤਾਈਂ ਵੰਗਾਰਿਆ ਸੀ।
ਕੱਠੇ ਕਰ ਮਝੈਲ ਬਹਾਦਰਾਂ ਨੂੰ, ਜਾ ਕੇ ਦੁਸ਼ਮਣਾਂ ਤਾਈ ਲਲਕਾਰਿਆ ਸੀ।
ਮੁਕਤਸਰ ਦੇ ਜੰਗਿ ਮੈਦਾਨ ਅੰਦਰ, ਚੁਣ ਚੁਣ ਕੇ ਵੈਰੀ ਨੂੰ ਮਾਰਿਆ ਸੀ।
ਬਲਦੀ ਸਮਾਂ ਤੇ ਸੜ ਪਰਵਾਨਿਆਂ ਨੇ, ਲੱਗੇ ਧੱਬੇ ਨੂੰ ਅੱਜ ਉਤਾਰਿਆ ਸੀ।

ਦਿਨੇ ਤੁਰਕਾਂ ਨੂੰ ਤਾਰੇ ਵਿਖਾਏ ਉਨ੍ਹਾਂ , ਛੱਡੇ ਗੋਲੀਆਂ ਸਾਹਵੇਂ ਸੀ ਤੀਰ ਭਾਵੇਂ।
ਚੜ੍ਹੀ ਲੋਥ ਤੇ ਲੋਥ ਸੀ ਦੁਸ਼ਮਣਾਂ ਦੀ, ਜ਼ਖ਼ਮੀ ਹੋਏ ਦਸ਼ਮੇਸ਼ ਦੇ ਬੀਰ ਭਾਵੇਂ।
ਲਾਲ ਚਿਹਰੇ ਸਨ ਟਹਿਕਦੀ ਅੱਗ ਵਾਗੂੰ, ਛਲਣੀ ਛਲਣੀ ਸੀ ਹੋਏ ਸਰੀਰ ਭਾਵੇਂ।
ਵੈਰੀ ਭੱਜ ਗਏ, ਸਿਰਾਂ ਤੇ ਪੈਰ ਰੱਖ ਕੇ, ਚਾਲੇ ਪਾ ਗਏ ਸਿੰਘ ਅਖੀਰ ਭਾਵੇਂ।

ਕਲਗੀਧਰ ਨੂੰ ਤੱਕ ਸਰੂਰ ਆਇਆ, ਉਤਰ ਟਿਬੀਉਂ ਦੇਣ ਪਿਆਰ ਲੱਗੇ।
ਆਪਣੇ ਪੱਟਾਂ ਤੇ ਉਨ੍ਹਾਂ ਦੇ ਸਿਰ ਰੱਖ ਕੇ, ਵਾਰੋ ਵਾਰੀ ਸਨ ਕਰਨ ਦੀਦਾਰ ਲੱਗੇ।
ਸੁੱਤੇ ਸਦਾ ਦੀ ਨੀਂਦ ਬਹਾਦਰਾਂ ’ਚੋਂ, ਕੋਈ ਅਜੀਤ ਲੱਗੇ ਕੋਈ ਜੁਝਾਰ ਲੱਗੇ।
ਕੋਈ ਪੰਜ ਹਜਾਰੀ, ਕੋਈ ਦਸ ਹਜ਼ਾਰੀ, ਬਖਸ਼ਣ ਮੁਕਤੀਆਂ ਸਨ ਕਲਗੀਧਰ ਲੱਗੇ।

ਮਹਾਂ ਸਿੰਘ ਦਾ ਗੋਦ ’ਚ ਸਿਰ ਰੱਖ ਕੇ, ਕਹਿਣ ਲੱਗੇ ਮੈਂ ਅੱਜ ਨਿਹਾਲ ਹੋਇਆ।
ਤੁਸੀਂ ਸੀਸ ਦੇ ਕੇ ਮੇਰੇ ਲਾਲ ਬਣ ਗਏ, ਵੇਖੋ ਕਿਸ ਤਰ੍ਹਾਂ ਮੈਂ ਮਾਲੋਮਾਲ ਹੋਇਆ।
ਤੁਸੀਂ ਮੇਰੇ ਲਈ ਜਾਨਾਂ ਤੇ ਖੇਲ ਗਏ ਓ, ਕਰਜਦਾਰ ਮੇਰਾ ਵਾਲ ਵਾਲ ਹੋਇਆ।
ਅੱਖਾਂ ਖੋਲ੍ਹ ਕੇ ਖੁਲ੍ਹ ਕੇ ਮੰਗ ਮੈਥੋਂ, ਗੁਰੂ ਤੇਰੇ ਤੇ ਅੱਜ ਦਇਆਲ ਹੋਇਆ।

ਫਰਕੇ ਬੁਲ੍ਹ ਤੇ ਮਹਾਂ ਸਿੰਘ ਕਿਹਾ ਮੁੱਖੋਂ, ਮੈਨੂੰ ਬਖਸ਼ ਦੇਵੋ, ਬਖਸ਼ਨਹਾਰ ਦਾਤਾ।
ਤੇਰੇ ਚਰਨਾਂ ਦੇ ਵਿੱਚ ਅਰਜੋਈ ਮੇਰੀ, ਕਰੋ ਮੇਰੇ ਤੇ ਇਕੋ ਉਪਕਾਰ ਦਾਤਾ।
ਫਸੇ ਹੋਏ ਨੇ ਆਖਰੀ ਸਾਹ ਬਾਕੀ, ਉਸ ਬੇਦਾਵੇ ਤੇ ਮੇਰੇ ਵਿਚਕਾਰ ਦਾਤਾ।
ਟੁੱਟੀ ਗੰਢੋ ਬੇਦਾਵੇ ਦਾ ਫਾੜ ਕਾਗਜ, ਟੁਕੜੇ ਕਰ ਦਿਉ ਉਸਦੇ ਚਾਰ ਦਾਤਾ।

ਦਾਤੇ ਆਖਿਆ ਵਜਦ ਦੇ ਵਿੱਚ ਆ ਕੇ, ਤੁਸਾਂ ਉਤੇ ਤਾਂ ਮੈਨੂੰ ਏ ਮਾਣ ਸਿੰਘੋ।
ਸੀਸ ਰੱਖ ਮਝੈਲਾਂ ਨੇ ਤਲੀ ਉਤੇ, ਚੰਗਾ ਵਕਤ ਨੂੰ ਲਿਆ ਪਛਾਣ ਸਿੰਘੋ।
ਟੁੱਟੀ ਗੰਢੀ ਬੇਦਾਵਾ ਇਹ ਪਾੜ ਕੇ ਤੇ, ਤੁਸਾਂ ਉਤੋਂ ਮੈਂ ਜਾਵਾਂ ਕੁਰਬਾਨ ਸਿੰਘੋ।
’ਮੁਕਤੇ’ ਤੁਸੀਂ ਤੋਂ ਅੱਜ ਤੋਂ ਜੱਗ ਅੰਦਰ, ਰਹਿੰਦੀ ਦੁਨੀਆਂ ਤੱਕ ਰਹੂਗਾ ਨਾਂ ਸਿੰਘੋ।

ਸੱਧਰ ਹੋਈ ਪੂਰੀ ਟੁੱਟੀ ਗਈ ਗੰਢੀ, ਅੱਖੋਂ ਖੁਸ਼ੀ ’ਚ ਹੰਝੂ ਵਗਾਏ ਹੈਸਨ।
ਕਲਗੀ ਵਾਲੇ ਦੇ ਨੈਣਾਂ ’ਚੋ ਨੀਰ ਛਮ ਛਮ,ਵਾਂਗ ਸਾਗਰ ਦੀਆਂ ਛੱਲਾਂ ਦੇ ਆਏ ਹੈਸਨ।
ਦਸਮ ਪਿਤਾ ਦੀ ਗੋਦ ’ਚ ਸ਼ਾਂਤ ਹੋ ਕੇ, ਉਹਨੇ ਆਖਰੀ ਸੁਆਸ ਮੁਕਾਏ ਹੈਸਨ।
ਸਿੰਘ ਸੂਰਮੇ ਫਤਹਿ ਗਜਾ ‘ਜਾਚਕ’ ਸਚਖੰਡ ਵੱਲ ਚਾਲੇ ਫਿਰ ਪਾਏ ਹੈਸਨ।

# ਪਾਉਂਟਾ ਸਾਹਿਬ

ਅਰਜ਼ ਨਾਹਨ ਨਰੇਸ਼ ਦੀ ਮੰਨ ਕੇ ਤੇ, ਸਤਿਗੁਰ ਪੁਰੀ ਅਨੰਦ ਤੋਂ ਆਏ ਹੈਸਨ।
ਫਤਹਿ ਸ਼ਾਹ ਦੀ ਤੇ ਰਾਜੇ ਮੇਦਨੀ ਦੀ, ਸੁਲਾਹ ਕਰਾ ਕੇ ਗਲੇ ਮਿਲਾਏ ਹੈਸਨ।
ਇਕ ਦੂਜੇ ਦੇ ਖੂਨ ਦੇ ਪਿਆਸਿਆਂ ਦੇ, ਸਾਰੇ ਝਗੜੇ ਤੇ ਝੇੜੇ ਮੁਕਾਏ ਹੈਸਨ।
ਤੱਕ ਕੇ ਸੋਹਣਾ ਰਮਣੀਕ ਸਥਾਨ ਇਹ ਤਾਂ, ਇਸ ਧਰਤੀ ਨੂੰ ਭਾਗ ਫਿਰ ਲਾਏ ਹੈਸਨ।

ਜਮਨਾ ਕੰਢੇ ਸੀ ਵਸਿਆ ਸ਼ਹਿਰ ਸੋਹਣਾ,ਚਰਨ ਸਤਿਗੁਰਾਂ ਪਾਏ ਜਦ ਸ਼ਹਿਰ ਪਾਉਂਟੇ।
ਦਸਮ ਪਿਤਾ ਦੇ ਚਰਨਾਂ ਦੀ ਛੋਹ ਸਦਕਾ, ਰੌਣਕ ਲੱਗਦੀ ਸੀ ਅੱਠੇ ਪਹਿਰ ਪਾਉਂਟੇ।
ਭੱਜੀ ਜਾਂਦੀ ਸੀ ਜਮਨਾ ਜੋ ਸ਼ੋਰ ਪਾਉਂਦੀ,ਚਲਦੀ ਸ਼ਾਂਤ ਇਹਦੀ ਲਹਿਰ ਲਹਿਰ ਪਾਉਂਟੇ।
ਅੱਖੀਂ ਡਿੱਠਾ ਇਤਿਹਾਸ ਦਸਮੇਸ਼ ਜੀ ਦਾ,ਦੱਸ ਰਹੀ ਇਹ ਤਾਂ ਠਹਿਰ ਠਹਿਰ ਪਾਉਂਟੇ।

ਨੀਂਹ ਰੱਖ ਕੇ ਪਾਤਸ਼ਾਹ ਆਪ ਹੱਥੀਂ, ਪਾਉਂਟਾ ਸ਼ਹਿਰ ਵਸਾਇਆ ਸੀ ਆਪ ਦਾਤੇ।
ਸ਼ਾਹਾਂ, ਕਿਰਤੀ-ਕਿਸਾਨਾਂ, ਵਪਾਰੀਆਂ ਨੂੰ, ਦੂਰੋਂ ਦੂਰੋਂ ਮੰਗਵਾਇਆ ਸੀ ਆਪ ਦਾਤੇ।
ਜੰਮਿਆ ਖੂਨ ਗਰਮਾਉਣ ਲਈ ਬੀਰ ਰਸੀ,ਓਦੋਂ ਸਾਹਿਤ ਰਚਵਾਇਆ ਸੀ ਆਪ ਦਾਤੇ।
ਬੂਥੇ ਭੰਨਣ ਲਈ ਜਾਬਰ ਜਰਵਾਣਿਆਂ ਦੇ,ਪੱਕਾ ਕਿਲ੍ਹਾ ਬਣਵਾਇਆ ਸੀ ਆਪ ਦਾਤੇ।

ਆਦਮਖੋਰ ਸੀ ਜੰਗਲ ‘ਚ ਸ਼ੇਰ ਰਹਿੰਦਾ, ਕੀਤਾ ਲੋਕਾਂ ਦਾ ਬੜਾ ਨੁਕਸਾਨ ਜਿਸਨੇ।
ਲੱਗਾ ਮਾਨਵ ਦਾ ਲਹੂ ਸੀ ਮੂੰਹ ਉਸਦੇ, ਰਾਤ ਬਰਾਤੇ ਕਈ ਮਾਰੇ ਇਨਸਾਨ ਜਿਸਨੇ।
ਮਾਰ ਮਾਰ ਕੇ ਪਾਲਤੂ ਪਸ਼ੂ ਸਾਰੇ, ਛੱਡਿਆ ਨਹੀਂ ਸੀ ਨਾਮੋਂ ਨਿਸ਼ਾਨ ਜਿਸਨੇ।
ਭੱਜ ਗਏ ਕਈ ਘਰ ਤੇ ਘਾਟ ਛੱਡ ਕੇ, ਕੀਤੇ ਪਿੰਡਾਂ ਦੇ ਪਿੰਡ ਵੈਰਾਨ ਜਿਸਨੇ।

“ਜ਼ੈਦਰਥ” ਦੀ ਕਹਿੰਦੇ ਨੇ ਰੂਹ ਸੀ ਉਹ, ਗੁਰਾਂ ਜਾ ਕੇ ਉਹਨੂੰ ਲਲਕਾਰਿਆ ਸੀ।
ਅੱਗੋਂ ਸ਼ੇਰ ਨੇ ਗਰਜ ਕੇ ਵਾਂਗ ਬੱਦਲ, ਪੰਜਾ ਗੁਰਾਂ ਦੇ ਉਤੇ ਉਲਾਰਿਆ ਸੀ।
ਗੁਰਾਂ ਫੁਰਤੀ ਨਾਲ ਰੋਕ ਕੇ ਵਾਰ ਉਸਦਾ, ਧਰਤੀ ਉਤੇ ਪਟਕਾ ਕੇ ਮਾਰਿਆ ਸੀ।
ਪੇਟ ਚੀਰ ਤਲਵਾਰ ਦੇ ਨਾਲ ਆਖਰ, ਅੱਗਾ ਓਸਦਾ ਗੁਰਾਂ ਸੁਆਰਿਆ ਸੀ।

ਭਾਗਾਂ ਭਰੀ ਇਸ ਧਰਤੀ ਨੂੰ ਭਾਗ ਲੱਗੇ, ਕਲਗੀਧਰ ਦੇ ਘਰ ਫਰਜੰਦ ਆਇਆ।
ਦੂਰ ਕਰਨ ਲਈ ਘੁਪ ਹਨੇਰਿਆਂ ਨੂੰ, ਮਾਨੋ ਧਰਤੀ ’ਤੇ ਚੱਲ ਕੇ ਚੰਦ ਆਇਆ।

ਲਹਿਰ ਖੁਸ਼ੀ ਦੀ ਦੌੜੀ ਸੀ ਹਰ ਪਾਸੇ, ਨਾਲ ਬਾਲਕ ਦੇ ਖੇੜਾ ਅਨੰਦ ਆਇਆ।
ਕਲਗੀਧਰ ਦੇ ਬਾਗ ਦਾ ਫੁੱਲ ਸੋਹਣਾ, ਵੰਡਣ ਲਈ ਕੋਈ ਖਾਸ ਸੁਗੰਧ ਆਇਆ।

ਪਰਤੇ ਜਦੋਂ ਭੰਗਾਣੀ ਦਾ ਯੁੱਧ ਜਿੱਤਕੇ, ਸਮਾਂ ਹੋਇਆ ਫਿਰ ਬੜਾ ਬਤੀਤ ਸੋਹਣਾ।
ਸਾਹਿਬਜ਼ਾਦੇ ਦਾ ਜਿੱਤ ਦੀ ਖੁਸ਼ੀ ਅੰਦਰ, ਨਾਂ ਰੱਖਿਆ ਗੁਰਾਂ ਅਜੀਤ ਸੋਹਣਾ।
ਸ਼ੁਰੂ ਹੋ ਗਏ ਪਾਉਂਟੇ ਦੀਵਾਨ ਲੱਗਣੇ, ਚੱਲਿਆ ਫੇਰ ਗੁਰਬਾਣੀ ਸੰਗੀਤ ਸੋਹਣਾ।
ਓਥੇ ਕਵੀਆਂ ਨੇ ਕਲਮਾਂ ਦੀ ਨੋਕ ਰਾਹੀਂ, ਜਜ਼ਬਾ ਜੋਸ਼ ਫਿਰ ਕੀਤਾ ਸੁਰਜੀਤ ਸੋਹਣਾ।

ਕੰਘਾ ਵਾਹੁੰਦੇ ਦਸਮੇਸ਼ ਕਿਹਾ ਪੀਰ ਤਾਂਈਂ, ਮੱਦਦ ਤੁਸਾਂ ਹੋ ਕੇ ਅੰਗ ਸੰਗ ਕੀਤੀ।
ਥੋੜੇ ਪੁਤਾਂ ਮੁਰੀਦਾਂ ਨੇ ਯੁੱਧ ਅੰਦਰ, ਸ਼ਹੀਦੀ ਪਾ ਕੇ ਤੇ ਦੁਨੀਆਂ ਦੰਗ ਕੀਤੀ।
ਮੰਗੋ ਪੀਰ ਜੀ ਜੋ ਕੁਝ ਮੰਗਣਾ ਜੇ, ਮੇਰੀ ਸਹੁੰ ਜੇ ਰਤਾ ਵੀ ਸੰਗ ਕੀਤੀ।
ਅੜੇ ਕੇਸਾਂ ਸਮੇਤ ਹੀ ਪੀਰ ਓਦੋਂ, ਦਸਮ ਪਿਤਾ ਤੋਂ ਕੰਘੇ ਦੀ ਮੰਗ ਕੀਤੀ।

ਆ ਕੇ ਵਜਦ ’ਚ ਪਿਤਾ ਦਸਮੇਸ਼ ਜੀ ਨੇ, ਕੀਤੀ ਪੀਰ ਦੀ ਮੰਗ ਸਵੀਕਾਰ ਸੋਹਣੀ।
ਕੰਘਾ ਬਖਸ਼ਿਆ ਕੇਸਾਂ ਸਮੇਤ ਉਸਨੂੰ, ਨਾਲ ਬਖਸ਼ੀ ਸੀ ਪਾਵਨ ਦਸਤਾਰ ਸੋਹਣੀ।
ਹੁਕਮਨਾਮਾ ਤੇ ਬਖਸ਼ ਪੋਸ਼ਾਕ ਸੁੰਦਰ, ਬਖਸ਼ੀ ਆਪਣੀ ਨਾਲ ਕਟਾਰ ਸੋਹਣੀ।
ਨਦਰੀ ਨਦਰਿ ਨਿਹਾਲ ਕਰ ਪੀਰ ਤਾਂਈਂ, ਕੀਤੀ ਰਹਿਮਤ ਸੀ ਨੂਰੀ ਨੁਹਾਰ ਸੋਹਣੀ।

ਚੱਲੀ ਜਿਹੜੀ ਭੰਗਾਣੀ ਦੇ ਯੁੱਧ ਅੰਦਰ, ਉਸ ਤਿੱਖੀ ਤਲਵਾਰ ਦਾ ਜਨਮ ਹੋਇਆ।
ਵਿੱਚ ਜੰਗ ਦੇ ਜੀਹਨੇ ਸੀ ਪਾਏ ਭੜਥੂ, ਉਸ ਅਣਖੀ ਲਲਕਾਰ ਦਾ ਜਨਮ ਹੋਇਆ।
ਜਾਪ ਸਾਹਿਬ ਸਵੱਯਾਂ ਦੇ ਨਾਲ ਸਿੰਘੋ, ਇਥੇ ਚੰਡੀ ਦੀ ਵਾਰ ਦਾ ਜਨਮ ਹੋਇਆ।
ਚੱਲ ਰਿਹੈ ਜੋ ਕਵੀ ਦਰਬਾਰ ‘ਜਾਚਕ’, ਉਸ ਕਵੀ ਦਰਬਾਰ ਦਾ ਜਨਮ ਹੋਇਆ।

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ

ਗੁਰੂਆਂ, ਭਗਤਾਂ ਤੇ ਗੁਰਸਿੱਖ ਪਿਆਰਿਆਂ ਦੇ, ਸ਼ੁੱਭ ਬਚਨਾਂ, ਵਿਚਾਰਾਂ ਦਾ ਤੱਤ ਬਾਣੀ।
ਜੁਗੋ ਜੁੱਗ ਅਟੱਲ ਇਹ ਜੋਤ ਸੱਚੀ, ਸਦਾ ਰਹੀ ਤੇ ਰਹੇਗੀ ਸਤਿ ਬਾਣੀ।
ਰਚੀ ਗਈ ਇਹ ਸਾਰੀ ਮਨੁੱਖਤਾ ਲਈ, ਭਲਾ ਮੰਗਦੀ ਸਦਾ ਸਰਬੱਤ ਬਾਣੀ।
ਪੜ੍ਹੇ ਸੁਣੇ ਵਿਚਾਰੇ ਤੇ ਮੰਨੇ ਜਿਹੜਾ, ਕੱਢੇ ਉਸਦੇ ਦਿਲੋਂ ਕੁਸੱਤ ਬਾਣੀ।

ਪੰਚਮ ਪਾਤਸ਼ਾਹ ਅਰਜਨ ਗੁਰੂ ਜੀ ਨੇ, ‘ਕੱਠੀ ਕੀਤੀ ਸੀ ਨਾਲ ਸਤਿਕਾਰ ਬਾਣੀ।
ਚਾਨਣ ਬਖਸ਼ੇ ਜੋ ਸਾਰੇ ਸੰਸਾਰ ਤਾਂਈਂ, ਧੁਰੋਂ ਭੇਜੀ ਸੀ ਆਪ ਨਿਰੰਕਾਰ ਬਾਣੀ।
ਸੜਦੇ ਭੁਜਦੇ ਤੇ ਤੜਪਦੇ ਹਿਰਦਿਆਂ ਨੂੰ, ਪਲਾਂ ਵਿੱਚ ਕਰਦੀ ਠੰਢਾ ਠਾਰ ਬਾਣੀ।
ਤਨ ਮਨ ਦੇ ਰੋਗਾਂ ਨੂੰ ਦੂਰ ਕਰ ਕੇ, ਦਿੰਦੀ ਹਉਮੈ ਦੀ ਮੈਲ ਉਤਾਰ ਬਾਣੀ।

ਬਿਨਾਂ ਕਿਸੇ ਵੀ ਕਿਸਮ ਦੇ ਵਿਤਕਰੇ ਦੇ, ਚੌਹਾਂ ਵਰਨਾਂ ਨੂੰ ਦਏ ਪਿਆਰ ਬਾਣੀ।
ਹੱਕ ਪਰਾਇਆ ਤਾਂ ਗਊ ਤੇ ਸੂਰ ਹੁੰਦੈ, ਹੱਥੀਂ ਕਿਰਤ ਨੂੰ ਕਰੇ ਸਵੀਕਾਰ ਬਾਣੀ।
ਨਾਮ ਬਾਣੀ ਦਾ ਚੜ੍ਹੇ ਖ਼ੁਮਾਰ ਜਿਸ ਨੂੰ, ਝੂਮ ਝੂਮ ਆਖੇ ਵਾਹ ਬਲਿਹਾਰੀ ਬਾਣੀ।
ਉਹਨੂੰ ਵਿੱਚ ਦਰਗਾਹ ਦੇ ਮਾਣ ਮਿਲਦੈ, ਭਵ ਸਾਗਰੋਂ ਕਰਦੀ ਏ ਪਾਰ ਬਾਣੀ।

ਰਿਦਾ ਗੁਰੂ ਦਾ ਜਾਣੋ ਗਰੰਥ ਅੰਦਰ, ਮੁੱਖੋਂ ਆਪ ਫੁਰਮਾਇਆ ਸੀ ਗੁਰੂ ਅਰਜਨ।
ਹਰਿਮੰਦਰ ਦੇ ਪਾਵਨ ਅਸਥਾਨ ਉੱਤੇ, ਜਦ ਪ੍ਰਕਾਸ਼ ਕਰਵਾਇਆ ਸੀ ਗੁਰੂ ਅਰਜਨ।
ਪੋਥੀ ਸਾਹਿਬ ਸਜਾ ਕੇ ਤਖ਼ਤ ਉੱਤੇ, ਥੱਲੇ ਆਸਨ ਲਗਾਇਆ ਸੀ ਗੁਰੂ ਅਰਜਨ।
ਬਾਬਾ ਬੁੱਢਾ ਜੀ ਤਾਂਈਂ ਸਨਮਾਨ ਦੇ ਕੇ, ਪਹਿਲੇ ਮੁਖੀ ਬਣਾਇਆ ਸੀ ਗੁਰੂ ਅਰਜਨ।

ਦਸਵੀਂ ਜੋਤ ਜਦ ਜੋਤ ਵਿੱਚ ਰਲਣ ਲੱਗੀ, ਕਿਹਾ, ਮੈਂ ਹੁਕਮ ਬਜਾ ਕੇ ਚੱਲਿਆ ਹਾਂ।
ਜਿਸਮ ਪੰਥ ’ਤੇ ਆਤਮਾ ਗ੍ਰੰਥ ਅੰਦਰ, ਇਹਦੇ ਵਿੱਚ ਸਮਾ ਕੇ ਚੱਲਿਆ ਹਾਂ।
ਦੇਹਧਾਰੀਆਂ ਗੁਰੂਆਂ ਦੀ ਰੀਤ ਹੁਣ ਤੋਂ, ਸਦਾ ਲਈ ਮੁਕਾ ਕੇ ਚੱਲਿਆ ਹਾਂ।
ਗੁਰੂ ਗ੍ਰੰਥ ਤੇ ਪੰਥ ਦੇ ਲੜ ਲਾ ਕੇ, ਮੈਂ ਹੁਣ ਫਤਹਿ ਗਜਾ ਕੇ ਚੱਲਿਆ ਹਾਂ।

ਸ਼ਬਦ ਗੁਰੂ ਦੀ ਸ਼ਕਤੀ ਜੇ ਵੇਖਣੀ ਜੇ, ਸਿੰਘ ਚਰਖੜੀਆਂ ਦੇ ਉੱਤੇ ਚੜ੍ਹੇ ਵੇਖੋ।
ਬੰਦਾ ਸਿੰਘ ਤੇ ਉਸਦੇ ਸਾਥੀਆਂ ਨੂੰ, ਲਾੜੀ ਮੌਤ ਪ੍ਰਨਾਉਣ ਲਈ ਖੜ੍ਹੇ ਵੇਖੋ।

ਬੰਦ ਬੰਦ ਭਾਂਵੇਂ ਕੱਟੇ ਜਾ ਰਹੇ ਨੇ, ਮੁੱਖੋਂ ਸ਼ਬਦ ਗੁਰਬਾਣੀ ਦੇ ਪੜ੍ਹੇ ਵੇਖੋ।
ਲਿਖੀਆਂ ਗੁਰੂ ਗਰੰਥ ਦੀਆਂ ਜਿਨ੍ਹਾਂ ਬੀੜਾਂ, ਸੀਸ ਤਲੀ ‘ਤੇ ਰੱਖ ਕੇ ਲੜੇ ਵੇਖੋ।

ਗਲ ਮਾਵਾਂ ਦੇ ਹਾਰ ਜੋ ਤੱਕ ਰਹੇ ਹੋ, ਮੋਤੀ ਲਾਲਾਂ ਦੇ ਸਿਰਾਂ ਦੇ ਜੜ੍ਹੇ ਵੇਖੋ।
ਪੁੱਠੇ ਲਟਕਦੇ ਜੰਡਾਂ ਦੇ ਨਾਲ ਤੱਕੋ, ਜਾਂ ਫਿਰ ਭੱਠੀਆਂ ਦੇ ਵਿੱਚ ਕੜ੍ਹੇ ਵੇਖੋ।
ਭੁੱਖੇ ਸਿੰਘਾਂ ਨੂੰ ਲੰਗਰ ਛਕਾਉਣ ਵਾਲੇ, ਚੱਲਦੇ ਇੰਜਣਾਂ ਦੇ ਅੱਗੇ ਅੜੇ ਵੇਖੋ।
ਵਾਰਨ ਆਪਣਾ ਆਪ ਜੋ ਏਸ ਉੱਤੋਂ, ਸਿੱਖੀ ਸਿਦਕ ਨਿਭਾਉਂਦੇ ਹੋਏ ਬੜੇ ਵੇਖੋ।

ਫਿਰ ਅੱਜ ਦੰਭੀ ਪਾਖੰਡੀ ਸਭ ਹੋ ਕੱਠੇ, ਰੱਬੀ ਬਾਣੀ ਦੇ ਅਰਥ ਉਲਟਾ ਰਹੇ ਨੇ।
ਡੇਰੇ ਥਾਂ ਥਾਂ ਉਤੇ ਬਣਾ ਆਪਣੇ, ਨਾਨਕ ਜੋਤ ਦੇ ਵਾਰਸ ਕਹਾ ਰਹੇ ਨੇ।
ਲੱਖਾਂ ਭੋਲੀਆਂ ਭਾਲੀਆਂ ਸੰਗਤਾਂ ਨੂੰ, ਮੱਕੜੀ ਜਾਲ ਦੇ ਵਿੱਚ ਫਸਾ ਰਹੇ ਨੇ।
ਗੁਰੂ ਗ੍ਰੰਥ ਮਹਾਰਾਜ ਤੋਂ ਤੋੜ ਕੇ ਤੇ, ਇੱਧਰ ਉੱਧਰ ਦੇ ਵਿੱਚ ਉਲਝਾ ਰਹੇ ਨੇ।

ਨਾਨਕ ਨਾਮ ਲੇਵਾ ਆਪਾਂ ਹੋ ਕੱਠੇ, ਰਲ ਮਿਲ ਬੈਠ ਕੇ ਸੋਚ ਵਿਚਾਰ ਕਰੀਏ।
ਬੱਝ ਕੇ ਏਕੇ ਪਿਆਰ ਦੀ ਡੋਰ ਅੰਦਰ, ਸਾਂਝੇ ਫੈਸਲੇ ਗੁਰੂ ਦਰਬਾਰ ਕਰੀਏ।
ਸਾਡੇ ਬੋਲਾਂ ਵਿਚਾਰਾਂ ’ਚੋਂ ਮਹਿਕ ਆਵੇ, ਐਸਾ ਆਪਣਾ ਉੱਚਾ ਕਿਰਦਾਰ ਕਰੀਏ।
ਇਹ ਗੁਰਬਾਣੀ ਜੋ ਸਾਂਝੀ ਏ ਸਾਰਿਆਂ ਲਈ, ‘ਜਾਚਕ’ ਜੱਗ ਦੇ ਵਿੱਚ ਪ੍ਰਚਾਰ ਕਰੀਏ।

# ਗੁਰੂ ਹੈ ਬਾਣੀ

ਪਾਵਨ ਗ੍ਰੰਥ ਨੇ ਦੁਨੀਆਂ ’ਚ ਕਈ ਭਾਵੇਂ, ਪਰ ਗੁਰੂ ਗ੍ਰੰਥ ਜੀ ਇਕੋ ਸੰਸਾਰ ਅੰਦਰ।
ਰੱਬੀ ਤੱਤ ਹਨ ਜੁਗਾਂ ਜੁਗਾਤਰਾਂ ਦੇ, ਧੁਰ ਕੀ ਬਾਣੀ ਦੇ ਭਰੇ ਭੰਡਾਰ ਅੰਦਰ।
ਦੈਵੀ ਗਿਆਨ ਦਾ ਹੈ ਅਮੁੱਕ ਸੋਮਾ, ਬ੍ਰਹਮ ਗਿਆਨ ਇਸ ਬ੍ਰਹਮ ਵੀਚਾਰ ਅੰਦਰ।
ਬਾਣੀ ਸਦਾ ਹੀ ਸਾਨੂੰ ਇਹ ਸੇਧ ਦੇਵੇ, ਰਹਿਣੈ ਕਮਲ ਦੇ ਵਾਂਗ ਸੰਸਾਰ ਅੰਦਰ।

ਧੁਰ ਕੀ ਬਾਣੀ ਨੂੰ ਪੂਰਨ ਤਰਤੀਬ ਦੇਣੀ, ਨਹੀਂ ਸੀ ਛੋਟਾ ਜਾਂ ਕੋਈ ਆਸਾਨ ਕਾਰਜ।
ਪੰਚਮ ਪਿਤਾ ਨੇ ਜਿਦਾਂ ਸੀ ਇਹ ਕੀਤਾ, ਕਰ ਸਕਦਾ ਨਹੀਂ ਕੋਈ ਇਨਸਾਨ ਕਾਰਜ।
ਨਾਲ ਗੁਰਾਂ ਦੇ ਭਾਈ ਗੁਰਦਾਸ ਜੀ ਨੇ, ਕੀਤਾ ਹੋ ਕੇ ਅੰਤਰ ਧਿਆਨ ਕਾਰਜ।
ਜੁਗੋ ਜੁਗ ਜੋ ਸਦਾ ਅਟੱਲ ਰਹਿਣੈ, ਤਿੰਨਾਂ ਸਾਲਾਂ ’ਚ ਹੋਇਆ ਮਹਾਨ ਕਾਰਜ।

ਗੁਰੂਆਂ, ਭਗਤਾਂ ਤੇ ਗੁਰਸਿੱਖ ਪਿਆਰਿਆਂ ਦੀ, ਬਾਣੀ ਕੱਠੀ ਕਰਵਾਈ ਸੀ ਗੁਰੂ ਅਰਜਨ।
ਰਾਮਸਰ ਸਰੋਵਰ ਦੇ ਬਹਿ ਕੰਢੇ, ਸੁਰਤੀ ਬਿਰਤੀ ਲਗਾਈ ਸੀ ਗੁਰੂ ਅਰਜਨ।
ਕਲਮ ਦੇ ਕੇ ਹੱਥ ਗੁਰਦਾਸ ਜੀ ਦੇ, ਪਾਵਨ ਬਾਣੀ ਲਿਖਵਾਈ ਸੀ ਗੁਰੂ ਅਰਜਨ।
ਭਾਦੋਂ ਸੁਦੀ ਏਕਮ, ਅੰਮ੍ਰਿਤਸਰ ਅੰਦਰ, ਸਾਰੀ ਸੰਗਤ ਬੁਲਾਈ ਸੀ ਗੁਰੂ ਅਰਜਨ।

ਆਦਿ ਬੀੜ ਸੰਪੂਰਨ ਅੱਜ ਹੋਈ ਹੈਸੀ, ਸਿੱਖ ਗਏ ਸੱਦੇ ਖਾਸ ਖਾਸ ਏਥੇ।
ਦੂਰੋਂ ਦੂਰੋਂ ਸਨ ਪਹੁੰਚੀਆਂ ਸਿੱਖ ਸੰਗਤਾਂ, ਸ਼ਰਧਾ ਅਦਬ ਤੇ ਨਾਲ ਵਿਸ਼ਵਾਸ ਏਥੇ।
ਗੱਲ ’ਚ ਪਾ ਪੱਲਾ, ਪੰਚਮ ਪਾਤਸ਼ਾਹ ਨੇ, ਗੁਰੂ ਚਰਨਾਂ ’ਚ ਕੀਤੀ ਅਰਦਾਸ ਏਥੇ।
ਰਹਿਮਤ ਪੁਰਖ ਅਕਾਲ ਦੀ ਹੋਈ ਐਸੀ, ਕਾਰਜ ਸਾਰੇ ਹੀ ਹੋਏ ਨੇ ਰਾਸ ਏਥੇ।

ਬਾਬਾ ਬੁੱਢਾ ਜੀ ਸੀਸ ਤੇ ‘ਬੀੜ’ ਰੱਖਕੇ, ਨੰਗੇ ਪੈਰੀਂ ਹਰਿਮੰਦਰ ਵੱਲ ਚੱਲ ਰਹੇ ਸੀ।
ਆਪਣੀ ਪੱਗ ਦੇ ਪੱਲੂ ਨਾਲ ਭਾਈ ਬੰਨੋ, ਕਰ ਸਾਫ ਰਸਤਾ ਪਲੋ ਪਲ ਰਹੇ ਸੀ।
ਅੱਗੇ ਅੱਗੇ ਗੁਰਦਾਸ ਜੀ ਪਕੜ ਗੜਵਾ, ਛਿੜਕ ਜ਼ਮੀਨ ਉੱਤੇ ਪਾਵਨ ਜਲ ਰਹੇ ਸੀ।
ਸੰਗਤਾਂ ਸ਼ਬਦ ਗੁਰਬਾਣੀ ਦੇ ਪੜ੍ਹੀ ਜਾਵਣ, ਪੰਚਮ ਪਾਤਸ਼ਾਹ ਜੀ ਚੌਰ ਝੱਲ ਰਹੇ ਸੀ।

ਪਾਵਨ ਬੀੜ ਲਿਆ ਕੇ ਹਰੀਮੰਦਰ, ਜਦ ਪ੍ਰਕਾਸ਼ ਕਰਵਾਇਆ ਸੀ ਪਾਤਸ਼ਾਹ ਨੇ।
ਪੋਥੀ ਸਾਹਿਬ ਸਜਾ ਕੇ ਤਖ਼ਤ ਉੱਤੇ, ਥੱਲੇ ਆਸਨ ਲਗਾਇਆ ਸੀ ਪਾਤਸ਼ਾਹ ਨੇ।

ਮੇਰੀ ਦੇਹ ਤੋਂ ਵੱਧ ਸਤਿਕਾਰ ਕਰਿਉ, ਸੰਗਤਾਂ ਤਾਂਈਂ ਸਮਝਾਇਆ ਸੀ ਪਾਤਸ਼ਾਹ ਨੇ।
ਬਾਬਾ ਬੁੱਢਾ ਜੀ ਤਾਂਈਂ ਸਨਮਾਨ ਦੇ ਕੇ, ਪਹਿਲੇ ਗ੍ਰੰਥੀ ਬਣਾਇਆ ਸੀ ਪਾਤਸ਼ਾਹ ਨੇ।

ਜਗਦੇ ਦੀਵੇ ਨਾਲ ਜਗਦਾ ਹੈ ਜਿਵੇਂ ਦੀਵਾ, ਦੱਸਾਂ ਗੁਰੂਆਂ ਨੇ ਜੋਤ ਜਗਾਈ ਸੋਹਣੀ।
ਸਮੇਂ ਸਮੇਂ ’ਤੇ ਧਾਰ ਕੇ ਦਸ ਜਾਮੇਂ, ਇਕ ਦੂਜੇ ’ਚ ਜੋਤ ਸੀ ਪਾਈ ਸੋਹਣੀ।
ਮੁੱਖੋਂ ‘ਆਦਿ ਗ੍ਰੰਥ’ ਨੂੰ ‘ਗੁਰੂ’ ਕਹਿਕੇ, ਜੋਤ ਸ਼ਬਦ ਦੇ ਵਿੱਚ ਸਮਾਈ ਸੋਹਣੀ।
ਜੁਗੋ ਜੁਗ ਅਟੱਲ ਹੈ ਗੁਰਬਾਣੀ, ਇਹਨੂੰ ਮਿਲੀ ਸੀ ਪਾਵਨ ਗੁਰਿਆਈ ਸੋਹਣੀ।

ਅੱਲਾ ਰਾਮ ਤੇ ਵਾਹਿਗੁਰੂ ਹੈ ਇਕੋ, ਤੱਤ ਸਾਰ ਇਹ ਸਾਨੂੰ ਸਮਝਾਏ ਬਾਣੀ।
ਜੀਹਦੇ ਹੁਕਮ ’ਚ ਵਰਤ ਰਹੀ ਖੇਡ ਸਾਰੀ, ਓਸੇ ਕਰਤੇ ਦੇ ਲੜ ਹੀ ਲਾਏ ਬਾਣੀ।
ਏਕ ਨੂਰ ਤੋਂ ਉਪਜਿਆ ਜਗ ਸਾਰਾ, ਵੰਡ ਵਿਤਕਰੇ ਸਾਰੇ ਮਿਟਾਏ ਬਾਣੀ।
ਸ਼ੁਭ ਅਮਲਾਂ ਦੇ ਬਾਝੋਂ ਨਹੀਂ ਗਲ ਬਣਨੀ, ਵਾਰ ਵਾਰ ਇਹ ਗੱਲ ਦੁਹਰਾਏ ਬਾਣੀ।

ਅੰਮ੍ਰਿਤ ਰਸ ਨੂੰ ਜਿਹੜੇ ਵੀ ਚੱਖ ਲੈਂਦੇ,ਅੰਮ੍ਰਿਤ ਸਾਗਰ ’ਚ ਲਾਉਂਦੇ ਉਹ ਤਾਰੀਆਂ ਨੇ।
ਸਾਰੇ ਰੋਗਾਂ ਦਾ ਦਾਰੂ ਹੈ ਗੁਰੂ ਬਾਣੀ, ਖਤਮ ਹੁੰਦੀਆਂ ਜੜੋਂ ਬਿਮਾਰੀਆਂ ਨੇ।
ਮੁਰਦਾ ਰੂਹਾਂ ’ਚ ਜ਼ਿੰਦਗੀ ਸਰਕ ਪੈਂਦੀ, ਇਹਦੇ ਵਿੱਚ ਹੀ ਬਰਕਤਾਂ ਸਾਰੀਆਂ ਨੇ।
ਨਾਮ ਬਾਣੀ ’ਚ ਜਿਹੜੇ ਨੇ ਲੀਨ ਰਹਿੰਦੇ, ਚੜ੍ਹੀਆਂ ਰਹਿੰਦੀਆਂ ਨਾਮ ਖੁਮਾਰੀਆਂ ਨੇ।

ਜਿਹੜਾ ਰਹਿੰਦਾ ਏ ਤਰਕ ਦੀ ਕੈਦ ਅੰਦਰ, ਕਿਵੇਂ ਉਸ ਦੀ ਸਮਝ ਇਹ ਆਏ ਬਾਣੀ।
ਮੰਨਦਾ ਜੋ ਗੁਰਬਾਣੀ ਦੀ ਸਿੱਖਿਆ ਨੂੰ, ਉਹਨੂੰ ਭਵਜਲੋਂ ਪਾਰ ਲੰਘਾਏ ਬਾਣੀ।
ਉਹਦੇ ਦੁਖਾਂ ਕਲੇਸ਼ਾਂ ਦਾ ਨਾਸ਼ ਹੁੰਦੈ, ਜੀਹਦੇ ਹਿਰਦੇ ਦੇ ਵਿੱਚ ਸਮਾਏ ਬਾਣੀ।
‘ਜਾਚਕ’ ਸੱਚ ਦੀ ਹੈ ਅਵਾਜ਼ ਇਹ ਤਾਂ, ਸ਼ਬਦ ਸੁਰਤ ਦਾ ਮੇਲ ਕਰਵਾਏ ਬਾਣੀ।

ਸਰਬ ਸਾਂਝੀ ਇਹ ਸਾਰੀ ਮਨੁੱਖਤਾ ਲਈ, ਸਮਝ ਲਏ ਜੇ ਸਾਰਾ ਸੰਸਾਰ ਬਾਣੀ।
ਚੰਚਲ ਮਨ ਦੇ ਘੋੜੇ ਨੂੰ ਕਰੇ ਕਾਬੂ, ਰੱਬੀ ਪਿਆਰ ਵਾਲੇ ਚਾਬਕ ਮਾਰ ਬਾਣੀ।
ਲੋਕੀਂ ਮਰ ਕੇ ਮੁਕਤੀਆਂ ਭਾਲਦੇ ਨੇ, ਪਰ ਜੀਉਂਦੇ ਜੀਅ ਹੀ ਦੇਂਦੀ ਏ ਮਾਰ ਬਾਣੀ।
ਗੁਰੂ ਚਰਨਾਂ ’ਚ ‘ਜਾਚਕ’ ਅਰਦਾਸ ਕਰੀਏ, ਸਾਡੇ ਜੀਵਨ ਦਾ ਬਣੇ ਆਧਾਰ ਬਾਣੀ।

# ਗੁਰਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ

ਪਹੁੰਚ ਵਿੱਚ ਦਿਵਾਨ ਦੇ ਗੁਰੂ ਦਸਵੇਂ ਕੀਤਾ ਮੁੱਖ ਤੋਂ ਰੱਬੀ ਫੁਰਮਾਨ ਸੋਹਣਾ।
ਦੇਹਧਾਰੀਆਂ ਦੀ ਰੀਤ ਬੰਦ ਹੋ ਗਈ, ਦਿਤਾ ‘ਗ੍ਰੰਥ’ ਨੂੰ ਗੁਰੂ ਅਸਥਾਨ ਸੋਹਣਾ।
ਅੱਗੋਂ ਗੁਰੂ ਨਹੀਂ ਹੋਊਗਾ ਦੇਹਧਾਰੀ, ਸਾਰੀ ਸੰਗਤ ਨੂੰ ਕੀਤਾ ਬਿਆਨ ਸੋਹਣਾ।
ਗੁਰੂ ਗ੍ਰੰਥ ਦੇ ਤਾਬਿਆ ਪੰਥ ਹੋਊ, ਪਾਵਨ ਮੁੱਖ ਤੋਂ ਕੀਤਾ ਐਲਾਨ ਸੋਹਣਾ।

ਜੁਗੋ ਜੁਗ ਅਟੱਲ ਇਹ ਗੁਰੂ ਥੋਡਾ, ਲਾਉਣੀ ਮਸਤਕ ਨੂੰ ਇਨ੍ਹਾਂ ਦੀ ਖਾਕ ਹਰਦਮ।
ਤੁਹਾਡੇ ਸ਼ੰਕੇ ਤੇ ਕਿੰਤੂ ਮਿਟਾਊ ਸਾਰੇ, ਗੁਰੂ ਗ੍ਰੰਥ ਮਹਾਰਾਜ ਦਾ ਵਾਕ ਹਰਦਮ।
ਪਰ ਨਾਰੀ ਪੁਰਸ਼ ਦਾ ਤਿਆਗ ਕਰਕੇ, ਰੱਖਣਾ ਆਪਣਾ ਉੱਚਾ ਇਖਲਾਕ ਹਰਦਮ।
ਰਹਿਤ ਬਹਿਤ ਦੇ ਵਿੱਚ ਪ੍ਰਪੱਕ ਰਹਿਣਾ, ਥੋਡਾ ਮੇਰਾ ਏ ਸਿੱਖੀ ਦਾ ਸਾਕ ਹਰਦਮ।

ਉਨ੍ਹਾਂ ਕਿਹਾ ਸੀ ਮੁੱਖ ’ਚੋਂ ਖਾਲਸਾ ਜੀ, ਥੋਡਾ ਧਰਮ ਇਕੋ ਥੋਡੀ ਜਾਤ ਇਕੋ।
ਸਿੰਘ ਸੂਰਮੇ ਤੁਸੀਂ ਬਲਵਾਨ ਯੋਧੇ, ਥੋਡਾ ਪਿਤਾ ਇਕੋ ਥੋਡੀ ਮਾਤ ਇਕੋ।
ਭਲਾ ਸਦਾ ਸਰਬੱਤ ਦਾ ਮੰਗਣਾ ਏ, ਜ਼ਾਲਮ ਲਈ ਪਰ ਬਣੋ ਆਫਾਤ ਇਕੋ।
ਚੜ੍ਹਦੀ ਕਲਾ ’ਚ ਰਹਿਣਾ ਏ ਖਾਲਸੇ ਨੇ, ਸਦਾ ਰਹਿੰਦੇ ਨਹੀਂ ਕਦੇ ਹਾਲਾਤ ਇਕੋ।

ਮੇਰੇ ਪੁੱਤਰਾਂ ਤੋਂ ਪਿਆਰੇ ਖਾਲਸਾ ਜੀ, ਗਲਤ ਕਦਮ ਨਾ ਲੈਣਾ ਕੋਈ ਪੁੱਟ ਸਿੰਘੋ।
ਆਪੋ ਵਿੱਚ ਨਾ ਕਦੇ ਟਕਰਾ ਜਾਣਾ, ਬੜੀ ਚੰਦਰੀ ਹੁੰਦੀ ਜੇ ਫੁੱਟ ਸਿੰਘੋ।
ਇਸ ਗੱਲ ਨੂੰ ਰੱਖਣਾ ਬੰਨ ਪੱਲ੍ਹੇ, ਦੇਣਾ ਭੰਗ ਦੇ ਭਾੜੇ ਨਾ ਸੁੱਟ ਸਿੰਘੋ।
ਉਹ ਫੁੱਲ ਤਾਂ ਛੇਤੀ ਕਮਲਾ ਜਾਂਦੈ, ਜਿਹੜਾ ਟਾਹਣੀ ਤੋਂ ਜਾਂਦਾ ਏ ਟੁੱਟ ਸਿੰਘੋ।

ਕਰੋ ਚੰਦਨ ਦੀ ਚਿਖਾ ਤਿਆਰ ਛੇਤੀ, ਸਮਾਂ ਜਾਣ ਦਾ ਆਇਐ ਨਜ਼ਦੀਕ ਸਿੰਘੋ।
ਸਦਾ ਲਗਣਗੇ ਇਥੇ ਦੀਵਾਨ ਭਾਰੀ, ਅਬਚਲ ਨਗਰ ਨੇ ਰਹਿਣੈ ਰਮਣੀਕ ਸਿੰਘੋ।
ਅੰਗ ਸੰਗ ਮੈਂ ਰਹੂੰਗਾ ਖਾਲਸੇ ਦੇ, ਸਮਝੋ ਏਸ ਨੂੰ ਪੱਥਰ ’ਤੇ ਲੀਕ ਸਿੰਘੋ।
ਹੁਣ ਗੱਜ ਕੇ ਫਤਹਿ ਬੁਲਾਊ ‘ਜਾਚਕ’, ਰਹੇ ਪੁਰਖ ਅਕਾਲ ਉਡੀਕ ਸਿੰਘੋ।

# ਸਾਹਿਬਜ਼ਾਦਾ ਅਜੀਤ ਸਿੰਘ ਜੀ

ਪਾਉਂਟਾ ਸਾਹਿਬ ਦੀ ਧਰਤੀ ਨੂੰ ਭਾਗ ਲੱਗੇ, ਕਲਗੀਧਰ ਦੇ ਘਰ ਫਰਜੰਦ ਆਇਐ।
ਦੂਰ ਕਰਨ ਲਈ ਘੁੱਪ ਹਨੇਰਿਆਂ ਨੂੰ, ਮਾਨੋ ਧਰਤੀ 'ਤੇ ਚਲ ਕੇ ਚੰਦ ਆਇਐ।
ਲਹਿਰ ਖੁਸ਼ੀ ਦੀ ਦੌੜੀ ਏ ਹਰ ਪਾਸੇ, ਨਾਲ ਬਾਲਕ ਦੇ ਖੇੜਾ ਅਨੰਦ ਆਇਐ।
ਕਲਗੀਧਰ ਦੇ ਬਾਗ ਦਾ ਫੁੱਲ ਸੋਹਣਾ, ਵੰਡਣ ਲਈ ਕੋਈ ਏਥੇ ਸੁਗੰਧ ਆਇਐ।

ਇਹਨੂੰ ਕਦੇ ਵੀ ਕੋਈ ਨਾ ਜਿੱਤ ਸੱਕੂ, ਨਾਂ ਰੱਖਿਆ ਗੁਰਾਂ ਅਜੀਤ ਸੋਹਣਾ।
ਤੀਰਾਂ ਨੇਜੇ, ਤਲਵਾਰਾਂ ਤੇ ਘੋੜਿਆਂ ਨਾਲ, ਰੱਖਦਾ ਸ਼ੁਰੂ ਤੋ ਰਿਹਾ ਪ੍ਰੀਤ ਸੋਹਣਾ।
ਸਿੱਖੀ ਸਿੱਖਿਆ, ਸਿੱਖਾਂ ਤੇ ਸਤਿਗੁਰਾਂ ਤੋਂ, ਸਮਾਂ ਹੋਇਆ ਸੀ ਬੜਾ ਬਤੀਤ ਸੋਹਣਾ।
ਅੰਮ੍ਰਿਤ ਛੱਕ ਕੇ ਖੰਡੇ ਦੀ ਧਾਰ ਵਾਲਾ, ਸਮਝ ਗਿਆ ਸੀ ਸਿੱਖੀ ਦੀ ਰੀਤ ਸੋਹਣਾ।

ਚਾਰ ਯੁੱਧ ਹੋਏ ਪੁਰੀ ਅਨੰਦ ਅੰਦਰ, ਲਹੂ ਡੋਲ੍ਹਵੀਂ ਹੋਈ ਲੜਾਈ ਹੈਸੀ।
ਅਜੀਤ ਸਿੰਘ ਨੇ ਜੰਗਾਂ 'ਚ ਲੈ ਹਿੱਸਾ, ਕੀਤੀ ਦੁਸ਼ਮਣ ਦੀ ਚੰਗੀ ਸੁਧਾਈ ਹੈਸੀ।
ਦਸਮ ਪਿਤਾ ਨੇ ਕੋਲ ਬੁਲਾ ਕੇ ਤੇ, ਉਹਦੇ ਹੱਥ ਤਲਵਾਰ ਫੜਾਈ ਹੈਸੀ।
ਸਜ਼ਾ ਦੇਣ ਲਈ ਦੁਸ਼ਟਾਂ ਤੇ ਦੋਖੀਆਂ ਨੂੰ, ਬੇਮਿਸਾਲ ਉਸ ਤੇਗ ਚਲਾਈ ਹੈਸੀ।

ਇਕ ਬ੍ਰਾਹਮਣ ਜਦ ਲੈ ਫਰਿਆਦ ਆਪਣੀ, ਹਾਜ਼ਰ ਹੋਇਆ ਸੀ ਗੁਰੂ ਦਰਬਾਰ ਅੰਦਰ।
ਜ਼ਾਬਰ ਖਾਂ ਨੇ ਵਹੁਟੀ ਹੈ ਖੋਹੀ ਮੇਰੀ, ਕਹਿਕੇ ਰੋ ਰਿਹਾ ਸੀ ਜਾਰੋ ਜਾਰ ਅੰਦਰ।
ਦਿਨ ਦਿਹਾੜੇ ਹੀ ਲੁੱਟੀ ਗਈ ਪੱਤ ਮੇਰੀ, ਨਾ ਕੋਈ ਬਹੁੜਿਆ ਇਸ ਸੰਸਾਰ ਅੰਦਰ।
ਬਾਜਾਂ ਵਾਲਿਆ, ਲਾਜ ਹੁਣ ਰੱਖ ਮੇਰੀ, ਚੱਲਕੇ ਆਇਆ ਹਾਂ ਤੇਰੇ ਦਰਬਾਰ ਅੰਦਰ।

ਦਰਦਨਾਕ ਵਿਥਿਆ ਸੁਣ ਕੇ ਸਤਿਗੁਰਾਂ ਨੇ, ਕਿਹਾ ਜਾਉ ਅਜੀਤ ਬਲਕਾਰ ਬੇਟਾ।
ਲੈ ਕੇ ਸਿੰਘਾਂ ਸਰਦਾਰਾਂ ਨੂੰ ਨਾਲ ਆਪਣੇ, ਜ਼ਾਬਰ ਖਾਂ ਦਾ ਕਰੋ ਸੁਧਾਰ ਬੇਟਾ।
ਉਸ ਪਾਪੀ ਨੂੰ ਸਬਕ ਸਿਖਾਉ ਜਾ ਕੇ, ਕਰ ਰਿਹਾ ਜੋ ਅਤਿਆਚਾਰ ਬੇਟਾ।
ਕਰਕੇ ਛੇਤੀ ਤੋਂ ਛੇਤੀ ਗ੍ਰਿਫਤਾਰ ਉਹਨੂੰ, ਪੇਸ਼ ਕਰੋ ਹੁਣ ਵਿੱਚ ਦਰਬਾਰ ਬੇਟਾ।

ਸਾਹਿਬਜ਼ਾਦੇ ਤੇ ਸਿੰਘਾਂ ਨੂੰ ਰੋਹ ਚੜ੍ਹਿਆ, ਚੜ੍ਹ ਗਏ ਘੋੜਿਆਂ 'ਤੇ ਵਾਗਾਂ ਮੋੜ ਕੇ ਤੇ।
ਜ਼ਾਬਰ ਖਾਂ ਦੇ ਘਰ ਵਿੱਚ ਹੋਏ ਦਾਖਲ, ਬੂਹਾ ਓਸ ਦੇ ਮਹਲ ਦਾ ਤੋੜ ਕੇ ਤੇ।
ਮਸ਼ਕਾਂ ਬੰਨ ਕੇ, ਘੋੜੇ 'ਤੇ ਲੱਦ ਆਖਰ, ਅਨੰਦਪੁਰੀ 'ਚ ਲਿਆਂਦਾ ਝੰਜੋੜ ਕੇ ਤੇ।
ਨਾਲ ਆਦਰ ਦੇ ਪੰਡਤ ਨੂੰ ਵਿਦਾ ਕੀਤਾ, ਪਤਨੀ ਉਸ ਦੀ ਉਸ ਨੂੰ ਮੋੜ ਕੇ ਤੇ।

ਏਸ ਨਗਰ ਦਾ ਨਾਂ ਸੀ ਗਿਆ ਰੱਖਿਆ, ਸਾਹਿਬਜ਼ਾਦੇ ਅਜੀਤ ਦੇ ਨਾਂ ਉੱਤੇ।
ਚੜ੍ਹਦੀ ਕਲਾ 'ਚ ਕੌਮ ਨੂੰ ਰੱਖਣੇ ਲਈ, ਖੇਡ ਗਿਆ ਜੋ ਆਪਣੀ ਜਾਂ ਉੱਤੇ।
ਚਮਕੀ ਜਿਹੜੀ ਸ਼ਮਸ਼ੀਰ ਚਮਕੌਰ ਅੰਦਰ, ਰਹਿਣੀ ਚਮਕਦੀ ਸਦਾ ਜਹਾਂ ਉੱਤੇ।
ਜਨਮ ਦਿਹਾੜੇ ਦੀ ਖੁਸ਼ੀ ਵਿੱਚ ਖਾਲਸਾ ਜੀ, ਹੋਇਆ ਕਵੀ ਦਰਬਾਰ ਇਸ ਥਾਂ ਉੱਤੇ।

ਸਾਰੇ ਨਗਰ ਦੀ ਸੰਗਤ ਏ ਹੋਈ ਕੱਠੀ, ਗੁਰੂ ਗੋਦ 'ਚ ਬੈਠੇ ਵਿਦਵਾਨ ਏਥੇ।
ਸਿੱਖ ਇਤਿਹਾਸ ਦੇ ਕੇਸਰੀ ਪੰਨਿਆਂ ਨੂੰ, ਤੁਸਾਂ ਸੁਣਿਆ ਏ ਨਾਲ ਧਿਆਨ ਏਥੇ।
ਲਿਖਦੇ ਜੋ ਗੁਰਬਾਣੀ ਨੂੰ ਮੁਖ ਰੱਖ ਕੇ, ਉਨ੍ਹਾਂ ਕਵੀਆਂ ਦਾ ਹੋਇਆ ਏ ਮਾਨ ਏਥੇ।
ਗੁਰੂ ਚਰਨਾਂ 'ਚ 'ਜਾਚਕ' ਅਰਦਾਸ ਕਰੀਏ, ਮਿਲੇ ਕਵੀਆਂ ਨੂੰ ਸਦਾ ਸਨਮਾਨ ਏਥੇ।

# ਚਮਕੌਰ ਦੀ ਗੜ੍ਹੀ

ਓਧਰ ਲੱਖਾਂ ਦੀ ਫੌਜ ਏ ਦੁਸ਼ਮਣਾਂ ਦੀ, ਚਾਲੀ ਸਿੰਘ ਦਸਮੇਸ਼ ਦੇ ਨਾਲ ਏਧਰ।
ਬੱਕਰੇ ਖਾ ਖਾ ਬੱਕਰੇ ਬੁਲਾਉਣ ਓਧਰ, ਭੁੱਖਣ ਭਾਣੇ ਨੇ ਗੁਰੂ ਦੇ ਲਾਲ ਏਧਰ।
ਭਖਿਆ ਵੇਖ ਕੇ ਰਣ ਮੈਦਾਨ ਓਧਰ, ਚੜ੍ਹਿਆ ਚਿਹਰਿਆਂ ਉਤੇ ਜਲਾਲ ਏਧਰ।
ਵੱਡੇ ਵੱਡੇ ਨੇ ਭਾਵੇਂ ਜਰਨੈਲ ਓਧਰ, ਸਿੰਘਾਂ ਨਾਲ ਏ ਸਾਹਿਬੇ ਕਮਾਲ ਏਧਰ।

ਕਲਗੀਧਰ ਫੁਰਮਾਇਆ ਸੀ ਮੁੱਖ ਵਿੱਚੋਂ, ਸਮਾਂ ਪਰਖ ਦਾ ਗਿਆ ਏ ਆ ਸਿੰਘੋ।
ਰਹਿ ਜਾਏ ਨਾ ਕੋਈ ਅਰਮਾਨ ਦਿਲ ਵਿੱਚ, ਪੂਰੇ ਕਰ ਲਉ ਆਪਣੇ ਚਾਅ ਸਿੰਘੋ।
ਸ਼ੁਭ ਘੜੀ ਹੈ ਤੁਸਾਂ ਲਈ ਆਣ ਪਹੁੰਚੀ, ਲਾੜੀ ਮੌਤ ਨੂੰ ਲਵੋ ਪ੍ਰਣਾਅ ਸਿੰਘੋ।
ਆਹੂ ਲਾਹ ਕੇ ਰਣ ਵਿੱਚ ਵੈਰੀਆਂ ਦੇ, ਦਿਉ ਅੰਮ੍ਰਿਤ ਦੇ ਜਲਵੇ ਦਿਖਾ ਸਿੰਘੋ।

ਵੱਜੀ ਜੰਗ ਦੀ ਚੋਟ ਨਗਾਰਿਆਂ ’ਤੇ, ਯੋਧੇ ਗੜ੍ਹੀ ਦੇ ਵਿੱਚੋਂ ਲਲਕਾਰ ਨਿਕਲੇ।
ਹਿੰਮਤ ਸਿੰਘ ਤੇ ਉਨ੍ਹਾਂ ਦੇ ਹੋਰ ਸਾਥੀ, ਪਾ ਕੇ ਆਗਿਆ ਗੜ੍ਹੀ ’ਚੋਂ ਬਾਹਰ ਨਿਕਲੇ।
ਪੀਣੈ ਮੌਤ ਨੂੰ ਅਸਾਂ ਹੁਣ ਡੀਕ ਲਾ ਕੇ, ਸਿੰਘ ਸੂਰਮੇ ਦਿਲਾਂ ’ਚ ਧਾਰ ਨਿਕਲੇ।
ਪੰਜ ਪੰਜ ਦੇ ਜੱਥੇ ਬਣਾ ਕੇ ਤੇ, ਦਸਮ ਪਿਤਾ ਦੇ ਜਾਂ-ਨਿਸਾਰ ਨਿਕਲੇ।

ਸਿੰਘਾਂ ਸੂਰਿਆਂ ਤੇਗਾਂ ਦੇ ਵਾਰ ਕਰਕੇ, ਕਈ ਸਿਰ ਸੀ ਧੜਾਂ ਤੋਂ ਲਾਹ ਦਿੱਤੇ।
ਜਿਹੜਾ ਆਏ ਅੱਗੇ ਉਹਦੇ ਕਰਨ ਟੋਟੇ, ਖੱਬੀ ਖਾਨ ਸਨ ਕਈ ਝਟਕਾਅ ਦਿੱਤੇ।
ਦਸਮ ਪਿਤਾ ਦੇ ਅੱਖਾਂ ਦੇ ਤਾਰਿਆਂ ਨੇ, ਤਾਰੇ ਦੁਸ਼ਮਣਾਂ ਤਾਂਈਂ ਵਿਖਾ ਦਿੱਤੇ।
ਸੂਰੇ ਜੂਝ ਕੇ ਹੋਏ ਸ਼ਹੀਦ ਐਪਰ, ਵੈਰੀ ਦਲਾਂ ਦੇ ਛੱਕੇ ਛੁਡਾ ਦਿਤੇ।

ਹੱਥ ਜੋੜ ਅਜੀਤ ਨੇ ਅਰਜ਼ ਕੀਤੀ, ਦਿਉ ਆਗਿਆ ਕਰੋ ਵਿਦਾ ਦਾਤਾ।
ਛਾਂ ਆਪਣੀ ਹੇਠ ਸੀ ਤੁਸਾਂ ਰੱਖਿਆ, ਲੱਗਣ ਦਿੱਤੀ ਨਾ ਤੱਤੀ ਸੀ ’ਵਾ ਦਾਤਾ।
ਰਣ ਤੱਤੇ ’ਚ ਭੇਜੋ ਹੁਣ ਪਿਤਾ ਮੈਨੂੰ, ਰਿਹਾ ਮੁੜ ਮੁੜ ਵਾਸਤੇ ਪਾ ਦਾਤਾ।
ਨਹੀਂ ਮੁੜਾਂਗਾ ਪਿਛੇ ਨੂੰ ਪਿਤਾ ਮੇਰੇ, ਜਦ ਤੱਕ ਸਾਹਾਂ ’ਚ ਰਹੂਗਾ ਸਾਹ ਦਾਤਾ।

ਅੱਗੋਂ ਖਿੜ ਕੇ ਸ੍ਰੀ ਦਸਮੇਸ਼ ਬੋਲੇ, ਚੜ੍ਹਦੀ ਕਲਾ ਨਾਲ ਜੰਗ ਵਿੱਚ ਜਾਈਂ ਬੱਚੇ।
ਲੱਖਤੇ ਜਿਗਰ ਨੂੰ ਇਹ ਅਸੀਸ ਦਿੱਤੀ, ਸਿੱਖੀ ਸ਼ਾਨ ਨੂੰ ਚਾਰ ਚੰਨ ਲਾਈਂ ਬੱਚੇ।
ਘਾਉ ਇੱਕ ਵੀ ਲੱਗੇ ਨਾ ਕੰਡ ਉੱਤੇ, ਸਿੱਧੇ ਛਾਤੀ ਦੇ ਵਿੱਚ ਤੂੰ ਖਾਈਂ ਬੱਚੇ।
ਖੂਨ ਡੋਲ੍ਹ ਕੇ ਆਪਣਾ ਲਾਲ ਮੇਰੇ, ਲਾਲੀ ਕੌਮ ਦੇ ਚਿਹਰੇ ਲਿਆਈਂ ਬੱਚੇ।

ਦਸਮ ਪਿਤਾ ਦੀ ਪਾਵਨ ਅਸੀਸ ਲੈ ਕੇ, ਤੇਗ ਰਣ ਦੇ ਅੰਦਰ ਸੀ ਵਾਹੁਣ ਚੜ੍ਹਿਆ।
ਪੰਜਾਂ ਸਿੰਘਾਂ ਨੇ ਉਨ੍ਹਾਂ ਦਾ ਸਾਥ ਦਿੱਤਾ, ਅੜਿਆ ਜੋ ਵੀ ਉਹ ਸੀ ਗਿਆ ਝੜਿਆ।
ਲਹੂ ਪੀ ਪੀ ਪਿਆਸੀ ਦੀ ਰਹੀ ਪਿਆਸੀ, ਚੰਡੀ ਲੈ ਕੇ ਜਿਹੜੀ ਅਜੀਤ ਲੜਿਆ।
ਪੋਤਾ ਗੁਜਰੀ ਦਾ ਬਿਜਲੀ ਦੇ ਵਾਂਗ ਚਮਕੇ, ਅੱਗੇ ਉਸਦੇ ਨਹੀਂ ਸੀ ਕੋਈ ਅੜਿਆ।

ਤੱਕ ਕੇ ਹੌਂਸਲਾ ਸਾਹਿਬ ਅਜੀਤ ਸਿੰਘ ਦਾ, ਦੁਸ਼ਮਣ ਉਂਗਲਾਂ ਮੂੰਹ ’ਚ ਪਾ ਰਹੇ ਸਨ।
ਮੁਹਕਮ, ਸਾਹਿਬ ਤੇ ਹੋਰ ਵੀ ਸਿੰਘ ਸੂਰੇ, ਸੱਥਰ ਵੈਰੀਆਂ ਦੇ ਚੰਗੇ ਲਾਹ ਰਹੇ ਸਨ।
ਸਿੰਘ ਸੂਰਮੇ ਜੌਹਰ ਵਿਖਾ ਆਪਣੇ, ਹੱਸ ਹੱਸ ਸ਼ਹਾਦਤਾਂ ਅੱਜ ਪਾ ਰਹੇ ਸਨ।
ਘਾਉ ਲੱਗੇ ਤੇ ਨ੍ਹਾਤੇ ਹੋਏ ਖ਼ੂਨ ਅੰਦਰ, ਪਰ ਨਾ ਜ਼ਰਾ ਅਜੀਤ ਘਬਰਾ ਰਹੇ ਸਨ।

ਸੌਂ ਗਿਆ ਉਹ ਸਦਾ ਦੀ ਨੀਂਦ ਜਿਹੜਾ, ਬਣਿਆ ਰਾਹ ਦਾ ਰੋੜਾ ਅਜੀਤ ਸਿੰਘ ਦਾ।
ਖਾ ਖਾ ਭੁਆਟਣੀ ਡਿੱਗਣ ਵੈਰੀ, ਐਸਾ ਚੜ੍ਹਿਆ ਮਰੋੜਾ, ਅਜੀਤ ਸਿੰਘ ਦਾ।
ਵੀਰ ਗਤੀ ਨੂੰ ਪਾ ਗਿਆ ਸਾਹਿਬਜ਼ਾਦਾ, ਜ਼ਖਮੀ ਹੋ ਗਿਆ ਘੋੜਾ ਅਜੀਤ ਸਿੰਘ ਦਾ।
ਛੱਡਿਆ ਗੁਰਾਂ ਜੈਕਾਰਾ ਸੀ ਗੜ੍ਹੀ ਵਿੱਚੋਂ, ਪਿਆ ਜਦੋਂ ਵਿਛੋੜਾ, ਅਜੀਤ ਸਿੰਘ ਦਾ।

ਤੱਕ ਕੇ ਅਮਰ ਸ਼ਹੀਦੀ ਜੁਝਾਰ ਕਿਹਾ, ਸਮਝੋ ਏਸਨੂੰ ਪੱਥਰ ’ਤੇ ਲੀਕ ਦਾਤਾ।
ਲਾੜੀ ਮੌਤ ਨੂੰ ਹੱਸ ਕੇ ਵਰਨ ਵਾਲਾ, ਸਮਾਂ ਆਇਆ ਏ ਬੜਾ ਨਜ਼ਦੀਕ ਦਾਤਾ।
ਛੇਤੀ ਕਰੋ ਤਿਆਰ ਹੁਣ ਪਿਤਾ ਮੈਨੂੰ, ਵੱਡੇ ਵੀਰ ਜੀ ਰਹੇ ਉਡੀਕ ਦਾਤਾ।
ਇਕ ਦੂਜੇ ਤੋਂ ਵੱਖ ਨਹੀਂ ਹੋ ਸਕਦੇ, ’ਕੱਠੇ ਰਹੇ ਜਿਹੜੇ ਅੱਜ ਤੀਕ ਦਾਤਾ।

ਅਣਖੀ ਬੋਲਾਂ ਨੂੰ ਸੁਣ ਦਸਮੇਸ਼ ਜੀ ਨੇ, ਲਾਇਆ ਛਾਤੀ ਦੇ ਨਾਲ ਬਲਕਾਰ ਪੁੱਤਰ।
ਨਿੱਕੇ ਹੱਥਾਂ ’ਚ ਨਿੱਕੀ ਜਿਹੀ ਤੇਗ ਦੇ ਕੇ, ਕੀਤਾ ਜੰਗ ਦੇ ਲਈ ਤਿਆਰ ਪੁੱਤਰ।

ਸੱਥਰ ਲਾਹ ਸੁੱਟੀਂ ਜਾ ਕੇ ਵੈਰੀਆਂ ਦੇ, ਦਿੱਤੀ ਏਸ ਲਈ ਤੈਨੂੰ ਤਲਵਾਰ ਪੁੱਤਰ।
ਤੇਰੇ ਲਹੂ ਦੀ ਇੱਕ ਇੱਕ ਬੂੰਦ ਵਿੱਚੋਂ, ਪੈਦਾ ਹੋਣਗੇ ਕਈ ਜੁਝਾਰ ਪੁੱਤਰ।

ਯੁੱਧ ਭੂਮੀ ’ਚ ਗਰਜ ਕੇ ਸ਼ੇਰ ਵਾਂਗੂੰ, ਤੇਜ਼ੀ ਨਾਲ ਤਲਵਾਰ ਚਲਾ ਰਿਹਾ ਸੀ।
ਨਾਢੂ ਖਾਨਾਂ ਦੇ ਛੱਕੇ ਛੁਡਾ ਕੇ ਤੇ, ਵੈਰੀ ਦਲਾਂ ਦੇ ਦਿਲ ਹਿਲਾ ਰਿਹਾ ਸੀ।
ਪੁਰਜ਼ਾ ਪੁਰਜ਼ਾ ਸੀ ਭਾਂਵੇਂ ਸਰੀਰ ਹੋਇਆ, ਫਿਰ ਵੀ ਮੁਖੋਂ ਜੈਕਾਰੇ ਬੁਲਾ ਰਿਹਾ ਸੀ।
ਸੁੱਤਾ ਲਾਸ਼ਾਂ ਦੇ ਢੇਰ ’ਤੇ ਚੰਨ ਸੋਹਣਾ, ਚਾਰ ਚੰਨ ਕੁਰਬਾਨੀ ਨੂੰ ਲਾ ਰਿਹਾ ਸੀ।

ਵੇਖ ਸਿੰਘ ਤੇ ਪੁੱਤਰ ਸ਼ਹੀਦ ਹੋਏ, ਦਾਤੇ ਆਖਿਆ ਵਜਦ ਵਿੱਚ ਆ ਕੇ ਤੇ।
ਰਣਭੂਮੀ ’ਚ ਯੋਧੇ ਇਹ ਸੌਂ ਗਏ ਨੇ, ਆਪਾ ਕੌਮ ਦੀ ਭੇਟ ਚੜ੍ਹਾ ਕੇ ਤੇ।
ਤੇਰਾ ਸਭ ਕੁਝ ਤੈਨੂੰ ਹੀ ਸੌਂਪ ਦਿਤਾ, ਹੋਇਆਂ ਸੁਰਖਰੂ ਕਰਜ਼ਾ ਚੁਕਾ ਕੇ ਤੇ।
‘ਜਾਚਕ’ ਸ਼ੁਕਰ ਹੈ ਪੁਰਖ ਅਕਾਲ ਜੀ ਦਾ, ਜੋਤਾਂ ਮਿਲੀਆਂ ਨੇ ਜੋਤ ਵਿੱਚ ਜਾ ਕੇ ਤੇ।

# ਚਮਕੌਰ ਦੀ ਜੰਗ

ਵਧ ਰਹੀਆਂ ਸਨ ਮਾਖੋ ਦੇ ਝੁੰਡ ਵਾਂਗੂ, ਗੜ੍ਹੀ ਵੱਲ ਨੂੰ ਬੇਮੁਹਾਰ ਫੌਜਾਂ।
ਚੱਲੀਆਂ ਪੁਰੀ ਅਨੰਦ ਤੋਂ ਪਹੁੰਚ ਗਈਆਂ, ਸਰਸਾ ਨਦੀ ਨੂੰ ਕਰਕੇ ਪਾਰ ਫੌਜਾਂ।
ਚੱਲ ਕੇ ਦਿੱਲੀ, ਲਾਹੌਰ, ਸਰਹੰਦ ਤੋਂ ਵੀ, ਆਈਆਂ ਕਰਦੀਆਂ ਸੀ ਮਾਰੋ ਮਾਰ ਫੌਜਾਂ।
ਫੈਲ ਗਈਆਂ ਸਨ ਮਕੜੀ ਦੇ ਵਾਂਗ ਉਦੋਂ, ਚਾਰ ਚੁਫੇਰੇ ਹੀ ਬੇਸ਼ੁਮਾਰ ਫੌਜਾਂ।

ਦਸਮ ਪਿਤਾ ਨੇ ਕਿਹਾ ਸੀ ਖਾਲਸੇ ਨੂੰ, ਤੁਸੀਂ ਮੇਰੇ ਹੋ ਸੂਰਜ ਤੇ ਚੰਦ ਸਿੰਘੋ।
‘ਕੱਲੇ ਨਹੀਂ ਅਜੀਤ ਜੁਝਾਰ ਮੇਰੇ, ਤੁਸੀਂ ਸਾਰੇ ਹੋ ਮੇਰੇ ਫਰਜੰਦ ਸਿੰਘੋ।
ਘੋਰ ਸੰਕਟ ਤੇ ਦੁੱਖ ਮੁਸੀਬਤਾਂ ‘ਚ, ਸਦਾ ਰਹੇ ਹੋ ਵਿੱਚ ਅਨੰਦ ਸਿੰਘੋ।
ਅੱਜ ਵੜ ਕੇ ਵੈਰੀ ਦੇ ਝੁੰਡ ਅੰਦਰ, ਖੱਟੇ ਕਰ ਦਿਉ ਉਸ ਦੇ ਦੰਦ ਸਿੰਘੋ।

ਸਿੰਘਾਂ ਜੰਗ ’ਚ ਕਰ ਪ੍ਰਤੱਖ ਦਿੱਤਾ, ਸਵਾ ਲੱਖ ਨਾਲ ਇੱਕ ਇੱਕ ਲੜ ਸਕਦੈ।
ਤੀਰਾਂ ਗੋਲੀਆਂ, ਤੇਗਾਂ ਦੇ ਸਾਹਮਣੇ ਵੀ, ਸੀਨਾ ਤਾਣ ਕੇ ਖਾਲਸਾ ਖੜ ਸਕਦੈ।
ਸਾਹਵੇਂ ਮੌਤ ਮਰਜਾਣੀ ਨੂੰ ਤੱਕ ਕੇ ਵੀ, ਉਹ ਤਾਂ ਵਾਂਗ ਹਿਮਾਲਾ ਦੇ ਅੜ ਸਕਦੈ।
ਲੱਖਾਂ ਨਾਲ ਮੁਕਾਬਲੇ ਕਰਕੇ ਤੇ, ਰਣਭੂਮੀ ਦੀ ਭੇਟ ਉਹ ਚੜ੍ਹ ਸਕਦੈ।

ਜਿਉਂਦੇ ਗੁਰੂ ਨੂੰ ਅੱਜ ਤਾਂ ਫੜ ਲੈਣੈ, ਦੁਸ਼ਮਣ ਦਲਾਂ ਨੇ ਲਿਆ ਖਵਾਬ ਹੈਸੀ।
ਖਾਨ ਵਜ਼ੀਰ ਨਾ ਫੁਲਿਆ ਸਮਾ ਰਿਹਾ ਸੀ, ਜੋ ਸਰਹੰਦ ਦਾ ਜ਼ਾਲਿਮ ਨਵਾਬ ਹੈਸੀ।
ਕਿਹਾ ਸਿੱਖਾਂ ਦਾ ਗੁਰੂ ਹੁਣ ਪੇਸ਼ ਹੋ ਜਾਏ, ਨਸ਼ਾ ਤਾਕਤ ਦਾ ਬੇਹਿਸਾਬ ਹੈਸੀ।
ਗੁਰਾਂ ਤੀਰਾਂ ਦੀ ਵਾਛੜ ਦੇ ਨਾਲ ਅੱਗੋਂ, ਏਸ ਗੱਲ ਦਾ ਦਿੱਤਾ ਜਵਾਬ ਹੈਸੀ।

ਜੂਝੇ ਜੰਗ ਅੰਦਰ ਸਿੰਘ ਸੂਰਮੇ ਸੀ, ਦਸਮ ਪਿਤਾ ਦੀ ਪਾਵਨ ਕਮਾਨ ਅੰਦਰ।
ਲੱਖਾਂ ਫੌਜਾਂ ਦਾ ਟਾਕਰਾ ਕਰਨ ਦੇ ਲਈ, ਚਾਲੀ ਨਿਤਰੇ ਮਰਦ ਮੈਦਾਨ ਅੰਦਰ।
ਬਾਜਾਂ ਵਾਲੇ ਸ਼ਮਸ਼ੀਰਾਂ ਜੋ ਬਖਸ਼ੀਆਂ ਸੀ, ਪਾਸ ਹੋ ਗਈਆਂ ਇਮਤਿਹਾਨ ਅੰਦਰ।
ਸਾਫ ਕਰਕੇ ਝੁੰਡਾਂ ਦੇ ਝੁੰਡ ਉਨ੍ਹਾਂ, ਆਹੂ ਲਾਹੇ ਸਨ ਰਣ ਮੈਦਾਨ ਅੰਦਰ।

ਕੱਚੀ ਗੜ੍ਹੀ ’ਚ ਦਾਖਲ ਜਦ ਹੋਣ ਲੱਗਾ, ਨਾਹਰ ਖਾਂ ਇਕ ਪੌੜੀ ਲਗਾ ਕੇ ਤੇ।
ਗੁਰੂ ਸਾਹਿਬ ਨੇ ਕੀਤਾ ਸੀ ਚਿੱਤ ਉਹਨੂੰ, ਬੱਸ ਇਕੋ ਹੀ ਤੀਰ ਚਲਾ ਕੇ ਤੇ।
ਕੀਤੀ ਜ਼ੁਰਅਤ ਜਦੋਂ ਗਨੀ ਖਾਂ ਹੈਸੀ, ਸਿਰ ਭੰਨਿਆਂ ਗੁਰਜ ਘੁੰਮਾ ਕੇ ਤੇ।
ਤੀਜਾ ਉਨ੍ਹਾਂ ਦਾ ਇਕ ਮਰਦੂਦ ਸਾਥੀ, ਨੱਸ ਗਿਆ ਸੀ ਜਾਨ ਬਚਾ ਕੇ ਤੇ।

ਸਿੰਘ ਝਪਟੇ ਸਨ ਦੁਸ਼ਮਣ ਦੀ ਫੌਜ ਉੱਤੇ, ਗੁੱਸੇ ਵਿੱਚ ਝਪਟੇ ਜਖ਼ਮੀ ਸ਼ੇਰ ਜਿਦਾਂ।
ਡਿੱਗਣ ਦੁਸ਼ਮਣ ਇਉਂ ਰਣ ਮੈਦਾਨ ਅੰਦਰ, ਡਿੱਗਣ ਬੇਰੀ ਤੋਂ ਪੱਕੇ ਹੋਏ ਬੇਰ ਜਿਦਾਂ।
ਚੜ੍ਹੀਆਂ ਲਾਸ਼ਾਂ ਤੇ ਲਾਸ਼ਾਂ ਸਨ ਚਹੁੰ ਪਾਸੀਂ, ਲੱਗੇ ਦਾਣਿਆਂ ਦੇ ਹੁੰਦੇ ਢੇਰ ਜਿਦਾਂ।
ਏਦਾਂ ਕੋਈ ਨਹੀਂ ਲੜਿਆ ਸੰਸਾਰ ਅੰਦਰ, ਸਿੰਘ ਸੂਰਮੇ ਲੜੇ ਦਲੇਰ ਜਿਦਾਂ।

ਸਾਹਿਬਜ਼ਾਦਾ ਅਜੀਤ ਸਿੰਘ ਕੁਦਿਆ ਸੀ, ਰਣ ਤੱਤੇ ਦੀ ਭੜਕਦੀ ਅੱਗ ਅੰਦਰ।
ਚੜ੍ਹਿਆ ਹੋਇਆ ਸੀ ਜੋਸ਼ ਕੋਈ ਖਾਸ ਉਹਦੇ, ਰੋਮ ਰੋਮ ਅੰਦਰ, ਰਗ ਰਗ ਅੰਦਰ।
ਬੱਬਰ ਸ਼ੇਰ ਦੇ ਬੱਚੇ ਨੇ ਜਾਂਦਿਆਂ ਹੀ, ਭਾਜੜ ਪਾਈ ਸੀ ਭੇਡਾਂ ਦੇ ਵੱਗ ਅੰਦਰ।
ਵੀਰ ਗਤੀ ਪ੍ਰਾਪਤ ਉਹ ਕਰ ਆਖਰ, ਜੱਸ ਪਾ ਗਿਆ ਸਾਰੇ ਹੀ ਜੱਗ ਅੰਦਰ।

ਅੱਡੀਆਂ ਚੁੱਕ ਚੁੱਕ ਤੱਕਦੀ ਰਹੀ ਹੋਣੀ, ਲੜਿਆ ਜਦੋਂ ਜੁਝਾਰ ਦਲੇਰ ਯੋਧਾ।
ਝਪਟ ਝਪਟ ਕੇ ਪੈਂਦਾ ਸੀ ਦੁਸ਼ਮਣਾਂ ’ਤੇ, ਲੱਗ ਰਿਹਾ ਸੀ ਜਖ਼ਮੀ ਕੋਈ ਸ਼ੇਰ ਯੋਧਾ।
ਚਾਰੇ ਪਾਸੇ ਤੋਂ ਹੋ ਗਿਆ ਜਦੋਂ ਹਮਲਾ, ਚੱਕਰ ਵਿਹੂ ’ਚ ਫਸ ਗਿਆ ਫੇਰ ਯੋਧਾ ।
ਟਿੱਡੀ ਦਲਾਂ ਦੀਆਂ ਸਫਾਂ ਵਲੇਟ ਕੇ ਤੇ, ਹੋ ਗਿਆ ਸੀ ਅੰਤ ਨੂੰ ਢੇਰ ਯੋਧਾ।

40 ਸਿੰਘ ਤੇ ਲੱਖਾਂ ਦੀ ਫੌਜ ਓਧਰ, ਸਚੀਮੁੱਚੀ ਕਮਾਲ ਦੀ ਜੰਗ ਹੈਸੀ।
ਪੰਜਾਂ ਪੰਜਾਂ ਦੇ ਜੱਥੇ ਬਣਾ ਦਾਤੇ, ਸੋਹਣਾ ਵਰਤਿਆ ਜੰਗ ਦਾ ਢੰਗ ਹੈਸੀ।
ਪੈਰ ਧਰੇ ਸਨ ਭਖਦੇ ਅੰਗਿਆਰਿਆਂ ਤੇ, ਤੱਕ ਤੱਕ ਮੌਤ ਵੀ ਹੋ ਰਹੀ ਦੰਗ ਹੈਸੀ।
‘ਜਾਚਕ’ਜੱਗ ਦੇ ਸਾਰੇ ਇਤਿਹਾਸ ਅੰਦਰ, ਬੇਜੋੜ ਵਿਲੱਖਣ ਇਹ ਜੰਗ ਹੈਸੀ।

ਜੱਗ ਦੀ ਏਸ ਅਨੋਖੜੀ ਜੰਗ ਅੰਦਰ, ਮੱਥਾ ਲੱਖਾਂ ਨਾਲ ਲਾਇਆ ਸੀ ਪਾਤਸ਼ਾਹ ਨੇ।
ਸਾਹਿਬਜ਼ਾਦੇ ਅਜੀਤ ਜੁਝਾਰ ਸਿੰਘ ਨੂੰ, ਹੱਥੀਂ ਸਸ਼ਤਰ ਸਜਾਇਆ ਸੀ ਪਾਤਸ਼ਾਹ ਨੇ।
ਆਪਣੇ ਪੁੱਤਰਾਂ ਤੋਂ ਪਿਆਰੇ ਖਾਲਸੇ ਨੂੰ, ਮੌਤ ਨਾਲ ਪਰਨਾਇਆ ਸੀ ਪਾਤਸ਼ਾਹ ਨੇ।
ਸਭ ਨੂੰ ਮੌਤ ਦੀ ਘੋੜੀ ਚੜ੍ਹਾਉਣ ਵੇਲੇ, ਸੌ ਸੌ ਸ਼ਗਨ ਮਨਾਇਆ ਸੀ ਪਾਤਸ਼ਾਹ ਨੇ।

ਹੱਥੀਂ ਮੌਤ ਦੇ ਮੂੰਹ ’ਚ ਘੱਲ ਕੇ ਤੇ, ਸੋਹਿਲਾ ਖੂਨ ਦਾ ਗਾਇਆ ਸੀ ਪਾਤਸ਼ਾਹ ਨੇ।
ਟੋਟੇ ਟੋਟੇ ਜਦ ਜਿਗਰ ਦੇ ਹੋਏ ਟੋਟੇ, ਉਦੋਂ ਸ਼ੁਕਰ ਮਨਾਇਆ ਸੀ ਪਾਤਸ਼ਾਹ ਨੇ।
ਚੜ੍ਹਿਆ ਕਰਜਾ ਜੋ ਪੁਰਖ ਅਕਾਲ ਜੀ ਦਾ,ਕਿਸ਼ਤਾਂ ਵਿੱਚ ਹੀ ਲਾਹਿਆ ਸੀ ਪਾਤਸ਼ਾਹ ਨੇ।
ਆਖਰ ਮਿੱਤਰ ਪਿਆਰੇ ਨੂੰ ਖਿੜੇ ਮੱਥੇ, ‘ਜਾਚਕ’ ਹਾਲ ਸੁਣਾਇਆ ਸੀ ਪਾਤਸ਼ਾਹ ਨੇ।

# ਪੰਥ ਦਾ ਹੁਕਮ

ਭਖੀ ਹੋਈ ਚਮਕੌਰ ਦੀ ਜੰਗ ਅੰਦਰ, ਨਿਕਲੀ ਸਿੰਘਾਂ ਦੀ ਤੇਗ ਮਿਆਨ ਵਿੱਚੋਂ।
ਦੁਸ਼ਮਣ ਦਲਾਂ 'ਚ ਵਾਢੀ ਇਸ ਪਾਈ ਐਸੀ, ਥਰ ਥਰ ਕੰਬੇ ਸਨ ਮੁਗਲ ਪਠਾਨ ਵਿੱਚੋਂ।
ਦਸਮ ਪਿਤਾ ਵੀ ਮਮਟੀ ਤੇ ਬੈਠ ਕੇ ਤੇ, ਛੱਡ ਰਹੇ ਸਨ ਤੀਰ ਕਮਾਨ ਵਿੱਚੋਂ।
ਜੀਹਦੇ ਜੀਹਦੇ ਵੀ ਸੀਨੇ 'ਚ ਜਾ ਵੱਜੇ, ਲੈ ਗਏ ਜਾਨ ਉਹਦੀ ਕੱਢ ਕੇ ਜਾਨ ਵਿੱਚੋਂ।

ਸਾਹਿਬਜ਼ਾਦਿਆਂ ਤੇ ਸਿੰਘਾਂ ਵੈਰੀਆਂ ਨੂੰ, ਦਿਨੇ ਤਾਰੇ ਵਿਖਾਏ ਅਸਮਾਨ ਵਿੱਚੋਂ।
ਲੱਖਾਂ ਫੌਜਾਂ ਨੂੰ ਚਾਲੀਆਂ ਵਖਤ ਪਾਇਆ, ਰੱਖ ਕੇ ਤਲੀ 'ਤੇ ਆਪਣੀ ਜਾਨ ਵਿੱਚੋਂ।
ਰਣ ਵਿੱਚ ਜੂਝ ਸ਼ਹੀਦੀਆਂ ਪਾ ਕੇ ਤੇ, ਪਾਸ ਹੋਏ ਸਾਰੇ ਇਮਤਿਹਾਨ ਵਿੱਚੋਂ।
ਕਿੰਨੇ ਸਿੰਘਾਂ ਦੇ ਏਸ ਥਾਂ ਸੀਸ ਲੱਗੇ, ਤਾਰੇ ਦੱਸਦੇ ਪਏ ਅਸਮਾਨ ਵਿੱਚੋਂ।

ਸੰਧਿਆ ਹੋਣ 'ਤੇ ਜੰਗ ਜਦ ਬੰਦ ਹੋਈ, ਗੁਰੂ ਸਾਹਿਬ ਸੀ ਕੀਤੀ ਅਰਦਾਸ ਏਥੇ।
ਅੱਜ ਪੁਰਖ ਅਕਾਲ ਦੀ ਮਿਹਰ ਸਦਕਾ, ਕਾਰਜ ਸਾਰੇ ਹੀ ਹੋਏ ਨੇ ਰਾਸ ਏਥੇ।
ਸਿੰਘ ਸੂਰਮੇ ਮਰਦ ਦਲੇਰ ਯੋਧੇ, ਕਰ ਗਏ ਕਠਿਨ ਪ੍ਰੀਖਿਆ ਪਾਸ ਏਥੇ।
ਕੱਲ੍ਹ ਨੂੰ ਮੈਂ ਵੀ ਜੰਗ ਵਿੱਚ ਜੂਝ ਕੇ ਤੇ, ਲੇਖੇ ਲਾਊਂਗਾ ਅੰਤਿਮ ਸੁਆਸ ਏਥੇ।

ਸੁਣ ਕੇ ਬਚਨ ਇਹ ਸੋਚਾਂ 'ਚ ਸਿੰਘ ਪੈ ਕੇ, ਰਲ ਮਿਲ ਬੈਠ ਕੇ ਕਰਨ ਸਲਾਹ ਲੱਗੇ।
ਬੇੜੀ ਫਸੀ ਮੰਝਧਾਰ ਵਿੱਚ ਸੋਚਦੀ ਏ, ਭਾਣਾ ਕੀ ਵਰਤਾਉਣ ਮਲਾਹ ਲੱਗੇ।
ਕਿਹੜੇ ਮੋੜ 'ਤੇ ਕਾਫਲਾ ਅੜ ਗਿਆ ਏ, ਨਾ ਕੋਈ ਰਾਹ ਸੁਝੇ, ਨਾ ਕੋਈ ਵਾਹ ਲੱਗੇ।
ਵਾਲੀ ਪੰਥ ਦਾ ਨਿਕਲ ਜਾਏ ਗੜ੍ਹੀ ਵਿੱਚੋਂ, ਇਹਦੇ ਤਾਂਈਂ ਕੋਈ ਤੱਤੀ ਨਾ 'ਵਾ ਲੱਗੇ।

ਗਲ 'ਚ ਪਾ ਪੱਲਾ, ਰਲ ਮਿਲ ਸਿੰਘ ਕਹਿੰਦੇ, ਤੁਸਾਂ ਉਤੇ ਐ ਦੁਸ਼ਮਣ ਦੀ ਅੱਖ ਦਾਤਾ।
ਗਿਣਵੇਂ ਚੁਣਵੇਂ ਹੀ ਅਸੀਂ ਹਾਂ ਬਚੇ ਬਾਕੀ, ਬਾਹਰ ਦੁਸ਼ਮਣ ਦੀ ਫੌਜ ਕਈ ਲੱਖ ਦਾਤਾ।
ਚਾਰੇ ਪਾਸੇ ਹੀ ਮੌਤ ਦਾ ਬੋਲ ਬਾਲਾ, ਦਿਸ ਰਿਹਾ ਏ ਸਾਨੂੰ ਪ੍ਰਤੱਖ ਦਾਤਾ।
ਹੋਂਦ ਪੰਥ ਦੀ ਅੱਜ ਹੈ ਵਿੱਚ ਖਤਰੇ, ਜਿੱਦਾਂ ਰੱਖ ਸਕਦੈ ਉਦਾਂ ਈ ਰੱਖ ਦਾਤਾ।

ਕੀਤੀ ਨਿਮਰਤਾ ਸਹਿਤ ਅਰਜ਼ੋਈ ਸਭ ਨੇ, ਤੇਰੀ ਜੱਗ ਨੂੰ ਬੜੀ ਏ ਲੋੜ ਦਾਤਾ।
ਪਲਕ ਝਪਕਦੇ ਚਲੇ ਜਾਉ ਗੜ੍ਹੀ ਛੱਡ ਕੇ, ਹੁਣੇ ਨੀਲੇ ਦੀਆਂ ਵਾਗਾਂ ਨੂੰ ਮੋੜ ਦਾਤਾ।
ਮੱਥਾ ਲਾ ਫਿਰ ਵੈਰੀ ਨਾਲ ਕਿਸੇ ਵੇਲੇ, ਦੇਣਾ ਜ਼ੁਲਮ ਦੇ ਗੜ੍ਹਾਂ ਨੂੰ ਤੋੜ ਦਾਤਾ।
ਜੇ ਤੂੰ ਰਿਹਾ ਤਾਂ ਏਸ ਸੰਸਾਰ ਅੰਦਰ, ਸਜੂ ਖਾਲਸਾ ਕਈ ਕਰੋੜ ਦਾਤਾ।

ਸੁਣਕੇ ਸਾਰੀ ਵਿਚਾਰ ਦਸਮੇਸ਼ ਬੋਲੇ, ਕਿਹੜੀ ਗੱਲ ਵੀਚਾਰ ਕੇ, ਚਲੇ ਜਾਵਾਂ।
ਟੋਟੇ ਜਿਗਰ ਦੇ ਮੇਰੇ ਨੇ ਹੋਏ ਟੋਟੇ, ਉਨ੍ਹਾਂ ਤਾਈਂ ਵਿਸਾਰ ਕੇ ,ਚਲੇ ਜਾਵਾਂ।
ਆਪਣੇ ਪੁੱਤਰਾਂ ਤੋਂ ਪਿਆਰੇ ਖਾਲਸੇ ਨੂੰ, ਵਿੱਚ ਜੰਗ ਦੇ ਵਾਰ ਕੇ, ਚਲੇ ਜਾਵਾਂ।
ਥੋਨੂੰ ਛੱਡ ਕੇ ਮੌਤ ਦੇ ਮੂੰਹ ਅੰਦਰ, ਕਿਹੜੀ ਗੱਲ ਚਿਤਾਰ ਕੇ, ਚਲੇ ਜਾਵਾਂ।
ਸਿੰਘ ਮਰੇ ਨੇ ਦੁਸ਼ਮਣ ਨੂੰ ਮਾਰ ਕੇ ਤੇ, ਮੈਂ ਬੱਸ ਮਨ ਨੂੰ ਮਾਰ ਕੇ, ਚਲੇ ਜਾਵਾਂ।
ਭਖੇ ਹੋਏ ਇਸ ਰਣ ਮੈਦਾਨ ਵਿੱਚੋਂ, ਜਿੱਤੀਆਂ ਬਾਜੀਆਂ ਹਾਰ ਕੇ, ਚਲੇ ਜਾਵਾਂ।

ਨਹੀਂ ਨਹੀਂ ਇਹ ਕਦੇ ਨਹੀਂ ਹੋ ਸਕਦਾ, ਇਹ ਨਾ ਮੇਰੇ ਤੋਂ ਰੱਖਿਉ ਆਸ ਸਿੰਘੋ।
ਨਹੀਂ ਨਹੀਂ ਮੈਂ ਕਦੇ ਨਹੀਂ ਫੇਲ੍ਹ ਹੋਣਾ, ਪਰਚਾ ਔਖੇ, ਪਰ ਹੋਣੈ ਮੈਂ ਪਾਸ ਸਿੰਘੋ।
ਨਾ ਨਾ, ਨਾਂਹ ਕਰੋ ਮਜਬੂਰ ਮੈਨੂੰ, ਲੇਖੇ ਮੈਨੂੰ ਵੀ ਲਾਉਣ ਦਿਉ ਸਵਾਸ ਸਿੰਘੋ।
ਕੱਲ੍ਹ ਵੇਖਣਾ ਦੁਸ਼ਮਣ ਦੇ ਕਰ ਡੱਕਰੇ, ਆਪਾਂ ਸਿਰਜਾਂਗੇ ਨਵਾਂ ਇਤਿਹਾਸ ਸਿੰਘੋ।
'ਕੱਲਾ 'ਕੱਲਾ ਹੀ ਲੱਖਾਂ ਨਾਲ ਲਊ ਟੱਕਰ, ਟਿੱਡੀ ਦਲਾਂ ਦਾ ਕਰਾਂਗੇ ਨਾਸ ਸਿੰਘੋ।
ਰਲੇ ਤੁਸਾਂ ਦੇ ਖੂਨ ਵਿੱਚ ਖੂਨ ਮੇਰਾ, ਗੁਰੂ ਚਰਨਾਂ 'ਚ ਮੇਰੀ ਅਰਦਾਸ ਸਿੰਘੋ।

ਗੁਰੂ ਸਾਹਿਬ ਦੇ ਮੁੱਖੋਂ ਇਹ ਬਚਨ ਸੁਣ ਕੇ, ਚਿੰਤਾ ਨਾਲ ਸਨ ਸਿੰਘ ਘਬਰਾਉਣ ਲੱਗੇ।
ਕਿਸ ਤਰ੍ਹਾਂ ਹੁਣ ਹੋ ਬਚਾਅ ਸਕਦੈ, ਸਿੰਘ ਸੋਚਾਂ ਦੇ ਘੋੜੇ ਦੁੜਾਉਣ ਲੱਗੇ।
ਪੰਜਾਂ ਵਿੱਚ ਪ੍ਰਮੇਸ਼ਰ ਦਾ ਰੂਪ ਹੁੰਦੈ, ਬਚਨ ਗੁਰਾਂ ਦੇ ਯਾਦ ਸਨ ਆਉਣ ਲੱਗੇ।
ਪੰਜ ਸਿੰਘ ਫਿਰ ਪੰਥ ਦਾ ਰੂਪ ਹੋ ਕੇ, ਦਸਮ ਪਿਤਾ ਨੂੰ ਹੁਕਮ ਸੁਣਾਉਣ ਲੱਗੇ।

ਸਿੱਖ ਕੌਮ ਦੇ ਸਿਰ 'ਤੇ ਆਈ ਹੋਈ ਏ, ਸੰਕਟ ਭਰੀ ਕੋਈ ਘੜੀ, ਗੋਬਿੰਦ ਸਿੰਘਾ।
ਉਮਰ ਖਾਲਸਾ ਪੰਥ ਦੀ ਅਜੇ ਛੋਟੀ, ਲੋੜ ਤੇਰੀ ਏ ਬੜੀ, ਗੋਬਿੰਦ ਸਿੰਘਾ।
ਗੁਰੂ ਖਾਲਸਾ ਤੈਨੂੰ ਇਹ ਹੁਕਮ ਕਰਦੈ, ਛੱਡ ਦੇ ਹੁਣੇ ਇਹ ਗੜ੍ਹੀ, ਗੋਬਿੰਦ ਸਿੰਘਾ।
ਮੰਨਣਾ ਪਊਗਾ ਹੁਕਮ ਇਹ ਖਿੜੇ ਮੱਥੇ, ਹੁਣ ਤੂੰ ਕਰੀਂ ਨਾ ਅੜੀ, ਗੋਬਿੰਦ ਸਿੰਘਾ।

ਗੁਰੂ ਖਾਲਸੇ ਦੇ ਪਾਵਨ ਹੁਕਮ ਅੱਗੇ, ਹੈਸੀ ਸੀਸ ਝੁਕਾਇਆ, ਦਸਮੇਸ਼ ਜੀ ਨੇ।
ਧੁਰ ਅੰਦਰੋਂ ਆਇਆ ਹਰ ਇਕ ਹੰਝੂ, ਪਲਕਾਂ ਵਿੱਚ ਛੁਪਾਇਆ, ਦਸਮੇਸ਼ ਜੀ ਨੇ।
ਸੰਗਤ ਸਿੰਘ ਦੇ ਸਿਰ ’ਤੇ ਸਜਾ ਕਲਗੀ, ਗੋਬਿੰਦ ਸਿੰਘ ਬਣਾਇਆ, ਦਸਮੇਸ਼ ਜੀ ਨੇ।
ਮਨ ਨੂੰ ਮਾਰ ਕੇ ਗੜ੍ਹੀ ’ਚੋਂ ਬਾਹਰ ਆ ਗਏ,ਏਦਾਂ ਹੁਕਮ ਬਜਾਇਆ,ਦਸਮੇਸ਼ ਜੀ ਨੇ।

ਤਾੜੀ ਮਾਰ ਲਲਕਾਰ ਕੇ ਕਿਹਾ ਸਤਿਗੁਰ,ਫੜ ਲਉ, ਹਿੰਦ ਦਾ ਪੀਰ, ਮੈਂ ਚੱਲਿਆ ਜੇ।
ਹੁਕਮ ਖਾਲਸੇ ਦਾ ਮੈਂ ਨਹੀਂ ਮੋੜ ਸਕਿਆ, ਹੋ ਕੇ ਬੜਾ ਦਿਲਗੀਰ, ਮੈਂ ਚੱਲਿਆ ਜੇ।
ਆਪਣੇ ਦਿਲ ਦੀਆਂ ਦਿਲ ਦੇ ਵਿੱਚ ਲੈ ਕੇ, ਹੋ ਮਜਬੂਰ ਅਖੀਰ, ਮੈਂ ਚੱਲਿਆ ਜੇ।
ਪਕੜ ਲਉ, ਜੇ ਤੁਸੀਂ ਹੋ ਪਕੜ ਸਕਦੇ, ਘੇਰੇ ਤੁਸਾਂ ਦੇ ਚੀਰ, ਮੈਂ ਚੱਲਿਆ ਜੇ।

ਜਾਣ ਲੱਗਿਆਂ ਗੱਲ ਹਾਂ ਕਹਿਣ ਲੱਗਾ, ਸਿੰਘਾਂ ਕਦੇ ਝੁਕਾਇਆਂ ਨਹੀਂ ਝੁਕ ਸਕਣਾ।
ਸੂਰਜ ਸਿੱਖੀ ਦਾ ਚਮਕੂ ਸੰਸਾਰ ਅੰਦਰ, ਜ਼ੁਲਮੀ ਬੱਦਲਾਂ ਹੇਠ ਨਹੀਂ ਲੁਕ ਸਕਣਾ।
ਰਹੂ ਸਿੱਖੀ ਦਾ ਵਹਿਣ ਇਹ ਸਦਾ ਵਗਦਾ, ਕਿਸੇ ਸੋਕੇ ਤੋਂ ਇਹ ਨਹੀਂ ਸੁਕ ਸਕਣਾ।
ਫੌਜਾਂ ਲੱਖਾਂ ਦੀ ਥਾਂ ਕਰੋੜ ਹੋਵਣ, ਸਿੰਘਾਂ ਕਦੇ ਮੁਕਾਇਆਂ ਨਹੀਂ ਮੁਕ ਸਕਣਾ।

ਅਗਲੇ ਦਿਨ ਦਾ ਸੂਰਜ ਜਦ ਆਣ ਚੜ੍ਹਿਆ, ਹੱਲਾ ਵੈਰੀਆਂ ਗੜ੍ਹੀ ’ਤੇ ਬੋਲ ਦਿੱਤਾ।
ਓਧਰ ਸਿੰਘਾਂ ਨੇ ਰਣ ’ਚ ਜੂਝ ਕੇ ਤੇ, ਵੈਰੀ ਮੌਤ ਦੀ ਤੱਕੜੀ ਤੋਲ ਦਿੱਤਾ।
ਲੜਦੇ ਲੜਦਿਆਂ ਹੋਏ ਸ਼ਹੀਦ ਆਖਰ, ਕਤਰਾ ਕਤਰਾ ਸੀ ਖੂਨ ਦਾ ਡੋਲ੍ਹ ਦਿੱਤਾ।
ਸੱਤਾਂ ਸਿੰਘਾਂ ਨੇ ਇਸ ਤਰ੍ਹਾਂ ਪੰਥ ਤਾਂਈਂ, ਜੀਵਨ ਦਾਨ ਸੀ ‘ਜਾਚਕ’ ਅਨਮੋਲ ਦਿੱਤਾ।

# ਚਾਰ ਸਾਹਿਬਜ਼ਾਦੇ

ਲੱਖਾਂ ਨਾਲ ਮੁਕਾਬਲੇ ਕਰ ਕੇ ਤੇ, ਦੋ ਦਸਮੇਸ਼ ਦੁਲਾਰੇ ਸ਼ਹੀਦ ਹੋਏ।
ਕਲਗੀਧਰ ਦੀਆਂ ਅੱਖਾਂ ਦੇ ਸਾਹਮਣੇ ਹੀ, ਓਹਦੇ ਅੱਖਾਂ ਦੇ ਤਾਰੇ, ਸ਼ਹੀਦ ਹੋਏ।
ਲਹੂ ਪੀਣੀ ਸਰਹੰਦ ਦੀ ਕੰਧ ਅੰਦਰ, ਦੋ ਪੁੱਤਰ ਪਿਆਰੇ ਸ਼ਹੀਦ ਹੋਏ।
ਚਾਰ ਚੰਨ ਕੁਰਬਾਨੀ ਨੂੰ ਲਾਉਣ ਖਾਤਰ, ਲਾਲ ਚਾਰੇ ਦੇ ਚਾਰੇ ਸ਼ਹੀਦ ਹੋਏ।

ਦੋ ਸੁੱਤੇ ਸਰਹੰਦ ਦੀ ਕੰਧ ਅੰਦਰ, ਦੋ ਚਮਕੌਰ ਦੇ ਰਣ ਮੈਦਾਨ ਸੁੱਤੇ।
ਕਲਗੀਧਰ ਦੇ ਲਾਡਲੇ ਲਾਲ ਚਾਰੇ, ਸੁੱਤੀ ਕੌਮ ਦੇ ਭਾਗ ਜਗਾਨ ਸੁੱਤੇ।

# ਸਰਸਾ ਨਦੀ

ਠਾਠਾਂ ਮਾਰਦੀ ਸਰਸਾ ਦੀ ਨਦੀ ਕੰਢੇ, ਕਲਗੀ ਵਾਲੇ ਦਾ ਬਿਖ਼ਰ ਪਰਵਾਰ ਗਿਆ।
ਫਤਹਿ ਜ਼ੋਰਾਵਰ ਦਾਦੀ ਨਾਲ ਗਏ ਕਿਧਰੇ, ਕਿਧਰੇ ਪਿਤਾ ਨਾਲ ’ਜੀਤ ਜੁਝਾਰ ਗਿਆ।
ਕੋਈ ਲੜ ਲੜ ਹੋਇਆ ਸ਼ਹੀਦ ਏਥੇ, ਕੋਈ ਸਰਸਾ ਦੇ ਪਾਣੀ ਵਿਚਕਾਰ ਗਿਆ।
ਇਹੋ ਜਿਹੀ ਅਣਹੋਣੀ ਕੋਈ ਵਾਪਰੀ ਸੀ, ਕੋਈ ਆਰ ਗਿਆ ਤੇ ਕੋਈ ਪਾਰ ਗਿਆ।

# ਅੱਧ ਖਿੜੇ ਫੁੱਲ

ਅੱਧ ਖਿੜੇ ਹੋਏ ਫੁੱਲ ਦਸਮੇਸ਼ ਜੀ ਦੇ, ਬਾਹਰੋਂ ਕੋਮਲ ਪਰ ਸਨ ਫੌਲਾਦ ਅੰਦਰ।
ਬੇਮਿਸਾਲ ਕੁਰਬਾਨੀ ਦੀ ਛੁਪੀ ਗਾਥਾ, ਨਿੱਕੀ ਇੱਟ ਦੀ ਪੱਕੀ ਬੁਨਿਆਦ ਅੰਦਰ।
ਖਾਤਿਰ ਧਰਮ ਦੀ ਵਾਰੇ ਸੀ ਸੀਸ ਜਿੰਨ੍ਹਾਂ, ਅਸੀਂ ਜੁੜੇ ਅੱਜ ਉਨ੍ਹਾਂ ਦੀ ਯਾਦ ਅੰਦਰ।
ਰਸ ਕਵੀ ਦਰਬਾਰ ਦਾ ਮਾਣ ਰਹੀਆਂ, ਸੰਗਤਾਂ ਬੈਠੀਆਂ ਬੜੇ ਵਿਸਮਾਦ ਅੰਦਰ।

# ਨਿੱਕੀਆਂ ਜਿੰਦਾਂ ਵੱਡੇ ਸਾਕੇ

ਰਾਏ ਕੱਲਾ ਦਾ ਭੇਜਿਆ ਮਾਹੀ ਨੂਰਾ, ਖ਼ਬਰ ਲੈ ਸਰਹੰਦ ਤੋਂ ਆਇਆ ਹੈਸੀ।
ਅੱਖੀਂ ਹੰਝੂ, ਨਾ ਮੂੰਹ 'ਚੋਂ ਗੱਲ ਨਿਕਲੇ, ਮਾਤਮ ਚਿਹਰਿਆਂ 'ਤੇ ਸਭ ਦੇ ਛਾਇਆ ਹੈਸੀ।
ਗੁਰਾਂ ਪੁਛਿਆ, ਨੂਰਿਆ, ਦੱਸ ਤੇ ਸਹੀ, ਸੂਬੇ ਕੀ ਕੀ ਕਹਿਰ ਕਮਾਇਆ ਹੈਸੀ।
'ਨੂਰੇ' ਅੱਖੀਆਂ 'ਚੋਂ ਹੰਝੂ ਪੂੰਝ ਕੇ ਤੇ, ਹਉਕੇ ਲੈ ਲੈ ਇੰਝ ਸੁਣਾਇਆ ਹੈਸੀ।

ਪਹੁੰਚੇ ਵਿੱਚ ਕਚਹਿਰੀ ਦੇ ਜਦੋਂ ਬੱਚੇ, ਚੜ੍ਹਦੀ ਕਲਾ 'ਚ ਫਤਹਿ ਗਜਾ ਦਿੱਤੀ।
ਨਿੱਕੇ ਸ਼ੇਰਾਂ ਨੇ ਜੋਸ਼ ਦੇ ਵਿੱਚ ਆ ਕੇ, ਉਚੀ ਗਰਜ ਕੇ ਧਰਤ ਹਿਲਾ ਦਿੱਤੀ।
ਸਿਜਦਾ ਕਰਨ ਲਈ ਝੁਕਣ ਦਾ ਹੁਕਮ ਸੁਣ ਕੇ, ਸਗੋਂ ਹੋਰ ਵੀ ਧੌਣ ਅਕੜਾ ਦਿੱਤੀ।
ਕਹਿਕੇ, ਸ਼ੇਰ ਨਾ ਝੁੱਕਦੇ ਕਿਸੇ ਅੱਗੇ, ਸ਼ਾਹੀ ਜੁੰਡਲੀ ਸੋਚਾਂ 'ਚ ਪਾ ਦਿੱਤੀ।

ਸੂਬੇ ਆਖਿਆ ਮਰ ਗਿਆ ਪਿਤਾ ਥੋਡਾ, ਨਾਲੇ ਮਰ ਗਏ ਨੇ ਵੱਡੇ ਵੀਰ ਦੋਵੇਂ।
ਛੱਡੋ ਜਿੱਦ, ਇਸਲਾਮ ਕਬੂਲ ਕਰ ਲਉ, ਕਲਮਾ ਪੜ੍ਹੋ ਤੇ ਬਦਲੋ ਤਕਦੀਰ ਦੋਵੇਂ।
ਜਾਨ ਬਚੂ ਤੇ ਮਿਲੂ ਆਰਾਮ ਕਾਕਾ, ਹੋ ਜਾਉਗੇ ਹੁਣੇ ਅਮੀਰ ਦੋਵੇਂ।
ਜੇਕਰ ਨਹੀਂ ਇਸਲਾਮ ਦਾ ਜਾਮ ਪੀਂਦੇ, ਖ਼ਤਮ ਕਰਾਂਗਾ ਸੁਹਣੇ ਸਰੀਰ ਦੋਵੇਂ।

ਸਾਹਿਬਜ਼ਾਦਿਆਂ ਕਿਹਾ ਨਿਝੱਕ ਹੋ ਕੇ, ਐਵੇਂ ਸਾਨੂੰ ਨਾ ਤੂੰ ਪੁਚਕਾਰ ਸੂਬੇ।
ਮਹਾਂਪੁਰਸ਼ਾਂ ਨੂੰ ਬੋਲ ਕੇ ਬੋਲ ਮੰਦੇ, ਸਾਡੀ ਅਣਖ ਨੂੰ ਨਾ ਵੰਗਾਰ ਸੂਬੇ।
ਓਸੇ ਤੇਗ ਬਹਾਦਰ ਦੇ ਅਸੀਂ ਪੋਤੇ, ਜਿਸਨੇ ਸੀਸ ਆਪਣਾ ਦਿੱਤਾ ਵਾਰ ਸੂਬੇ।
ਧਰਮ ਛੱਡ ਕੇ ਜੱਗ 'ਤੇ ਜੀਣ ਨਾਲੋਂ, ਮਰਨ ਲਈ ਹਾਂ ਅਸੀਂ ਤਿਆਰ ਸੂਬੇ।

ਸੁੱਚਾ ਨੰਦ ਦੀਵਾਨ ਸੀ ਬੋਲ ਉਠਿਆ, ਵਖ਼ਤ ਇਨ੍ਹਾਂ ਨੇ ਬਹੁਤ ਹੀ ਪਾ ਛੱਡਿਐ।
ਪਿਤਾ ਇਨ੍ਹਾਂ ਦਾ ਨਹੀਂ ਸੀ ਬਾਜ ਆਉਂਦਾ, ਇਨ੍ਹਾਂ ਹੋਰ ਵੀ ਚੰਨ ਚੜ੍ਹਾ ਛੱਡਿਐ।
ਹੁੰਦੇ ਜੰਮਦੀਆਂ ਸੂਲਾਂ ਦੇ ਮੂੰਹ ਤਿੱਖੇ, ਸਾਨੂੰ ਇਨ੍ਹਾਂ ਪ੍ਰਤੱਖ ਵਿਖਾ ਛੱਡਿਐ।
ਪੁੱਤ ਸੱਪ ਦੇ ਆਖ਼ਰ ਨੂੰ ਸੱਪ ਨਿਕਲੇ, ਵਾਂਗ ਸਪੋਲੀਆਂ ਫਨ ਫੈਲਾ ਛੱਡਿਐ।

ਸ਼ੇਰ ਖਾਂ ਨਵਾਬ ਨੇ ਕਿਹਾ ਕੋਲੋਂ, ਆਪਣਾ ਫਰਜ਼ ਨਾ ਗ਼ਲਤ ਨਿਭਾ ਸੂਬੇ।
ਨਾ ਕੁਰਾਨ ਦੀ ਕਰ ਤੌਹੀਨ ਏਦਾਂ, ਜਿੰਦਾਂ ਨਿੱਕੀਆਂ 'ਤੇ ਤਰਸ ਖਾ ਸੂਬੇ।
ਰੂਹ ਹਜ਼ਰਤ ਮੁਹੰਮਦ ਦੀ ਤੜਪ ਉਠੂ, ਉਸ ਅੱਲ੍ਹਾ ਦਾ ਖ਼ੌਫ ਤੂੰ ਖਾ ਸੂਬੇ।
ਬਦਲਾ ਇਨ੍ਹਾਂ ਦੇ ਬਾਪ ਤੋਂ ਲੈ ਜਾ ਕੇ, ਆਹਮੋਂ ਸਾਹਮਣੇ ਤੇਗ ਚਲਾ ਸੂਬੇ।

ਸੁਣੀ ਗੱਲ ਨਾ ਓਸ ਨਵਾਬ ਵਾਲੀ, ਕਿਹਾ ਕਾਜ਼ੀ ਨੂੰ ਫਤਵਾ ਸੁਣਾ ਦੇਵੋ।
ਕਾਜ਼ੀ ਆਖਿਆ ਦੀਨ ਕਬੂਲਿਆ ਨਹੀਂ, ਇਨ੍ਹਾਂ ਕਾਫ਼ਰਾਂ ਤਾਂਈਂ ਮੁਕਾ ਦੇਵੋ।
ਇਨ੍ਹਾਂ ਤੁਸਾਂ ਨੂੰ ਨਹੀਂ ਸਲਾਮ ਕੀਤੀ, ਹੁਕਮ ਅਦੂਲੀ ਦਾ ਮਜ਼ਾ ਚਖਾ ਦੇਵੋ।
ਤਰਸ ਇਨ੍ਹਾਂ 'ਤੇ ਖਾਉ ਨਾ ਰਤਾ ਜਿੰਨਾਂ, ਜੀਉਂਦੇ ਨੀਹਾਂ ਦੇ ਵਿੱਚ ਚਿਣਵਾ ਦੇਵੋ।

ਮੁੱਖੋਂ ਵਾਹਿਗੁਰੂ ਵਾਹਿਗੁਰੂ ਜਪਣ ਲੱਗੇ, ਜੀਉਂਦੇ ਨੀਹਾਂ 'ਚ ਜਦੋਂ ਖੜ੍ਹਾਏ ਹੈਸਨ।
ਕੰਧ ਮੋਢਿਆਂ ਤੋਂ ਜਦੋਂ ਹੋਈ ਉੱਚੀ, ਸੀਸ ਧੜਾਂ ਤੋਂ ਦੁਸ਼ਟਾਂ ਨੇ ਲਾਹੇ ਹੈਸਨ।
ਖਬਰ ਪੋਤਿਆਂ ਦੀ ਸੁਣ ਕੇ ਮਾਤ ਗੁਜਰੀ, ਸੱਚ ਖੰਡ ਵੱਲੇ ਚਾਲੇ ਪਾਏ ਹੈਸਨ।
ਨੂਰੇ ਮਾਹੀ ਨੇ 'ਮਾਹੀ' ਨੂੰ ਲੈ ਹਉਕੇ, ਕਿੱਸੇ ਜ਼ੁਲਮ ਦੇ ਖੋਲ੍ਹ ਸੁਣਾਏ ਹੈਸਨ।

ਦਰਦਨਾਕ ਇਸ ਸਾਕੇ ਦੀ ਸੁਣ ਗਾਥਾ, ਸੰਗਤ ਰੋਣ ਲੱਗੀ ਫੁੱਟ ਫੁੱਟ ਕੇ ਤੇ ।
ਗੁਰਾਂ ਕਿਹਾ ਲਉ ਮੁਗ਼ਲਾਂ ਦੀ ਜੜ੍ਹ ਪੁੱਟੀ, ਇਕ ਕਾਹੀ ਦੇ ਬੂਟੇ ਨੂੰ ਪੁੱਟ ਕੇ ਤੇ ।
ਰੂਹ ਫੂਕ ਕੇ ਕੌਮ ਦੀਆਂ ਰਗਾਂ ਅੰਦਰ, ਬਹਿ ਗਏ ਪਿਤਾ ਦੀ ਗੋਦ ਵਿੱਚ ਜਾ ਸਿੰਘੋ।
ਵਸਤ ਓਸ ਦੀ ਓਸੇ ਨੂੰ ਸੌਂਪ 'ਜਾਚਕ', ਦਿੱਤਾ ਕਰਜ਼ਾ ਮੈਂ ਸਾਰਾ ਚੁਕਾ ਸਿੰਘੋ।

# ਮਾਤਾ ਗੁਜਰੀ

ਮਾਤਾ ਗੁਜਰੀ ਦੇ ਨਾਲ ਸੀ ਹੋਈ ਜਿਦਾਂ, ਕਿਸੇ ਨਾਲ ਨਹੀਂ ਹੋਈ ਤੇ ਨਾ ਹੋਣੀ।
ਖੇਡਾਂ ਖੇਡੀਆਂ ਹੋਣੀ ਨਾਲ ਉਮਰ ਸਾਰੀ, ਸਿਰ ’ਤੇ ਗੁਜਰੀ ਦੇ ਗੁਜਰੀ ਸੀ ਤਾਂ ਹੋਣੀ।
ਜੇਹੋ ਜਹੀ ਸੀ ਗੁਰੂ ਦਸਮੇਸ਼ ਦੇ ਸਿਰ, ਏਹੋ ਜਹੀ ਨਹੀਂ ਕਿਸੇ ਸਿਰ ਛਾਂ ਹੋਣੀ।
ਗੋਬਿੰਦ ਜਿਹਾ ਨਹੀਂ ਕਿਸੇ ਦਾ ਪੁੱਤ ਹੋਣਾ, ਗੁਜਰੀ ਜਹੀ ਨਹੀਂ ਕਿਸੇ ਦੀ ਮਾਂ ਹੋਣੀ।

ਬੈਠੇ ਭਗਤੀ ’ਚ ਪਤੀ ਦੀ ਕਰ ਸੇਵਾ, 26 ਸਾਲ ਸਨ ਦਿੱਤੇ ਗੁਜਾਰ ਗੁਜਰੀ।
ਤਿਲਕ ਜੰਞੂ ਦੀ ਰੱਖਿਆ ਲਈ ਪਹਿਲਾਂ, ਦਿੱਤਾ ਸਿਰ ਦੇ ਸਾਂਈਂ ਨੂੰ ਵਾਰ ਗੁਜਰੀ।
ਨੀਹਾਂ ਲਈ ਪਿਆਰਿਆਂ ਪੋਤਿਆਂ ਨੂੰ, ਹੱਥੀਂ ਆਪਣੀ ਕੀਤਾ ਤਿਆਰ ਗੁਜਰੀ।
ਪਰਵਦਗਾਰ ਦਾ ਸ਼ੁਕਰ ਮਨਾ ਆਖਰ, ਗੁਜਰ ਗਈ ਸਰਬੰਸ ਨੂੰ ਵਾਰ ਗੁਜਰੀ।

ਨੰਨੇ ਮੁੰਨੇ ਜਿਹੇ ਪੋਤਰੇ ਨਾਲ ਲੈ ਕੇ, ਵਿਛੜ ਗਈ ਸੀ ਨਾਲੋਂ ਪਰਵਾਰ ਮਾਤਾ।
ਅੱਗੋਂ ਗੰਗੂ ਦੇ ਰੂਪ ਵਿੱਚ ਮਿਲੀ ਹੋਣੀ, ਤੁਰ ਪਈ ਉਸ ’ਤੇ ਕਰ ਇਤਬਾਰ ਮਾਤਾ।
ਕਿਸੇ ਨਾਲ ਨਹੀਂ ਕੋਈ ਵੀ ਗੱਲ ਕਰਨੀ, ਕਹਿੰਦੀ ਰਹੀ ਉਹਨੂੰ ਵਾਰ ਵਾਰ ਮਾਤਾ।
ਪਰ ਲਾਲਚ ਵਸ ਹੋ ਪਾਪੀ ਕਰਵਾ ਦਿੱਤੀ, ਸਾਹਿਬਜ਼ਾਦਿਆਂ ਨਾਲ ਗ੍ਰਿਫਤਾਰ ਮਾਤਾ।

ਪਾ ਕੇ ਲਾਹਨਤਾਂ ਮਾਤਾ ਜੀ ਕਹਿਣ ਲੱਗੇ, ਤੂੰ ਤਾਂ ਮਾਇਆ ਦਾ ਹੋਇਉਂ ਗੁਲਾਮ ਗੰਗੂ।
ਪਲਦਾ ਰਿਹਾ ਤੂੰ ਸਾਡਿਆਂ ਟੁਕੜਿਆਂ ’ਤੇ, ਚੰਗਾ ਦਿੱਤਾ ਈ ਉਹਦਾ ਇਨਾਮ ਗੰਗੂ।
ਸਾਨੂੰ ਦੁਸ਼ਟਾਂ ਦੇ ਹੱਥ ਫੜਾ ਕੇ ਤੇ, ਬਾਹਮਣ ਕੌਮ ਨੂੰ ਕੀਤਾ ਬਦਨਾਮ ਗੰਗੂ।
ਸੋਲਾਂ ਸਾਲ ਤੂੰ ਗੁਰੂ ਕਾ ਨਮਕ ਖਾਧਾ, ਹੁਣ ਤੂੰ ਹੋ ਗਿਐਂ ਨਮਕ ਹਰਾਮ ਗੰਗੂ।

ਠੰਡੇ ਬੁਰਜ ਅੰਦਰ, ਠੰਡੀ ਥਾਂ ਉੱਤੇ, ਠੰਡੀ ਠਾਰ ਗੁਜਾਰੀ, ਹਰ ਰਾਤ ਗੁਜਰੀ।
ਸਮਾਂ ਬੜਾ ਭਿਆਨਕ ਹੈ ਆਉਣ ਵਾਲਾ, ਸਾਹਵੇਂ ਤੱਕੇ ਸਨ ਸਾਰੇ ਹਾਲਾਤ ਗੁਜਰੀ।
ਆਪਣੇ ਪੁੱਤ ਦੇ ਜਿਗਰ ਦੇ ਟੁਕੜਿਆਂ ਨੂੰ, ਸਮੇਂ ਸਮੇਂ ਸਮਝਾਈ ਹਰ ਬਾਤ ਗੁਜਰੀ।
ਲਾਡ ਰਹੀ ਲਡਾਉਂਦੀ ਸੀ ਪੋਤਿਆਂ ਨੂੰ, ਮਾਂ ਦੀ ਮਮਤਾ ਦੀ ਮੂਰਤ ਸੀ ਮਾਤ ਗੁਜਰੀ।

ਮੁਖੜਾ ਚੁੰਮ ਦੁਮਾਲੇ ਸਜਾ ਕੇ ਤੇ, ਕਿਹਾ ਲਾਡਲੇ ਲਾਲ ਦੇ ਲਾਲ ਬੱਚਿਉ।
ਤੁਸਾਂ ਤਾਂਈਂ ਭਰਮਾਉਣ ਦਾ ਯਤਨ ਕਰਨੈ, ਮੋਮੋਠਗਣੀਆਂ ਗੱਲਾਂ ਦੇ ਨਾਲ ਬੱਚਿਉ।
ਨਾ ਹੀ ਡੋਲਣਾ, ਡਰਨਾ ਨਾ ਕਿਸੇ ਕੋਲੋਂ, ਕਰਨੈ ਤੁਸਾਂ ਨੂੰ ਹਾਲੋਂ ਬੇਹਾਲ ਬੱਚਿਉ।
ਪਰ ਥੋਡਾ ਵਾਲ ਵੀ ਵਿੰਗਾ ਨਹੀਂ ਹੋ ਸਕਦਾ, ਰਾਖਾ ਤੁਸਾਂ ਦਾ ਪੁਰਖ ਅਕਾਲ ਬੱਚਿਉ।

ਏਸ ਗੱਲ ਦਾ ਖਾਸ ਖਿਆਲ ਰੱਖਿਉ, ਦਾਗ ਲੱਗੇ ਨਾ ਦਾਦੇ ਦੀ ਪੱਗ ਉੱਤੇ।
ਡਰਨਾ ਡੋਲਨਾ ਨਹੀਂ ਬੇਸ਼ਕ ਜ਼ਾਲਿਮ, ਛੁਰੀ ਰੱਖ ਦੇਵਣ ਸ਼ਾਹ ਰੱਗ ਉੱਤੇ।
ਸਦਾ ਸਦਾ ਦੇ ਲਈ ਬੁਝਾ ਦੇਣੀ, ਪਾ ਕੇ ਖ਼ੂਨ ਆਪਣਾ, ਜ਼ੁਲਮੀ ਅੱਗ ਉੱਤੇ।
ਡੋਲੇ ਨਹੀਂ ਪੋਤੇ, ਨੌਵੇਂ ਪਾਤਸ਼ਾਹ ਦੇ, ਜੈ ਜੈ ਕਾਰ ਹੋ ਗਈ ਸਾਰੇ ਜੱਗ ਉੱਤੇ।

ਵੜਨ ਲੱਗੇ ਕਚਿਹਰੀ ਤਾਂ ਕਿਹਾ ਦੁਸ਼ਟਾਂ, ਝੁਕ ਕੇ ਸੂਬੇ ਨੂੰ ਕਰੋ ਸਲਾਮ ਬੱਚਿਓ।
ਥੋਡੀ ’ਵਾ ਵੱਲ ਕੋਈ ਨਹੀਂ ਤੱਕ ਸਕਦਾ, ਮੰਨ ਲਉ ਜੇ ਦੀਨ ਇਸਲਾਮ ਬੱਚਿਓ।
ਇਕ ਪਾਸੇ ਹੈ ਸੂਲਾਂ ਦੀ ਸੇਜ ਬੱਚਿਉ, ਦੂਜੇ ਪਾਸੇ ਹੈ ਸੁੱਖ ਆਰਾਮ ਬੱਚਿਉ।
ਜੇਕਰ ਕਿਸੇ ਵੀ ਕਿਸਮ ਦੀ ਅੜੀ ਕੀਤੀ, ਪੀਣਾ ਪਊਗਾ ਮੌਤ ਦਾ ਜਾਮ ਬੱਚਿਉ।

ਕਹਿਣ ਕੋਟਲੇ ਵਾਲਾ ਨਵਾਬ ਲੱਗਾ, ਏਥੇ ਕਿਸੇ ਦੀ ਨੀਯਤ ਨਹੀਂ ਸਾਫ਼ ਸੂਬੇ।
ਚੁੱਪ ਹੋ ਕੇ ਸਾਰੇ ਮਜਬੂਰ ਬੈਠੇ, ਕੱਢੀ ਕਿਸੇ ਨਹੀਂ ਦਿਲਾਂ ਦੀ ਭਾਫ਼ ਸੂਬੇ।
ਇਨ੍ਹਾਂ ਬੱਚਿਆਂ ਦਾ ਨਹੀਂ ਕਸੂਰ ਕੋਈ, ਇਨ੍ਹਾਂ ਨਾਲ ਤੂੰ ਕਰ ਇਨਸਾਫ ਸੂਬੇ।
ਬਦਲਾ ਇਨ੍ਹਾਂ ਦੇ ਬਾਪ ਤੋਂ ਲੈ ਜਾ ਕੇ, ਕਰਦੇ ਐਪਰ ਮਾਸੂਮਾਂ ਨੂੰ ਮਾਫ ਸੂਬੇ।

ਸੁੱਚਾ ਨੰਦ ਦੀਵਾਨ ਤੱਦ ਬੋਲ ਉਠਿਆ, ਐਵੇਂ ਇਨ੍ਹਾਂ ’ਤੇ ਤਰਸ ਨਾ ਖਾਓ ਬਹੁਤਾ।
ਪੁੱਤ ਸੱਪਾਂ ਦੇ ਆਖਰ ਨੂੰ ਸੱਪ ਹੁੰਦੇ, ਇਨ੍ਹਾਂ ਤਾਂਈ ਨਾ ਦੁੱਧ ਪਿਲਾਓ ਬਹੁਤਾ।
ਪਿਤਾ ਇਨ੍ਹਾਂ ਦੇ ਮਾਰੇ ਜਰਨੈਲ ਸਾਡੇ, ਇਹਦੇ ਵੱਲ ਧਿਆਨ ਲਿਜਾਓ ਬਹੁਤਾ।
ਬਾਗੀ ਪਿਉ ਦੇ ਬਾਗੀ ਨੇ ਇਹ ਬੱਚੇ, ਇਨ੍ਹਾਂ ਤਾਂਈਂ ਨਾ ਸਿਰੇ ਚੜ੍ਹਾਓ ਬਹੁਤਾ।

ਨੀਹਾਂ ਵਿੱਚ ਸਨ ਚਿਣੀਆਂ ਮਾਸੂਮ ਜਿੰਦਾਂ, ਧੁਰ ਅੰਦਰੋਂ ਨੀਯਤ ਦੇ ਖੋਟਿਆਂ ਨੇ।
ਬਹੁਤ ਵੱਡਾ ਮੈਦਾਨ ਕੋਈ ਮਾਰ ਲੀਤੈ, ਏਦਾਂ ਸੋਚਿਆ ਅਕਲ ਦੇ ਮੋਟਿਆਂ ਨੇ।

ਸਿੱਖੀ ਸਿਦਕ ਨੂੰ ਆਂਚ ਨਹੀਂ ਆਉਣ ਦਿੱਤੀ,ਦਸਮ ਪਿਤਾ ਦੇ ਜਿਗਰ ਦੇ ਟੋਟਿਆਂ ਨੇ।
ਵੱਡੇ ਵੱਡੇ ਵੀ ਜੋ ਨਹੀਂ ਕਰ ਸਕਦੇ, ਉਹ ਕੁਝ ਕਰ ਵਿਖਾਇਆ ਸੀ ਛੋਟਿਆਂ ਨੇ।

ਜੀਉਂਦੇ ਜੀਅ ਹੀ ਚਿਣੇ ਗਏ ਵਿੱਚ ਨੀਹਾਂ, ਇੱਟਾਂ ਵਿੱਚ ਲਪੇਟੇ ਗਏ ਲਾਲ ਦੋਵੇਂ।
ਕੱਚੀ ਉਮਰ ’ਚ ਕਰਨ ਲਈ ਕੰਮ ਪੱਕੇ, ਖੜੇ ਹੋ ਗਏ ਸੀ ਨਾਲੋ ਨਾਲ ਦੋਵੇਂ।
ਸਾਹਵੇਂ ਮੌਤ ਮਰਜਾਣੀ ਨੂੰ ਤੱਕ ਕੇ ਵੀ, ਖਿੜੇ ਰਹੇ ਸਨ ਵਿੱਚ ਜਲਾਲ ਦੋਵੇਂ।
ਬਾਲ ਉਮਰ ’ਚ ਬਣ ਗਏ ਸਨ ‘ਬਾਬੇ’, ਕਲਗੀਧਰ ਦੇ ਨੌ-ਨਿਹਾਲ ਦੋਵੇਂ।

ਭੋਲੇ ਭਾਲੇ ਤੇ ਸਨ ਮਾਸੂਮ ਬਾਲਕ, ਫਤਹਿ ਸਿੰਘ ਅਤੇ ਜ਼ੋਰਾਵਰ ਦੋਵੇਂ।
ਸੀਨਾ ਤਾਣ ਕੇ ਖੜ ਗਏ ਨੀਂਹ ਅੰਦਰ, ਸੀਸ ਤਲੀ ’ਤੇ ਆਪਣੇ ਧਰ ਦੋਵੇਂ।
ਜਬਰ ਜ਼ੁਲਮ ਤੇ ਧਾਰਮਿਕ ਹੱਠ ਵਾਲੀ, ਜਰ ਗਏ ਸਨ ਪੀੜ ਅਜਰ ਦੋਵੇਂ ।
ਲਿਖਦੀ ਕਲਮ ਰੋਈ ਭੁੱਬਾਂ ਮਾਰ ਕੇ ਤੇ, ਨੈਣ ਹੋ ਗਏ ‘ਜਾਚਕ’ ਦੇ ਤਰ ਦੋਵੇਂ।

ਗੁਜ਼ਰ ਗਏ ਜਦ ਪੋਤਰੇ ਸੁਣੇ ਗੁਜਰੀ, ਰੱਬ ਦਾ ਸ਼ੁਕਰ ਮਨਾ ਫਿਰ ਤਾਂ ਗੁਜਰੀ।
ਸਾਰੀ ਉਮਰ ਜਿਸ ਦੁੱਖਾਂ ਦੀ ਧੁੱਪ ਸੇਕੀ, ਕਰਦੀ ਰਹੀ ਉਹ ਕੌਮ ’ਤੇ ਛਾਂ ਗੁਜਰੀ।
ਪੂਜਨਯੋਗ ਉਹ ਬਣ ਗਿਆ ਬੁਰਜ ਠੰਡਾ, ਪੂਜਯ ਮਾਤ ਗੁਜਰੀ ਜਿਹੜੀ ਥਾਂ ਗੁਜਰੀ।
ਸਾਰੇ ਪਿਆਰ ਸਤਿਕਾਰ ਦੇ ਨਾਲ ਬੋਲੋ, ਧੰਨ ਮਾਂ ਗੁਜਰੀ, ਧੰਨ ਮਾਂ ਗੁਜਰੀ।
‘ਜਾਚਕ’ ਨਾਲ ਸਤਿਕਾਰ ਦੇ ਸਭ ਬੋਲੋ, ਧੰਨ ਮਾਂ ਗੁਜਰੀ, ਧੰਨ ਮਾਂ ਗੁਜਰੀ।

# ਖਾਲਸੇ ਦਾ ਜਨਮ ਦਿਹਾੜਾ

ਪੂਰਾ ਕਰਨ ਲਈ ਸਿੱਖੀ ਸਰੂਪ ਤਾਂਈਂ, ਦਸਵੇਂ ਪਾਤਸ਼ਾਹ ਚੋਜ ਰਚਾਉਣ ਲੱਗੇ।
ਸਬਕ ਦੇਣ ਲਈ ਜ਼ਾਲਮ ਜਰਵਾਣਿਆਂ ਨੂੰ, ਸ਼ੇਰ ਗਿੱਦੜਾਂ ਤਾਂਈਂ ਬਨਾਉਣ ਲੱਗੇ।
ਭਗਤੀ ਸ਼ਕਤੀ ਦਾ ਮੇਲ ਮਿਲਾਪ ਕਰ ਕੇ, ਨਿਆਰਾ ਖਾਲਸਾ ਪੰਥ ਸਜਾਉਣ ਲੱਗੇ।
ਜਿਹਦੀ ਮਹਿਕ ਸੰਸਾਰ ਦੇ ਵਿੱਚ ਫੈਲੇ, ਐਸਾ ਬੂਟਾ ਨੇ ਅੱਜ ਉਹ ਲਾਉਣ ਲੱਗੇ।

ਕੇਸਗੜ੍ਹ ਦਾ ਖੁੱਲ੍ਹਾ ਮੈਦਾਨ ਚੁਣਿਆ, ਸੂਰੇ ਚੁਨਣ ਲਈ ਭਰੇ ਦਰਬਾਰ ਵਿੱਚੋਂ।
ਉਨ੍ਹਾਂ ਤੇਗ਼ ਮਿਆਨ ’ਚੋਂ ਜਦੋਂ ਕੱਢੀ, ਲਿਸ਼ਕੀ ਬਿਜਲੀ ਸੀ ਉਸ ਦੀ ਧਾਰ ਵਿੱਚੋਂ।

ਉੱਚੀ ਗਰਜੇ ਜਦ ਹੱਥ ਸ਼ਮਸ਼ੀਰ ਲੈ ਕੇ, ਚੁੱਪ ਛਾ ਗਈ ਸਾਰੇ ਦੀਵਾਨ ਅੰਦਰ।
ਅੱਖਾਂ ਵਿੱਚ ਸ਼ੋਅਲੇ, ਤਿਊੜੀ ਮੁੱਖੜੇ ’ਤੇ, ਆਇਆ ਜਿਵੇਂ ਸੀ ਕੋਈ ਤੂਫਾਨ ਅੰਦਰ।
ਕੀਤੀ ਸਿਰਾਂ ਦੀ ਮੰਗ ਜਾਂ ਪਾਤਸ਼ਾਹ ਨੇ, ਮੌਤ ਦਿੱਸੀ ਸੀ ਓਦੋਂ ਕਿਰਪਾਨ ਅੰਦਰ।
ਲਾੜੀ ਮੌਤ ਨੂੰ ਵਰਨ ਲਈ ਦੂਲਿਓ ਓਇ, ਆਉ ਨਿੱਤਰੋ ਅੱਜ ਮੈਦਾਨ ਅੰਦਰ।

ਪਿਆਸੀ ਤੇਗ ਦੀ ਪਿਆਸ ਬੁਝਾਉ ਆ ਕੇ, ਧਰ ਕੇ ਤਲੀ ’ਤੇ ਸੀਸ ਦਰਬਾਰ ਵਿੱਚੋਂ।
’ਵਾਜਾਂ ਮਾਰਦੀ ਸ਼ਮ੍ਹਾਂ ਪਰਵਾਨਿਆਂ ਨੂੰ, ਲਓ ਜਨਮ ਤਲਵਾਰ ਦੀ ਧਾਰ ਵਿੱਚੋਂ।

ਕਲਗੀਧਰ ਦੀ ਇਹ ਲਲਕਾਰ ਸੁਣ ਕੇ, ‘ਦਇਆ ਰਾਮ’ ਨੇ ਸੀਸ ਝੁਕਾ ਦਿੱਤਾ।
ਲੋਕਾਂ ਖੂਨ ਦੀ ਨਿਕਲਦੀ ਧਾਰ ਵੇਖੀ, ਸੀਸ ਧੜ ਤੋਂ ਗੁਰਾਂ ਜਦ ਲਾਹ ਦਿੱਤਾ।
‘ਧਰਮ ਦਾਸ’ ਤੇ ‘ਹਿੰਮਤ’ ਨੇ ਕਰ ਹਿੰਮਤ, ਆਪਾ ਤੇਗ਼ ਦੀ ਭੇਟ ਚੜ੍ਹਾ ਦਿੱਤਾ।
‘ਮੁਹਕਮ ਚੰਦ’ ਨੇ ਤੇ ‘ਸਾਹਿਬ ਚੰਦ’ ਨੇ ਵੀ, ਲੇਖੇ ਗੁਰਾਂ ਦੇ ਜਿੰਦ ਨੂੰ ਲਾ ਦਿੱਤਾ।

ਇਨ੍ਹਾਂ ਪੰਜਾਂ ਨੇ ਆਪਾ ਕੁਰਬਾਨ ਕਰਕੇ, ਉੱਚਾ ਨਾਂ ਸੀ ਕੀਤਾ ਸੰਸਾਰ ਵਿੱਚੋਂ।
ਇਹ ਤਾਂ ਗੁਰੂ ਜਾਣੇ ਅੰਦਰ ਕੀ ਕੀਤਾ, (ਪਰ) ਚੋਇਆ ਲਹੂ ਤਲਵਾਰ ਦੀ ਧਾਰ ਵਿੱਚੋਂ।

ਨੂਰੀ ਕੌਤਕ ਨੂੰ ਤੱਕਿਆ ਸੰਗਤਾਂ ਨੇ, ਜਦੋਂ ਤੰਬੂ ’ਚੋਂ ਮੇਰੇ ਦਾਤਾਰ ਨਿਕਲੇ।
ਪੰਜੇ ਸੀਸ ਜੁੜ ਗਏ ਪੰਜਾਂ ਸਿਰਾਂ ਉੱਤੇ, ਪੰਜੇ ਪਹਿਨ ਕੇ ਪੂਰੇ ਕਕਾਰ ਨਿਕਲੇ।
ਜਿੰਨ੍ਹਾਂ ਮੌਤ ’ਚੋਂ ਜ਼ਿੰਦਗੀ ਲੱਭ ਲਈ ਸੀ, ਸਿਰ ’ਤੇ ਬੰਨ੍ਹ ਕੇ ਸੋਹਣੀ ਦਸਤਾਰ ਨਿਕਲੇ।
ਪਾ ਕੇ ਮੌਤ ਦੀ ਗੋਦ ’ਚੋਂ ਨਵਾਂ ਜੀਵਨ, ਅੱਗੇ ਪਿਛੇ ਸਨ ਜਾਂ-ਨਿਸਾਰ ਨਿਕਲੇ।

ਔਖੀ ਘਾਟੀ ਤੇ ਮੁਸ਼ਕਲ ਸੀ ਬੜਾ ਪੈਂਡਾ, ਪੂਰੇ ਨਿਤਰੇ ਪੰਜ ਲਲਕਾਰ ਵਿੱਚੋਂ।
ਪੰਜੇ ਹੋਏ ਪ੍ਰਵਾਨ ਸੰਸਾਰ ਅੰਦਰ, ਜਨਮੇ ਜੋ ਤਲਵਾਰ ਦੀ ਧਾਰ ਵਿੱਚੋਂ।

ਗੁਰਾਂ ਲੋਹੇ ਦੇ ਬਾਟੇ ’ਚ ਜਲ ਪਾਇਆ, ਮਨ ਸਿੱਖਾਂ ਦਾ ਨਿਰਮਲ ਬਣਾਉਣ ਖਾਤਰ।
‘ਮਾਤਾ ਜੀਤੋ’ ਪਤਾਸੇ ਸੀ ਪਾ ਦਿੱਤੇ, ਅੰਮ੍ਰਿਤ ਵਿੱਚ ਮਿਠਾਸ ਲਿਆਉਣ ਖਾਤਰ।
ਪੜ੍ਹੀ ਬਾਣੀ ਤੇ ਫੇਰਿਆ ਨਾਲ ਖੰਡਾ, ਭਗਤੀ ਸ਼ਕਤੀ ਨੂੰ ਵਿੱਚ ਮਿਲਾਉਣ ਖਾਤਰ।
ਐਸੀ ਗੁਰਾਂ ਨੇ ਪਾਹੁਲ ਤਿਆਰ ਕੀਤੀ, ਚਿੜੀਆਂ ਬਾਜਾਂ ਦੇ ਨਾਲ ਲੜਾਉਣ ਖਾਤਰ।

ਜਦੋਂ ਬਾਣੀ ਤੇ ਖੰਡੇ ਦਾ ਮੇਲ ਹੋਇਆ, ਫੁਟਿਆ ਅੰਮ੍ਰਿਤ ਦਾ ਸੋਮਾ ਸਾਕਾਰ ਵਿੱਚੋਂ।
ਪਹਿਲਾਂ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ, ਜਨਮੇਂ ਜੋ ਤਲਵਾਰ ਦੀ ਧਾਰ ਵਿੱਚੋਂ।

ਸੀਸ ਭੇਟ ਲੈ ਕੇ ਸੱਚੇ ਸਤਿਗੁਰੂ ਨੇ, ਸਾਜੇ ਪੰਜ ਪਿਆਰੇ ਜਹਾਨ ਦੇ ਲਈ।
ਇਕੋ ਬਾਟੇ ’ਚ ਅੰਮ੍ਰਿਤ ਛਕਾ ਦਿੱਤਾ, ਊਚ ਨੀਚ ਦਾ ਫਰਕ ਮਿਟਾਨ ਦੇ ਲਈ।
ਸ਼ੇਰ ਗਿੱਦੜੋਂ ਉਨ੍ਹਾਂ ਬਣਾ ਦਿੱਤੇ, ਜੜ੍ਹ ਜ਼ੁਲਮ ਦੀ ਮੁੱਢੋਂ ਹਿਲਾਨ ਦੇ ਲਈ।
ਪੰਜਾਂ ਵਿੱਚੋਂ ਪ੍ਰਮੇਸ਼ਰ ਦਾ ਰੂਪ ਤੱਕ ਕੇ, ਕੀਤੀ ਅਰਜ਼ ਆਪੂੰ ਅੰਮ੍ਰਿਤਪਾਨ ਦੇ ਲਈ।

ਦਿੱਤਾ ਬਚਨ ਸਰਬੰਸ ਨੂੰ ਵਾਰਨੇ ਦਾ, ਪੀਤੀ ਪਾਹੁਲ ਜਦ ਖੰਡੇ ਦੀ ਧਾਰ ਵਿੱਚੋਂ।
ਹੋ ਗਏ ਮਰ ਕੇ ਸਦਾ ਲਈ ਅਮਰ ‘ਜਾਚਕ’, ਜਨਮੇ ਜੋ ਤਲਵਾਰ ਦੀ ਧਾਰ ਵਿੱਚੋਂ।

# ਅੰਮ੍ਰਿਤ

ਝੂਠ ਉੱਤੇ ਹੈ ਸੱਚ ਦੀ ਜਿੱਤ ਅੰਮ੍ਰਿਤ, ਬਿੱਖ ਉੱਤੇ ਹੈ ਫਤਹਿ ਦਾ ਨਾਮ ਅੰਮ੍ਰਿਤ।
ਕਊਆ ਬਿਰਤੀ ਛੁਡਾ ਕੇ ਸਦਾ ਦੇ ਲਈ, ਹੰਸ ਬਿਰਤੀ ਦਾ ਦਿੰਦੈ ਪੈਗਾਮ ਅੰਮ੍ਰਿਤ।
ਚੰਚਲ ਮਨ ਦੇ ਘੋੜੇ ਇਸ ਅੱਥਰੇ ਨੂੰ, ਸਦਾ ਲਈ ਹੈ ਪਾਉਂਦਾ ਲਗਾਮ ਅੰਮ੍ਰਿਤ।
ਖੰਡੇ ਬਾਟੇ ਦੇ ਅੰਮ੍ਰਿਤ ਦੇ ਨਾਲ ਆਪਾ, ਛਕਣੈ ਬਾਣੀ ਦਾ ਸੁਭ੍ਹਾ ਤੇ ਸ਼ਾਮ ਅੰਮ੍ਰਿਤ।

# ਅੰਮ੍ਰਿਤ

ਜਿਵੇਂ ਕਪੜੇ ਦੇ ਪਾਟੇ ਟੋਟਿਆਂ ਨੂੰ, ਸੂਈ ਨਾਲ ਸਿਵਾਉਣ ਦੀ ਲੋੜ ਪੈਂਦੀ।
ਦੋ ਇਟਾਂ ਨੂੰ ਆਪੋ ਵਿੱਚ ਜੋੜਨੇ ਲਈ, ਸੀਮਿੰਟ ਲਗਾਉਣ ਦੀ ਲੋੜ ਪੈਂਦੀ।
ਜਿਵੇਂ ਅਣਖ ਤੇ ਇਜ਼ਤ ਲਈ ਕਈ ਵਾਰੀ, ਜਿੰਦੜੀ ਘੋਲ ਘੁਮਾਉਣ ਦੀ ਲੋੜ ਪੈਂਦੀ।
ਏਵੇਂ ਗੁਰੂ ਨਾਲ ਸਦਾ ਲਈ ਜੁੜਨ ਖਾਤਰ, ਅੰਮ੍ਰਿਤ ਛੱਕਣ ਛਕਾਉਣ ਦੀ ਲੋੜ ਪੈਂਦੀ।

# ਵਿਸਾਖੀ

ਚੁਣ ਕੇ ਦਿਨ ਵਿਸਾਖੀ ਦਾ ਗੁਰੂ ਦਸਵੇਂ, ਪੱਤਰ ਭੇਜੇ ਵਿੱਚ ਦੇਸ਼ ਵਿਦੇਸ਼ ਹੈਸਨ।
ਚੋਜੀ ਪ੍ਰੀਤਮ ਨੇ ਚੋਜ ਰਚਾਉਣ ਖਾਤਰ, ਸਾਹਵੇਂ ਰੱਖੇ ਕੋਈ ਖਾਸ ਉਦੇਸ਼ ਹੈਸਨ ।
ਮਾਰਚ 30 ਸੋਲਾਂ ਸੌ ਨੜਿਨਵੇਂ ਦੀ, ਗਏ ਸਜਾਏ ਦੀਵਾਨ ਵਿਸ਼ੇਸ਼ ਹੈਸਨ।
ਸ੍ਰੀ ਅਨੰਦਪੁਰ ਦੀ ਪਾਵਨ ਧਰਤ ਉੱਤੇਂ, ਲੱਗੇ ਕਰਨ ਕੋਈ ਕੌਤਕ ਦਸਮੇਸ਼ ਹੈਸਨ।

ਪੂਰੇ ਜਾਹੋ ਜਲਾਲ ਦੇ ਵਿੱਚ ਆ ਕੇ, ਚੰਡੀ ਧੂਹੀ ਜਦ ਉਨ੍ਹਾਂ ਮਿਆਨ ਵਿੱਚੋਂ ।
ਮਹਾਂਬਲੀ ਦਸਮੇਸ਼ ਦਾ ਤੱਕ ਚਿਹਰਾ, ਨਿਕਲੀ ਕਈਆਂ ਦੀ ਜਿੰਦ ਤੇ ਜਾਨ ਵਿੱਚੋਂ।
ਕੀਤੀ ਸਿਰਾਂ ਦੀ ਮੰਗ ਜਦ ਪਾਤਸ਼ਾਹ ਨੇ, ਪੰਜ ਨਿਤਰੇ ਮਰਦ ਦੀਵਾਨ ਵਿੱਚੋਂ।
ਪੰਜੇ ਹੋਏ ਪ੍ਰਵਾਨ ਉਹ ਪੰਥ ਅੰਦਰ, ਪਾਸ ਹੋ ਗਏ ਜੋ ਇਮਤਿਹਾਨ ਵਿੱਚੋਂ।

ਮਹਾਂਬਲੀ ਦਸਮੇਸ਼ ਨੇ ਕਿਹਾ ਮੁੱਖੋਂ, ਥੋਨੂੰ ਕੋਈ ਵੀ ਆਂਚ ਨਹੀਂ ਆ ਸਕਦੀ।
ਜਦ ਤੱਕ ਰਹੂ ਨਿਆਰਾ ਸਰੂਪ ਥੋਡਾ, ਥੋਡੀ ਹੋਂਦ ਨੂੰ ਹੋਣੀ ਨਹੀਂ ਖਾ ਸਕਦੀ।
ਇਸ ਦੁਨੀਆਂ ਦੀ ਕਿਤੇ ਵੀ ਕੋਈ ਸ਼ਕਤੀ, ਥੋਡੀ ਪੱਗ ਨੂੰ ਹੱਥ ਨਹੀਂ ਪਾ ਸਕਦੀ।
ਚੱਲ ਪਏ ਜੇ ਬਿਪਰਨ ਕੀ ਰੀਤ ਸਿੰਘੋ, ਕੋਈ ਤਾਕਤ ਨਹੀਂ ਤੁਹਾਨੂੰ ਬਚਾ ਸਕਦੀ।

ਏਕਾ ਜਾਬਤਾ ਅਤੇ ਇਖਲਾਕ ਤਿੰਨੇ, ਚੜ੍ਹਦੀ ਕਲਾ ਦੇ ਹੁੰਦੇ ਪ੍ਰਤੀਕ ਸਿੰਘੋ।
ਜਿਹੜੀ ਕੌਮ ਨਾ ਇੰਨਾਂ ’ਤੇ ਦਏ ਪਹਿਰਾ, ਉਠ ਸਕਦੀ ਨਹੀਂ, ਸਦੀਆਂ ਤੀਕ ਸਿੰਘੋ।
ਫੁੱਟ ਵਾਲੀਆਂ ਜੋਕਾਂ ਇਹ ਖੂਨ ਸਾਡਾ, ਪੀ ਜਾਣਗੀਆਂ ਲਾ ਕੇ ਡੀਕ ਸਿੰਘੋ।
ਏਹਨੇ ਕੌਮ ਦੇ ਤਾਂਈ ਖੁਆਰ ਕਰਨੈ, ਸਮਝੋ ਏਸ ਨੂੰ ਪੱਥਰ ‘ਤੇ ਲੀਕ ਸਿੰਘੋ।

ਪ੍ਰਗਟ ਹੋਇਆ ਇਹ ਓਸ ਦੇ ਹੁਕਮ ਅੰਦਰ, ‘ਕਾਲ ਪੁਰਖ ਦੀ ਫੌਜ ਗੁਰ ਖਾਲਸਾ ਏ।
ਜੀਹਨੇ ਬਦੀ ਦਾ ਦੁਨੀਆਂ ’ਚੋਂ ਨਾਸ ਕਰਨੈ, ਉਹਦੇ ਮਨ ਦੀ ਮੌਜ ਗੁਰ ਖਾਲਸਾ ਏ।
ਜੀਹਦੀ ਦਿੱਖ ਨਿਆਰੀ ਸੰਸਾਰ ਅੰਦਰ, ਗੁਰੂ ਸਾਹਿਬਾਂ ਦੀ ਫੌਜ ਗੁਰ ਖਾਲਸਾ ਏ।
ਚੋਜੀ ਪ੍ਰੀਤਮ ਦੇ ਚੋਜਾਂ ਨਿਆਰਿਆਂ ’ਚੋਂ,ਜਾਚਕ ਨਿਰਾਲਾ ਜਿਹਾ ਚੋਜ ਗੁਰ ਖਾਲਸਾ ਏ।

# ਅਨੋਖਾ ਆਦੇਸ਼

ਫੇਰ ਸਤਿਗੁਰਾਂ ਭਰੇ ਦੀਵਾਨ ਅੰਦਰ, ਦਿੱਤਾ ਇਕ ਅਨੋਖਾ ਆਦੇਸ਼ ਆ ਕੇ।
ਥੋਡੇ ਖੂਨ ਦੀ ਪਿਆਸੀ ਹੈ ਇਹ ਚੰਡੀ, ਕਰੋ ਸੀਸ ਕੋਈ ਆਪਣਾ ਪੇਸ਼ ਆ ਕੇ।
ਖੂਨ ਨਾਲ ਪਿਆਸ ਬੁਝਾ ਆਪਣੀ, ਫੇਰ ਜਾਣੈ ਮਿਆਨ ਵਿੱਚ ਏਸ ਆ ਕੇ।
ਵਾਰੀ ਵਾਰੀ ਦਸਮੇਸ਼ ਦੀ ਮੰਗ ਸੁਣਕੇ, ਕੀਤਾ ਪੰਜਾਂ ਨੇ ਆਪਾ ਸੀ ਪੇਸ਼ ਆ ਕੇ।

# ਦਸਮੇਸ਼ ਪਿਤਾ ਦਾ ਐਲਾਨ

ਗੁਰਾਂ ਕਿਹਾ ਜੋ ਸਦਾ ਲਈ ਅਮਰ ਕਰ ਦਏ, ਅੰਮ੍ਰਿਤ ਤੁਸਾਂ ਨੂੰ ਉਹ ਪਿਲਾ ਦਿੱਤੈ।
ਬੂਟਾ ਸੱਚ ਤੇ ਧਰਮ ਦਾ ਲਾ ਕੇ ਤੇ, ਸਿਰਜਨਹਾਰ ਦਾ ਹੁਕਮ ਨਿਭਾ ਦਿੱਤੈ।
ਸੀਨਾ ਤਾਣ ਕੇ ਜੀਣਾ ਏ ਜੱਗ ਅੰਦਰ, ਥੋਨੂੰ ਸ਼ੇਰ ਦੇ ਜਾਮੇ ’ਚ ਪਾ ਦਿੱਤੈ।
ਲੱਖਾਂ ਵਿੱਚ ਵੀ ਖੜੇ ਦਾ ਪਤਾ ਲੱਗੇ, ਐਸਾ ਸੋਹਣਾ ਸਰੂਪ ਬਣਾ ਦਿੱਤੈ।

ਨਾਲੇ ਆਖਿਆ ਅੱਜ ਤੋਂ ਖਾਲਸਾ ਜੀ, ਥੋਡਾ ਧਰਮ ਇੱਕੋ ਥੋਡੀ ਜਾਤ ਇੱਕੋ।
ਸਿੰਘ ਸੂਰਮੇ ਤੁਸੀਂ ਬਲਵਾਨ ਯੋਧੇ, ਥੋਡਾ ਪਿਤਾ ਇੱਕੋ ਥੋਡੀ ਮਾਤ ਇੱਕੋ।
ਗੁਰੂ ਨਾਨਕ ਦੇ ਬਾਗ਼ ਦੇ ਫੁੱਲ ਸੋਹਣੇ, ਥੋਡਾ ਪੰਥ ਤੇ ਸਿੱਖੀ ਜਮਾਤ ਇੱਕੋ।
ਰਹਿਣਾ ਚੜ੍ਹਦੀਆਂ ਕਲਾਂ ਦੇ ਵਿੱਚ ਹਰਦਮ, ਸਦਾ ਰਹਿੰਦੇ ਨਹੀਂ ਕਦੇ ਹਾਲਾਤ ਇੱਕੋ।

ਪੂਜਾ ਇਕ ਅਕਾਲ ਦੀ ਸਦਾ ਕਰਨੀ, ਕਦੇ ਬਾਣੀ ਨੂੰ ਮਨੋਂ ਵਿਸਾਰਨਾ ਨਾ।
ਕੇਸ ਗੁਰੂ ਦੀ ਮੋਹਰ ਹਨ ਖਾਲਸਾ ਜੀ, ਸਿੱਖੀ ਸਿੱਦਕ ’ਚੋਂ ਕਦੇ ਵੀ ਹਾਰਨਾ ਨਾ।
ਕੰਘਾ ਕੜਾ ਤੇ ਕੱਛ ਕਿਰਪਾਨ ਸਿੰਘੋ, ਸੁਪਨੇ ਵਿੱਚ ਵੀ ਕਦੇ ਉਤਾਰਨਾ ਨਾ।
ਦੁਸ਼ਟ ਸੋਧਣ ਲਈ ਸਦਾ ਤਿਆਰ ਰਹਿਣਾ, ਮਾੜੇ ਬੰਦੇ ਨੂੰ ਕਦੇ ਲਲਕਾਰਨਾ ਨਾ।

ਮਨ ਨੀਵਾਂ ਤੇ ਰੱਖਿਓ ਮੱਤ ਉਚੀ, ਸੱਚਾ ਸੁੱਚਾ ਹਮੇਸ਼ਾਂ ਵਿਵਹਾਰ ਕਰਨਾ।
ਹਰਖ ਸੋਗ ਦੇ ਵਿੱਚ ਇਕਸਾਰ ਰਹਿ ਕੇ, ਸਾਰੀ ਮਾਨਵਤਾ ਨਾਲ ਪਿਆਰ ਕਰਨਾ।
ਕਾਮ ਕਰੋਧ ਲੋਭ ਮੋਹ ਤੋਂ ਬਚੇ ਰਹਿਣਾ, ਕਦੇ ਭੁੱਲ ਕੇ ਨਾ ਹੰਕਾਰ ਕਰਨਾ।
ਪਰ ਨਾਰੀ ਦੇ ਸੁੰਦਰ ਸਰੂਪ ਵਿੱਚੋਂ, ਮਾਂ, ਭੈਣ, ਜਾਂ ਧੀ ਦਾ ਦੀਦਾਰ ਕਰਨਾ।

ਸਿੱਖੀ ਮਾਲਾ ਦੇ ਤੁਸੀਂ ਅਨਮੋਲ ਮੋਤੀ, ਕਦੇ ਨਸ਼ਿਆਂ ਦੇ ਵਿੱਚ ਨਾ ਪੈ ਜਾਣਾ।
ਆਪਣੇ ਸਿੱਖੀ ਸਰੂਪ ਦੀ ਲਾਜ ਰੱਖਣੀ, ਵਗਦੇ ਵਹਿਣਾਂ ’ਚ ਕਦੇ ਨਾ ਵਹਿ ਜਾਣਾ।
ਹੁੰਦਾ ਵੇਖ ਕੇ ਜ਼ੁਲਮ ਬੇਦੋਸ਼ਿਆਂ ’ਤੇ, ਦੜ ਵੱਟ ਕੇ ਕਦੇ ਨਾ ਬਹਿ ਜਾਣਾ।
ਬਾਂਹ ਫੜਨੀ ਹੈ ਤੁਸਾਂ ਨਿਤਾਣਿਆਂ ਦੀ, ਚੁੱਪ ਚੁਪੀਤਿਆਂ ਜਬਰ ਨਾ ਸਹਿ ਜਾਣਾ।

ਤੁਸੀਂ ਫੌਜ ਹੋ ਪੁਰਖ ਅਕਾਲ ਜੀ ਦੀ, ਨਵੇਂ ਜਗ ਤੇ ਪੂਰਨੇ ਪਾਵਨੇ ਨੇ।
ਰੱਖਿਆ ਕਰਨ ਲਈ ਮਾਲਾ ਦੇ ਮਣਕਿਆਂ ਦੀ, ਸੀਸ ਤਲੀ ’ਤੇ ਰੱਖ ਵਿਖਾਵਣੇ ਨੇ।
ਜਿਹੜੇ ਦੁਖੀਆਂ ਮਜ਼ਲੂਮਾਂ ’ਤੇ ਜ਼ੁਲਮ ਕਰਦੇ, ਉਹ ਤਾਂ ਸਦਾ ਦੀ ਨੀਂਦ ਸੁਆਵਣੇ ਨੇ।
ਲੋੜ ਪੈਣ ’ਤੇ ਵਾਂਗ ਪਰਵਾਨਿਆਂ ਦੇ, ਸੀਸ ਕੌਮ ਦੀ ਭੇਟ ਚੜ੍ਹਾਵਣੇ ਨੇ।

ਠੰਡਕ ਚੰਦ ਦੀ ਸੂਰਜ ਦਾ ਸੇਕ ਰੱਖਿਓ, ‘ਸੰਤ ਸਿਪਾਹੀ’ ਦਾ ਰੂਪ ਨਾ ਛੋੜ ਦੇਣਾ।
ਥੋਡੇ ਸਿਰਾਂ ’ਤੇ ਭਾਜੀ ਜੇ ਕੋਈ ਚਾਹੜੇ, ਹੱਥੋ ਹੱਥ ਨਿਉਂਦਰਾ ਮੋੜ ਦੇਣਾ।
ਲੱਖਾਂ ਝੱਖੜ ਤੂਫਾਨ ਹਨੇਰ ਆਵਣ, ਨਾਤਾ ਸਿੱਖੀ ਤੋਂ ਕਦੇ ਨਾ ਤੋੜ ਦੇਣਾ।
ਹਰਦਮ ਭਲਾ ਸਰਬੱਤ ਦਾ ਮੰਗ ‘ਜਾਚਕ’, ਸਾਰੀ ਦੁਨੀਆਂ ਨੂੰ ਇਕੋ ਨਾਲ ਜੋੜ ਦੇਣਾ।

# ਖਾਲਸਾ ਪੰਥ

ਰਣਖੇਤ ’ਚ ਗੁਰਾਂ ਜੋ ਬੀਜ ਬੀਜੇ, ਉਨ੍ਹਾਂ ਬੀਜਾਂ ਨੇ ਬੀਰਾਂ ਨੂੰ ਜਨਮ ਦਿੱਤਾ।
ਅੰਮ੍ਰਿਤ ਬਖਸ਼ ਕੇ ਖੰਡੇ ਦੀ ਧਾਰ ਵਾਲਾ, ਸਿਰਲੱਥ ਸਰੀਰਾਂ ਨੂੰ ਜਨਮ ਦਿੱਤਾ।
ਜਿਹੜੇ ਸਿੱਧੇ ਹੀ ਸੀਨੇ ’ਚ ਵੱਜਦੇ ਨੇ, ਤਿੱਖੇ ਨੇਜੇ ਤੇ ਤੀਰਾਂ ਨੂੰ ਜਨਮ ਦਿੱਤਾ।
ਜਿਹੜੇ ਦੁਖਾਂ ਨੂੰ ਸਹਿੰਦੇ ਨੇ ਖਿੜੇ ਮੱਥੇ, ਇਹੋ ਜਿਹੇ ਵਹੀਰਾਂ ਨੂੰ ਜਨਮ ਦਿੱਤਾ।

ਪੰਥ ਖਾਲਸੇ ਨੇ ਆਪਣੇ ਜਨਮ ਤੋਂ ਹੀ, ਮੱਥਾ ਲਾਇਆ ਸੀ ਨਾਲ ਮੁਸੀਬਤਾਂ ਦੇ।
ਇਹ ਤਾਂ ਕਦੇ ਵੀ ਥਿੜ੍ਹਕਿਆ ਡੋਲਿਆ ਨਾ, ਲੱਖਾਂ ਆਏ ਭੂਚਾਲ ਮੁਸੀਬਤਾਂ ਦੇ।
ਸੁਣ ਸੁਣ ਕੇ ਚੜ੍ਹਦਾ ਏ ਰੋਹ ਇਸ ਨੂੰ, ਵੱਜਣ ਜਦੋਂ ਘੜਿਆਲ ਮੁਸੀਬਤਾਂ ਦੇ।
ਜਿਹੜੀ ਆਵੇ ਤੇ ਸਮੇਂ ਨਾਲ ਚਲੀ ਜਾਵੇ, ਕੱਢੋ ਦਿਲੋਂ ਖ਼ਿਆਲ ਮੁਸੀਬਤਾਂ ਦੇ।

ਇਸ ਧਰਮ ’ਚ ਦਾਖਲਾ ਮਿਲੇ ਉਸਨੂੰ, ਸੀਸ ਤਲੀ ’ਤੇ ਰੱਖ ਕੇ ਆਏ ਜਿਹੜਾ।
ਝਪਟੇ ਸ਼ੇਰ ਵਾਂਗੂੰ ਵੈਰੀ ਦਲਾਂ ਉੱਤੇ, ਗਿੱਦੜ ਭਬਕੀਆਂ ਤੋਂ ਨਾ ਘਬਰਾਏ ਜਿਹੜਾ।
ਸਿੱਖ ਇਤਿਹਾਸ ਦਾ ਕੋਈ ਵੀ ਨਹੀਂ ਪੰਨਾ, ਏਸ ਗੱਲ ’ਤੇ ਮੋਹਰ ਨਾ ਲਾਏ ਜਿਹੜਾ।
ਇਹ ਉਹ ਫੁੱਲ ਏ ਮੀਂਹ ਤੇ ਝੱਖੜਾਂ ’ਚ, ਨਾ ਕੁਮਲਾਏ ਤੇ ਨਾ ਮੁਰਝਾਏ ਜਿਹੜਾ।

ਗੱਲ ਬੰਦੇ ਬਹਾਦਰ ਦੀ ਕਰ ਰਿਹਾ ਹਾਂ, ਉਹ ਤੇ ਚੜ੍ਹਿਆ ਸੀ ਬਣ ਤੂਫਾਨ ਕੋਈ।
ਇੱਟ ਨਾਲ ਸੀ ਇੱਟ ਖੜਕਾਈ ਉਹਨੇ, ਸਾਹਵੇਂ ਠਹਿਰਿਆ ਨਾ ਖ਼ੁੱਬੀ ਖਾਨ ਕੋਈ।
ਕਾਬੂ ਆ ਗਏ ਅੰਤ ਨੂੰ ਦੁਸ਼ਮਣਾਂ ਦੇ, ਫੇਲ੍ਹ ਹੋਇਆ ਨਾ ਵਿੱਚ ਇਮਤਿਹਾਨ ਕੋਈ।
ਅਤਿਆਚਾਰ ਜੋ ਹੋਏ ਸਨ ਖਾਲਸੇ ’ਤੇ, ਕਰ ਸਕੇ ਨਾ ਕਲਮ ਬਿਆਨ ਕੋਈ।

ਤਦ ਲਾਹੌਰ ਤੋਂ ਸ਼ਾਹੀ ਫੁਰਮਾਨ ਹੋਇਆ, ਦਾੜ੍ਹਾ ਕੇਸ ਜਿਸਦੇ ਉਹਨੂੰ ਮਾਰ ਦੇਵੋ।
ਸਿੱਖੀ ਬਾਣੇ ’ਚ ਜੋ ਵੀ ਨਜ਼ਰ ਆਵੇ, ਸਿਰ ਧੜ ਤੋਂ ਉਹਦਾ ਉਤਾਰ ਦੇਵੋ।
ਰੁੱਖਾਂ ਨਾਲ ਲਟਕਾ ਦਿਉ ਕੇਸ ਬੰਨ੍ਹ ਕੇ, ਕਰ ਏਸ ਜਹਾਨ ਤੋਂ ਪਾਰ ਦੇਵੋ।
ਖੁਰਾ ਖੋਜ ਮਿਟਾ ਕੇ ਖਾਲਸੇ ਦਾ, ਕਰ ਇਨ੍ਹਾਂ ਦੇ ਖ਼ਤਮ ਘਰ ਬਾਰ ਦੇਵੋ।

ਸੰਨ ਸਤਾਰਾਂ ਸੌ ਬਾਹਠ ਦੇ ਸਾਲ ਅੰਦਰ, ਚੜ੍ਹਕੇ ਆਇਆ ਅਬਦਾਲੀ ਪੰਜਾਬ ਦੇ ਵਿੱਚ।
ਜੱਸਾ ਸਿੰਘ ਸਰਦਾਰ ਨੇ ਸੀ ਦਿੱਤਾ, ਮੂੰਹ ਤੋੜ ਜਵਾਬ, ਜਵਾਬ ਦੇ ਵਿੱਚ।
ਸਿੰਘ ਸਿੰਘਣੀਆਂ ਤੇ ਬੱਚੇ ਖਾਲਸੇ ਦੇ, ਜਾਨਾਂ ਵਾਰ ਗਏ ਬੇ-ਹਿਸਾਬ ਦੇ ਵਿੱਚ।
ਚੜ੍ਹਦੀ ਕਲਾ ’ਚ ਖਾਲਸਾ ਰਿਹਾ ਫਿਰ ਵੀ, ਐਹੋ ਜਿਹੇ ਮਾਹੌਲ ਖਰਾਬ ਦੇ ਵਿੱਚ।

ਉਹਨੇ ਸਮਝਿਆ ਵਾਂਗ ਮਰਹੱਟਿਆਂ ਦੇ, ਇਨ੍ਹਾਂ ਸਿੰਘਾਂ ਦਾ ਲੱਕ ਮੈਂ ਤੋੜ ਦਿੱਤਾ।
ਸਾਹ ਸੱਤ ਨਹੀਂ ਰਿਹਾ ਹੁਣ ਖਾਲਸੇ ਵਿੱਚ, ਇਹਨੂੰ ਨਿੰਬੂਆਂ ਵਾਂਗ ਨਿਚੋੜ ਦਿੱਤਾ।
ਐਪਰ ਥੋੜ੍ਹੇ ਹੀ ਸਮੇਂ ਦੇ ਬਾਅਦ ਸਿੰਘਾਂ, ਉਹਦਾ ਸਾਰਾ ਹੀ ਭਰਮ ਸੀ ਤੋੜ ਦਿੱਤਾ।
ਫਤਹਿ ਕਰ ਸਰਹੰਦ ਕਸੂਰ ਤਾਂਈਂ, ਮੂਲ ਨਾਲ ਵਿਆਜ ਦੇ ਮੋੜ ਦਿੱਤਾ।

ਫ਼ਰਖਸੀਅਰ ਤੇ ਜ਼ਕਰੀਆ ਖਾਂ ਵੱਲੋਂ, ਹੁੰਦੇ ਸਿੰਘਾਂ ’ਤੇ ਅਤਿਆਚਾਰ ਆਏ।
ਮੰਨੂੰ ਲਖਪਤ ਤੇ ਨਾਦਰਸ਼ਾਹ ਵਰਗੇ, ਸਮੇਂ ਸਮੇਂ ’ਤੇ ਬੇਸ਼ੁਮਾਰ ਆਏ।
ਉਧਰ ਸਿੱਖੀ ਸਿਧਾਂਤਾਂ ਦੀ ਰੱਖਿਆ ਲਈ, ਮਨੀ ਸਿੰਘ ਵਰਗੇ ਪਹਿਰੇਦਾਰ ਆਏ।
ਜਿਹੜੇ ਜਾਨਾਂ ਤੇ ਹੱਸ ਕੇ ਖੇਡਦੇ ਰਹੇ, ਬਾਰੰਬਾਰ ਆਏ, ਬਾਰੰਬਾਰ ਆਏ।

ਚਾਲਾਂ ਸ਼ੁਰੂ ਤੋਂ ਚੱਲੀਆਂ ਜ਼ਾਲਮਾਂ ਨੇ, ਪਰ ਹੋਏ ਖਾਲਸੇ ਹੱਥੋਂ ਤਬਾਹ ਏਥੇ।
ਸੂਰਬੀਰਾਂ ਸ਼ਹਾਦਤ ਦੇ ਜਾਮ ਪੀਤੇ, ਸਾਡਾ ਸਾਰਾ ਇਤਿਹਾਸ ਗਵਾਹ ਏਥੇ।
ਹਰ ਇੱਕ ਦੀ ਅੱਖ ਵਿੱਚ ਰੜਕਦੇ ਰਹੇ, ਕਿਸੇ ਕੀਤਾ ਨਾ ਸਾਡਾ ਵਿਸਾਹ ਏਥੇ।
ਸਿੱਖੀ ਭੇਖ ‘ਚ ਕਈ ਬਹੁਰੂਪੀਆਂ ਨੇ, ਕੀਤਾ ਕੌਮ ਨੂੰ ਸਦਾ ਗੁੰਮਰਾਹ ਏਥੇ।

ਜਾਣ ਜਾਣ ਕੇ ਸਿੰਘ ਸ਼ਹੀਦ ਹੁੰਦੇ, ਜੇਕਰ ਸੂਲ਼ੀ ਤੇ ਚੜ੍ਹਦੇ ਤਾਂ ਖਿੜੇ ਮੱਥੇ।
ਭਲਾ ਸਦਾ ਸਰਬੱਤ ਦਾ ਮੰਗਦੇ ਨੇ, ਹੱਕ, ਸੱਚ ਲਈ ਲੜਦੇ ਤਾਂ ਖਿੜੇ ਮੱਥੇ।
ਖੂਨ ਨਾਲ ਗੁਲਾਮੀ ਦੇ ਦਾਗ ਧੋ ਕੇ, ਪੁੱਠੇ ਜੰਡਾਂ ’ਤੇ ਸੜਦੇ ਤਾਂ ਖਿੜੇ ਮੱਥੇ।
ਸੀਸ ਤਲੀ ’*ਤੇ ਆਪਣੇ ਰੱਖ ‘ਜਾਚਕ’, ਗਲੀ ਯਾਰ ਦੀ ਵੜਦੇ ਤਾਂ ਖਿੜੇ ਮੱਥੇ।

# ਹੋਲਾ ਮਹੱਲਾ

ਦਸਮ ਪਿਤਾ ਨੇ ਆਪਣੇ ਖਾਲਸੇ ਨੂੰ, ਪਾਵਨ ਹੋਲਾ ਮਨਾਉਣ ਦੀ ਜਾਚ ਦੱਸੀ।
ਜਿਹੜਾ ਕੀੜੀ ਵੀ ਮਾਰ ਨਾ ਸਕਦਾ ਸੀ, ਉਹਨੂੰ ਦੁਸ਼ਟ ਮੁਕਾਉਣ ਦੀ ਜਾਚ ਦੱਸੀ।
ਬਦਲਣ ਲਈ ਗੁਲਾਮੀ ਦੀ ਸੋਚ ਤਾਂਈਂ, ਉਨ੍ਹਾਂ ਖੰਡਾ ਖੜਕਾਉਣ ਦੀ ਜਾਚ ਦੱਸੀ।
ਇਕ ਹੱਥ ਮਾਲਾ ਤੇ ਦੂਜੇ ਤਲਵਾਰ ਦੇ ਕੇ, ਸੁੱਤੀ ਅਣਖ ਜਗਾਉਣ ਦੀ ਜਾਚ ਦੱਸੀ।

ਔਰੰਗਜੇਬ ਸੀ ਉਦੋਂ ਫੁਰਮਾਨ ਕੀਤਾ, ਥਾਂ ਥਾਂ 'ਤੇ ਏਦਾਂ ਪ੍ਰਚਾਰ ਹੋਵੇ।
ਦੇਵਾਂ ਜਿਹਨੂੰ ਦਰਬਾਰੀ ਦਰਬਾਰ ਅੰਦਰ, ਪੱਗ ਬਣਨ ਦਾ ਉਹੀ ਹੱਕਦਾਰ ਹੋਵੇ।
ਨਾ ਕੋਈ ਚੜ੍ਹੇ ਘੋੜੇ, ਨਾ ਖੜਕਾਏ ਧੌਂਸੇ, ਕਿਸੇ ਹੱਥ ਨਾ ਕੋਈ ਹਥਿਆਰ ਹੋਵੇ।
ਉਹਨੂੰ ਸਦਾ ਦੀ ਨੀਂਦ ਸੁਆ ਦੇਵੋ, ਜਿਹੜਾ ਮੰਨਣ ਤੋਂ ਕਰਦਾ ਇਨਕਾਰ ਹੋਵੇ।

ਦਸਮ ਪਿਤਾ ਨੇ ਚੈਲਿੰਜ ਕਬੂਲ ਕੀਤਾ, ਉਹ ਤਾਂ ਘੋੜੇ ਤੇ ਫੌਜਾਂ ਰਖਾਉਣ ਲੱਗੇ।
'ਮੁੱਖ ਤੇ ਹਰਿ ਤੇ ਚਿਤ ਮੈਂ ਯੁੱਧ ਵਾਲੇ, ਧੌਂਸੇ ਅਤੇ ਨਗਾਰੇ ਵਜਾਉਣ ਲੱਗੇ।
ਕਲਗੀਧਰ ਦੇ ਹੁਕਮ ਨੂੰ ਮੰਨ ਕੇ ਤੇ, ਸਿੰਘ ਦੂਹਰੇ ਦਸਤਾਰੇ ਸਜਾਉਣ ਲੱਗੇ।
ਲੋਕੀ ਰੰਗ ਦੀਆਂ ਹੋਲੀਆਂ ਖੇਡਦੇ ਨੇ, ਉਹ ਤਾਂ ਖੂਨ ਦੇ ਹੋਲੇ ਖਿਡਾਉਣ ਲੱਗੇ।

ਉਨ੍ਹਾਂ ਕਿਹਾ ਕਿ ਸ਼ਾਸਤਰ ਅਤੇ ਸ਼ਸ਼ਤਰ, ਕੌਮਾਂ ਜਿਉਂਦੀਆਂ ਦੇ ਮੁੱਖ ਅੰਗ ਸਿੰਘੋ।
ਘੋੜ ਸਵਾਰੀ ਤੇ ਖੇਡਾਂ ਦੇ ਨਾਲ ਸਿੱਖੋ, ਜੰਗੀ ਚਾਲ ਵਾਲੇ ਫੌਜੀ ਢੰਗ ਸਿੰਘੋ।
ਨਕਲੀ ਰੰਗ ਇਕ ਦੂਜੇ ਤੇ ਪਾਉਣ ਦੀ ਥਾਂ, ਨਾਮ ਰੰਗ 'ਚ ਆਪਾ ਲਉ ਰੰਗ ਸਿੰਘੋ।
ਝੁਕਣਾ ਕਦੇ ਨਹੀਂ ਜਬਰ ਤੇ ਜ਼ੁਲਮ ਅੱਗੇ, ਹੱਕ ਸੱਚ ਲਈ ਕਰਨੀ ਏ ਜੰਗ ਸਿੰਘੋ।

ਸੁਣਕੇ ਸਾਹਿਬੇ ਕਮਾਲ ਦੀ ਗਰਜ ਉਦੋਂ, ਸੁੱਤੇ ਹੋਏ ਇਨਸਾਨ ਸੀ ਜਾਗ ਉੱਠੇ ।
ਭਾਜੜ ਪਾਉਣ ਲਈ ਭੇਡਾਂ ਦੇ ਵੱਗ ਤਾਂਈਂ, ਸ਼ੇਰ ਦਿਲ ਜਵਾਨ ਸੀ ਜਾਗ ਉੱਠੇ।
ਪੈਰਾਂ ਹੇਠ ਮਧੋਲੇ ਜੋ ਜਾ ਰਹੇ ਸੀ, ਦੱਬੇ ਕੁਚਲੇ ਅਰਮਾਨ ਸੀ ਜਾਗ ਉੱਠੇ।
ਖੇਡਣ ਲਈ ਤਲਵਾਰ ਦੀ ਨੋਕ ਉੱਤੇ, ਬੀਰ, ਬਾਂਕੇ ਬਲਵਾਨ ਸੀ ਜਾਗ ਉੱਠੇ।

ਦਸਮ ਪਿਤਾ ਦੀ ਪਾਵਨ ਅਗਵਾਈ ਹੇਠਾਂ, ਸਿੰਘ ਕਰਦੇ ਸੀ ਜੰਗੀ ਅਭਿਆਸ ਏਥੇ।
ਚੋਟਾਂ ਲਗਦੀਆਂ ਧੌਂਸੇ ਨਗਾਰਿਆਂ ਤੇ, ਵੇਖਣ ਵਾਲਾ ਨਜ਼ਾਰਾ ਸੀ ਖਾਸ ਏਥੇ।
ਹੱਲਾ ਸ਼ੇਰੀ ਉਹ ਦਿੰਦੇ ਸੀ ਯੋਧਿਆਂ ਨੂੰ, ਰਣ ਤੱਤੇ 'ਚ ਬੈਠ ਕੇ ਪਾਸ ਏਥੇ।
ਪੈਂਦੀ ਜਦੋਂ ਸੀ ਗੂੰਜ ਜੈਕਾਰਿਆਂ ਦੀ, ਗੂੰਜ ਉਠਦਾ ਸਾਰਾ ਅਕਾਸ਼ ਏਥੇ।

ਉਨ੍ਹਾਂ ਭਗਤੀ ਦੀ ਰੱਖਿਆ ਕਰਨ ਦੇ ਲਈ, ਕੀਤਾ ਸ਼ਕਤੀ ਦਾ ਨਾਲ ਸੰਚਾਰ ਹੈਸੀ।
ਫਤਹਿ ਕਰਨ ਲਈ ਖਾਸ ਅਸਥਾਨ ਤਾਂਈਂ, ਪੈਂਦੇ ਟੁੱਟ ਕੇ ਬਾਂਕੇ ਬਲਕਾਰ ਹੈਸੀ।
ਜਿਹੜੇ ਜਿੱਤਦੇ,ਪਾਤਸ਼ਾਹ ਆਪ ਹੱਥੀਂ, ਸਿਰੋਪਾ ਦੇ ਕੇ ਕਰਦੇ ਸਤਿਕਾਰ ਹੈਸੀ।
ਹੋਲੇ ਮਹੱਲੇ ਦੇ ਰੂਪ 'ਚ ਉਦੋਂ ਤੋਂ ਹੀ, ਜੰਗਾਂ ਯੁੱਧਾਂ ਦਾ ਬਣਿਆ ਤਿਉਹਾਰ ਹੈਸੀ।

ਡਿੱਗਿਆਂ ਢੱਠਿਆਂ ਮਨਾਂ ਦੇ ਵਿੱਚ ਇਹ ਤਾਂ, ਚੜ੍ਹਦੀ ਕਲਾ ਦਾ ਕਰੇ ਅਹਿਸਾਸ ਪੈਦਾ।
ਸਾਰੀ ਕੌਮ ਨੂੰ ਇੱਕ ਥਾਂ ਤੱਕ ਕੇ ਤੇ, ਪੰਥਕ ਏਕੇ ਦੀ ਹੁੰਦੀ ਏ ਆਸ ਪੈਦਾ।
ਢਾਡੀ ਵਾਰਾਂ ਜੁਸ਼ੀਲੀਆਂ ਤਾਂਈਂ ਸੁਣ ਕੇ, ਬੀਰ ਰਸ ਕੋਈ ਹੁੰਦਾ ਏ ਖਾਸ ਪੈਦਾ।
ਇਥੇ ਕਵੀਆਂ ਨੇ 'ਜਾਚਕਾ' ਕਲਮ ਵਿੱਚੋਂ, ਸੂਰਮਗਤੀ ਦਾ ਕੀਤੈ ਇਤਿਹਾਸ ਪੈਦਾ।

# ਸ੍ਰੀ ਹਰਿਮੰਦਰ ਸਾਹਿਬ ਜੀ

ਹਰੀਮੰਦਰ 'ਚ ਹਰੀ ਦਾ ਵਾਸ ਜਾਣੋ, ਧੁਰ ਕੀ ਬਾਣੀ ਦਾ ਚੱਲੇ ਪ੍ਰਵਾਹ ਸੋਹਣਾ।
ਸਾਹਵੇਂ ਤਖ਼ਤ ਅਕਾਲ ਵੀ ਸੋਭਦਾ ਏ, ਭਗਤੀ ਸ਼ਕਤੀ ਦਾ ਸੋਮਾ ਅਥਾਹ ਸੋਹਣਾ।
ਘੁੰਮਣ ਘੇਰੀ 'ਚ ਫਸੀਆਂ ਬੇੜੀਆਂ ਨੂੰ, ਸਿਰੇ ਲਾਉਂਦਾ ਏ ਆਪ ਮਲਾਹ ਸੋਹਣਾ।
ਨਾਲ ਸ਼ਰਧਾ ਦੇ ਸਾਰੇ ਜਹਾਨ ਵਿੱਚੋਂ, ਸੰਗਤ ਆਉਂਦੀ ਏ ਲੈਣ ਲਈ ਲਾਹ ਸੋਹਣਾ।

ਮੀਆਂ ਮੀਰ ਤੋਂ ਨੀਂਹ ਰਖਵਾ ਸਤਿਗੁਰ, ਸੀ ਉਸਾਰਿਆ ਸਾਂਝਾ ਦਰਬਾਰ ਏਥੇ।
ਬਾਬਾ ਬੁੱਢਾ ਜੀ ਬੈਠ ਕੇ ਬੇਰ ਹੇਠਾਂ, ਕੀਤੀ ਸੇਵਾ ਸੀ ਨਾਲ ਸਤਿਕਾਰ ਏਥੇ।
ਕੰਵਲ ਫੁੱਲ ਦੇ ਵਾਂਗ ਹੈ ਇਹ ਖਿੜਿਆ, ਪਾਵਨ ਅੰਮ੍ਰਿਤ ਸਰੋਵਰ ਵਿਚਕਾਰ ਏਥੇ।
ਸਾਰੇ ਜਗਤ ਲਈ ਚੌਹਾਂ ਹੀ ਦਿਸ਼ਾਂ ਅੰਦਰ, ਖੁਲ੍ਹੇ ਹੋਏ ਦਰਵਾਜ਼ੇ ਨੇ ਚਾਰ ਏਥੇ।

ਪਾਵਨ ਬੀੜ ਸੀ ਜਦੋਂ ਤਿਆਰ ਹੋਈ, ਤਦ ਪ੍ਰਕਾਸ਼ ਕਰਵਾਇਆ ਸੀ ਗੁਰੂ ਅਰਜਨ।
ਮੇਰੇ ਸਰੀਰ ਤੋਂ ਵੱਧ ਸਤਿਕਾਰ ਕਰਿਓ, ਸੰਗਤ ਤਾਂਈਂ ਫੁਰਮਾਇਆ ਸੀ ਗੁਰੂ ਅਰਜਨ।
ਪੋਥੀ ਸਾਹਿਬ ਸਜਾ ਕੇ ਤਖ਼ਤ ਉਤੇ, ਥੱਲੇ ਆਸਨ ਲਗਾਇਆ ਸੀ ਗੁਰੂ ਅਰਜਨ।
ਬਾਬਾ ਬੁੱਢਾ ਜੀ ਤਾਂਈਂ ਸਨਮਾਨ ਦੇ ਕੇ, ਪਹਿਲੇ ਗ੍ਰੰਥੀ ਬਣਾਇਆ ਸੀ ਗੁਰੂ ਅਰਜਨ।

ਰੱਬੀ ਗਿਆਨ ਦਾ ਹੈ ਭੰਡਾਰ ਜਿਹੜਾ, ਗੁਰੂ ਗ੍ਰੰਥ ਪ੍ਰਕਾਸ਼ ਗੁਰ ਖਾਲਸਾ ਜੀ।
ਇਹ ਤਾਂ ਸਿੱਖਾਂ ਦੇ ਦਿਲਾਂ ਦੀ ਹੈ ਧੜਕਣ, ਸਾਡੇ ਵਿੱਚ ਨਿਵਾਸ ਗੁਰ ਖਾਲਸਾ ਜੀ।
ਸਿਲਾਂ ਹੇਠ ਪ੍ਰਕਰਮਾਂ ਦੇ ਵਿੱਚ ਲੱਖਾਂ, ਸਿੰਘ ਸ਼ਹੀਦਾਂ ਦਾ ਵਾਸ ਗੁਰ ਖਾਲਸਾ ਜੀ।
ਚਾਰ ਸਦੀਆਂ ਦਾ ਗੁਰੂ ਦਰਬਾਰ ਵਾਲਾ, ਲਹੂ ਭਿੱਜਾ ਇਤਿਹਾਸ ਗੁਰ ਖਾਲਸਾ ਜੀ।

ਮਨੀ ਸਿੰਘ ਜੀ ਨੇ ਬਿੱਖੜੇ ਸਮੇਂ ਅੰਦਰ, ਕੀਤੀ ਆਣ ਕੇ ਸੇਵਾ ਸੰਭਾਲ ਸੋਹਣੀ।
ਲੱਖਾਂ ਸਿੰਘ ਸਜਾਏ ਛਕਾ ਅੰਮ੍ਰਿਤ, ਔਖੇ ਸਮੇਂ 'ਚ ਘਾਲਣਾ ਘਾਲ ਸੋਹਣੀ।
ਤੱਤ ਖਾਲਸਾ (ਤੇ) ਬੰਦਈ ਖਾਲਸਾ 'ਚ, ਝਗੜਾ ਟਾਲ ਦਿੱਤਾ ਬਣਕੇ ਢਾਲ ਸੋਹਣੀ।
ਬੰਦ ਬੰਦ ਕਟਵਾ ਕੇ ਖਿੜੇ ਮੱਥੇ, ਕੀਤੀ ਜੱਗ 'ਚ ਕਾਇਮ ਮਿਸਾਲ ਸੋਹਣੀ।

ਸਿੰਘ ਸਾਹਿਬ ਸ਼ਹੀਦ ਹੋ ਜਾਣ ਪਿੱਛੋਂ, ਪਈ ਜ਼ੁਲਮੀ ਹਨੇਰੀ ਕੋਈ ਝੁੱਲ ਏਥੇ।
ਯਹੀਆ, ਜ਼ਕਰੀਆ, ਸ਼ਾਹ ਨਿਵਾਜ਼ ਵੇਲੇ, ਪੈ ਗਏ ਸਿੰਘਾਂ ਦੇ ਸਿਰਾਂ ਦੇ ਮੁੱਲ ਏਥੇ।
ਸਿੰਘਾਂ ਤਾਂਈਂ ਅਬਦਾਲੀ ਤੇ ਮੀਰ ਮੰਨੂੰ, ਖਤਮ ਕਰਨ 'ਤੇ ਗਏ ਤਦ ਤੁੱਲ ਏਥੇ।
ਸਮੇਂ ਸਮੇਂ ਦਰਬਾਰ 'ਤੇ ਹੋਏ ਹਮਲੇ, ਤੋਪਾਂ, ਟੈਂਕਾਂ ਦੇ ਮੂੰਹ ਗਏ ਖੁੱਲ੍ਹ ਏਥੇ।

ਹਰੀਮੰਦਰ ਦੀ ਸੁਣੀ ਨਿਰਾਦਰੀ ਜਾਂ, ਰਾਜਿਸਥਾਨ 'ਚੋਂ ਚੱਲੇ ਬਲਕਾਰ ਦੋਵੇਂ।
ਸੁੱਖਾ ਸਿੰਘ ਮਹਿਤਾਬ ਸਿੰਘ ਪ੍ਰਣ ਕਰਕੇ, ਹੋ ਗਏ ਘੋੜਿਆਂ ਉਤੇ ਸਵਾਰ ਦੋਵੇਂ।
ਵਾਟਾਂ ਚੀਰਦੇ ਚੀਰਦੇ ਖਾਲਸਾ ਜੀ, ਪਹੁੰਚ ਗਏ ਸਨ ਗੁਰੂ ਦਰਬਾਰ ਦੋਵੇਂ।
ਦਿਨ ਦਿਹਾੜੇ ਹੀ ਮੱਸੇ ਦਾ ਸਿਰ ਵੱਢ ਕੇ, ਹਵਾ ਹੋ ਗਏ ਸਿੰਘ ਸਰਦਾਰ ਦੋਵੇਂ।

ਪੰਨੇ ਜਦੋਂ ਇਤਿਹਾਸ ਦੇ ਪੜ੍ਹ ਰਿਹਾ ਸੀ, ਤੱਕੀ ਘਟਨਾ ਇਕ ਬੇਮਿਸਾਲ ਅੰਦਰ।
ਹਰੀਮੰਦਰ ਨੂੰ ਘੇਰਾ ਸੀ ਆਣ ਪਾਇਆ, ਵੜੀਆਂ ਫੌਜਾਂ ਅਬਦਾਲੀ ਦੇ ਨਾਲ ਅੰਦਰ।
ਕਰੜਾ ਪਹਿਰਾ ਕਿ ਚਿੜੀ ਨਾ ਫੜਕ ਸਕੇ, ਚੌਹੀਂ ਪਾਸੀਂ ਸੀ ਖੜ੍ਹੇ ਚੰਡਾਲ ਅੰਦਰ।
ਇਕ ਚੁਬਾਰਾ ਪ੍ਰਕਰਮਾਂ ਦੇ ਨਾਲ ਹੈ ਜੋ, ਬਿਰਧ ਪਿਐ ਇਕ ਬੜਾ ਨਿਢਾਲ ਅੰਦਰ।

'ਜੋਤ ਵਿੱਚ ਹਰਿਮੰਦਰ ਜਗਾਊ ਕਿਹੜਾ', ਹੋਇਆ ਸੋਚ ਕੇ ਹਾਲੋਂ ਬੇਹਾਲ ਹੈਸੀ।
ਐਨੇ ਚਿਰ ਨੂੰ ਬਾਪੂ ਦੇ ਕੋਲ ਉਸਦਾ, ਬਹਿ ਗਿਆ ਆਣ ਕੇ ਨੌਨਿਹਾਲ ਹੈਸੀ।
ਕਹਿ ਕੇ ਬਾਪੂ 'ਮੈਂ ਜੋਤ ਜਗਾਊਂ ਜਾ ਕੇ', ਪਹੁੰਚਾ ਤਰ ਕੇ ਗੁਰੂ ਦਾ ਤਾਲ ਹੈਸੀ।
ਗੋਲੀ ਚੱਲੀ ਤੇ ਹੋਇਆ ਸ਼ਹੀਦ ਐਪਰ, ਜੋਤ ਗਿਆ ਹਰਿਮੰਦਰ 'ਚ ਬਾਲ ਹੈਸੀ।

ਦੀਪ ਸਿੰਘ ਬਾਬਾ ਲਾਲੋ ਲਾਲ ਹੋਇਆ, ਸੁਣਕੇ ਗੁਰੂ ਦਾ ਪੂਰਿਆ ਤਾਲ ਉਦੋਂ।
ਗੁਰੂ ਘਰ ਵੱਲ ਚੱਲੇ ਅਰਦਾਸ ਕਰਕੇ, ਸਿੰਘਾਂ ਸੂਰਿਆਂ ਨੂੰ ਲੈ ਕੇ ਨਾਲ ਉਦੋਂ।
ਘਾਇਲ ਹੋਏ ਸਨ ਜੰਗਿ ਮੈਦਾਨ ਅੰਦਰ, ਜਖਮੀ ਸੀਸ ਪਰ ਲਿਆ ਸੰਭਾਲ ਉਦੋਂ।
ਪਾਵਨ ਸੀਸ ਪ੍ਰਕਰਮਾਂ 'ਚ ਜਦੋਂ ਗਿਰਿਆ, ਨੂਰੀ ਚਿਹਰੇ 'ਤੇ ਸੀ ਜਲਾਲ ਉਦੋਂ।

ਸੰਨ ਚੌਰਾਸੀ ਸ਼ਹੀਦੀ ਦੇ ਪੁਰਬ ਉੱਤੇ, ਘੇਰਾ ਪਾਇਆ ਦਰਬਾਰ ਨੂੰ ਆਨ ਫ਼ੌਜਾਂ।
ਲਾ ਕੇ ਕਰਫਿਊ ਸਾਰੇ ਪੰਜਾਬ ਅੰਦਰ, ਚੜ੍ਹਕੇ ਆਈਆਂ ਸੀ ਵਾਂਗ ਤੂਫਾਨ ਫ਼ੌਜਾਂ।

ਕਰ ’ਤਾ ਤਖ਼ਤ ਅਕਾਲ ਸੀ ਢਹਿਢੇਰੀ, ਸਾਡੀ ਆਪਣੀ ਜਿੰਦ ਤੇ ਜਾਨ ਫ਼ੌਜਾਂ।
ਕੌਮੀ ਹੀਰੇ ਬਹੁਮੁੱਲ ਸ਼ਹੀਦ ਕਰਕੇ, ਕੀਤਾ ਕੌਮ ਦਾ ਬੜਾ ਨੁਕਸਾਨ ਫ਼ੌਜਾਂ ।

ਲੱਖਾਂ ਝੱਖੜ ਹਨੇਰ ਤੂਫਾਨ ਹਰਦਮ, ਆਉਂਦੇ ਰਹੇ ਵੀ ਨੇ, ਆਉਂਦੇ ਰਹਿਣਗੇ ਵੀ।
ਸੋਹਿਲੇ ਖੂਨ ਦੇ ਸ਼ੁਰੂ ਤੋਂ ਸਿੰਘ ਸੂਰੇ, ਗਾਉਂਦੇ ਰਹੇ ਵੀ ਨੇ, ਗਾਉਂਦੇ ਰਹਿਣਗੇ ਵੀ।
ਕਿਲ੍ਹੇ ਜ਼ੁਲਮ ਤਸ਼ੱਦਦ ਦੇ ਸ਼ੁਰੂ ਤੋਂ ਹੀ, ਢਾਉਂਦੇ ਰਹੇ ਵੀ ਨੇ, ਢਾਉਂਦੇ ਰਹਿਣਗੇ ਵੀ ।
ਲੋੜ ਪੈਣ ’ਤੇ ਸਿੰਘ ਸ਼ਹੀਦੀਆਂ ਨੂੰ, ਪਾਉਂਦੇ ਰਹੇ ਵੀ ਨੇ, ਪਾਉਂਦੇ ਰਹਿਣਗੇ ਵੀ।

ਹਰੀਮੰਦਰ ਉਹ ਪਾਵਨ ਅਸਥਾਨ ਸਾਡਾ, ਹਰ ਦਮ ਵਾਹਿਗੁਰੂ ਜਿੱਥੇ ਨਿਵਾਸ ਕਰਦੈ।
ਇਹਦੇ ਦਰਸ਼ਨ ਇਸ਼ਨਾਨ ਨੂੰ ਲੋਚਦਾ ਏ, ਸਿੱਖ ਜਦੋਂ ਵੀ ਕਿਤੇ ਅਰਦਾਸ ਕਰਦੈ।
ਮਨਮੁਖ ਕਾਂ ਆ ਕੇ, ਗੁਰਮੁਖ ਹੰਸ ਬਣਦੇ, ਸਤਿਗੁਰ ਦੁਖਾਂ ਕਲੇਸ਼ਾਂ ਦਾ ਨਾਸ ਕਰਦੈ।
ਸ਼ਰਧਾ ਨਾਲ ਗੁਰਬਾਣੀ ਨੂੰ ਸੁਣੇ ਜਿਹੜਾ, ਕਾਰਜ ਉਸਦੇ ਪਾਤਸ਼ਾਹ ਰਾਸ ਕਰਦੈ।

ਚੌਹਾਂ ਵਰਨਾਂ ਲਈ ਚੌਹਾਂ ਹੀ ਦਿਸ਼ਾਂ ਅੰਦਰ, ਖੁਲ੍ਹੇ ਰਹਿੰਦੇ ਨੇ ਚਾਰੇ ਹੀ ਦਰ ਏਥੇ ।
ਕੱਟੇ ਜਾਦੇ ਚੋਰਾਸੀ ਦੇ ਗੇੜ ਸਾਰੇ, ਲਹਿ ਜਾਂਦਾ ਏ ਮੌਤ ਦਾ ਡਰ ਏਥੇ ।
ਝੋਲੀ ਸੱਖਣੀ ਲੈ ਕੇ ਆਏ ਜਿਹੜਾ, ਦਾਤਾ ਦਿੰਦਾ ਏ ਦਾਤਾਂ ਨਾਲ ਭਰ ਏਥੇ ।
ਹਰ ਕੋਈ ਵਜਦ ’ਚ ਆਣ ਕੇ ਆਖਦਾ ਹੈ, ਅੰਮ੍ਰਿਤਸਰ ਹੈ ਸਿਫਤੀ ਦਾ ਘਰ ਏਥੇ ।

ਮੱਕਾ, ਕਾਸ਼ੀ ਤੇ ਯੂਰੋਸ਼ਲਮ ਵਾਂਗੂ, ਪਾਵਨ ਪਰਮ ਪਵਿੱਤਰ ਅਸਥਾਨ ਹੈ ਇਹ।
ਦੇਵੇ ਦੁਨੀਆਂ ਨੂੰ ਰੱਬੀ ਸੰਦੇਸ਼ ਜਿਹੜਾ, ਨਾਮ ਬਾਣੀ ਦਾ ਸੋਮਾ ਮਹਾਨ ਹੈ ਇਹ।
ਜਿੱਥੋਂ ਲੈਣੀ ਅਗਵਾਈ ਤੇ ਸੇਧ ‘ਜਾਚਕ’, ਸਾਡਾ ਸ਼ਰੋਮਣੀ ਧਰਮ ਅਸਥਾਨ ਹੈ ਇਹ।
ਸਾਡੀ ਆਨ ਹੈ ਇਹ, ਸਾਡੀ ਸ਼ਾਨ ਹੈ ਇਹ, ਸਾਡੀ ਜਿੰਦ ਹੈ ਇਹ, ਸਾਡੀ ਜਾਨ ਹੈ ਇਹ।

# ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਦਿਵਾਲੀ

ਜਦੋਂ ਜੇਲ ’ਚੋਂ ਕਿਲ੍ਹਾ ਗਵਾਲੀਅਰ ਦੇ, ‘ਬੰਦੀ ਛੋੜ’ ਸਨ ਹੋਏ ਅਜ਼ਾਦ ਸਿੰਘੋ।
ਸਿੱਧੇ ਆਣ ਕੇ ਪਹੁੰਚੇ ਦਰਬਾਰ ਸਾਹਿਬ, ਲੰਬੇ ਸਮੇਂ ਦੀ ਕੈਦ ਤੋਂ ਬਾਦ ਸਿੰਘੋ।
ਕੀਤੀ ਸਿੱਖਾਂ ਨੇ ਉਦੋਂ ਸੀ ਦੀਪਮਾਲਾ, ਖੁਸ਼ੀਆਂ ਖੇੜੇ ਤੇ ਵਿੱਚ ਵਿਸਮਾਦ ਸਿੰਘੋ।
ਅੰਮ੍ਰਿਤਸਰ ਦਿਵਾਲੀ ਇਹ ਅੱਜ ਤੀਕਰ, ਤਾਜਾ ਕਰਦੀ ਇਤਿਹਾਸ ਦੀ ਯਾਦ ਸਿੰਘੋ।

ਮਨੀ ਸਿੰਘ ਜੀ ਨੇ ਬਿਖੜੇ ਸਮੇਂ ਅੰਦਰ, ਸਿੱਖ ਕੌਮ ਦੀ ਲਈ ਸੀ ਸਾਰ ਏਥੇ।
ਦਿਨ ਦਿਵਾਲੀ ਮਨਾਉਣ ਲਈ ਹਾਕਮਾਂ ਨੂੰ, ਰਕਮ ਦੇਣੀ ਸੀ ਕੀਤੀ ਸਵੀਕਾਰ ਏਥੇ।
ਐਪਰ ਸਿੰਘਾਂ ਨੂੰ ਸਬਕ ਸਿਖਾਉਣ ਦੇ ਲਈ, ਤੁਲੀ ਹੋਈ ਸੀ ਜ਼ਾਲਮ ਸਰਕਾਰ ਏਥੇ।
‘ਕੱਠੇ ਸਿੰਘਾਂ ਨੂੰ ਮਾਰ ਮੁਕਾਉਣ ਖਾਤਿਰ, ਕੀਤੀ ਯੋਜਨਾ ਗਈ ਤਿਆਰ ਏਥੇ।

ਹਮਲਾ ਕੀਤਾ ਸੀ ਪਾਵਨ ਦਰਬਾਰ ਉੱਤੇ, ਲਖਪਤਿ ਰਾਇ ਦੇ ਹੁਕਮ ਅਨੁਸਾਰ ਦੁਸ਼ਟਾਂ।
ਲੋਥਾਂ ਕਰ ’ਤੇ ਸਿੰਘ ਇਸ਼ਨਾਨ ਕਰਦੇ, ਪਾਵਨ ਅੰਮ੍ਰਿਤ ਸਰੋਵਰ ਵਿਚਕਾਰ ਦੁਸ਼ਟਾਂ।
ਕਤਲ ਕਈ ਪ੍ਰਕਰਮਾਂ ਦੇ ਵਿੱਚ ਕੀਤੇ, ਕਰਕੇ ਉਨ੍ਹਾਂ ਉੱਤੇ ਅਤਿਆਚਾਰ ਦੁਸ਼ਟਾਂ।
ਬੰਦ ਬੰਦ ਕੱਟ ਕੇ ਕਰ ਸ਼ਹੀਦ ਦਿੱਤਾ, ਭਾਈ ਸਾਹਿਬ ਨੂੰ ਕਰ ਗ੍ਰਿਫਤਾਰ ਦੁਸ਼ਟਾਂ।

ਪੰਨੇ ਜਦੋਂ ਇਤਿਹਾਸ ਦੇ ਪੜ੍ਹ ਰਿਹਾ ਸੀ, ਤੱਕੀ ਘਟਨਾ ਇਕ ਬੇਮਿਸਾਲ ਹੈਸੀ।
ਹਰੀਮੰਦਰ ਨੂੰ ਘੇਰਾ ਸੀ ਆਣ ਪਾਇਆ, ਜਦ ਅਬਦਾਲੀ ਨੇ ਫੌਜਾਂ ਦੇ ਨਾਲ ਹੈਸੀ।
ਕਰੜਾ ਪਹਿਰਾ ਕਿ ਚਿੜੀ ਨਾ ਫੜਕ ਸਕੇ, ਚੌਹੀ ਪਾਸੀਂ ਹੀ ਖੜੇ ਚੰਡਾਲ ਹੈਸੀ।
ਇਕ ਚੁਬਾਰਾ ਪ੍ਰਕਰਮਾਂ ਦੇ ਨਾਲ ਹੈ ਜੋ, ਬਿਰਧ ਪਿਆ ਇਕ ਬੜਾ ਨਿਢਾਲ ਹੈਸੀ।

ਜੋਤ ਵਿੱਚ ਹਰਿਮੰਦਰ ਜਗਾਊ ਕਿਹੜਾ, ਹੋਇਐ ਸੋਚ ਕੇ ਹਾਲੋਂ ਬੇਹਾਲ ਸਿੰਘੋ।
ਐਨੇ ਚਿਰ ਨੂੰ ਬਾਪੂ ਦੇ ਕੋਲ ਆਕੇ, ਬਹਿ ਗਿਆ ਓਸਦਾ ਨੌਨਿਹਾਲ ਸਿੰਘੋ।
ਕਹਿਕੇ ‘ਬਾਪੂ ਮੈਂ ਜੋਤ ਜਗਾਊਂ ਜਾ ਕੇ’, ਪਹੁੰਚਾ ਤਰ ਕੇ ਗੁਰੂ ਦਾ ਤਾਲ ਸਿੰਘੋ।
ਗੋਲੀ ਚਲੀ ਤੇ ਹੋਇਆ ਸ਼ਹੀਦ, ਐਪਰ, ਜੋਤ ਗਿਆ ਹਰੀਮੰਦਰ ’ਚ ਬਾਲ ਸਿੰਘੋ।

ਮਹੰਤਾਂ ਸਮੇਂ ਦਿਵਾਲੀ ਨੂੰ ਵੇਖਣੇ ਲਈ, ਗੋਰੇ ਬਹਿੰਦੇ ਸਨ ਕੁਰਸੀਆ ਡਾਹ ਕੇ ਤੇ।
ਜਥੇਦਾਰ ਬਣ ਕੇ ਤੇਜਾ ਸਿੰਘ ਭੁੱਚਰ, ਦਿਤਾ ਹੁਕਮ ਇਹ ਗੱਜ ਵਜਾ ਕੇ ਤੇ।
ਹਰੀਮੰਦਰ ਦੇ ਅਦਬ ਨੂੰ ਮੁੱਖ ਰੱਖਕੇ, ਥੱਲੇ ਬੈਠੋਗੇ ਦਰੀਆਂ ਵਿਛਾ ਕੇ ਤੇ।
ਡੀ.ਸੀ. ਮੰਨਿਆ ਨਾ, ਜਥੇਦਾਰ ਜੀ ਨੇ, ਸੁੱਟੀਆਂ ਕੁਰਸੀਆਂ ਪਰਾਂਹ ਵਗਾਹ ਕੇ ਤੇ।
ਸਿੰਘ ਸਾਹਿਬ ਨੂੰ ਉਨ੍ਹਾਂ ਗ੍ਰਿਫਤਾਰ ਕੀਤਾ, ਫੌਜਦਾਰੀ ਇਕ ਕੇਸ ਬਣਾ ਕੇ ਤੇ।
ਖਿੜੇ ਮੱਥੇ ਸੀ ਉਨ੍ਹਾਂ ਸਜਾ ਭੁਗਤੀ, ਚਾਰ ਚੰਨ ਗੁਰਸਿੱਖੀ ਨੂੰ ਲਾ ਕੇ ਤੇ।

ਕਿੱਦਾਂ ਸ੍ਰੀ ਹਰਿਮੰਦਰ ਦਾ ਅਕਸ ਪਾਵਨ, ਝਿਲਮਿਲ ਝਲਕੇ ਸਰੋਵਰ ਦੇ ਜਲ ਅੰਦਰ।
ਤਨ ਮਨ ਹੋ ਨਿਹਾਲੋ ਨਿਹਾਲ ਜਾਂਦੈ, ਖੁਸ਼ੀਆਂ ਖੇੜਿਆਂ ਦੇ ਐਸੇ ਪਲ ਅੰਦਰ।
ਏਥੇ ਦਰਸ਼ਨ ਇਸ਼ਨਾਨ ਨਾਲ ਨਿਕਲ ਜਾਂਦੈ, ਹੁੰਦੈ ਜਿਹੜਾ ਵੀ ਵਲ ਜਾਂ ਛਲ ਅੰਦਰ ।
ਆ ਕੇ ਏਥੇ ਦਿਵਾਲੀ ਦੀ ਰਾਤ 'ਜਾਚਕ', ਜੋਤ ਆਤਮਕ ਜਾਂਦੀ ਕੋਈ ਬਲ ਅੰਦਰ।

# ਖਾਲਸਾ ਪੰਥ ਦੇ ਪਾਵਨ ਪੰਜ ਤਖ਼ਤ

ਪੰਜ ਤਖ਼ਤ ਪ੍ਰਵਾਨਤ ਨੇ ਪੰਥ ਅੰਦਰ, ਮਾਨਵ ਸੇਵਾ ਦੇ ਇਹ ਪ੍ਰਤੀਕ ਪੰਜੇ।
ਪੰਜਾਂ ਤਖ਼ਤਾਂ ਦੇ ਜੱਥੇਦਾਰ ਪੰਜੇ, ਇਕੋ ਸੇਧ ਇਹ ਦੇਣ ਉਲੀਕ ਪੰਜੇ।
ਪੰਥਕ ਅਣਖ ਆਜ਼ਾਦੀ ਦੇ ਇਹ ਰਾਖੇ, ਸਾਡੀ ਕਰਨ ਅਗਵਾਈ ਇਹ ਠੀਕ ਪੰਜੇ।
ਸਾਂਝੀ ਜਿਥੇ ਹੈ ਧਰਮ ਤੇ ਰਾਜਨੀਤੀ, ਰਹਿਣੇ ਜੁਗਾਂ ਜੁਗਾਂਤਰਾਂ ਤੀਕ ਪੰਜੇ।

# ਸ੍ਰੀ ਅਕਾਲ ਤਖ਼ਤ ਸਾਹਿਬ ਜੀ

ਚੌਥੇ ਪਾਤਸ਼ਾਹ ਤੇ ਪੰਚਮ ਪਾਤਸ਼ਾਹ ਨੇ, ਕੀਤਾ ਜਦੋਂ ਸਰੋਵਰ ਤਿਆਰ ਹੈਸੀ।
ਕਾਰ ਸੇਵਾ ਦੀ ਪਾਵਨ ਜੋ ਸੀ ਮਿੱਟੀ, ਲਿਆ ਥੜ੍ਹੇ ਦਾ ਰੂਪ ਉਸ ਧਾਰ ਹੈਸੀ।
ਛੇਵੇਂ ਪਾਤਸ਼ਾਹ ਗੱਦੀ 'ਤੇ ਬੈਠ ਕੇ ਤੇ, ਬੰਨ੍ਹੀ ਸੀਸ ਤੇ ਸੋਹਣੀ ਦਸਤਾਰ ਹੈਸੀ।
ਸਿੱਖੀ, ਅਣਖ ਆਜ਼ਾਦੀ ਦੀ ਰੱਖਿਆ ਲਈ, ਮੀਰੀ ਪੀਰੀ ਦੀ ਪਹਿਨੀ ਤਲਵਾਰ ਹੈਸੀ।
ਯੋਧੇ ਬੀਰਾਂ ਬਲਕਾਰਾਂ ਨੂੰ ਕਰ ਭਰਤੀ, ਹੱਥੀਂ ਕੀਤੀ ਫਿਰ ਫ਼ੌਜ ਤਿਆਰ ਹੈਸੀ।
ਜਹਾਂਗੀਰ ਸੀ ਦਿੱਲੀ ਦੇ ਤਖ਼ਤ ਉਤੇ, ਬੈਠੀ ਤਖ਼ਤ 'ਤੇ ਸੱਚੀ ਸਰਕਾਰ ਹੈਸੀ।

ਕੋਠਾ ਸਾਹਿਬ ਜਿਹਨੂੰ ਅੱਜ ਕੱਲ੍ਹ ਆਖਦੇ ਨੇ, ਹੱਥੀਂ ਆਪ ਬਣਾਇਆ ਸੀ ਗੁਰੂ ਅਰਜਨ।
ਬੀੜ ਸਾਹਿਬ ਦਾ ਪਾਵਨ ਪ੍ਰਕਾਸ਼ ਪਹਿਲਾ, ਹਰੀਮੰਦਰ ਿਵਚ ਕਰਾਇਆ ਸੀ ਗੁਰੂ ਅਰਜਨ।
ਜਿਹੜੇ ਪਲੰਘ 'ਤੇ ਆਪ ਬਿਰਾਜਦੇ ਸੀ, ਉਸ ਨੂੰ ਖੂਬ ਸਜਾਇਆ ਸੀ ਗੁਰੂ ਅਰਜਨ।
ਉਪਰ ਚਾਨਣੀ ਤਾਣ ਕੇ ਓਸ ਉਤੇ, ਮਖਮਲ ਬਿਸਤਰ ਵਿਛਾਇਆ ਸੀ ਗੁਰੂ ਅਰਜਨ।
ਬੜੇ ਅਦਬ ਦੇ ਨਾਲ ਗਰੰਥ ਜੀ ਨੂੰ, ਸੁਖ ਆਸਨ ਕਰਾਇਆ ਸੀ ਗੁਰੂ ਅਰਜਨ।
ਥੱਲੇ ਦਰੀ ਤੇ ਚਾਦਰ ਵਿਛਾ ਕੇ ਤੇ, ਆਪ ਆਸਨ ਲਗਾਇਆ ਸੀ ਗੁਰੂ ਅਰਜਨ।

ਅਕਾਲ ਤ਼ਖਤ ਸਾਹਿਬ ਛੇਵੇਂ ਪਾਤਸ਼ਾਹ ਨੇ, ਆਪਣੇ ਮੁੱਖ 'ਚੋਂ ਰੱਖਿਆ ਨਾਂ ਹੈ ਇਹ।
ਨੀਂਹ ਰੱਖੀ ਸੀ ਸਤਿਗੁਰਾਂ ਆਪ ਹੱਥੀਂ, ਪਾਵਨ ਪਰਮ ਪਵਿੱਤਰ ਕੋਈ ਥਾਂ ਹੈ ਇਹ।
ਜਿਥੋਂ ਅਸਾਂ ਅਗਵਾਈ ਤੇ ਸੇਧ ਲੈਣੀ, ਸਿੱਖ ਕੌਮ ਦਾ ਅਹਿਮ ਸਥਾ ਹੈ ਇਹ।
ਜ਼ੁਲਮੀ ਤੱਤੀਆਂ ਦੁਪਹਿਰਾਂ ਨੂੰ ਖਾਲਸੇ ਲਈ, ਗੂਹੜੀ, ਠੰਢੀ ਤੇ ਮਿੱਠੜੀ ਛਾਂ ਹੈ ਇਹ।
ਝੰਡੇ ਕੇਸਰੀ ਏਥੇ ਜੋ ਝੂਲਦੇ ਨੇ, ਚੜ੍ਹਦੀ ਕਲਾ ਦਾ ਸਾਡਾ ਨਿਸ਼ਾਂ ਹੈ ਇਹ।
ਇਹ ਤਾਂ ਦੇਣ ਵਡਮੁੱਲੀ ਹੈ ਪਾਤਸ਼ਾਹ ਦੀ, ਪੰਥ ਖਾਲਸੇ ਦੀ ਜਿੰਦ ਜਾਂ ਹੈ ਇਹ।

ਬੀਰ ਆਸਨ 'ਚ ਪਾਤਸ਼ਾਹ ਬੈਠਦੇ ਸੀ, ਇਥੇ ਸੁੰਦਰ ਸਿੰਘਾਸਨ ਸਜਾ ਕੇ ਤੇ।
ਮੀਰੀ ਪੀਰੀ ਤਲਵਾਰਾਂ ਨੂੰ ਪਹਿਨ ਕੇ ਤੇ, ਉਪਰ ਸੀਸ ਦੇ ਕਲਗੀ ਫਬਾ ਕੇ ਤੇ।
ਕਰਕੇ ਕਮਰਕੱਸਾ, ਹੱਥ ਵਿੱਚ ਤੀਰ ਫੜ ਕੇ, ਬਹਿੰਦੇ ਸੱਚਾ ਦਰਬਾਰ ਲਗਾ ਕੇ ਤੇ।
ਤੱਕਣ ਮੁੱਖੜਾ ਗੁਰਾਂ ਦਾ ਚੰਦ ਵਰਗਾ, ਸੰਗਤਾਂ ਵਾਂਗ ਚਕੋਰਾਂ ਦੇ ਆ ਕੇ ਤੇ।
ਹੁਕਮਨਾਮੇ ਵੀ ਜਾਰੀ ਸਨ ਆਪ ਕਰਦੇ, ਗੁਰਸਿੱਖਾਂ ਨੂੰ ਕੋਲ ਬੁਲਾ ਕੇ ਤੇ।
ਦੁਖ ਦੂਰ ਫ਼ਰਿਆਦੀ ਦੇ ਕਰ ਦੇਂਦੇ, ਸਜ਼ਾ ਦੋਸ਼ੀਆਂ ਤਾਂਈਂ ਸੁਣਾ ਕੇ ਤੇ।

ਦਲ ਭੰਜਨ ਗੁਰ ਸੂਰਮੇ ਕਿਹਾ ਮੁੱਖੋਂ, ਚੰਗੇ ਸ਼ਸ਼ਤਰ ਤੇ ਘੋੜੇ ਲਿਆਓ ਸਿੱਖੋ।
ਆਪਣਾ ਜੰਗੀ ਸੁਭਾਅ ਬਣਾ ਕੇ ਤੇ, ਜ਼ਾਲਮ ਰਾਜ ਦੇ ਥੰਮ੍ਹ ਹਿਲਾਓ ਸਿੱਖੋ।
ਇੱਕ ਹੱਥ ਮਾਲਾ ਤੇ ਦੂਜੇ ਤਲਵਾਰ ਹੋਵੇ, ਭਗਤੀ ਸ਼ਕਤੀ ਦੇ ਤਾਂਈਂ ਅਪਣਾਓ ਸਿੱਖੋ।
ਦੇਣੈ ਇੱਟ ਦਾ ਹੁਣ ਜਵਾਬ ਪੱਥਰ, ਸਬਕ ਜ਼ਾਲਮਾਂ ਤਾਂਈਂ ਸਿਖਾਓ ਸਿੱਖੋ।
ਤੁਸਾਂ ਕਦੇ ਨਹੀਂ ਕਿਸੇ 'ਤੇ ਪਹਿਲ ਕਰਨੀ, ਪਹਿਲ ਕਰੇ ਜੋ, ਮਜ਼ਾ ਚਖਾਓ ਸਿੱਖੋ।
ਢਾਡੀ ਨੱਥੇ ਅਬਦੁੱਲੇ ਨੂੰ ਕਿਹਾ ਉਨ੍ਹਾਂ, ਬੀਰ ਰਸੀ ਹੁਣ ਵਾਰਾਂ ਸੁਣਾਓ ਸਿੱਖੋ।

ਮਨੀ ਸਿੰਘ ਤੇ ਭਾਈ ਗੁਰਦਾਸ ਜੀ ਨੇ, ਕੀਤਾ ਗੁਰਮਤਿ ਦਾ ਬੜਾ ਪ੍ਰਚਾਰ ਏਥੇ।
ਸਿੱਖ ਮਿਸਲਾਂ ਨੇ ਬੜੇ ਸਤਿਕਾਰ ਅੰਦਰ, ਪਹਿਲੀ ਮੰਜ਼ਲ ਸੀ ਕੀਤੀ ਤਿਆਰ ਏਥੇ।
ਚਾਰ ਮੰਜਲਾਂ ਤਖ਼ਤ ਅਕਾਲ ਦੀਆਂ, ਦਿੱਤੀਆਂ ਸ਼ੇਰੇ ਪੰਜਾਬ ਉਸਾਰ ਏਥੇ।
ਸੇਵਾ ਕਰਨ ਲਈ ਗੁੰਬਦ ਤੇ ਬੰਗਲੇ ਦੀ, 'ਨਲੂਆ' ਬਣਿਆ ਸੀ ਸੇਵਾਦਾਰ ਏਥੇ।
ਏਸ ਪਾਵਨ ਅਸਥਾਨ ਦੀ ਰੱਖਿਆ ਲਈ, ਜਾਨਾਂ ਵਾਰ ਗਏ ਜਾਂ-ਨਿਸਾਰ ਏਥੇ।
ਠੰਢੇ ਖ਼ੂਨ ਦੇ ਤਾਂਈਂ ਗਰਮਾਉਣ ਖਾਤਰ, ਲੱਗਦੇ ਭਾਰੀ ਸੀ ਢਾਡੀ ਦਰਬਾਰ ਏਥੇ।

ਭੀੜ ਬਣਦੀ ਸੀ ਜਦੋਂ ਵੀ ਪੰਥ ਉਤੇ, ਸਰਬੱਤ ਖਾਲਸਾ ਜੁੜਦਾ ਸੀ ਆਨ ਏਥੇ।
ਦਿਨ ਵਿਸਾਖੀ ਦੀਵਾਲੀ 'ਤੇ ਖਾਸ ਕਰਕੇ, ਬੜੇ ਭਾਰੀ ਸੀ ਲਗਦੇ ਦੀਵਾਨ ਏਥੇ।

ਢਾਡੀ ਵਾਰਾਂ ਜੁਸ਼ੀਲੀਆਂ ਤਾਂਈਂ ਸੁਣ ਕੇ, ਕਾਇਰ ਸੂਰਮੇ ਬਣਦੇ ਸੀ ਆਨ ਏਥੇ।
ਸਰਬ ਸੰਮਤੀ ਨਾਲ ਗੁਰੂ ਪੰਥ ਜੀ ਨੇ, ਕੀਤੇ ਸਨ ਗੁਰਮਤੇ ਪਰਵਾਨ ਏਥੇ।
ਜਾਰੀ ਹੋਏ ਏਥੋਂ ਹੁਕਮਨਾਮਿਆਂ ਨੇ, ਉੱਚੀ ਕੀਤੀ ਗੁਰਸਿੱਖੀ ਦੀ ਸ਼ਾਨ ਏਥੇ।
ਕੈਰੀ ਅੱਖ ਨਾਲ ਵੇਖਿਆ ਜਿਸ ਏਧਰ, ਮਿੱਟੀ ਵਿਚ ਮਿਲਿਆ ਹੁਕਮਰਾਨ ਏਥੇ।

ਬਣਿਆ ਖਾਲਸਾ ਰਾਜ ਦਾ ਜਦੋਂ ਸਿੱਕਾ, ਕੀਤਾ ਸ਼ੁਰੂ ਸੀ ਏਥੇ ਅਰਦਾਸ ਕਰਕੇ।
ਐਸ.ਜੀ.ਪੀ.ਸੀ. ਬਣਾਈ ਸੀ ਗਈ ਏਥੇ, ਗੁਰੂ ਪੰਥ ਵਲੋਂ ਮਤਾ ਪਾਸ ਕਰ ਕੇ।
ਅਕਾਲੀ ਦਲ ਸ਼ਰੋਮਣੀ ਕਾਇਮ ਕੀਤਾ, ਸਿੱਖ ਪੰਥ ਨੇ ਸੀ ਡਾਹਢੀ ਆਸ ਕਰਕੇ।
'ਸਿੱਖ ਰਹਿਤ ਮਰਿਯਾਦਾ' ਤਿਆਰ ਹੋਈ, ਗੁਰੂ ਚਰਨਾਂ ਦੇ ਵਿੱਚ ਅਰਦਾਸ ਕਰਕੇ।
ਜਾਰੀ ਹੋਇਆ ਸੀ ਪਿੱਛੇ ਜਿਹੇ ਹੁਕਮਨਾਮਾ, ਸਿੱਖ ਸੰਗਤਾਂ ਦੇ ਲਈ ਖਾਸ ਕਰ ਕੇ।
ਭਾਂਡਾ ਫੋੜਿਆ ਨਕਲੀ ਨਿਰੰਕਾਰੀਆਂ ਦਾ, ਗੁਰੂ ਡੰਮ੍ਹ ਵਾਲਾ ਪੜਦਾ ਫਾਸ਼ ਕਰਕੇ।

ਸੱਚਾ ਤਖ਼ਤ ਹੈ ਇਹ ਅਕਾਲ ਜੀ ਦਾ, ਜਗ ਦੇ ਤਖ਼ਤਾਂ ਦੀ ਨਹੀਂ ਪ੍ਰਵਾਹ ਏਥੇ।
ਖਿੜੇ ਮੱਥੇ ਸੀ ਉਹਨੇ ਪ੍ਰਵਾਨ ਕੀਤੀ, ਜਿਹਨੂੰ ਜਿਹਨੂੰ ਵੀ ਲੱਗੀ ਤਨਖਾਹ ਏਥੇ।
ਕੋੜੇ ਖਾਣ ਲਈ ਸ਼ੇਰੇ ਪੰਜਾਬ ਵਰਗਾ, ਹਾਜ਼ਰ ਆਪ ਹੋਇਆ ਸ਼ਹਿਨਸ਼ਾਹ ਏਥੇ।
ਸਰਬਉਚ ਇਹ ਤਖ਼ਤ ਹੈ ਖਾਲਸੇ ਦਾ, ਸਾਡਾ ਸਾਰਾ ਇਤਿਹਾਸ ਗਵਾਹ ਏਥੇ।
ਸੁੱਕਾ ਬਚ ਨਾ ਸਕਿਆ ਉਹ ਖਾਲਸੇ ਤੋਂ, ਚੜ੍ਹਕੇ ਆਇਆ ਜੋ ਖ਼ਾਹ ਮਖ਼ਾਹ ਏਥੇ।
ਉਹ ਤਾਂ ਪਿਆ ਸੀ ਨਰਕ ਦੇ ਰਾਹ ਸਿੱਧਾ, ਇਹਨੂੰ ਆਇਆ ਜੋ ਕਰਨ ਤਬਾਹ ਏਥੇ।

ਸੰਨ ਸਤਾਰਾਂ ਸੌ ਤੇਤੀ ਵਿਸਾਖੀ ਦੇ ਦਿਨ, ਠਾਠਾਂ ਮਾਰਦਾ ਸਜਿਆ ਦੀਵਾਨ ਏਥੇ।
ਕਿਹਾ ਮੁੱਖੋਂ ਦਰਬਾਰਾ ਸਿੰਘ ਮੁਖੀ ਨੇ ਸੀ, ਸੁਣੋ ਗੱਲ ਹੁਣ ਨਾਲ ਧਿਆਨ ਏਥੇ।
ਅਸਾਂ ਮੰਗੀ ਨਵਾਬੀ ਨਹੀਂ ਕਿਸੇ ਕੋਲੋਂ, ਆਪ ਭੇਜੀ ਏ ਸ਼ਾਹੀ ਸੁਲਤਾਨ ਏਥੇ।
ਖੁਦ ਸ਼ੁਬੇਗ ਸਿੰਘ ਪਟਾ ਜਗੀਰ ਲੈ ਕੇ, ਹਾਜ਼ਰ ਹੋਇਆ ਏ ਵਿੱਚ ਦੀਵਾਨ ਏਥੇ।
ਪੰਥ ਖਾਲਸੇ ਨੇ ਆਪਣੀ ਮੋਹਰ ਲਾ ਕੇ, ਕਰ ਲਈ ਏ ਅੱਜ ਪਰਵਾਨ ਏਥੇ।
ਸਾਰੇ ਮੁਖੀਆਂ 'ਚੋਂ ਇਸ ਨੂੰ ਲੈਣ ਦੇ ਲਈ, ਕੋਈ ਇੱਕ ਵੀ ਨਹੀਂ ਚਾਹਵਾਨ ਏਥੇ।

ਤੁਸੀਂ ਸਖ਼ਤੀਆਂ ਵਿਚ ਵੀ ਨਹੀਂ ਡੋਲੇ, ਦੁੱਖ ਸਹੇ ਨੇ ਬੇਹਿਸਾਬ ਸਿੰਘੋ।
ਤੁਸਾਂ ਸ਼ੁਰੂ ਤੋਂ ਸਦਾ ਹੀ ਜ਼ਾਲਮਾਂ ਨੂੰ, ਮੂੰਹ ਤੋੜਵਾਂ ਦਿੱਤਾ ਜਵਾਬ ਸਿੰਘੋ।

ਥੋਡੀ ਅਣਖ ਤੇ ਬੀਰਤਾ ਤੱਕ ਕੇ ਤੇ, ਸੁਲਾਹ ਕਰਨ ਲਈ ਸੂਬਾ ਬੇਤਾਬ ਸਿੰਘੋ।
ਸਰਬ ਸੰਮਤੀ ਨਾਲ ਗੁਰ ਖਾਲਸੇ ਨੇ, ਕਪੂਰ ਸਿੰਘ ਨੂੰ ਚੁਣਿਐ ਨਵਾਬ ਸਿੰਘੋ।
ਲਿੱਦ ਘੋੜਿਆਂ ਦੀ ਸਾਫ਼ ਕਰਨ ਵਾਲੇ, ਸੇਵਾਦਾਰ ਨੂੰ ਦਿੱਤੈ ਖ਼ਿਤਾਬ ਸਿੰਘੋ।
ਸਾਨੂੰ ਮਾਣ ਹੈ ਇਹਦੀ ਬਹਾਦਰੀ 'ਤੇ, ਲੈ ਆਊਗਾ ਇਹ ਇਨਕਲਾਬ ਸਿੰਘੋ।

ਅਹਿਮਦ ਸ਼ਾਹ ਅਬਦਾਲੀ ਨੇ ਸਮਝਿਆ ਸੀ, ਖ਼ਤਮ ਕੀਤੇ ਨੇ ਸਿੰਘ ਜਹਾਨ ਵਿੱਚੋਂ।
ਤੋਪਾਂ ਨਾਲ ਹਰਿਮੰਦਰ ਉਡਾ ਦਿੱਤੈ, ਮਾਰੇ ਸਾਰੇ ਨੇ ਇਸ ਅਸਥਾਨ ਵਿੱਚੋਂ।
ਛੱਤੀ ਸਿੰਘਾਂ ਦੇ ਨਾਲ ਗੁਰਬਖਸ਼ ਸਿੰਘ ਨੇ, ਕੱਢੀ ਉਦੋਂ ਕਿਰਪਾਨ ਮਿਆਨ ਵਿੱਚੋਂ।
ਪਾਵਨ ਤਖ਼ਤ ਤੋਂ ਕਰ ਅਰਦਾਸ ਨਿਕਲੇ, ਤੀਰ ਨਿਕਲਦੇ ਜਿਵੇਂ ਕਮਾਨ ਵਿੱਚੋਂ।
ਤੀਹ ਹਜ਼ਾਰ ਦੀ ਫ਼ੌਜ ਨੂੰ ਵਖ਼ਤ ਪਾਇਆ, ਰੱਖ ਕੇ ਤਲੀ 'ਤੇ ਆਪਣੀ ਜਾਨ ਵਿੱਚੋਂ।
ਸ਼ਹੀਦੀ ਪਾ ਕੇ ਗੁਰੂ ਦਰਬਾਰ ਅੰਦਰ, ਪਾਸ ਹੋਏ ਸਾਰੇ ਇਮਤਿਹਾਨ ਵਿੱਚੋਂ।

ਫੇਰ ਖਾਲਸਾ ਰਾਜ ਜਦ ਖਤਮ ਹੋਇਆ, ਕਬਜ਼ਾ ਕੀਤਾ ਅੰਗਰੇਜ਼ ਸਰਕਾਰ ਏਥੇ।
ਨੀਯਤ ਕਰ ਉਹਨਾਂ ਸਰਬ-ਰਾਹ ਆਪਣੇ, ਸਿੱਖ ਪੰਥ ਉਤੇ ਕੀਤਾ ਵਾਰ ਏਥੇ।
ਗੁਰਮੁੱਖ ਸਿੰਘ ਵਰਗੇ ਪੱਕੇ ਸਿੰਘ ਸਭੀਏ, ਦਿੱਤੇ ਗਏ ਤਨਖ਼ਾਹੀਏ ਕਰਾਰ ਏਥੇ।
ਸਰਬ-ਰਾਹ ਅਰੂੜ ਸਿੰਘ ਹੱਦ ਕੀਤੀ, ਜਨਰਲ ਡਾਇਰ ਦਾ ਕਰ ਸਤਿਕਾਰ ਏਥੇ।
ਮਜ਼੍ਹਬੀ ਸਿੰਘ ਪ੍ਰਸ਼ਾਦਿ ਜੋ ਤਿਆਰ ਕਰਦੇ, ਨਹੀਂ ਸੀ ਕਰਦੇ ਪੁਜਾਰੀ ਸਵੀਕਾਰ ਏਥੇ।
ਉਦੋਂ ਰੋਹ ਤੇ ਗੁੱਸੇ 'ਚ ਕਿਹਾ ਸਿੰਘਾ, ਕਰਨੇ ਪੈਣੇ ਨੇ ਹੱਥ ਦੋ ਚਾਰ ਏਥੇ।

ਮਹੰਤਾਂ ਸਮੇਂ ਦੀਵਾਲੀ ਨੂੰ ਵੇਖਣੇ ਲਈ, ਗੋਰੇ ਬਹਿੰਦੇ ਸੀ ਕੁਰਸੀਆਂ ਡਾਹ ਕੇ ਤੇ।
ਜੱਥੇਦਾਰ ਬਣ ਕੇ ਤੇਜਾ ਸਿੰਘ ਭੁੱਚਰ, ਦਿਤਾ ਹੁਕਮ ਇਹ ਗੱਜ ਵਜਾ ਕੇ ਤੇ।
ਹਰੀਮੰਦਰ ਸਤਿਕਾਰ ਨੂੰ ਮੁੱਖ ਰੱਖ ਕੇ, ਥੱਲੇ ਬੈਠੋਗੇ ਦਰੀਆਂ ਵਿਛਾ ਕੇ ਤੇ।
ਡੀ.ਸੀ. ਮੰਨਿਆ ਨਾ, ਜੱਥੇਦਾਰ ਜੀ ਨੇ, ਸੁੱਟੀਆਂ ਕੁਰਸੀਆਂ ਪਰ੍ਹਾਂ ਵਗਾਹ ਕੇ ਤੇ।
ਸਿੰਘ ਸਾਹਿਬ ਨੂੰ ਉਨ੍ਹਾਂ ਗ੍ਰਿਫਤਾਰ ਕੀਤਾ, ਫ਼ੌਜਦਾਰੀ ਇੱਕ ਕੇਸ ਬਣਾ ਕੇ ਤੇ।
ਖਿੜੇ ਮੱਥੇ ਸੀ ਉਨ੍ਹਾਂ ਸਜ਼ਾ ਭੁਗਤੀ, ਚਾਰ ਚੰਨ ਗੁਰਸਿੱਖੀ ਨੂੰ ਲਾ ਕੇ ਤੇ।

ਤੀਜਾ ਘੱਲੂਘਾਰਾ ਪਿਛੇ ਜਿਹੇ ਹੋਇਆ, ਚੜ੍ਹਕੇ ਆਏ 'ਆਪਣੇ' ਸੀਨਾ ਠੋਕ ਓਦੋਂ।
ਗੁਰਧਾਮਾਂ ਤੇ ਕੀਤੀ ਚੜ੍ਹਾਈ ਉਨ੍ਹਾਂ, ਰਸਤੇ ਸਾਰੇ ਦੇ ਸਾਰੇ ਹੀ ਰੋਕ ਓਦੋਂ।
ਧਰਤੀ ਪਾਵਨ ਸਰੋਵਰ ਦੀ ਲਾਲ ਹੋਈ, ਲਾਲ ਲਹੂ 'ਚ ਰੰਗੇ ਗਏ ਲੋਕ ਓਦੋਂ।
ਬੱਚੇ ਬੁੱਢੇ ਤੇ ਨੌਜਵਾਨ ਉਨ੍ਹਾਂ, ਬਲਦੀ ਅੱਗ 'ਚ ਦਿਤੇ ਸੀ ਝੋਕ ਓਦੋਂ।
ਪੰਚਮ ਪਿਤਾ ਦੇ ਸ਼ਹੀਦੀ ਦਿਨਾਂ ਅੰਦਰ, ਛਾਇਆ ਸਾਰੇ ਸੰਸਾਰ 'ਚ ਸ਼ੋਕ ਓਦੋਂ।
ਲੱਖਾਂ ਨਾਲ ਮੁਕਾਬਲੇ ਕਰ ਸੂਰੇ, ਪਹੁੰਚੇ ਸਾਰੇ ਸਿਰਲੱਥ ਪ੍ਰਲੋਕ ਓਦੋਂ।

ਸਮੇਂ ਸਮੇਂ ਅਬਦਾਲੀਆਂ ਹੱਥ ਪਾਇਆ, ਸਿੱਖ ਕੌਮ ਵਾਲੀ ਸ਼ਾਹ ਰੱਗ ਉਤੇ।
ਸਮੇਂ ਸਮੇਂ 'ਤੇ ਮੁੱਠੀ ਭਰ ਸ਼ੇਰ ਦੂਲੇ, ਪਏ ਟੁੱਟ ਕੇ ਭੇਡਾਂ ਦੇ ਵੱਗ ਉਤੇ।
ਆਪਣੇ ਖ਼ੂਨ ਨਾਲ ਜਿਹੜੇ ਇਤਿਹਾਸ ਲਿਖਦੇ, ਥੱਲੇ ਲਾ ਲੈਂਦੇ ਆਪ ਲੱਗ ਉਤੇ।
ਲਾਲੀ ਲਾਟਾਂ 'ਚੋਂ ਲਹੂ ਤੋਂ ਲਾਲ ਨਿਕਲੇ, ਤੇਲ ਛਿੜਕੀਏ ਜੇ ਬਲਦੀ ਅੱਗ ਉਤੇ।
ਖ਼ਬਰ ਫੈਲਦੀ ਉਦੋਂ ਸੰਸਾਰ ਅੰਦਰ, ਹੋਵੇ ਜਦੋਂ ਅਣਹੋਣੀ ਕੋਈ ਜੱਗ ਉਤੇ।
ਉਹਨੂੰ ਦਿਨੇ ਇਹ ਤਾਰੇ ਵਿਖਾਏ ਜਿਹੜਾ, ਹੱਥ ਪਾਏ ਸਰਦਾਰ ਦੀ ਪੱਗ ਉਤੇ।

ਬੇਸ਼ਕ ਐਸ ਜੀ ਪੀ ਸੀ ਹੈ ਚੋਣ ਕਰਦੀ, ਜੱਥੇਦਾਰ ਦੀ ਹਸਤੀ ਆਜ਼ਾਦ ਸਿੰਘੋ।
ਕਾਫ਼ੀ ਸਮੇਂ ਤੋਂ ਚੱਲ ਪ੍ਰਬੰਧ ਰਿਹੈ, ਪਈਏ ਵਿੱਚ ਨਾ ਵਾਦ ਵਿਵਾਦ ਸਿੰਘੋ।
ਸਾਡੀ ਕੌਮ ਚੁਰਾਹੇ 'ਤੇ ਖੜ੍ਹੀ ਹੋਈ ਏ, ਐਵੇਂ ਕਰੀਏ ਨਾ ਸਮਾਂ ਬਰਬਾਦ ਸਿੰਘੋ।
ਹਰ ਇਕ ਮਸਲੇ 'ਤੇ ਖਰੜੇ ਤਿਆਰ ਹੋਵਣ, ਆਪੋ ਵਿੱਚ ਵਿਚਾਰਾਂ ਤੋਂ ਬਾਦ ਸਿੰਘੋ।
ਅੰਤਮ ਫੈਸਲੇ ਲੈਣ ਲਈ ਰਲ ਮਿਲ ਕੇ, ਅਕਾਲ ਤਖ਼ਤ ਤੇ ਕਰੀਏ ਫਰਿਆਦ ਸਿੰਘੋ।
ਗੁਰੂ ਤਾਬਿਆ ਬੈਠ ਕੇ ਪੰਜ ਪਿਆਰੇ, ਦੇਣ ਫੈਸਲੇ ਜੋ, ਰੱਖੀਏ ਯਾਦ ਸਿੰਘੋ।

ਗੁਰੂ ਚਰਨਾਂ 'ਚ 'ਜਾਚਕ' ਅਰਦਾਸ ਕਰੀਏ, ਕਿ ਝੰਡਾ ਕੇਸਰੀ ਹੋਰ ਬੁਲੰਦ ਹੋਵੇ।
ਸ਼ਬਦ ਗੁਰੂ ਤੇ ਓਟ ਜੋ ਰੱਖਦਾ ਏ, ਨਾਨਕ ਨਾਮ ਲੇਵਾ ਲਾਮਬੰਦ ਹੋਵੇ।
ਸਦਾ ਮਿਲੇ ਅਗਵਾਈ ਤੇ ਸੇਧ ਉਹਨੂੰ, ਗੁਰਸਿੱਖੀ ਦਾ ਜਿਹੜਾ ਪਾਬੰਦ ਹੋਵੇ।
ਰੱਬੀ ਫੈਸਲੇ ਇੱਥੇ ਉਹ ਲਏ ਜਾਵਣ, ਸਿੱਖ ਕੌਮ ਨਾਲ ਜੀਹਦਾ ਸੰਬੰਧ ਹੋਵੇ।
ਮਹਿਕਾਂ ਵੰਡੇ ਇਹ ਸਾਰੇ ਸੰਸਾਰ ਅੰਦਰ, ਖੁਸ਼ੀ, ਖੇੜਾ ਤੇ ਸਦਾ ਆਨੰਦ ਹੋਵੇ।
ਅਕਾਲ ਤਖ਼ਤ ਦੀ ਪਾਵਨ ਕਮਾਨ ਹੇਠਾਂ, ਸਿੱਖ ਕੌਮ ਸਾਰੀ ਜੱਥੇਬੰਦ ਹੋਵੇ।

## ਜਥੇਦਾਰ

ਅਕਾਲ ਤਖਤ ਦੇ ਗੌਰਵ ਦੀ ਰੱਖਿਆ ਲਈ, ਭਾਈ ਗੁਰਦਾਸ ਵਰਗਾ ਸੇਵਾਦਾਰ ਹੋਵੇ।
ਹੋਵੇ ਬ੍ਰਹਮ ਗਿਆਨੀ ਮਨੀ ਸਿੰਘ ਵਾਂਗੂੰ, ਜਿਹਨੂੰ ਬਾਣੀ ਦੀ ਗੂਹੜ ਵਿਚਾਰ ਹੋਵੇ।
ਸਾਰੇ ਦਲਾਂ ਨੂੰ ਇੱਕ ਥਾਂ ਕਰਨ ਵਾਲਾ, ਕਪੂਰ ਸਿੰਘ ਜਿਹਾ ਸਿਪਾਹ ਸਲਾਰ ਹੋਵੇ।
ਗੁਰ-ਮਰਿਆਦਾ ਨੂੰ ਲਾਗੂ ਕਰਾਏ ਜਿਹੜਾ, ਫੂਲਾ ਸਿੰਘ ਵਰਗਾ ਜਥੇਦਾਰ ਹੋਵੇ।

# ਮਹਾਰਾਜਾ ਰਣਜੀਤ ਸਿੰਘ

ਰੱਖਿਆ ਕੀਤੀ ਰਣਜੀਤ ਪੰਜਾਬੀਆਂ ਦੀ, ਸੱਚੀਮੁੱਚੀ ਪੰਜਾਬ ਦਾ ਸ਼ੇਰ ਬਣਕੇ।
ਨਾਢੂਖਾਂਨਾ ਦੇ ਦਿਲ ਸੀ ਕੰਬ ਉੱਠੇ, ਲੜਿਆ ਜਦੋਂ ਉਹ ਮਰਦ ਦਲੇਰ ਬਣਕੇ।
ਪਿਛੇ ਮੁੜ ਕੇ ਕਦੇ ਨਾ ਤੱਕ ਸਕੇ, ਚੜ੍ਹਕੇ ਆਉਂਦੇ ਸੀ ਜਿਹੜੇ ਲੁਟੇਰ ਬਣਕੇ।
ਉਹਦੀ ਇਕੋ ਹੀ ਭੁਬਕ ਤੇ ਗਰਜ ਸੁਣਕੇ, ਉਡ ਗਏ ਸਭ ਤਿੱਤਰ ਬਟੇਰ ਬਣਕੇ।

ਨਕਲੀ ਸ਼ੇਰੇ ਪੰਜਾਬ ਕਈ ਬਣੇ ਏਥੇ, ਅਸਲ ਵਿੱਚ ਪਰ ਸ਼ੇਰੇ ਪੰਜਾਬ ਸੈਂ ਤੂੰ ।
ਭਾਵੇਂ ਦੁਨੀਆਂ'ਚ ਲੱਖਾਂ ਨੇ ਫੁੱਲ ਸੋਹਣੇ, ਫੁੱਲਾਂ ਵਿੱਚੋਂ ਪਰ ਫੁੱਲ ਗੁਲਾਬ ਸੈਂ ਤੂੰ ।
ਪਾਏ ਸਮੇਂ ਨੇ ਕਈ ਸੁਆਲ ਤੈਨੂੰ, ਉਨ੍ਹਾਂ ਸਭ ਦਾ ਇਕੋ ਜੁਆਬ ਸੈਂ ਤੂੰ।
ਦਿਲ ਦੀ ਧੜਕਣ ਸੈਂ ਸਾਰੇ ਪੰਜਾਬੀਆਂ ਦੀ, ਮੈਂ ਤਾਂ ਸਮਝਦਾ ਸਾਰਾ ਪੰਜਾਬ ਸੈਂ ਤੂੰ।

ਬਚਪਨ ਆਪਣਾ ਬਾਲਕ ਰਣਜੀਤ ਸਿੰਘ ਨੇ, ਵਹਿੰਦੇ ਖੂਨ ਦੇ ਵਿੱਚ ਗੁਜਾਰਿਆ ਸੀ।
ਰਣਤੱਤੇ'ਚ ਜੂਝਣੇ ਵਾਲਿਆਂ ਨੇ, ਉਹਨੂੰ ਸਸ੍ਤਰਾਂ ਨਾਲ ਸ਼ਿੰਗਾਰਿਆ ਸੀ।
ਨਾਢੂਖਾਂ ਸੀ ਗਿੱਦੜਾਂ ਵਾਂਗ ਦੌੜੇ, ਬੱਬਰ ਸ਼ੇਰ ਨੇ ਜਦੋਂ ਲਲਕਾਰਿਆ ਸੀ।
ਇਹ ਮੈਂ ਨਹੀਂ ਕਹਿੰਦਾ ਇਤਿਹਾਸ ਕਹਿੰਦੈ ,(ਉਹ)ਸਦਾ ਜਿੱਤਿਆ ਕਦੇ ਨਾ ਹਾਰਿਆ ਸੀ।

ਜੋ ਪੰਜਾਬ ਨੂੰ ਆਉਂਦੇ ਸੀ ਮੂੰਹ ਚੁੱਕੀ,ਫੜ ਕੇ ਪਿੱਛੇ ਪਰਤਾਏ ਰਣਜੀਤ ਸਿੰਘ ਨੇ।
ਮੁੜਕੇ ਫੇਰ ਨਾ ਏਧਰ ਨੂੰ ਮੂੰਹ ਕੀਤਾ, ਐਸੇ ਮੂੰਹ ਭੁਵਾਏ ਰਣਜੀਤ ਸਿੰਘ ਨੇ।
ਜਿਹੜੇ ਕਹਿੰਦੇ ਕਹਾਉਂਦੇ ਸੀ ਜੱਗ ਅੰਦਰ,ਖੱਬੀ ਖਾਨ ਝਟਕਾਏ ਰਣਜੀਤ ਸਿੰਘ ਨੇ।
ਸ਼ਾਹ ਜਮਾਨ ਅਬਦਾਲੀ ਦੇ ਪੋਤਰੇ ਨੂੰ, ਦਿਨੇ ਤਾਰੇ ਵਿਖਾਏ ਰਣਜੀਤ ਸਿੰਘ ਨੇ।

ਰੱਖਿਆ ਕੀਤੀ ਰਣਜੀਤ ਪੰਜਾਬੀਆਂ ਦੀ,ਸਚਮੁੱਚ ਪੰਜਾਬ ਦਾ ਸ਼ੇਰ ਬਣਕੇ ।
ਉਹਨੇ ਉਨ੍ਹਾਂ ਦਾ ਸਭ ਕੁਝ ਲੁਟਿਆ ਸੀ,ਚੜ੍ਹਕੇ ਆਉਂਦੇ ਸੀ ਜਿਹੜੇ ਲੁਟੇਰ ਬਣਕੇ।
ਉਹਨੂੰ ਵੇਖ ਕੇ ਮੌਤ ਵੀ ਕੰਬਦੀ ਸੀ, ਜਦੋਂ ਜੂਝਦਾ ਮਰਦ ਦਲੇਰ ਬਣਕੇ।
ਕਾਲੀ ਰਾਤ ਅਠਾਰਵੀਂ ਸਦੀ ਪਿੱਛੋਂ ,ਚੜ੍ਹਿਆ ਕੌਮ ਲਈ ਚਾਨਣ ਸਵੇਰ ਬਣਕੇ।

ਰਹਿਣੇ ਸਦਾ ਇਤਿਹਾਸ ਦੇ ਪੰਨਿਆਂ ਤੇ, ਕੀਤੇ ਕੰਮ ਸਨ ਜਿਹੜੇ ਮਹਾਨ ਉਸਨੇ।
ਸਿੱਖ ਹੁੰਦਿਆਂ ਧਰਮ ਨਿਰਪੱਖ ਰਹਿਕੇ, ਸਾਰੇ ਧਰਮਾਂ ਦਾ ਕੀਤਾ ਸਨਮਾਨ ਉਸਨੇ।
ਮੰਦਰਾਂ, ਮਸਜ਼ਿਦਾਂ ਤੇ ਗੁਰਦੁਆਰਿਆਂ ਲਈ, ਖੁਲ੍ਹੇ ਦਿਲ ਨਾਲ ਦਿਤੇ ਸੀ ਦਾਨ ਉਸਨੇ।
ਇਕੋ ਲੜੀ ਦੇ ਵਿੱਚ ਪਰੋ ਦਿਤੇ, ਹਿੰਦੂਸਿੱਖ ਨਾਲੇ ਮੁਸਲਮਾਨ ਉਸਨੇ।

ਸ਼ਾਹੀ ਮਹਿਲ ਵਿੱਚ ਗੁਰੂਗ੍ਰੰਥ ਜੀ ਦਾ, ਸਭ ਤੋਂ ਉੱਤੇ ਸੀ ਕੀਤਾ ਪ੍ਰਕਾਸ਼ ਉਨ੍ਹਾਂ ।
ਸ਼ਬਦ ਗੁਰੂਤੇ ਸਿੱਖੀ ਸਿਧਾਂਤ ਉੱਤੇ, ਪੂਰਾ ਰੱਖਿਆ ਸਿਦਕ ਵਿਸ਼ਵਾਸ ਉਨ੍ਹਾਂ।
ਸੋਨਾ ਚਾੜ੍ਹਿਆ ਪਾਵਨ ਦਰਬਾਰ ਉੱਤੇ, ਗੁਰੂਪੰਥ ਵਾਲੇ ਬਣਕੇ ਦਾਸ ਉਨ੍ਹਾਂ।
ਸਮੇਂ ਸਮੇਂ ਤੇ ਜਦੋਂ ਵੀ ਪਈ ਬਿਪਤਾ, ਗੁਰੂਚਰਨਾਂ'ਚ ਕੀਤੀ ਅਰਦਾਸ ਉਨ੍ਹਾਂ।

ਕਈ ਨਾਦਰਾਂ ਅਤੇ ਅਬਦਾਲੀਆਂ ਦਾ, ਤੂਹੀਓਂ ਟਾਕਰਾ ਕੀਤਾ ਰਣਜੀਤ ਸਿੰਘਾ ।
ਆਪੋ ਵਿੱਚ ਦੀ ਪਾਟੇ ਪੰਜਾਬੀਆਂ ਨੂੰ, ਹੱਥੀਂ ਆਪਣੀ ਸੀਤਾ ਰਣਜੀਤ ਸਿੰਘਾ।
ਕੈਰੀ ਅੱਖ ਨਾਲ ਵੇਖਿਆ ਜੇਸ ਏਧਰ, ਲਹੂਉਸੇ ਦਾ ਪੀਤਾ ਰਣਜੀਤ ਸਿੰਘਾ।
ਚੜ੍ਹ ਕੇ ਆਇਆ ਜੋ, ਉਸ ਨੂੰ ਰਾਖ ਕੀਤਾ, ਬਣਕੇ ਤੂੰ ਪਲੀਤਾ ਰਣਜੀਤ ਸਿੰਘਾ।

ਗੁਰੂਨਾਨਕ ਤੇ ਗੁਰੂਗੋਬਿੰਦ ਸਿੰਘ ਦੇ ,ਨਾਂ ਦਾ ਸਿੱਕਾ ਚਲਾਇਆ ਰਣਜੀਤ ਸਿੰਘ ਨੇ।
ਫੂਲਾਂ ਸਿੰਘ ਤੋਂ ਕੋਰੜੇ ਖਾਣ ਲੱਗਿਆਂ, ਮੱਥੇ ਵੱਟ ਨਾ ਪਾਇਆ ਰਣਜੀਤ ਸਿੰਘ ਨੇ।
ਕੀ ਮਜਾਲ ਹੈ ਕਿਸੇ ਗਰੀਬੜੇ ਦਾ, ਹੋਵੇ ਦਿਲ ਦੁਖਾਇਆ ਰਣਜੀਤ ਸਿੰਘ ਨੇ।
ਇਕੋ ਘਾਟ ਤੇ ਸ਼ੀਹ ਤੇ ਬੱਕਰੀ ਨੂੰ, 'ਕੱਠਾ ਪਾਣੀ ਪਿਲਾਇਆ ਰਣਜੀਤ ਸਿੰਘ ਨੇ।

ਤੇਰੇ ਪਿੱਛੋਂ ਧਿਆਨ ਸਿੰਘ ਡੋਗਰੇ ਜਿਹਾਂ, ਤਾਂਡਵ ਨਾਚ ਨਚਾਇਆ ਰਣਜੀਤ ਸਿੰਘਾ ।
ਉਨ੍ਹਾਂ ਉਸੇ ਹੀ ਥਾਲੀ 'ਚ ਛੇਕ ਕੀਤੇ, ਜਿਹੜੀ ਥਾਲੀ 'ਚ ਖਾਇਆ ਰਣਜੀਤ ਸਿੰਘਾ।
ਉਸ ਸੱਪ ਨੇ ਮਾਰਿਆ ਡੰਗ ਆਖਰ,(ਤੂੰ) ਜੀਹਨੂੰ ਦੁੱਧ ਪਿਲਾਇਆ ਰਣਜੀਤ ਸਿੰਘਾ।
ਘਰ ਦੇ ਭੇਤ ਦਿੱਤੇ ਉਨ੍ਹਾਂ ਈ ਜਿਨ੍ਹਾਂ ਨੂੰ ਤੂੰ, ਘਰ ਦੇ ਭੇਤੀ ਬਣਾਇਆ ਰਣਜੀਤ ਸਿੰਘਾ।

ਤੇਰੇ ਜਾਣ ਦੇ ਨਾਲ ਹੀ ਦੂਲਿਆ ਉਏ, ਚਲਾ ਗਿਆ ਉਹ ਪਾਵਨ ਪੰਜਾਬ ਸਾਡਾ।
ਪੈਰਾਂ ਹੇਠ ਬੇ-ਕਦਰੀ ਦੇ ਨਾਲੋ ਜਾਚਕੋ ਮਿਧਿਆ ਗਿਆ ਇਹ ਫੁੱਲ ਗੁਲਾਬ ਸਾਡਾ।
ਮੁੜਕੇ ਕਦੇ ਵੀ ਸਾਡਾ ਨਾ ਹੋ ਸਕਿਆ, ਰਾਵੀ ਜਿਹਲਮ ਦਰਿਆ ਚਨਾਬ ਸਾਡਾ।
ਜਿਹੜਾ ਕਦੇ ਵੀ ਪੂਰਾ ਨਹੀਂ ਹੋ ਸਕਦਾ, ਹੋਇਆ ਹਾਣ ਉਹ ਬੇਹਿਸਾਬ ਸਾਡਾ।

ਤੇਰੇ ਰਾਜ ਦੇ ਸੂਰਜ ਦੇ ਛਿਪਦਿਆਂ ਹੀ, ਢਲ ਗਈ ਸੀ ਸਾਡੀ ਦੁਪਹਿਰ ਏਥੇ।
ਨਮਕ ਹਲਾਲ ਨਾਲੇ ਵਫ਼ਾਦਾਰ ਬਣ ਗਏ, ਨਮਕਹਰਾਮੀ ਗਦਾਰ ਤੇ ਗੈਰ ਏਥੇ।
ਇਕ ਕਰੋੜ ਚੋਂ ਠਾਰਾਂ ਲੱਖ ਰਹੇ ਬਾਕੀ, ਚਾਰੇ ਪਾਸੇ ਸੀ ਵਰਤਿਆ ਕਹਿਰ ਏਥੇ।
ਸਿੰਘ ਜਿੱਤੀਆਂ ਬਾਜੀਆਂ ਹਾਰ ਗਏ ਸੀ, 'ਕੱਲੇ ਸ਼ੇਰੇ ਪੰਜਾਬ ਬਗੈਰ ਏਥੇ।

ਜਦੋਂ ਅਟਕ ਦਰਿਆ ਅਟਕਾਉਣ ਲੱਗਾ,ਅੱਗੋਂ ਅਟਕ ਅਟਕਾਇਆ ਰਣਜੀਤ ਸਿੰਘ ਨੇ।
ਸੂਕਾਂ ਮਾਰਦੇ ਅਟਕ ਦਰਿਆ ਅੰਦਰ, ਜਦੋਂ ਘੋੜਾ ਠਿਲਾਇਆ ਰਣਜੀਤ ਸਿੰਘ ਨੇ।
ਠਿਲ ਪਈ ਫਿਰ ਨਾਲ ਹੀ ਸਿੱਖ ਸੈਨਾ, ਜਦ ਜੈਕਾਰਾ ਗਜਾਇਆ ਰਣਜੀਤ ਸਿੰਘ ਨੇ।
ਜਾ ਕੇ ਦੁਸ਼ਮਣ ਦੀ ਫੌਜ ਦੀ ਹਿੱਕ ਉਤੇ, ਕੌਮੀ ਝੰਡਾ ਝੁਲਾਇਆ ਰਣਜੀਤ ਸਿੰਘ ਨੇ।

# ਸਿੰਘ ਸਭਾ ਲਹਿਰ

ਸਮੇਂ ਸਮੇਂ 'ਤੇ ਸਿੱਖ ਸਮਾਜ ਅੰਦਰ, ਆਉਂਦੀ ਰਹੀ ਗਿਰਾਵਟ ਦੀ ਲਹਿਰ ਹੈਸੀ।
ਸੂਰਜ ਖਾਲਸਾ ਰਾਜ ਦਾ ਛਿਪਦਿਆਂ ਹੀ, ਢਾਲੇ ਪੈ ਗਈ ਸਾਡੀ ਦੁਪਹਿਰ ਹੈਸੀ।
ਕੁੰਡਾ ਹਾਥੀ ਦੇ ਸਿਰ ਤੋਂ ਉਠਦਿਆਂ ਹੀ, ਸਾਡੇ ਥਿੜ੍ਹਕ ਗਏ ਮਸਤੀ 'ਚ ਪੈਰ ਹੈਸੀ।
ਨਮਕ ਹਲਾਲ ਤੇ ਵਫ਼ਾਦਾਰ ਬਣ ਗਏ, ਲੂਣ ਹਰਾਮੀ, ਗੱਦਾਰ ਤੇ ਗ਼ੈਰ ਹੈਸੀ।

ਘਰ ਦੇ ਭੇਤੀ ਸੀ ਲੰਕਾ ਨੂੰ ਢਾਹੁਣ ਲੱਗੇ, ਸਾਡੀ ਰਹੀ ਨਾ ਕਿਤੇ ਵੀ ਖ਼ੈਰ ਹੈਸੀ।
ਸਿੰਘ ਹਾਰ ਗਏ ਜਿੱਤੀਆਂ ਬਾਜ਼ੀਆਂ ਨੂੰ, ਇਕੱਲੇ ਸ਼ੇਰੇ ਪੰਜਾਬ ਬਗ਼ੈਰ ਹੈਸੀ।
ਹੋ ਗਏ ਜਦੋਂ ਗੁਲਾਮ ਸੀ ਗੋਰਿਆਂ ਦੇ, ਸੌਂ ਗਏ ਘੂਕ, ਪਸਾਰ ਕੇ ਪੈਰ ਸਾਰੇ।
ਈਸਾ ਧਰਮ ਦਾ ਸ਼ੁਰੂ ਪ੍ਰਚਾਰ ਹੋਇਆ, ਪਿੰਡ ਪਿੰਡ ਅੰਦਰ, ਸ਼ਹਿਰੋ ਸ਼ਹਿਰ ਸਾਰੇ।

ਆਰੀਆ ਸਮਾਜੀ ਤੇ ਗੁਰੂ ਡੰਮ੍ਹ ਵਾਲੇ, ਸਿੱਖ ਪੰਥ ਦੇ ਪੈ ਗਏ ਵੈਰ ਸਾਰੇ।
ਖੋਰਾ ਲਾਇਆ ਸੀ ਸਿੱਖੀ ਸਰੀਰ ਤਾਂਈਂ, ਮਿੱਠੀ ਗੋਲ਼ੀ, ਪਰ ਅੰਦਰੋਂ ਜ਼ਹਿਰ ਸਾਰੇ।
ਇਕ ਕਰੋੜ 'ਚੋਂ 'ਠਾਰਾਂ ਲੱਖ ਰਹੇ ਬਾਕੀ, ਚਾਰੇ ਪਾਸੇ ਸੀ ਵਰਤਿਆ ਕਹਿਰ ਸਾਰੇ।
ਐਸੇ ਸਮੇਂ 'ਚ ਸ਼ੁਰੂ ਜੋ ਹੋਈ 'ਜਾਚਕ', ਉਹਨੂੰ ਕਹਿੰਦੇ ਨੇ 'ਸਿੰਘ ਸਭਾ ਲਹਿਰ' ਸਾਰੇ।

ਦਿੱਤਾ ਹੁਕਮ ਡਲਹੌਜ਼ੀ ਲਾਰੰਸ ਤਾਈਂ, ਫਰੰਗੀ ਰਾਜ ਦਾ ਖੋਲ੍ਹਿਆ ਰਾਹ ਜਾਵੇ।
ਸਿੱਖ ਰਾਜ ਦੇ ਖ਼ਾਤਮੇ ਬਾਅਦ ਹੁਣ ਤਾਂ, ਸਿੱਖ ਧਰਮ ਨੂੰ ਲਾਈ ਕੋਈ ਢਾਹ ਜਾਵੇ।
ਮਨ ਘੜਤ ਕਹਾਣੀਆਂ ਪੇਸ਼ ਕਰਕੇ, ਹਰ ਇੱਕ ਸਿੱਖ ਨੂੰ ਕੀਤਾ ਗੁੰਮਰਾਹ ਜਾਵੇ।
ਸਿੱਖ ਕੌਮ ਦੇ ਉਲਟ ਪ੍ਰਚਾਰ ਕਰਕੇ, ਸਿੱਖੀ ਮਹਿਲ ਨੂੰ ਕੀਤਾ ਤਬਾਹ ਜਾਵੇ।

ਹਰੀਮੰਦਰ ਪ੍ਰਕਰਮਾਂ ਦੇ ਵਿੱਚ ਇੱਥੇ, ਹੋਇਆ ਮੂਰਤੀ ਪੂਜਾ ਦਾ ਜ਼ੋਰ ਹਰ ਥਾਂ।
ਮਨਮਤੀਆਂ ਨੇ ਥਾਂ ਥਾਂ ਬੈਠ ਕੇ ਤੇ, ਆਪੋ ਆਪਣਾ ਪਾਇਆ ਸੀ ਸ਼ੋਰ ਹਰ ਥਾਂ।
ਪੇਚਾ ਪਾ ਕੇ ਪੰਥਕ ਪਤੰਗ ਉੱਤੇ, ਕੱਟੀ ਦੁਸ਼ਮਣਾਂ ਸਿੱਖੀ ਦੀ ਡੋਰ ਹਰ ਥਾਂ।
ਸਿੱਖ ਕੌਮ ਦੇ ਸੂਰਜ 'ਤੇ ਮਨਮੱਤ ਦੀ, ਘਟਾ ਛਾਈ ਸੀ ਕਾਲੀ ਘਨਘੋਰ ਹਰ ਥਾਂ।

ਚੱਪਾ ਚੱਪਾ ਪੰਜਾਬ ਦੀ ਧਰਤ ਉੱਤੇ, ਇਸਾਈ ਮਿਸ਼ਨਰੀਆਂ ਧਾਂਕ ਜਮਾਈ ਹੈਸੀ।
ਟਰੈਕਟ,ਪੈਂਫਲਿਟ ਤੇ ਸਾਹਿਤ ਮੁਫਤ ਵੰਡ ਕੇ, ਬੜੇ ਜ਼ੋਰ ਦੀ ਲਹਿਰ ਚਲਾਈ ਹੈਸੀ।
ਸਿੱਖ ਸਿੱਖੀਉਂ ਉਨ੍ਹਾਂ ਨੇ ਪਤਿਤ ਕੀਤੇ, ਡਰ ਲਾਲਚ ਤੇ ਨਾਲ ਚਤੁਰਾਈ ਹੈਸੀ।
ਇਸ ਹਨੇਰੀ ਕਾਰਣ ਸਿੱਖੀ ਬਾਗ਼ ਉੱਤੇ, ਬਸੰਤ ਰੁੱਤ ਅੰਦਰ ਪਤਝੜ ਆਈ ਹੈਸੀ।

ਅੰਧ ਕੂਪ ’ਚ ਟੱਕਰਾਂ ਮਾਰ ਰਹੇ ਸੀ, ਜਿਹੜੇ ਸੂਰਮੇ ਸੰਤ ਸਿਪਾਹੀ ਹੈਸੀ।
ਉਗੇ ਵਾਂਗ ਖੁੰਬਾਂ ਗੁਰੂ ‘ਦੇਹਧਾਰੀ’, ਥਾਂ ਥਾਂ ’ਤੇ ਗੱਦੀ ਲਗਾਈ ਹੈਸੀ।
ਸਿੱਖੀ ਸੂਰਜ ਦੇ ਚਾਨਣੇ ਸਾਹਮਣੇ ਤਦ, ਗਹਿਰੀ ਬੜੀ ਹੀ ਧੁੰਧ ਸੀ ਛਾਈ ਏਥੇ।
ਅੰਮ੍ਰਿਤਸਰ ਇਸਾਈ ਸਕੂਲ ਅੰਦਰ, ਸਿੱਖ ਬੱਚੇ ਸਨ ਕਰਦੇ ਪੜ੍ਹਾਈ ਏਥੇ।

ਇਸ ਪ੍ਰਭਾਵ ਥੱਲੇ ਚਾਰ ਸਿੱਖ ਬੱਚਿਆਂ, ਇਸਾਈ ਬਨਣ ਦੀ ਇੱਛਾ ਪ੍ਰਗਟਾਈ ਏਥੇ।
ਮਚਦਾ ਵੇਖ ਕੇ ਭਾਂਬੜ ਇਹ ਘਰ ਆਪਣੇ, ਪਈ ਤੜਥੱਲ ਤੇ ਮੱਚੀ ਦੁਹਾਈ ਏਥੇ।
ਹੁੱਸੜ ਮਗਰੋਂ ਹਨੇਰੀ ਤੇ ਮੀਂਹ ਆਉਂਦੈ, ਸੁੱਤੀ ਕੌਮ ਨੇ ਲਈ ਅੰਗੜਾਈ ਏਥੇ।
ਸਿੱਖ ਆਗੂਆਂ ਦੇ ਉਦੋਂ ਯਤਨ ਸਦਕਾ, ਸਿੰਘ ਸਭਾ ਸੀ ਹੋਂਦ ਵਿੱਚ ਆਈ ਏਥੇ।

ਅਠਾਰਾਂ ਸੌ ਤਿਹੱਤਰ ’ਚ ਲਹਿਰ ਚੱਲੀ, ਸਾਰੇ ਸਿੱਖਾਂ ਦੀ ਨਬਜ਼ ਪਛਾਨ ਉਦੋਂ।
ਗਿਆਨੀ ਗਿਆਨ ਸਿੰਘ ਸੈਕਟਰੀ ਸਨ ਇਸਦੇ, ਠਾਕੁਰ ਸਿੰਘ ਜੀ ਬਣੇ ਪ੍ਰਧਾਨ ਉਦੋਂ।
ਬਾਬਾ ਖੇਮ ਸਿੰਘ ਬੇਦੀ ਦੇ ਨਾਲ ਸਿੰਘੋ, ਬਿਕਰਮ ਸਿੰਘ ਸੀ ਸਭਾ ਦੀ ਸ਼ਾਨ ਉਦੋਂ।
ਸਿੰਘ ਸਭਾ ਫਿਰ ਬਣੀ ਲਾਹੌਰ ਅੰਦਰ, ਦਿੱਤਾ ਸਿੱਖੀ ਵੱਲ ਜੇਸ ਧਿਆਨ ਉਦੋਂ।

ਗੁਰਮੁੱਖ ਸਿੰਘ ਤੇ ਗਿਆਨੀ ਦਿੱਤ ਸਿੰਘ ਨੇ, ਕੀਤੀ ਕੌਮ ਦੀ ਸੇਵਾ ਮਹਾਨ ਹੈਸੀ।
ਦਿਸ਼ਾ ਹੀਨ ਜਦ ਕੌਮ ਸੀ ਹੋ ਚੁੱਕੀ, ਕੀਤੀ ਇਨ੍ਹਾਂ ਨੇ ਦਿਸ਼ਾ ਪ੍ਰਦਾਨ ਹੈਸੀ।
ਹੋਇਆ ਸਿੱਖੀ ਦਾ ਐਕਸੀਡੈਂਟ ਭਾਰੀ, ਐਮਰਜੈਂਸੀ ’ਚ ਪਈ ਤਦ ਆਨ ਹੈਸੀ।
ਸਿੰਘ ਸਭਾ ਦੇ ਡਾਕਟਰਾਂ ਰਲ ਮਿਲ ਕੇ, ਬੜੀ ਮੁਸ਼ਕਿਲ ਬਚਾਈ ਤਦ ਜਾਨ ਹੈਸੀ।

ਸਿੱਖ ਧਰਮ ਦਾ ਗੌਰਵ ਸੁਰਜੀਤ ਕਰਨੈ, ਸ਼ੁਰੂ ਹੋਈ ਸੀ ਏਸ ਉਦੇਸ਼ ਕਰਕੇ।
ਇਹਦੀਆਂ ਜੜ੍ਹਾਂ ਪਤਾਲ ਦੇ ਵਿੱਚ ਲਾਈਏ, ਸਹੀ ਰੂਪ ਦੇ ਵਿੱਚ ਹੁਣ ਪੇਸ਼ ਕਰਕੇ।
ਬਾਣੀ ਗੁਰੂ ਕਸਵੱਟੀ ਬਣਾਈ ਜਾਵੇ, ਸਾਹਿਤ ਰਚਨਾ ਦੇ ਵਿੱਚ ਵਿਸ਼ੇਸ਼ ਕਰਕੇ।
ਸਿੱਖ ਰਹਿਤ ਮਰਿਯਾਦਾ ਬਹਾਲ ਕਰੀਏ, ਥਾਂ ਥਾਂ ’ਤੇ ਸਿੱਖੀ ਉਪਦੇਸ਼ ਕਰਕੇ।

ਗਿਆਨੀ ਦਿੱਤ ਸਿੰਘ ਉਦੋਂ ਵੰਗਾਰ ਦਿੱਤੀ, ਅਸੀਂ ਖੜੇ ਹਾਂ ਪੱਥਰ ਦੇ ਸ਼ੇਰ ਬਣਕੇ।
ਵਿੱਠਾਂ ਕਾਂ ਕਰਦੇ, ਕਾਂ ਕਾਂ ਕਰਕੇ, ਚਿੜੀਆਂ ਆਲ੍ਹਣੇ ਪਾਏ ਦਲੇਰ ਬਣਕੇ।
ਤਣੇ ਹੋਏ ਸ਼ਿਕਾਰੀ ਦੇ ਜਾਲ ਅੰਦਰ, ਫਸੇ ਬੈਠੇ ਹਾਂ ਤਿੱਤਰ ਬਟੇਰ ਬਣਕੇ।
ਸਾਨੂੰ ਲੁੱਟਣ ਲਈ ਚੌਹਾਂ ਹੀ ਪਾਸਿਆਂ ਤੋਂ, ਚੜ੍ਹੇ ਹੋਏ ਨੇ ਸਾਰੇ ਲੁਟੇਰ ਬਣਕੇ।

ਆਗੂ ਮੈਨੂੰ ਨਹੀਂ ਕੋਈ ਵੀ ਨਜ਼ਰ ਆਉਂਦੇ, ਸਿੱਖ ਧਰਮ ਲਈ ਹੋਣ ਕੁਰਬਾਨ ਜਿਹੜੇ।
ਕਿੱਥੇ ਹੈਨ ਜੋ ਸਿੱਖੀ ਸਿਧਾਂਤ ਤਾਂਈਂ, ਪਰਗਟ ਜਗ ਵਿੱਚ ਕਰਨ ਵਿਦਵਾਨ ਜਿਹੜੇ।
ਕਵੀ ਕਲਮਾਂ ਨਾਲ ਅੱਖਾਂ ਤੋਂ ਹੋਏ ਉਹਲੇ, ਸੁੱਤੀ ਕੌਮ ਨੂੰ ਝੂਣ ਜਗਾਨ ਜਿਹੜੇ।
ਗਿਆਨੀ ਕੋਈ ਵੀ ਕਿਤੇ ਨਾ ਦਿੱਖੇ ਮੈਨੂੰ, ਗੁਰਸਿੱਖੀ ਦਾ ਵੰਡਣ ਗਿਆਨ ਜਿਹੜੇ।

ਭੇਟਾ ਰਹਿਤ ਕਿਤਾਬਾਂ ਹਰ ਥਾਂ ਵੰਡੀਆਂ, ਸਿੱਖੀ ਸੋਚ ਨਾਲ ਕਰ ਤਿਆਰ ਉਨ੍ਹਾਂ।
ਗਿਆ ਕੀਤਾ ਵਿਕਾਸ ਤਦ ਗੁਰਮੁਖੀ ਦਾ, ਜਾਰੀ ਕਰ ਰਸਾਲੇ ਅਖ਼ਬਾਰ ਉਨ੍ਹਾਂ।
ਕਾਲਜ ਖਾਲਸਾ ਅਤੇ ਸਕੂਲ ਖੋਲ੍ਹੇ, ਥਾਂ ਥਾਂ ਵਿੱਦਿਆ ਦਾ ਕੀਤਾ ਪਸਾਰ ਉਨ੍ਹਾਂ।
ਮਨਮੱਤ ਨੂੰ ਸਦਾ ਲਈ ਠੱਲ੍ਹ ਪਾਈ, ਨਵੇਂ ਢੰਗ ਨਾਲ ਕਰ ਪ੍ਰਚਾਰ ਉਨ੍ਹਾਂ।

ਸਿੰਘ ਸਭਾ ਦੀ ਲਹਿਰ ਨੇ ਕੌਮ ਅੰਦਰ, ਉਚ ਕੋਟੀ ਦੇ ਕੀਤੇ ਵਿਦਵਾਨ ਪੈਦਾ।
ਨਿੱਗਰ ਸਾਹਿਤ ਰਚ ਕੇ ਉਨ੍ਹਾਂ ਹਰ ਪੱਖੋਂ, ਸਿੱਖ ਕੌਮ ਦੀ ਕੀਤੀ ਪਹਿਚਾਨ ਪੈਦਾ।
ਖਿੱਲਰੀ ਕੌਮ ਤਾਂਈਂ ਜੱਥੇਬੰਦ ਕਰਕੇ, ਦੁਬਾਰਾ ਕੀਤੀ ਸੀ ਅਣਖ ਤੇ ਆਨ ਪੈਦਾ।
ਸਿੰਘ ਸਭਾਵਾਂ ਦੇ ਫੇਰ ਇਕੱਠ ਵਿੱਚੋਂ, ਚੀਫ਼ ਖਾਲਸਾ ਹੋਇਆ ਦੀਵਾਨ ਪੈਦਾ।

ਸੇਵਾ ਕੀਤੀ ਸੀ ਮੋਢੀਆਂ ਖਿੜੇ ਮੱਥੇ, ਤਨ ਮਨ ਤੇ ਧਨ ਲਗਾ ਕੇ ਤੇ।
ਮਨਮੱਤ ਮੂਰਤੀ ਪੂਜਾ ਦੀ ਦੂਰ ਕੀਤੀ, ਇਹ ਪ੍ਰਕਰਮਾਂ ਦੇ ਵਿੱਚੋਂ ਚੁਕਵਾ ਕੇ ਤੇ।
ਅੰਮ੍ਰਿਤਸਰ ’ਚੋਂ ਵਿੱਦਿਆ ਦੀ ਲਹਿਰ ਤੋਰੀ, ਖਾਲਸਾ ਕਾਲਜ ਨੂੰ ਇੱਥੇ ਬਣਾ ਕੇ ਤੇ।
ਕਈ ਸਿੱਖ ਪ੍ਰਚਾਰਕ ਤਿਆਰ ਕੀਤੇ, ਨਾਲ ਗੁਰਮਤਿ ਵਿਦਿਆਲਾ ਚਲਾ ਕੇ ਤੇ।

ਜਾਤ ਪਾਤ ਤੇ ਛੂਤ ਛਾਤ ਵਾਲਾ, ਜੂਲਾ ਸੁੱਟਿਆ ਪਰ੍ਹਾਂ ਵਗਾਹ ਕੇ ਤੇ।
ਸਿੰਘਾਂ ਵਾਂਗ ਹੀ ਮਾਣ ਸਤਿਕਾਰ ਦਿੱਤਾ, ਸਿੱਖ ਬੀਬੀਆਂ ਨੂੰ ਅੰਮ੍ਰਿਤ ਛਕਾ ਕੇ ਤੇ।
ਕੀਤਾ ਸੁਰਖ਼ਰੂ ਕੌਮ ਨੂੰ ਸਦਾ ਦੇ ਲਈ, 'ਅਨੰਦ ਮੈਰਿਜ ਐਕਟ' ਪਾਸ ਕਰਵਾ ਕੇ ਤੇ।
ਲਾਈ ਪਿੱਠ ਸੀ ਆਰੀਆ ਸਮਾਜੀਆਂ ਦੀ, ਥੱਲੇ ਸੁੱਟੇ ਪਟਕਾ ਪਟਕਾ ਕੇ ਤੇ।

ਬਹਿਸ ਮੁਬਹਿਸਾਂ ਦੇ ਇਸ ਪਿੜ ਵਿੱਚੋਂ, ਸਿੰਘ ਜਿੱਤੇ ਸੀ ਦੁਸ਼ਮਣ ਹਰਾ ਕੇ ਤੇ।
ਸਾਡੇ ਸੀਨੇ 'ਤੇ ਰਹੇ ਜੋ ਮੂੰਗ ਦਲਦੇ, ਪੱਤਰਾ ਵਾਚ ਗਏ ਸਮਾਂ ਤਕਾ ਕੇ ਤੇ।
ਚੱਪੇ ਚੱਪੇ 'ਤੇ ਬੈਠੇ ਸੀ 'ਗੁਰੂ' ਜਿਹੜੇ, ਭੱਜ ਗਏ ਗੱਦੀਆਂ ਗਦੇਲੇ ਉਠਾ ਕੇ ਤੇ।
ਧੁਰ ਦਰਗਾਹ 'ਚ ਪਹੁੰਚੇ ਸੀ ਉਹ 'ਜਾਚਕ', ਗਾਡੀ ਰਾਹ 'ਤੇ ਕੌਮ ਨੂੰ ਪਾ ਕੇ ਤੇ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਹਿਰ

ਜਦ ਪੰਜਾਬ ਦੇ ਵਿਦਿਅਕ ਅਦਾਰਿਆਂ 'ਚ, ਲਾਲ ਹਨੇਰੀਆਂ ਦੇ ਝੱਖੜ ਝੁੱਲ ਰਹੇ ਸੀ।
ਤਿੱਖੀ ਹਵਾ ਦੇ ਬੁੱਲਿਆਂ ਸਾਹਮਣੇ ਜਦ, ਦੀਵੇ ਹੋ ਏਥੇ ਸਾਡੇ ਗੁੱਲ ਰਹੇ ਸੀ।
ਭੈੜੇ ਨਸ਼ਿਆਂ ਦੀਆਂ ਆਦਤਾਂ ਪਾ ਦੁਸ਼ਮਣ, ਸਿੱਖੀ ਮਹਿਕ ਮੁਕਾਉਣ 'ਤੇ ਤੁੱਲ ਰਹੇ ਸੀ।
ਇਸ ਗੁਰੂਆਂ ਦੀ ਪਾਵਨ ਧਰਤ ਉੱਤੇ, ਵਾਰਸ ਆਪਣੇ ਵਿਰਸੇ ਨੂੰ ਭੁੱਲ ਰਹੇ ਸੀ।

ਸਿੱਖ ਦਰਦੀਆਂ ਬੈਠ ਵਿਚਾਰ ਕੀਤੀ, ਜੱਥੇਬੰਦੀ ਬਣਾਉਣ ਦੀ ਲੋੜ ਜਾਪੇ।
ਕੁੰਭਕਰਨ ਦੀ ਨੀਂਦ ਜੋ ਸੌਂ ਰਹੇ ਨੇ, ਸੁੱਤੇ ਸ਼ੇਰ ਜਗਾਉਣ ਦੀ ਲੋੜ ਜਾਪੇ।
ਵਿਰਸੇ ਵਿੱਚ ਗੁਰਬਾਣੀ ਦੀ ਮਿਲੀ ਦੌਲਤ, ਜਗਤ ਵਿੱਚ ਫੈਲਾਉਣ ਦੀ ਲੋੜ ਜਾਪੇ।
ਸਿੱਖ ਇਤਿਹਾਸ ਦੇ ਸੂਹੇ ਪੰਨਿਆਂ ਨੂੰ, ਮੁੜ ਕੇ ਫੇਰ ਦੁਹਰਾਉਣ ਦੀ ਲੋੜ ਜਾਪੇ।

ਓਟ ਲੈ ਕੇ ਗੁਰੂ ਗ੍ਰੰਥ ਜੀ ਦੀ, ਗੁਰੂ ਲਾਲਾਂ ਬਣਾਇਆ ਸਟੱਡੀ ਸਰਕਲ।
ਉਨੀ ਸੌ ਬਹੱਤਰ ਦੇ ਵਿੱਚ ਇਥੇ, ਹੋਂਦ ਵਿੱਚ ਫਿਰ ਆਇਆ ਸਟੱਡੀ ਸਰਕਲ।
ਥਾਂ ਥਾਂ ਗੁਰਮਤਿ ਦਾ ਕਰਨ ਪ੍ਰਚਾਰ ਖ਼ਾਤਰ, ਨੌਜਵਾਨਾਂ ਅਪਣਾਇਆ ਸਟੱਡੀ ਸਰਕਲ।
ਗ਼ੈਰ ਸਿਆਸੀ ਸੰਗਠਨ ਦੇ ਰੂਪ ਅੰਦਰ, ਹੌਲੀ ਹੌਲੀ ਫਿਰ ਛਾਇਆ ਸਟੱਡੀ ਸਰਕਲ।

ਹੋਕਾ ਦਿੱਤਾ ਫਿਰ ਵਿਰਸੇ ਦੇ ਵਾਰਸਾਂ ਨੂੰ, ਆਉ ਆਪਾ ਸਵਾਰਨ ਦੀ ਗੱਲ ਕਰੀਏ।
ਜਾਤਾਂ ਪਾਤਾਂ ਦੇ ਸੰਗਲ 'ਚ ਜਕੜਿਆ ਜੋ, ਉਹ ਸਮਾਜ ਸੁਧਾਰਨ ਦੀ ਗੱਲ ਕਰੀਏ।
ਆਪਣੇ ਵਿਰਸੇ 'ਤੇ ਬੜਾ ਏ ਮਾਣ ਸਾਨੂੰ, ਹਰ ਪਾਸੇ ਪਰਚਾਰਨ ਦੀ ਗੱਲ ਕਰੀਏ।
ਚਾਨਣ ਬਖਸ਼ੇ ਜੋ ਸਾਰੇ ਸੰਸਾਰ ਤਾਂਈਂ, ਬਾਣੀ ਖੋਜਣ ਵਿਚਾਰਨ ਦੀ ਗੱਲ ਕਰੀਏ।

ਜਿਵੇਂ ਜਿਵੇਂ ਇਹ ਲਹਿਰ ਫਿਰ ਵਧੀ ਅੱਗੇ, ਪੜ੍ਹੇ ਲਿਖੇ ਅਤੇ ਸੂਝਵਾਨ ਰਲ ਗਏ।
ਹੌਲੀ ਹੌਲੀ ਵਿਦਿਆਰਥੀ ਹੋਏ ਸ਼ਾਮਿਲ, ਉਹਨਾਂ ਨਾਲ ਅਧਿਆਪਕ ਸਾਹਿਬਾਂ ਰਲ ਗਏ।
ਡਾਕਟਰ ਚਿੰਤਕ ਵੀ ਫੇਰ ਨਾ ਰਹੇ ਪਿੱਛੇ, ਬੁੱਧੀ ਜੀਵੀ ਤੇ ਹੋਰ ਵਿਦਵਾਨ ਰਲ ਗਏ।
ਵਿੱਦਿਅਕ ਪੇਂਡੂ ਤੇ ਸ਼ਹਿਰੀ ਇਲਾਕਿਆਂ 'ਚੋਂ,ਸਿੱਖੀ ਸੇਵਾ ਦੇ ਸੀ ਚਾਹਵਾਨ ਰਲ ਗਏ।

ਜੱਥੇਬੰਦੀ ਦੀ ਉਮਰ ਫਿਰ ਹੋਈ ਲੰਬੀ, ਸਮਾਂ ਮੁਸ਼ਕਲਾਂ ਵਾਲਾ ਟਪਾ ਕੇ ਤੇ।
ਮਨਮੱਤ ਦੀ ਧੁੰਧ ਮਿਟਾਈ ਹਰ ਥਾਂ, ਕੈਂਪ ਗੁਰਮਤਿ ਟਰੇਨਿੰਗ ਲਗਾ ਕੇ ਤੇ।

ਗੁਰੂ ਡੰਮ੍ਹ ਵਾਲਾ ਪਰਦਾ ਫਾਸ਼ ਕੀਤਾ, ਦਿਵਸ 'ਆਤਮ ਸਮਰਪਣ' ਮਨਾ ਕੇ ਤੇ।
ਤੇਜ ਕੀਤਾ ਫਿਰ ਗੁਰਮਤਿ ਪਰਚਾਰ ਤਾਂਈਂ, ਵੱਖੋ ਵੱਖਰੇ 'ਵਿੰਗ' ਬਣਾ ਕੇ ਤੇ।

ਏਧਰ ਭਾਸ਼ਣ ਤੇ ਕਵਿਤਾ ਮੁਕਾਬਲਾ ਏ, ਲੇਖ ਲਿਖਦੇ ਗੁਰੂ ਦੇ ਲਾਲ ਓਧਰ।
ਸ਼ੁਧ ਪਾਠ ਉਚਾਰਣ ਵੀ ਹੋ ਰਿਹਾ ਏ, ਬਾਣੀ ਗਾਇਨ ਪ੍ਰਤੀਯੋਗਤਾ ਨਾਲ ਓਧਰ।
ਇੱਧਰ ਗੁਰਮਤਿ ਇਮਤਿਹਾਨ ਵੀ ਚਲ ਰਿਹਾ ਏ, ਗੁਰਮਤਿ ਕਿਆਰੀ 'ਚ ਬੈਠੇ ਨੇ ਬਾਲ ਓਧਰ।
ਸੋਨੇ ਚਾਂਦੀ ਤੇ ਕਾਂਸੀ ਦੇ ਜਿੱਤ ਤਗਮੇ, ਗੁਰੂ ਪਿਆਰੇ ਨੇ ਹੁੰਦੇ ਨਿਹਾਲ ਓਧਰ।

'ਸਿੱਖ ਬੁੱਕ ਸੈਂਟਰ' ਉੱਤੇ ਪੁਸਤਕਾਂ ਦੀ, ਲੱਗੀ ਬੜੀ ਨੁਮਾਇਸ਼ ਵਿਸ਼ਾਲ ਕਿਧਰੇ।
'ਸੇਵਾ ਦਿਵਸ' ਮਨਾਉਂਦੇ ਹੋਏ ਵੀਰ ਸਾਰੇ, ਪਹੁੰਚ ਜਾਂਦੇ ਨੇ ਹਸਪਤਾਲ ਕਿਧਰੇ।
ਗੱਲ ਕਰਨ ਲਈ ਬਾਣੀ ਦੀ ਕਾਲਜਾਂ 'ਚ, ਲੈਕਚਰ ਹੋ ਰਹੇ ਬੇਮਿਸਾਲ ਕਿਧਰੇ।
ਕਿਤੇ ਯੁਵਕ ਲਿਖਾਰੀ ਨੇ ਹੋਏ ਕੱਠੇ, 'ਵਿਚਾਰ ਗੋਸ਼ਟੀ' ਹੋਈ ਕਮਾਲ ਕਿਧਰੇ।

ਮਾਨਸ ਜਾਤ ਤਾਂ ਸਭ ਦੀ ਹੈ ਇੱਕੋ, ਥਾਂ ਥਾਂ ਕੀਤਾ ਸਾਵਧਾਨ ਜਾਂਦੈ ।
ਨਸ਼ਿਆਂ ਰਹਿਤ ਨਰੋਆ ਸਮਾਜ ਹੋਵੇ, ਇਸ ਗੱਲ ਵੱਲ ਸਦਾ ਧਿਆਨ ਜਾਂਦੈ।
ਨਾਂ ਹੇਠ ਪੰਜਾਬੀ ਪ੍ਰਫੁੱਲਤਾ ਦੇ, ਮਾਤ ਭਾਸ਼ਾ ਦਾ ਦਿੱਤਾ ਗਿਆਨ ਜਾਂਦੈ।
ਲਿਖਦੇ ਜੋ ਗੁਰਬਾਣੀ ਨੂੰ ਮੁੱਖ ਰੱਖਕੇ, ਸਮੇਂ ਸਮੇਂ 'ਤੇ ਕੀਤਾ ਸਨਮਾਨ ਜਾਂਦੈ।

'ਸਾਡਾ ਵਿਰਸਾ-ਸਾਡਾ ਗੌਰਵ' ਪਰਚੇ ਰਾਹੀਂ,ਥਾਂ ਥਾਂ ਗੁਰਮਤਿ ਸੰਦੇਸ਼ ਪਹੁੰਚਾਏ ਜਾਂਦੇ।
ਵੱਖੋ ਵੱਖਰੇ ਵਿਸ਼ਿਆਂ 'ਤੇ ਕਾਲਜਾਂ 'ਚ, ਸੈਮੀਨਾਰ ਨੇ ਕਈ ਕਰਵਾਏ ਜਾਂਦੇ।
ਪਿੰਡਾਂ ਸ਼ਹਿਰਾਂ 'ਚ ਪਬਲਿਕ ਵਿੰਗ ਵਲੋਂ, ਸ਼ਬਦ ਗੁਰੂ ਸਮਾਗਮ ਮਨਾਏ ਜਾਂਦੇ।
ਮਾਇਕ ਪੱਖ ਤੋਂ ਪਿਛੜੇ ਬੱਚਿਆਂ ਨੂੰ, ਪੜ੍ਹਨ ਲਈ ਵਜ਼ੀਫੇ ਲਗਾਏ ਜਾਂਦੇ।

'ਭਾਈ ਸਮੁੰਦ ਸਿੰਘ ਗੁਰਮਤਿ ਅਕੈਡਮੀ' ਨੇ, ਕੀਰਤਨ ਲਹਿਰ ਨੂੰ ਵੀ ਲਾਮਬੰਦ ਕੀਤੈ।
ਓਧਰ 'ਸਪੋਰਟਸ ਵਿੰਗ' ਨੇ ਸਾਰਿਆਂ ਨੂੰ, ਸਰੀਰਕ ਤੌਰ 'ਤੇ ਵੀ ਸਿਹਤਮੰਦ ਕੀਤੈ।
ਹੋਲੇ ਮਹੱਲੇ 'ਤੇ ਯੂਨਿਟਾਂ ਸਾਰੀਆਂ ਨੇ, ਛਿੰਝ ਦਿਵਸ ਨੂੰ ਬੜਾ ਪਸੰਦ ਕੀਤੈ।
ਵੱਖੋ ਵੱਖਰੇ ਵਿੰਗਾਂ ਨੇ ਰਲ ਮਿਲ ਕੇ, ਜੱਥੇਬੰਦੀ ਤਾਂਈਂ ਜਥੇਬੰਦ ਕੀਤੈ।

ਕੱਢ ਕੇ ਮਾਇਆ ਤੇ ਸਮੇਂ ਦਾ ਦਸਮ ਹਿੱਸਾ,ਸੇਵਾ ਸਿੱਖੀ ਦੀ ਕਰਨ ਨਿਸ਼ਕਾਮ ਸਾਰੇ।
ਬਿਨਾਂ ਕਿਸੇ ਵੀ ਕਿਸਮ ਦੇ ਵਿਤਕਰੇ ਦੇ, ਥਾਂ ਥਾਂ ਗੁਰਮਤਿ ਦਾ ਦੇਣ ਪੈਗ਼ਾਮ ਸਾਰੇ।
ਹਾਜ਼ਰ ਨਾਜ਼ਰ ਇਹ ਗੁਰੂ ਨੂੰ ਸਮਝ ਕੇ ਤੇ, ਲੋਕ ਵਿਖਾਵੇ ਨੂੰ ਪਾਉਣ ਲਗ਼ਾਮ ਸਾਰੇ।
ਨਿਸਚਾ ਕਰਕੇ ਨਿੱਤਰੇ ਮੈਦਾਨ ਅੰਦਰ, ਦਸਮ ਪਿਤਾ ਦੇ ਇਹ ਵਰਿਆਮ ਸਾਰੇ।

ਹਰ ਸਾਲਾਨਾ ਸਮਾਗਮ 'ਤੇ ਜੁੜੇ ਕੇਡਰ, ਸਟੱਡੀ ਸਰਕਲ ਦਾ ਕੱਠਾ ਪਰਵਾਰ ਹੁੰਦੈ।
ਸਾਰਾ ਸਾਲ ਜੋ ਫ਼ੀਲਡ 'ਚ ਕੰਮ ਕਰਦੇ, ਖੁੱਲ੍ਹਾ ਉਨ੍ਹਾਂ ਦਾ ਦਰਸ਼ਨ ਦੀਦਾਰ ਹੁੰਦੈ।
ਪਿਛਲੇ ਸਾਲ ਦੀਆਂ ਕਾਰਗੁਜ਼ਾਰੀਆਂ 'ਤੇ, ਵੱਖ ਵੱਖ ਸੈਸ਼ਨਾਂ ਵਿੱਚ ਵਿਚਾਰ ਹੁੰਦੈ।
ਆਉਣ ਵਾਲੜੇ ਸਮੇਂ 'ਚ ਜੋ ਕਰਨੈ, ਇੱਕ ਦੂਜੇ ਦੇ ਨਾਲ ਇਕਰਾਰ ਹੁੰਦੈ।

ਅੱਖਾਂ ਕੌਮ ਦੀਆਂ ਲੱਗੀਆਂ ਤੁਸਾਂ ਉਤੇ, ਗ਼ਲਤ ਕਦਮ ਨਾ ਲੈਣਾ ਕੋਈ ਪੁੱਟ ਸਿੰਘੋ।
ਆਪੋ ਵਿੱਚ ਨਾ ਕਦੇ ਟਕਰਾ ਜਾਣਾ, ਬੜੀ ਚੰਦਰੀ ਹੁੰਦੀ ਜੇ ਫੁੱਟ ਸਿੰਘੋ।
ਏਕੇ ਵਿੱਚ ਹੀ ਸ਼ੁਰੂ ਤੋਂ ਬਰਕਤਾਂ ਨੇ, ਜੱਥੇਬੰਦ ਤੇ ਰਹਿਣਾ ਇੱਕ ਜੁੱਟ ਸਿੰਘੋ।
ਉਹ ਫੁੱਲ ਤਾਂ ਛੇਤੀ ਮੁਰਝਾ ਜਾਂਦੈ, ਜਿਹੜਾ ਟਹਿਣੀ ਤੋਂ ਜਾਂਦਾ ਏ ਟੁੱਟ ਸਿੰਘੋ।

ਜਿਹੜਾ ਜੱਗ 'ਚ ਆਪਾਂ ਪ੍ਰਚਾਰ ਕਰੀਏ, ਉਸ ਤੇ ਸਿੱਖੀ ਸਿਧਾਂਤਾਂ ਦੀ ਮੋਹਰ ਹੋਵੇ।
ਅਸੀਂ ਅੰਦਰੋਂ ਤੇ ਬਾਹਰੋਂ ਇਕ ਹੋਈਏ, ਮਨ ਹੋਰ ਤੇ ਮੁੱਖ ਨਾ ਹੋਰ ਹੋਵੇ।
ਸੇਵਾ, ਸਿਮਰਨ, ਸਚਾਈ ਤੇ ਡਟੇ ਰਹੀਏ, ਸਿੱਖ ਰਹਿਤ ਮਰਯਾਦਾ 'ਤੇ ਜੋਰ ਹੋਵੇ।
ਖਿੱਲਰੀ ਕੌਮ ਨੂੰ ਕਰੀਏ ਇਕ ਥਾਂ ਕੱਠਾ, ਵੱਖੋ ਵੱਖਰੀ ਨਾ ਸਾਡੀ ਤੋਰ ਹੋਵੇ।

ਆਉ ਕਰੀਏ ਹੁਣ ਅਸੀਂ ਗੁਰਮਤਾ ਸਾਰੇ, ਜੱਗ 'ਚ ਸਿੱਖੀ ਪ੍ਰਚਾਰ ਦੀ ਲਹਿਰ ਹੋਵੇ।
ਸਮਾਂ ਜਿੰਨਾ ਵੀ, ਜਿਵੇਂ ਵੀ ਮਿਲੇ ਜਿੱਥੇ, ਸਵੇਰ, ਸ਼ਾਮ ਜਾਂ ਭਾਂਵੇਂ ਦੁਪਹਿਰ ਹੋਵੇ।
ਜਥੇਬੰਦੀ ਦੇ ਲੇਖੇ ਵਿੱਚ ਲਾ ਦਈਏ, ਘੜੀ,ਪਲ ਹੋਵੇ ਜਾਂ ਫਿਰ ਪਹਿਰ ਹੋਵੇ।
ਚਲਦੇ ਰਹਿਣ ਸਮਾਗਮ ਹੁਣ ਹਰ ਥਾਂ 'ਤੇ,'ਜਾਚਕ' ਪਿੰਡ ਹੋਵੇ ਤੇ ਭਾਂਵੇਂ ਸ਼ਹਿਰ ਹੋਵੇ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਹਿਰ ਨੂੰ ਸਮਰਪਤ

ਇਹ 'ਸਮਰਪਿਤ' ਗੁਰਸਿੱਖਾਂ ਦੇ ਕਾਫਲੇ ਨੂੰ, ਚੱਲ ਰਿਹਾ ਏ ਸਮੇਂ ਦੇ ਨਾਲ ਜਿਹੜਾ।
ਗੁਰੂ ਗ੍ਰੰਥ ਜੀ ਦੀ ਪਾਵਨ ਅਗਵਾਈ ਥੱਲੇ, ਸਿੱਖੀ ਵਿਰਸੇ ਨੂੰ ਰਿਹਾ ਸੰਭਾਲ ਜਿਹੜਾ।
'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਵਾਲਾ, ਤੁਰਿਐ ਦਿਲ 'ਚ ਲੈ ਕੇ ਖਿਆਲ ਜਿਹੜਾ।
ਕੌਮੀ ਫਰਜਾਂ ਲਈ ਸਦਾ ਸੁਚੇਤ ਰਹਿਕੇ, ਪੰਥ ਦੋਖੀਆਂ ਦੀ, ਸਮਝੇ ਚਾਲ ਜਿਹੜਾ।
ਜ਼ਦੋਂ ਜਦੋਂ ਵੀ ਸਿੱਖੀ 'ਤੇ ਹੋਏ ਹਮਲੇ, ਉਦੋਂ ਉਦੋਂ ਹੀ ਬਣਿਆ ਸੀ ਢਾਲ ਜਿਹੜਾ।
ਚੜ੍ਹਦੀ ਕਲਾ ਨਾਲ ਹਰ ਇੱਕ ਹੱਲ ਕੀਤਾ, ਪਾਇਆ ਸਮੇਂ ਨੇ ਔਖਾ ਸੁਆਲ ਜਿਹੜਾ।
ਜੱਗ ਵਿੱਚ ਬਾਣੀ ਦਾ ਚਾਨਣ ਫੈਲਾਉਣ ਦੇ ਲਈ, ਦੀਵੇ ਗੁਰਮਤਿ ਦੇ ਰਿਹਾ ਏ ਬਾਲ ਜਿਹੜਾ।
35 ਸਾਲਾਂ ਦਾ ਪੜ੍ਹ ਇਤਿਹਾਸ 'ਜਾਚਕ', ਆਪਣੇ ਆਪ ਵਿੱਚ ਬੇ-ਮਿਸਾਲ ਜਿਹੜਾ।

# ਜਥੇਬੰਦਕ ਕਵਿਤਾ

ਹੋਇਆ ਪਿਆ ਸੀ ਗੰਧਲਾ ਤੇ ਆਪ ਹੁਦਰਾ, ਵਾਤਾਵਰਨ ਜਦ ਵਿਦਿਅਕ ਅਦਾਰਿਆਂ ਦਾ।
'ਲਾਲ ਹਨੇਰੀਆਂ' ਵਾਲੇ ਕੁਝ ਪੇਡ ਵਰਕਰ, ਰੋਲ ਰਹੇ ਭਵਿੱਖ ਸੀ ਸਾਰਿਆਂ ਦਾ।
ਪਿਛਾਂਹ ਖਿੱਚੂ ਜਿਹੇ ਲਫਜਾਂ ਨੂੰ ਸੁਣ ਸੁਣ ਕੇ, ਟੁੱਟਦਾ ਦਿਲ ਸੀ ਗੁਰੂ ਦੁਲਾਰਿਆਂ ਦਾ।
ਗੁਰਸਿੱਖ ਮਾਪੇ ਵੀ ਓਦੋਂ ਬੇਵੱਸ ਹੋ ਗਏ, ਮੰਦਾ ਹਾਲ ਤੱਕ, ਅੱਖਾਂ ਦੇ ਤਾਰਿਆਂ ਦਾ।

ਸੋਚੀ ਸਮਝੀ ਹੋਈ ਸਾਜਸ਼ ਅਧੀਨ ਇਨ੍ਹਾਂ, ਕੀਤਾ ਯੋਜਨਾਬੱਧ ਪ੍ਰਚਾਰ ਤਾਂਈਂ।
ਨੌਜਵਾਨਾਂ ਦੇ ਦਿਲਾਂ 'ਚੋਂ ਕੱਢ ਦੇਵੋ, ਗੁਰੂ ਸਾਹਿਬਾਂ ਦੇ ਪੂਰਨ ਸਤਿਕਾਰ ਤਾਂਈਂ।
ਭੁਲ ਜਾਣ ਇਹ ਵਿਰਸੇ 'ਤੇ ਮਾਣ ਕਰਨਾ, ਭੁਲ ਜਾਣ ਅਜੀਤ ਜੁਝਾਰ ਤਾਂਈਂ।
ਜ਼ੋਰਾਵਰ ਤੇ ਫਤਹਿ ਨਾ ਯਾਦ ਆਵੇ, ਤੇ ਸਰਹੰਦ ਦੀ ਭੁਲਣ ਦੀਵਾਰ ਤਾਂਈਂ।

ਯੁਵਾ ਵਰਗ ਦੇ ਤਾਂਈਂ ਫਸਾਉਣ ਖਾਤਰ, ਨਸ਼ਿਆਂ ਵਾਲਾ ਵਿਛਾਇਆ ਸੀ ਜਾਲ ਉਦੋਂ।
ਵਿੱਚ ਕਾਲਜਾਂ ਵਿਦਿਆ ਦੀ ਥਾਂ ਉੱਤੇ, ਜਾਂਦੀ ਰੋਜ ਕਰਵਾਈ ਹੜਤਾਲ ਉਦੋਂ।
ਰੱਬ ਨਾਂ ਦੀ ਹਸਤੀ ਨਹੀਂ ਕੋਈ, ਕਹਿਕੇ, ਕੋਝੀ ਬੜੀ ਹੀ ਚੱਲੀ ਸੀ ਚਾਲ ਉਦੋਂ।
ਸੋਚ ਨਾਸਤਕ ਦੇ ਸੱਚੇ ਵਿੱਚ ਉਹ ਤਾਂ, ਨੌਜਵਾਨਾਂ ਨੂੰ ਰਹੇ ਸਨ ਢਾਲ ਉਦੋਂ।

ਸੰਨ ਬਹੱਤਰ 'ਚ ਏਹੋ ਜਿਹੇ ਸਮੇਂ ਅੰਦਰ, ਸਟੱਡੀ ਸਰਕਲ ਦੀ ਹੋਈ ਸ਼ੁਰੂਆਤ ਸੋਹਣੀ।
ਕਾਲੀ ਬੋਲੀ ਹਨੇਰੀ ਇਸ ਰਾਤ ਪਿੱਛੋਂ, ਚੜ੍ਹਣੀ ਸ਼ੁਰੂ ਸੀ ਹੋਈ ਪ੍ਰਭਾਤ ਸੋਹਣੀ।
ਨੌਜਵਾਨਾਂ ਨਾਲ ਪਾਉਣੀ ਸੀ ਸ਼ੁਰੂ ਕੀਤੀ, ਗੌਰਵਮਈ ਇਸ ਵਿਰਸੇ ਦੀ ਬਾਤ ਸੋਹਣੀ।
ਪੜ੍ਹਿਆਂ ਲਿਖਿਆਂ ਦੀ ਬਦਲਣ ਜਦ ਸੋਚ ਲੱਗੀ, ਸਚਮੁੱਚ ਹੋਈ ਓਦੋਂ ਕਰਾਮਾਤ ਸੋਹਣੀ।

ਸਟੱਡੀ ਸਰਕਲ ਨੇ ਆਪਣੇ ਜਨਮ ਤੋਂ ਹੀ, ਨਾਸਤਕ ਤਾਕਤਾਂ ਨੂੰ ਪਾਈ ਠੱਲ ਹਰ ਥਾਂ।
ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ, ਚਲ ਪਈ ਗੁਰਬਾਣੀ ਦੀ ਗੱਲ ਹਰ ਥਾਂ।
ਰਸਤੇ ਵਿੱਚ ਰੁਕਾਵਟਾਂ ਬਹੁਤ ਆਈਆਂ, ਖਿੜੇ ਮੱਥੇ ਪਰ ਲਈਆਂ ਸੀ ਝੱਲ ਹਰ ਥਾਂ।
ਕੀਤਾ ਟਾਕਰਾ ਪੰਥ ਦੇ ਦੋਖੀਆਂ ਦਾ, ਗੁਰੂ ਪਾਤਸ਼ਾਹ ਬਖ਼ਸ਼ਿਆ ਬਲ ਹਰ ਥਾਂ।

ਲੈ ਕੇ ਆਸਰਾ ਪੁਰਖ ਅਕਾਲ ਜੀ ਦਾ, ਸ਼ੁਭ ਕਰਮਾਂ ਦੀ ਬੀਜੀ ਏ ਫਸਲ ਆਪਾਂ।
ਮਿਲ ਬੈਠ ਕੇ ਮਸਲੇ ਸਭ ਹੱਲ ਕਰਨੇ, ਕਦੇ ਪੈਣਾ ਨਹੀਂ ਕਿਸੇ ਵਿੱਚ ਟਸਲ ਆਪਾਂ।
ਕਦੇ ਡਰਨਾ ਨਹੀਂ ਰਾਹ ਦੇ ਰੋੜਿਆਂ ਤੋਂ, ਪੈਰਾਂ ਹੇਠ ਸਭ ਦੇਣੇ ਨੇ ਮਸਲ ਆਪਾਂ।
'ਸ਼ਾਰਟ ਕੱਟ' ਨਹੀਂ ਮਾਰਨਾ ਪੈ ਕਾਹਲੇ, ਰਸਤਾ ਕਦੇ ਨਹੀਂ ਛੱਡਣਾ ਅਸਲ ਆਪਾਂ।

ਵੱਡੀ ਖੁਸ਼ੀ ਦੀ ਗੱਲ ਏ ਖਾਲਸਾ ਜੀ, ਸਾਡੇ ਕੋਲ ਨੇ ਮੋਢੀ ਸਿਰਮੌਰ ਆਗੂ।
ਜਥੇਬੰਦਕ ਪਤੰਗ ਨਾ ਕੋਈ ਕੱਟੇ, ਕਰਦੇ ਰਹਿਣ ਤਾਂਹੀਉਂ ਪੱਕੀ ਡੋਰ ਆਗੂ।
ਪੰਥਕ ਸੋਚ ਫੈਲਾਉਣ ਲਈ ਵਿੱਚ ਦੁਨੀਆਂ, ਥੋੜੇ ਜਿਹੇ ਬਣਾਏ ਕਈ ਹੋਰ ਆਗੂ।
ਜੋਨਲ, ਸਟੇਟ ਤੇ ਕੇਂਦਰੀ ਪੱਧਰਾਂ 'ਤੇ, ਸੇਵਾ ਕਰ ਰਹੇ ਤੁਸੀਂ ਬਤੌਰ ਆਗੂ।

ਕੁਝ ਗੱਲਾਂ ਮੈਂ ਤੁਸਾਂ ਨਾਲ ਕਰ ਰਿਹਾ ਹਾਂ, ਗੱਲਾਂ ਸੁਣਿਉ ਇਹ ਬੜੇ ਧਿਆਨ ਦੇ ਨਾਲ।
ਥੋੜੇ ਉਤੇ ਹੈ ਕੌਮ ਨੂੰ ਮਾਣ ਸਿੰਘੋ, ਇਹ ਵੀ ਕਹਿ ਰਿਹਾਂ ਬੜੇ ਮੈਂ ਮਾਣ ਦੇ ਨਾਲ।
ਚਲਦੇ ਰਹੇ ਨਿਸ਼ਾਨੇ ਨੂੰ ਮਿੱਥ ਕੇ ਤੇ, ਚੱਲਦੇ ਰਹੋ ਅੱਗੋਂ ਪੂਰੀ ਸ਼ਾਨ ਦੇ ਨਾਲ।
ਥੋੜੇ ਬਾਰੇ ਅੱਜ ਕੋਈ ਜਦ ਕਲਮ ਲਿਖਦੀ, ਉਹ ਵੀ ਲਿਖਦੀ ਏ ਬੜੇ ਧਿਆਨ ਦੇ ਨਾਲ।
ਤੁਰਦੇ ਫਿਰਦੇ ਕੋਈ ਤੁਸੀਂ ਨਹੀਂ ਬਣੇ ਆਗੂ, ਨਾ ਹੀ ਬਣੇ ਅਖਬਾਰੀ ਬਿਆਨ ਦੇ ਨਾਲ।
35 ਸਾਲਾਂ ਦਾ ਥੋੜਾ ਇਤਿਹਾਸ ਦੱਸਦੈ, ਕੀਤੈ ਤੁਸਾਂ ਨੇ ਕੰਮ ਜੀਅ ਜਾਨ ਦੇ ਨਾਲ।

35 ਸਾਲਾਂ ਦੇ ਹੋਏ ਸੁਚੇਤ ਗਭਰੂ, ਨੰਨੇ ਮੁੰਨੇ ਹੁਣ ਬੱਚੇ ਨਹੀਂ ਰਹੇ ਆਪਾਂ।
ਗੁਰੂ ਕਿਰਪਾ ਨਾਲ ਦੌੜੀ ਏ ਦੌੜ ਲੰਮੀ, ਢਿੱਲੇ ਮੱਠੇ ਹੋ ਕਦੇ ਨਹੀਂ ਬਹੇ ਆਪਾਂ।
ਔਖੀ ਘਾਟੀ ਤੇ ਮੁਸ਼ਕਲ ਪੈਂਡਿਆਂ 'ਤੇ, ਸਹਜ ਅਵੱਸਥਾ ਨਾਲ ਚਲਦੇ ਰਹੇ ਆਪਾਂ।
ਇੱਕ ਮੁੱਠ ਤੇ ਇਕ ਜੁੱਟ ਰਹਿਕੇ, ਸਦਾ ਹੋਣੀਆਂ ਨਾਲ ਖਹਿੰਦੇ ਰਹੇ ਆਪਾਂ।
ਪਹਿਰਾ ਦਿੱਤਾ ਏ ਸਰਕਲ ਦੀ ਸੋਚ ਉੱਤੇ, ਵਗਦੇ ਵਹਿਣਾ 'ਚ ਕਦੇ ਨਹੀਂ ਵਹੇ ਆਪਾਂ।
ਛੋਟਾ ਵੱਡਾ ਨਹੀਂ ਏਥੇ ਕੋਈ, ਸੱਚ ਜਾਣੋਂ, ਸੇਵਾਦਾਰ ਸਾਰੇ ਇਕੋ ਜਹੇ ਆਪਾਂ।

ਐਵੇਂ, ਕਿਵੇਂ ਨਹੀਂ ਤੁਸੀਂ ਹੋ ਆਣ ਬੈਠੈ, ਮੱਲਾਂ ਮਾਰ ਕੇ ਆਏ ਮੈਦਾਨ ਅੰਦਰ।
ਇੰਟਰਨੈਟ ਤੇ ਵੈਬਸਾਈਟ ਉੱਤੇ, ਥੋੜੀ ਚਰਚਾ ਅੱਜ ਸਾਰੇ ਜਹਾਨ ਅੰਦਰ।
ਯੂ.ਐਨ.ਓ ਤੋਂ ਮਾਨਤਾ ਮਿਲੀ ਜਦ ਤੋਂ, ਦੋਖੀ ਹੋਏ ਹੋਏ ਨੇ ਪ੍ਰੇਸ਼ਾਨ ਅੰਦਰ।
ਤਿੰਨ ਲੱਖ ਨੇ ਮੈਂਬਰ ਬਣਾਏ ਰਲ ਕੇ, ਫਿਰ ਵੀ ਆਉਣਾ ਨਹੀਂ ਕਦੇ ਅਭਿਮਾਨ ਅੰਦਰ।

ਇਕ ਦੂਜੇ ਦਾ ਆਦਰ ਸਤਿਕਾਰ ਕਰਨੈ, ਏਸ ਗੱਲ ਨੂੰ ਫਿਰ ਲਉ ਠਾਨ ਅੰਦਰ।
ਵੱਖੋ ਵੱਖ ਨੇ ਥੋੜੇ ਸਰੀਰ ਭਾਂਵੇਂ, (ਪਰ) ਇਕ ਦੂਜੇ ਦੀ ਜਿੰਦ ਤੇ ਜਾਨ ਅੰਦਰ।

ਜੀਹਦੇ ਜਿਹਾ ਨਹੀਂ ਦੁਨੀਆਂ 'ਚ ਹੋਰ ਕੋਈ, ਤੁਸੀਂ ਉਹਦੇ ਮੁਰੀਦ ਹੋ ਖਾਲਸਾ ਜੀ।
ਜੀਹਨੇ ਬਖ਼ਸ਼ਿਐ ਖਾਸ ਸਰੂਪ ਸੋਹਣਾ, ਤੁਸੀਂ ਉਸੇ ਦੀ ਦੀਦ ਹੋ ਖਾਲਸਾ ਜੀ।
ਅੱਖਾਂ ਕੌਮ ਦੀਆਂ ਲੱਗੀਆਂ ਤੁਸਾਂ ਉੱਤੇ, ਤੁਸੀਂ ਕੌਮੀ ਉਮੀਦ ਹੋ ਖਾਲਸਾ ਜੀ।
ਢਿੱਲਾ ਮੱਠਾ ਨਾ ਪੰਥਕ ਭਵਿੱਖ ਰਹਿ ਜਾਵੇ, ਕਰ ਰਹੇ ਤੁਸੀਂ ਤਾਗੀਦ ਹੋ ਖਾਲਸਾ ਜੀ।
ਸੇਵਾ ਕਰ ਰਹੇ ਸਿਦਕ ਦੇ ਨਾਲ 'ਜਾਚਕ', 'ਗੋਲੇ ਮੁਲ ਖਰੀਦ' ਹੋ ਖਾਲਸਾ ਜੀ।
ਮੇਰੀ ਕਲਮ ਮੈਨੂੰ ਹਰਦਮ ਦੱਸਦੀ ਏ, ਤੁਸੀਂ 'ਜਿੰਦਾ ਸ਼ਹੀਦ' ਹੋ ਖਾਲਸਾ ਜੀ।

# ਸਟੱਡੀ ਸਰਕਲ ਦੇ 25ਵੇਂ ਸਾਲਾਨਾ ਸਮਾਗਮ ਨੂੰ ਸਮਰਪਿਤ

ਕਰਮਸ਼ੀਲ ਜੋ ਹੁੰਦੀ ਏ ਕੌਮ ਜੱਗ ’ਤੇ, ਹੁੰਦੇ ਉਸਦੀ ਜਿੰਦ ਤੇ ਜਾਨ ਗਭਰੂ।
ਨੀਤੀ ਨਿਰਣੇ ਨੂੰ ਲਾਗੂ ਕਰਵਾਉਣ ਜਿਹੜੇ, ਹੁੰਦੇ ਕੌਮਾਂ ਦੀ ਸ਼ਕਤੀ ਮਹਾਨ ਗਭਰੂ।
ਸਿੱਖ ਕੌਮ ਦਾ ਸੋਹਣਾ ਸਰੀਰ ਜੇਕਰ, ਹੱਡੀ ਰੀੜ ਦੀ ਨੌਜਵਾਨ ਗਭਰੂ।
ਸਮੇਂ ਸਮੇਂ ਇਤਿਹਾਸ ਨੂੰ ਸਿਰਜਦੇ ਰਹੇ, ਬੀਰ ਬਾਂਕੜੇ ਬੜੇ ਬਲਵਾਨ ਗਭਰੂ।

ਸਿਲਵਰ ਜੁਬਲੀ ਸਮਾਗਮ ਮਨਾਉਣ ਖ਼ਾਤਿਰ,ਦੂਰ ਦੂਰ ਤੋਂ ਤੁਸੀਂ ਹੋ ਆਣ ਪਹੁੰਚੇ।
ਅੱਜ ਵਿਦਿਅਕ ਸੰਮੇਲਨ ਦੇ ਵਿੱਚ ਏਥੇ, ਸਭ ਵਿਦਿਆਰਥੀ ਨੌਜੁਆਨ ਪਹੁੰਚੇ।
ਵਾਈਸ ਚਾਂਸਲਰ, ਪ੍ਰਿੰਸੀਪਲ, ਪ੍ਰੋਫੈਸਰ, ਨਾਲ ਉਨ੍ਹਾਂ ਦੇ ਟੀਚਰ ਸਾਹਿਬਾਨ ਪਹੁੰਚੇ।
ਚਾਹੁਣ ਖਾਲਸੇ ਦੇ ਜਿਹੜੇ ਬੋਲਬਾਲੇ, ਚੜ੍ਹਦੀ ਕਲਾ ਦੇ ਸਾਰੇ ਚਾਹਵਾਨ ਪਹੁੰਚੇ।

ਗੁਰਮਤਿ ਟ੍ਰੇਨਿੰਗ ਕੈਂਪਾਂ ’ਚੋਂ ਲੈ ਜਜ਼ਬਾ, ਅੰਮ੍ਰਿਤ ਛੱਕਣ ਦਾ ਯੁਵਕਾਂ ਐਲਾਨ ਕੀਤਾ।
28 ਸਤੰਬਰ ਨੂੰ ਤਖਤ ਅਕਾਲ ਵੱਲੇ, ਅੰਮ੍ਰਿਤ ਛਕਣ ਲਈ ਸੀ ਰਵਾਨ ਕੀਤਾ।
ਜ਼ਾਹਰੀ ਕਲਾ ਕੋਈ ਵਾਪਰੀ ਉਸ ਵੇਲੇ, ਕਾਰਜ ਆਪੇ ਸੀ ਕਿਰਪਾ ਨਿਧਾਨ ਕੀਤਾ।
2500 ਦੀ ਥਾਂ ’ਤੇ ਖਾਲਸਾ ਜੀ, 4420 ਨੇ ਅੰਮ੍ਰਿਤ ਸੀ ਪਾਨ ਕੀਤਾ।

ਮੈਨੂੰ ਲੱਗਦੈ ਰੱਬੀ ਅਸਮਾਨ ਵਿੱਚੋਂ, ਪਾਵਨ ਅੰਮ੍ਰਿਤ ਦੀ ਕੋਈ ਫੁਹਾਰ ਆਈ।
ਥੋਡੇ ਚਿਹਰਿਆਂ ਦੀ ਰੌਣਕ ਦੱਸ ਰਹੀ ਏ, ਪੰਥਕ ਵਿਹੜੇ ਦੇ ਵਿੱਚ ਬਹਾਰ ਆਈ।
ਦਰਸ਼ਨ ਕਰਨ ਲਈ ਤੁਸਾਂ ਦੇ ਖਾਲਸਾ ਜੀ, ਏਥੇ ਚੱਲ ਕੇ ਹਰ ਨਰ ਨਾਰ ਆਈ।
ਟੌਹੜਾ ਸਾਹਿਬ ਨਾਲੇ ਬਾਦਲ ਸਾਹਿਬ ਆਏ, ਉਨ੍ਹਾਂ ਨਾਲ ਅਕਾਲੀ ਸਰਕਾਰ ਆਈ।

ਗੁਰੂ ਚਰਨਾਂ ’ਚ ‘ਜਾਚਕ’ ਅਰਦਾਸ ਕਰੀਏ, ਸਿੱਖ ਕੌਮ ਦਾ ਸੁਪਨਾ ਸਾਕਾਰ ਹੋਵੇ।
1999 ਵਿਸਾਖੀ ਤੱਕ ਖਾਲਸਾ ਜੀ, ਅੰਮ੍ਰਿਤਧਾਰੀ ਹਰ ਸਿੱਖ ਨਰ ਨਾਰ ਹੋਵੇ।
ਗੁਰੂ ਗਰੰਥ ਤੇਂ ਗੁਰੂ ਪੰਥ ਵਾਲਾ, ਸਾਰੀ ਦੁਨੀਆਂ ਦੇ ਵਿੱਚ ਪ੍ਰਚਾਰ ਹੋਵੇ।
ਸਿੱਖ ਧਰਮ ਹੈ ਧਰਮ ਮਨੁੱਖਤਾ ਦਾ, ਹਰ ਥਾਂ ‘ਧਰਮ ਦਾ ਜੈਕਾਰ’ ਹੋਵੇ।

# ਨਾਸਤਿਕ ਟੋਲਿਆਂ ਵਲੋਂ ਗੁਰੂ ਗ੍ਰੰਥ ਤੇ ਖਾਲਸਾ ਪੰਥ ’ਤੇ ਹਮਲਾ

ਸਿੱਖ ਸੋਚ ਹੁਣ ਮਾਰਕਸੀ ਸੋਚ ਬਣ ਜਾਏ, ਨਾਸਤਕ ਸੋਚ ਵਾਲੇ ਚੱਲੀ ਚਾਲ ਬੈਠੇ।
ਸਿੱਖ ਧਾਰਮਿਕ ਤੇ ਵਿੱਦਿਅਕ ਅਦਾਰਿਆਂ ’ਚ, ਸਾਡੀ ਹਿੱਕ ਉਤੇ ਦੀਵਾ ਬਾਲ ਬੈਠੇ।
ਕਈ ‘ਪੰਥਕ ਵਿਦਵਾਨ’ ਕਹਾਉਣ ਵਾਲੇ, ਹੋਏ ਘਿਉ ਖਿਚੜੀ ਇਨ੍ਹਾਂ ਨਾਲ ਬੈਠੇ।
ਸਿੱਖ ਸਿਧਾਂਤਾਂ ਦਾ ਕਰਨ ਲਈ ਘਾਣ ਸਿੰਘੋ, ਸਿੱਖੀ ਸਰੂਪ ’ਚ ਕਈ ਚੰਡਾਲ ਬੈਠੇ।

ਸੋਚ ਸਮਝ ਕੇ ਨਾਸਤਕ ਟੋਲਿਆਂ ਨੇ, ਸਿੱਖ ਜਗਤ ’ਤੇ ਹਮਲਾ ਸੀ ਜਦ ਕੀਤਾ।
‘ਜਵੱਲੀ ਕਲਾਂ’ ਦੇ ਡੇਰੇ ’ਚ ਵੜ ਉਹਨਾਂ, ਕੁਫਰ ਝੂਠ ਨੂੰ ਹੱਦੋਂ ਬੇਹੱਦ ਕੀਤਾ।
ਪਾਣੀ ਸਿਰ ਤੋਂ ਲੰਘਦਾ ਵੇਖ ਕੇ ਤੇ, ਸਟੱਡੀ ਸਰਕਲ ਸੁਚੇਤ ਸੀ ਤੱਦ ਕੀਤਾ।
ਅਕਾਲ ਤਖ਼ਤ ਤੋਂ ਮੁਨਕਰ ਹੋ ਬਾਬਿਆਂ ਨੇ, ‘ਵਿਸ਼ਵ ਸਿੱਖ ਸੰਮੇਲਣ’ ਸੀ ਰੱਦ ਕੀਤਾ।

ਬਿਰਤੀ ਬਗਲੇ ਦੀ, ਜਾਪਦੇ ਵਾਂਗ ਹੰਸਾਂ, ਥਾਂ ਥਾਂ ਬੈਠੇ ਨੇ ਸੱਜਣ ਠੱਗ ਵਾਂਗੂੰ।
ਸਿੱਖ ਕੌਮ ਦੀਆਂ ਜੜ੍ਹਾਂ ਨੂੰ ਵੱਢਣੇ ਲਈ, ’ਕੱਠੇ ਹੋਏ ਨੇ ਭੇਡਾਂ ਦੇ ਵੱਗ ਵਾਂਗੂੰ।
‘ਵਿਸਮਾਦ ਨਾਦ’ ’ਚ ਕਾਲੀ ਕਰਤੂਤ ਵਾਲੀ, ਖ਼ਬਰ ਫੈਲੀ ਸੀ ਜੰਗਲ ਦੀ ਅੱਗ ਵਾਂਗੂੰ।
ਭਾਂਡਾ ਵਿੱਚ ਚੌਰਾਹੇ ਜਦ ਗਿਆ ਭੰਨਿਆ, ਬਹਿ ਗਏ ਉਹ ਸਾਬਣ ਦੀ ਝੱਗ ਵਾਂਗੂੰ।

ਅਮਰਜੀਤ ਸਿੰਘ ਗਰੇਵਾਲ ਹੱਦ ਕੀਤੀ, ਲਿਖ ਕੇ ਗੁਰਮਤਿ ਵਿਰੁੱਧ ਇਹ ਲੇਖ ਉਸਨੇ।
ਸਾਡੇ ਰਾਹ ’ਚ ਕੰਡੇ ਸੀ ਬੀਜ ਦਿੱਤੇ, ਉਤੋਂ ਧਾਰ ਕੇ ਸਿੱਖੀ ਦਾ ਭੇਖ ਉਸਨੇ।
ਸਿੱਖ ਹਿਰਦਿਆਂ ਤਾਂਈਂ ਪਲੋਸ ਕੇ ਤੇ, ਮਾਰੀ ਸੱਟ ਗਹਿਰੀ, ਮੌਕਾ ਵੇਖ ਉਸਨੇ।
ਢੌਂਗ ਰਚ ਗੁਰਬਾਣੀ ਦੀ ਖੋਜ ਵਾਲਾ, ਸਿੱਖੀ ਸੀਨੇ ’ਚ ਠੋਕੀ ਸੀ ਮੇਖ ਉਸਨੇ।

ਭੱਬਲ ਭੂਸੇ ’ਚ ਫਸਿਆ ਜੋ ਆਪ ਹੋਇਆ, ਉਹਨੇ ਵਿਸਮਾਦ ਨਾਦ ਦੀ ਗੱਲ ਕੀਤੀ।
ਗੁਰਮਤਿ ਸਿਧਾਂਤਾਂ ਦੀ ਸੰਘਣੀ ਛਾਂ ਹੇਠਾਂ, ਅਖੌਤੀ ਪਦਾਰਥਵਾਦ ਦੀ ਗੱਲ ਕੀਤੀ।
‘ਸੀਸ ਭੇਟ’ ਦੀ ਥਾਂ ਤੇ ਜਾਣ ਬੁੱਝ ਕੇ, ਗੁਰੂਆਂ ਨਾਲ ਸੰਵਾਦ ਦੀ ਗੱਲ ਕੀਤੀ।
ਗੁਰੂ ਗ੍ਰੰਥ ਜੀ ਦੇ ਪਾਵਨ ਨਾਂ ਥੱਲੇ, ਥਾਂ ਥਾਂ ਮਾਰਕਸਵਾਦ ਦੀ ਗੱਲ ਕੀਤੀ।

ਗੁਰੂ ਗ੍ਰੰਥ ਜੀ ਦੀ ਕੀ ਪ੍ਰਸੰਗਕਿਤਾ ਏ, 21ਵੀਂ ਸਦੀ ਦੇ ਮਾਨਵ ਸਮਾਜ ਤਾਂਈਂ।
ਦੁਨੀਆਂ ਵਿਚ ਜੋ ਖੋਖਲਾ ਸਿੱਧ ਹੋਇਐ, ਲਾਗੂ ਕੀਤਾ ਸੀ ਉਸ ਰਿਵਾਜ ਤਾਂਈਂ।
ਮਨਮੁੱਖ ਬਿਰਤੀ ਨੇ ਕਿਸੇ ਨੂੰ ਬਖ਼ਸ਼ਿਆ ਨਾ, ਇੱਥੋਂ ਤੱਕ ਕੇ ਗੁਰੂ ਮਹਾਰਾਜ ਤਾਂਈਂ।
ਬਿੱਲੀ ਥੈਲੇ 'ਚੋਂ ਨਿਕਲੀ ਸੀ ਬਾਹਰ ਓਦੋਂ, ਜਦੋਂ ਖੋਲ੍ਹਿਆ ਓਸ ਦੇ ਪਾਜ ਤਾਂਈਂ।

ਸਾਕਤ ਸੋਚ ਵਾਲਾ ਲੇਖਕ ਲਿਖ ਰਿਹਾ ਏ, ਜੁੱਗੋ ਜੁੱਗ ਇਹ ਗੁਰੂ ਅਟੱਲ ਕੋਈ ਨਾ।
ਮਧ ਜੁੱਗ ਦੇ ਵਿੱਚ ਜੋ ਗਿਆ ਲਿਖਿਆ, 21ਵੀਂ ਸਦੀ ਦੀ ਇਸ ਵਿੱਚ ਗੱਲ ਕੋਈ ਨਾ।
ਸਮੱਸਿਆਵਾਂ ਜੋ ਸਾਡੇ ਸਮਾਜ ਦੀਆਂ, ਗੁਰੂ ਗ੍ਰੰਥ 'ਚ ਇਨ੍ਹਾਂ ਦਾ ਹੱਲ ਕੋਈ ਨਾ।
ਫ਼ਲਸਫ਼ਾ ਬਹੁਤ ਪੁਰਾਣਾ ਇਹ ਹੋ ਚੁੱਕੈ, ਭਵਿੱਖ ਵਿੱਚ ਅਪਣਾਉਣ ਦਾ ਫਲ ਕੋਈ ਨਾ।

ਗੁਰੂ ਗ੍ਰੰਥ ਤੇ ਪੰਥ ਵਿਰੁੱਧ ਲਿਖਕੇ, ਏਹਨੇ ਅਧਰਮ ਚਲਾਉਣ ਦਾ ਯਤਨ ਕੀਤੈ।
ਕਰਕੇ ਬਾਣੀ ਦੀ ਗ਼ਲਤ ਵਿਆਖਿਆ ਵੀ, ਮਨਮੱਤ ਫੈਲਾਉਣ ਦਾ ਯਤਨ ਕੀਤੈ।
ਗੁਲਾਮੀ ਨਾਲ ਤੁਲਨਾ ਦੇ ਕੇ ਨਿਮਰਤਾ ਨੂੰ, ਸਿੱਖੀ ਸਿਧਾਂਤ ਉਲਟਾਉਣ ਦਾ ਯਤਨ ਕੀਤੈ।
ਰਹਿਤਾਂ ਕੁਰਹਿਤਾਂ ਦੇ ਅਧਿਐਨ ਦੇ ਨਾਂ ਥੱਲੇ, ਰਹਿਤਨਾਮੇ ਬਦਲਾਉਣ ਦਾ ਯਤਨ ਕੀਤੈ।

ਕਿਰਪਾਨ ਕ੍ਰਿਪਾ ਦੀ, ਕਿਰਤ ਦੇ ਕੇਸ ਕਹਿਕੇ, ਸਿੱਖੀ ਸਰੂਪ ਮਿਟਾਉਣ ਦਾ ਯਤਨ ਕੀਤੈ।
ਸਥਿਤੀ ਗੁਲਾਮਾਂ ਤੋਂ ਭੈੜੀ ਲਿਖ ਇਸਤਰੀ ਦੀ, ਉਹਦੀ ਇਜ਼ੱਤ ਘਟਾਉਣ ਦਾ ਯਤਨ ਕੀਤੈ।
ਜਾਤਾਂ ਪਾਤਾਂ ਦੇ ਵਿਸ਼ੇ 'ਤੇ ਗੱਲ ਕਰਕੇ, ਵੰਡ ਵਿਤਕਰੇ ਪਾਉਣ ਦਾ ਯਤਨ ਕੀਤੈ।
ਗੁਰੂ ਗ੍ਰੰਥ 'ਚ ਮਨੁੱਖ ਗੁਲਾਮ ਜਾਪੇ, ਇਹ ਅਹਿਸਾਸ ਕਰਵਾਉਣ ਦਾ ਯਤਨ ਕੀਤੈ।

ਗੁਰਬਾਣੀ, ਸਿੱਖ ਮਰਿਯਾਦਾ ਪ੍ਰੰਪਰਾ ਦਾ, ਕੋਝਾ ਮਖ਼ੌਲ ਉਡਾਉਣ ਦਾ ਯਤਨ ਕੀਤੈ।
ਸਿੱਖ ਸਿਧਾਂਤਾਂ 'ਚ ਬੜੀ ਸਫਾਈ ਦੇ ਨਾਲ, ਉਹਨੇ ਖੋਟ ਰਲਾਉਣ ਦਾ ਯਤਨ ਕੀਤੈ।
ਵਿਛਾ ਕੇ ਸ਼ਬਦਾਂ ਦਾ ਸੁੰਦਰ ਜਾਲ ਉਹਨੇ, ਸਾਨੂੰ ਵਿੱਚ ਫਸਾਉਣ ਦਾ ਯਤਨ ਕੀਤੈ।
ਵਿਸ਼ਵ ਦ੍ਰਿਸ਼ਟੀ ਦੇ ਮਾਡਲ ਦੀ ਆੜ ਹੇਠਾਂ, ਪੰਥਕ ਢਾਂਚਾ ਹਿਲਾਉਣ ਦਾ ਯਤਨ ਕੀਤੈ।

ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਪਈ, ਫੁੱਲ ਚੁਭ ਰਹੇ ਸੀ ਜਦੋਂ ਖਾਰ ਬਣਕੇ।
ਜਦੋਂ ਆਪਣੇ ਪਰਾਏ ਸੀ ਹੋ ਬੈਠੇ, ਖੜ੍ਹ ਗਏ ਸਾਹਮਣੇ ਦੁਸ਼ਮਣ ਦੇ ਯਾਰ ਬਣਕੇ।

ਪੰਥਕ ਸੋਚ ਦੇ ਕੁਝ ਅਨਮੋਲ ਮੋਤੀ, ਟੁੱਟੇ ਮਨਮੱਤ ਦਾ ਜਦੋਂ ਸ਼ਿਕਾਰ ਬਣਕੇ।
ਸਟੱਡੀ ਸਰਕਲ ਓਦੋਂ ਔਖੀ ਘੜੀ ਅੰਦਰ, ਪਹਿਰਾ ਦਿੱਤਾ ਸੀ ਪਹਿਰੇਦਾਰ ਬਣਕੇ।

ਸਟੱਡੀ ਸਰਕਲ ਨੇ ਆਪਣੇ ਜਨਮ ਤੋਂ ਹੀ,ਨਾਸਤਕ ਤਾਕਤਾਂ ਨੂੰਪਾਈ ਠੱਲ੍ਹ ਹਰ ਥਾਂ।
ਸਕੂਲਾਂ ਕਾਲਜਾਂ ਤੇ ਯੂਨੀਵਰਸਿਟੀਆਂ 'ਚ, ਚਲ ਪਈ ਗੁਰਬਾਣੀ ਦੀ ਗੱਲ ਹਰ ਥਾਂ।
ਰਸਤੇ ਵਿੱਚ ਰੁਕਾਵਟਾਂ ਬਹੁਤ ਆਈਆਂ, ਖਿੜੇ ਮੱਥੇ ਪਰ ਲਈਆਂ ਸੀ ਝੱਲ ਹਰ ਥਾਂ।
ਟਾਕਰਾ ਕਰਨ ਲਈ ਪੰਥ ਦੇ ਦੋਖੀਆਂ ਦਾ, ਗੁਰੂ ਪਾਤਸ਼ਾਹ ਬਖ਼ਸ਼ਿਆ ਬੱਲ ਹਰ ਥਾਂ।

ਪਿੱਠ ਲੱਗਦੀ ਕੌਮ ਦੀ ਵੇਖ ਕੇ ਤੇ, ਨਿੱਤਰਿਆ ਵਿੱਚ ਮੈਦਾਨ ਸਟੱਡੀ ਸਰਕਲ।
ਫੋਟੋ ਕਾਪੀਆਂ ਭੇਜ ਸੁਚੇਤ ਕਰ ਤੇ, ਚੋਣਵੇਂ ਸਿੱਖ ਵਿਦਵਾਨ ਸਟੱਡੀ ਸਰਕਲ।
ਸਮੇਂ ਸਮੇਂ 'ਤੇ ਪੈਂਫਲਿਟ ਛਾਪ ਕੀਤੇ, ਕੱਚੇ ਚਿੱਠੇ ਬਿਆਨ ਸਟੱਡੀ ਸਰਕਲ।
ਸਿੰਘ ਸਾਹਿਬ ਨੂੰ ਵੀ ਕਰਕੇ ਬੇਨਤੀ ਇਹ, ਦਿਵਾਇਆ ਉਚੇਚਾ ਧਿਆਨ ਸਟੱਡੀ ਸਰਕਲ।

ਕਮੇਟੀ ਥਾਪ ਕਿਹਾ ਜੱਥੇਦਾਰ ਜੀ ਨੇ, ਰਾਇ ਦਿੱਤੀ ਸਪੱਸ਼ਟ ਤੇ ਸਾਫ਼ ਜਾਵੇ।
(ਡਾ)ਦਰਸ਼ਨ ਸਿੰਘ ਤੇ ਕੁਲਵੰਤ ਸਿੰਘ ਲਿਖਿਆ,ਲੇਖ ਗੁਰਮਤਿ ਦੇ ਪੂਰਨ ਖ਼ਿਲਾਫ ਜਾਵੇ।
(ਡਾ:)ਗੁਰਨਾਮ ਕੌਰ ਦੇ ਨਾਲ ਪਰ ਕਿਹਾ ਇੰਨ੍ਹਾਂ,ਇਹਦੇ ਲੇਖਕ ਨੂੰ ਕੀਤਾ ਮੁਆਫ ਜਾਵੇ।
ਸਰਕਲ ਮੰਗ ਕੀਤੀ ਲੈ ਕੇ ਯੋਗ ਐਕਸ਼ਨ, ਸਿੱਖ ਕੌਮ ਨਾਲ ਕੀਤਾ ਇਨਸਾਫ ਜਾਵੇ।

ਅਸਲੀ ਚਿਹਰੇ ਜਦ ਬੇਨਕਾਬ ਹੋਏ, ਰੌਲਾ ਪਾਇਆ ਸੀ ਬੇਸ਼ੁਮਾਰ ਇਨ੍ਹਾਂ।
ਖਿਸਕਦੀ ਪੈਰਾਂ ਦੇ ਹੇਠੋਂ ਜ਼ਮੀਨ ਤੱਕ ਕੇ, ਖ਼ਰੀਦ ਲਏ ਸੀ ਕਈ ਸਰਦਾਰ ਇਨ੍ਹਾਂ।
ਕੁਝ ਅਖੌਤੀ ਵਿਦਵਾਨ ਚਹੇਤਿਆਂ ਤੋਂ, ਕਰਾਏ ਕਲਮਾਂ ਨਾਲ ਸਾਜ਼ਿਸੀ ਵਾਰ ਇਨ੍ਹਾਂ।
ਭੰਬਲ ਭੂਸੇ 'ਚ ਕੌਮ ਨੂੰ ਪਾਉਣ ਦੇ ਲਈ, ਖਬਰਾਂ ਲੁਆਈਆਂ ਸੀ ਵਿੱਚ ਅਖ਼ਬਾਰ ਇਨ੍ਹਾਂ।

16 ਜੂਨ ਦੀ ਵਿਚਾਰ ਗੋਸ਼ਟੀ 'ਚ, ਗੁਰੂ ਗ੍ਰੰਥ ਜੀ ਸਨ ਪ੍ਰਕਾਸ਼ਮਾਨ ਸਾਂਹਵੇਂ।
ਸਟੱਡੀ ਸਰਕਲ ਨੇ ਆਪਣੇ ਪੱਖ ਤਾਂਈਂ,ਸਪੱਸ਼ਟ ਕੀਤਾ ਸੀ ਸਿੰਘ ਸਾਹਿਬਾਨ ਸਾਂਹਵੇਂ।
ਚਰਚਾ ਹੋਈ ਭੱਖਵੀਂ, ਮੁੱਖ ਮੁੱਦਿਆਂ 'ਤੇ, ਸਿੱਖ ਸਿਧਾਂਤਾਂ ਦਾ ਰੱਖ ਧਿਆਨ ਸਾਂਹਵੇਂ।
ਸਿੰਘ ਸਾਹਿਬਾਨ ਨੇ ਫੈਸਲਾ ਜਦੋਂ ਦਿੱਤਾ, ਬੈਠੇ ਚੋਣਵੇਂ ਸੀ ਵਿਦਵਾਨ ਸਾਂਹਵੇਂ।

ਉਨ੍ਹਾਂ ਕਿਹਾ ਸੀ ਆਪਣੇ ਮੁੱਖ ਵਿੱਚੋਂ, ਹੋਇਆ ਤਖ਼ਤ 'ਤੇ ਪੇਸ਼ ਇਹ ਆਪ ਸਿੰਘੋ।
ਇਹਨੇ ਗੁਰਮਤਿ ਸਿਧਾਂਤਾਂ 'ਤੇ ਸੱਟ ਮਾਰੀ, ਮਨਮੱਤ ਦਾ ਰਾਗ ਅਲਾਪ ਸਿੰਘੋ।
ਸਪੱਸ਼ਟੀਕਰਨ 'ਚ ਮਾਫੀ ਇਸ ਮੰਗ ਕੇ ਤੇ, ਕਰ ਲਿਆ ਏ ਪਸ਼ਚਾਤਾਪ ਸਿੰਘੋ।
ਪੂਰਨ ਤੌਰ 'ਤੇ ਰੋਕ ਲਗਾਈ ਅੱਗੋਂ, ਕੋਈ ਸਕੂ ਨਾ ਲੇਖ ਇਹ ਛਾਪ ਸਿੰਘੋ।

ਗੁਰਮਤਿ ਵਿਰੋਧੀ ਜੋ ਮੁੱਦੇ ਨੇ ਆਏ ਸਾਂਹਵੇਂ, ਕਰੂ ਉਨ੍ਹਾਂ ਦੀ ਇਹ ਪਹਿਚਾਨ ਪਹਿਲਾਂ।
ਗੁਰੂ ਚਰਨਾਂ 'ਚ ਗਲ ਵਿੱਚ ਪਾ ਪੱਲਾ, ਗੁਰਸਿੱਖੀ ਦਾ ਮੰਗੂਗਾ ਦਾਨ ਪਹਿਲਾਂ।
ਨਾਸਤਕ ਸੋਚ ਇਹ ਸਦਾ ਲਈ ਛੱਡ ਕੇ ਤੇ, 'ਬਿਬੇਕ ਬੁੱਧੀ' ਦਾ ਬਣੂ ਇਨਸਾਨ ਪਹਿਲਾਂ।
ਲੇਖ ਸੋਧ ਕੇ ਬਾਅਦ ਵਿੱਚ ਛਾਪ ਸਕਦੈ, ਪ੍ਰਵਾਨ ਕਰਨਗੇ ਸਿੰਘ ਸਾਹਿਬਾਨ ਪਹਿਲਾਂ।

ਸਿੱਖੀ ਭੇਖ 'ਚ ਨਾਸਤਿਕ ਟੋਲਿਆਂ ਦੀ, ਸਦਾ ਲਈ ਦੁਕਾਨ ਹੁਣ ਬੰਦ ਹੋਵੇ ।
ਵਡੇ ਚੋਰ ਜੋ ਸਿੱਖੀ ਦੇ ਮਹਿਲ ਅੰਦਰ, ਫੜਨ ਲਈ ਕੋਈ ਖਾਸ ਪ੍ਰਬੰਧ ਹੋਵੇ।
ਏਡੀ ਕੋਝੀ ਕੋਈ ਜ਼ੁਰਅੱਤ ਨਹੀਂ ਕਰ ਸਕਦਾ, ਜੇਕਰ ਕੌਮ ਸਾਰੀ ਜੱਥੇਬੰਦ ਹੋਵੇ।
ਗੁਰੂ ਗ੍ਰੰਥ ਤੇ ਖੋਜ ਜੋ ਲੋਚਦਾ ਏ, ਪਹਿਲਾਂ ਗੁਰਮਤਿ ਦਾ ਆਪ ਪਾਬੰਦ ਹੋਵੇ।

ਮਖੌਟਾ ਚਿਹਰੇ ਤੇ ਸਿੱਖੀ ਦਾ ਲਾ ਕੇ ਤੇ, ਬੁਣ ਰਹੇ ਇਹ ਸਾਜ਼ਸ਼ਾਂ ਖਾਸ ਹੁਣ ਤਾਂ।
ਸਿੱਖ ਮਰਿਯਾਦਾ ਗੁਰਬਾਣੀ ਤੇ ਹੋਏ ਹਮਲੇ, ਏਸ ਗੱਲ ਦਾ ਕਰੋ ਅਹਿਸਾਸ ਹੁਣ ਤਾਂ।
ਸਿੱਖ ਵਿਦਵਾਨੋਂ ਪਛਾਣ ਲਉ ਫਰਜ਼ ਆਪਣਾ, ਥੋਡੇ ਉਤੇ ਹੈ ਕੌਮ ਨੂੰ ਆਸ ਹੁਣ ਤਾਂ।
ਕਰੋ ਗੁਰਮਤਿ ਦੀਆਂ ਕਲਮਾਂ ਦੇ ਮੂੰਹ ਤਿੱਖੇ, ਗੁਰੂ ਚਰਨਾਂ 'ਚ ਕਰ ਅਰਦਾਸ ਹੁਣ ਤਾਂ।

ਸਿੱਖ ਸੰਗਤਾਂ ਦੇ ਪੂਰਨ ਸਹਿਯੋਗ ਸਦਕਾ, ਸੇਵਾਦਾਰਾਂ ਇਹ ਸੇਵਾ ਨਿਭਾਈ ਸੋਹਣੀ।
ਸਿੱਖੀ ਸੋਚਵਾਨਾਂ ਬਿਖੜੇ ਸਮੇਂ ਅੰਦਰ, ਸਾਡੀ ਹਾਂ ਵਿੱਚ ਹਾਂ ਮਿਲਾਈ ਸੋਹਣੀ।
ਰੱਖਿਆ ਕਰਨ ਲਈ ਸਿੱਖੀ ਦੇ ਕਾਫ਼ਲੇ ਦੀ, ਦਾਤੇ ਆਪੇ ਹੀ ਬਣਤ ਬਣਾਈ ਸੋਹਣੀ।
ਗੁਰੂ ਪਾਤਸ਼ਾਹ ਨੇ 'ਜਾਚਕ' ਮਿਹਰ ਕਰ ਕੇ, ਜ਼ਾਹਰੀ ਕਲਾ ਇਹ ਕੋਈ ਵਰਤਾਈ ਸੋਹਣੀ।

# ਨੌਜਵਾਨ ਲੇਖਕਾਂ ਦੇ ਨਾਂ ਸੰਦੇਸ਼

ਦਿਸ਼ਾਹੀਣ ਇਹ ਨੌਜਵਾਨ ਹੋਵਣ, ਨਾਸਤਕ ਟੋਲਿਆਂ ਲਾਈ ਏ ਵਾਹ ਏਥੇ।
ਗੁਰੂਆਂ ਪੀਰਾਂ ਫ਼ਕੀਰਾਂ ਦੀ ਧਰਤ ਉਤੇ, ਪਾਵਨ ਵਿਰਸੇ ਨੂੰ ਲਾ ਰਹੇ ਢਾਹ ਏਥੇ।
ਮੇਲੇ ਹੋ ਰਹੇ ਜਿਹੜੇ ਪੰਜਾਬ ਅੰਦਰ, ਏਸ ਗੱਲ ਦੇ ਪੱਕੇ ਗਵਾਹ ਏਥੇ।
ਹਰ ਥਾਂ ਗਾਲੜ੍ਹ ਪਟਵਾਰੀ ਨੇ ਬਣੇ ਬੈਠੇ, ਮਾਲਕ ਬਾਗ਼ ਦੇ ਬੇ-ਪ੍ਰਵਾਹ ਏਥੇ।

ਸਾਹਿਤ ਉਸਦਾ ਕਹਿੰਦੇ ਪ੍ਰਤੀਬਿੰਬ ਹੁੰਦੈ, ਜਿਹੋ ਜਿਹਾ ਕੋਈ ਸਭਿਆਚਾਰ ਹੋਵੇ।
ਲਿਖਦੈ ਸਮੇਂ ਦੀ ਸਦਾ ਸਚਿਆਈ ਜਿਹੜਾ, ਅਸਲ ਵਿਚ ਉਹੀਉ ਸਾਹਿਤਕਾਰ ਹੋਵੇ।
ਉਨ੍ਹਾਂ ਵਿਸ਼ਿਆਂ 'ਤੇ ਕਲਮ ਚਲਾਈ ਜਾਵੇ, ਜਿੰਨ੍ਹਾਂ ਨਾਲ ਸਮਾਜ ਸੁਧਾਰ ਹੋਵੇ।
ਗੁਰਮਤਿ ਮਾਡਲ ਜੋ ਗੁਰਾਂ ਨੇ ਬਖ਼ਸ਼ਿਆ ਏ, ਲਿਖਤਾਂ ਲਿਖਣ ਨੂੰ ਸਾਡਾ ਆਧਾਰ ਹੋਵੇ।

16 ਵਿੰਗਾਂ 'ਚੋਂ ਸਰਕਲ ਦਾ ਵਿੰਗ ਹੈ ਇੱਕ, ਯੁਵਕ ਲਿਖਾਰੀ ਲਈ ਸੇਧ ਸਿਖਲਾਈ ਕੇਂਦਰ।
ਲਿਖੀਏ ਗੁਰਮਤਿ ਨਾਲ 'ਕਿੰਝ' ਪ੍ਰਤੀਬੱਧ ਹੋ ਕੇ, ਦੇਵੇ ਪ੍ਰੇਰਨਾ ਅਤੇ ਅਗਵਾਈ ਕੇਂਦਰ।
ਕਾਰਜਸ਼ਾਲਾਵਾਂ ਲਗਾ ਕੇ ਥਾਂ ਥਾਂ 'ਤੇ, ਲਹਿਰ ਜ਼ੋਰਾਂ ਦੀ ਏਸ ਚਲਾਈ ਕੇਂਦਰ।
ਮਾਣ ਦੇ ਕੇ ਨਵੇਂ ਲਿਖਾਰੀਆਂ ਨੂੰ, ਕਰਦੈ ਕਲਮਾਂ ਦੀ ਹੌਂਸਲਾ ਅਫ਼ਜ਼ਾਈ ਕੇਂਦਰ।

ਇਸ ਕੇਂਦਰ ਦਾ ਮੁੱਖ ਉਦੇਸ਼ ਏਹੋ, ਲਿਖਣ ਰੁਚੀ ਦਾ ਕੀਤਾ ਵਿਕਾਸ ਜਾਵੇ।
ਆ ਕੇ ਸੁਲਝੇ ਗੁਰਸਿੱਖ ਵਿਦਵਾਨ ਦੱਸਣ, ਕਿਵੇਂ ਲਿਖਣ ਦਾ ਕੀਤਾ ਅਭਿਆਸ ਜਾਵੇ।
ਲਿਖਾਰੀ ਸੰਗਤਾਂ ਨੂੰ ਕਾਇਮ ਕਰਨ ਵੇਲੇ, ਗੁਰੂ ਚਰਨਾਂ 'ਚ ਕੀਤੀ ਅਰਦਾਸ ਜਾਵੇ।
ਜਦੋਂ ਜਿੱਥੇ ਵੀ ਬੈਠੀਏ ਕਲਮ ਫੜ ਕੇ, ਅੱਖਾਂ ਸਾਹਮਣੇ ਘੁੰਮ ਇਤਿਹਾਸ ਜਾਵੇ।

ਜ਼ਿਨ੍ਹਾਂ ਗੁਰਮਤਿ ਨੂੰ ਸਨਮੁੱਖ ਰੱਖ ਲਿਖਿਆ, ਸੇਧ ਲੈਣੀ ਏ ਉਹਨਾਂ ਲਿਖਾਰੀਆਂ ਤੋਂ।
ਪੈਸੇ ਖ਼ਾਤਰ ਜੋ ਲਿਖਦੇ ਅਸ਼ਲੀਲ ਸਾਹਿਤ, ਅਸਾਂ ਬਚਣਾ ਏ ਉਨ੍ਹਾਂ ਵਪਾਰੀਆਂ ਤੋਂ।
ਭੈੜੇ ਨਸ਼ਿਆਂ ਦਾ ਸੇਵਨ ਨਹੀਂ ਕਦੇ ਕਰਨਾ, ਨਸ਼ਾਂ ਲੈਣਾ ਏ ਨਾਮ ਖ਼ੁਮਾਰੀਆਂ ਤੋਂ।
ਕਲਮਾਂ ਨਾਲ ਹੁਣ ਕਰ, ਇਲਾਜ ਆਪਾਂ, ਬਚਾਉਣੈ ਸਮਾਜ ਭਿਆਨਕ ਬਿਮਾਰੀਆਂ ਤੋਂ।

ਨੈਤਿਕ ਕਦਰਾਂ ਜਿਸ ਨਾਲ ਹੋਣ ਉੱਚੀਆਂ, ਧਰਮ ਅਤੇ ਇਖ਼ਲਾਕ ਦੀ ਗੱਲ ਲਿੱਖੀਏ।
ਜਿਹੜੀ ਆਤਮਾ ਤਾਂਈਂ ਅਨੰਦ ਦੇਵੇ, ਉਸ ਰੂਹਾਨੀ ਖ਼ੁਰਾਕ ਦੀ ਗੱਲ ਲਿੱਖੀਏ।
ਘੁਣ ਵਾਂਗ ਜਵਾਨੀ ਨੂੰ ਖਾ ਰਹੇ ਜੋ, ਭੈੜੇ ਨਸ਼ੇ ਨਾਪਾਕ ਦੀ ਗੱਲ ਲਿੱਖੀਏ।
ਜਾਤਾਂ ਪਾਤਾਂ ਦੇ ਸੰਗਲ ਜਿਸ ਨਾਲ ਟੁੱਟਣ, ਏਕੇ ਅਤੇ ਇਤਫਾਕ ਦੀ ਗੱਲ ਲਿੱਖੀਏ।

ਜ਼ਿੰਮੇਵਾਰੀਆਂ ਸਾਡੇ ਤੇ ਬਹੁਤ ਭਾਰੀ, ਸਿੱਖ ਕੌਮ ਦੇ ਖਿੜੇ ਗੁਲਾਬ ਆਪਾਂ।
ਮੁਨਕਰ ਰੱਬ ਤੋਂ ਜਿਹੜੇ ਸੁਆਲ ਕਰਦੇ, ਦੇਈਏ ਠੋਕ ਕੇ ਅੱਗੋਂ ਜੁਆਬ ਆਪਾਂ।
ਹਰ ਤਰ੍ਹਾਂ ਦੇ ਮਸਲੇ ’ਤੇ ਕਲਮ ਚੱਲੇ, ਲਿਖੀਏ ਲਿਖਤਾਂ ਹੁਣ ਬੇਹਿਸਾਬ ਆਪਾਂ।
ਕਵਿਤਾ, ਕਹਾਣੀਆਂ ਤੇ ਲਿਖਕੇ ਲੇਖ ਸੋਹਣੇ, ‘ਜਾਚਕ’ ਲਿਆਈਏ ਹੁਣ ਸਿੱਖੀ ਇਨਕਲਾਬ ਆਪਾਂ।

# ਕੇਸਾਂ ਦੀ ਮਹਾਨਤਾ

ਕਲਗੀਧਰ ਨੇ ਕਿਹਾ ਸੀ ਖਾਲਸੇ ਨੂੰ, ਕਦੇ ਤੁਸਾਂ ਨੂੰ ਆਂਚ ਨਹੀਂ ਆ ਸਕਦੀ।
ਜਦ ਤਕ ਰਹੂਨਿਆਰਾ ਸਰੂਪ ਕਾਇਮ,ਥੋੜੀ ਹੋਂਦ ਨੂੰ ਹੋਣੀ ਨਹੀਂ ਖਾ ਸਕਦੀ।
ਏਸ ਦੁਨੀਆ ਦੀ ਕਿਤੇ ਵੀ ਕੋਈ ਤਾਕਤ, ਇਸ ਦਸਤਾਰ ਨੂੰ ਹੱਥ ਨਹੀਂ ਪਾ ਸਕਦੀ।
ਚੱਲ ਪਏ ਜੇ ਬਿਪਰਨ ਕੀ ਰੀਤ ਸਿੰਘੋ, ਕੋਈ ਤਾਕਤ ਨਹੀਂ ਥੋਨੂੰ ਬਚਾ ਸਕਦੀ।

ਨਹੁੰ ਮਾਸ ਦਾ ਜਿਵੇਂ ਸੰਬੰਧ ਹੁੰਦੈ,ਹਰ ਸੁਆਲ ਦਾ ਹੁੰਦੈ ਜੁਆਬ ਜਿੱਦਾਂ।
ਹਰ ਕੋਈ ਸਿੱਖ ਨੂੰ ਚਿਹਰੇ ਤੋਂ ਪੜ੍ਹ ਸਕਦੇ,ਪੜ੍ਹੀ ਜਾਂਦੀ ਏ ਖੁਲ੍ਹੀ ਕਿਤਾਬ ਜਿੱਦਾਂ।
ਪਤਿਤ ਸਿੱਖ ਤਾਂ ਇਸ ਤਰ੍ਹਾਂ ਜਾਪਦਾ ਏ, ਟੁੱਟੀ ਤਾਰ ਤੋਂ ਬਿਨਾਂ ਰਬਾਬ ਜਿੱਦਾਂ।
ਡਿੱਗ ਪੈਂਦਾ ਏ ਟੀਸੀ ਤੋਂ ਖੱਡ ਅੰਦਰ,ਡਿੱਗੇ ਟਹਿਣੀ ਤੋਂ ਫੁੱਲ ਗੁਲਾਬ ਜਿੱਦਾਂ।

ਦੇਣੀ ਹੁੰਦੀ ਸੀ ਮੌਤ ਦੀ ਸਜ਼ਾ ਜਿਸ ਨੂੰ,ਮੁੰਨ ਦੇਂਦੇ ਸੀ ਉਸ ਦੇ ਵਾਲ ਇਥੇ।
ਕੰਸ, ਰੁਕਮਣੀ ਤੇ ਪਰਸ ਰਾਮ ਵਾਲੀ,ਮਿਲੇ ਵਿਚ ਇਤਿਹਾਸ ਮਿਸਾਲ ਇਥੇ।
ਵਾਂਝਾ ਹੁੰਦਾ ਸੀ ਆਤਮਕ ਸ਼ਕਤੀਆਂ ਤੋਂ,ਦਾੜ੍ਹੀ ਕੇਸ ਕਟਾਉਣ ਦੇ ਨਾਲ ਇਥੇ।
ਸਮਾਂ ਬੀਤਣ ਤੇ ਕੇਸ ਮੁੰਨਾਉਣ ਵਾਲੀ,ਭੈੜੀ ਚਲ ਪਈ ਸੀ ਭੇਡ ਚਾਲ ਇਥੇ।

ਦਾੜ੍ਹੀ ਕੇਸ ਨਹੀਂ ਕਦੇ ਉਗਾਏ ਜਾਂਦੇ,ਇਹ ਤਾਂ ਕੁਦਰਤ ਦਾ ਹੈਨ ਵਰਦਾਨ ਸਿੰਘੋ।
ਸਾਬਤ ਸੂਰਤ ਉਹ ਰੂਹਾਂ ਨੇ ਸਦਾ ਰਹੀਆਂ,ਹੋਇਆ ਜਿਨ੍ਹਾਂ ਨੂੰ ਆਤਮਿਕ ਗਿਆਨ ਸਿੰਘੋ।
ਮਹਾਂਪੁਰਖ, ਪੈਗੰਬਰ ਤੇ ਗੁਰੂਸਾਰੇ,ਕੇਸਾਧਾਰੀ ਹੋਏ ਵਿਚ ਜਹਾਨ ਸਿੰਘੋ।
ਸਦਾ ਬਣੇ ਕਸਵੱਟੀ ਇਹ ਖਾਲਸੇ ਦੀ,ਇੱਜ਼ਤ, ਅਣਖ ਤੇ ਕੌਮੀ ਨਿਸ਼ਾਨ ਸਿੰਘੋ।

ਦਿਨ ਵਿਸਾਖੀ ਦੇ ਗੁਰੂਦਸਮੇਸ਼ ਜੀ ਨੇ, ਪਰਗਟ ਕੀਤਾ ਨਿਆਰਾ ਗੁਰ ਖਾਲਸਾ ਸੀ।
ਸਾਬਤ ਸੂਰਤ ਦਸਤਾਰ ਸੀ ਸਿਰ ਉੱਤੇ,ਲਗਦਾ ਬੜਾ ਪਿਆਰਾ ਗੁਰ ਖਾਲਸਾ ਸੀ।
ਖਾਸ ਰੂਪ ਅੰਦਰ ਕਲਗੀਧਰ ਜੀ ਦਾ,ਬਣਿਆ ਅੱਖਾਂ ਦਾ ਤਾਰਾ ਗੁਰ ਖਾਲਸਾ ਸੀ।
ਬਰਫ ਵਾਂਗ ਠੰਢਾ ਨਾਲ ਸੱਜਣਾਂ ਦੇ, ਦੁਸ਼ਮਣ ਲਈ ਅੰਗਿਆਰਾ ਗੁਰ ਖਾਲਸਾ ਸੀ।

ਸਾਬਤ ਸੂਰਤ, ਦਸਤਾਰ ਤੇ ਕੇਸ ਬਾਰੇ,ਬਾਣੀ ਵਿੱਚ ਵੀ ਗੁਰੂਸਾਹਿਬਾਨ ਲਿਖਿਐ।

ਨੰਦ ਲਾਲ ਜੀ ਨੇ ਆਪਣੀ ਗਜ਼ਲ ਅੰਦਰ,ਕੇਸਾਂ ਬਾਰੇ ਇਹ ਅਹਿਮ ਬਿਆਨ ਲਿਖਿਐ।
ਦਸਮ ਪਿਤਾ ਦੇ ਇਕ ਇਕ ਵਾਲ ਦਾ ਮੁੱਲ,ਇਕ ਇਕ ਨਹੀਂ, ਦੋ ਦੋ ਜਹਾਨ ਲਿਖਿਐ।
ਰਹਿਤਨਾਮਿਆਂ ਵਿੱਚ ਵੀ ਥਾਂ ਥਾਂ ਤੇ,ਪਾਵਨ ਕੇਸਾਂ ਨੂੰ ਸਿੱਖੀ ਦੀ ਸ਼ਾਨ ਲਿਖਿਐ।

ਦਸਮ ਪਿਤਾ ਨੇ ਆਖਿਆ ਪੀਰ ਤਾਈਂ, ਮੱਦਦ ਤੁਸਾਂ ਹੋ ਕੇ ਅੰਗ ਸੰਗ ਕੀਤੀ।
ਥੋੜੇ ਪੁਤਾਂ ਮੁਰੀਦਾਂ ਨੇ ਯੁੱਧ ਅੰਦਰ,ਸ਼ਹੀਦੀ ਪਾ ਕੇ ਤੇ ਦੁਨੀਆਂ ਦੰਗ ਕੀਤੀ।
ਮੰਗੋ ਜੋ ਕੁਝ ਪੀਰ ਜੀ ਮੰਗਣਾ ਜੇ, ਮੇਰੀ ਸਹੁੰ, ਜੇ ਰਤਾ ਵੀ ਸੰਗ ਕੀਤੀ।
"ਅੜੇ ਕੇਸਾਂ ਸਮੇਤ" ਹੀ ਪੀਰ ਉਦੋਂ,ਦਸਮ ਪਿਤਾ ਤੋਂ "ਕੰਘੇ ਦੀ ਮੰਗ" ਕੀਤੀ।

ਤਾਰੂਸਿੰਘ ਨੂੰ ਜ਼ਕਰੀਏ ਆਖਿਆ ਸੀ,ਕਹਿਣਾ ਮੰਨ ਤੂੰ ਹੋ ਸੁਚੇਤ ਮੇਰਾ।
ਸਿੱਖੀ ਰੂਪ ਤਿਆਗ ਦੇ ਸਦਾ ਦੇ ਲਈ,ਏਸੇ ਵਿੱਚ ਏ ਤੇਰਾ ਤੇ ਹੇਤ ਮੇਰਾ।
ਕਿਹਾ ਸਿੰਘ ਨੇ ਅੱਗੋਂ ਲਲਕਾਰ ਕੇ ਤੇ,ਤੂੰ ਨਹੀਂ ਜਾਣ ਸਕਦਾ, ਸਿੱਖੀ ਭੇਤ ਮੇਰਾ।
ਕੱਲੇ ਕੇਸ ਨਹੀਂ ਕਤਲ ਇਹ ਹੋ ਸਕਣੇ,ਲਾਹ ਲੈ ਖੋਪਰ ਤੂੰ ਕੇਸਾਂ ਸਮੇਤ ਮੇਰਾ।

ਅਹਿਮਦ ਸ਼ਾਹ ਅਬਦਾਲੀ ਨੇ ਆਣ ਕੇ ਤੇ, ਪੈਰ ਜਦੋਂ ਪੰਜਾਬ ਵਿੱਚ ਧਰ ਦਿੱਤਾ ।
ਬਾਬਾ ਆਲਾ ਸਿੰਘ ਫੁਲਕੀਆਂ ਮਿਸਲ ਵਾਲਾ,ਫੜ ਕੇ ਉਸ ਨੇ ਕੈਦ ਸੀ ਕਰ ਦਿੱਤਾ।
ਖਤਮ ਕਰਨ ਲਈ ਸਿੱਖੀ ਸਰੂਪ ਉਹਦਾ,ਕਤਲ ਕੇਸਾਂ ਨੂੰ ਕਰਨ ਦਾ ਡਰ ਦਿੱਤਾ।
ਕਲਗੀਧਰ ਦੀ ਮੋਹਰ ਬਚਾਉਣ ਖਾਤਿਰ, ਲੱਖ ਰੁਪਈਆ ਜੁਰਮਾਨਾ ਉਸ ਭਰ ਦਿੱਤਾ।

ਵਿਛੜੀ ਜਿੰਦਾਂ ਨੂੰ ਜਦੋਂ ਦਲੀਪ ਮਿਲਿਆ,ਧਾਹਾਂ ਮਾਰ ਕੇ ਰੋਈ ਮਜ਼ਬੂਰ ਮਾਤਾ।
ਜੂੜਾ ਪੁੱਤ ਦੇ ਸਿਰ ਨਾ ਵੇਖ ਕੇ ਤੇ,ਹੋ ਗਈ ਟੁੱਟ ਕੇ ਸੀ ਚਕਨਾਚੂਰ ਮਾਤਾ।
ਅੱਗੋਂ ਕਿਹਾ ਉਸ ਮਾਂ ਦੇ ਚਰਨ ਫੜ ਕੇ,ਕੀਤਾ ਗੋਰਿਆਂ ਸਿੱਖੀਂ ਤੋਂ ਦੂਰ ਮਾਤਾ।
ਅੰਮ੍ਰਿਤ ਛੱਕ ਕੇ ਸਜੂੰ ਮੈਂ ਸਿੰਘ ਪੂਰਾ,ਸਹੁੰ ਖਾਂਦਾ ਹਾਂ ਤੇਰੇ ਹਜ਼ੂਰ ਮਾਤਾ।

ਪਰਤਿਆ ਪੂਰਨ ਸਿੰਘ ਜਦੋਂ ਜਪਾਨ ਵਿੱਚੋਂ, ਦਾੜ੍ਹੀ,ਮੁੱਛਾਂ ਤੇ ਜੂੜਾ ਰਿਹਾ ਹੀ ਨਹੀਂ।
ਭਾਈ ਵੀਰ ਸਿੰਘ ਕੋਲ ਜਦ ਆਣ ਬੈਠਾ, ਉਨ੍ਹਾਂ ਮੁੱਖ 'ਚੋਂ ਕੁਝ ਵੀ ਕਿਹਾ ਹੀ ਨਹੀਂ।
ਆਖਰ ਪੁੱਛਣ ਤੇ ਉਸ ਜਵਾਬ ਦਿੱਤਾ, ਤੂੰ ਤੇ ਲਗਦਾ ਹੁਣ ਸਿੱਖਾਂ ਜਿਹਾ ਹੀ ਨਹੀਂ।
ਤੇਰੇ ਨਾਲ ਮੈਂ ਗੱਲ ਹੈ ਕੀ ਕਰਨੀ, ਪੂਰਨ ਸਿੰਘਾ ਤੂੰ ਪੂਰਨ ਹੁਣ ਰਿਹਾ ਹੀ ਨਹੀਂ।

ਕਿਹਾ ਡਾਕਟਰ ਨੇ ਸੰਤ ਕਰਤਾਰ ਸਿੰਘ ਜੀ, ਕਰਨਾ ਪੈਣੈ ਉਪਰੇਸ਼ਨ ਹਜ਼ੂਰ ਮੈਨੂੰ।
ਇਹਦੇ ਬਿਨਾਂ ਕੋਈ ਚਾਰਾ ਨਹੀਂ ਰਿਹਾ ਬਾਕੀ, ਲਾਹੁੱਣੇ ਪੈਣੈ ਨੇ ਵਾਲ ਜਰੂਰ ਮੈਨੂੰ।
ਅੱਗੋਂ ਕਿਹਾ ਦਸ਼ਮੇਸ਼ ਦੇ ਲਾਡਲੇ ਨੇ, ਕਰੀਂ ਸਿੱਖੀ ਤੋਂ ਤੂੰ ਨਾ ਦੂਰ ਮੈਨੂੰ।
ਕੇਸ ਕਤਲ ਕਰਵਾ ਕੇ ਬਚਨ ਨਾਲੋਂ, ਡਾਕਟਰ ਸਾਹਿਬ ਏ ਮਰਨਾ ਮਨਜ਼ੂਰ ਮੈਨੂੰ।

ਪ੍ਰਸਿੱਧ ਇਤਿਹਾਸਕਾਰ "ਤਿਆਨਬੀ" ਨੇ,ਇਤਿਹਾਸ ਮਨੁੱਖਤਾ ਦਾ ਦਿੱਤੈ ਲਿਖ ਸੋਹਣਾ।
ਇਕ ਔਰਤ ਜਦ ਕੀਤਾ ਸੁਆਲ ਉਸ ਨੂੰ,ਸਾਰੀ ਦੁਨੀਆਂ ਚੋਂ ਕਿਸ ਦਾ ਦਿੱਖ ਸੋਹਣਾ।
ਅੱਗੋ ਦਿੱਤਾ ਸੀ ਝੱਟ ਜੁਆਬ ਉਹਨੇ,ਦਾੜ੍ਹੀ ਕੇਸਾਂ ਵਾਲਾ ਪੂਰਨ ਸਿੱਖ ਸੋਹਣਾ।
ਦਾੜ੍ਹੀ ਮੁੱਛਾਂ ਬਗੈਰ ਪਰ ਬਦਸੂਰਤ,ਜਿਹੜਾ ਹੁੰਦਾ ਸੀ ਕਦੇ ਉਹ ਸਿੱਖ ਸੋਹਣਾ।

ਸਿੱਧ ਕੀਤੈ ਵਿਗਿਆਨ ਦੀ ਖੋਜ ਨੇ ਵੀ,ਵਿਟਾਮਿਨ ਡੀ ਪੈਦਾ ਕਰਦੇ ਵਾਲ ਸਿੰਘੋ।
ਚੋਟੀ ਉਤੇ ਜੋ ਜੂੜਾ ਇਹ ਸੋਭਦਾ ਏ,ਸੂਰਜੀ ਸ਼ਕਤੀ ਨੂੰ ਲੈਂਦੇ ਸੰਭਾਲ ਸਿੰਘੋ।
ਸਰਦੀ, ਗਰਮੀ ਜਾਂ ਛਾਂ ਤੇ ਧੁੱਪ ਕੋਲੋਂ, ਬਚਾਉਂਦੇ ਦਿਮਾਗ ਤਾਈਂ ਬਣਕੇ ਢਾਲ ਸਿੰਘੋ।
ਸਾਡੀਆਂ ਅੱਖਾਂ ਦੀ ਜੋਤ ਏ ਘੱਟ ਜਾਂਦੀ, ਦਾੜ੍ਹੀ ਮੁੱਛਾਂ ਕਟਾਉਣ ਦੇ ਨਾਲ ਸਿੰਘੋ।

ਸਿੱਖ ਇਤਿਹਾਸ ਤੋਂ ਨੇ ਅਣਜਾਣ ਜਿਹੜੇ,ਪਾਵਨ ਕੇਸਾਂ ਨੂੰ ਕਤਲ ਕਰਵਾਈ ਫਿਰਦੇ।
ਜੀਹਨੇ ਸਾਰਾ ਸਰਬੰਸ ਕੁਰਬਾਨ ਕੀਤਾ,ਕਲਗੀਧਰ ਨੂੰ ਪਿੱਠ ਵਿਖਾਈ ਫਿਰਦੇ।
ਸਿੱਖੀ ਕੇਸੀਂ ਸੁਆਸੀਂ ਨਿਭਾਉਣ ਵਾਲਾ,ਲਹੂਭਿੱਜਾ ਇਤਿਹਾਸ ਭੁਲਾਈ ਫਿਰਦੇ।
ਸਾਬਤ ਸੂਰਤ ਇਹ ਰੱਬ ਦੀ ਭੰਨ ਕੇ ਤੇ,ਏਸੇ ਵਿਚ ਹੀ ਸਮਝੀ ਵਡਿਆਈ ਫਿਰਦੇ।

ਸਿੱਖੀ ਮਹਿਲ ਦੇ ਸੁੰਦਰ ਮੁਨਾਰਿਆਂ ਨੂੰ,ਨਾਲ ਕੈਂਚੀਆਂ ਇਹ ਨੇ ਢਾਈ ਫਿਰਦੇ।
ਕਈ ਪੁੱਤ ਗੁਰਸਿੱਖਾਂ ਦੇ ਪਤਿਤ ਹੋ ਕੇ,ਚਿੱਟੀ ਪੱਗ ਨੂੰ ਦਾਗ ਨੇ ਲਾਈ ਫਿਰਦੇ।
ਕੇਸ ਕਤਲ ਕਰਾਉਂਦੇ ਨੇ ਬੋਝ ਕਹਿ ਕੇ,ਐਪਰ ਸਰੀਰ ਦਾ ਬੋਝ ਉਠਾਈ ਫਿਰਦੇ।
ਸੁੰਦਰ, ਸੋਹਣੀ ਦਸਤਾਰ ਨੂੰ ਛੱਡ ਕੇ ਤੇ,ਅੱਜ ਕਲ ਸਿਰਾਂ ਤੇ ਟੋਪੀਆਂ ਪਾਈ ਫਿਰਦੇ।

ਪਾਵਨ ਕੇਸਾਂ ਦਾ ਪੂਰਨ ਸਤਿਕਾਰ ਕਰਨੈ,ਇਹਨੂੰ ਸਮਝ ਕੇ ਸਿੱਖੀ ਦੀ ਮੋਹਰ ਆਪਾਂ।
ਭਰਵੱਟੇ ਕੱਟਦੀਆਂ ਸਿੱਖ ਬੀਬੀਆਂ ਨੂੰ, ਕਰਨ ਦਈਏ ਨਾ ਪਾਪ ਇਹ ਘੋਰ ਆਪਾਂ।

ਸੀਸ ਉੱਤੇ ਸਜਾਉਣੀ ਦਸਤਾਰ ਸੋਹਣੀ,,ਨੰਗੇ ਸਿਰ ਨਹੀਂ ਤੁਰਨੀ ਕੋਈ ਤੋਰ ਆਪਾਂ।
ਰਹਿਣੈਂ ਜਾਚਕੋ ਸਦਾ ਹੀ ਸ਼ੇਰ ਬਣ ਕੇ,ਨਹੀਂ ਗਿੱਦੜ ਜਾਂ ਬਣਨਾ ਕੁਝ ਹੋਰ ਆਪਾਂ।

ਸਿੱਖ ਜਦੋਂ ਵੀ ਕਿਤੇ ਅਰਦਾਸ ਕਰਦੈ,ਆਪਣੇ ਮੁੱਖ ਵਿੱਚੋਂ ਕੇਸ ਦਾਨ ਮੰਗਦੈ।
ਸਮੇਂ ਸਮੇਂ ਉਤੇ ਔਖੀ ਘੜੀ ਅੰਦਰ,ਚੜ੍ਹਦੀ ਕਲਾ ਤੇ ਸਿੱਖੀ ਦੀ ਸ਼ਾਨ ਮੰਗਦੈ।
ਆਏ ਆਂਚ ਨਾ ਸਿੱਖੀ ਸਰੂਪ ਉੱਤੇ,ਸਿੰਘ ਸਦਾ ਇਮਤਿਹਾਨ ਦੌਰਾਨ ਮੰਗਦੈ।
ਸਿੱਖੀ ਕੇਸਾਂ ਸੁਆਸਾਂ ਦੇ ਨਾਲ ਨਿਭ ਜਾਏ,"ਜਾਚਕ" ਗੁਰੂਤੋਂ ਇਹ ਵਰਦਾਨ ਮੰਗਦੈ।

# ਸਿੱਖੀ ਜੀਵਨ ਜਾਚ

ਸਿੱਖ ਉਹ ਜੋ ਚੱਲੇ ਗੁਰ ਸਿਖਿਆ 'ਤੇ, ਗੁਰੂ ਬਾਣੀ ਹੀ ਜੀਵਨ ਆਧਾਰ ਹੋਵੇ।
ਦਸਾਂ ਜੋਤਾਂ ਤੋਂ ਰੌਸ਼ਨੀ ਲਏ ਜਿਹੜਾ, 'ਸ਼ਬਦ ਗੁਰੂ' ਦੀ ਅੰਦਰ ਵਿਚਾਰ ਹੋਵੇ।
ਨਿਸ਼ਚਾ ਵਾਹਿਗੁਰੂ ਉੱਤੇ ਅਟੱਲ ਰੱਖੇ, ਅੰਮ੍ਰਿਤ ਛਕ ਕੇ ਤਿਆਰ ਬਰ ਤਿਆਰ ਹੋਵੇ।
ਜੀਵਨ ਜੀਵੇ ਜੋ ਗੁਰਮਤਿ ਅਨੁਸਾਰ ਆਪਣਾ, ਬਾਣੀ ਬਾਣੇ ਦਾ ਪੂਰਨ ਸਤਿਕਾਰ ਹੋਵੇ।

ਸਿੱਖੀ ਮਾਰਗ ਦਾ ਹਰ ਸੁਚੇਤ ਪਾਂਧੀ, ਹਰਦਮ ਭਲਾ ਸਰਬੱਤ ਦਾ ਮੰਗਦਾ ਏ।
ਕਰਕੇ ਕਿਰਤ ਤੇ ਵੰਡ ਕੇ ਛੱਕ ਲੈਂਦਾ, ਆਪਾ ਨਾਮ ਦੇ ਰੰਗ ਵਿੱਚ ਰੰਗਦਾ ਏ।
ਸੇਵਾ ਸਿਮਰਨ ਨੂੰ ਜੀਵਨ 'ਚ ਧਾਰ ਕੇ ਤੇ, ਨੇਕੀ ਕਰਨ ਤੋਂ ਕਦੇ ਨਾ ਸੰਗਦਾ ਏ।
ਊਚ ਨੀਚ ਦਾ ਵਿਤਕਰਾ ਨਹੀਂ ਕਰਦਾ, ਭਰਮਾਂ ਵਹਿਮਾਂ ਨੂੰ ਛਿੱਕੇ 'ਤੇ ਟੰਗਦਾ ਏ।

ਜੀਵਨ ਜਾਚ ਜੇ ਸਿੱਖੀ ਦੀ ਸਿੱਖਣੀ ਜੇ, ਫਿਰ ਇਤਿਹਾਸ ਨੂੰ ਗਹੁ ਦੇ ਨਾਲ ਤੱਕੋ।
ਤੱਕੋ ਤਵੀ ਤੱਤੀ ਉਤੇ ਗੁਰੂ ਅਰਜਨ, ਚੌਂਕ ਚਾਂਦਨੀ ਆਇਆ ਭੂਚਾਲ ਤੱਕੋ।
ਆਰੇ ਨਾਲ ਚਿਰਦੇ, ਉਬਲਣ ਵਿੱਚ ਦੇਗਾਂ, ਮਤੀਦਾਸ ਦਿਆਲਾ ਅੰਗ ਪਾਲ ਤੱਕੋ।
ਹੁੰਦੇ ਵਿੱਚ ਚਮਕੌਰ ਸ਼ਹੀਦ ਤੱਕੋ, ਨੀਹਾਂ ਵਿੱਚ ਦੋ ਚਿਣੇ ਹੋਏ ਲਾਲ ਤੱਕੋ।

ਮਿਲੇ ਕੋਈ ਮਿਸਾਲ ਨਾ ਜੱਗ ਅੰਦਰ, ਜੋ ਜੋ ਪੂਰਨੇ ਸ਼ੁਰੂ ਤੋਂ ਪਾਏ ਸਿੰਘਾਂ।
ਮਾਸ ਨਾਲ ਜੰਬੂਰਾਂ ਤੁੜਵਾ ਲਿਆ ਸੀ, ਖੋਪਰ ਰੰਬੀਆਂ ਨਾਲ ਲੁਹਾਏ ਸਿੰਘਾਂ।
ਚੜ੍ਹਦੀ ਕਲਾ ਨਾਲ ਚੜ੍ਹੇ ਸਨ ਚਰਖੜੀ 'ਤੇ, ਸੀਸ ਤਲੀ 'ਤੇ ਹੱਸ ਟਿਕਾਏ ਸਿੰਘਾਂ।
ਹਰਿਮੰਦਰ ਦੀ ਬੇਅਦਬੀ ਕਰਨ ਬਦਲੇ, ਮੱਸੇ ਰੰਘੜ ਕਈ ਪਾਰ ਬੁਲਾਏ ਸਿੰਘਾਂ।

ਮੀਰ ਮੰਨੂੰ ਨੇ ਜ਼ੁਲਮ ਦੀ ਹੱਦ ਕੀਤੀ, ਬੱਚੇ ਸਦਾ ਦੀ ਨੀਂਦ ਸੁਆ ਕੇ ਤੇ।
ਟੋਟੇ ਜਿਗਰ ਦੇ ਜ਼ਾਲਮਾਂ ਕਰ ਟੋਟੇ, ਹਾਰ ਗਲਾਂ 'ਚ ਪਾਏ ਬਣਾ ਕੇ ਤੇ।
ਸਿੱਖੀ ਸਿਦਕ ਨਾ ਛੱਡਿਆ ਬੀਬੀਆਂ ਨੇ, ਅੱਖਾਂ ਸਾਹਮਣੇ ਬੱਚੇ ਕੁਹਾ ਕੇ ਤੇ।
ਸਦਾ ਵਾਸਤੇ ਸੁਰਖ਼ਰੂ ਹੋ ਗਈਆਂ, ਲੇਖੇ ਕੌਮ ਦੇ ਲਾਲਾਂ ਨੂੰ ਲਾ ਕੇ ਤੇ।

ਜੀਹਦੀ ਭਬਕ ਦੇ ਨਾਲ ਪਠਾਨ ਕੰਬੇ, ਨਲੂਲੇ ਜਿਹੇ ਸਰਦਾਰਾਂ ਦੀ ਲੋੜ ਜਾਪੇ।
ਪੈਦਾ ਕਰਨ ਜੋ ਅਣਖ ਦੇ ਕਈ ਸ਼ੋਅਲੇ, ਐਸੇ ਕਵੀ ਦਰਬਾਰਾਂ ਦੀ ਲੋੜ ਜਾਪੇ।
ਜਿਹਨੂੰ ਸੁਣ ਕੇ ਰੌਂਗਟੇ ਖੜ੍ਹੇ ਹੋਵਣ, ਸੂਰਬੀਰਾਂ ਦੀਆਂ ਵਾਰਾਂ ਦੀ ਲੋੜ ਜਾਪੇ।
ਇੱਕ ਹੱਥ ਮਾਲਾ ਤੇ ਦੂਜੇ ਤਲਵਾਰ ਹੋਵੇ, ਐਸੇ ਸਿਪਾਹ ਸਲਾਰਾਂ ਦੀ ਲੋੜ ਜਾਪੇ।

ਜ਼ਹਿਰੀ ਸੱਪਾਂ ਦੀਆਂ ਸਿਰੀਆਂ ਫੇਹਣ ਜਿਹੜੇ, ਬੀਰ ਬਾਂਕੇ ਬਲਕਾਰਾਂ ਦੀ ਲੋੜ ਜਾਪੇ।
ਲੁਕਣ ਮੀਟੀ ਜੋ ਮੌਤ ਦੇ ਨਾਲ ਖੇਡਣ, ਐਸੇ ਜਾਂ-ਨਿਸਾਰਾਂ ਦੀ ਲੋੜ ਜਾਪੇ।
ਪੰਥਕ ਮਾਲਾ ਦੇ ਬਣਨ ਅਨਮੋਲ ਮੋਤੀ, ਇਹੋ ਜਿਹੇ ਜਥੇਦਾਰਾਂ ਦੀ ਲੋੜ ਜਾਪੇ।
ਕਹਿਣੀ ਕਰਨੀ ਦੇ ਵਿੱਚ ਜੋ ਹੋਣ ਪੂਰੇ, ਐਸੇ ਉਚੇ ਕਿਰਦਾਰਾਂ ਦੀ ਲੋੜ ਜਾਪੇ।

ਲੈ ਕੇ ਆਸਰਾ ਗੁਰੂ ਗ੍ਰੰਥ ਜੀ ਦਾ, 'ਗੁਰੂ ਡੰਮ' ਨੂੰ ਠੱਲ੍ਹ ਹੁਣ ਪਾਉ ਸਿੰਘੋ।
ਆਪੋ ਆਪਣੇ ਘਰਾਂ 'ਚ ਬੱਚਿਆਂ ਨੂੰ, ਸਿੱਖੀ ਵਿਰਸੇ ਤੋਂ ਜਾਣੂ ਕਰਵਾਉ ਸਿੰਘੋ।
ਸਮਾਂ ਕਦੇ ਵੀ ਕਿਸੇ ਨੂੰ ਬਖ਼ਸ਼ਦਾ ਨਹੀਂ, ਸਿੱਖੀ ਨਾਲ ਸੁਆਸਾਂ ਨਿਭਾਉ ਸਿੰਘੋ।
ਸਿੱਖ ਧਰਮ ਦਾ ਕਰ ਪ੍ਰਚਾਰ 'ਜਾਚਕ', ਜਗਤ ਜਲੰਦੇ 'ਚ ਠੰਢ ਵਰਤਾਉ ਸਿੰਘੋ।

# ਸਿੱਖੀ ਅਤੇ ਸੇਵਾ

ਸਿੱਖ ਧਰਮ ਦੇ ਮਹਿਲ ਦੀ ਨੀਂਹ ਹੈ ਇਹ, ਰਹੀ ਸ਼ੁਰੂ ਤੋਂ ਸਿੱਖੀ ਦੀ ਸ਼ਾਨ ਸੇਵਾ।
ਸੱਚੇ ਸੌਦੇ ਨੇ ਅਸਾਂ ਨੂੰ ਦੱਸਿਆ ਏ, ਲੰਗਰ ਭੁੱਖਿਆਂ ਤਾਂਈਂ ਛਕਾਨ ਸੇਵਾ।
ਪਾਸ ਪਰਚਿਆਂ 'ਚੋਂ ਹੋਏ ਭਾਈ ਲਹਿਣਾ, ਕਰੜਾ ਬੜਾ ਬੇਸ਼ਕ ਇਮਤਿਹਾਨ ਸੇਵਾ।
ਜਿਹੜੀ ਬਿਰਧ ਬਾਬੇ ਅਮਰਦਾਸ ਕੀਤੀ, ਤੱਕ ਕੇ ਹੁੰਦੇ ਹਾਂ ਅਸੀਂ ਹੈਰਾਨ ਸੇਵਾ।

ਝੱਖੜ, ਮੀਂਹ, ਹਨੇਰੀ 'ਚ ਜੋ ਕੀਤੀ, ਦਿੱਤਾ ਓਸ ਨਿਮਾਣੇ ਨੂੰ ਮਾਣ ਸੇਵਾ।
ਭਾਈ ਜੇਠੇ ਨੇ ਟੋਕਰੀ ਢੋਈ ਸਿਰ 'ਤੇ, ਉਨ੍ਹਾਂ ਸਮਝੀ ਨਾ ਕਦੇ ਅਪਮਾਨ ਸੇਵਾ।
ਚੇਚਕ ਫੈਲੀ ਸੀ ਸ਼ਹਿਰ ਲਾਹੌਰ ਅੰਦਰ, ਪੰਚਮ ਪਿਤਾ ਤਦ ਕੀਤੀ ਸੀ ਆਨ ਸੇਵਾ।
ਛੇਵੇਂ ਪਾਤਸ਼ਾਹ ਤਖ਼ਤ ਦੀ ਨੀਂਹ ਰੱਖ ਕੇ, ਸ਼ੁਰੂ ਕੀਤੀ ਸੀ ਪਾਵਨ ਅਸਥਾਨ ਸੇਵਾ।

ਹਸਪਤਾਲ ਖੋਲ੍ਹੇ ਸੱਤਵੇਂ ਪਾਤਸ਼ਾਹ ਨੇ, ਬਣੀ ਰੋਗੀਆਂ ਲਈ ਵਰਦਾਨ ਸੇਵਾ।
ਲੱਖਾਂ ਰੋਗੀਆਂ ਦੇ ਰੋਗ ਦੂਰ ਕਰਕੇ, 'ਬਾਲਾ ਪ੍ਰੀਤਮ' ਨੇ ਕੀਤੀ ਮਹਾਨ ਸੇਵਾ।
ਰੱਖਿਆ ਕੀਤੀ ਮਜ਼ਲੂਮਾਂ ਦੀ ਗੁਰੂ ਨੌਂਵੇਂ, ਦੇ ਕੇ ਆਪਣੇ ਸੀਸ ਦਾ ਦਾਨ ਸੇਵਾ।
ਦਸਮ ਪਿਤਾ ਨੇ ਪੰਥ ਦੀ ਸੀ ਕੀਤੀ, ਕਰ ਕੇ ਸਾਰਾ ਸਰਬੰਸ ਕੁਰਬਾਨ ਸੇਵਾ।

ਸਮੇਂ ਸਮੇਂ ਤੇ ਜਦੋਂ ਵੀ ਲੋੜ ਪੈ ਗਈ, ਹੱਥੀਂ ਕੀਤੀ ਸੀ ਗੁਰੂ ਸਾਹਿਬਾਨ ਸੇਵਾ।
ਭਾਈ ਬਹਿਲੋ, ਭਿਖਾਰੀ ਤੇ ਮੰਝ ਜੀ ਦੀ, ਹੋਈ ਗੁਰੂ ਦਰਬਾਰੇ ਪ੍ਰਵਾਨ ਸੇਵਾ।
ਬਾਬੇ ਬੁੱਢੇ ਜਹੇ ਬ੍ਰਹਮ ਗਿਆਨੀਆਂ ਦੀ, ਸਾਡੇ ਲਈ ਪ੍ਰਤੱਖ ਪ੍ਰਮਾਨ ਸੇਵਾ।
ਭਾਈ ਘਨ੍ਹਈਏ ਦੀ ਕਦੇ ਨਹੀਂ ਭੁੱਲ ਸਕਦੀ, ਕੀਤੀ ਜੋ ਉਸ ਜੰਗ ਦਰਮਿਆਨ ਸੇਵਾ।

ਬੰਦ ਬੰਦ ਕਟਵਾਏ ਨਾ ਸੀਅ ਕੀਤੀ, ਮਨੀ ਸਿੰਘ ਦੇ ਚਿਹਰੇ ਮੁਸਕਾਨ ਸੇਵਾ।
ਕੇਸਾਂ ਸੁਆਸਾਂ ਦੇ ਨਾਲ ਨਿਭਾਈ ਸਿੱਖੀ, ਤਾਰੂ ਸਿੰਘ ਕਰਕੇ ਖੋਪਰਦਾਨ ਸੇਵਾ।
ਬਾਬਾ ਦੀਪ ਸਿੰਘ ਵਰਗਿਆਂ ਯੋਧਿਆਂ ਨੇ, ਕੀਤੀ ਤਲੀ 'ਤੇ ਰੱਖ ਕੇ ਜਾਨ ਸੇਵਾ।
ਮਿਲੀ ਜਦੋਂ ਨਵਾਬੀ ਕਪੂਰ ਸਿੰਘ ਨੂੰ, ਏਸ ਸ਼ਰਤ 'ਤੇ ਕੀਤੀ ਪ੍ਰਵਾਨ ਸੇਵਾ।

ਲਿੱਦ ਘੋੜਿਆਂ ਦੀ ਸਾਫ ਕਰੂੰ ਫਿਰ ਵੀ, ਇਹ ਤਾਂ ਮੇਰੀ ਏ ਜਿੰਦ ਤੇ ਜਾਨ ਸੇਵਾ।
ਭਾਈ ਵੀਰ ਸਿੰਘ ਕਲਮ ਦੇ ਨਾਲ ਕੀਤੀ, ਸਮਝ ਆਪਣਾ ਧਰਮ ਈਮਾਨ ਸੇਵਾ।
ਭਗਤ ਪੂਰਨ ਸਿੰਘ ਕੀਤੀ ਜੋ ਆਪ ਹੱਥੀਂ, ਯਾਦ ਰਹਿਣੀ ਏ ਵਿੱਚ ਜਹਾਨ ਸੇਵਾ।
ਲੂਲ੍ਹੇ ਲੰਗੜਿਆਂ, ਪਾਗ਼ਲਾਂ ਕੁਸ਼ਟੀਆਂ ਦੀ, ਕੀਤੀ ਸਮਝ ਕੇ ਨੈਣ ਪ੍ਰਾਨ ਸੇਵਾ।

ਬੇਸਹਾਰਿਆਂ ਦਾ ਬਾਬਾ ਬੋਹੜ ਬਣਕੇ, ਛਾਂ ਪਿਆਰ ਦੀ ਕੀਤੀ ਪ੍ਰਦਾਨ ਸੇਵਾ।
ਬਾਬਾ ਖੜਕ ਸਿੰਘ ਤੇ ਸੇਵਾ ਸਿੰਘ ਜੀ ਨੇ, ਕੀਤੀ ਕੌਮ ਦੀ ਹੋ ਨਿਰਮਾਨ ਸੇਵਾ।
ਸੰਤ ਬਾਬਾ ਹਰਬੰਸ ਸਿੰਘ ਵਰਗਿਆਂ ਨੇ, ਥਾਂ ਥਾਂ ਕੀਤੀ ਏ ਗੁਰੂ ਅਸਥਾਨ ਸੇਵਾ।
ਸੰਤ ਅਤਰ ਸਿੰਘ, ਭਾਈ ਜਸਬੀਰ ਸਿੰਘ ਨੇ, ਕੀਤੀ ਰਹਿ ਨਿਸ਼ਕਾਮ ਮਹਾਨ ਸੇਵਾ।
ਪੰਨੇ ਸਿੱਖ ਇਤਿਹਾਸ ਦੇ ਬੋਲਦੇ ਜੋ, ਓਹੀਓ 'ਜਾਚਕ' ਨੇ ਕੀਤੀ ਬਿਆਨ ਸੇਵਾ।

# ਸੇਵਾ ਦੀ ਮਹਾਨਤਾ

ਗੁਰੂ ਘਰਾਂ 'ਚ ਜਿੱਧਰ ਵੀ ਤੱਕਦੇ ਹਾਂ, ਬੱਚੇ ਬੁੱਢੇ ਤੇ ਕਰਨ ਜੁਆਨ ਸੇਵਾ।
ਸੇਵਾ ਜੋੜਿਆਂ ਦੀ, ਜੂਠੇ ਬਰਤਨਾਂ ਦੀ, ਸ਼ਰਧਾ ਨਾਲ ਕਰਦੇ ਸ਼ਰਧਾਵਾਨ ਸੇਵਾ।
ਵਿੱਦਿਆ ਦਾਨ ਸੇਵਾ, ਨੇਤਰਦਾਨ ਸੇਵਾ, ਵੱਡੀ ਸਾਰਿਆਂ ਤੋਂ ਖ਼ੂਨ ਦਾਨ ਸੇਵਾ।
ਏਡਜ਼ ਵਾਲੇ ਭਿਆਨਕ ਨਤੀਜਿਆਂ ਦਾ, ਦੇਣਾ ਦੁਨੀਆਂ ਦੇ ਤਾਂਈਂ ਗਿਆਨ ਸੇਵਾ।

ਧਰਮ ਥੱਲੇ ਸਿਆਸਤ ਨੂੰ ਰੱਖ ਕੇ ਤੇ, ਕਰਨ ਪੰਥ ਦੀ ਸਿਆਸਤਦਾਨ ਸੇਵਾ।
ਸੇਵਾ ਪ੍ਰਭੂ ਵੱਲ ਜਾਣ ਦੀ ਹੈ ਪਉੜੀ, ਕਰਨੀ ਪੈਂਦੀ ਏ ਨਾਲ ਧਿਆਨ ਸੇਵਾ।
ਗੁਰੂ ਗੋਲਕ, ਗ਼ਰੀਬ ਦਾ ਮੂੰਹ ਹੋਵੇ, ਕੀਤਾ ਗੁਰਾਂ ਸੀ ਮੁੱਖੋਂ ਫੁਰਮਾਨ ਸੇਵਾ।
ਹੁਕਮ ਮੰਨਣਾ, ਭਾਣੇ ਦੇ ਵਿੱਚ ਰਹਿਣਾ, ਇਹੋ ਗੁਰਮਤਿ ਦਾ ਹੈ ਵਿਧਾਨ ਸੇਵਾ।

ਲੋੜਵੰਦਾਂ ਕੋਲ ਉਡ ਕੇ ਪਹੁੰਚ ਜਾਵੇ, ਖੰਭ ਦਇਆ ਦੇ ਲਾ ਦਇਆਵਾਨ ਸੇਵਾ।
ਕਈ ਅਨਾਥਾਂ, ਅਪਾਹਜਾਂ ਤੇ ਮਾਪਿਆਂ ਜਿਹੇ, ਕਰਨ ਦੁਖੀਆਂ ਦੀ ਦਰਦਵਾਨ ਸੇਵਾ।
ਹੱਥ ਪੈਰ ਅਪਵਿੱਤਰ ਉਹ ਗਿਣੇ ਜਾਵਣ, ਜਿਹੜੇ ਕਰਦੇ ਨਹੀਂ ਵਿੱਚ ਜਹਾਨ ਸੇਵਾ।
ਲੋਭ, ਲਾਲਚ ਜਾਂ ਪਦਵੀਆਂ ਲਈ ਹੋਵੇ, ਸਮਝੋ ਪੱਥਰ ਦੇ ਚੱਟਣ ਸਮਾਨ ਸੇਵਾ।

ਕੀਤੀ ਕਤਰੀ ਬੇਅਰਥ ਹੈ ਹੋ ਜਾਂਦੀ, ਜਿਹੜੇ ਕਰਦੇ ਨੇ ਵਿੱਚ ਗੁਮਾਨ ਸੇਵਾ।
ਕਰਮ ਜੇਸ ਦੇ ਪੂਰਬਲੇ ਜਾਗ ਪੈਂਦੇ, ਕਰ ਸਕਦੇ ਉਹੀ ਇਨਸਾਨ ਸੇਵਾ।
ਸੇਵਾ ਕਰਦੇ ਜੋ ਦੁਖੀ ਮਨੁੱਖਤਾ ਦੀ, ਹੁੰਦੀ ਵਿੱਚ ਦਰਗਾਹੇ ਪ੍ਰਵਾਨ ਸੇਵਾ।
ਪ੍ਰਭੂ ਸਿਮਰਨ 'ਚ ਜਿਹੜੇ ਨੇ ਲੀਨ ਰਹਿੰਦੇ, ਉਨ੍ਹਾਂ ਭਗਤਾਂ ਦੀ ਕਰੇ ਭਗਵਾਨ ਸੇਵਾ।

ਚੰਦਨ ਵਾਂਗ ਖ਼ੁਸ਼ਬੂ ਤੇ ਠੰਢ ਦੇ ਕੇ, ਮਾਨਵ ਮਾਤਰ ਦੀ ਕਰੇ ਕਲਿਆਣ ਸੇਵਾ।
ਚੰਚਲ ਮਨ ਨੂੰ ਟੋਏ ਤੇ ਟਿੱਬਿਆਂ 'ਚੋਂ, ਰੱਖੇ ਪੱਧਰਾ ਵਾਂਗ ਮੈਦਾਨ ਸੇਵਾ।
ਦਸਾਂ ਨੌਹਾਂ ਦੀ ਕਿਰਤ ਕਮਾਈ ਵਿੱਚੋਂ, ਲੈਂਦਾ ਮਿਹਰ ਕਰਕੇ ਮਿਹਰਵਾਨ ਸੇਵਾ।
ਜਿਹੜੀ ਆਤਮਾ ਤਾਂਈਂ ਅਨੰਦ ਦੇਵੇ, ਮੁੱਲ ਮਿਲਦੀ ਨਹੀਂ ਕਿਸੇ ਦੁਕਾਨ ਸੇਵਾ।

ਪ੍ਰੇਮ ਪਿਆਰ ਦੇ ਨਾਲ ਜੋ ਜਾਏ ਕੀਤੀ, ਰੱਖੇ ਬੜਾ ਹੀ ਉੱਚਾ ਸਥਾਨ ਸੇਵਾ।
ਬਿਨਾਂ ਕਿਸੇ ਵੀ ਕਿਸਮ ਦੇ ਵਿਤਕਰੇ ਦੇ, ਹੱਥੀਂ ਕਰੋ ਕਰਕੇ ਅੰਮ੍ਰਿਤਪਾਨ ਸੇਵਾ।
ਸ਼ਬਦ ਗੁਰੂ ਦੇ ਲੱਗ ਕੇ ਲੜ ਸਿੰਘੋ, ਵੰਡਣਾ ਦੁਨੀਆਂ 'ਚ ਇਹਦਾ ਗਿਆਨ ਸੇਵਾ।
ਸ਼ਮ੍ਹਾਂ ਸੇਵਾ ਦੀ ਸਦਾ ਹੀ ਰਹੇ ਜਗਦੀ, 'ਜਾਚਕ' ਕਰੇ ਬਣਕੇ ਸ਼ਮ੍ਹਾਂਦਾਨ ਸੇਵਾ।

# ਸਿੱਖ ਸਮਾਜ ਤੇ ਧਰਮ ਪ੍ਰਤੀ ਮੌਜੂਦਾ ਪ੍ਰਵਿਰਤੀਆਂ, ਰੁੱਖ ਤੇ ਝੁਕਾਉ

ਮਰਿਆ ਸੱਪ ਵੀ ਗਲੋਂ ਨਹੀਂ ਲਹਿ ਸਕਦਾ, ਚਿੰਬੜੇ ਪੰਥ ਨੂੰ ਜਿਉਂਦੇ ਨੇ ਸੱਪ ਸਿੰਘੋਂ।
ਨਾਸਤਕ ਬੰਦੇ ਤੇ ਗੁਰੂਦੇਹਧਾਰੀ, ਇੱਕ ਦੂਜੇ ਤੋਂ ਅੱਗੇ ਰਹੇ ਟੱਪ ਸਿੰਘੋਂ।
ਡੇਰੇ ਵਾਲਿਆਂ ਸਾਧਾਂ ਨੇ ਹੋ ਕੱਠੇ, ਪਾਈ ਹੋਈ ਏ ਬੜੀ ਹੀ ਖੱਪ ਸਿੰਘੋ।
ਦੋਖੀ ਪੰਥ ਦੇ ਸਾਰੇ ਹੁਣ ਰਲ ਮਿਲ ਕੇ, ਸੰਘੀ ਕੌਮ ਦੀ ਰਹੇ ਨੇ ਨੱਪ ਸਿੰਘੋ।

ਸਿੱਖ ਸੋਚ ਹੁਣ ਮਾਰਕਸੀ ਸੋਚ ਬਣ ਜਾਏ, ਨਾਸਤਕ ਸੋਚ ਵਾਲੇ ਚਲੀ ਚਾਲ ਬੈਠੇ।
ਸਿੱਖ ਧਾਰਮਿਕ ਤੇ ਵਿਦਿਅਕ ਅਦਾਰਿਆਂ ਚ ਸਾਡੀ ਹਿੱਕ ਉਤੇ ਦੀਵਾ ਬਾਲ ਬੈਠੇ।
ਕਈ ਪੰਥਕ ਵਿਦਵਾਨ ਕਹਾਉਣ ਵਾਲੇ, ਹੋਏ ਘਿਉ ਖਿਚੜੀ ਇਨ੍ਹਾਂ ਨਾਲ ਬੈਠੇ।
ਸਿੱਖ ਸਿਧਾਂਤਾਂ ਦਾ ਕਰਨ ਲਈ ਘਾਣ ਸਿੰਘੋ, ਸਿੱਖੀ ਭੇਸ 'ਚ ਕਈ ਚੰਡਾਲ ਬੈਠੇ।

ਕੇਸ ਕਤਲ ਕਰਵਾਉਣੇ ਕੋਈ ਜੁਰਮ ਨਹੀਂ ਏ,ਸ਼ਰੇਆਮ ਇਹ ਕਰਦੇ ਪ੍ਰਚਾਰ ਅਜਕਲ।
ਪੰਜ ਕਕਾਰਾਂ ਦੀ ਰਹੀ ਨਾ ਲੋੜ ਲਿਖਕੇ,ਕਰ ਰਹੇ ਕੌਮ ਤੇ ਸ਼ਾਜਿਸ਼ੀ ਵਾਰ ਅਜਕਲ।
ਰਹਿਤਾਂ ਬਿਨਾਂ ਹੀ ਸਿੱਖ ਅਖਵਾਉਣ ਵਾਲੇ, ਬਣ ਰਹੇ ਸਿੱਖੀ ਦੇ ਦਾਹਵੇਦਾਰ ਅਜਕੱਲ।
ਕੋਝੀ ਚਾਲ ਚੱਲ ਕੇ, ਪੰਥਕ ਪਿੱਠ ਅੰਦਰ, ਸੋਚ ਸਮਝ ਕੇ ਛੁਰਾ ਰਹੇ ਮਾਰ ਅਜਕੱਲ।

ਓਧਰ ਦੰਭੀ ਪਖੰਡੀ ਸਭ ਹੋ ਕੱਠੇ, ਰੱਬੀ ਬਾਣੀ ਦੇ ਅਰਥ ਉਲਟਾਉਣ ਲੱਗੇ।
ਡੇਰੇ ਥਾਂ ਥਾਂ ਉੱਤੇ ਬਣਾ ਆਪਣੇ, ਨਾਨਕ ਜੋਤ ਦੇ ਵਾਰਸ ਕਹਾਉਣ ਲੱਗੇ।
ਲੱਖਾਂ ਭੋਲੀਆਂ ਭਾਲੀਆਂ ਸੰਗਤਾਂ ਨੂੰ, ਮਕੜੀ ਜਾਲ ਦੇ ਵਿੱਚ ਫਸਾਉਣ ਲੱਗੇ।
ਗੁਰੂ ਗਰੰਥ ਮਹਾਰਾਜ ਤੋਂ ਤੋੜ ਕੇ ਤੇ, ਇਧਰ ਉਧਰ ਦੇ ਵਿੱਚ ਉਲਝਾਉਣ ਲੱਗੇ।

ਬਾਣੀ, ਸਿੱਖ ਮਰਿਯਾਦਾ, ਪਰੰਪਰਾ ਦਾ, ਮਨਮੁੱਖ ਕੋਝਾ ਮਖੌਲ ਉਡਾ ਰਹੇ ਨੇ।
ਕਰਕੇ ਬਾਣੀ ਦੀ ਗਲਤ ਵਿਆਖਿਆ ਵੀ, ਥਾਂ ਥਾਂ ਮਨਮੱਤ ਫੈਲਾ ਰਹੇ ਨੇ।
ਢਾਹ ਲਾਉਣ ਲਈ ਸਿੱਖੀ ਸਰੂਪ ਤਾਂਈ, ਪੂਰਾ ਆਪਣਾ ਟਿੱਲ ਲਗਾ ਰਹੇ ਨੇ।
ਸਿੱਖ ਸਿਧਾਂਤਾਂ ਚ ਬੜੀ ਸਫਾਈ ਦੇ ਨਾਲ, ਸੋਚ ਸਮਝ ਕੇ ਖੋਟ ਰਲਾ ਰਹੇ ਨੇ।

ਝੂਠੇ ਸੋਦਿਆਂ ਵਾਲੇ ਜੋ ਬਣੇ ਸੱਚੇ, ਸਦਾ ਲਈ ਦੁਕਾਨ ਇਹ ਬੰਦ ਹੋਵੇ।
ਨਕਲੀ ਲੋਕ ਜੋ ਨਕਲਾਂ ਲਗਾ ਰਹੇ ਨੇ, ਫੜਨ ਲਈ ਕੋਈ ਖਾਸ ਪ੍ਰਬੰਧ ਹੋਵੇ।
'ਕੱਠੇ ਹੋ ਕੇ ਫੈਸਲੇ ਉਹ ਕਰੀਏ,ਪੂਰੀ ਕੌਮ ਨਾਲ ਜੀਹਦਾ ਸਬੰਧ ਹੋਵੇ।
ਅਕਾਲ ਤਖ਼ਤ ਦੀ ਪਾਵਨ ਕਮਾਨ ਹੇਠਾਂ, ਸਿੱਖ ਕੌਮ ਸਾਰੀ ਜਥੇਬੰਦ ਹੋਵੇ।

ਮਖੋਟਾ ਚਿਹਰੇ ਤੇ ਸਿੱਖੀ ਦਾ ਲਾ ਸਾਰੇ, ਬੁਣ ਰਹੇ ਨੇ ਸਾਜਸਾਂ ਖਾਸ ਹੁਣ ਤਾਂ।
ਸਿੱਖ ਮਰਿਯਾਦਾ, ਗੁਰਬਾਣੀ ਤੇ ਹੋਏ ਹਮਲੇ, ਏਸ ਗੱਲ ਦਾ ਕਰੋ ਅਹਿਸਾਸ ਹੁਣ ਤਾਂ।
ਸਿੱਖ ਵਿਦਵਾਨੋ ,ਪਛਾਣ ਲਓ ਫਰਜ ਆਪਣਾ, ਤੁਹਾਡੇ ਉੱਤੇ ਹੈ ਕੌਮ ਨੂੰ ਆਸ ਹੁਣ ਤਾਂ।
ਕਰੋ ਗੁਰਮਤਿ ਦੀਆਂ ਕਲਮਾਂ ਦੇ ਮੂੰਹ ਤਿੱਖੇ, ਗੁਰੂ ਚਰਨਾਂ 'ਚ ਕਰ ਅਰਦਾਸ ਹੁਣ ਤਾਂ।

# ਭਾਈ ਸੰਤੋਖ ਸਿੰਘ ਜੀ

ਮਹਾਂ ਕਵੀ ਸੈਂ ਭਾਈ ਸੰਤੋਖ ਸਿੰਘਾ, ਕਾਵਿ ਗਗਨ ਦਾ ਚਮਕਦਾ ਚੰਨ ਸੈਂ ਤੂੰ।
ਦੁੱਖਾਂ ਸੁਖਾਂ 'ਚ ਸਦਾ ਇਕ ਚਿਤ ਰਹਿਕੇ, ਉਹਦੀ ਰਜ਼ਾ 'ਚ ਰਿਹਾ ਪ੍ਰਸੰਨ ਸੈਂ ਤੂੰ।
ਜੀਉਂਦੇ ਜੀਅ ਹੀ ਧੁੰਮਾਂ ਸਨ ਪੈ ਗਈਆਂ, ਲਿਖਦਾ ਰਿਹਾ ਕਵਿਤਾ ਵੰਨ ਸੁਵੰਨ ਸੈਂ ਤੂੰ।
ਮੇਰੀ ਕਲਮ ਹਰਦਮ ਉਸਤਤ ਵਿੱਚ ਲਿਖਦੀ, ਧੰਨ ਧੰਨ ਸੈਂ ਤੂੰ, ਧੰਨ ਧੰਨ ਸੈਂ ਤੂੰ।

ਯੋਗ ਜਾਣ ਤੈਨੂੰ ਭਾਈ ਸੰਤ ਸਿੰਘ ਨੇ, ਹਰ ਤਰ੍ਹਾਂ ਦੀ ਵਿਦਿਆ ਦਾ ਦਾਨ ਕੀਤਾ।
ਗੁਰਸਿੱਖਾਂ ਦੀ ਸੰਗਤ ਦੇ ਵਿੱਚ ਰਹਿਕੇ, ਖੰਡੇ ਬਾਟੇ ਦਾ ਅੰਮ੍ਰਿਤ ਤੂੰ ਪਾਨ ਕੀਤਾ।
ਸ਼ਕਤੀ ਅਤੇ ਪ੍ਰਤਿਭਾ ਦੇ ਬਣ ਮਾਲਕ, ਹਰ ਪੱਖ ਵੱਲ ਪੂਰਾ ਧਿਆਨ ਕੀਤਾ।
ਗੁਰ ਇਤਿਹਾਸ ਨੂੰ ਛੰਦਾ ਬੰਦ ਕਰਕੇ, ਮਹਾਂਕਾਵਿ 'ਚ ਸੋਹਣਾ ਬਿਆਨ ਕੀਤਾ।

ਤੂੰ ਤਾਂ ਕਵਿਤਾ ਦੇ ਬਾਗ ਦਾ ਬਣ ਮਾਲੀ, ਸਾਰੀ ਉਮਰ ਹੀ ਸਾਂਭ ਸੰਭਾਲ ਕੀਤੀ।
ਅਲੰਕਾਰਾਂ ਤਸਬੀਹਾਂ ਦੇ ਨਾਲ ਜੜ ਕੇ ਤੇ, ਕਾਵਿ ਰਸਾਂ ਨਾਲ ਮਾਲੋ ਮਾਲ ਕੀਤੀ।
ਪੂਰੇ ਸਿੱਖ ਇਤਿਹਾਸ ਤੇ ਖੋਜ ਭਾਰੀ, ਅੰਤਮ ਦਮ ਤੱਕ ਘਾਲਣਾ ਘਾਲ ਕੀਤੀ।
ਤੂੰ ਤਾਂ ਸਾਗਰ ਨੂੰ ਕੁੱਜੇ 'ਚ ਬੰਦ ਕਰਕੇ, ਸੇਵਾ ਕੌਮ ਦੀ ਬੇ-ਮਿਸਾਲ ਕੀਤੀ।

ਗੁੰਦ ਗੁੰਦ ਕੇ ਕਿਰਨਾਂ ਗਿਆਨ ਦੀਆਂ, ਤੂੰ ਸਜਾਣੀਆਂ ਸੀ 'ਸੂਰਜ ਪ੍ਰਕਾਸ਼' ਅੰਦਰ।
ਤੇਰੀ ਕਲਮ ਇਤਿਹਾਸ ਨੂੰ ਰਹੀ ਲਿਖਦੀ, ਸ਼ਰਧਾ ਭਾਵਨਾਂ ਪੂਰਨ ਵਿਸ਼ਵਾਸ਼ ਅੰਦਰ।
ਹੀਰੇ ਰਤਨ ਜਵਾਹਰ ਸਨ ਜੜ ਦਿੱਤੇ, ਗੁਰੂਸਾਹਿਬਾਂ ਦੇ ਪਾਵਨ ਇਤਿਹਾਸ ਅੰਦਰ।
ਚਮਕ ਰਿਹੈ ਤੂੰ ਸੂਰਜ ਦੇ ਤੇਜ ਵਾਂਗੂ, ਸਿੱਖ ਕੌਮ ਦੇ ਸੋਹਣੇ ਅਕਾਸ਼ ਅੰਦਰ।

ਬਾਬੇ ਨਾਨਕ ਦੀ ਉਸਤੁਤੀ ਕਰਨ ਲੱਗਿਆਂ, ਤੇਰੀ ਕਲਮ ਰਬਾਬ ਦੀ ਤਾਰ ਬਣ ਗਈ।
ਛੋਹੀ ਗੱਲ ਜਾਂ ਗੜ੍ਹੀ ਚਮਕੌਰ ਵਾਲੀ, ਤੇਰੀ ਕਲਮ ਸੀ ਖੰਡੇ ਦੀ ਧਾਰ ਬਣ ਗਈ।
ਗੱਲ ਲਿਖਦਿਆਂ ਬੀਰ ਬਹਾਦਰਾਂ ਦੀ, ਤੇਰੀ ਕਲਮ ਦੁਧਾਰੀ ਤਲਵਾਰ ਬਣ ਗਈ।
ਅੰਮ੍ਰਿਤ ਬਾਣੀ ਦੀ ਲਿਖੀ ਵਿਆਖਿਆ ਜਦ,ਉਹੀ ਕਲਮ ਸੀ ਅੰਮ੍ਰਿਤ ਦੀ ਧਾਰ ਬਣ ਗਈ।

ਹੁੰਦੇ ਜੱਗ ਵਿੱਚ ਐਸੇ ਵਿਦਵਾਨ ਵਿਰਲੇ, ਜਿਹੋ ਜਿਹਾ ਮਹਾਨ ਵਿਦਵਾਨ ਸੀ ਤੂੰ।
ਪਿੰਡ 'ਨੂਰ ਦੀ' ਵਿਖੇ ਤੂੰ ਜਨਮ ਲੈ ਕੇ, ਕੀਤੇ ਕਾਸ਼ੀ ਦੇ ਪੰਡਤ ਹੈਰਾਨ ਸੀ ਤੂੰ।
ਸੰਸਕ੍ਰਿਤ, ਪੰਜਾਬੀ ਤੇ ਬ੍ਰਿਜ ਭਾਸ਼ਾ, ਹੋਰ 'ਬੋਲੀਆਂ ਦਾ ਰੱਖਦਾ ਗਿਆਨ ਸੀ ਤੂੰ।
ਇੰਝ ਕੋਈ ਬਿਆਨ ਨਹੀ ਕਰ ਸਕਿਆ, ਕੀਤਾ ਜਿਦਾਂ ਇਤਿਹਾਸ ਬਿਆਨ ਸੀ ਤੂੰ।

ਸਾਰੀ ਉਮਰ ਜੋ ਖੱਟੀ ਸੀ ਤੂੰ ਖੱਟੀ,ਪੇਸ਼ ਕਰ 'ਤੀ ਗੁਰੂ ਦਰਬਾਰ ਅੰਦਰ।
ਗੁਰੂਚਰਨਾਂ 'ਚ ਕੀਤੀ ਅਰਦਾਸ ਏਥੇ, ਪੂਰਨ ਸ਼ਰਧਾ ਵਿਸ਼ਵਾਸ਼ ਨੂੰ ਧਾਰ ਅੰਦਰ।
ਮਿਲਿਆ ਮਾਣ ਸੀ ਤਖ਼ਤ ਅਕਾਲ ਵੱਲੋਂ, ਭੇਟਾ ਹੋਈ ਸਵੀਕਾਰ ਦਰਬਾਰ ਅੰਦਰ।
ਨਾਂ 'ਸੂਰਜ ਪ੍ਰਕਾਸ਼' ਦੇ ਨਾਲ ਤੇਰਾ, ਅਮਰ ਹੋ ਗਿਆ ਸਾਰੇ ਸੰਸਾਰ ਅੰਦਰ।

ਤੈਨੂੰ ਐਵੇਂ ਨਹੀਂ ਕਲਮ ਦਾ ਧਨੀ ਕਹਿੰਦੇ, ਮਾਰੀ ਮੱਲ ਨੂੰ ਵੱਡੀ ਸੰਤੋਖ ਸਿੰਘਾ ।
ਕੁਲ ਲਿਖਤਾਂ ਇਤਿਹਾਸ ਦੀਆਂ ਵਾਚੀਆਂ ਤੂੰ, ਕੋਈ ਕਸਰ ਨਾ ਛੱਡੀ ਸੰਤੋਖ ਸਿੰਘਾ।
ਕਵਿਤਾ ਫੁੱਟਦੀ ਰਹੀ ਝਰਨੇ ਵਾਂਗ ਅੰਦਰੋਂ, ਲੈ, ਤਾਨ ਨਾਲ ਕੱਢੀ ਸੰਤੋਖ ਸਿੰਘਾ।
ਅੱਧੀ ਸਦੀ ਸੰਸਾਰ ਦੇ ਵਿੱਚ ਰਹਿਕੇ, ਅਮਰ ਛਾਪ ਤੂੰ ਛੱਡੀ ਸੰਤੋਖ ਸਿੰਘਾ।

ਤੇਰੇ ਰਚੇ ਹੋਏ ਸੂਰਜ ਪ੍ਰਕਾਸ਼ ਵਿੱਚੋਂ , ਕਥਾ ਹੁੰਦੀ ਏ ਗੁਰੂਦੁਆਰਿਆਂ ਵਿੱਚ।
ਹੰਸ ਬਿਰਤੀ ਨਾਲ ਚੁਭੀਆਂ ਲਾਉਣ ਵਾਲੇ, ਮੋਤੀ ਚੁਗਦੇ ਸਮੁੰਦਰ ਖਾਰਿਆਂ ਵਿੱਚ।
ਸਹਿਤ ਗਗਨ ਤੇ ਚਮਕਦੈ ਤੂੰ ਏਦਾਂ, ਚਮਕੇ ਜਿਸ ਤਰ੍ਹਾਂ ਚੰਨ ਸਿਤਾਰਿਆਂ ਵਿੱਚ।
ਇਸ ਗੱਲ ਨੂੰ ਜਾਣਦੈ ਜੱਗ ਸਾਰਾ, ਮਹਾਂਕਵੀ ਹੈਂ ਤੂੰ ਕਵੀਆਂ ਸਾਰਿਆਂ ਵਿੱਚ।

ਤੇਰੀ ਦੇਣ ਬਹੁਮੁੱਖੀ ਸੰਤੋਖ ਸਿੰਘਾ, ਅਸੀਂ ਉਹਦਾ ਕੋਈ ਤਾਰ ਨਹੀਂ ਮੁੱਲ ਸਕਦੇ।
ਗੁਰ ਇਤਿਹਾਸ ਬਚਾਇਆ ਤੂੰ ਗੁੰਮ ਹੋਣੋਂ, ਅਸੀਂ ਤੇਰਾ ਅਹਿਸਾਨ ਨਹੀਂ ਭੁੱਲ ਸਕਦੇ।
ਦੇਂਦਾ ਰਹੇਗਾ ਗੁਰਮਤਿ ਦੀ ਸੇਧ 'ਜਾਚਕ', ਰਚਿਆ ਸੂਰਜ ਪ੍ਰਕਾਸ਼ ਗ੍ਰੰਥ ਤੇਰਾ।
ਰਹਿੰਦੀ ਦੁਨੀਆਂ ਤੱਕ ਭਾਈ ਸੰਤੋਖ ਸਿੰਘਾ, ਰਿਣੀ ਰਹੇਗਾ ਖਾਲਸਾ ਪੰਥ ਤੇਰਾ।

# ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ

**ਜਨਮ 16.8.1944 ਅਕਾਲ ਚਲਾਣਾ 14.10.2006**

ਜਿਨ੍ਹਾਂ ਗੁਰਮਤਿ ਦਾ ਸੀ ਗਿਆਨ ਵੰਡਿਆ, ਦੇਹ ਰੂਪ ਵਿੱਚ ਨਹੀਂ ਹੁਣ ਰਹੇ ਜੱਗ 'ਤੇ।
ਸਿੱਖੀ ਸੋਚ ਤੇ ਪਹਿਰਾ ਸੀ ਸਦਾ ਦਿੱਤਾ, ਵਗਦੇ ਵਹਿਣਾਂ 'ਚ ਕਦੇ ਨਾ ਵਹੇ ਜੱਗ 'ਤੇ।
ਰਹਿੰਦੀ ਦੁਨੀਆਂ ਤੱਕ ਸੰਗਤਾਂ ਯਾਦ ਰੱਖਣੇ,ਪਾਵਨ ਬਚਨ ਜੋ ਮੁੱਖ 'ਚੋਂ ਕਹੇ ਜੱਗ 'ਤੇ।
ਜੱਗ ਤੋਂ ਜਾਣ ਜੋ ਚੋਲਾ ਬੇਦਾਗ ਲੈ ਕੇ, ਵਿਰਲੇ ਹੋਣ ਜਸਬੀਰ ਸਿੰਘ ਜਹੇ ਜੱਗ 'ਤੇ।

ਧੁਰ ਦਰਗਾਹ ਤੋਂ ਸਨ ਵਰੋਸਾਏ ਹੋਏ, ਹੈਸਨ ਸ਼ੁਰੂ ਤੋਂ ਹੀ ਹੋਣਹਾਰ ਉਹ ਤਾਂ।
ਮਹਾਂਪੁਰਖਾਂ ਦੀ ਸੰਗਤ ਦੇ ਵਿੱਚ ਰਹਿਕੇ, ਨਾਮ ਬਾਣੀ ਨਾਲ ਹੋਏ ਸਰਸ਼ਾਰ ਉਹ ਤਾਂ।
ਗੁਰੂ ਸ਼ਬਦ ਦਾ.ਕਰਦੇ ਰਹੇ ਕਥਾ ਕੀਰਤਨ, 40 ਸਾਲ ਤੀਕਰ ਲਗਾਤਾਰ ਉਹ ਤਾਂ।
ਪੰਥਕ ਮਾਲਾ ਦੇ ਸਨ ਅਨਮੋਲ ਮੋਤੀ, ਸਿੱਖ ਜਗਤ ਦੇ ਰੋਸ਼ਨ ਮੀਨਾਰ ਉਹ ਤਾਂ।

ਰਸਨਾਂ ਵਿੱਚ ਅਨੋਖਾ ਕੋਈ ਰਸ ਹੈਸੀ, ਬੋਲ ਬੋਲ 'ਚੋਂ ਗੁਰੂ ਪਿਆਰ ਝਲਕੇ।
ਭਰਵਾਂ ਦਾਹੜਾ ਤੇ ਅੱਖਾਂ ਸੀ ਨਾਮ ਰਤੀਆਂ, ਬੰਨ੍ਹੀ ਸੀਸ 'ਤੇ ਸੋਹਣੀ ਦਸਤਾਰ ਝਲਕੇ।
ਕਰਦੇ ਸ਼ਬਦ ਦੀ ਜਦੋਂ ਵਿਆਖਿਆ ਸੀ, ਨੂਰੀ ਚਿਹਰੇ ਤੋਂ ਨੂਰੀ ਨੁਹਾਰ ਝਲਕੇ।
ਕੀਰਤਨ ਮੂਰਤੀ ਭਾਈ ਜਸਬੀਰ ਸਿੰਘ ਦੇ, ਪੰਥਕ ਕਾਰਜਾਂ ਵਿੱਚੋਂ ਕਿਰਦਾਰ ਝਲਕੇ।

ਪੱਥਰ ਦਿਲ ਵੀ ਮੋਮ ਸਨ ਹੋ ਜਾਂਦੇ, ਕਰਦੇ ਕੀਰਤਨ ਵਿੱਚ ਸਰੂਰ ਹੈਸਨ।
ਮਨਮੁੱਖ ਵੀ ਬਣਦੇ ਸਨ ਗੁਰੂ ਵਾਲੇ, ਧੁਰ ਕੀ ਬਾਣੀ ਦੇ ਨਾਲ ਮਖਮੂਰ ਹੈਸਨ।
ਜੀਹਨਾਂ ਜੀਵਨ ਹੀ ਬਦਲ ਕੇ ਰੱਖ ਦਿੱਤੇ, ਬਚਨ ਉਨ੍ਹਾਂ ਦੇ ਖਿੱਚ ਭਰਪੂਰ ਹੈਸਨ।
ਚਲਦੀ ਫਿਰਦੀ ਉਹ ਗੁਰਮਤਿ ਦੀ ਸੰਸਥਾ ਸੀ, ਸਿੱਖ ਕੌਮ ਦੇ ਹੀਰੇ ਕੋਹਿਨੂਰ ਹੈਸਨ।

ਸੰਗਤ ਕੀਤੀ ਸੀ ਸ਼ੁਰੂ ਤੋਂ ਗੁਰਮੁਖਾਂ ਦੀ, ਸਚਮੁੱਚ ਵਡਭਾਗੀ ਸਨ ਭਾਈ ਸਾਹਿਬ।
ਰਹੇ ਗ੍ਰਿਹਸਤ 'ਚ ਕਮਲ ਦੇ ਫੁੱਲ ਵਾਂਗੂੰ, ਕੋਈ ਰੂਹ ਸੁਭਾਗੀ ਸਨ ਭਾਈ ਸਾਹਿਬ।
ਕੀਤੀ ਕੀਰਤਨ ਦੀ ਹੋ ਨਿਸ਼ਕਾਮ ਸੇਵਾ, ਅਸਲ ਵਿੱਚ ਤਿਆਗੀ ਸਨ ਭਾਈ ਸਾਹਿਬ।
ਕੀਰਤਨ ਕਰਦਿਆਂ ਸਿਮਰਨ ਅਭਿਆਸ ਚੱਲਦਾ, ਰੋਮ ਰੋਮ 'ਚੋਂ ਰਾਗੀ ਸਨ ਭਾਈ ਸਾਹਿਬ।

ਭਾਈ ਸਾਹਿਬ ਭਾਈ ਜਸਬੀਰ ਸਿੰਘ ਦਾ, ਕੀਰਤਨ ਕਰਨ ਦਾ ਢੰਗ ਨਿਵੇਕਲਾ ਸੀ।
ਸੁਰ ਸੁਰਤ ਤੇ ਸ਼ਬਦ ਜਦ ਮਿਲ ਜਾਂਦੇ, ਚੜ੍ਹਦਾ ਰੱਬੀ ਕੋਈ ਰੰਗ ਨਿਵੇਕਲਾ ਸੀ।
ਚਲਦੀ ਇਕੋ ਸੀ ਲੜੀ ਗੁਰ ਸ਼ਬਦ ਵਾਲੀ, ਜੀਹਦਾ ਹਰ ਪ੍ਰਸੰਗ ਨਿਵੇਕਲਾ ਸੀ।
ਸੰਗਤਾਂ ਜੁੜਦੀਆਂ ਬੇਸ਼ੁਮਾਰ ਹੈਸਨ, ਤੇ ਹੁੰਦਾ ਹਰ ਸਤਿਸੰਗ ਨਿਵੇਕਲਾ ਸੀ।

ਗੁਰੂ ਸੰਗਤਾਂ ਵਿੱਚ ਹੀ ਬੈਠਦੇ ਸੀ, ਵੱਖਰਾ ਆਸਨ ਲਗਾਇਆ ਨਾ ਵੀਰ ਜੀ ਨੇ।
ਨਾ ਚਲਾਈ ਕੋਈ ਅੱਡ ਪ੍ਰੰਪਰਾ ਸੀ, ਵੰਡ ਵਿਤਕਰਾ ਪਾਇਆ ਨਾ ਵੀਰ ਜੀ ਨੇ।
ਸੁਣ ਕੇ ਕਿਸੇ ਦੇ ਬੋਲ ਕੁਬੋਲ ਅੱਗੋਂ, ਕੌੜਾ ਬਚਨ ਅਲਾਇਆ ਨਾ ਵੀਰ ਜੀ ਨੇ।
ਮਾਇਆ ਚਰਨਾਂ ਦੀ ਦਾਸੀ ਸੀ ਰਹੀ ਹਰਦਮ,ਮੋਹ ਮਾਇਆ ਨਾਲ ਪਾਇਆ ਨਾ ਵੀਰ ਜੀ ਨੇ।

ਗੁਰਦੁਆਰਾ ਜੋ ਇਹ ਅਕਾਲ ਆਸ਼੍ਰਮ, ਰਿਹਾ ਉਨ੍ਹਾਂ ਦੀ ਜਿੰਦ ਤੇ ਜਾਨ ਕੇਂਦਰ ।
ਉਨੀ ਸੌ ਤਿਰਾਸੀ ਦੇ ਵਿੱਚ ਉਨ੍ਹਾਂ, ਪਰਗਟ ਕੀਤਾ ਸੀ ਵਿੱਚ ਜਹਾਨ ਕੇਂਦਰ ।
24 ਸਾਲ ਸਨ ਆਪ ਜੀ ਰਹੇ ਏਥੇ, ਕੀਤਾ ਸਿਮਰਨ ਇਸ ਤੱਪ ਅਸਥਾਨ ਕੇਂਦਰ ।
ਭਾਰੀ ਰੌਣਕਾਂ ਲੱਗੀਆਂ ਦੱਸ ਰਹੀਆਂ, ਹੋਇਆ ਪੰਥ ਦੇ ਵਿੱਚ ਪਰਵਾਨ ਕੇਂਦਰ ।

ਵਿੱਚ ਜੰਗਲ ਦੇ ਮੰਗਲ ਲਗਾਉਣ ਖਾਤਰ, ਲਿਆ ਉਨ੍ਹਾਂ ਸਥਾਨ ਇਹ ਭਾਲ ਸੋਹਣਾ ।
ਚੈਰੀਟੇਬਲ ਫਿਰ ਟਰੱਸਟ ਬਣਾ ਕੇ ਤੇ, ਖੋਲਿਆ 'ਨੇਤਰਾਂ ਦਾ ਹਸਪਤਾਲ' ਸੋਹਣਾ ।
ਉੱਚ ਪੱਧਰੀ ਇਹਦਾ ਵਿਕਾਸ ਹੋਇਆ, ਬਣ ਗਿਆ 'ਮਲਟੀ ਸਪੈਸ਼ਲ' ਵੀ ਨਾਲ ਸੋਹਣਾ।
ਗੁਰੂ ਦਰ ਨਾਲ ਜੋੜਨ ਲਈ ਸੰਗਤਾਂ ਨੂੰ, ਹੁੰਦਾ ਗੁਰਮਤਿ ਸਮਾਗਮ ਹਰ ਸਾਲ ਸੋਹਣਾ ।

ਜਿਹੜਾ ਜਿਹੜਾ ਵੀ ਉਨ੍ਹਾਂ ਦੇ ਕੋਲ ਆਉਂਦਾ, ਉਹਨੂੰ ਨਾਮ ਦੇ ਰੰਗ 'ਚ ਰੰਗਦੇ ਸੀ।
ਜਾਤਾਂ ਪਾਤਾਂ ਦੇ ਵਿਤਕਰੇ ਛੱਡ ਕੇ ਤੇ, ਵਹਿਮਾਂ ਭਰਮਾਂ ਨੂੰ ਛਿੱਕੇ 'ਤੇ ਟੰਗਦੇ ਸੀ।
ਸੇਵਾ ਸਿਮਰਨ ਦੀ ਦੱਸਦੇ ਜਾਚ ਸਭ ਨੂੰ, ਨੇਕੀ ਕਰਨ ਤੋਂ ਕਦੇ ਨਾ ਸੰਗਦੇ ਸੀ।
ਏਸ ਪਾਵਨ ਅਸਥਾਨ 'ਤੇ ਬੈਠ ਕੇ ਤੇ, ਭਲਾ ਸਦਾ ਸਰਬੱਤ ਦਾ ਮੰਗਦੇ ਸੀ।

ਜਿੰਮੇਵਾਰੀ ਇਸ ਧਾਰਮਿਕ ਸੰਸਥਾ ਦੀ, ਜਿਉਂਦੇ ਜੀਅ ਹੀ ਉਨ੍ਹਾਂ ਸੰਭਾਲ ਦਿੱਤੀ ।
ਭਾਈ ਸਾਹਿਬ ਦਵਿੰਦਰ ਸਿੰਘ ਹੁਰਾਂ ਤਾਂਈਂ, ਉਨ੍ਹਾਂ ਪਿਆਰ ਸਤਿਕਾਰ ਦੇ ਨਾਲ ਦਿੱਤੀ।

ਨਾਮ ਰੰਗ ’ਚ ਰੰਗੀ ਇਸ ਆਤਮਾ ਨੂੰ, ਹੱਥੀਂ ਸੌਂਪ ਕੇ ਕਰ ਕਮਾਲ ਦਿੱਤੀ ।
ਦਿੱਬ ਦਰਿਸ਼ਟੀ ਨਾਲ ਫੈਸਲਾ ਲੈ ਏਦਾਂ, ਕਾਇਮ ਜੱਗ ’ਚ ਕਰ ਮਿਸਾਲ ਦਿੱਤੀ ।

ਦੇਸ਼ ਵਿਦੇਸ਼ ਦੀਆਂ ਲੱਖਾਂ ਹੀ ਸੰਗਤਾਂ ਨੂੰ, ਸ਼ਬਦ ਗੁਰੂ ਦੇ ਲੜ ਸੀ ਲਾਉਣ ਆਏ।
ਸੜਦੇ ਤਪਦੇ ਤੇ ਦੁਖਦੇ ਹਿਰਦਿਆਂ ’ਚ, ਕੀਰਤਨ ਰਾਹੀਂ ਸਨ ਠੰਢ ਵਰਤਾਉਣ ਆਏ।
ਪਿੰਡਾਂ ਸ਼ਹਿਰਾਂ ਤੇ ਕਸਬਿਆਂ ਵਿੱਚ ਜਾ ਕੇ,ਅੰਮ੍ਰਿਤ ਛਕਣ ਦੀ ਲਹਿਰ ਚਲਾਉਣ ਆਏ।
ਸੀ ਸਿਰਤਾਜ ਉਹ ਗੁਰਮਤਿ ਪ੍ਰਚਾਰਕਾਂ ਦੇ, ਜੀਵਨ ਪੰਥ ਦੇ ਲੇਖੇ ਜੋ ਲਾਉਣ ਆਏ।

ਐਸਾ ਸਿੱਖ ਸਕਾਲਰ, ਫਿਲਾਸਫਰ ਸੀ, ਦੁਨੀਆਂ ਵਿੱਚ ਜੋ ਹੋਇਆ ਪ੍ਰਵਾਨ ਸੋਹਣਾ।
ਸਮੇਂ ਸਮੇਂ ’ਤੇ ਕੀਰਤਨ ਨਾਲ ‘ਜਾਚਕ’, ਰੱਖਿਆ ਖਿੱਚ ਕੇ ਸਾਡਾ ਧਿਆਨ ਸੋਹਣਾ।
ਜੀਉਂਦੇ ਜੀਅ ਹੀ ਖਾਲਸਾ ਪੰਥ ਅੰਦਰ, ਉਹਦਾ ਕੀਰਤਨ ਹੋਇਆ ਪ੍ਰਵਾਨ ਸੋਹਣਾ।
ਜਾਣ ਪਿਛੋਂ ਵੀ ਤਖ਼ਤ ਅਕਾਲ ਵੱਲੋਂ, ‘ਪੰਥ ਰਤਨ’ ਦਾ ਮਿਲਿਆ ਸਨਮਾਨ ਸੋਹਣਾ ।

# ਰੱਬ ਦਾ ਭਾਣਾ

## ਕਾਕਾ ਪਰਮਦੀਪ ਸਿੰਘ ‘ਦੀਪ’
## ਸਪੁੱਤਰ ਡਾ. ਹਰੀ ਸਿੰਘ ‘ਜਾਚਕ’

| ਜਨਮ ਤਰੀਖ | ਅਕਾਲ ਚਲਾਣਾ | ਅੰਤਿਮ ਅਰਦਾਸ |
|---|---|---|
| 17.10.1984 | 16.7.2006 | 23.7.2006 |

***ਡਾ. ਹਰੀ ਸਿੰਘ ‘ਜਾਚਕ’ ਵਲੋਂ ਆਪਣੇ ਸਪੁੱਤਰ ਕਾਕਾ ਪਰਮਦੀਪ ਸਿੰਘ ਦੇ ਭੋਗ ਸਮਾਗਮ ਸਮੇਂ ਪੜ੍ਹੀ ਗਈ ਵੈਰਾਗਮਈ ਕਵਿਤਾ***

ਬੱਚੇ ਹੁੰਦੇ ਨੇ ਮਿੱਟੀ ਦੀ ਨਿਰੀ ਮੂਰਤ, ਘੜਦੇ ਮਾਪੇ ਨੇ ਉਹਨੂੰ ਘੁਮਿਆਰ ਵਾਂਗੂੰ।
ਭੱਠੀ ਵਿੱਚ ਪਾ ਕੇ ਕੁੰਦਨ ਵਾਂਗ ਕਰਦੇ, ਕਿਸੇ ਸੁਘੜ ਸਿਆਣੇ ਸੁਨਿਆਰ ਵਾਂਗੂੰ।
ਰਹਿਕੇ ਸਦਾ ਨਿਸ਼ਕਾਮ ਹੀ, ਬੱਚਿਆਂ ਦੀ, ਸੇਵਾ ਕਰਨ ਜਿਹੜੇ ਸੇਵਾਦਾਰ ਵਾਂਗੂੰ।
ਵੱਖੋ-ਵੱਖ ਪਰਿਵਾਰ ਦੇ ਮੋਤੀਆਂ ਨੂੰ, ਕੱਠੇ ਰੱਖਦੇ ਗਲੇ ਦੇ ਹਾਰ ਵਾਂਗੂੰ।

ਪਰਮਦੀਪ ਦੀ ਯਾਦ ’ਚ ਤੁਸੀਂ ਬੈਠੇ, ਸ਼ਰਧਾ, ਅਦਬ ਤੇ ਨਾਲ ਵਿਸ਼ਵਾਸ ਸਾਰੇ।
ਅੱਜ ‘ਜਾਚਕ’ ਦੇ ਪੂਰੇ ਪਰਿਵਾਰ ਦੇ ਨਾਲ, ਕਰਨ ਆਏ ਹਮਦਰਦੀ ਹੋ ਖਾਸ ਸਾਰੇ।
ਰਿਸ਼ਤੇਦਾਰ, ਸਨੇਹੀ ਤੇ ਪਰਮ ਮਿੱਤਰ, ਦੇਣ ਆਏ ਹੋ ਤੁਸੀਂ ਧਰਵਾਸ ਸਾਰੇ।
ਗੁਰੂ ਚਰਨਾਂ ’ਚ ਹੋਏ ਨਿਵਾਸ ਉਸ ਦਾ, ਇਕ ਮਨ ਹੋ ਕੇ ਕਰਿਉ ਅਰਦਾਸ ਸਾਰੇ।

ਸਚਮੁੱਚ ਵਰਤਿਐ ਰੱਬ ਦਾ ਭਾਣਾ। ਤੁਰ ਗਿਐ ਸਾਡਾ ਬਾਲ ਅੰਞਾਣਾ।
21 ਸਾਲ ਦੀ ਉਮਰ ਸੀ ਸਾਰੀ। ਮਾਰ ਗਿਆ ਜਦ ਭੌਰ ਉਡਾਰੀ।
ਜੋਬਨ ਰੁੱਤੇ ਛੱਡ ਇਹ ਦੇਸ਼। ਚਲਾ ਗਿਆ ਏ ਵਿੱਚ ਪਰਦੇਸ।
ਮੁੱਛ ਫੁੱਟ ਗਭਰੂ ਬੜਾ ਜੁਆਨ। ਛੱਡ ਕੇ ਤੁਰ ਗਿਐ ਇਹ ਜਹਾਨ।
ਇਸ ਪਰਿਵਾਰ ਦਾ ਮੋਤੀ ਮਾਣਕ। ਚਲਾ ਗਿਆ ਏ ਬੱਸ ਅਚਾਨਕ।
ਹੋਇਆ ਐਕਸੀਡੈਂਟ ਸੀ ਭਾਰੀ। ਜਾਣ ਲਈ ਉਸ ਕੀਤੀ ਤਿਆਰੀ।

ਇਹ ਸੀ ਬੜੀ ਭਿਆਨਕ ਝਾਕੀ। ਰਹਿੰਦੇ ਕੁਝ ਸੁਆਸ ਸੀ ਬਾਕੀ।
ਡਾਕਟਰ ਕਹਿੰਦੇ ਠੀਕ ਹੋ ਜਾਊ। ਇਕ ਵਾਰੀ ਜੇ ਹੋਸ਼ 'ਚ ਆਊ।
ਐਪਰ ਨਹੀਂ ਹੋਸ਼ ਵਿੱਚ ਆਇਆ। ਭਾਵੇਂ ਸਾਰਾ ਟਿੱਲ ਲਗਾਇਆ।
ਦਲਬੀਰ ਕੌਰ(ਉਹ) ਮਾਂ ਦਾ ਜਾਇਆ। ਸਦਾ ਲਈ ਹੋ ਗਿਆ ਪਰਾਇਆ।
ਦਿੱਸਦਾ ਨਹੀਂ ਅੱਜ ਪੁੱਤ ਪਿਆਰਾ। ਹਰੀ ਸਿੰਘ ਦੀ ਅੱਖ ਦਾ ਤਾਰਾ।
'ਜਾਚਕ' ਨੂੰ 'ਡੈਡੀ ਜੀ' ਕਹਿੰਦਾ। ਖਿੜ ਖਿੜਾ ਕੇ ਹੱਸਦਾ ਈ ਰਹਿੰਦਾ।

ਕਦੇ ਵੀ ਗੁੱਸੇ ਵਿੱਚ ਨਾ ਆਉਂਦਾ। ਕਦੇ ਵੀ ਮੱਥੇ ਵੱਟ ਨਾ ਪਾਉਂਦਾ।
ਭੇਤ ਨਾ ਕਿਸੇ ਨੂੰ ਦਿਲ ਦਾ ਦਸਦਾ। ਸਭ ਨੂੰ ਮਿਲਦਾ ਹੱਸਦਾ ਹੱਸਦਾ।
ਜੀਹਦੇ ਨਾਲ ਵੀ ਯਾਰੀ ਲਾਈ। ਅੰਤਾਂ ਤੀਕ ਸੀ ਤੋੜ ਨਿਭਾਈ।
ਮਿੱਤਰਤਾਈ ਉਹਦੀ ਕਮਾਲ। ਮਿਲਦੀ ਨਹੀਂ ਹੈ ਜੀਹਦੀ ਮਿਸਾਲ।
ਬਾਲਪਣ 'ਚ ਨਾਮ ਕਮਾਇਆ। ਹਿੰਦੁਸਤਾਨ ਦਾ ਚੱਕਰ ਲਾਇਆ।
ਬਾਲ ਕਵੀ ਸੀ ਬੜਾ ਮਹਾਨ। ਮਿਲਿਆ ਪੰਜ ਤਖ਼ਤਾਂ ਤੋਂ ਮਾਣ।

ਇੰਜਨੀਅਰਿੰਗ ਦੀ ਕੀਤੀ ਪੜ੍ਹਾਈ। ਮਿਹਨਤ ਉਹਦੀ ਰੰਗ ਲਿਆਈ।
'Dell' ਵਿੱਚ ਸੀ ਸਰਵਿਸ ਕਰਦਾ। ਰੱਖਦਾ ਪੂਰਾ ਖਿਆਲ ਸੀ ਘਰ ਦਾ।
ਜਿਹੜੀ ਕਿਰਤ ਕਮਾਈ ਕਰਦਾ। ਮੰਮੀ ਦੇ ਹੱਥ ਉੱਤੇ ਧਰਦਾ।
ਪੁੱਤਰ ਸੀ ਉਹ ਆਗਿਆਕਾਰੀ। ਬੋਲਿਆ ਨਹੀਂ ਪਰ ਜਾਂਦੀ ਵਾਰੀ।
ਇਹ ਤਾਂ ਜੀਵ ਹੈ ਭੁੱਲਣਹਾਰ। ਪਰ ਹੈ ਬਖ਼ਸ਼ਣਹਾਰ ਦਾਤਾਰ।
ਗਿਆ ਉਹ ਉਮਰਾਂ ਭੋਲੀ ਅੰਦਰ। ਦਸਮ ਪਿਤਾ ਦੀ ਝੋਲੀ ਅੰਦਰ।

ਤੁਰ ਗਿਆ ਮੌਤ ਦੇ ਨਾਲ ਵਿਆਂਦੜ। ਤੜਪ ਰਹੀ ਹਰ ਇਕ ਦੀ ਆਂਦਰ।
ਭਾਣਾ ਮੰਨਣਾ ਕਹਿਣਾ ਸੌਖਾ। ਐਪਰ ਭਾਣਾ ਮੰਨਣਾ ਔਖਾ।
ਉਹਦੇ ਹੁਕਮ ਦੀ ਖੇਡ ਹੈ ਸਾਰੀ। ਅਸੀਂ ਹਾਂ ਮੋਹਰੇ ਉਹ ਖਿਡਾਰੀ।
ਕਿਸ ਨੂੰ ਚੁੱਕਣੈ ਕਿਥੇ ਰੱਖਣੈ। ਕਿਸਨੂੰ ਕਿਸ ਦੇ ਅੱਗੋਂ ਡੱਕਣੈ।
ਉਹਨੂੰ ਹੀ ਹੈ ਪਤਾ ਇਹ ਸਾਰਾ। ਜੋ ਇਹ ਖੇਡ ਖਿਡਾਵਣਹਾਰਾ।
ਅਸੀਂ ਪੁਤਲੇ ਹਾਂ ਬੱਸ ਮਿੱਟੀ ਦੇ। ਕੋਈ ਕਾਲੀ ਦੇ, ਕੋਈ ਚਿੱਟੀ ਦੇ।

ਜਦ ਮਿੱਤਰ ਪਿਆਰੇ ਤੁਰ ਜਾਣੈ। ਤਦ ਇਸ ਮਿੱਟੀ ਨੇ ਖੁਰ ਜਾਣੈ।
ਇਸ ਭਾਂਡੇ ਆਖਰ ਭੱਜ ਜਾਣੈ। ਇਹ ਤਨ ਸਾਰਿਆਂ ਤਜ ਜਾਣੈ।
ਮਿਟ ਜਾਣੈ ਦੁਨਿਆਵੀ ਦਰਿਸ਼ੋਂ। ਕਿਸੇ ਨੇ ਪਹਿਲਾਂ ਕਿਸੇ ਨੇ ਪਿੱਛੋਂ।
ਜੀਵਨ ਬਾਜੀ ਖੇਡ ਨਿਆਰੀ। ਥੋੜ੍ਹਿਆਂ ਜਿੱਤੀ ਬਹੁਤਿਆਂ ਹਾਰੀ।
ਇਕ ਦੱਮ ਵਿਛੋੜਾ ਪੈ ਜਾਂਦੈ। ਬੰਦਾ ਹੱਥ ਮਲਦਾ ਹੀ ਰਹਿ ਜਾਂਦੈ।
ਹੋ ਜਿੰਦ ਦਾ ਸਾਜ ਬੇਸੁਰ ਜਾਂਦੈ। ਜਦ ਪੁੱਤਰ ਏਦਾਂ ਤੁਰ ਜਾਂਦੈ।

ਉਸ ਰੂਹ ਲਈ ਕਰੀਏ ਅਰਦਾਸ। ਗੁਰ ਚਰਨਾਂ ਵਿੱਚ ਹੋਏ ਨਿਵਾਸ।
ਰੂਹ ਉਸ ਨਾਲ ਇਕ ਮਿਕ ਰਹਿੰਦੀ। ਅਹੀਉ ਗੱਲ ਗੁਰਬਾਣੀ ਕਹਿੰਦੀ।
'ਲੋਕ ਸੁਖੀ ਪਰਲੋਕ ਸੁਹੇਲੇ। ਨਾਨਕ ਹਰਿ ਪ੍ਰਭ ਆਪੇ ਮੇਲੇ ।'
'ਜਾਚਕ' ਦੁਨੀਆਂ ਆਵਣ ਜਾਣੀ। ਚਲਦੀ ਰਹੂ ਇਹ ਸਦਾ ਕਹਾਣੀ।
ਮੋਹ ਦੁਨਿਆਵੀ ਜਦ ਤੱਕ ਰਹਿਣਾ। ਦੁੱਖ ਵਿਛੋੜਾ ਸਹਿਣਾ ਈ ਪੈਣਾ।
ਭਾਣਾ ਮਿੱਠਾ ਮੰਨਣਾ ਈ ਪੈਣਾ। ਏਦੂ ਵੱਧ ਮੈਂ ਕੁਝ ਨਹੀਂ ਕਹਿਣਾ।

# ਜ਼ਿੰਦਗੀ ਅਤੇ ਮੌਤ

**ਇੰਜ. ਕਰਮਜੀਤ ਸਿੰਘ ਨੂਰ**
**ਪ੍ਰਧਾਨ, ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ**

ਮੱਸਾਂ ਆਉਂਦੀ ਬਹਾਰ ਗੁਲਜ਼ਾਰ ਅੰਦਰ, ਪਤਝੜ ਆਉਣ ਲੱਗਿਆਂ ਨਹੀਂ ਦੇਰ ਕਰਦੀ।
ਜਿਸ ਘਰ 'ਚ ਹੈ ਜਿੰਦਗੀ ਜਗਮਗਾਉਂਦੀ, ਮੌਤ ਆਉਂਦਿਆਂ ਉਥੇ ਹਨੇਰ ਕਰਦੀ।
ਜਿੰਦਗੀ, ਜ਼ਿੰਦਗੀ ਦੇ ਨਾਲ ਜ਼ਿੰਦਗੀ ਭਰ, ਜੀਉਣ ਲਈ ਕਿੰਨੇ ਹੇਰ ਫੇਰ ਕਰਦੀ।
(ਪਰ) ਮੌਤ ਜ਼ਿੰਦਗੀ ਦਿਆਂ ਮਨਸੂਬਿਆਂ ਨੂੰ, 'ਨੂਰ' ਪਲਾਂ ਦੇ ਵਿੱਚ ਹੈ ਢੇਰ ਕਰਦੀ।

ਅਧਖਿੜੇ ਹੋਏ ਫੁੱਲਾਂ 'ਤੇ ਖਿਜ਼ਾ ਜ਼ਾਲਿਮ, ਜਦ ਵੀ ਗੁਜ਼ਰਦੀ ਕਹਿਰ ਗੁਜ਼ਾਰ ਜਾਂਦੀ।
ਜੀਵਨ, ਜ਼ਿੰਦਗੀ ਮੌਤ ਦਾ ਖੇਲ ਹੁੰਦਾ, ਮੌਤ ਜਿੱਤਦੀ, ਜ਼ਿੰਦਗੀ ਹਾਰ ਜਾਂਦੀ।

ਜੀਵਨ ਭਰ ਇਨਸਾਨ ਔਲਾਦ ਖਾਤਿਰ, ਕਿਵੇਂ ਥੱਕਦਾ, ਟੁੱਟਦਾ, ਚੂਰ ਹੁੰਦੈ।
ਫਿਕਰਮੰਦ ਹੋ ਜਾਂਦਾ ਹੈ ਅਗਰ ਬੱਚਾ, ਇਕ ਪਲ ਵੀ ਅੱਖਾਂ ਤੋਂ ਦੂਰ ਹੁੰਦੈ।
ਬੰਦਾ ਸੋਚਦਾ ਹੋਰ ਦਾ ਹੋਰ ਰਹਿੰਦਾ, ਰੱਬ ਨੂੰ ਹੋਰ ਦਾ ਹੋਰ ਮੰਜੂਰ ਹੁੰਦੈ।
ਆਸਾਂ ਉਹਦੀਆਂ 'ਤੇ ਪਾਣੀ ਫੇਰ ਦਿੰਦੈ, ਜਦੋਂ ਆਸਾਂ ਨੂੰ ਲੱਗਣਾ ਬੂਰ ਹੁੰਦੈ।

ਬੰਦਾ ਡੌਰ ਭੌਰਾ ਵੇਂਹਦਾ ਰਹਿ ਜਾਂਦਾ, ਹੋਣੀ ਜਦੋਂ ਅਨਹੋਣੀ ਵਰਤਾ ਜਾਂਦੀ।
ਭਰਦਾ ਨਹੀਂ ਹੈ ਦੋਸਤੋ ਜ਼ਿੰਦਗੀ ਭਰ, ਮੌਤ ਜਿਹੜਾ ਖਲਾਅ ਹੈ ਪਾ ਜਾਂਦੀ।

ਪਰਮਦੀਪ ਸਿੰਘ, ਜਾਚਕ ਦਾ ਪੁੱਤ ਜੇਠਾ, ਆਪਣੇ ਜਨਮ ਤੋਂ ਹੀ ਹੋਣਹਾਰ ਸੀ ਉਹ।
ਵਿਰਲੇ ਹੁੰਦੇ ਨੇ ਅੱਜ ਦੇ ਸਮੇਂ ਅੰਦਰ, ਜਿਵੇਂ ਮਾਪਿਆਂ ਦਾ ਆਗਿਆਕਾਰ ਸੀ ਉਹ।
ਮਾਪੇ ਓਸ ਉਤੇ ਜਾਨ ਛਿੜਕਦੇ ਸਨ, ਕਰਦਾ ਉਨ੍ਹਾਂ ਦਾ ਪੂਰਾ ਸਤਿਕਾਰ ਸੀ ਉਹ।
ਹਰ ਕੰਮ ਦੇ ਵਿੱਚ ਨਿਪੁੰਨ ਸੀ ਉਹ, ਹਰ ਕੰਮ ਦੇ ਵਿੱਚ ਹੁਸ਼ਿਆਰ ਸੀ ਉਹ।

ਆਪਣੀ ਹਿੰਮਤ ਤੇ ਮਿਹਨਤ ਦੇ ਬਲ ਬੂਤੇ, ਨਿੱਤ ਨਵੀਆਂ ਬੁਲੰਦੀਆਂ ਛੂਹ ਰਿਹਾ ਸੀ।
(ਪਰ) ਧਰਮਰਾਜ ਦੇ ਲੇਖੇ ਦਾ ਵਹੀ ਖਾਤਾ, ਉਹਨੂੰ ਆਪਣੇ ਵੱਲ ਨੂੰ ਧੂਹ ਰਿਹਾ ਸੀ।

ਮਾਪੇ ਭਵਿੱਖ ਬਨਾਉਣ ਲਈ ਬੱਚਿਆ ਦਾ, ਸੌ ਸਿਆਣਿਆਂ ਨਾਲ ਸਲਾਹ ਕਰਦੇ।
ਕਿੱਧਰੇ ਕਦਮ ਨਾ ਉਸ ਦੇ ਭਟਕ ਜਾਵਣ, ਕਦਮ ਕਦਮ 'ਤੇ ਉਹਨੂੰ ਆਗਾਹ ਕਰਦੇ।
ਦਿਲ ਦੀਆਂ ਸੱਧਰਾਂ ਦਿਲ 'ਚ ਰਹਿ ਗਈਆਂ,ਅਸੀਂ ਔਹ ਕਰਦੇ ਅਸੀਂ ਆਹ ਕਰਦੇ।
ਚੰਨ ਵਰਗੀ ਲਿਆਂਵਦੇ ਨੂੰਹ ਘਰ ਵਿੱਚ, ਲਾਡਾਂ ਚਾਵਾਂ ਨਾਲ ਉਹਦਾ ਵਿਆਹ ਕਰਦੇ।

ਪਿਤਾ ਗੋਦੀ ਵਿੱਚ ਚੁੱਕਦੇ ਬਾਲ ਨੂੰ ਜਦ, ਦਿਲ ਵਿੱਚ ਇਕ ਅਗੰਮੀ ਸਰੂਰ ਹੁੰਦੈ।
ਪੈ ਜਾਏ ਚੁੱਕਣੀ ਓਸੇ ਦੀ ਜਦੋਂ ਅਰਥੀ, ਉਹ ਹੀ ਜਾਣਦੈ ਕਿੰਨਾ ਮਜ਼ਬੂਰ ਹੁੰਦੈ।

ਹੁੰਦੈ ਮੌਤ ਦਾ ਸਮਾਂ ਤੇ ਥਾਂ ਨਿਸ਼ਚਿਤ, ਆਪ ਜਾਂਦਾ ਹੈ ਬੰਦਾ ਤਿਆਰ ਹੋ ਕੇ।
ਮੌਤ ਘੇਰ ਕੇ ਉਸ ਥਾਂ ਲੈ ਜਾਂਦੀ, ਉਹਦੇ ਸਿਰ ਦੇ ਉੱਤੇ ਸਵਾਰ ਹੋ ਕੇ।
ਐਪਰ ਕਿਸੇ ਨੂੰ ਖ਼ਬਰ ਨਹੀਂ ਹੋਣ ਦਿੰਦੀ, ਰਹੇ ਕੋਈ ਕਿੰਨਾ ਖ਼ਬਰਦਾਰ ਹੋ ਕੇ।
ਓਦੋਂ ਕੋਈ ਹੁਸ਼ਿਆਰੀ ਨਹੀਂ ਕੰਮ ਆਉਂਦੀ, ਚੱਲੇ ਕਿੰਨਾ ਵੀ ਬੰਦਾ ਹੁਸ਼ਿਆਰ ਹੋ ਕੇ।

ਜ਼ਿੰਦਗੀ ਅੱਠ ਦਿਨ ਮੌਤ ਨਾਲ ਜੂਝਦੀ ਰਹੀ, ਬੜਾ ਜ਼ੋਰ ਲਾਇਆ ਪੱਬਾਂ ਭਾਰ ਹੋ ਕੇ।
ਸਮਾਂ ਆ ਗਿਆ ਜਦੋਂ, ਤਾਂ ਮੌਤ ਅੱਗੇ, ਸੁੱਟ ਦਿੱਤੇ ਹਥਿਆਰ ਲਾਚਾਰ ਹੋ ਕੇ।

ਇਹ ਹੈ ਠੀਕ ਕਿ ਮਰਨਾ ਹੈ ਸਾਰਿਆਂ ਨੇ, ਹਰ ਕੋਈ ਹੁਕਮ ਵਿੱਚ ਆਂਵਦਾ ਜਾਂਵਦਾ ਹੈ।
ਜਦੋਂ ਜੀਵ ਸੰਸਾਰ 'ਤੇ ਜਨਮ ਲੈਂਦਾ, ਮਰਨਾ ਪਹਿਲਾਂ ਲਿਖਾ ਕੇ ਆਂਵਦਾ ਹੈ।
ਭਾਣਾ ਮੰਨਣਾ, ਮੰਨਿਆਂ ਬੜਾ ਔਖਾ, ਆਪਣਾ ਭਾਣਾ ਉਹ ਆਪ ਮਨਵਾਂਵਦਾ ਹੈ।
ਗੁਰਮੁੱਖ ਰਹਿੰਦੈ ਜੋ ਓਹਦੀ ਰਜ਼ਾ ਅੰਦਰ, ਜਨਮ ਮਰਨ ਤੋਂ ਮੁਕਤੀਆਂ ਪਾਂਵਦਾ ਹੈ।

ਗੁਰੂ ਸੰਗਤਾਂ 'ਚੋਂ ਕਿਸੇ ਇਕ ਦੀ ਵੀ, ਸੱਚੇ ਦਿਲੋਂ ਜੇ ਕਿਤੇ ਅਰਦਾਸ ਹੋ ਜਾਏ।
'ਨੂਰ' ਵਿਛੜੀ ਹੋਈ ਜੀਵ ਆਤਮਾ ਦਾ, ਪ੍ਰਭੂ-ਚਰਨਾਂ ਦੇ ਵਿੱਚ ਨਿਵਾਸ ਹੋ ਜਾਏ।

# ਆਪਣੇ ਵਲੋਂ - ਆਪਣੇ ਬਾਰੇ

ਫਿਰੋਜ਼ਪੁਰ ਜ਼ਿਲ੍ਹੇ ਵਿੱਚ ਫਿਰੋਜ਼ਪੁਰ-ਜ਼ੀਰਾ ਰੋਡ 'ਤੇ ਪਿੰਡ ਕੁਲਗੜੀ ਤੋਂ ਪਿੰਡ ਫ਼ੇਰੂਸ਼ਾਹ ਨੂੰ ਜਾ ਰਹੀ ਸੜਕ ਤੇ ਪਿੰਡ ਸੋਢੀ ਨਗਰ (ਜਿਸ ਦਾ ਪਹਿਲਾ ਨਾਂ ਸੁਲਤਾਨ ਖ਼ਾਂ ਸੀ) ਹੈ। ਰੱਜੇ ਪੁੱਜੇ ਸੋਢੀ ਸਾਹਿਬਾਨ ਦੀਆਂ ਪਿੰਡ ਵਿੱਚ ਜ਼ਮੀਨਾਂ ਜਾਇਦਾਦਾਂ ਹੋਣ ਕਾਰਣ ਹੀ ਸ਼ਾਇਦ ਇਸ ਪਿੰਡ ਦਾ ਨਾਂ ਸੁਲਤਾਨ ਖ਼ਾਂ ਤੋਂ ਸੋਢੀ ਨਗਰ ਬਣ ਗਿਆ ਹੋਵੇ। ਇਸ ਪਿੰਡ ਵਿੱਚ ਹਿੰਦੂ, ਸਿੱਖ, ਈਸਾਈ ਸਾਰੇ ਬੜੇ ਪ੍ਰੇਮ ਪਿਆਰ ਨਾਲ ਰਹਿੰਦੇ ਹਨ। ਵਿਕਾਸ ਪੱਖੋਂ ਇਹ ਪਿੰਡ ਅਜੇ ਤੱਕ ਵੀ ਪਛੜਿਆ ਲੱਗਦਾ ਹੈ। ਪਿੰਡ ਵਿਚਲੇ ਢੱਠ ਰਹੇ ਵੱਡੇ ਵੱਡੇ ਪੁਰਾਣੇ ਕਿਲ੍ਹੇ ਅਤੇ ਹਵੇਲੀਆਂ ਇਸ ਪਿੰਡ ਦੀ ਕਿਸੇ ਸਮੇਂ ਰਹੀ ਚੜ੍ਹਤ ਨੂੰ ਬਿਆਨ ਕਰਦੇ ਹਨ। ਇਹ ਪਿੰਡ ਮੇਰੀ ਜਨਮ ਭੂਮੀ ਹੈ।

ਪਿਤਾ ਜੀ ਅਤੇ ਮਾਤਾ ਜੀ ਪਾਕਿਸਤਾਨ ਦੇ ਪਿੰਡ ਮੱਲਾਂ ਵਾਲਾ ਜ਼ਿਲ੍ਹਾ ਮਿੰਟਗੁਮਰੀ ਵਿੱਚ 1945 ਤੱਕ ਰਹੇ। ਵੱਡੇ ਭੈਣ ਹਰਬੰਸ ਕੌਰ ਜੀ ਦਸਦੇ ਹੁੰਦੇ ਹਨ ਕਿ ਦਾਦਾ ਸੂਬਾ ਸਿੰਘ ਅਤੇ ਦਾਦੀ ਸਬਾਂ ਦੇਵੀ ਜੀ ਦਾ ਬਹੁਤ ਵੱਡਾ ਆਰ ਪਰਵਾਰ ਸੀ।ਉਨ੍ਹਾਂ ਦੇ ਪੰਜ ਪੁਤਰ ਅਤੇ ਦੋ ਧੀਆਂ ਸਨ।ਪਿਤਾ ਜੀ ਸਭ ਤੋਂ ਛੋਟੇ ਸਨ।ਪਿੰਡ ਵਿੱਚ ਖੇਤੀਬਾੜੀ ਦਾ ਕੰਮ ਸੀ।ਸਾਰੇ ਭੈਣ ਭਾਈ ਇਕ ਛੱਤ ਥੱਲੇ ਰਲ ਮਿਲ ਕੇ ਰਹਿੰਦੇ ਸਨ। ਪਿਤਾ ਜੀ ਦੇ ਦੋ ਵਿਆਹ ਹੋਏ ਸਨ।ਪਹਿਲੀ ਸੁਪਤਨੀ ਦਾ ਨਾਂ ਮਾਯਾ ਦੇਵੀ ਸੀ।ਉਨ੍ਹਾਂ ਤੋਂ ਦੋ ਸਪੁੱਤਰ ਸ੍ਰ. ਕਰਤਾਰ ਸਿੰਘ ਅਤੇ ਸ੍ਰ.ਜਸਵੰਤ ਸਿੰਘ ਅਤੇ ਇਕ ਸਪੁੱਤਰੀ ਪਰੇਮ ਕੌਰ ਦਾ ਜਨਮ ਹੋਇਆ। ਅਜੇ ਬੱਚੇ ਛੋਟੇ ਛੋਟੇ ਹੀ ਸਨ ਕਿ ਪਿਤਾ ਜੀ ਦੀ ਸੁਪਤਨੀ ਚੜ੍ਹਾਈ ਕਰ ਗਈ। ਪਿਤਾ ਜੀ ਨੇ ਇਨ੍ਹਾਂ ਬੱਚਿਆਂ ਨੂੰ ਪਾਲਿਆ ਪੋਸਿਆ ਅਤੇ ਆਪਣੇ ਹੱਥੀਂ ਹੀ ਤਿੰਨਾਂ ਬੱਚਿਆਂ ਦੀਆਂ ਸ਼ਾਦੀਆਂ ਕੀਤੀਆਂ। ਜਦੋਂ ਇਨ੍ਹਾਂ ਤਿੰਨਾਂ ਦੇ ਘਰ ਪਰਵਾਰ ਬਣ ਗਏ ਤਾਂ ਦਾਦੀ ਜੀ ਦੇ ਜੋਰ ਦੇਣ 'ਤੇ 1942 ਵਿੱਚ ਆਪ ਜੀ ਦਾ ਵਿਆਹ ਰਾਮ ਕੌਰ(ਮੇਰੇ ਮਾਤਾ ਜੀ) ਨਾਲ ਹੋਇਆ।ਪਿਤਾ ਜੀ ਖੇਤੀਬਾੜੀ ਦੇ ਨਾਲ-ਨਾਲ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਵੀ ਨਿਭਾਉਂਦੇ ਸਨ।ਫਿਰ ਪਰਵਾਰ ਸਮੇਤ 64 ਚੱਕ, ਜ਼ਿਲ੍ਹਾ ਮਿੰਟਗੁਮਰੀ ਵਿੱਚ ਚਲੇ ਗਏ ਅਤੇ 1947 ਵਿੱਚ ਦੇਸ਼ ਦੀ ਵੰਡ ਤੋਂ ਪਿੱਛੋਂ ਤਨ 'ਤੇ ਪਹਿਨੇ ਹੋਏ ਕੱਪੜਿਆਂ ਤੋਂ ਇਲਾਵਾ ਘਰ ਦਾ ਸਾਰਾ ਸਮਾਨ ਆਂਢੀਆਂ- ਗੁਆਂਢੀਆਂ ਨੂੰ ਵੰਡ ਕੇ ਘਰ ਦਾ ਦਰਵਾਜ਼ਾ ਵੀ ਖੁੱਲ੍ਹਾ ਹੀ ਛੱਡ, ਭਾਣੇ ਨੂੰ ਮਿੱਠਾ ਕਰਕੇ ਮੰਨਦੇ ਹੋਏ, ਪਾਕਿਸਤਾਨ ਤੋਂ ਚੱਲ ਪਏ। ਜੇਕਰ ਕੋਈ ਬਹੁਮੁੱਲਾ ਖ਼ਜਾਨਾ ਨਾਲ ਸੀ ਤਾਂ ਉਹ ਸੀ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਦਾ ਪਾਵਨ ਸਰੂਪ ਜੋ ਉਨ੍ਹਾਂ ਨੇ ਬੜੇ ਅਦਬ ਤੇ ਸਤਿਕਾਰ ਸਹਿਤ ਟਰੰਕ ਵਿੱਚ ਸ਼ੁਸ਼ੋਭਿਤ ਕਰਕੇ ਆਪਣੇ ਸਿਰ 'ਤੇ ਚੁੱਕ ਲਿਆ ਸੀ।ਰਸਤੇ ਦਾ ਦੁਸ਼ਵਾਰੀਆਂ ਭਰਿਆ ਸਮਾਂ ਗੁਰੂ ਦੇ ਭਾਣੇ ਵਿੱਚ ਲੰਘਾਉਂਦੇ ਹੋਏ ਸੁਪਤਨੀ ਰਾਮ ਕੌਰ ਅਤੇ ਬੇਟੀ ਹਰਬੰਸ ਕੌਰ, ਜੋ ਕਿ ਉਸ ਵਕਤ 4 ਕੁ ਸਾਲ ਦੀ ਸੀ ਅਤੇ ਬੇਟੇ ਇੰਦਰ ਸਿੰਘ (ਜੋ ਕਿ ਉਸ ਸਮੇਂ ਸਵਾ ਕੁ ਮਹੀਨੇ ਦਾ ਸੀ ਨੂੰ ਮਾਤਾ ਜੀ ਨੇ ਕੁੱਛੜ ਚੁੱਕ ਲਿਆ), ਨਾਲ ਪਹਿਲਾਂ ਪਿੰਡ ਸੁਧਿਆਣਾ ਨੇੜੇ ਕਾਲਾ ਬਕਰਾ ਅਤੇ ਫਿਰ ਪਿੰਡ ਸ਼ਰੀਹ ਸ਼ੰਕਰ ਜ਼ਿਲ੍ਹਾ ਜਲੰਧਰ ਆ ਕੇ ਵੱਸ ਗਏ। ਇਥੇ ਹੀ ਵੱਡੇ ਵੀਰ ਸ੍ਰ. ਕੁਲਵੰਤ ਸਿੰਘ ਜੋ ਕਿ ਅੱਜ ਕੱਲ੍ਹ ਲੁਧਿਆਣਾ ਦੇ ਮੰਨੇ ਪ੍ਰਮੰਨੇ ਵਕੀਲ ਅਤੇ ਸਮਾਜ ਸੇਵਕ ਹਨ, ਦਾ ਜਨਮ ਹੋਇਆ।ਇਸ ਤੋਂ ਪਿਛੋਂ ਲੁਧਿਆਣਾ ਵਿਖੇ ਆ ਗਏ।ਇੱਥੇ ਮੇਰਾ ਨਾਨਕਾ ਪਰਵਾਰ ਸੀ।ਇੱਥੇ ਕੱਪੜੇ ਦਾ ਵਪਾਰ ਕਰਨਾ ਸ਼ੁਰੂ ਕੀਤਾ ਅਤੇ ਇੱਥੇ ਹੀ ਵੱਡੇ ਭੈਣ ਚਰਨਜੀਤ ਕੌਰ ਅਤੇ ਵੱਡੇ ਵੀਰ ਸ੍ਰ. ਇਕਬਾਲ ਸਿੰਘ ਦਾ ਜਨਮ ਹੋਇਆ। ਕੱਪੜੇ ਦਾ ਕੰਮ ਕਰਦਿਆਂ-ਕਰਦਿਆਂ ਪਿੰਡਾਂ ਵਿੱਚ ਵੀ ਜਾਂਦੇ ਰਹਿੰਦੇ ਸਨ। ਇਕ ਵਾਰ ਜਦ ਪਿੰਡ ਸੋਢੀ ਨਗਰ ਵਿਖੇ ਆਏ ਤਾਂ ਇਥੇ ਉਨ੍ਹਾਂ ਨੂੰ ਪਿਛੋਂ ਪਾਕਿਸਤਾਨ ਤੋਂ ਹੀ ਜਾਣ ਪਹਿਚਾਣ ਵਾਲੇ ਸ੍ਰ. ਕੁੰਦਨ ਸਿੰਘ, ਜੋ ਕਿ ਇਸ ਪਿੰਡ ਦੇ ਸਰਪੰਚ ਸਨ, ਮਿਲੇ ਅਤੇ ਜ਼ੋਰ ਦਿੱਤਾ ਕਿ ਤੁਸੀਂ ਵੀ ਇਸ ਪਿੰਡ ਵਿੱਚ ਹੀ ਆ ਕੇ ਰਹੋ। ਉਨ੍ਹਾਂ ਦੀ ਖਿੱਚ ਕਾਰਣ ਪਿਤਾ ਜੀ 1957 ਦੇ ਆਸ-ਪਾਸ ਲੁਧਿਆਣਾ ਤੋਂ ਪਿੰਡ ਸੋਢੀ ਨਗਰ, ਜ਼ਿਲ੍ਹਾ ਫਿਰੋਜ਼ਪੁਰ ਵਿੱਚ ਆ ਗਏ ਅਤੇ ਫਿਰ ਪਰਵਾਰ ਸਮੇਤ ਇਥੇ ਹੀ ਵੱਸ ਗਏ। ਇਥੇ ਹੀ ਮੇਰਾ ਜਨਮ 16.4.1959 ਈਸਵੀ ਨੂੰ ਹੋਇਆ।

ਜਦੋਂ ਮੈਂ 4 ਕੁ ਸਾਲ ਦਾ ਹੋਇਆ ਤਾਂ ਵੱਡੇ ਭੈਣ ਜੀ ਚਰਨਜੀਤ ਕੌਰ ਨੇ ਪਿੰਡ ਦੇ ਸਰਕਾਰੀ ਮਿਡਲ ਸਕੂਲ ਵਿੱਚ ਦਾਖ਼ਲ ਕਰਵਾ ਦਿੱਤਾ। 8 ਵਰ੍ਹੇ ਦੀ ਉਮਰ ਵਿੱਚ ਹੀ ਪਿਤਾ ਜੀ ਨੇ, ਜਿਨ੍ਹਾਂ ਦੀ ਪਿੰਡ ਵਿੱਚ ਕੱਪੜੇ ਦੀ ਦੁਕਾਨ ਵੀ ਸੀ ਅਤੇ ਨਾਲ ਖੇਤੀਬਾੜੀ ਦਾ ਵੀ ਕੰਮ ਕਰਦੇ ਸਨ ਅਤੇ ਨਾਲ ਦੀ ਨਾਲ ਹੀ ਗੁਰਦੁਆਰਾ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਵੀ ਨਿਭਾਉਂਦੇ ਸਨ, ਮੈਨੂੰ ਗੁਰੂਗ੍ਰੰਥ ਸਾਹਿਬ ਦੇ ਚਰਨੀਂ ਲਗਾ ਦਿੱਤਾ ਜਿਸ ਨਾਲ ਗੁਰਮਤਿ ਨੂੰ ਜਾਨਣ ਤੇ ਸਮਝਣ ਦੀ ਚੇਟਕ ਲੱਗ ਗਈ।

ਬਚਪਨ ਵਿੱਚ ਹੀ ਜਦੋਂ ਪਿਤਾ ਜੀ ਨਾਲ ਖੇਤਾਂ ਵਿੱਚ ਕੰਮ ਕਰਨ ਜਾਣਾ ਤਾਂ ਕੰਮ ਕਰਦੇ -ਕਰਦੇ ਉਨ੍ਹਾਂ ਨੇ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀਆਂ ਸਾਖੀਆਂ ਸੁਣਾਉਂਦੇ ਰਹਿਣਾ।ਇੰਨਾਂ ਜ਼ਿਆਦਾ ਰਸ ਆਉਂਦਾ ਸੀ ਕਿ ਕਿਸੇ ਕਿਸਮ ਦੀ ਥਕਾਵਟ ਨੇੜੇ ਨਹੀਂ ਆਉਂਦੀ ਸੀ।ਕਈ ਵਾਰ ਰਾਤ ਨੂੰ ਵੀ ਖੇਤਾਂ ਵਿੱਚ ਹੀ ਮੰਜੇ ਡਾਹ ਕੇ ਬਿਸਰਾਮ ਕਰਿਆ ਕਰਦੇ ਸੀ। ਇਨ੍ਹਾਂ ਰਾਤਾਂ ਵਿੱਚੋਂ ਇੱਕ ਰਾਤ ਦੀ ਕਹਾਣੀ ਤਾਂ ਅਜੇ ਤੱਕ ਵੀ ਫਿਲਮ ਦੀ ਰੀਲ ਵਾਂਗ ਮੇਰੇ ਮਨ ਮਸਤਕ ਵਿੱਚ ਘੁੰਮ ਜਾਂਦੀ ਹੈ। ਪਿਤਾ ਜੀ, ਵੱਡੇ ਵੀਰ ਇਕਬਾਲ ਸਿੰਘ ਅਤੇ ਮੈਂ ਖੇ

ਤਾਂ ਵਿੱਚ ਕੰਮ ਕਰ ਰਹੇ ਸੀ। ਸੂਰਜ ਢਲਣ ਤੋਂ ਬਾਅਦ ਜਦ ਵਿਹਲੇ ਹੋਏ ਤਾਂ ਇੱਕ-ਦਮ ਬੜੇ ਜ਼ੋਰ ਨਾਲ ਮੀਂਹ, ਹਨੇਰੀ ਤੇ ਝੱਖੜ ਆ ਗਿਆ। ਪਿਤਾ ਜੀ ਨੇ ਕਿਹਾ ਕਿ ਅੱਜ ਨਾਲ ਹੀ ਬੰਬੀ (ਜਿਥੇ ਟਿਊਬਵੈਲ ਦੀ ਮੋਟਰ ਲੱਗੀ ਹੁੰਦੀ ਹੈ) ਵਾਲੇ ਕਮਰੇ ਵਿੱਚ ਆਰਾਮ ਕਰਦੇ ਹਾਂ।ਅਸੀਂ ਮੰਜਾ ਚੁੱਕ ਕੇ ਬੰਬੀ ਵਿੱਚ ਲੈ ਗਏ। ਮੀਂਹ ਅਤੇ ਹਨੇਰੀ ਕਾਰਣ ਲਾਈਟ ਵੀ ਬੰਦ ਹੋ ਚੁੱਕੀ ਸੀ।ਜਿਵੇਂ ਹੀ ਬੰਬੀ ਵਿੱਚ ਮੰਜਾ ਡਾਹ ਕੇ ਲੇਟੇ ਤਾਂ ਪੈਰਾਂ ’ਤੇ ਕੋਈ ਚੀਜ਼ ਲੜਨੀ ਸ਼ੁਰੂ ਹੋ ਗਈ।ਹਨੇਰੇ ਵਿੱਚ ਅਸੀਂ ਪਿਤਾ ਜੀ ਨੂੰ ਕਹਿਣ ਲੱਗੇ, ਪਿਤਾ ਜੀ, ਲੱਗਦਾ ਹੈ ਲੱਤਾਂ ’ਤੇ ਭੂੰਡ ਲੜ ਰਹੇ ਹਨ। ਉਨ੍ਹਾਂ ਨੇ ਸਾਨੂੰ ਹੋਰ ਘੁੱਟ ਕੇ ਗਲਵੱਕੜੀ ’ਚ ਲੈ ਲਿਆ ਅਤੇ ਕਹਿਣ ਲੱਗੇ

ਬੇਟਾ, ਇਹ ਭੂੰਡ ਨਹੀਂ, ਕੰਡਿਆਰੀ ਹੈ (ਇਹ ਕਣਕ ਦੇ ਸਿਟਿਆਂ ਦੇ ਨਾਲ ਨਾਲ ਹੁੰਦੀ ਹੈ ਜਿਸ ਦੇ ਨਾਲ ਕੰਡੇ ਲੱਗੇ ਹੁੰਦੇ ਹਨ)।ਤੁਸੀਂ ਕੋਈ ਚਿੰਤਾ ਨਾ ਕਰੋ ਇਹ ਮਾਮੂਲੀ ਜਿਹੀ ਗੱਲ ਹੈ। ਆਓ, ਆਪਾਂ ਰਲ ਕੇ ਕੀਰਤਨ ਸੋਹਿਲਾ ਜੀ ਦਾ ਪਾਠ ਕਰਦੇ ਹਾਂ।ਪਿਤਾ ਜੀ ਪਾਠ ਕਰਦੇ ਰਹੇ ਅਤੇ ਪੀੜ ਕਾਰਣ ਅਸੀਂ ਇਕ ਨਾਲ ਦੂਸਰੀ ਲੱਤ ਤੇ ਇਕ ਪੈਰ ਨਾਲ ਦੂਸਰਾ ਪੈਰ ਘਸਾਉਂਦੇ ਰਹੇ। ਪਿਤਾ ਜੀ ਪਾਠ ਤੋਂ ਬਾਅਦ ਕੋਈ ਸਾਖੀ ਸੁਣਾਉਣ ਲੱਗ ਪਏ ਤੇ ਸਾਨੂੰ ਪਤਾ ਹੀ ਨਾ ਲੱਗਿਆ ਕਿ ਪੀੜ ਸਹਿੰਦਿਆਂ-ਸਹਿੰਦਿਆਂ ਪਿਤਾ ਜੀ ਦੀ ਨਿੱਘੀ ਗਲਵੱਕੜੀ ਵਿੱਚ ਕਦੋਂ ਨੀਦ ਆ ਗਈ ਅਤੇ ਜਦੋਂ ਸਵੇਰ ਵੇਲੇ ਉਠੇ ਤਾਂ ਕੀ ਦੇਖਿਆ ਕਿ ਭੂੰਡਾਂ ਦੇ ਡੰਗਾਂ ਨਾਲ ਸਾਡੀਆਂ (ਸਮੇਤ ਪਿਤਾ ਜੀ ਦੇ) ਲੱਤਾਂ ਤੇ ਪੈਰ ਸੁੱਜੇ ਪਏ ਸਨ।ਅਸਲ ਵਿੱਚ ਛੱਤ ’ਤੇ ਭੂੰਡਾਂ ਦੀ ਖੱਖਰ ਸੀ ਅਤੇ ਉਹ ਹਨੇਰੀ ਨਾਲ ਡਿੱਗ ਡਿੱਗ ਕੇ ਸਾਡੇ ਪੈਰਾਂ ਤੇ ਲੱਤਾਂ ’ਤੇ ਲੜ ਰਹੇ ਸਨ।ਜਦੋਂ ਅਸੀਂ ਪਿਤਾ ਜੀ ਨੂੰ ਕਿਹਾ ਕਿ ਤੁਸੀਂ ਤਾਂ ਕਹਿੰਦੇ ਸੀ ਕਿ ਕੰਡਿਆਰੀ ਹੈ ਤਾਂ ਕਹਿਣ ਲੱਗੇ, ਪੁੱਤਰੋ, ਇਹ ਤਾਂ ਮੈਨੂੰ ਵੀ ਪਤਾ ਸੀ ਕਿ ਇਹ ਭੂੰਡ ਹਨ, ਪਰ ਸਮੇਂ ਨੂੰ ਸੰਭਾਲਣ ਲਈ ਅਤੇ ਤੁਹਾਡਾ ਮਨੋਬਲ ਬਣਾ ਕੇ ਰੱਖਣ ਲਈ ਇਹ ਕਹਿਣਾ ਬਹੁਤ ਜ਼ਰੂਰੀ ਸੀ, ਨਹੀਂ ਤਾਂ ਇਤਨੀ ਤੇਜ਼ ਬਾਰਸ਼ ਅਤੇ ਝੱਖੜ ਵਿੱਚ ਖੜ੍ਹਨ ਬੈਠਣ ਲਈ ਹੋਰ ਠਿਕਾਣਾ ਵੀ ਤੇ ਕੋਈ ਨਹੀਂ ਸੀ।ਖਾਲਸੇ ਨੂੰ ਔਖੀ ਤੋਂ ਔਖੀ ਘੜੀ ਵਿੱਚ ਵੀ ਚੜ੍ਹਦੀ ਕਲਾ ਦਾ ਪੱਲਾ ਨਹੀਂ ਛੱਡਣਾ ਚਾਹੀਦਾ।

ਅੱਜ ਵੀ ਮੈਂ ਅਤੇ ਵੱਡਾ ਵੀਰ ਇਕਬਾਲ ਸਿੰਘ ’ਕੱਠੇ ਬੈਠਦੇ ਹਾਂ ਅਤੇ ਬੱਚਿਆਂ ਨੂੰ ਇਹ ਅਤੇ ਇਹੋ ਜਿਹੀਆਂ ਹੋਰ ਅਨੇਕਾਂ ਘਟਨਾਵਾਂ ਦੱਸਦੇ ਹਾਂ ਤਾਂ ਮਨਾਂ ਅੰਦਰ ਚੜ੍ਹਦੀ ਕਲਾ ਦਾ ਸੰਚਾਰ ਹੁੰਦਾ ਹੈ। ਉਨ੍ਹਾਂ ਦਿਨਾਂ ਵਿੱਚ ਸਾਡੇ ਘਰ ਦੇ ਵਿੱਚ ਹੀ ਰਾਤ 8 ਵਜੇ ਤੋਂ 9 ਵਜੇ ਤੱਕ ਆਂਢਣਾਂ-ਗੁਆਂਢਣਾਂ ਆਉਂਦੀਆਂ ਸਨ ਅਤੇ ਗੁਰਮਤਿ ਵਿਚਾਰਾਂ ਹੁੰਦੀਆਂ ਸਨ। ਮੇਰੀ ਡਿਊਟੀ ‘ਜਨਮ ਸਾਖ਼ੀ ਭਾਈ ਬਾਲਾ ਜੀ ’ ਅਤੇ ‘ਸਾਖ਼ੀ ਪ੍ਰਮਾਣ’ ਵਿੱਚੋਂ ਹਰ ਰੋਜ਼ ਇੱਕ ਕਥਾ ਸੁਣਾਉਣ ਦੀ ਹੁੰਦੀ ਸੀ ਜਿਸ ਨੂੰ ਬਹੁਤ ਸਲਾਹਿਆ ਜਾਂਦਾ ਸੀ।ਪਿਤਾ ਜੀ ਤਾਂ ਕਿਹਾ ਕਰਦੇ ਸਨ ਇਹ ਸਾਡਾ ਵਡੱਕਾ ‘ਭਾਈ ਹਰੀਆ’ ਆ ਗਿਆ ਹੈ।ਇਸ ਪਿੰਡ ਵਿੱਚ ਸੋਢੀ ਸਾਹਿਬਾਨ ਵੱਡੇ ਜ਼ਿਮੀਦਾਰਾਂ ਦੇ ਰੂਪ ਵਿੱਚ ਵਿਚਰਦੇ ਸਨ।ਮੈਨੂੰ ਵੀ ਬਚਪਨ ਵਿੱਚ ਸਵਰਗੀ ਸੋਢੀ ਹਰਨਾਮ ਸਿੰਘ, ਮਾਤਾ ਕੁਸ਼ੱਲਿਆ ਦੇਵੀ ਅਤੇ ਉਨ੍ਹਾਂ ਦੇ ਸਪੁੱਤਰਾਂ ਸ੍ਰ. ਪੁਸ਼ਪਿੰਦਰ ਸਿੰਘ ਅਤੇ ਸ੍ਰ. ਰਣਧੀਰ ਸਿੰਘ ਜੀ( ਜੋ ਉਸ ਸਮੇਂ ਪਿੰਡ ਦੇ ਸਰਪੰਚ ਸਨ) ਦੇ ਦਰਸ਼ਨ ਕਰਨ ਦਾ ਸੁਭਾਗ ਸਮਾਂ ਪ੍ਰਾਪਤ ਹੁੰਦਾ ਰਹਿੰਦਾ ਸੀ।ਕਾਰਣ ਇਹ ਸੀ ਕਿ ਉਨ੍ਹਾਂ ਦੇ ਗ੍ਰਹਿ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ਮਾਨ ਸਨ ਅਤੇ ਮੇਰੀ ਸੇਵਾ ਅੰਮ੍ਰਿਤ ਵੇਲੇ ਪ੍ਰਕਾਸ਼ ਕਰਨ ਅਤੇ ਸੰਧਿਆ ਵੇ ਲੇ ਤੋਂ ਬਾਅਦ ਸੁਖਆਸਨ ਕਰਨ ਦੀ ਸੀ।

ਅਜੇ ਮੈਂ 11 ਕੁ ਸਾਲ ਦਾ ਹੀ ਸਾਂ ਜਦੋਂ ਪਿਤਾ ਜੀ ਮਹੀਨਾ ਕੁ ਬਿਮਾਰ ਰਹਿਣ ਤੋਂ ਬਾਅਦ ਲੁਧਿਆਣਾ ਵਿਖੇ ਅਕਾਲ ਚਲਾਣਾ ਕਰ ਗਏ ਪ੍ਰੰਤੂ ਸਤਿਕਾਰਯੋਗ ਮਾਤਾ ਰਾਮ ਕੌਰ ਜੀ, ਵੱਡੇ ਵੀਰ ਸ੍ਰ. ਇੰਦਰ ਸਿੰਘ ਅਤੇ ਭਰਜਾਈ ਪ੍ਰੇਮ ਕੌਰ ਦੇ ਨਿੱਘੇ ਪਿਆਰ ਤੇ ਥਾਪੜੇ ਨੇ ਉਨ੍ਹਾਂ ਦੇ ਵਿਛੋੜੇ ਦੇ ਅਸਹਿ ਦੁੱਖ ਨੂੰ ਕਦੇ ਵੀ ਮਹਿਸੂਸ ਨਾ ਹੋਣ ਦਿੱਤਾ।ਮਾਤਾ ਜੀ ਨਿਤਨੇਮੀ ਸਨ ਅਤੇ ਬੇਸ਼ਕ ਪੁਰਾਤਨ ਸਮੇਂ ਦੀ ਇਕ ਅੱਧ ਜਮਾਤ ਹੀ ਪੜ੍ਹੇ ਹੋਏ ਸਨ ਫਿਰ ਵੀ ਉਨ੍ਹਾਂ ਨੂੰ ਕਈ ਬਾਣੀਆਂ ਜ਼ਬਾਨੀ ਕੰਠ ਸਨ ਅਤੇ ਅੰਮ੍ਰਿਤ ਵੇਲੇ ਉਹ ਚਾਟੀ ਵਿੱਚ ਮਧਾਣੀ ਨਾਲ ਦੁੱਧ ਰਿੜਕਦੇ ਰਿੜਕਦੇ ਨਾਲ ਦੀ ਨਾਲ ਆਸਾ ਜੀ ਦੀ ਵਾਰ ਦਾ ਜ਼ਬਾਨੀ ਪਾਠ ਵੀ ਕਰਦੇ ਸਨ। ਬਾਲ ਉਮਰ ਵਿੱਚ ਹੀ ਮੈਂ ਆਪਣੇ ਮਾਤਾ ਜੀ ਅਤੇ ਵੱਡੇ ਭੈਣ ਹਰਬੰਸ ਕੌਰ ਜੀ ਨੂੰ ਕੱਪੜੇ ਸੀਂਦਿਆਂ ਦੇਖਦਾ ਰਹਿੰਦਾ ਸਾਂ ਅਤੇ ਮਨ ਵਿੱਚ ਸੋਚਦਾ ਸਾਂ ਕਿ ਮਾਤਾ ਜੀ ਅਤੇ ਭੈਣ ਜੀ ਕਿਤਨੇ ਮਿਹਨਤੀ ਹਨ।

ਬਚਪਨ ਪਿੰਡ ਦੀਆਂ ਗਲੀਆਂ ’ਚ ਗੁਜ਼ਾਰਦਿਆਂ, ਵੱਟੇ ਮਾਰ ਮਾਰ ਕੇ ਬੇਰੀਆਂ ਤੋਂ ਪੱਕੇ ਬੇਰ ਡੇਗਦਿਆਂ, ਬਾਲਪਣ ਦੇ ਦੋਸਤਾਂ ਨਾਲ ਖੇਡਾਂ ਖੇਡਦਿਆਂ-ਖੇਡਦਿਆਂ ਹੀ ਜ਼ਿੰਦਗੀ ਦੇ ਲੰਮੇ ਪੈਂਡੇ ਵੱਲ ਕਦਮ ਵਧਾਉਣੇ ਸ਼ੁਰੂ ਕਰ ਦਿੱਤੇ। ਪੜ੍ਹਾਈ ਦੇ ਨਾਲ-ਨਾਲ ਅਖੰਡ ਪਾਠ ਸਾਹਿਬ ਅਤੇ ਸਹਿਜ ਪਾਠ ਸਾਹਿਬ ਵੀ ਕਰਨੇ ਸ਼ੁਰੂ ਕਰ ਦਿੱਤੇ।ਪਿਤਾ ਜੀ ਦੇ ਚੜ੍ਹਾਈ ਕਰਨ ਦੇ ਪਿਛੋਂ ਪਿੰਡ ਦੇ ਗੁਰੂ ਘਰ ਦੀ ਸੇਵਾ ਮੇਰੇ ਵੱਡੇ ਵੀਰ ਸ੍ਰ. ਇੰਦਰ ਸਿੰਘ,ਸ੍ਰ. ਇਕਬਾਲ ਸਿੰਘ ਅਤੇ ਦਾਸ ਦੇ ਜਿੰਮੇ ਲੱਗੀ ਅਤੇ ਅਸੀਂ ਸਾਰੇ ਇਸ ਸੇਵਾ ਨੂੰ ਤਨਦੇਵੀ ਨਾਲ ਨਿਭਾਉਂਦੇ ਰਹੇ।ਪਿੰਡ ਵਿਖੇ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਦੀ ਸੇਵਾ ਵੀ ਆਰੰਭ ਕਰਵਾਈ। ਸਾਡੇ ਸਾਰਿਆਂ ਦੇ ਪਿੰਡ ਤੋਂ ਲੁਧਿਆਣਾ ਆ ਜਾਣ ਤੋਂ ਬਾਅਦ ਇਹ ਸੇਵਾ ਸ੍ਰ. ਰੌਣਕ ਸਿੰਘ ਜੀ ਬੜੀ ਚੜ੍ਹਦੀ ਕਲਾ ਨਾਲ ਨਿਭਾ ਰਹੇ ਹਨ।

ਬਾਲ ਉਮਰ ਤੋਂ ਹੀ ਦਾਸ ਪਿੰਡ ਦੇ ਸਰਕਾਰੀ ਮਿਡਲ ਸਕੂਲ ਵਿੱਚ ਹਰ ਸ਼ਨਿਚਰਵਾਰ

ਨੂੰ ਬਾਲ ਸਭਾ ਵਿੱਚ ਹੋਰਨਾਂ ਬੱਚਿਆਂ ਨਾਲ ਬੜੇ ਜੋਸ਼ ਨਾਲ ਕਵਿਤਾਵਾਂ ਸੁਣਾਉਣ ਲੱਗ ਪਿਆ ਅਤੇ ਅਧਿਆਪਕ ਸਾਹਿਬਾਨ ਵਲੋਂ ਸ਼ਾਬਾਸ਼ ਮਿਲਣ ਅਤੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਇਨਾਮ ਸਨਮਾਨ ਪ੍ਰਾਪਤ ਹੋਣ ਨਾਲ ਸਟੇਜੀ ਹੌਂਸਲੇ ਬੁਲੰਦ ਹੋਣ ਲੱਗੇ। ਬਾਅਦ ਵਿੱਚ ਇਹ ਸਕੂਲ ਮਿਡਲ ਤੋਂ ਹਾਈ ਹੋ ਗਿਆ ਅਤੇ ਇਸੇ ਸਕੂਲ ਤੋਂ ਦਸਵੀਂ ਦੀ ਪ੍ਰੀਖਿਆ ਪਹਿਲੇ ਨੰਬਰ 'ਤੇ ਰਹਿ ਕੇ ਪਾਸ ਕੀਤੀ। ਇਸ ਪਿੰਡ ਵਿੱਚ ਰਹਿੰਦਿਆਂ ਪਿੰਡ ਦੇ ਸਤਿਕਾਰਯੋਗ ਬਜ਼ੁਰਗਾਂ ਅਤੇ ਵੱਡਿਆਂ ਖ਼ਾਸ ਤੌਰ ਤੇ ਸ੍ਰ. ਕੁੰਦਨ ਸਿੰਘ,ਸ੍ਰ. ਅਜੀਤ ਸਿੰਘ ਜੀ,ਸ੍ਰੀ ਅਮਰਨਾਥ ਜੀ,ਸ੍ਰੀ ਚਿਮਨ ਲਾਲ ਜੀ, ਸ੍ਰ. ਜਗੀਰ ਸਿੰਘ ਜੀ, ਸ੍ਰ. ਮੱਘਰ ਸਿੰਘ ਜੀ, ਸ੍ਰ. ਪਾਲਾ ਸਿੰਘ,ਗਿਆਨ ਸਿੰਘ,ਤਾਰਾ ਸਿੰਘ,ਸ੍ਰੀ ਦੀਵਾਨ ਚੰਦ,ਸ੍ਰੀ ਸਾਧੂਰਾਮ ਜੀ,ਬਾਪੂ ਤੇਜਾ ਸਿੰਘ ਜੀ,ਸ੍ਰ. ਬਹਾਲ ਸਿੰਘ ਜੀ,ਹੌਲਦਾਰ ਜੀ,ਸ੍ਰ. ਪਿਆਰਾ ਸਿੰਘ ਜੀ, ਸ੍ਰ.ਗੁਰਮੇਜ ਸਿੰਘ ਜੀ ਸ੍ਰ. ਠਾਕੁਰ ਸਿੰਘ ਜੀ,ਸ੍ਰੀ ਸੋਹਨ ਲਾਲ ਜੀ,ਸ੍ਰੀ ਸ਼ਿਵਨਾਥ ਜੀ ਅਤੇ ਕਈ ਹੋਰਾਂ ਦਾ ਜਿੰਨ੍ਹਾਂ ਦੇ ਨਾਂ ਅੱਜ ਦਾਸ ਨੂੰ ਵਿਸਰ ਚੁੱਕੇ ਹਨ, ਨੇ ਬਹੁਤ ਹੀ ਪਿਆਰ ਅਤੇ ਸਤਿਕਾਰ ਦਿੱਤਾ। ਇਸੇ ਪਿੰਡ ਵਿੱਚ ਇਸਾਈ ਬਿਰਾਦਰੀ ਦੇ ਸਾਰੇ ਪਰਵਾਰ ਵੀ ਬਹੁਤ ਮਾਣ ਸਨਮਾਨ ਦਿੰਦੇ ਸਨ। ਸੋਢੀ ਸਾਹਿਬਾਨ ਸ੍ਰ. ਕਰਤਾਰ ਸਿੰਘ ਜੀ, ਸ੍ਰ.ਮਹਿੰਦਰ ਸਿੰਘ, ਸ੍ਰ. ਬਲਵਿੰਦਰ ਸਿੰਘ ਆਦਿ ਵੀ ਪਿੰਡ ਦੇ ਮੰਨੇ ਪਰਮੰਨੇ ਜਿੰਮੀਦਾਰ ਸਨ।

ਦਸਵੀਂ ਕਰਨ ਉਪਰੰਤ ਗਰੈਜੂਏਸ਼ਨ ਲਈ ਆਰ.ਐਸ.ਡੀ. ਕਾਲਜ਼, ਫਿਰੋਜ਼ਪੁਰ ਵਿਖੇ ਦਾਖਲਾ ਲੈ ਲਿਆ। ਦਸਵੀਂ ਵਿੱਚ ਆਏ ਚੰਗੇ ਨੰਬਰਾਂ ਦੇ ਆਧਾਰ 'ਤੇ ਵਜੀਫ਼ਾ ਲੱਗ ਗਿਆ। ਬੜੇ ਹੀ ਪਿਆਰੇ ਮਿੱਤਰਾਂ ਬਲਦੇਵ ਸਿੰਘ, ਬਲਬੀਰ ਸਿੰਘ, ਸ਼ੁਬੇਗ ਸਿੰਘ, ਬਖ਼ਸ਼ੀਸ਼ ਸਿੰਘ ਆਦਿ ਨਾਲ ਆਪਣੇ ਆਪ ਨੂੰ ਕਾਲਜ ਦੇ ਮਾਹੌਲ ਵਿੱਚ ਢਾਲ ਲਿਆ। ਕਾਲਜ ਵਿੱਚ ਪੜ੍ਹਦੇ ਸਮੇਂ 1977 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਨੌਜਵਾਨ ਵੀਰਾਂ ਨਾਲ ਸੰਪਰਕ ਹੋਇਆ, ਜਿਸ ਨਾਲ ਜ਼ਿੰਦਗੀ ਨੇ ਇੱਕ ਇਤਿਹਾਸਕ ਤੇ ਸੁਨਹਿਰੀ ਮੋੜ ਕੱਟਿਆ। ਸਟੱਡੀ ਸਰਕਲ ਦੇ ਉਸ ਸਮੇਂ ਦੇ ਸੀਨੀਅਰ ਮੀਤ ਪ੍ਰਧਾਨ ਸ੍ਰ: ਦਵਿੰਦਰ ਸਿੰਘ ਕਾਲਜ ਵਿੱਚ ਪਹੁੰਚੇ ਅਤੇ ਦਮਦਮਾ ਸਾਹਿਬ ਵਿਖੇ ਲੱਗ ਰਹੇ ਗੁਰਮਤਿ ਟ੍ਰੇਨਿੰਗ ਕੈਂਪ ਬਾਰੇ ਜਾਣਕਾਰੀ ਦਿੱਤੀ। ਮਨ ਗੱਦ ਗੱਦ ਹੋ ਉਠਿਆ ਕਿ ਕੋਈ ਇਸ ਤਰ੍ਹਾਂ ਦੀ ਵੀ ਜਥੇਬੰਦੀ ਹੈ, ਜੋ ਨੌਜਵਾਨਾਂ ਨੂੰ ਗੁਰਮਤੀ ਰੰਗਣ 'ਚ ਰੰਗਣ ਲਈ ਯਤਨਸ਼ੀਲ ਹੈ। ਇਸ ਤਰ੍ਹਾਂ ਦਾ ਕੈਂਪ ਲਗਾਉਣ ਲਈ ਬੜਾ ਚਾਅ ਤੇ ਉਮਾਹ ਸੀ। ਆਪਣੇ ਸਾਥੀਆਂ ਸ਼ੁਬੇਗ ਸਿੰਘ, ਬਲਬੀਰ ਸਿੰਘ ਅਤੇ ਹੋਰਾਂ ਨਾਲ ਕੈਂਪ ਲਗਾਉਣ ਲਈ ਚੱਲ ਪਏ। ਸ੍ਰ: ਰਣਜੀਤ ਸਿੰਘ, ਜ਼ੋਨਲ ਸਕੱਤਰ, ਮੋਗਾ ਜ਼ੋਨ (ਅੱਜ ਕੱਲ੍ਹ ਡਿਪਟੀ ਚੀਫ਼ ਆਰਗੇਨਾਈਜ਼ਰ) ਦੀ ਅਗਵਾਈ ਵਿੱਚ ਮੋਗਾ ਤੋਂ ਦਮਦਮਾ ਸਾਹਿਬ ਵੱਲ ਚਾਲੇ ਪਾਏ ਅਤੇ ਗੁਰੂ ਕਾਸ਼ੀ ਕਾਲਜ ਦਮਦਮਾ ਸਾਹਿਬ ਵਿਖੇ ਪਹਿਲਾ ਗੁਰਮਤਿ ਟ੍ਰੇਨਿੰਗ ਕੈਂਪ ਮਿਤੀ 30.09.1977 ਤੋਂ 03.10.1977 ਤੱਕ ਸੰਪੰਨ ਹੋਇਆ। ਬੜੀ ਚੜ੍ਹਦੀ ਕਲਾ ਨਾਲ ਸਾਰੇ ਸੈਸ਼ਨਾਂ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਵਿਦਵਾਨਾਂ ਦੇ ਲੈਕਚਰਾਂ ਦਾ ਅਨੰਦ ਮਾਣਿਆ ਅਤੇ ਉਥੇ ਹੋਏ ਕਵਿਤਾ ਉਚਾਰਣ ਮੁਕਾਬਲੇ ਵਿੱਚ ਹਿੱਸਾ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਕੈਂਪ ਦੇ ਅਖੀਰਲੇ ਦਿਨ ਕਵਿਤਾ ਮੁਕਾਬਲੇ,ਭਾਸ਼ਣ ਮੁਕਾਬਲੇ ਆਦਿ ਵਿੱਚੋਂ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਕੈਂਪਰਜ਼ ਨੂੰ ਜਥੇਬੰਦੀ ਵਲੋਂ ਸ੍ਰ. ਰਣਧੀਰ ਸਿੰਘ ਚੀਮਾ ਪੀ.ਡਬਲਿਊ.ਡੀ ਮੰਤਰੀ ਪੰਜਾਬ ਦੇ ਕਰ ਕਮਲਾਂ ਰਾਹੀਂ ਸਨਮਾਨਿਤ ਕਰਵਾਇਆ ਗਿਆ। ਇਸ ਮੌਕੇ 'ਤੇ ਸ੍ਰ. ਗੁਰਮੀਤ ਸਿੰਘ ਫਾਊਂਡਰ ਪ੍ਰਧਾਨ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਐਲਾਨ ਕੀਤਾ ਕਿ ਇਨ੍ਹਾਂ ਨੌਜਵਾਨਾਂ ਨੂੰ ਮੇਰੇ ਵਲੋਂ ਵੀ ਇਨਾਮ ਭੇਜਿਆ ਜਾਵੇਗਾ। ਅਸੀਂ ਸਾਰੇ ਕੈਂਪਰਜ਼ ਮਨਾ ਅੰਦਰ ਚੜ੍ਹਦੀ ਕਲਾ ਲੈ ਕੇ ਵਿਦਾ ਹੋ ਗਏ।

15 ਕੁ ਦਿਨ ਬਾਅਦ ਮੇਰੇ ਘਰ ਦੇ ਐਡਰੈਸ 'ਤੇ ਇਕਵੰਜਾ ਰੁਪਏ ਦਾ ਚੈੱਕ ਆਇਆ। ਇਹ ਚੈੱਕ ਸ੍ਰ. ਗੁਰਮੀਤ ਸਿੰਘ ਵਲੋਂ ਕੀਤੇ ਹੋਏ ਐਲਾਨ ਅਨੁਸਾਰ ਮੁਕਾਬਲਿਆਂ ਵਿੱਚੋਂ ਅਵਲ ਦਰਜੇ 'ਤੇ ਆਏ ਕੈਂਪਰਜ਼ ਦਾ ਮਨੋਬਲ ਵਧਾਉਣ ਲਈ ਭੇਜੇ ਗਏ ਸਨ। ਖ਼ੁਸੀ ਦਾ ਕੋਈ ਠਿਕਾਣਾ ਨਾ ਰਿਹਾ। ਪਹਿਲੀ ਵਾਰ ਚੈਕ ਵੇਖਿਆ ਸੀ ਤੇ ਇਸ ਨੂੰ ਲੈ ਕੇ ਮੈਂ ਪਹਿਲੀ ਵਾਰ ਬੈਂਕਾਂ ਵਿੱਚ ਗਿਆ। ਉਥੋਂ ਪਤਾ ਲੱਗਾ ਕਿ ਚੈਕ ਕੈਸ਼ ਕਰਵਾਉਣ ਲਈ ਪਹਿਲਾਂ ਬੈਂਕ ਅਕਾਊਂਟ ਖੁਲਵਾਉਣਾ ਪੈਂਦਾ ਹੈ। ਖੈਰ ਅਗਲੀ ਕਹਾਣੀ ਬਹੁਤ ਲੰਬੀ ਚੌੜੀ ਹੈ। ਪਰ ਅਸਲੀਅਤ ਇਹ ਹੀ ਹੈ ਕਿ ਇਹ ਮਾਣ ਸਨਮਾਨ ਇਨਾਮ ਮੇਰੇ ਕਾਵਿਕ ਜ਼ਿੰਦਗੀ ਦੇ ਖੇਤਰ ਵਿੱਚ ਮੀਲ ਪੱਥਰ ਸਾਬਤ ਹੋਇਆ ਅਤੇ ਇਸੇ ਉਤਸ਼ਾਹ ਵਿੱਚ ਮੈਂ ਇਸ ਕਾਵਿ-ਪੰਧ 'ਤੇ ਭਵਿੱਖਤ ਸਫ਼ਰ ਕਰਨ ਲਈ ਆਪਣਾ ਮਨ ਬਣਾ ਲਿਆ।

ਉਸ ਤੋਂ ਬਾਅਦ ਪੜ੍ਹਾਈ ਦੇ ਨਾਲ-ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਮੇਰੀ ਜ਼ਿੰਦਗੀ ਦਾ ਇਕ ਅਹਿਮ ਹਿੱਸਾ ਬਣ ਗਿਆ। ਅਜੇ ਵੀ ਯਾਦ ਹਨ ਉਹ ਦਿਨ ਜਦੋਂ ਸਟੱਡੀ ਸਰਕਲ ਵਲੋਂ ਕਾਲਜਾਂ ਵਿੱਚ ਨੌਜੁਆਨਾਂ ਨੂੰ ਗੁਰੂ ਡੰਮ ਤੋਂ ਸੁਚੇਤ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਅੱਗੇ 'ਆਤਮ ਸਮਰਪਣ' ਕਰਨ ਲਈ 28 ਜਨਵਰੀ, 1979 ਨੂੰ ਲੁਧਿਆਣਾ ਵਿਖੇ ਪਹੁੰਚਣ ਲਈ ਸੱਦਾ ਦਿੱਤਾ ਗਿਆ। ਉਸ ਸਮੇਂ ਨੌਜਵਾਨਾਂ ਦੇ ਜਜ਼ਬਾਤ ਕਿਸ ਤਰ੍ਹਾਂ ਦੇ ਸਨ, ਇਸ ਦਾ ਵਰਣਨ ਮੈਂ ਆਪਣੀ ਉਸ ਸਮੇਂ ਦੀ ਅਵੱਸਥਾ ਰਾਹੀਂ ਬਿਆਨ ਕਰਨਾ ਚਾਹਵਾਂਗਾ। ਮੈਂ ਉਸ ਸਮੇਂ ਸਟੱਡੀ ਸਰਕਲ ਦੇ ਫ਼ਿਰੋਜ਼ਪੁਰ ਜ਼ਿਲ੍ਹੇ ਦਾ ਪ੍ਰਧਾਨ ਸੀ ਤੇ ਕਾਲਜ ਵਿੱਚ ਬੀ.ਏ ਭਾਗ ਤੀਜਾ ਦਾ ਵਿਦਿਆਰਥੀ ਸੀ। ਸ੍ਰ. ਪ੍ਰਤਾਪ ਸਿੰਘ, ਮੈਂਬਰ ਸੁਪਰੀਮ ਕੌਂਸਲ (ਹੁਣ ਵਾਈਸ ਚੇ

ਅਰਮੈਨ, ਸੈਂਚੂਰੀਅਨ ਬੈਂਕ ਆਫ਼ ਪੰਜਾਬ) ਉਸ ਸਮੇਂ ਸਟੱਡੀ ਸਰਕਲ ਦੇ ਪ੍ਰਧਾਨ ਸਨ। ਜਥੇਬੰਦੀ ਵਲੋਂ ਵਿਦਿਆਰਥੀਆਂ ਦੀਆਂ ਦੋ ਬੱਸਾਂ ਲਿਆਉਣ ਦੀ ਸੇਵਾ ਲਾਈ ਗਈ ਸੀ। 27.01.79 ਨੂੰ ਸਵੇਰੇ ਦੋ ਬੱਸਾਂ ਕਾਲਜ ਦੇ ਗੇਟ ਸਾਹਮਣੇ ਖੜ੍ਹੀਆਂ ਕਰ ਦਿੱਤੀਆਂ। ਕੇਸਰੀ ਨਿਸ਼ਾਨ ਸਾਹਿਬ ਬੱਸਾਂ ਦੇ ਅੱਗੇ ਲਗਾਏ ਹੋਏ ਸਨ। ਸਟੱਡੀ ਸਰਕਲ ਦੇ ਮਾਟੋ ਵੀ ਲੱਗੇ ਹੋਏ ਸਨ। ਕਾਲਜ ਅਥਾਰਟੀਜ਼ ਵਲੋਂ ਇਸ ਤਰ੍ਹਾਂ ਵਿਦਿਆਰਥੀਆਂ ਨੂੰ ਲਿਜਾਣ ਦੀ ਮਨਾਹੀ ਸੀ। ਮੈਂ ਉਸ ਵਕਤ ਆਪਣੇ ਜਥੇਬੰਦਕ ਸਾਥੀਆਂ ਬਲਬੀਰ ਸਿੰਘ ਅਤੇ ਸ਼ੁਬੇਗ ਸਿੰਘ ਆਦਿ ਨਾਲ ਸਲਾਹ ਮਸ਼ਵਰਾ ਕੀਤਾ ਅਤੇ ਫਿਰ ਹੱਥ ਵਿੱਚ ਸ੍ਰੀ ਸਾਹਿਬ ਲੈ ਕੇ ਕਾਲਜ ਦੇ ਕਲਾਸਾਂ ਦੇ ਕਮਰਿਆਂ ਵਿੱਚ ਘੁੰਮਿਆ ਅਤੇ ਵਿਦਿਆਰਥੀਆਂ ਨੂੰ ਗਰਜਵੀਂ ਅਵਾਜ਼ ਵਿੱਚ 'ਆਤਮ ਸਮਰਪਣ ਦਿਵਸ' ਬਾਰੇ ਜਾਣਕਾਰੀ ਦਿੱਤੀ ਅਤੇ ਲੁਧਿਆਣੇ ਜਾਣ ਲਈ ਪ੍ਰੇਰਿਆ। ਵੇਖਦਿਆਂ ਹੀ ਵੇਖਦਿਆਂ ਦੋਵੇਂ ਬੱਸਾਂ ਨੱਕੋ-ਨੱਕ ਭਰ ਗਈਆਂ ਅਤੇ ਅਸੀਂ ਜੈਕਾਰਿਆਂ ਦੀ ਗੂੰਜ ਵਿੱਚ ਉਥੋਂ ਲੁਧਿਆਣਾ ਲਈ ਰਵਾਨਾ ਹੋ ਪਏ ਅਤੇ ਸ਼ਾਮ ਤੱਕ ਲੁਧਿਆਣੇ ਪਹੁੰਚ ਗਏ। 28 ਜਨਵਰੀ 1979 ਨੂੰ ਦਸ ਹਜ਼ਾਰ ਤੋਂ ਵੀ ਵੱਧ ਵਿਦਿਆਰਥੀਆਂ ਨੇ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਆਤਮ ਸਮਰਪਣ ਕੀਤਾ। ਇਹ ਕਿਸ ਤਰ੍ਹਾਂ ਦਾ ਸਮਾਗਮ ਸੀ, ਇਸ ਦਾ ਵਰਣਨ ਮੇਰੀ ਲਿਖੀ ਪੁਸਤਕ 'ਧਰਮ ਕਾ ਜੈਕਾਰ' ਵਿੱਚ ਪੰਨਾ 76 ਤੋਂ 86 ਤੱਕ ਵੇਰਵੇ ਸਹਿਤ ਦਰਜ਼ ਹੈ।

ਇਸ ਤੋਂ ਬਾਅਦ ਸਮੇਂ-ਸਮੇਂ 'ਤੇ ਜਥੇਬੰਦੀ ਵੱਲੋਂ ਲਗਾਈਆਂ ਸੇਵਾਵਾਂ ਨੂੰ ਵੀ ਬਾਖੂਬੀ ਨਿਭਾਹਿਆ।

ਜਥੇਬੰਦੀ ਵੱਲੋਂ ਕਰਵਾਏ ਜਾ ਰਹੇ ਹਰ ਤਰ੍ਹਾਂ ਦੇ ਸਮਾਗਮਾਂ ਵਿੱਚ ਮੈਨੂੰ ਕਵਿਤਾਵਾਂ ਸੁਣਾਉਣ ਲਈ ਖੁੱਲ੍ਹਾ ਸਮਾਂ ਦਿੱਤਾ ਜਾਣ ਲੱਗਾ ਅਤੇ ਜਦੋਂ ਸਾਰੇ ਕੈਂਪਰਜ਼ ਕਵਿਤਾਵਾਂ ਸੁਣਦੇ ਅਤੇ ਜੈਕਾਰਿਆਂ ਦੀ ਗੂੰਜਾਰ ਪਾਉਂਦੇ ਤਾਂ ਮੇਰਾ ਮਨੋਬਲ ਹੋਰ ਵਧਦਾ ਰਿਹਾ ਅਤੇ ਆਪ (ਖ਼ੁਦ) ਕਵਿਤਾਵਾਂ ਲਿਖਣ ਦਾ ਵੀ ਸ਼ੌਕ ਜਾਗਿਆ। ਕਾਲਜ ਵਿੱਚ ਪੜ੍ਹਦਿਆਂ ਹੀ ਯੂਥ ਸਰਵਿਸ ਕਲੱਬ ਦੇ ਪ੍ਰਧਾਨ ਅਤੇ ਕਾਲਜ ਮੈਗਜ਼ੀਨ ਦੇ ਪੰਜਾਬੀ ਸੈਕਸ਼ਨ ਦੇ ਐਡੀਟਰ ਵਜੋਂ ਸੇਵਾ ਕਰਨ ਦਾ ਅਵਸਰ ਪ੍ਰਾਪਤ ਹੋਇਆ। ਇਨ੍ਹਾਂ ਦਿਨਾਂ ਵਿੱਚ ਹੀ ਪੰਜਾਬ ਯੂਨੀਵਰਸਿਟੀ ਵਲੋਂ ਡਲਹੌਜ਼ੀ ਅਤੇ ਦਾਰਜੀਲਿੰਗ ਵਿਖੇ ਲਗਾਏ ਗਏ ਯੂਥ ਲੀਡਰਸ਼ਿਪ ਟਰੇਨਿੰਗ ਕੈਂਪਾਂ ਵਿੱਚ ਸ਼ਾਮਲ ਹੋਇਆ। ਕਾਲਜਾਂ ਵਿੱਚ ਹੋ ਰਹੇ ਯੂਥ ਫ਼ੈਸਟੀਵਲਜ਼ ਵਿੱਚ ਕਵਿਤਾ ਉਚਾਰਣ ਅਤੇ ਡੈਕਲੇਮੇਸ਼ਨ ਮੁਕਾਬਲਿਆਂ ਵਿੱਚ ਹਿੱਸਾ ਲੈ ਕੇ ਮਾਣ ਸਨਮਾਨ ਅਤੇ ਇਨਾਮ ਪ੍ਰਾਪਤ ਕੀਤੇ। 1979 ਤੱਕ ਪਿੰਡ ਸੋਢੀ ਨਗਰ ਹੀ ਰਿਹਾ। ਵੱਡੇ ਵੀਰ ਇਕਬਾਲ ਸਿੰਘ ਦੀ ਸ਼ਾਦੀ ਹੋ ਗਈ ਸੀ ਅਤੇ ਭਰਜਾਈ ਕੁਲਵੰਤ ਕੌਰ ਨੇ ਮੈਨੂੰ ਵੀ ਬਹੁਤ ਲਾਡ ਪਿਆਰ ਦਿੱਤਾ।

ਕਿਉਂਕਿ ਵੱਡੇ ਵੀਰ ਸ੍ਰ.ਕੁਲਵੰਤ ਸਿੰਘ ਅਤੇ ਭਰਜਾਈ ਇੰਦਰਜੀਤ ਕੌਰ ਜੀ ਲੁਧਿਆਣਾ ਵਿਖੇ ਰਹਿ ਰਹੇ ਸਨ, ਇਸ ਲਈ ਆਰ.ਐਸ.ਡੀ.ਕਾਲਜ, ਫਿਰੋਜ਼ਪੁਰ ਤੋਂ ਗਰੇਜੂਏਸ਼ਨ ਕਰਨ ਉਪਰੰਤ, ਉਨ੍ਹਾਂ ਦੇ ਅਸ਼ੀਰਵਾਦ ਨਾਲ ਐਮ.ਏ. (ਅੰਗਰੇਜ਼ੀ) ਕਰਨ ਲਈ ਸਰਕਾਰੀ ਕਾਲਜ, ਲੁਧਿਆਣਾ ਵਿਖੇ ਦਾਖ਼ਲਾ ਲੈ ਲਿਆ ਅਤੇ ਨਾਲ ਦੀ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕਾਲਜ ਯੂਨਿਟ ਦੇ ਪ੍ਰਧਾਨ ਵਜੋਂ ਸੇਵਾ ਸੰਭਾਲੀ। ਮੇਰੇ ਲਈ ਵੱਡੀ ਖੁਸ਼ੀ ਦੀ ਗੱਲ ਇਹ ਸੀ ਕਿ ਇਹ ਕਾਲਜ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਜਨਮ ਭੂਮੀ ਸੀ। ਕਾਲਜ ਵਿਖੇ ਵੱਡੇ ਪੱਧਰ 'ਤੇ ਸਮਾਜਿਕ ਗਤੀਵਿਧੀਆਂ ਚਲਾਈਆਂ ਅਤੇ ਨਾਲ ਦੀ ਨਾਲ ਸਟੱਡੀ ਸਰਕਲ ਵੱਲੋਂ ਲਗਾਏ ਜਾ ਰਹੇ ਗੁਰਮਤਿ ਟ੍ਰੇਨਿੰਗ ਕੈਂਪਾਂ ਅਤੇ ਗੁਰਮਤਿ ਕਿਆਰੀਆਂ ਵਿੱਚ ਸ਼ਮੂਲੀਅਤ ਕੀਤੀ ਜਿਸ ਨਾਲ ਸ਼ਖ਼ਸੀਅਤ ਉਸਾਰੀ ਹੋਈ। ਐਮ.ਏ (ਅੰਗਰੇਜ਼ੀ) ਕਾਲਜ ਦੇ ਆਪਣੇ ਸੈਕਸ਼ਨ ਵਿੱਚੋਂ ਦੂਸਰੇ ਸਥਾਨ 'ਤੇ ਰਹਿ ਕੇ ਪਾਸ ਕੀਤੀ।

ਹੁਣ ਸਮਾਂ ਆ ਗਿਆ ਸੀ ਕੈਰੀਅਰ ਬਣਾਉਣ ਦਾ। ਇਸ ਲਈ ਕਿਤੇ ਨਾ ਕਿਤੇ ਲੈਕਚਰਾਰ ਲੱਗਣ ਲਈ ਕਾਫ਼ੀ ਭੱਜ ਨੱਠ ਕੀਤੀ ਪਰ ਕਿਤੇ ਗੱਲ ਨਾ ਬਣੀ। ਜਥੇਬੰਦੀ ਵਲੋਂ ਮੇਰੀ ਨੌਕਰੀ ਲਈ ਸ੍ਰ. ਰਣਜੀਤ ਸਿੰਘ, ਮੋਗਾ ਨੇ ਉਸ ਸਮੇਂ ਕਾਫ਼ੀ ਭੱਜ ਨੱਠ ਕੀਤੀ ਅਤੇ ਬੇਬੇ ਨਾਨਕੀ ਕਾਲਜ, ਸੁਲਤਾਨਪੁਰ ਲੋਧੀ ਵਿਖੇ ਲੈਕਚਰਾਰ ਲਗਵਾਉਣ ਲਈ ਸ੍ਰ. ਆਤਮਾ ਸਿੰਘ ਇਸ ਕਾਲਜ ਦੇ ਪ੍ਰਧਾਨ ਅਤੇ ਮੰਤਰੀ, ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਪਰ ਕਿਸੇ ਕਾਰਣ ਕੋਈ ਗੱਲ ਨਾ ਬਣ ਸਕੀ। ਇਸੇ ਤਰ੍ਹਾਂ ਹੀ ਗੁਰੂ ਨਾਨਕ ਕਾਲਜ, ਫਿਰੋਜ਼ਪੁਰ ਵਿਖੇ ਲੈਕਚਰਾਰ ਲਗਵਾਉਣ ਲਈ ਇਸ ਕਾਲਜ ਦੇ ਪ੍ਰਧਾਨ ਸ੍ਰ. ਮਹਿੰਦਰ ਸਿੰਘ ਸਾਈਆਂ ਵਾਲਾ ਐਮ.ਪੀ ਨੂੰ ਵੀ ਮਿਲੇ ਪਰ ਇਥੋਂ ਵੀ ਖਾਲੀ ਹੱਥ ਹੀ ਪਰਤਣਾ ਪਿਆ। ਕੇਂਦਰ ਸਰਕਾਰ, ਪੰਜਾਬ ਸਰਕਾਰ, ਬੈਂਕਾਂ ਆਦਿ 'ਚ ਸਰਵਿਸ ਲਈ ਫ਼ਾਰਮ ਭਰਨੇ ਸ਼ੁਰੂ ਕੀਤੇ। ਜਦ ਤੱਕ ਵਿਹਲਾ ਸੀ ਕਚਹਿਰੀ ਵਿੱਚ ਵੱਡੇ ਭਾਈ ਸਾਹਿਬ ਸ੍ਰ. ਕੁਲਵੰਤ ਸਿੰਘ ਐਡਵੋਕੇਟ ਪਾਸ ਬੈਠ ਕੇ ਟਾਈਪਿਸਟ ਵਜੋਂ ਕੰਮ ਕਰਨ ਲੱਗਾ। ਕੁਝ ਸਮੇਂ ਪਿਛੋਂ ਹੀ ਸ੍ਰ. ਗੁਰਮੀਤ ਸਿੰਘ ਅਤੇ ਸ੍ਰ. ਜਤਿੰਦਰਪਾਲ ਸਿੰਘ (ਫਾਊਂਡਰਜ਼ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ) ਜੀ ਦੇ ਸੁਹਿਰਦ ਉਪਰਾਲਿਆਂ ਸਦਕਾ ਗੁਰੂ ਨਾਨਕ ਖਾਲਸਾ ਹਾਈ ਸਕੂਲ (ਗੁਜਰਖਾਨ) ਮਾਡਲ ਟਾਊਨ ਲੁਧਿਆਣਾ ਵਿਖੇ 1981 ਵਿੱਚ ਕਲਰਕ ਦੀ ਨੌਕਰੀ ਪ੍ਰਾਪਤ ਹੋਈ ਅਤੇ ਕਰੀਬ ਦੋ ਸਾਲ ਇਥੇ ਹੀ ਸਰਵਿਸ ਕੀਤੀ। ਮਾਤਾ ਜੀ ਨੇ ਪਲੀ ਪਲੀ ਜੋੜ ਕੇ ਲੁਧਿਆਣਾ ਵਿਖੇ ਇਕ ਮਕਾਨ ਨੰਬਰ 1462, ਇਸਲਾਮ ਗੰਜ ਵਿਖੇ ਲਿਆ ਅਤੇ ਮੈਂ ਇਥੇ ਹੀ ਰਹਿਣਾ ਸ਼ੁਰੂਕਰ ਦਿੱਤਾ। ਇਥੇ ਰਹਿੰਦਿਆਂ ਵੱਡੇ ਭੈਣ ਭਰਾਵਾਂ,ਸੰਤ ਕਰਤਾਰ ਸਿੰਘ, ਭਰਜਾਈ ਜੀ, ਸ੍ਰ. ਜਸਵੰਤ ਸਿੰਘ, ਭਰਜਾਈ ਜੀ, ਭੈਣ ਪਰੇਮ

ਕੌਰ, ਭੈਣ ਹਰਬੰਸ ਕੌਰ, ਜੀਜਾ ਸ੍ਰ. ਦਰਸ਼ਨ ਸਿੰਘ,ਵੀਰ ਸ੍ਰ.ਇੰਦਰ ਸਿੰਘ, ਭਰਜਾਈ ਪਰੇਮ ਕੌਰ, ਵੀਰ ਸ੍ਰ. ਕੁਲਵੰਤ ਸਿੰਘ ਐਡਵੋਕੇਟ,ਭਰਜਾਈ ਇੰਦਰਜੀਤ ਕੌਰ, ਭੈਣ ਚਰਨਜੀਤ ਕੌਰ, ਜੀਜਾ ਸ੍ਰ. ਉਤਮ ਸਿੰਘ ਦੇ ਪਿਆਰ ਸਤਿਕਾਰ ਦਾ ਨਿੱਘ ਮਾਣਦਾ ਰਿਹਾ।

29 ਜਨਵਰੀ, 1983 ਨੂੰ ਸ੍ਰ. ਜਸਵੰਤ ਸਿੰਘ ਦੀ ਸਪੁੱਤਰੀ ਦਲਬੀਰ ਕੌਰ ਨਾਲ ਬੜੀ ਧੂਮਧਾਮ ਨਾਲ ਸ਼ਾਹਕੋਟ ਜਿਲਾ ਜਲੰਧਰ ਵਿਖੇ ਸ਼ਾਦੀ ਹੋ ਗਈ।ਸਹੁਰਾ ਪਰਵਾਰ ਵਲੋਂ ਬਹੁਤ ਪਿਆਰ ਸਤਿਕਾਰ ਮਿਲਿਆ।ਵੱਡੇ ਭਾਈ ਸਾਹਿਬ (ਸਾਂਢੂ ਸਾਹਿਬ) ਸ੍ਰ. ਨਰਿੰਦਰ ਸਿੰਘ ਅਤੇ ਰਣਬੀਰ ਕੌਰ, ਵੀਰ ਸੁਰਿੰਦਰ ਸਿੰਘ ਅਤੇ ਬਲਵਿੰਦਰ ਸਿੰਘ ਮਾਣ ਸਤਿਕਾਰ ਦੇ ਰਹੇ ਹਨ।ਅਗਸਤ 1983 ਵਿੱਚ ਮਹਾਂ ਲੇਖਾਕਾਰ, ਪੰਜਾਬ, ਚੰਡੀਗੜ੍ਹ ਵਿਖੇ ਕਲਰਕ ਦੀ ਨੌਕਰੀ ਮਿਲ ਗਈ ਅਤੇ ਲੁਧਿਆਣੇ ਤੋਂ ਸੁਪਤਨੀ ਸਮੇਤ ਮੋਹਾਲੀ ਚਲੇ ਗਿਆ ਅਤੇ ਮਕਾਨ ਨੰਬਰ 1462 ਇਸਲਾਮ ਗੰਜ ਵਿੱਚ ਵੱਡੇ ਵੀਰ ਸ੍ਰ. ਇਕਬਾਲ ਸਿੰਘ ਅਤੇ ਭਰਜਾਈ ਕੁਲਵੰਤ ਕੌਰ ਪਰਵਾਰ ਸਮੇਤ ਰਹਿਣ ਲੱਗ ਪਏ। ਮੋਹਾਲੀ ਵਿਖੇ ਪਹੁੰਚ ਕੇ ਸਹੁਰਾ ਸਾਹਿਬ ਵਲੋਂ ਖਰੀਦੇ ਮਕਾਨ ਨੰਬਰ ਐਚ ਈ 170 ਫ਼ੇਜ਼ ਇਕ ਵਿਖੇ ਰਹਿਣਾ ਸ਼ੁਰੂ ਕਰ ਦਿੱਤਾ।ਅਤੇ ਇਥੇ ਰਹਿੰਦਿਆਂ ਜੀਵਨ ਸਫ਼ਰ ਵਿੱਚ ਇਕ ਨਵਾਂ ਮੋੜ ਆਇਆ।

ਇਥੇ ਹੀ ਵੱਡੇ ਸਪੁੱਤਰ ਪਰਮਦੀਪ ਸਿੰਘ 'ਦੀਪ' (ਹੁਣ ਗੁਰਪੁਰਵਾਸੀ) ਦਾ ਜਨਮ ਮਿਤੀ 17 ਅਕਤੂਬਰ, 1984 ਨੂੰ ਹੋਇਆ ਅਤੇ ਇਨ੍ਹਾਂ ਹੀ ਦਿਨਾਂ ਵਿੱਚ ਮੇਰੀ ਨੌਕਰੀ 27.09.1984 ਨੂੰ ਰੱਖਿਆ ਲੇਖਾ ਨਿਯੰਤਰਕ (ਪੱਛਮੀ ਕਮਾਨ) ਚੰਡੀਗੜ੍ਹ ਵਿਖੇ ਆਡੀਟਰ ਦੇ ਤੌਰ 'ਤੇ ਲੱਗ ਗਈ।ਮੋਹਾਲੀ ਵਿਖੇ ਰਹਿੰਦਿਆਂ ਹੀ ਦੂਸਰੇ ਸਪੁੱਤਰ ਭੁਪਿੰਦਰ ਸਿੰਘ 'ਜਖ਼ਮੀ' ਦਾ ਜਨਮ ਮਿਤੀ 13.12.1986 ਨੂੰ ਹੋਇਆ ਜੋ ਅਜਕਲ ਇਲੈਕਟ੍ਰੀਕਲ ਇੰਜਨੀਅਰਿੰਗ ਕਰ ਰਿਹਾ ਹੈ। ਅੰਮ੍ਰਿਤਧਾਰੀ ਗੁਰਸਿੱਖ ਹੋਣਹਾਰ ਬੇਟਾ ਹੈ। ਭਵਿੱਖ ਵਿੱਚ ਇਸ ਤੋਂ ਮੈਨੂੰ ਬਹੁਤ ਉਮੀਦਾਂ ਹਨ।ਇਸ ਸਾਰੇ ਸਮੇਂ ਵਿੱਚ ਮੇਰੇ ਅੰਦਰ ਕੈਰੀਅਰ ਬਣਾਉਣ ਦੀ ਭਾਵਨਾ ਪ੍ਰਬਲ ਰਹੀ ਅਤੇ ਸਟੱਡੀ ਸਰਕਲ ਦੀਆਂ ਗਤੀਵਿਧੀਆਂ ਅਤੇ ਕਵਿਤਾ ਵੱਲ ਨਾ-ਮਾਤਰ ਧਿਆਨ ਦੇ ਸਕਿਆ।

1988 ਵਿੱਚ ਅਧੀਨ ਲੇਖਾ ਸੇਵਾਵਾਂ ਦੇ ਪਹਿਲੇ ਸਾਲ ਦੇ ਪੇਪਰ ਦੇਣ ਲਈ ਤਿਆਰੀ ਆਰੰਭੀ।ਇਹ ਦੋ ਸਾਲਾਂ ਦਾ ਵਿਭਾਗੀ ਇਮਤਿਹਾਨ ਸੀ ਜਿਸ ਨੂੰ ਪਾਸ ਕਰਨ ਤੋਂ ਬਾਅਦ ਸੈਕਸ਼ਨ ਅਫ਼ਸਰ ਬਣ ਸਕੀਦਾ ਹੈ।ਪਹਿਲੇ ਸਾਲ ਦੇ ਇਮਤਿਹਾਨ ਵਿੱਚ ਚਾਰ ਪੇਪਰ ਸਨ ਅਤੇ ਜਦ ਦੂਸਰਾ ਪੇਪਰ ਦੇ ਕੇ ਚੰਡੀਗੜ੍ਹ ਤੋਂ ਮੋਹਾਲੀ ਵਾਪਸ ਆ ਰਿਹਾ ਸੀ ਤਾਂ ਗੁਰੂ ਪਾਤਸ਼ਾਹ ਨੇ ਕਲਾ ਵਰਤਾਈ।ਠੰਡ ਕਾਰਣ ਸਰੀਰ ਤੇ ਲਪੇਟੀ ਲੋਈ ਮੋਪਿਡ ਦੇ ਪਿਛਲੇ ਪਹੀਏ ਵਿੱਚ ਲਪੇਟੀ ਗਈ ਅਤੇ ਪਤਾ ਹੀ ਨਾ ਲੱਗਾ ਕਿ ਕੀ ਹੋਇਆ ਅਤੇ ਕਦੋਂ ਬੇਹੋਸ਼ ਹੋ ਗਿਆ। ਜਦੋਂ ਅੱਠ ਘੰਟੇ ਬਾਅਦ ਹੋਸ਼ ਆਈ ਤਾਂ ਆਪਣੇ ਆਪ ਨੂੰ ਚੰਡੀਗੜ੍ਹ ਦੇ ਸੈਕਟਰ 16 ਦੇ ਜਨਰਲ ਹਸਪਤਾਲ ਵਿੱਚ ਪਿਆ ਦੇਖ ਕੇ ਹੈਰਾਨ ਰਹਿ ਗਿਆ।ਮਾਤਾ ਰਾਮ ਕੌਰ ਜੀ ਅਤੇ ਸੁਪਤਨੀ ਦਲਬੀਰ ਕੌਰ ਦੇ ਚਿਹਰੇ ਦਿਖਾਈ ਦਿੱਤੇ।ਉਨ੍ਹਾਂ ਨੇ ਸਾਰਾ ਹਾਲ ਦੱਸਿਆ। ਐਕਸੀਡੈਂਟ ਕਾਰਣ ਮੇਰੀਆਂ ਕਈ ਹੱਡੀਆਂ ਟੁੱਟ ਚੁੱਕੀਆਂ ਸਨ ਅਤੇ ਐਮਰਜੈਂਸੀ ਵਾਰਡ ਵਿੱਚ ਮੇਰਾ ਇਲਾਜ ਚੱਲ ਰਿਹਾ ਸੀ। ਖੱਬੀ ਬਾਂਹ ਟੁੱਟਣ ਕਾਰਨ ਬਾਂਹ ਕੂਹਣੀ ਤੋਂ ਮੋੜ ਕੇ ਬੰਨ੍ਹ ਦਿੱਤੀ ਗਈ ਸੀ। ਹੋਰ ਜ਼ਿਆਦਾ ਸੁਚੇਤ ਹੋਇਆ ਤਾਂ ਸੋਚ ਆਈ ਕਿ ਮੈਂ ਤਾਂ ਪੇਪਰ ਦੇ ਰਿਹਾ ਸੀ।ਦੂਸਰੇ ਦਿਨ ਐਤਵਾਰ ਦੀ ਛੁੱਟੀ ਸੀ ਅਤੇ ਸੋਮਵਾਰ ਤੀਸਰਾ ਪੇਪਰ ਸੀ।ਮੈਂ ਸਾਰੇ ਪ੍ਰਵਾਰ ਵਾਲਿਆਂ ਨੂੰ ਬੇਨਤੀ ਕੀਤੀ ਕਿ ਮੈਂ ਪੇਪਰ ਜ਼ਰੂਰ ਦੇਣੇ ਹਨ ਪਰ ਇਸ ਹਾਲਤ ਵਿੱਚ ਕਿਸੇ ਨੇ ਵੀ ਮੇਰੀ ਹਾਂ ਵਿੱਚ ਹਾਂ ਨਾ ਮਿਲਾਈ ।

ਪਰ ਮੈਂ ਅਡੋਲ ਸੀ ਅਤੇ ਐਮਰਜੈਂਸੀ ਬੈੱਡ 'ਤੇ ਬੈਠਿਆਂ ਹੀ ਆਪਣੇ ਅਫ਼ਸਰ ਨੂੰ ਸਾਰਾ ਹਾਲ ਲਿਖ ਕੇ ਚਿੱਠੀ ਭੇਜੀ ਕਿ ਮੈਂ ਹਰ ਹਾਲਤ ਵਿੱਚ ਪੇਪਰ ਦੇਣਾ ਚਾਹੁੰਦਾ ਹਾਂ ਇਸ ਲਈ ਦਫ਼ਤਰ ਵਲੋਂ ਮੈਨੂੰ ਲੈਣ ਲਈ ਹਸਪਤਾਲ ਵਿਖੇ ਗੱਡੀ ਭੇਜੀ ਜਾਵੇ। ਓਧਰ ਡਾਕਟਰ ਜੋ ਮੇਰਾ ਇਲਾਜ ਕਰ ਰਹੇ ਸਨ ਉਨ੍ਹਾਂ ਨੇ ਇਸ ਹਾਲਤ ਵਿੱਚ ਮੈਨੂੰ ਛੁੱਟੀ ਦੇਣ ਤੋਂ ਨਾਂਹ ਕਰ ਦਿੱਤੀ ਪਰ ਮੇਰੇ ਸਿਰ 'ਤੇ ਤਾਂ ਪੇਪਰ ਦੇਣ ਦਾ ਭੂਤ ਸਵਾਰ ਸੀ ਅਤੇ ਮੈਂ ਇਹ ਲਿਖ ਕੇ ਦੇ ਦਿੱਤਾ ਕਿ ਜੇ ਕਰ ਮੈਨੂੰ ਕੋਈ ਵੀ ਪ੍ਰੇਸ਼ਾਨੀ ਆਈ ਤਾਂ ਉਸ ਲਈ ਡਾਕਟਰ ਨਹੀਂ ਮੈਂ ਖ਼ੁਦ ਜਿੰਮੇਵਾਰ ਹੋਵਾਂਗਾ।ਇਹ ਲਿਖ ਕੇ ਮੈਂ ਪੇਪਰ ਦੇਣ ਲਈ ਸਰਕਾਰੀ ਗੱਡੀ 'ਚ ਬੈਠ ਗਿਆ ਅਤੇ ਚੜ੍ਹਦੀ ਕਲਾ ਨਾਲ ਤੀਸਰਾ ਅਤੇ ਫਿਰ ਚੌਥਾ ਪੇਪਰ ਦਿੱਤਾ।ਉਸ ਤੋਂ ਬਾਅਦ 10 ਕੁ ਦਿਨ ਹੋਰ ਹਸਪਤਾਲ ਰਿਹਾ ਅਤੇ ਛੁੱਟੀ ਮਿਲਣ ਤੋਂ ਬਾਅਦ ਟੁੱਟੀਆਂ ਹੱਡੀਆਂ ਦੇ ਜੁੜਨ ਦੀ ਉਮੀਦ ਲੈ ਕੇ ਇਕ ਮਹੀਨੇ ਦੇ ਕਰੀਬ ਘਰ ਵਿੱਚ ਮੰਜੇ 'ਤੇ ਪਿਆ ਰਿਹਾ। ਪਰ ਉਸ ਵਕਤ ਮੇਰੀ ਖੁਸ਼ੀ ਦਾ ਕੋਈ ਠਿਕਾਣਾ ਨਾ ਰਿਹਾ ਜਦੋਂ ਨਤੀਜਾ ਆਉਣ 'ਤੇ ਪਤਾ ਲੱਗਾ ਕਿ ਮੈਂ ਪੱਛਮੀ ਕਮਾਨ ਵਿੱਚੋਂ ਪਹਿਲੇ ਨੰਬਰ 'ਤੇ ਰਹਿ ਕੇ ਇਹ ਪ੍ਰੀਖਿਆ ਪਾਸ ਕੀਤੀ ਹੈ।

ਇਸ ਤੋਂ ਬਾਅਦ ਫੇਰ ਦੁਬਾਰਾ ਸੁੱਤੇ ਹੋਏ ਅੰਦਰਲੇ ਕਵੀ ਨੂੰ ਝੂਣ ਜਗਾਇਆ ਅਤੇ ਕਵਿਤਾਵਾਂ ਲਿਖਣ ਲੱਗਾ। ਚੰਡੀਗੜ੍ਹ ਵਿਖੇ 1988 ਵਿੱਚ ਸੈਕਟਰ 35-ਬੀ ਵਿਖੇ ਸਰਕਾਰੀ ਰਿਹਾਇਸ਼ ਪ੍ਰਾਪਤ ਹੋ ਗਈ ਅਤੇ ਇਸ ਦੇ ਨਾਲ ਵੱਡੀ ਪ੍ਰਾਪਤੀ ਇਹ ਹੋਈ ਕਿ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਸੈਕਟਰ 34 ਜਿੱਥੇ ਬਹੁਤ ਵੱਡੇ ਵੱਡੇ ਸਮਾਗਮ ਹੁੰਦੇ ਰਹਿੰਦੇ ਹਨ, ਦੀ ਸਟੇਜ 'ਤੇ ਕਵਿਤਾਵਾਂ ਸੁਣਾਉਣ ਦਾ ਸੁਭਾਗ ਪ੍ਰਾਪਤ ਹੋਣ ਲੱਗਾ ਅਤੇ ਸੰਗਤਾਂ ਵਿੱਚ ਮਕਬੂਲ ਹੋਣ ਲੱਗਾ। ਇਸ ਸਮੇਂ ਦੀ ਇਕ ਹੋਰ ਯਾਦਗਾਰੀ ਗੱਲ ਸਾਂਝੀ ਕਰਨ ਨੂੰ ਦਿਲ ਕਰ

ਰਿਹਾ ਹੈ। ਕਿਉਂਕਿ ਸਟੇਜਾਂ 'ਤੇ ਕਵਿਤਾਵਾਂ ਸੁਣਾਉਣ ਦਾ ਸ਼ੌਕ ਤਾਂ ਸਕੂਲੀ ਜੀਵਨ ਤੋਂ ਹੀ ਸੀ ਅਤੇ ਆਪ ਕਲਮ ਚਲਾਉਣੀ ਵੀ ਸ਼ੁਰੂ ਕਰ ਦਿੱਤੀ ਸੀ। ਮਨ ਵਿੱਚ ਰੀਝਾਂ ਉਠਦੀਆਂ ਰਹਿੰਦੀਆਂ ਸਨ ਕਿ ਗੁਰਦੁਆਰਿਆਂ ਵਿੱਚ ਹੋਣ ਵਾਲੇ ਕਵੀ ਦਰਬਾਰਾਂ 'ਚ ਵੀ ਹਾਜ਼ਰੀ ਲੱਗੇ ਪਰ ਮਿੰਨਤਾਂ ਕਰਨ ਦੇ ਬਾਵਜੂਦ ਵੀ ਪ੍ਰਬੰਧਕ ਸਾਹਿਬਾਨ ਸਮਾਂ ਨਹੀਂ ਦਿੰਦੇ ਸਨ। ਦਾਸ ਇਕ ਵਾਰ ਪੰਥ ਦੇ ਪ੍ਰਸਿੱਧ ਵਿਦਵਾਨ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਦੇ ਭਰਾਤਾ ਸ੍ਰ. ਬਲਵਿੰਦਰ ਸਿੰਘ ਕਾਨਪੁਰ ਵਾਲਿਆਂ ਨੂੰ ਮਿਲਿਆ ਅਤੇ ਇਹ ਸੁਆਲ ਕੀਤਾ ਕਿ ਮੈਨੂੰ ਗੁਰਦੁਆਰਿਆਂ ਵਿੱਚ ਹੋ ਰਹੇ ਕਵੀ ਦਰਬਾਰਾਂ 'ਚ ਸ਼ਾਮਲ ਨਹੀਂ ਕੀਤਾ ਜਾਂਦਾ। ਮੈਨੂੰ ਕਹਿਣ ਲੱਗੇ, ਕਾਕਾ, ਫੁੱਲ ਨੂੰ ਇਹ ਦੱਸਣ ਦੀ ਲੋੜ ਨਹੀਂ ਹੁੰਦੀ ਕਿ ਮੇਰੇ ਕੋਲ ਖੁਸ਼ਬੋ ਹੈ, ਖੁਸ਼ਬੋ ਲੈਣ ਵਾਲੇ ਆਪ ਹੀ ਚੱਲ ਕੇ ਉਸ ਦੇ ਪਾਸ ਪਹੁੰਚ ਜਾਂਦੇ ਹਨ। ਇਸ ਲਈ ਤੂੰ ਦਿਲ ਹੌਲਾ ਨਾ ਕਰ ਸਗੋਂ ਕਵਿਤਾਵਾਂ 'ਤੇ ਹੋਰ ਮਿਹਨਤ ਕਰ। ਮੈਨੂੰ ਇਸ ਨਾਲ ਬਹੁਤ ਹੌਂਸਲਾ ਮਿਲਿਆ। ਹੌਲੀ-ਹੌਲੀ ਚੰਡੀਗੜ੍ਹ ਅਤੇ ਮੋਹਾਲੀ ਦੀਆਂ ਸਿੱਖ ਸਟੇਜਾਂ 'ਤੇ ਪੰਥ ਦੇ ਸਿਰਮੌਰ ਕਵੀਆਂ ਨਾਲ ਕਵਿਤਾਵਾਂ ਸੁਣਾਉਣ ਦਾ ਸੁਭਾਗਾ ਅਵਸਰ ਪ੍ਰਾਪਤ ਹੋਣ ਲੱਗਾ।

ਪਰਮਦੀਪ ਸਿੰਘ ਦੀਪ ਜਿਸ ਦੀ ਉਮਰ ਹਾਲੀ 6 ਕੁ ਸਾਲ ਹੀ ਸੀ ਉਹ ਵੀ ਵੱਡੀਆਂ-ਵੱਡੀਆਂ ਕਵਿਤਾਵਾਂ ਆਪਣੇ ਆਪ ਜ਼ਬਾਨੀ ਯਾਦ ਕਰਨ ਲੱਗਾ ਅਤੇ ਮੇਰੇ ਨਾਲ ਹੀ ਸਿੱਖ ਸਟੇਜਾਂ 'ਤੇ ਕਵਿਤਾਵਾਂ ਸੁਣਾ ਕੇ ਵਾਹ-ਵਾਹ ਖੱਟਣ ਲੱਗਾ। 1990 ਤੋਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ ਸਾਹਿਬ ਦੀ ਪਾਵਨ ਸਟੇਜ 'ਤੇ ਵੀ ਹਾਜ਼ਰੀਆਂ ਭਰਨ ਲੱਗਾ। ਸਮਾਂ ਪੈਣ 'ਤੇ ਇਸ ਪਾਵਨ ਤਖ਼ਤ 'ਤੇ ਹੋਣ ਵਾਲੇ ਸਾਰੇ ਕਵੀ ਦਰਬਾਰਾਂ ਦੇ ਸਟੇਜ ਸਕੱਤਰ ਦੀ ਸੇਵਾ ਵੀ ਦਾਸ ਨੂੰ ਦਿੱਤੀ ਜਾਣ ਲੱਗੀ। ਇਥੇ ਹੀ ਹਿੰਦੁਸਤਾਨ ਦੇ ਸਿਰਮੌਰ ਪੰਥਕ ਕਵੀ ਸਾਹਿਬਾਨ ਦੇ ਦਰਸ਼ਨ ਕਰਨ ਅਤੇ ਕਵਿਤਾਵਾਂ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ। 1992 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਯੁਵਕ ਲਿਖਾਰੀ ਸੇਧ ਤੇ ਸਿਖਲਾਈ ਕੇਂਦਰ ਵਲੋਂ ਆਯੋਜਿਤ ਕਾਰਜਸ਼ਾਲਾ ਵਿੱਚ ਭਾਗ ਲਿਆ ਅਤੇ ਕੌਮ ਦੇ ਮੰਨੇ ਪ੍ਰਮੰਨੇ ਕਵੀਆਂ ਸਵਰਗੀ ਸ੍ਰ. ਰਾਮ ਨਰਾਇਣ ਸਿੰਘ ਦਰਦੀ ਅਤੇ ਸ੍ਰ. ਦਾਨ ਸਿੰਘ ਕੋਮਲ ਆਦਿ ਤੋਂ ਲਿਖਣ ਸੇਧ ਪ੍ਰਾਪਤ ਕੀਤੀ ਜਿਸ ਨਾਲ ਸੋਨੇ ਤੇ ਸੋਹਾਗੇ ਦਾ ਕੰਮ ਹੋਇਆ। ਸਾਲ 1992 ਵਿੱਚ ਹੀ ਤਖ਼ਤ ਸ੍ਰੀ ਹਰਿਮੰਦਰ ਸਾਹਿਬ, ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰਾ ਵਿਖੇ ਕਵਿਤਾਵਾਂ ਸੁਣਾ ਕੇ ਮਾਣ ਸਨਮਾਨ ਪ੍ਰਾਪਤ ਕੀਤੇ।

ਜ਼ਿੰਦਗੀ ਦੇ ਇਸ ਚੱਲਦੇ ਸਫ਼ਰ ਦੌਰਾਨ ਔਖੀਆਂ ਘੜੀਆਂ ਵਿੱਚ ਜਿਥੇ ਭਰਾਵਾਂ ਭੈਣਾਂ ਅਤੇ ਰਿਸ਼ਤੇਦਾਰਾਂ ਨੇ ਸਾਥ ਦਿੱਤਾ ਉਥੇ ਸ੍ਰ. ਹਰਚਰਨਜੀਤ ਸਿੰਘ ਬੱਬ, ਪ੍ਰਿੰ. ਕਵਲਜੀਤ ਕੌਰ, ਸ੍ਰ. ਪਿਰਥੀ ਸਿੰਘ ਮੈਂਬਰਜ਼ ਸੁਪਰੀਮ ਕੌਂਸਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ੍ਰ. ਬਲਜੀਤ ਸਿੰਘ ਮਾਲਕ ਸਟੈਂਡਰਡ ਟੈਲੀਟਰੋਨਿਕਸ ਸੈਕਟਰ 22 ਚੰਡੀਗੜ੍ਹ, ਸ੍ਰ. ਅਮਰਜੀਤ ਸਿੰਘ, ਸ੍ਰ. ਮਨਜੀਤ ਸਿੰਘ, ਮਨਜੀਤ ਕੌਰ, ਅਮਰਜੀਤ ਕੌਰ, ਬੀਬਾ ਜਸਵਿੰਦਰ ਜੀਤ ਕੌਰ ਅਤੇ ਸ੍ਰ. ਮੋਹਨ ਸਿੰਘ ਆਦਿ ਦਾ ਅਹਿਸਾਨ ਭੁਲਾਇਆ ਹੀ ਨਹੀਂ ਜਾ ਸਕਦਾ। ਇਨ੍ਹਾਂ ਸਮਿਆਂ ਦੌਰਾਨ ਹੀ ਮੇਰੀ ਲਾਡਲੀ ਸਪੁੱਤਰੀ ਬਲਪ੍ਰੀਤ ਕੌਰ ਕੋਮਲ ਦਾ ਜਨਮ 31.05.1993 ਨੂੰ ਹੋਇਆ ਜੋ ਨਿਤ ਨਵੀਆਂ ਬੁਲੰਦੀਆਂ ਛੂਹ ਰਹੀ ਹੈ ਅਤੇ ਆਪਣੀ ਪੜ੍ਹਾਈ ਵਿੱਚ ਵੀ ਚੰਗੇ ਨੰਬਰ ਪ੍ਰਾਪਤ ਕਰਕੇ ਸਾਡਾ ਨਾਂ ਰੌਸ਼ਨ ਕਰ ਰਹੀ ਹੈ। ਜਿਥੋਂ ਤੱਕ ਸਰਕਾਰੀ ਨੌਕਰੀ ਦਾ ਸੁਆਲ ਹੈ, 1995 ਵਿੱਚ ਸੈਕਸ਼ਨ ਅਫ਼ਸਰ ਦੀ ਪਦਵੀ ਮਿਲੀ। ਇਸੇ ਸਾਲ ਹੀ ਜੂਨ ਮਹੀਨੇ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਪ੍ਰਕਾਸ਼ਨ ਵਿਭਾਗ ਵਲੋਂ ਮੇਰੀਆਂ ਕਵਿਤਾਵਾਂ ਦਾ ਪਹਿਲਾ ਸੰਗ੍ਰਹਿ 'ਵਿਰਸੇ ਦੇ ਅੰਗ ਸੰਗ' ਪ੍ਰਕਾਸ਼ਤ ਕੀਤਾ ਗਿਆ ਜੋ ਕਿ ਬਹੁਤ ਸਲਾਹਿਆ ਗਿਆ।

ਅਕਾਲ ਪੁਰਖ਼ ਦੀ ਰਜ਼ਾ ਅਨੁਸਾਰ ਮੇਰੇ ਪਰਮ ਸਤਿਕਾਰਯੋਗ ਮਾਤਾ ਰਾਮ ਕੌਰ ਜੀ 14 ਅਗਸਤ 1995 ਨੂੰ ਤੁਰਦੇ ਫਿਰਦੇ ਹੀ ਲੁਧਿਆਣਾ ਵਿਖੇ ਅਚਾਨਕ ਅਕਾਲ ਚਲਾਣਾ ਕਰ ਗਏ। ਆਪ ਜੀ ਜਿਆਦਾਤਰ ਮੇਰੇ ਕੋਲ ਹੀ ਰਹਿੰਦੇ ਸਨ। 13 ਅਗਸਤ 1995 ਨੂੰ ਲੁਧਿਆਣਾ ਵਿਖੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਕੇਂਦਰੀ ਦਫ਼ਤਰ ਵਿਖੇ ਵਿਸ਼ਵ ਸਿੱਖ ਸੰਮੇਲਨ ਦੀ ਤਿਆਰੀ ਲਈ ਸਮਾਗਮ ਰਚਾਇਆ ਗਿਆ ਸੀ। ਦਾਸ ਵੀ ਚੰਡੀਗੜ੍ਹ ਤੋਂ ਆਪਣੇ ਸਾਥੀਆਂ ਨਾਲ ਇਸ ਵਿੱਚ ਸ਼ਾਮਲ ਹੋਣ ਲਈ ਲੁਧਿਆਣੇ ਆ ਰਿਹਾ ਸੀ। ਮਾਤਾ ਜੀ ਕਹਿਣ ਲੱਗੇ ਮੈਂ ਵੀ ਨਾਲ ਹੀ ਚਲਦੀ ਹਾਂ। ਇਸ ਤਰ੍ਹਾਂ ਉਹ ਵੀ ਮੇਰੇ ਨਾਲ ਲੁਧਿਆਣਾ ਆ ਗਏ। ਦਾਸ ਨੇ ਤਿਆਰੀ ਸਮਾਗਮ ਦੇ ਸਬੰਧ ਵਿੱਚ ਹੀ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾ ਸੁਣਾਈ। ਮਾਤਾ ਜੀ ਨੇ ਵੀ ਸਮਾਗਮ ਦਾ ਆਨੰਦ ਮਾਣਿਆ ਅਤੇ ਕਹਿਣ ਲੱਗੇ ਮੈਂ ਇਕ ਦੋ ਦਿਨ ਇਥੇ ਹੀ ਰਹਿ ਕੇ ਸਾਰੇ ਆਰ ਪਰਵਾਰ ਨੂੰ ਮਿਲ ਕੇ ਚੰਡੀਗੜ੍ਹ ਆ ਜਾਵਾਂਗੀ। ਵਿਛੜਣ ਤੋਂ ਪਹਿਲਾਂ ਮੈਨੂੰ ਆਪਣੀ ਨਿੱਘੀ ਗਲਵਕੜੀ ਵਿੱਚ ਘੁੱਟ ਕੇ ਅਸ਼ੀਰਵਾਦਾਂ ਦੀ ਝੜੀ ਲਗਾ ਦਿੱਤੀ। ਕਹਿਣ ਲੱਗੇ, 'ਪੁੱਤਰ,ਤੈਨੂੰ ਪਾਤਸ਼ਾਹ ਨੇ ਕਲਮ ਦੀ ਦਾਤ ਬਖ਼ਸ਼ੀ ਹੋਈ ਹੈ ਇਸ ਲਈ ਆਖ਼ਰੀ ਸਵਾਸਾਂ ਤੱਕ ਇਸ ਨਾਲ ਕੌਮ ਦੀ ਸੇਵਾ ਕਰਦਾ ਰਹੀਂ' । ਉਨ੍ਹਾਂ ਦੀ ਅੰਤਮ ਅਰਦਾਸ ਸਮੇਂ ਸੁਣਾਈ ਮੇਰੀ ਕਵਿਤਾ ਦੀਆਂ ਕੁਝ ਲਾਈਨਾਂ ਇਸੇ ਭਾਵਨਾ ਦੀ ਤਰਜ਼ਮਾਨੀ ਕਰਦੀਆਂ ਹੋਈਆਂ ਇਸ ਤਰ੍ਹਾਂ ਸਨ।

ਇੱਕ ਦਿਨਪਹਿਲਾਂ ਵਿਛੋੜੇ ਤੋਂ ਕਿਹਾ ਮੈਨੂੰ,ਕਿਸੇ ਕਿਸਮ ਦੀ ਚਿੰਤਾ ਨਾ ਕਰੀਂ ਪੁੱਤਰ।
ਮੇਰੀਆਂ ਅਸੀਸਾਂ ਦੇ ਭਰੇ ਭੰਡਾਰ ਵਿੱਚੋਂ, ਖੁਲ੍ਹੇ ਦਿਲ ਨਾਲ ਝੋਲੀ ਅੱਜ ਭਰੀਂ ਪੁੱਤਰ।
ਪਿੱਠ ਥਾਪੜਦੇ-ਥਾਪੜਦੇ ਕਹਿਣ ਲੱਗੇ, ਸੇਵਾ ਕਲਮ ਨਾਲ ਕੌਮ ਦੀ ਕਰੀਂ ਪੁੱਤਰ।
ਗੁਰੂ ਸਦਾ ਹੀ ਅੰਗ ਸੰਗ ਰਹੂ ਤੇਰੇ, ਨਾਮ ਸਿਮਰਨ 'ਚ ਧਿਆਨ ਤੂੰ ਧਰੀਂ ਪੁੱਤਰ।

ਖ਼ੈਰ, ਜੀਵਨ ਸਫ਼ਰ ਨਿਰੰਤਰ ਚਲਦਾ ਰਿਹਾ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਭਾਰਤ ਭਰ ਵਿੱਚ ਲਗਾਏ ਜਾ ਰਹੇ ਗੁਰਮਤਿ ਟ੍ਰੇਨਿੰਗ ਕੈਂਪਾਂ ਵਿੱਚ ਜਾ ਕੇ ਨੌਜਵਾਨਾਂ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਕਰਨ ਦਾ ਵੀ ਸੁਭਾਗ ਪ੍ਰਾਪਤ ਹੁੰਦਾ ਰਿਹਾ।ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਪਿਛਲੇ 23 ਕੁ ਸਾਲਾਂ ਤੋਂ ਸਮੁੱਚੇ ਸੰਸਾਰ ਅੰਦਰ ਧਾਰਮਕ, ਸਮਾਜਕ, ਵਿਦਿਅਕ ਜਾਗਰਤੀ ਲਿਆਉਣ ਲਈ ਗੁਰਬਾਣੀ ਦੇ ਆਧਾਰ 'ਤੇ ਉੱਦਮ ਉਪਰਾਲੇ ਕਰ ਰਿਹਾ ਸੀ। ਇਸ ਗੁਰਮਤਿ ਲਹਿਰ ਦਾ ਇਤਿਹਾਸ ਲਿਖਤੀ ਰੂਪ ਵਿਚ ਲਿਆਉਣ ਬਾਰੇ ਸਟੱਡੀ ਸਰਕਲ ਦੀ ਸੁਪਰੀਮ ਕੌਂਸਲ ਵਿਚ ਸਮੇਂ ਸਮੇਂ ਤੇ ਵਿਚਾਰਾਂ ਦਾ ਪ੍ਰਵਾਹ ਚਲਦਾ ਰਿਹਾ। ਸ੍ਰ: ਗੁਰਮੀਤ ਸਿੰਘ ਚੀਫ਼ ਸਕੱਤਰ, ਪ੍ਰਿੰ: ਰਾਮ ਸਿੰਘ ਚੀਫ਼ ਆਰਗੇਨਾਈਜ਼ਰ, ਸ੍ਰ: ਜਤਿੰਦਰਪਾਲ ਸਿੰਘ , ਡਿਪਟੀ ਚੀਫ਼ ਆਰਗੇਨਾਈਜ਼ਰ,ਸ੍ਰ: ਰਣਜੀਤ ਸਿੰਘ ਡਿਪਟੀ ਚੀਫ਼ ਆਰਗੇਨਾਈਜ਼ਰ, ਸ੍ਰ: ਇੰਦਰਪਾਲ ਸਿੰਘ ਡਿਪਟੀ ਚੀਫ਼ ਆਰਗੇਨਾਈਜ਼ਰ ਅਤੇ ਹੋਰਨਾ ਵਿਦਵਾਨਾਂ, ਸਾਹਿਤਕਾਰਾਂ ਅਤੇ ਸਟੱਡੀ ਸਰਕਲ ਦੇ ਸਰਕਰਦਾ ਸੇਵਾਦਾਰਾਂ ਨੇ ਦਾਸ ਅੰਦਰ ਇਹ ਚਿਣਗ ਲਾਈ ਕਿ ਜਿਵੇਂ ਇਹ ਕਾਰਜ ਦਾਸ ਨੂੰ ਹੀ ਸੇਵਾ ਵਿਚ ਮਿਲਣਾ ਹੈ। ਮੈਂ ਅਲਪ ਬੁੱਧੀ ਵਿਦਿਆਰਥੀ ਸੁਭਾਅ ਵਾਲਾ ਲੇਖਕ, ਮਨ ਹੀ ਮਨ ਵਿਚ ਅਜ਼ਬ ਸ਼ਕਤੀ ਅਨੁਭਵ ਕਰਨ ਲੱਗਾ।

ਆਖਰ ਤਕੜਾ ਜਿਗਰਾ ਕਰਕੇ ਦ੍ਰਿੜ੍ਹ ਇਰਾਦੇ ਨਾਲ ਪਹਿਲੀ ਜਨਵਰੀ 1996 ਨੂੰ ਹੱਥ ਵਿਚ ਕਲਮ ਫੜ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਇਤਿਹਾਸ ਲਿਖਣ ਲਈ ਗੁਰੂ ਚਰਨਾਂ 'ਚ ਕੁਝ ਇਸ ਤਰ੍ਹਾਂ ਅਰਦਾਸ/ ਬੇਨਤੀ/ਜੋਦੜੀ ਕੀਤੀ :

ਏਸ ਸਰਕਲ ਦਾ ਲਿਖਣ ਇਤਿਹਾਸ ਖਾਤਰ,ਹੱਥ ਵਿਚ ਇਹ ਕਲਮ ਮੈਂ ਫੜੀ ਦਾਤਾ।
ਸਮੇਂ ਸਮੇਂ 'ਤੇ ਸਾਰੇ ਹੀ ਕਾਰਜਾਂ 'ਚ, ਕਿਰਪਾ ਕੀਤੀ ਏ ਤੁਸਾਂ ਨੇ ਬੜੀ ਦਾਤਾ।
ਹੋ ਜਾਵਾਂ ਮੈਂ ਸੁਰਖ਼ਰੂ ਏਸ ਵਿਚੋਂ , ਔਖੀ ਬੜੀ ਇਮਤਿਹਾਨ ਦੀ ਘੜੀ ਦਾਤਾ।
'ਛੱਜੂ ਝਿਉਰ' ਵਾਂਗ 'ਜਾਚਕ' ਦੇ ਸਿਰ ਉੱਤੇ,ਰੱਬੀ ਮਿਹਰਾਂ ਦੀ ਰੱਖੋ ਛੜੀ ਦਾਤਾ।

ਸਟੱਡੀ ਸਰਕਲ ਨਾਲ ਸਬੰਧਤ ਸਾਰਾ ਰਿਕਾਰਡ ਇਕੱਠਾ ਕਰਨ ਸਟੱਡੀ ਸਰਕਲ ਲਹਿਰ ਵਲੋਂ ਸਮੇਂ ਸਮੇਂ ਤੇ ਕੀਤੇ ਇਤਿਹਾਸਕ ਕਾਰਜਾਂ, ਗਤੀਵਿਧੀਆਂ ਦੇ ਸਾਰੇ ਰਿਕਾਰਡ ਦਾ ਵੇਰਵਾ ਨਾਂਵਾ, ਥਾਂਵਾਂ, ਘਟਨਾਵਾਂ ਦੇ ਨਾਲ ਨਾਲ ਤਰੀਕਵਾਰ ਤੇ ਵਿਸ਼ੇਵਾਰ ਕਰਨ ਵਿਚ ਕਾਫੀ ਸਮਾਂ ਲੱਗ ਗਿਆ। ਗ੍ਰਹਿਸਤੀ ਜੀਵਨ ਤੇ ਨੌਕਰੀ ਨੇ ਰਾਹ ਵਿਚ ਰੋੜਾ ਬਣਨ ਦਾ ਭਰਪੂਰ ਯਤਨ ਕੀਤਾ ਪ੍ਰੰਤੂ ਸੁਘੜ ਸਿਆਣੀ ਸੁਪਤਨੀ ਦਲਬੀਰ ਕੌਰ ਦੇ ਸਹਿਯੋਗ ਸਦਕਾ ਇਨ੍ਹਾਂ ਦੀ ਇਕ ਨਾ ਚਲ ਸਕੀ। ਸਮੇਂ ਦੀ ਘਾਟ, ਲੰਬਾ ਤੇ ਬਿਖੜਾ ਪੈਂਡਾ ਹੋਣ ਦੇ ਬਾਵਜੂਦ ਸਟੱਡੀ ਸਰਕਲ ਲਹਿਰ ਨਾਲ ਪ੍ਰਤੀਬੱਧ 'ਕਲਮ' ਘੋੜੇ ਵਾਂਗ ਸਰਪਟ ਦੌੜਦੀ ਤੇ ਹਵਾ ਨਾਲ ਗੱਲਾਂ ਕਰਦੀ ਹੋਈ ਰਸਤਾ ਤਹਿ ਕਰਦੀ ਰਹੀ ਅਤੇ ਮੰਜ਼ਿਲ 'ਤੇ ਪਹੁੰਚ ਕੇ ਹੀ ਆਪ ਵੀ ਸਾਹ ਲਿਆ ਅਤੇ ਮੈਨੂੰ ਵੀ ਦਮ ਲੈਣ ਦਿੱਤਾ। ਕਈ ਕਈ ਵਾਰੀ ਤਾਂ ਇਹ ਸਾਰੀ ਸਾਰੀ ਰਾਤ ਅਤੇ ਸਾਰਾ ਸਾਰਾ ਦਿਨ ਸਟੱਡੀ ਸਰਕਲ ਲਹਿਰ ਨਾਲ ਕਦਮ ਨਾਲ ਕਦਮ ਮਿਲਾ ਕੇ ਸਫ਼ਰ ਕਰਦੀ ਨਾ ਕਦੇ ਅੱਕੀ ਤੇ ਨਾ ਕਦੇ ਥੱਕੀ ਅਤੇ 1997 ਵਿੱਚ ਇਹ ਕਾਰਜ ਸੰਪੂਰਨ ਹੋਇਆ। 1997 ਵਿੱਚ ਹੀ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਆਪਣੇ 25 ਸਾਲ ਪੂਰੇ ਹੋਣ 'ਤੇ 'ਸਿਲਵਰ ਜੁਬਲੀ ਸਮਾਗਮ' ਬੜੀ ਚੜ੍ਹਦੀ ਕਲਾ ਨਾਲ ਮਨਾਇਆ ਗਿਆ ਅਤੇ ਉਸ ਸਮੇਂ ਮੇਰੀ ਲਿਖੀ ਹੋਈ ਇਹ ਪੁਸਤਕ 'ਧਰਮ ਕਾ ਜੈਕਾਰ' ਜਿਸ ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਲਹਿਰ ਦਾ 25 ਸਾਲ (1972 ਤੋਂ 1997) ਦਾ ਇਤਿਹਾਸ ਦਰਜ ਹੈ, ਗੁਰਪੁਰਵਾਸੀ ਸ੍ਰ. ਗੁਰਚਰਨ ਸਿੰਘ ਟੌਹੜਾ ਅਤੇ ਸ੍ਰ. ਪ੍ਰਕਾਸ਼ ਸਿੰਘ ਜੀ ਬਾਦਲ, ਮੁੱਖ ਮੰਤਰੀ, ਪੰਜਾਬ ਦੁਆਰਾ ਮਿਤੀ 4.10.97 ਨੂੰ ਰੀਲੀਜ਼ ਕੀਤੀ ਗਈ।

1997 ਵਿੱਚ ਹੀ ਜਥੇਬੰਦੀ ਵਲੋਂ ਪੰਜਾਬ ਸਟੇਟ ਦੇ ਪ੍ਰਧਾਨ ਵਜੋਂ ਸੇਵਾ ਬਖ਼ਸ਼ੀ, ਜਿਸ ਨੂੰ ਨਿਭਾਉਂਦਿਆਂ ਹੋਇਆਂ ਸ੍ਰ. ਪਿਰਥੀ ਸਿੰਘ ਖਾਲਸਾ, ਸਟੇਟ ਸਕੱਤਰ, ਪੰਜਾਬ ਨਾਲ ਸਾਰੇ ਪੰਜਾਬ ਦੀਆਂ ਯੂਨਿਟਾਂ ਦਾ ਕਈ ਵਾਰ ਦੌਰਾ ਕੀਤਾ ਅਤੇ ਜਥੇਬੰਦਕ ਲੈਕਚਰਾਂ ਰਾਹੀ ਕੇਡਰ ਦਾ ਮਨੋਬਲ ਵਧਾਇਆ। ਜਥੇਬੰਦਕ ਗਤੀਵਿਧੀਆਂ ਦੇ ਨਾਲ ਨਾਲ ਕਵਿਤਾਵਾਂ ਲਿਖਣ ਅਤੇ ਸੁਣਾਉਣ ਦਾ ਕਾਰਜ ਵੀ ਜਾਰੀ ਰਿਹਾ। ਇਕ ਵਾਰ ਜਦੋਂ ਪੰਥ ਦੇ ਪ੍ਰਸਿੱਧ ਕਵੀ ਸ੍ਰ. ਮਹਿੰਦਰ ਸਿੰਘ ਜੀ ਬਾਵਾ ਦਿੱਲੀ ਵਾਲਿਆਂ ਨੇ ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ ਦੀ ਸਟੇਜ 'ਤੇ ਮੇਰੀ ਕੇਸਾਂ ਦੀ ਮਹਾਨਤਾ ਬਾਰੇ ਕਵਿਤਾ ਸੁਣੀ ਤਾਂ ਉਹ ਇਨੇ ਜ਼ਿਆਦਾ ਪ੍ਰਭਾਵਤ ਹੋਏ ਕਿ ਉਨ੍ਹਾਂ ਨੇ ਸਟੇਜ 'ਤੇ ਖੜ੍ਹ ਕੇ ਸੰਗਤਾਂ ਨੂੰ ਸੰਬੋਧਿਤ ਹੁੰਦੇ ਹੋਏ ਕਿਹਾ ਕਿ ਹੁਣ ਤੋਂ ਬਾਅਦ ਇਹ ਹਿੰਦੁਸਤਾਨ ਦੀਆਂ ਸਾਰੀਆਂ ਸਟੇਜਾਂ 'ਤੇ ਮੇਰੇ ਨਾਲ ਕਵਿਤਾਵਾਂ ਸੁਣਾਉਣ ਜਾਇਆ ਕਰੇਗਾ। ਉਨ੍ਹਾਂ ਨੇ ਉਹ ਵਾਅਦਾ ਪੂਰਾ ਵੀ ਕੀਤਾ ਅਤੇ ਹੁਣ ਤੱਕ ਵੀ

ਹਿੰਦੁਸਤਾਨ ਦੀ ਹਰ ਸਟੇਜ 'ਤੇ ਮੈਨੂੰ ਨਾਲ ਲੈ ਕੇ ਜਾਂਦੇ ਹਨ।

1998 ਵਿੱਚ ਮੇਰੀ ਬਦਲੀ ਜੋਸ਼ੀਮੱਠ (ਉਤਰਾਂਚਲ) ਹੋ ਗਈ। ਬੜੇ ਹੀ ਔਖੇ ਸਮੇ 'ਤੇ ਪਰਮ ਸਤਿਕਾਰਯੋਗ ਸ੍ਰੀ ਮਤੀ ਹਰਜੀਤ ਕੌਰ ਜੀ ਪੰਨੂ, ਆਈ.ਡੀ.ਏ.ਐਸ, ਰੱਖਿਆ ਲੇਖਾ ਨਿਯੰਤਰਕ, ਪੱਛਮੀ ਕਮਾਨ, ਚੰਡੀਗੜ੍ਹ ਨੇ ਹੌਂਸਲਾ ਅਤੇ ਅਸ਼ੀਰਵਾਦ ਦੇਈ ਰੱਖਿਆ।ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਸਦਕਾ ਆਪ ਜੀ ਮਿਤੀ 02.07.2007 ਦਿਨ ਸੋਮਵਾਰ ਨੂੰ ਕੰਟਰੋਲਰ ਜਨਰਲ ਆਫ਼ ਡਿਫੈਂਸ ਅਕਾਊਂਟਸ (ਛਭਣ) ਦੀ ਪਦਵੀ 'ਤੇ ਸੁਸ਼ੋਭਿਤ ਹੋਏ ਹਨ।ਪਾਤਸ਼ਾਹ ਇਨ੍ਹਾਂ ਨੂੰ ਚੜ੍ਹਦੀ ਕਲਾ ਨਾਲ ਦੇਸ਼, ਕੌਮ ਦੀ ਸੇਵਾ ਕਰਨ ਦਾ ਬਲ, ਉਦਮ ਤੇ ਉਤਸ਼ਾਹ ਬਖ਼ਸ਼ੀ ਰੱਖਣ। ਮੈਡਮ ਜੀ ਜਦੋਂ ਸ੍ਰੀ ਹੇਮਕੁੰਟ ਸਾਹਿਬ ਦੇ ਦਰਸ਼ਨਾਂ ਲਈ ਆਏ ਤਾਂ ਮੇਰੀ ਡਿਊਟੀ ਜੋਸ਼ੀਮੱਠ ਹੋਣ ਕਾਰਣ ਗੁਰਦੁਆਰਾ ਗੋਬਿੰਦ ਘਾਟ ਵਿਖੇ ਉਨ੍ਹਾਂ ਨਾਲ ਗੁਰਮਤਿ ਸਿਧਾਂਤਾਂ ਬਾਰੇ ਖੁੱਲ੍ਹੀਆਂ ਵਿਚਾਰਾਂ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਆਪ ਜੀ ਦਾ ਵਿਚਾਰ ਸੀ ਕਿ ਯਾਤਰਾ ਦੇ ਦਿਨਾਂ ਵਿੱਚ ਗੁਰਦੁਆਰਾ ਸਾਹਿਬ ਸ੍ਰੀ ਗੋਬਿੰਦ ਘਾਟ ਅਤੇ ਗੋਬਿੰਦ ਧਾਮ ਵਿਖੇ ਸਵੇਰੇ ਸ਼ਾਮ ਦੀ ਬਜਾਏ ਸਾਰਾ ਦਿਨ ਹੀ ਗੁਰਬਾਣੀ ਕੀਰਤਨ ਦਾ ਪ੍ਰਵਾਹ ਚੱਲਦਾ ਰਹਿਣਾ ਚਾਹੀਦਾ ਹੈ ਅਤੇ ਗੁਰਦੁਆਰਾ ਸਾਹਿਬਾਨ ਦੇ ਨਾਲ ਲੱਗਦੀਆਂ ਦੁਕਾਨਾਂ ਵਿੱਚ ਵੀ ਲੱਚਰ ਕਿਸਮ ਦੇ ਗਾਣੇ ਆਦਿਕ ਲਗਾਉਣ ਦੀ ਸਖ਼ਤੀ ਨਾਲ ਮਨਾਹੀ ਹੋਣੀ ਚਾਹੀਦੀ ਹੈ। ਸਿਰਫ਼ ਗੁਰ ਇਤਿਹਾਸ ਅਤੇ ਗੁਰਬਾਣੀ ਨਾਲ ਸਬੰਧਿਤ ਕੈਸਟਾਂ ਆਦਿ ਹੀ ਲੱਗਣੀਆਂ ਚਾਹੀਦੀਆਂ ਹਨ ਤਾਂ ਕਿ ਦੇਸ਼ ਵਿਦੇਸ਼ ਤੋਂ ਦਰਸ਼ਨ ਦੀਦਾਰ ਕਰਨ ਆਈਆਂ ਸੰਗਤਾਂ ਦੀਆਂ ਮਨੋ ਬਿਰਤੀਆਂ ਗੁਰੂ ਨਾਲ ਜੁੜੀਆਂ ਰਹਿ ਸਕਣ। ਦਾਸ ਨੇ ਸ੍ਰੀ ਹੇਮਕੁੰਟ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੁੱਖ ਸੇਵਾਦਾਰ ਨੂੰ ਵਿਅਕਤੀਗਤ ਤੌਰ 'ਤੇ ਮਿਲ ਕੇ ਅਤੇ ਪੱਤਰ ਰਾਹੀਂ ਉਨ੍ਹਾਂ ਦੇ ਪਾਵਨ ਵਿਚਾਰਾਂ ਤੋਂ ਜਾਣੂੰ ਕਰਵਾਇਆ ਅਤੇ ਇਨ੍ਹਾਂ ਨੂੰ ਲਾਗੂ ਕਰਵਾਉਣ ਲਈ ਬੇਨਤੀ ਕੀਤੀ। ਜੋਸ਼ੀਮੱਠ ਰਹਿ ਕੇ ਹੀ ਮੈਂ ਪਹਾੜਾਂ ਦੀਆਂ ਵਾਦੀਆਂ ਵਿੱਚ ਕੁਦਰਤੀ ਨਜ਼ਾਰਿਆਂ ਦਾ ਆਨੰਦ ਮਾਨਣਾ ਸ਼ੁਰੂ ਕੀਤਾ ਅਤੇ ਇਥੇ ਦਫ਼ਤਰੀ ਕੰਮਾਂ ਦੇ ਨਾਲ-ਨਾਲ ਚਾਰ ਵਾਰ ਸ੍ਰੀ ਹੇਮਕੁੰਟ ਸਾਹਿਬ ਜੀ 'ਤੇ ਪਹੁੰਚ ਕੇ ਖੁਲ੍ਹੇ ਦਰਸ਼ਨ ਦੀਦਾਰ ਕੀਤੇ ਅਤੇ ਨਾਲ ਦੀ ਨਾਲ ਸਿੱਖ ਸ਼ਹੀਦਾਂ ਬਾਰੇ ਕਵਿਤਾਵਾਂ ਲਿਖਣੀਆਂ ਸ਼ੁਰੂ ਕੀਤੀਆਂ ਅਤੇ ਸਮੇ-ਸਮੇਂ 'ਤੇ ਸਾਰੇ ਹਿੰਦੁਸਤਾਨ ਵਿੱਚ ਹੋ ਰਹੇ ਕਵੀ ਦਰਬਾਰਾਂ ਵਿੱਚ ਵੀ ਹਿੱਸਾ ਲੈਂਦਾ ਰਿਹਾ।

ਪੰਜਾਬੀ ਕਵੀ ਸਭਾ ਲੁਧਿਆਣਾ ਵਲੋਂ ਮਿਤੀ 27.02.1999 ਨੂੰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ ਵਿਖੇ ਦਾਸ ਨੂੰ ਵਿਸ਼ੇਸ਼ ਸਨਮਾਨ ਪੱਤਰ ਅਤੇ ਮਾਇਆ ਦੇ ਕੇ ਨਿਵਾਜਿਆ ਗਿਆ। 1999 ਵਿੱਚ ਹੀ ਦਾਸ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਗੁਰਦੁਆਰਾ ਸਾਹਿਬ ਸੈਕਟਰ 34, ਚੰਡੀਗੜ੍ਹ ਦੀ ਪ੍ਰਬੰਧਕ ਕਮੇਟੀ ਦੇ ਸਮੂੰਹ ਸੇਵਾਦਾਰਾਂ ਨੇ 52 ਕਵੀਆਂ ਦਾ ਕਵੀ ਦਰਬਾਰ ਕਰਵਾਉਣ ਲਈ ਪ੍ਰਵਾਨਗੀ ਦੇ ਦਿੱਤੀ ਅਤੇ ਉਸ ਸਮੇ' ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਮੇਜਰ ਨੌਰਾਤਾ ਸਿੰਘ ਜੀ ਰੰਗੀ ਅਤੇ ਜਨਰਲ ਸਕੱਤਰ ਸ੍ਰ. ਅਮਰਜੀਤ ਸਿੰਘ ਜੀ ਨੇ ਕਵੀ ਸਾਹਿਬਾਨ ਨਾਲ ਚਿੱਠੀ ਪੱਤਰ ਕਰਨ ਦੀ ਸੇਵਾ ਦਾਸ ਜੁੰਮੇ ਲਾਈ ਜਿਸ ਨੂੰ ਦਾਸ ਨੇ ਨਿਭਾਇਆ ਵੀ।ਇਹ ਕਵੀ ਦਰਬਾਰ ਮਿਤੀ 8.4.1999 ਤੋਂ 11.4.1999 ਤੱਕ ਲਗਾਤਾਰ 4 ਦਿਨ ਸ਼ਾਮ 7.15 ਤੋਂ ਲੈ ਕੇ 11.00 ਵਜੇ ਤੱਕ ਚੱਲਦੇ ਰਹੇ। ਹਰ ਰੋਜ਼ ਹੀ ਸੰਗਤਾਂ ਦੇ ਠਾਠਾਂ ਮਾਰਦੇ ਇਕੱਠ ਨੇ ਇਸ ਕਵੀ ਦਰਬਾਰ ਦੀ ਸ਼ਾਨ ਨੂੰ ਚਾਰ ਚੰਨ ਲਗਾਏ।ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਮਿਤੀ 20.4.99 ਨੂੰ ਸਨਮਾਨ ਪੱਤਰ, ਸਿਰੋਪਾਉ ਅਤੇ 2100 ਰੁਪਏ ਦੇ ਕੇ ਦਾਸ ਨੂੰ ਸਨਮਾਨਿਤ ਕੀਤਾ ਗਿਆ। 300 ਸਾਲਾ ਖਾਲਸਾ ਸਿਰਜਣਾ ਦਿਵਸ ਦੇ ਸਬੰਧ ਵਿੱਚ ਖਾਲਸੇ ਦੀ ਜਨਮ ਭੂਮੀ 'ਤੇ ਲੱਖਾਂ ਦੀ ਗਿਣਤੀ ਵਿੱਚ ਜੁੜੀਆਂ ਸੰਗਤਾਂ ਦੇ ਸਨਮੁੱਖ ਜੈਕਾਰਿਆਂ ਦੀ ਗੂੰਜ ਵਿੱਚ ਕਵੀ ਦਰਬਾਰ ਆਰੰਭ ਕੀਤਾ। ਪੰਥਕ ਕਵੀ ਸਾਹਿਬਾਨ ਵਲੋਂ ਖਾਲਸੇ ਦੇ ਸਾਜਨਾ ਦਿਵਸ ਤੇ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦਾ ਗਠਨ ਕੀਤਾ ਜਿਸ ਦੇ ਸਰਪ੍ਰਸਤ ਸ੍ਰ. ਪ੍ਰੀਤਮ ਸਿੰਘ ਜੀ 'ਕਾਸਦ' ਦਿੱਲੀ, ਪ੍ਰਧਾਨ ਸ੍ਰ. ਕਰਮਜੀਤ ਸਿੰਘ 'ਨੂਰ' ਜਲੰਧਰ, ਸੀਨੀ. ਮੀਤ ਪ੍ਰਧਾਨ ਸ੍ਰ. ਚੰਨਣ ਸਿੰਘ ਚਮਨ ਹਰਿਗੋਬਿੰਦਪੁਰੀ, ਮੀਤ ਪ੍ਰਧਾਨ ਸ. ਰਾਬਿੰਦਰ ਸਿੰਘ ਜੀ ਮਸਰੂਰ, ਸਕੱਤਰ ਸ੍ਰ. ਮਹਿੰਦਰ ਸਿੰਘ ਬਾਵਾ ਦਿੱਲੀ ਬਣਾਏ ਗਏ ਅਤੇ ਦਾਸ ਨੂੰ ਇਸ ਸਭਾ ਦੇ ਜਨਰਲ ਸਕੱਤਰ ਦੀ ਸੇਵਾ ਬਖ਼ਸ਼ੀ ਗਈ ਜੋ ਅੱਜ ਵੀ ਨਿਰੰਤਰ ਜਾਰੀ ਹੈ ਅਤੇ ਇਸ ਵਲੋਂ ਸਮੇਂ-ਸਮੇਂ 'ਤੇ ਪੰਥਕ ਕਵੀ ਦਰਬਾਰ ਹੁੰਦੇ ਰਹਿੰਦੇ ਹਨ।

ਇਸੇ ਹੀ ਸਾਲ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਾਸ਼ੀ ਬੰਬਈ ਦੀ ਪ੍ਰਬੰਧਕ ਕਮੇਟੀ ਵਲੋਂ 24 ਤੋਂ 26 ਦਸੰਬਰ 1999 ਤੱਕ ਚੌਹਾਂ ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਵਿਸ਼ਾਲ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚ ਦਾਸ ਅਤੇ ਪਰਮਦੀਪ ਸਿੰਘ ਦੀਪ ਨੂੰ ਇਕੱਤੀ-ਇਕੱਤੀ ਸੌ ਰੁਪਏ ਅਤੇ ਸਨਮਾਨ ਪੱਤਰ ਦੇ ਕੇ ਨਿਵਾਜਿਆ ਗਿਆ।ਮਿਤੀ 9 ਜਨਵਰੀ 2000 ਨੂੰ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਹਿਤਕਾਰ ਸਦਨ ਵਲੋਂ ਸਾਂਈਂ ਮੀਆਂ ਮੀਰ ਦਿਵਸ ਮਨਾਇਆ ਗਿਆ ਜਿਸ ਵਿੱਚ ਮੰਨੇ ਪ੍ਰਮੰਨੇ ਸਾਹਿਤਕਾਰਾਂ ਨੂੰ ਸਨਮਾਨਿਤ ਕੀਤਾ ਗਿਆ।ਮੈਨੂੰ ਵੀ ਯੁਵਕ ਲਿਖਾਰੀ ਦੇ ਤੌਰ 'ਤੇ 'ਭਾਈ ਵੀਰ ਸਿੰਘ ਯਾਦਗਾਰੀ ਕਾਵਿ-ਪ੍ਰਤਿਭਾ ਪੁਰਸਕਾਰ' ਨਾਲ ਸਨਮਾਨਿਤ ਕੀਤਾ ਗਿਆ।ਅਪ੍ਰੈਲ 2000 ਵਿੱਚ ਧਰਮ ਪ੍ਰਚਾਰ ਕਮੇਟੀ (ਸ਼੍ਰੋ.ਗੁ.ਪ੍ਰ.ਕਮੇਟੀ) ਨੇ ਦਾਸ ਦੀਆਂ ਕਵਿਤਾਵਾਂ ਦੀ ਪੁਸਤਕ 'ਲਹੂ ਭਿੱਜੇ

ਇਤਿਹਾਸ ਦੇ ਪੰਨੇ' ਪ੍ਰਕਾਸ਼ਤ ਕੀਤੀ ਜਿਸ ਵਿੱਚ ਗੁਰੂ ਸਾਹਿਬਾਨ ਅਤੇ ਗੁਰਸਿੱਖਾਂ ਦੀਆਂ ਸ਼ਹੀਦੀਆਂ ਸਬੰਧੀ ਕਵਿਤਾਵਾਂ ਸ਼ਾਮਲ ਸਨ। ਸ੍ਰ. ਜਗਦੇਵ ਸਿੰਘ ਤਲਵੰਡੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਦਰਬਾਰ ਸਾਹਿਬ ਵਿਖੇ ਇਹ ਪੁਸਤਕ ਰੀਲੀਜ਼ ਕੀਤੀ। 2001 ਵਿੱਚ ਇਕ ਖੋਜ ਪੱਤਰ '21ਵੀਂ ਸਦੀ 'ਚ ਸਿੱਖ ਧਰਮ ਨੂੰ ਦਰਪੇਸ਼ ਚੁਣੌਤੀਆਂ' ਲਿਖਿਆ ਜਿਸ ਵਿੱਚ ਅੰਦਰੂਨੀ ਅਤੇ ਬਾਹਰੀ ਚੁਣੌਤੀਆਂ ਦਾ ਵਿਸਥਾਰ ਪੂਰਵਕ ਵਰਣਨ ਕੀਤਾ ਗਿਆ।

ਜੋਸ਼ੀਮੱਠ ਰਹਿੰਦਿਆਂ ਹੀ ਮਨ ਵਿੱਚ ਐਮ.ਏ. (ਧਰਮ ਅਧਿਐਨ) ਕਰਨ ਦੀ ਰੀਝ ਪੈਦਾ ਹੋਈ ਜਿਸ ਦੀ ਪ੍ਰੇਰਨਾ ਪ੍ਰਿੰਸੀਪਲ ਕਵਲਜੀਤ ਕੌਰ, ਮੈਂਬਰ ਸੁਪਰੀਮ ਕੌਂਸਲ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਦਿੱਤੀ ਸੀ। ਮੈਂ ਅਤੇ ਸ੍ਰ. ਪਿਰਥੀ ਸਿੰਘ ਖਾਲਸਾ, ਸਟੇਟ ਸਕੱਤਰ, ਪੰਜਾਬ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਇਕੱਠੇ ਹੀ ਸ਼ੁਰੂਆਤ ਕੀਤੀ ਅਤੇ ਅਪ੍ਰੈਲ 2000 ਵਿੱਚ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ (ਧਰਮ ਅਧਿਅਨ) ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਸਦਕਾ ਪਹਿਲਾ ਸਥਾਨ ਪ੍ਰਾਪਤ ਕਰ ਕੇ ਕੀਤੀ। ਯੂਨੀਵਰਸਿਟੀ ਵਲੋਂ ਪੰਜਾਬ ਦੇ ਰਾਜਪਾਲ ਅਤੇ ਯੂਨੀਵਰਸਿਟੀ ਦੇ ਚਾਂਸਲਰ ਮਾਣਯੋਗ ਸ੍ਰੀ ਜੈਕਬ ਜੀ ਅਤੇ ਵਾਈਸ ਚਾਂਸਲਰ ਸ੍ਰ. ਜਸਬੀਰ ਸਿੰਘ ਆਹਲੂਵਾਲੀਆ ਨੇ 18.01.2002 ਨੂੰ ਆਪਣੇ ਕਰ ਕਮਲਾਂ ਨਾਲ ਗੋਲਡ ਮੈਡਲ ਦੇ ਕੇ ਨਿਵਾਜਿਆ। ਡਾਕਟਰ ਹਰਪਾਲ ਸਿੰਘ ਜੀ ਪੰਨੂ, ਪ੍ਰੋਫੈਸਰ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਜੀ ਦੀ ਪ੍ਰੇਰਨਾ ਅਤੇ ਅਸ਼ੀਰਵਾਦ ਨਾਲ ਸੰਨ 2001 ਵਿੱਚ ਪੀ.ਐਚ ਡੀ. ਕਰਨ ਲਈ 'ਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਸਾਹਿਤ ਦਾ ਆਲੋਚਨਾਤਮਿਕ ਅਧਿਐਨ' ਵਿਸ਼ੇ 'ਤੇ ਖੋਜ ਕਰਨ ਦਾ ਮਨ ਬਣਾਇਆ। ਡਾ. ਸਾਹਿਬ ਨੇ ਆਪਣੇ ਬਹੁਮੁੱਲੇ ਸਮੇਂ ਵਿੱਚੋਂ ਸਮਾਂ ਦੇ ਕੇ ਦਿਸ਼ਾ ਨਿਰਦੇਸ਼ ਦਿੱਤੇ ਅਤੇ ਮੈਂ ਇਸ ਵਿਸ਼ੇ 'ਤੇ ਖੋਜ ਕਰਨੀ ਸ਼ੁਰੂ ਕਰ ਦਿੱਤੀ।

ਭਾਈ ਸਾਹਿਬ ਦੇ ਜੀਵਨ ਇਤਿਹਾਸ ਅਤੇ ਉਨ੍ਹਾਂ ਦੇ ਰਚੇ ਸੂਰਜ ਗਰੰਥ ਸਬੰਧੀ ਮੈਟਰ ਇਕੱਤਰ ਕੀਤਾ ਅਤੇ ਖੋਜ ਕਾਰਜ ਉਨ੍ਹਾਂ ਦੇ ਪਿੰਡ ਨੂਰਦੀ ਜ਼ਿਲ੍ਹਾ ਤਰਨਤਾਰਨ ਵਿੱਚ ਪਹੁੰਚ ਕੇ ਆਰੰਭ ਕੀਤਾ। ਪਿੰਡ ਦੇ ਪਤਵੰਤੇ ਸੱਜਣਾਂ ਖਾਸ ਤੌਰ 'ਤੇ ਯਾਦਗਾਰ ਕਮੇਟੀ ਦੇ ਸਰਪ੍ਰਸਤ ਕੈਪਟਨ ਸ੍ਰ. ਫ਼ੌਜਾ ਸਿੰਘ (ਹੁਣ ਗੁਰਪੁਰਵਾਸੀ) ਨੂੰ ਮਿਲ ਕੇ ਭਾਈ ਸੰਤੋਖ ਸਿੰਘ ਜੀ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕੀਤੀ। ਇਸ ਪਿੰਡ ਦਾ ਨਾਂ ਵੀ ਹੁਣ ਭਾਈ ਸਾਹਿਬ ਦੇ ਨਾਂ ਤੇ ਕਿਲ੍ਹਾ ਕਵੀ ਸੰਤੋਖ ਸਿੰਘ ਰੱਖਿਆ ਜਾ ਚੁੱਕਾ ਹੈ। ਇਸ ਇਲਾਕੇ ਵਿੱਚ ਸਭ ਤੋਂ ਪਹਿਲਾਂ 'ਮਹਾਂਕਵੀ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ' ਦੀ ਸਥਾਪਨਾ 18 ਜਨਵਰੀ 1953 ਨੂੰ ਗਿਆਨੀ ਖ਼ਜਾਨ ਸਿੰਘ ਜੀ ਦੀ ਦੇਖ ਰੇਖ ਹੇਠ ਹੋਈ ਸੀ। ਗਿਆਨੀ ਸੇਵਾ ਸਿੰਘ ਜਨਰਲ ਸਕੱਤਰ ਤੇ ਸ੍ਰ. ਮੱਖਣ ਸਿੰਘ ਸੂਤਰ ਵਾਲੇ ਤਰਨਤਾਰਨ, ਸਕੱਤਰ ਬਣਾਏ ਗਏ। ਅੱਜ ਕੱਲ੍ਹ ਸ੍ਰ. ਸੇਵਾ ਸਿੰਘ ਤਰਨਤਾਰਨ ਸਰਪ੍ਰਸਤ ਅਤੇ ਸ੍ਰ. ਹਰਜੀਤ ਸਿੰਘ, ਪ੍ਰਧਾਨ ਦੀ ਦੇਖ ਰੇਖ ਹੇਠ ਪਿੰਡ ਦੇ ਨੌਜਵਾਨ ਸ੍ਰ. ਬਚਿੱਤਰ ਸਿੰਘ, ਜਰਨੈਲ ਸਿੰਘ, ਸੁਖਵਿੰਦਰ ਸਿੰਘ ਸਰਪੰਚ, ਮਾਸਟਰ ਅਵਤਾਰ ਸਿੰਘ, ਸ੍ਰ.ਕੁਲਬੀਰ ਸਿੰਘ, ਬਲਵਿੰਦਰ ਸਿੰਘ, ਬਲਵੰਤ ਸਿੰਘ, ਪ੍ਰਭਜਿੰਦਰ ਸਿੰਘ, ਮਨਜੀਤ ਸਿੰਘ ਅਤੇ ਕਈ ਹੋਰ ਇਲਾਕਾ ਨਿਵਾਸੀ ਬੜੀ ਚੜ੍ਹਦੀ ਕਲਾ ਨਾਲ ਸੇਵਾ ਕਰ ਰਹੇ ਹਨ ਅਤੇ ਭਾਈ ਸਾਹਿਬ ਦੀ ਯਾਦ ਵਿੱਚ ਸਾਲਾਨਾ ਸਮਾਗਮ ਹਰ ਸਾਲ ਸਤੰਬਰ ਮਹੀਨੇ ਵਿੱਚ ਕਰਵਾ ਰਹੇ ਹਨ। ਇਨ੍ਹਾਂ ਸਾਲਾਨਾ ਸਮਾਗਮਾਂ ਵਿੱਚ ਕਵੀ ਦਰਬਾਰ ਨਹੀਂ ਹੁੰਦਾ ਸੀ। ਦਾਸ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਕਮੇਟੀ ਵਲੋਂ ਕਵੀ ਦਰਬਾਰ ਵੀ ਕਰਵਾਉਣਾ ਸ਼ੁਰੂ ਕਰ ਦਿੱਤਾ ਗਿਆ ਅਤੇ ਹੁਣ ਹਰ ਸਾਲ ਪੰਥ ਦੇ ਪ੍ਰਸਿੱਧ ਕਵੀ ਸਾਹਿਬਾਨ ਪਹੁੰਚ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ।

ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਸਦਕਾ 2004 ਵਿੱਚ ਆਪਣੇ ਨਿਗਰਾਨ ਪ੍ਰੋਫੈਸਰ (ਡਾਕਟਰ) ਹਰਪਾਲ ਸਿੰਘ ਜੀ ਪੰਨੂ, ਮੁੱਖੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਜੀ ਦੀ ਦੇਖ ਰੇਖ ਹੇਠ ਕਾਰਜ ਸੰਪੂਰਨ ਹੋਇਆ। ਪੀ. ਐਚ. ਡੀ. ਦੇ ਦੌਰਾਨ ਸ੍ਰ. ਇੰਦਰਪਾਲ ਸਿੰਘ, ਡਿਪਟੀ ਚੀਫ਼ ਆਰਗੇਨਾਈਜ਼ਰ, ਸਟੱਡੀ ਸਰਕਲ, ਸ੍ਰ. ਹਰਚਰਨਜੀਤ ਸਿੰਘ ਬੱਬ, ਸ੍ਰ. ਪਿਰਥੀ ਸਿੰਘ ਖਾਲਸਾ ਅਤੇ ਪ੍ਰਿੰਸੀਪਲ ਕਵਲਜੀਤ ਕੌਰ ਨੇ ਸਮੇਂ-ਸਮੇਂ ਤੇ ਵਿਸ਼ੇਸ਼ ਭੂਮਿਕਾ ਨਿਭਾਈ। ਪੀ.ਐਚ.ਡੀ. ਕਰਨ ਉਪਰੰਤ ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ ਵਲੋਂ ਦਾਸ ਨੂੰ ਸਾਲਾਨਾ ਸਮਾਗਮ ਵਿੱਚ ਉਚੇਚੇ ਤੌਰ 'ਤੇ ਸ੍ਰੀ ਸਾਹਿਬ ਬਖ਼ਸ਼ ਕੇ ਸਨਮਾਨਿਤ ਕੀਤਾ ਗਿਆ। 18.12.2006 ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਹੋਈ ਕਨਵੋਕੇਸ਼ਨ ਮੌਕੇ ਯੂਨੀਵਰਸਿਟੀ ਦੇ ਚਾਂਸਲਰ ਅਤੇ ਪੰਜਾਬ ਦੇ ਰਾਜਪਾਲ ਜਨਰਲ ਰੋਡਰਿਗਜ਼ ਅਤੇ ਵਾਈਸ ਚਾਂਸਲਰ ਸ੍ਰ. ਸਵਰਨ ਸਿੰਘ ਬੋਪਾਰਾਇ, ਜੀ ਨੇ ਪੀ.ਐਚ.ਡੀ. ਦੀ ਡਿਗਰੀ ਪ੍ਰਦਾਨ ਕੀਤੀ। ਇਸ ਮੁਬਾਰਕ ਮੌਕੇ 'ਤੇ ਆਪਣੇ ਨਿਗਰਾਨ ਅਤੇ ਪੰਥ ਦੇ ਪ੍ਰਸਿੱਧ ਵਿਦਵਾਨ ਪ੍ਰੋ. ਹਰਪਾਲ ਸਿੰਘ ਜੀ ਪੰਨੂ ਤੋਂ ਵੀ ਅਸ਼ੀਰਵਾਦ ਅਤੇ ਸ਼ੁੱਭ ਇਛਾਵਾਂ ਪ੍ਰਾਪਤ ਕੀਤੀਆਂ। ਇਸੇ ਨਾਲ ਸਬੰਧਿਤ ਇਕ ਹੋਰ ਗੱਲ ਦਾ ਜ਼ਿਕਰ ਕਰਨਾ ਜ਼ਰੂਰੀ ਸਮਝਦਾ ਹਾਂ ਕਿ ਗੁਰੂ ਹਰਿਕ੍ਰਿਸ਼ਨ ਐਜੂਕੇਸ਼ਨਲ ਸੋਸਾਇਟੀ ਚੰਡੀਗੜ੍ਹ ਹਰ ਸਾਲ ਹੀ ਉਨ੍ਹਾਂ ਵਿਦਿਆਰਥੀਆਂ ਨੂੰ ਮਾਣ ਸਨਮਾਨ ਦਿੰਦੀ ਆ ਰਹੀ ਹੈ ਜਿਹੜੇ ਕਿਸੇ ਵੀ ਵਿਸ਼ੇ ਵਿੱਚ ਟੌਪਰ ਹੁੰਦੇ ਹਨ ਅਤੇ ਇਨ੍ਹਾਂ ਵਿਦਿਆਰਥੀਆਂ ਬਾਰੇ ਜਾਣਕਾਰੀ ਇਹ ਸੋਸਾਇਟੀ ਯੂਨੀਵਰਸਿਟੀਆਂ ਤੋਂ ਪ੍ਰਾਪਤ ਕਰਦੀ ਹੈ। ਏਸੇ ਸਬੰਧ ਵਿੱਚ ਹੀ ਉਨ੍ਹਾਂ ਪੰਜਾਬੀ

ਯੂਨੀਵਰਸਿਟੀ ਪਟਿਆਲਾ ਨਾਲ ਸੰਪਰਕ ਕਰਕੇ ਪਤਾ ਕੀਤਾ ਕਿ ਕਿਸ ਦਾ ਪੀਐਚ.ਡੀ ਦਾ ਥੀਸਿਸ ਬਹੁਤ ਵਧੀਆ ਹੈ। ਯੂਨੀਵਰਸਿਟੀ ਨੇ ਮੇਰੇ ਨਾਉਂ ਦੀ ਸਿਫ਼ਾਰਸ਼ ਕੀਤੀ। ਸੋਸਾਇਟੀ ਵਲੋਂ ਮੇਰੇ ਨਾਲ ਸੰਪਰਕ ਕੀਤਾ ਗਿਆ ਅਤੇ 30.4.2006 ਨੂੰ ਦਾਸ ਨੂੰ 1100 ਰੁਪਏ ਅਤੇ 'ਰੋਲ ਆਫ਼ ਆਨਰ' ਦੇ ਕੇ ਸਨਮਾਨਿਤ ਕੀਤਾ ਗਿਆ।

ਸਰਕਾਰੀ ਨੌਕਰੀ ਵਿੱਚ ਮੇਰੀ ਸਹਾਇਕ ਲੇਖਾ ਅਫ਼ਸਰ ਵਜੋਂ ਤਰੱਕੀ ਹੋ ਚੁੱਕੀ ਸੀ ਅਤੇ ਜੋਸ਼ੀਮੱਠ ਤੋਂ 2002 ਵਿੱਚ ਦੁਬਾਰਾ ਚੰਡੀਗੜ੍ਹ ਬਦਲੀ ਹੋ ਗਈ। ਸਰਕਾਰੀ ਨੌਕਰੀ ਦੇ ਨਾਲ-ਨਾਲ ਸਰਕਾਰੀ ਰਿਹਾਇਸ਼ ਵੀ ਮਿਲਦੀ ਰਹੀ। ਪਹਿਲਾਂ ਰਿਹਾਇਸ਼ੀ ਮਕਾਨ 1432, ਸੈਕਟਰ 35-ਬੀ ਮਿਲਿਆ ਅਤੇ ਫਿਰ ਸਰਕਾਰੀ ਮਕਾਨ 1462 ਸੈਕਟਰ 35-ਬੀ ਵਿਖੇ ਹੀ ਮਿਲ ਗਿਆ ਅਤੇ ਇਥੇ ਪ੍ਰਵਾਰ ਸਮੇਤ ਰਹਿ ਕੇ ਸਾਰੀਆਂ ਗਤੀਵਿਧੀਆਂ ਵੀ ਨਿਰੰਤਰ ਚਲਦੀਆਂ ਰਹੀਆਂ। ਮੇਰੇ ਬੱਚਿਆਂ ਦੀ ਮਾਂ ਅਤੇ ਮੇਰੀ ਸੁਘੜ ਸਿਆਣੀ ਸੁਪਤਨੀ ਦਲਬੀਰ ਕੌਰ ਦੀ ਦੇਖ ਰੇਖ ਹੇਠ ਬੱਚਿਆਂ ਦੀ ਪੜ੍ਹਾਈ ਸ਼ਿਵਾਲਿਕ ਪਬਲਿਕ ਸਕੂਲ ਚੰਡੀਗੜ੍ਹ ਵਿਖੇ ਬੜੀ ਚੜ੍ਹਦੀ ਕਲਾ ਨਾਲ ਹੁੰਦੀ ਰਹੀ ਅਤੇ ਨਾਲ ਦੀ ਨਾਲ ਕਵਿਤਾਵਾਂ ਦੀ ਸਿਰਜਣਾ ਵੀ ਹੁੰਦੀ ਰਹੀ ਅਤੇ ਹਿੰਦੁਸਤਾਨ ਦੀਆਂ ਲੱਗਭੱਗ ਸਾਰੀਆਂ ਪੰਥਕ ਸਟੇਜਾਂ ਕਹਿਣ ਤੋਂ ਭਾਵ ਪੰਜੇ ਪਾਵਨ ਤਖ਼ਤ ਸਾਹਿਬਾਨ, ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ ਦੇ ਸਾਰੇ ਸ਼ਹਿਰਾਂ, ਅਤੇ ਚੰਡੀਗੜ੍ਹ, ਬੰਬਈ, ਸੂਰਤ, ਪੂਨਾ, ਕਲਕੱਤਾ, ਮਦਰਾਸ, ਬਿਦਰ, ਸਿਕੰਦਰਾਬਾਦ, ਹੈਦਰਾਬਾਦ, ਧੰਨਬਾਦ, ਵਡੋਦਰਾ, ਰਾਇਪੁਰ, ਰਿਸ਼ੀਕੇਸ਼, ਹਰਿਦੁਆਰ, ਜੈਪੁਰ, ਦੁਰਗਾਪੁਰ, ਅੰਬਾਲਾ, ਕਰਨਾਲ, ਪਾਣੀਪਤ, ਸੋਨੀਪਤ, ਨੈਨੀਤਾਲ,ਖਟੀਮਾਂ, ਸ਼ਹੀਦ ਊਧਮ ਸਿੰਘ ਨਗਰ ਉਤਰਾਂਚਲ, ਕੁਰਕਸ਼ੇਤਰ, ਸਹਾਰਨਪੁਰ, ਮੁਜ਼ੱਫ਼ਰਨਗਰ, ਲਖ਼ਨਊ, ਕਾਨਪੁਰ, ਨਾਗਪੁਰ, ਸ੍ਰੀ ਗੰਗਾਨਗਰ, ਰਾਇ ਸਿੰਘ ਨਗਰ, ਹਨੂਮਾਨਗੜ੍ਹ, ਰਾਇ ਬਰੇਲੀ, ਮੁਰਾਦਾਬਾਦ, ਬੁਲੰਦ ਸ਼ਹਿਰ, ਖੁਰਜਾ, ਰਾਮੇਸ਼ਵਰਮ, ਜੰਮੂ, ਕੈਥਲ, ਹਲਦਵਾਨੀ, ਆਗਰਾ, ਸ਼ਾਹਜਹਾਨਪੁਰ, ਦੁਰਗ, ਭਿਲਾਈ ਅਤੇ ਹੋਰ ਅਨੇਕਾਂ ਸ਼ਹਿਰਾਂ ਦੀਆਂ ਸੰਗਤਾਂ ਦੇ ਦਰਸ਼ਨ ਕੀਤੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾਵਾਂ ਸੁਣਾਈਆਂ।

ਕਾਫ਼ੀ ਸਮੇਂ ਤੋਂ ਗੁਰਪੁਰਵਾਸੀ 'ਪੰਥ ਰਤਨ' ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲਿਆਂ ਦੀ ਦੇਖ ਰੇਖ ਹੇਠ ਗੁਰਦੁਆਰਾ ਸਾਹਿਬ, ਅਕਾਲ ਆਸ਼ਰਮ ਸੋਹਾਣਾ ਵਿਖੇ ਹਰ ਸਾਲ ਸਾਲਾਨਾ ਗੁਰਮਤਿ ਸਮਾਗਮ ਕਰਵਾਏ ਜਾ ਰਹੇ ਸਨ। ਇਨ੍ਹਾਂ ਸਮਾਗਮਾਂ ਵਿੱਚ ਜਿਥੇ ਕੀਰਤਨ ਦਰਬਾਰ, ਕਥਾ ਦਰਬਾਰ, ਢਾਡੀ ਦਰਬਾਰ, ਵਿਖਿਆਨ ਦਰਬਾਰ, ਇਸਤਰੀ ਸਭਾਵਾਂ ਵਲੋਂ ਨਿਸ਼ਕਾਮ ਕੀਰਤਨ ਆਦਿ ਕਰਵਾ ਕੇ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਕੀਤਾ ਜਾ ਰਿਹਾ ਸੀ ਉਥੇ ਕਵੀ ਦਰਬਾਰ ਦੀ ਘਾਟ ਮਹਿਸੂਸ ਕਰ ਰਿਹਾ ਸਾਂ। ਇਸ ਲਈ ਦਾਸ ਨੇ ਭਾਈ ਸਾਹਿਬ ਜੀ ਨੂੰ ਬੇਨਤੀ ਕੀਤੀ ਕਿ ਕਵੀ ਦਰਬਾਰ ਵੀ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਬੇਨਤੀ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਹੋਏ 2001 ਤੋਂ ਬਾਅਦ ਹਰ ਸਾਲ ਹੋਣ ਵਾਲੇ ਗੁਰਮਤਿ ਸਮਾਗਮਾਂ ਦੀ ਲੜੀ ਵਿੱਚ ਕਵੀ ਦਰਬਾਰ ਨੂੰ ਵੀ ਸ਼ਾਮਲ ਕਰ ਕੇ ਮੇਰੇ ਮਨ ਦੀ ਰੀਝ ਪੂਰੀ ਕੀਤੀ। ਹਰ ਸਾਲ ਕਵੀ ਦਰਬਾਰ ਵਿੱਚ ਪੰਥ ਦੇ ਪ੍ਰਸਿੱਧ ਕਵੀ ਸਾਹਿਬਾਨ ਪਹੁੰਚ ਕੇ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕਰਦੇ ਹਨ। ਭਾਈ ਸਾਹਿਬ ਜੀ ਇਨ੍ਹਾਂ ਕਵੀ ਦਰਬਾਰਾਂ ਵਿੱਚ ਪਹੁੰਚੇ ਕਵੀ ਸੱਜਣਾਂ ਦਾ ਮਾਣ ਸਨਮਾਨ ਕਰਦੇ ਰਹੇ। ਅੱਜ ਕੱਲ੍ਹ ਉਨ੍ਹਾਂ ਦੇ ਵਰੋਸਾਏ ਹੋਏ ਭਾਈ ਸਾਹਿਬ ਭਾਈ ਦਵਿੰਦਰ ਸਿੰਘ ਜੀ, ਭਾਈ ਗੁਰਮੀਤ ਸਿੰਘ ਜੀ, ਸਟੇਜ ਸਕੱਤਰ ਦੀ ਸੇਵਾ ਨਿਭਾਉਂਦੇ ਆ ਰਹੇ ਅਤੀ ਸਤਿਕਾਰਯੋਗ ਸ੍ਰ. ਹਰਬੰਸ ਸਿੰਘ ਜੀ ਐਡਵੋਕੇਟ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਚੈਰੀਟੇਬਲ ਟਰੱਸਟ ਦੇ ਹੋਰ ਸੇਵਾਦਾਰ ਮਾਣ ਸਨਮਾਨ ਬਖ਼ਸ਼ ਰਹੇ ਹਨ।ਭੈਣ ਤਜਿੰਦਰ ਕੌਰ ਜੀ ਵੀ ਪਹੁੰਚੇ ਹੋਏ ਕਵੀ ਸਾਹਿਬਾਨ ਦੀ ਖਿੜੇ ਮੱਥੇ ਆਉ ਭਗਤ ਕਰਦੇ ਹਨ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਥਕ ਪੱਧਰ 'ਤੇ ਮਨਾਈਆਂ ਗਈਆਂ ਸ਼ਤਾਬਦੀਆਂ ਵਿੱਚ ਦਾਸ ਨੂੰ ਬੜਾ ਮਾਣ ਸਨਮਾਨ ਬਖ਼ਸ਼ਿਆ ਗਿਆ।ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦੇ 500 ਸਾਲਾ ਪ੍ਰਕਾਸ਼ ਗੁਰਪੁਰਬ ਸਮੇਂ ਵਿਸ਼ੇਸ਼ ਕਵੀ ਦਰਬਾਰ 18 ਅਪ੍ਰੈਲ, 2004 ਰਾਤ 8.30 ਤੋਂ 11.30 ਤੱਕ ਹੋਇਆ ਜਿਸ ਦਾ ਪ੍ਰਬੰਧ ਕਰਨ, ਕਵੀ ਸੱਜਣਾਂ ਨੂੰ ਬੁਲਾਉਣ ਆਦਿ ਦੀ ਸਮੁੱਚੀ ਸੇਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰ. ਮਨਜੀਤ ਸਿੰਘ ਕਲਕੱਤਾ ਜੀ ਨੇ ਦਾਸ ਨੂੰ ਬਖ਼ਸ਼ੀ ਜਿਸ ਨੂੰ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸਦਕਾ ਬੜੀ ਚੜ੍ਹਦੀ ਕਲਾ ਅਤੇ ਸੁਚੱਜੇ ਢੰਗ ਨਾਲ ਨਿਭਾਇਆ। ਇਕ ਸਤੰਬਰ 2004 ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 400 ਸਾਲਾ ਪ੍ਰਕਾਸ਼ ਗੁਰਪੁਰਬ ਦੇ ਪਵਿੱਤਰ ਅਵਸਰ 'ਤੇ ਮੰਜੀ ਸਾਹਿਬ, ਦੀਵਾਨ ਹਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿੱਚ ਹੋਰ ਸਮਾਗਮਾਂ ਦੇ ਨਾਲ-ਨਾਲ ਮਹਾਨ ਕਵੀ ਦਰਬਾਰ ਵੀ ਹੋਇਆ ਜਿਸ ਵਿੱਚ ਦਾਸ ਨੇ ਹਾਜ਼ਰੀ ਭਰੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਤਿਹਾਸਕ ਮੋਮੈਂਟੋ ਅਤੇ ਮਾਇਆ ਦੇ ਕੇ ਸਨਮਾਨਿਤ ਕੀਤਾ ਗਿਆ। ਦਸੰਬਰ 2004 ਵਿੱਚ ਸਾਹਿਬਜ਼ਾਦਿਆਂ ਦਾ 300 ਸਾਲਾ ਸ਼ਹੀਦੀ ਪੁਰਬ ਫ਼ਤਹਿਗੜ੍ਹ ਸਾਹਿਬ ਦੀ ਪਾਵਨ ਧਰਤੀ 'ਤੇ ਮਨਾਇਆ ਗਿਆ। ਇਸ ਸਬੰਧ ਵਿੱਚ ਹੋਏ ਵਿਸ਼ਾਲ ਕਵੀ ਦਰਬਾਰ ਵਿੱਚ ਵੀ ਦਾਸ ਨੂੰ ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਸਨਮੁੱਖ ਬੀਬੀ ਜਗੀਰ ਕੌਰ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾ

ਸੁਣਾਉਣ ਦਾ ਮਾਣ ਹਾਸਲ ਹੋਇਆ ਅਤੇ ਪ੍ਰਧਾਨ ਸਾਹਿਬ ਨੇ ਮੋਮੈਂਟੋ ਅਤੇ ਸਿਰੋਪਾਉ ਬਖ਼ਸ਼ ਕੇ ਸਨਮਾਨਿਤ ਕੀਤਾ।

ਜਨਵਰੀ 2005 ਤੋਂ ਅਪ੍ਰੈਲ 2005 ਤੱਕ ਇੰਗਲੈਂਡ ਦੀਆਂ ਸੰਗਤਾਂ ਦੇ ਦਰਸ਼ਨ ਕਰਨ ਦਾ ਮੁਬਾਰਕ ਮੌਕਾ ਪ੍ਰਾਪਤ ਹੋਇਆ।ਪਾਤਸ਼ਾਹ ਦੀ ਬਖ਼ਸ਼ਿਸ਼ ਇਸ ਤਰ੍ਹਾਂ ਹੋਈ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ 32ਵਾਂ ਸਾਲਾਨਾ ਸਮਾਗਮ ਇਸ ਦੇ ਕੇਂਦਰੀ ਦਫ਼ਤਰ ਵਿਖੇ ਮਿਤੀ 15 ਅਕਤੂਬਰ ਤੋਂ 17 ਅਕਤੂਬਰ ਤੱਕ ਬੜੀ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਇਸ ਵਿੱਚ ਹੋਰ ਪ੍ਰੋਗਰਾਮਾਂ ਤੋਂ ਇਲਾਵਾ 16 ਅਕਤੂਬਰ 2005 ਰਾਤ ਨੂੰ ਕਵੀ ਦਰਬਾਰ ਵੀ ਕੀਤਾ ਗਿਆ।ਜਿਸ ਵਿੱਚ ਦਾਸ ਤੋਂ ਇਲਾਵਾ ਡਾ. ਰਾਬਿੰਦਰ ਸਿੰਘ 'ਮਸਰੂਰ' ਯਮੁਨਾਨਗਰ ਵਾਲੇ, ਸ੍ਰ. ਕਰਮਜੀਤ ਸਿੰਘ 'ਨੂਰ' ਜਲੰਧਰ ਵਾਲੇ ਅਤੇ ਡਾ. ਸੁਖਜਿੰਦਰ ਕੌਰ ਅੰਬਾਲਾ ਵਾਲੇ ਸ਼ਾਮਲ ਸਨ।ਸਟੇਜ ਸਕੱਤਰ ਦੀ ਸੇਵਾ ਦਾਸ ਕੋਲ ਸੀ।ਇਹ ਕਵੀ ਦਰਬਾਰ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ ਐਕਸਟੈਨਸ਼ਨ ਵਿਖੇ ਹੋਇਆ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਸਾਰੇ ਕੇਡਰ ਅਤੇ ਸਰਬੱਤ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਕਵੀ ਦਰਬਾਰ ਦਾ ਅਨੰਦ ਮਾਣਿਆ। ਹੋਰਨਾਂ ਤੋਂ ਇਲਾਵਾ ਇਸ ਕਵੀ ਦਰਬਾਰ ਦਾ ਅਨੰਦ ਮਾਨਣ ਲਈ ਇੰਗਲੈਂਡ ਤੋਂ ਸ੍ਰ. ਜਸਵਿੰਦਰ ਸਿੰਘ ਜੀ ਕੋਹਲੀ (ਬਾਵਾ ਜੀ) ਅਤੇ ਉਨ੍ਹਾਂ ਦੇ ਹੋਰ ਸਾਥੀ ਵੀ ਵਿਸ਼ੇਸ਼ ਤੌਰ 'ਤੇ ਪੁੱਜੇ ਹੋਏ ਸਨ।ਉਨ੍ਹਾਂ ਨੇ ਜਦੋਂ ਇਸ ਕਵੀ ਦਰਬਾਰ ਵਿੱਚ ਕਵੀ ਸੱਜਣਾਂ ਤੋਂ ਕਵਿਤਾਵਾਂ ਸ੍ਰਵਣ ਕੀਤੀਆਂ ਤਾਂ ਉਨ੍ਹਾਂ ਦੇ ਮਨ ਵਿੱਚ ਚਾਅ ਉਠਿਆ ਕਿ ਕਿਉਂ ਨਾ ਇਨ੍ਹਾਂ ਨੂੰ ਇੰਗਲੈਂਡ ਦੀਆਂ ਸੰਗਤਾਂ ਦੇ ਦਰਸ਼ਨ ਕਰਵਾਏ ਜਾਣ।ਉਨ੍ਹਾਂ ਨੇ ਸਾਡੇ ਨਾਲ ਸਲਾਹ ਕਰਕੇ ਇੰਗਲੈਂਡ ਜਾ ਕੇ ਵੀਜ਼ਾ ਆਦਿਕ ਲਗਵਾਉਣ ਦੀਆਂ ਸਾਰੀਆਂ ਜ਼ਰੂਰਤਾਂ ਪੂਰੀਆਂ ਕੀਤੀਆਂ ਅਤੇ ਅਸੀਂ ਚਾਰਾਂ ਨੇ 8 ਜਨਵਰੀ 2005 ਨੂੰ ਇੰਗਲੈਂਡ ਦੀ ਧਰਤੀ 'ਤੇ ਬਰਮਿੰਘਮ ਵਿੱਚ ਕਦਮ ਰੱਖੇ। ਅੱਗੋਂ ਸਾਨੂੰ ਲੈਣ ਲਈ ਸ੍ਰ. ਜਸਵਿੰਦਰ ਸਿੰਘ ਜੀ ਕੋਹਲੀ (ਬਾਵਾ ਜੀ) ਨੇ ਸਿੰਘਾਂ ਨੂੰ ਭੇਜਿਆ ਹੋਇਆ ਸੀ ਅਤੇ ਉਨ੍ਹਾਂ ਨਾਲ ਅਸੀਂ ਮਾਨਚੈਸਟਰ ਲਈ ਰਵਾਨਾ ਹੋ ਗਏ।ਬਾਵਾ ਜੀ ਨੇ ਸਾਡੀ ਸਾਰਿਆਂ ਦੀ ਚੰਗੀ ਆਉ ਭਗਤ ਕੀਤੀ ਅਤੇ ਗੁਰਦੁਆਰਾ ਗੁਰੂ ਹਰਿਕ੍ਰਿਸ਼ਨ ਸਾਹਿਬ ਵਿਖੇ ਠਹਿਰਾਇਆ।

ਇੰਗਲੈਂਡ ਵਿਖੇ ਰਹਿੰਦਿਆਂ ਹੋਇਆਂ ਮਾਨਚੈਸਟਰ, ਹੁਡਸਫ਼ੀਲਡ, ਸਾਊਥਾਲ, ਬਰੈਡਫੋਰਡ, ਸਮੈਥਿਕ, ਬਰਮਿੰਘਮ, ਲੈਸਟਰ,ਕੋਵੈਨਟਰੀ, ਵੁਲਵਰਹੈਂਪਟਨ, ਲੀਡਜ਼, ਸਲੋਅ, ਪੀਟਰਬਰੋਅ, ਡਰਬੀ, ਨਿਊਕਾਸਲ, ਸੰਡਰਲੈਂਡ ਆਦਿ ਸ਼ਹਿਰਾਂ ਦੇ ਪ੍ਰਮੁੱਖ ਗੁਰਦੁਆਰਾ ਸਾਹਿਬਾਨ ਵਿਖੇ ਕਵੀ ਦਰਬਾਰ ਸਜਾਏ ਅਤੇ ਸੰਗਤਾਂ ਅਤੇ ਪ੍ਰਬੰਧਕਾਂ ਦੀਆਂ ਅਸੀਸਾਂ ਪ੍ਰਾਪਤ ਕੀਤੀਆਂ। ਮੁੱਖ ਤੌਰ 'ਤੇ ਸ੍ਰ. ਜਸਵਿੰਦਰ ਸਿੰਘ ਜੀ ਕੋਹਲੀ ਮਾਨਚੈਸਟਰ, ਸ੍ਰ. ਤਜਿੰਦਰ ਸਿੰਘ ਸਮਰਾ, ਸ: ਅਮਰਜੀਤ ਸਿੰਘ ਪੱਢਾ , ਸ੍ਰ. ਸਚਦੇਵ ਸਿੰਘ, ਸ੍ਰ. ਹਰਬੰਸ ਸਿੰਘ, ਸ੍ਰ. ਗੁਰਲਾਲ ਸਿੰਘ, ਸ੍ਰ. ਬਲਵਿੰਦਰ ਸਿੰਘ ਪੱਟੀ, ਸ੍ਰ. ਕੇਸਰ ਸਿੰਘ ਮੰਡ, ਡਾ. ਤਾਰਾ ਸਿੰਘ, ਸ੍ਰ. ਮੰਗਲ ਸਿੰਘ, ਸ੍ਰ. ਹਰਭਜਨ ਸਿੰਘ ਅਤੇ ਸ੍ਰ. ਰਵਿੰਦਰ ਸਿੰਘ ਖੈਰ੍ਹਾ ਸਾਊਥਾਲ, ਸ੍ਰ. ਹਰਦੇਵ ਸਿੰਘ ਮੰਡ ਸਮੈਥਿਕ, ਸ੍ਰ. ਹਰਜਿੰਦਰ ਸਿੰਘ ਸੈਂਬੀ ਅਤੇ ਸ੍ਰ. ਕੁਲਵੰਤ ਸਿੰਘ ਢੇਸੀ ਕਵੈਂਟਰੀ, ਸ੍ਰ. ਭੁਪਿੰਦਰ ਸਿੰਘ ਸਮਰਾ ਅਤੇ ਸ੍ਰ. ਸਾਧੂ ਸਿੰਘ ਵੂਲਵਰਹੈਂਪਟਨ, ਭਾਈ ਸਾਧੂ ਸਿੰਘ ਛੋਕਰ, ਭਾਈ ਪਰਵਿੰਦਰ ਸਿੰਘ, ਸ੍ਰ. ਸੁਰਿੰਦਰ ਸਿੰਘ, ਅਤੇ ਮੇਰੀ ਸੁਪਤਨੀ ਦੇ ਚਾਚਾ ਹਰਬੰਸ ਸਿੰਘ ਜੀ ਅਤੇ ਸਤਿਕਾਰਯੋਗ ਚਾਚੀ ਪ੍ਰਕਾਸ਼ ਕੌਰ ਜੀ ਬਰੈਡਫੋਰਡ, ਸ੍ਰ. ਅਮਰਜੀਤ ਸਿੰਘ ਉਪਲ, ਸ੍ਰ. ਧਰਮਬੀਰ ਸਿੰਘ, ਸ੍ਰ. ਗੁੱਜਰ ਸਿੰਘ ਅਤੇ ਸ੍ਰ. ਹਰਬੰਸ ਸਿੰਘ ਸੱਗੂ ਲੀਡਜ਼,ਜਥੇਦਾਰ ਦੀਦਾਰ ਸਿੰਘ,ਸ੍ਰ. ਗਿਆਨ ਸਿੰਘ ਅਤੇ ਸੁਪਤਨੀ ਦੇ ਫੁਫੜ ਸ੍ਰ. ਅਜੀਤ ਸਿੰਘ ਜੀ ਹਰਡਸਫੀਲਡ, ਭਾਈ ਕੁਲਦੀਪ ਸਿੰਘ, ਭਾਈ ਜਤਿੰਦਰ ਸਿੰਘ, ਸ੍ਰ. ਬਰਿੰਦਰ ਸਿੰਘ, ਸ੍ਰ. ਜਸਪਾਲ ਸਿੰਘ, ਸ੍ਰ. ਸੁਖਦੇਵ ਸਿੰਘ, ਸ੍ਰ. ਜਸਵੰਤ ਸਿੰਘ ਅਤੇ ਗਿਆਨੀ ਇੰਦਰਜੀਤ ਸਿੰਘ ਜੀ ਲੈਸਟਰ, ਸ੍ਰ. ਜਰਨੈਲ ਸਿੰਘ ਅਤੇ ਸ੍ਰ. ਮਨਜੀਤ ਸਿੰਘ ਬਾਗੀ ਨਿਊਕੈਸਲ, ਸ੍ਰ. ਸਤਨਾਮ ਸਿੰਘ ਸਲੋਅ, ਪ੍ਰੋ. ਹਰਜੀਤ ਸਿੰਘ ਅਤੇ ਸ੍ਰ. ਮਨਜੀਤ ਸਿੰਘ ਚੀਮਾ ਸੰਡਰਲੈਂਡ,ਸ੍ਰ.ਕਰਨੈਲ ਸਿੰਘ ਜੀ,ਸਾਊਥਬੀਲਡ ਅਤੇ ਸ੍ਰ. ਇੰਦਰਜੀਤ ਸਿੰਘ ਡਰਬੀ ਆਦਿ ਨੇ ਆਪਣੇ ਹੱਥਾਂ 'ਤੇ ਚੁੱਕੀ ਰੱਖਿਆ।ਇਨ੍ਹਾਂ ਤੋਂ ਇਲਾਵਾ ਬਾਬਾ ਜਸਵੰਤ ਸਿੰਘ ਜੀ ਨਾਨਕਸਰ ਸਮਰਾਲਾ ਚੌਂਕ, ਲੁਧਿਆਣਾ, ਜਿਹੜੇ ਇੰਗਲੈਂਡ ਵਿਖੇ ਵੀ ਸੰਗਤਾਂ ਨਾਲ ਪ੍ਰੇਮ ਕਰਦੇ ਹਨ ਅਤੇ ਉਥੇ ਦੀਆਂ ਸੰਗਤਾਂ ਦੀ ਖਿੱਚ ਕਾਰਣ ਆਉਂਦੇ ਜਾਂਦੇ ਹੀ ਰਹਿੰਦੇ ਹਨ, ਉਨ੍ਹਾਂ ਨੇ ਵੀ ਇੰਗਲੈਂਡ ਦੇ ਗੁਰਦੁਆਰਾ ਗੁਰੂ ਅਮਰਦਾਸ ਜੀ ਸਾਊਥਾਲ ਵਿਖੇ ਕਵੀਆਂ ਨੂੰ ਮਾਣ ਸਨਮਾਨ ਅਤੇ ਸਿਰੋਪਾਉ ਦੀ ਬਖ਼ਸ਼ਿਸ਼ ਕਰਕੇ ਸਨਮਾਨਿਤ ਕੀਤਾ।ਭਾਈ ਮਹਿੰਦਰ ਸਿੰਘ ਜੀ ਚੇਅਰਮੈਨ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ, ਬਰਮਿੰਘਮ ਵਾਲਿਆਂ ਜਿਨ੍ਹਾਂ ਨੇ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ 'ਤੇ ਸੋਨਾ ਚੜ੍ਹਾਉਣ ਦੀ ਸੇਵਾ ਸੰਗਤਾਂ ਨੂੰ ਪ੍ਰੇਰ ਕੇ ਕਰਵਾਈ, ਉਨ੍ਹਾਂ ਨੇ ਵੀ ਗੁਰਦੁਆਰਾ ਸਾਹਿਬ, ਬਰਮਿੰਘਮ ਵਿਖੇ ਕਵੀ ਦਰਬਾਰ ਕਰਵਾਇਆ ਅਤੇ ਸਾਰੇ ਕਵੀਆਂ ਨੂੰ ਬਹੁਤ ਹੀ ਮਾਣ ਸਨਮਾਨ ਦਿੱਤਾ।ਨੂਰ ਜੀ ਦੇ ਛੋਟੇ ਭਾਈ ਸਾਹਿਬ ਸ੍ਰ. ਹਰ ਪ੍ਰਕਾਸ਼ ਸਿੰਘ 'ਮਿੱਤਰ' ਜੀ ਜਿਹੜੇ ਬਹੁਤ ਹੀ ਪ੍ਰਸਿੱਧ ਕਥਾਵਾਚਕ ਹਨ ਅਤੇ ਇੰਗਲੈਂਡ, ਅਮਰੀਕਾ,ਕੈਨੇਡਾ ਜਾਂਦੇ ਰਹਿੰਦੇ ਹਨ, ਉਹ ਵੀ ਉਨ੍ਹਾਂ ਦਿਨਾਂ ਵਿੱਚ ਇੰਗਲੈਂਡ ਸਨ ਅਤੇ ਸਾਨੂੰ ਬਹੁਤ ਸਹਿਯੋਗ ਦਿੱਤਾ। ਇੰਗਲੈਂਡ ਵਿਖੇ ਚਾਰੇ ਕਵੀਆਂ ਦੀਆਂ ਕਵਿਤਾਵਾਂ ਦੀ ਇੱਕ ਆਡੀਓ ਕੈਸਟ 'ਸ਼ਹੀਦੀ ਖ਼ੁਮਾਰੀਆਂ'ਰੀਲੀਜ਼

ਕੀਤੀ ਗਈ ਜਿਹੜੀ ਕਿ ਬਹੁਤ ਸਲਾਹੀ ਗਈ। ਉਥੋਂ ਦੇ ਪ੍ਰਮੁੱਖ ਪੰਜਾਬੀ ਅਖਬਾਰਾਂ ਜਿਵੇਂ ਕਿ ਪੰਜਾਬ ਟਾਈਮਜ਼, ਦਾ ਸਿੱਖ ਟਾਈਮਜ਼, ਦੇਸ ਪ੍ਰਦੇਸ ਆਦਿ ਵਿੱਚ ਸਾਡੇ ਕਵੀ ਦਰਬਾਰਾਂ ਬਾਰੇ ਖ਼ਬਰਾਂ ਅਤੇ ਇਸ਼ਤਿਹਾਰ ਛਪਦੇ ਰਹੇ। ਇਸ ਤੋਂ ਇਲਾਵਾ ਇੰਗਲੈਂਡ ਦੇ ਪੰਜਾਬੀ ਦੇ ਪ੍ਰਮੁੱਖ ਰੇਡੀਓ ਸਟੇਸ਼ਨਾਂ ਤੋਂ ਅਸੀਂ ਕਵਿਤਾਵਾਂ ਸੁਣਾਉਂਦੇ ਰਹੇ, ਜਿਨ੍ਹਾਂ ਨੂੰ ਸਰੋਤਿਆਂ ਨੇ ਬਹੁਤ ਸਲਾਹਿਆ।

ਇੰਗਲੈਂਡ ਤੋਂ ਵਾਪਸ ਪਰਤ ਕੇ ਪਾਤਸ਼ਾਹ ਦਾ ਸ਼ੁਕਰਾਨਾ ਕਰਨ ਲਈ ਪਰਵਾਰ ਸਮੇਤ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਪਹੁੰਚੇ ਅਤੇ ਗੁਰੂ ਮਹਾਰਾਜ ਦੇ ਚਰਨਾਂ 'ਚ ਕਲਮ ਨੂੰ ਹੋਰ ਰਵਾਨਗੀ ਬਖ਼ਸ਼ਣ ਲਈ ਅਰਜ਼ੋਈ ਕੀਤੀ। ਹਿੰਦੁਸਤਾਨ ਭਰ ਅੰਦਰ ਪੰਥਕ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਨਾਲ ਦੀ ਨਾਲ ਦਫ਼ਤਰੀ ਕੰਮਾਂ ਵੱਲ ਵੀ ਧਿਆਨ ਦਿੱਤਾ। 14 ਮਈ 2005 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 40 ਮੁਕਤਿਆਂ ਦਾ 300 ਸਾਲਾ ਸ਼ਹੀਦੀ ਦਿਵਸ ਗੁਰਦੁਆਰਾ ਟੁੱਟੀ ਗੰਢੀ ਸਾਹਿਬ, ਮੁਕਤਸਰ ਸਾਹਿਬ ਵਿਖੇ ਚੜ੍ਹਦੀ ਕਲਾ ਨਾਲ ਮਨਾਇਆ ਗਿਆ। ਇਸ ਦੌਰਾਨ 13 ਮਈ ਰਾਤ ਨੂੰ ਸ਼ਹੀਦੀ ਕਵੀ ਦਰਬਾਰ ਕਰਵਾਇਆ ਗਿਆ। ਪੰਥ ਦੇ ਪ੍ਰਸਿੱਧ ਵਿਦਵਾਨ ਸ੍ਰ. ਭਗਵਾਨ ਸਿੰਘ ਜੌਹਲ ਜੀ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਹੀ। ਦਾਸ ਵੀ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਇਆ ਅਤੇ ਕਮੇਟੀ ਵਲੋਂ ਸਿਰੋਪਾਉ, ਮੋਮੈਂਟੋ ਆਦਿ ਦੇ ਕੇ ਨਿਵਾਜਿਆ ਗਿਆ। ਤਖ਼ਤ ਸ੍ਰੀ ਹਜ਼ੂਰ ਸਾਹਿਬ ਵੀ ਸਮੇਂ-ਸਮੇਂ ਤੇ ਕਵੀ ਦਰਬਾਰਾਂ ਵਿੱਚ ਸ਼ਾਮਲ ਹੁੰਦਾ ਰਹਿੰਦਾ ਹਾਂ। ਤਖ਼ਤ ਸਾਹਿਬ ਤੋਂ ਪਹੁੰਚੇ ਹੁਕਮ ਮੁਤਾਬਿਕ 6 ਨਵੰਬਰ 2005 ਰਾਤ ਨੂੰ ਵਿਸ਼ਾਲ ਪੰਡਾਲ ਵਿੱਚ ਕਵੀ ਦਰਬਾਰ 'ਚ ਹਾਜ਼ਰੀਆਂ ਲੁਆ ਕੇ ਅਨੰਦ ਮਾਣਿਆ। 6 ਨਵੰਬਰ ਰਾਤ ਨੂੰ ਹੀ ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ ਜਥੇਦਾਰ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਨੇ ਦਾਸ ਨੂੰ ਸਿਰੋਪਾਉ ਦੀ ਬਖ਼ਸ਼ਿਸ਼ ਕਰਕੇ ਨਿਵਾਜਿਆ। 7 ਨਵੰਬਰ ਨੂੰ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਸਿਰੋਪਾਉ ਦੀ ਬਖ਼ਸ਼ਿਸ਼ ਹੋਈ। ਇਥੇ ਸ੍ਰ. ਗੁਰਚਰਨ ਸਿੰਘ ਜੀ ਸੰਘਾ ਮੁੱਖ ਸੰਪਾਦਕ, ਸੱਚਖੰਡ ਪੱਤਰ ਹਰ ਵਾਰ ਹੀ ਬਹੁਤ ਮਾਣ ਸਤਿਕਾਰ ਦਿੰਦੇ ਹਨ।

ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਮੇਂ-ਸਮੇਂ 'ਤੇ ਹੋ ਰਹੇ ਕਵੀ ਦਰਬਾਰਾਂ ਵਿੱਚ ਵੀ ਹਾਜ਼ਰੀਆਂ ਲਗਵਾਉਣ ਦਾ ਸੁਭਾਗ ਪ੍ਰਾਪਤ ਹੁੰਦਾ ਰਹਿੰਦਾ ਹੈ। ਇਸ ਕਮੇਟੀ ਵਲੋਂ ਨਵੰਬਰ 2005 ਵਿੱਚ ਗੁਰਦੁਆਰਾ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਵਿਖੇ ਸੁਨਿਹਰੀ ਪਾਲਕੀ ਸਜਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ। ਇਸ ਮੁਬਾਰਕ ਮੌਕੇ 'ਤੇ ਦਾਸ, ਸ੍ਰ.ਕਰਮਜੀਤ ਸਿੰਘ 'ਨੂਰ' ਜਲੰਧਰ ਅਤੇ ਸ੍ਰ. ਤਰਲੋਕ ਸਿੰਘ 'ਗੁੰਚਾ' ਰੋਪੜ ਨੂੰ ਵੀ ਸ਼ਾਮਲ ਹੋਣ ਲਈ ਕਮੇਟੀ ਵਲੋਂ ਹੁਕਮ ਕੀਤਾ ਗਿਆ। ਅਸੀਂ ਤਿੰਨੋਂ ਕਵੀ ਸ੍ਰ. ਜਗਜੀਤ ਸਿੰਘ ਗਾਬਾ, ਪ੍ਰਧਾਨ, ਗੁਰਦੁਆਰਾ ਨੌਂਵੀ ਪਾਤਸ਼ਾਹੀ, ਗੁਰੂ ਤੇਗ ਬਹਾਦਰ ਨਗਰ, ਜਲੰਧਰ ਦੀ ਅਗਵਾਈ 'ਚ ਸੰਗਤਾਂ ਨਾਲ 29 ਨਵੰਬਰ ਨੂੰ ਦਿੱਲੀ ਤੋਂ ਚੱਲ ਕੇ ਆਏ ਜਥੇ ਨਾਲ ਸ਼ਾਮਲ ਹੋ ਕੇ ਪਾਕਿਸਤਾਨ ਲਈ ਰਵਾਨਾ ਹੋਏ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਅਗਵਾਈ ਹੇਠ ਜੈਕਾਰਿਆਂ ਦੀ ਗੂੰਜ ਵਿੱਚ ਵਾਹਗਾ ਬਾਰਡਰ ਨੂੰ ਪਾਰ ਕੀਤਾ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਸੇਵਾਦਾਰਾਂ ਅਤੇ ਉਧਰ ਦੀਆਂ ਸੰਗਤਾਂ ਅਤੇ ਪਾਕਿਸਤਾਨ ਸਰਕਾਰ ਵਲੋਂ ਨਿਯੁਕਤ ਨੁਮਾਇੰਦਿਆਂ ਨੇ ਜਥੇ ਦਾ ਭਰਪੂਰ ਸਵਾਗਤ ਕੀਤਾ। ਵਾਹਗਾ ਬਾਰਡਰ 'ਤੇ ਪਹਿਲਾਂ ਹੀ ਇੰਤਜ਼ਾਰ ਕਰ ਰਹੀਆਂ ਡੀਲਕਸ ਬੱਸਾਂ ਵਿੱਚ ਬੈਠ ਕੇ ਗੁਰਦੁਆਰਾ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਲਈ ਰਵਾਨਾ ਹੋ ਗਏ। ਇਥੇ ਹੀ ਇਕ ਗੁਰਸਿੱਖ ਰੂਹ ਰਵਿੰਦਰ ਪ੍ਰੀਤ ਕੌਰ ਦੇ ਦਰਸ਼ਨ ਹੋਏ। ਪਾਕਿਸਤਾਨ ਦੇ ਗੁਰਧਾਮਾਂ ਦੇ ਦਰਸ਼ਨ ਦੀਦਾਰ ਕਰਦਿਆਂ 4-5 ਦਿਨ ਉਹ ਨਾਲ ਹੀ ਰਹੇ ਅਤੇ ਗੁਰਮਤਿ ਵਿਚਾਰਾਂ ਦੀ ਸਾਂਝ ਕਰਦੇ ਰਹੇ ਅਤੇ ਉਸ ਤੋਂ ਪਿਛੋਂ ਹੁਣ ਵੀ ਸਮੇਂ-ਸਮੇਂ 'ਤੇ ਘਰ ਆ ਕੇ ਪਰਵਾਰ ਨਾਲ ਮਿਲਦੇ ਬੈਠਦੇ ਹਨ। ਗੁਰਦੁਆਰਾ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਪਹੁੰਚ ਕੇ ਮੱਥਾ ਟੇਕਿਆ ਅਤੇ ਰਾਤ ਨੂੰ ਵਿਸ਼ਰਾਮ ਕੀਤਾ। 30 ਨਵੰਬਰ 2005 ਨੂੰ ਬਹੁਤ ਵੱਡਾ ਸਮਾਗਮ ਹੋਇਆ ਅਤੇ ਰਾਤ ਦੇ ਦੀਵਾਨ ਵਿੱਚ ਦਾਸ ਅਤੇ ਸ੍ਰ. ਕਰਮਜੀਤ ਸਿੰਘ 'ਨੂਰ' ਜੀ ਨੇ ਪਾਲਕੀ ਸਾਹਿਬ ਦੇ ਦਿੱਲੀ ਤੋਂ ਚੱਲਣ ਅਤੇ ਗੁਰਦੁਆਰਾ ਜਨਮ ਅਸਥਾਨ, ਸ੍ਰੀ ਨਨਕਾਣਾ ਸਾਹਿਬ ਤੱਕ ਪਹੁੰਚਣ ਦੇ ਅਲੌਕਿਕ ਨਜ਼ਾਰੇ ਨੂੰ ਹੂ-ਬ-ਹੂ ਕਵਿਤਾਵਾਂ ਰਾਹੀਂ ਸੰਗਤਾਂ ਸਾਹਮਣੇ ਜੈਕਾਰਿਆਂ ਦੀ ਗੂੰਜ ਵਿੱਚ ਪੇਸ਼ ਕੀਤਾ। ਸ੍ਰ. ਪਰਮਜੀਤ ਸਿੰਘ ਸਰਨਾ, ਪ੍ਰਧਾਨ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰ. ਤਰਸੇਮ ਸਿੰਘ, ਚੇਅਰਮੈਨ, ਧਰਮ ਪ੍ਰਚਾਰ ਕਮੇਟੀ, ਅਤੇ ਸ੍ਰ. ਇੰਦਰਜੀਤ ਸਿੰਘ ਵਿਕਾਸਪੁਰੀ, ਕਨਵੀਨਰ, ਧਰਮ ਪ੍ਰਚਾਰ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿਰੋਪਾਉ ਦੀ ਬਖ਼ਸ਼ਿਸ਼ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨਿਤ ਕੀਤਾ। ਇੱਥੇ ਦੇ ਸਾਰੇ ਗੁਰਧਾਮਾਂ ਦੇ ਪਹਿਲੀ ਦਸੰਬਰ ਨੂੰ ਦਰਸ਼ਨ ਦੀਦਾਰੇ ਕੀਤੇ ਅਤੇ ਇਥੋਂ ਚੱਲ ਕੇ ਰਾਤ ਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ, ਹਸਨ ਅਬਦਾਲ ਪਹੁੰਚੇ। ਦੋ ਦਸੰਬਰ ਦੁਪਹਿਰ ਅਤੇ ਰਾਤ ਦੇ ਦੀਵਾਨਾਂ ਵਿੱਚ ਹਾਜ਼ਰੀਆਂ ਭਰੀਆਂ ਅਤੇ ਉਸ ਅਸਥਾਨ ਦੇ ਵੀ ਦਰਸ਼ਨ ਕੀਤੇ ਜਿਥੋਂ ਵਲੀ ਕੰਧਾਰੀ ਨੇ ਗੁਰੂ ਨਾਨਕ ਦੇਵ ਜੀ ਵੱਲ ਪੱਥਰ ਰੇੜ੍ਹਿਆ ਸੀ। ਤਿੰਨ ਦਸੰਬਰ ਨੂੰ ਲਾਹੌਰ ਵਿਖੇ ਪਹੁੰਚ ਕੇ ਗੁਰਦੁਆਰਾ ਡੇਹਰਾ ਸਾਹਿਬ ਜਿਥੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦਿੱਤੇ ਗਏ ਸਨ, ਮੱਥਾ ਟੇਕਿਆ ਅਤੇ ਮਹਾਰਾਜਾ ਰਣਜੀਤ ਸਿੰਘ ਜੀ ਨਾਲ ਸਬੰਧਿਤ ਯਾਦਗਾਰੀ ਅਸਥਾਨਾਂ ਦੇ ਵੀ ਦਰਸ਼ਨ

ਕੀਤੇ। ਚਾਰ ਦਸੰਬਰ ਨੂੰ ਵਾਹਗਾ ਬਾਰਡਰ ਰਾਹੀਂ ਵਾਪਸ ਵਤਨ ਪਰਤ ਆਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ 400 ਸਾਲਾ ਸ਼ਹੀਦੀ ਪੁਰਬ ਜੂਨ 2006 ਵਿੱਚ ਆ ਰਿਹਾ ਸੀ।ਇਸ ਨੂੰ ਮੁੱਖ ਰੱਖ ਕੇ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਵਲੋਂ ਮੀਟਿੰਗ ਬੁਲਾਈ ਗਈ ਅਤੇ ਸ੍ਰ. ਕਰਮਜੀਤ ਸਿੰਘ 'ਨੂਰ' ਪ੍ਰਧਾਨ, ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਪ੍ਰਧਾਨਗੀ ਹੇਠ 52 ਕਵੀਆਂ ਦਾ ਕਵੀ ਦਰਬਾਰ ਯਮੁਨਾਨਗਰ ਵਿਖੇ ਕਰਵਾਉਣ ਦਾ ਫੈਸਲਾ ਲਿਆ ਗਿਆ 'ਤੇ ਇਸ ਕਵੀ ਦਰਬਾਰ ਲਈ ਕਵੀ ਸਾਹਿਬਾਨ ਨੂੰ ਸੱਦਾ ਪੱਤਰ ਭੇਜਣ ਆਦਿ ਦੀ ਜ਼ਿੰਮੇਵਾਰੀ ਬਤੌਰ ਜਨਰਲ ਸਕੱਤਰ ਮੈਨੂੰ ਸੌਂਪੀ ਗਈ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਸੰਪਰਕ ਕਰਨ ਅਤੇ ਕਵੀ ਦਰਬਾਰਾਂ ਲਈ ਸਥਾਨ ਤਹਿ ਕਰਨ ਦੀ ਜ਼ਿੰਮੇਵਾਰੀ ਜਥੇਬੰਦੀ ਦੇ ਹਰਿਆਣਾ ਸਟੇਟ ਦੇ ਪ੍ਰਧਾਨ ਸ੍ਰ. ਗੁਰਦਿਆਲ ਸਿੰਘ 'ਨਿਮਰ' ਦੀ ਲਗਾਈ ਗਈ। ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸਦਕਾ 52 ਕਵੀਆਂ ਦਾ ਕਵੀ ਦਰਬਾਰ 21.5.2006, 27.5.06, 4.6.06, 14.6.06 ਅਤੇ 17.5.06 ਨੂੰ ਵੱਖ-ਵੱਖ ਗੁਰਦੁਆਰਾ ਸਾਹਿਬਾਨ ਵਿਖੇ ਬੜੀ ਚੜ੍ਹਦੀ ਕਲਾ ਨਾਲ ਸੰਪੂਰਨ ਹੋਇਆ।ਅਕਾਲ ਪੁਰਖ ਦੀ ਅਪਾਰ ਬਖ਼ਸ਼ਿਸ਼ ਨਾਲ ਸ੍ਰ.ਜਥੇਬੰਦੀ ਦੇ ਹਰਿਆਣਾ ਸਟੇਟ ਦੇ ਪ੍ਰਧਾਨ ਸ੍ਰ. ਗੁਰਦਿਆਲ ਸਿੰਘ 'ਨਿਮਰ' ਨੇ ਇਸ ਕਵੀ ਦਰਬਾਰ ਦੀ ਸਫ਼ਲਤਾ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਇਸੇ ਤਰ੍ਹਾਂ ਹੀ ਗੁਰੂ ਅਰਜਨ ਦੇਵ ਜੀ ਦਾ 400 ਸਾਲਾ ਸ਼ਹੀਦੀ ਪੁਰਬ ਜੂਨ 2006 ਵਿੱਚ ਵੱਡੇ ਪੱਧਰ 'ਤੇ ਮਨਾਉਣ ਲਈ ਖਾਲਸਾ ਪੰਥ ਤਿਆਰ ਬਰ ਤਿਆਰ ਸੀ। ਤਰਨਤਾਰਨ ਦੇ ਪਾਵਨ ਅਸਥਾਨ 'ਤੇ ਸ਼ਹੀਦੀ ਸਮਾਗਮਾਂ ਦੀ ਲੜੀ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 15 ਜੂਨ ਰਾਤ ਨੂੰ ਮਹਾਨ ਪੰਥਕ ਕਵੀ ਦਰਬਾਰ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ, ਜਿਸ ਦਾ ਸਾਰਾ ਖ਼ਰਚਾ ਬੈਂਕ ਆਫ਼ ਪੰਜਾਬ ਵਲੋਂ ਕੀਤਾ ਜਾਣਾ ਸੀ ਅਤੇ ਜਿਸ ਦੇ ਕਨਵੀਨਰ ਦੀ ਜ਼ਿੰਮੇਵਾਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸ੍ਰ. ਅਵਤਾਰ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰਾਹੀਂ ਦਾਸ ਨੂੰ ਸੌਂਪੀ। ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸਦਕਾ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਸਨਮੁੱਖ ਇਹ ਕਵੀ ਦਰਬਾਰ ਸਾਰੀ ਰਾਤ ਹੀ ਜੈਕਾਰਿਆਂ ਦੀ ਗੂੰਜ ਵਿੱਚ ਚਲਦਾ ਰਿਹਾ ਅਤੇ ਦਾਸ ਸਾਰੀ ਰਾਤ ਹੀ ਕਵੀ ਦਰਬਾਰ ਦੇ ਸਟੇਜ ਸਕੱਤਰ ਦੀ ਸੇਵਾ ਨਿਭਾਉਂਦਾ ਰਿਹਾ।ਸਟੇਜ 'ਤੇ ਸਿੰਘ ਸਾਹਿਬ ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਸ਼ਸ਼ੋਭਿਤ ਸਨ। ਉਨ੍ਹਾਂ ਦੇ ਨਾਲ ਡਾ. ਚਰਨ ਕਮਲ ਸਿੰਘ, ਚੀਫ਼ ਸਕੱਤਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ, ਸ੍ਰ. ਪ੍ਰਤਾਪ ਸਿੰਘ ਵਾਈਸ ਚੇਅਰਮੈਨ, ਸੈਂਚੂਰੀਅਨ ਬੈਂਕ ਆਫ਼ ਪੰਜਾਬ, ਸ੍ਰ. ਇੰਦਰਪਾਲ ਸਿੰਘ, ਡਿਪਟੀ ਚੀਫ਼ ਆਰਗੇਨਾਈਜ਼ਰ, ਸ੍ਰ. ਹਰਚਰਨਜੀਤ ਸਿੰਘ ਬੱਬ, ਮੈਂਬਰ ਸੁਪਰੀਮ ਕੌਂਸਲ, ਸ਼੍ਰੋਮਣੀ ਕਮੇਟੀ ਅਤੇ ਸਟੱਡੀ ਸਰਕਲ ਦੇ ਕਈ ਮੈਂਬਰ ਸਾਹਿਬਾਨ ਅਤੇ ਹੋਰ ਪਤਵੰਤੇ ਸੱਜਣ ਬੈਠੇ ਕਵੀ ਦਰਬਾਰ ਦੀ ਸ਼ੋਭਾ ਵਧਾ ਰਹੇ ਸਨ। ਦੂਸਰੇ ਕਵੀ ਸਾਹਿਬਾਨ ਨਾਲ ਸ਼੍ਰੋਮਣੀ ਕਮੇਟੀ ਵਲੋਂ ਦਾਸ ਨੂੰ ਵੀ ਸਨਮਾਨਿਤ ਕੀਤਾ ਗਿਆ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ 30 ਜੂਨ ਤੋਂ 2 ਜੁਲਾਈ ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦਾ 400 ਸਾਲਾ ਸਿਰਜਣਾ ਦਿਵਸ, ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਅੰਮ੍ਰਿਤਸਰ ਵਿਖੇ ਮਨਾਇਆ ਗਿਆ। ਇਸ ਦੌਰਾਨ ਇੱਕ ਜੁਲਾਈ ਨੂੰ ਹੋਏ ਕਵੀ ਦਰਬਾਰ ਵਿੱਚ ਹਾਜ਼ਰੀਆ ਭਰੀਆਂ ਅਤੇ ਮਾਣ ਸਨਮਾਨ ਪ੍ਰਾਪਤ ਕੀਤਾ।

ਘਰ ਪਰਿਵਾਰ ਵਿੱਚ ਸਾਰੇ ਬੱਚੇ ਆਪੋ ਆਪਣੀ ਕਲਾਸ ਵਿੱਚ ਵਧੀਆ ਨੰਬਰ ਲੈ ਕੇ ਪਾਸ ਹੁੰਦੇ ਰਹੇ।ਵੱਡੇ ਸਪੁੱਤਰ ਪਰਮਦੀਪ ਸਿੰਘ 'ਦੀਪ' ਨੇ ਕੰਪਿਊਟਰ ਇੰਜਨੀਅਰਿੰਗ ਵਿੱਚ ਡਿਪਲੋਮਾ ਕਰ ਲਿਆ। ਮੈਂ ਚਾਹੁੰਦਾ ਸੀ ਕਿ ਉਸਨੂੰ ਅੱਗੋਂ ਡਿਗਰੀ ਦੀ ਪੜ੍ਹਾਈ ਲਈ ਕਿਸੇ ਇੰਜਨੀਅਰਿੰਗ ਕਾਲਜ ਵਿੱਚ ਪਾ ਦੇਵਾਂ ਪਰ ਉਹ ਆਪਣੇ ਆਪ ਹੀ ਆਪਣਾ ਕੈਰੀਅਰ ਬਣਾਉਣ ਲਈ ਸੰਘਰਸ਼ ਦੇ ਰਸਤੇ 'ਤੇ ਪੈ ਗਿਆ। ਡਿਪਲੋਮੇ ਦਾ ਰਿਜ਼ਲਟ ਆਉਣ ਤੋਂ ਪਹਿਲਾਂ ਹੀ ਅਗਸਤ 2003 ਵਿੱਚ ਕੇਵਲ 19 ਕੁ ਸਾਲ ਦੀ ਉਮਰ ਵਿੱਚ ਏਅਰਟੈਲ ਦੇ ਚੰਡੀਗੜ੍ਹ ਦੇ ਕਾਲ ਸੈਂਟਰ ਆਈ-ਟੂ-ਆਈ ਵਿੱਚ ਚਾਰ ਕੁ ਹਜ਼ਾਰ ਰੁਪਏ ਤਨਖਾਹ 'ਤੇ ਲੱਗ ਗਿਆ। ਨਾਲ ਦੀ ਨਾਲ ਅਗਸਤ 2004 ਵਿੱਚ ਕੰਪਿਊਟਰ ਇੰਜਨੀਅਰਿੰਗ ਦੀ ਡਿਗਰੀ ਦੀ ਪੜ੍ਹਾਈ ਪੱਤਰ ਵਿਹਾਰ ਰਾਹੀਂ ਇੰਸਟੀਚਿਊਟ ਆਫ਼ ਇੰਜਨੀਅਰਸ ਕਲਕੱਤਾ ਤੋਂ ਕਰਨ ਲੱਗ ਪਿਆ। ਫਿਰ ਸਾਢੇ ਵੀਹ ਕੁ ਸਾਲ ਦੀ ਉਮਰ ਵਿੱਚ ਇਕ ਹੋਰ ਮਲਟੀਨੈਸ਼ਨਲ ਕੰਪਨੀ ਵਿੱਚ 9000 ਰੁਪਏ 'ਤੇ ਸਰਵਿਸ ਤੇ ਲੱਗ ਗਿਆ।ਰਾਤ ਦਿਨ ਸੰਘਰਸ਼ ਕਰਦਾ ਰਿਹਾ ਅਤੇ ਅਖੀਰ ਉਸ ਦੀ ਦਿਨ ਰਾਤ ਦੀ ਮਿਹਨਤ ਰੰਗ ਲਿਆਈ। 5 ਜੂਨ 2006 ਨੂੰ ਕੰਪਿਊਟਰ ਬਨਾਉਣ ਵਾਲੀ ਇਕ ਅਮਰੀਕਨ ਕੰਪਨੀ 'ਡੈੱਲ' ਦੀ ਮੋਹਾਲੀ ਬਰਾਂਚ ਵਿੱਚ ਸੀਨੀਅਰ ਟੈਕਨੀਕਲ ਸੁਪੋਰਟ ਐਸੋਸੀਏਟ ਦੀ ਨੌਕਰੀ ਮਿਲ ਗਈ ਜਿਸ ਦੀ ਤਨਖ਼ਾਹ 1,95,000 ਰੁਪਏ ਸਾਲਾਨਾ ਸੀ ਭਾਵ 16,250 ਰੁਪਏ ਮਹੀਨਾ+ਬੋਨਸ ਆਦਿ। ਵੱਡੀ ਪ੍ਰਾਪਤੀ ਇਹ ਸੀ ਕਿ ਕਿਸੇ ਕਿਸਮ ਦੀ ਸਿਫ਼ਾਰਿਸ਼ ਜਾਂ ਮੇਰੀ ਸਹਾਇਤਾ ਤੋਂ ਬਿਨਾਂ ਹੀ ਉਹ ਆਪਣੀ ਮੰਜ਼ਿਲ 'ਤੇ ਪਹੁੰਚਿਆ ਸੀ ਅਤੇ ਉਸ ਤੋਂ ਵੀ ਵੱਡੀ ਗੱਲ ਇਕ ਹੋਰ ਸੀ ਕਿ ਸਾਰੀ ਤਨਖ਼ਾਹ ਲਿਆ ਕੇ ਆਪਣੀ ਮਾਤਾ ਦਲਬੀਰ ਕੌਰ ਦੀ ਤਲੀ 'ਤੇ ਰੱਖ ਦਿੰਦਾ ਸੀ।

ਇਹ ਗੁਰੂ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸੀ। ਘਰ ਆ ਕੇ ਖੁਸ਼ੀ ਨਾਲ ਫੁਲਿਆ ਨਹੀਂ

ਸਮਾ ਰਿਹਾ ਸੀ। ਕਹਿਣ ਲੱਗਾ, ਪਿਤਾ ਜੀ, ਮੇਰੀ ਤਨਖ਼ਾਹ ਦਾ ਸਕੇਲ ਮੇਰੇ ਤਜ਼ਰਬੇ ਦੇ ਆਧਾਰ ਤੇ ਡਿਗਰੀ ਕਰ ਕੇ ਲੱਗੇ ਮੇਰੇ ਸਾਥੀਆਂ ਤੋਂ ਵੀ ਜ਼ਿਆਦਾ ਹੈ।ਸਾਰਾ ਪਰਵਾਰ ਮੱਥਾ ਟੇਕਣ ਅਤੇ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਸਾਹਿਬ ਗਏ ਅਤੇ ਉਸ ਨੂੰ ਸ਼ੁੱਭ ਇਛਾਵਾਂ ਦਿੱਤੀਆਂ ਕਿ ਜਿਥੇ ਤੂੰ ਬਾਲ ਕਵੀ ਦੇ ਰੂਪ ਵਿੱਚ ਪੰਥ ਦੇ ਪੰਜੇ ਤਖ਼ਤ ਸਾਹਿਬਾਨ ਤੋਂ 11 ਸਾਲ ਦੀ ਨਿੱਕੜੀ ਜਿਹੀ ਉਮਰ ਵਿੱਚ ਹੀ ਬਾਲ ਕਵੀ ਦੇ ਰੂਪ ਵਿੱਚ ਸਿਰੋਪਾਉ ਤੇ ਮਾਣ ਸਨਮਾਨ ਪ੍ਰਾਪਤ ਕਰ ਕੇ ਆਪਣੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ ਹੈ ਉਥੇ ਹੁਣ ਦੁਨਿਆਵੀ ਤੌਰ ’ਤੇ ਵੀ ਆਪਣੇ ਪੈਰਾਂ ਤੇ ਖੜ੍ਹਾ ਹੋ ਕੇ ਆਪਣੀ ਮੰਜ਼ਿਲ ਵੱਲ ਵਧਣ ’ਚ ਸਫ਼ਲ ਹੋ ਗਿਆ ਹੈਂ। ਪਰਮਦੀਪ ਸਿੰਘ ਨੂੰ ਜਦੋਂ ‘ਡੈੱਲ’ ਕੰਪਨੀ ’ਚੋਂ ਜੁਲਾਈ ਦੇ ਪਹਿਲੇ ਹਫ਼ਤੇ ਪਹਿਲੀ ਤਨਖ਼ਾਹ ਮਿਲੀ ਤਾਂ ਉਸ ਨੇ ਉਹ ਵੀ ਲਿਆ ਕੇ ਆਪਣੀ ਮਾਤਾ ਨੂੰ ਦਿੱਤੀ। 11 ਜੁਲਾਈ ਨੂੰ ਮੇਰੇ ਕੋਲ ਆ ਕੇ ਮੇਰੇ ਤੋਂ ਪਿਆਰ ਲੈ ਕੇ ਮੈਨੂੰ ਬੜੇ ਸਤਿਕਾਰ ਸਹਿਤ ਕਹਿਣ ਲੱਗਾ, ਪਿਤਾ ਜੀ, ਤੁਸੀਂ ਹੁਣ ਘਰ ਦਾ ਫਿਕਰ ਨਾ ਕਰਿਆ ਕਰੋ ਇਹ ਸਾਰੇ ਕੰਮ ਮੈਂ ਨਿਭਾਵਾਂਗਾ। ਪ੍ਰਮਾਤਮਾ ਨੇ ਤੁਹਾਨੂੰ ਜੋ ਕਵਿਤਾ ਦੀ ਦਾਤ ਬਖ਼ਸ਼ੀ ਹੈ ਤੁਸੀਂ ਹੁਣ ਸਾਰਾ ਸਮਾਂ ਉਸ ਵੱਲ ਲਗਾਉ। ਮੈਂ ਆਪਣੇ ਬੇਟੇ ਦੇ ਮੁੱਖ ’ਚੋਂ ਇਹ ਸ਼ਬਦ ਸੁਣ ਕੇ ਗਦ-ਗਦ ਹੋ ਗਿਆ ਅਤੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਸੱਚਮੁੱਚ ਮੇਰੀ ਸੱਜੀ ਬਾਂਹ ਹੋਰ ਮਜ਼ਬੂਤ ਹੋ ਗਈ ਹੈ।ਪ੍ਰੰਤੂ ਅਗਲੇ ਚੰਦ ਦਿਨਾਂ ’ਚ ਕੀ ਭਾਣੇ ਵਾਪਰਨੇ ਹਨ, ਇਹ ਤਾਂ ਵਾਹਿਗੁਰੂ ਹੀ ਜਾਣਦੇ ਸਨ।

15 ਜੁਲਾਈ ਨੂੰ ਆਪਣੇ ਭਤੀਜੇ ਹਰਪ੍ਰੀਤ ਸਿੰਘ ਦੀ ਵਕਾਲਤ ਦੀ ਪੜ੍ਹਾਈ ਦੇ ਦਾਖ਼ਲੇ ਲਈ ਸ੍ਰੀ ਗੰਗਾਨਗਰ ਪਹੁੰਚਿਆ ਅਤੇ ਕਾਰਜ ਦੀ ਪੂਰਤੀ ਉਪਰੰਤ ਪ੍ਰੋ. ਨਗਿੰਦਰ ਕੌਰ ਜੀ, ਜੋ ਕਿ ਮੈਨੂੰ ਪਾਕਿਸਤਾਨ ਮਿਲੇ ਸਨ ਅਤੇ ਕਈ ਵਾਰ ਕਹਿ ਚੁੱਕੇ ਸਨ ਕਿ ਤੁਸੀਂ ਸਾਡੇ ਗ੍ਰਹਿ ਵਿਖੇ ਗੰਗਾਨਗਰ ਜ਼ਰੂਰ ਆਉਣਾ, ਦੇ ਘਰ ਪਹੁੰਚਿਆ।ਰਾਤ ਨੂੰ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਕਵਿਤਾ ਸੁਣਾਉਣ ਦਾ ਪ੍ਰੋਗਰਾਮ ਵੀ ਰਖਵਾ ਦਿੱਤਾ ਅਤੇ ਦਾਸ ਨੇ ਗੁਰਦੁਆਰਾ ਸਾਹਿਬ ਹਾਜ਼ਰੀ ਲਗਵਾਈ।ਦੋਵਾਂ ਜੀਆਂ ਨੇ ਬਹੁਤ ਪਿਆਰ ਸਤਿਕਾਰ ਦਿੱਤਾ ਅਤੇ ਰਾਤ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਬਿਸਰਾਮ ਕੀਤਾ।ਅੰਮ੍ਰਿਤ ਵੇਲੇ ਹੀ ‘ਦੀਪ’ ਦੇ ਦੋਸਤ ਰਵੀ ਦਾ ਮੋਬਾਈਲ ’ਤੇ ਫ਼ੋਨ ਆਇਆ ਕਿ ਅੰਕਲ ਜੀ, ਦੀਪ ਦਾ ਐਕਸੀਡੈਂਟ ਹੋ ਗਿਆ ਹੈ।ਜਲਦੀ ਚੰਡੀਗੜ੍ਹ ਪਹੁੰਚੋ। ਚੌਪਈ ਸਾਹਿਬ ਦਾ ਲਗਾਤਾਰ ਪਾਠ ਕਰਦੇ-ਕਰਦੇ 8 ਘੰਟੇ ਦਾ ਸਫ਼ਰ ਖ਼ਤਮ ਕਰਕੇ ਚੰਡੀਗੜ੍ਹ ਪੀ.ਜੀ.ਆਈ. ਪੁੱਜਾ।ਮੇਰੇ ਤੋਂ ਪਹਿਲਾਂ ਦੀਪ ਦੇ ਮਿੱਤਰ-ਦੋਸਤ, ਮੇਰੇ ਪਰਿਵਾਰ ਦੇ ਮੈਂਬਰ, ਚੰਡੀਗੜ੍ਹ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਟੱਡੀ ਸਰਕਲ ਦੇ ਸਾਰੇ ਪਰਿਵਾਰਾਂ ਨੇ ਲਗਾਤਾਰ ਸਾਡਾ ਹੌਂਸਲਾ ਬਣਾਈ ਰੱਖਿਆ ਤੇ ਹਰ ਪ੍ਰਕਾਰ ਦੀ ਸੇਵਾ ਲਈ ਤੱਤਪਰਤਾ ’ਤੇ ਰਹੇ। ਪੀ.ਜੀ.ਆਈ. ਪੁੱਜ ਕੇ ਮੈਂ ਆਪਣੇ ਬੁਰੀ ਤਰ੍ਹਾਂ ਜਖ਼ਮੀ ਹੋ ਚੁੱਕੇ ਅਤੇ ਲਗਾਤਾਰ ਬੇਹੋਸ਼ ਪਏ ਬੇਟੇ ਦੇ ਸਿਰ ’ਤੇ ਪਿਆਰ ਦਿੱਤਾ। ਪੀ.ਜੀ.ਆਈ. ਤੋਂ ਫੋਰਟਿਜ਼ ਹਸਪਤਾਲ, ਮੋਹਾਲੀ ਲੈ ਕੇ ਗਏ।ਡਾਕਟਰ ਸਾਹਿਬਾਨ ਨੇ ਪੂਰੀ ਵਾਹ ਲਗਾਈ ਪਰ ਧੁਰ ਦਰਗਾਹ ਤੋਂ ਸੱਦਾ ਆ ਚੁੱਕਾ ਸੀ ਅਤੇ ਉਹ ਆਪਣੇ ਸੁਆਸਾਂ ਦੀ ਪੂੰਜੀ ਸਫ਼ਲੀ ਕਰਦਾ ਹੋਇਆ 16 ਜੁਲਾਈ ਸ਼ਾਮ ਦੇ 6.30 ਵਜੇ ਚੜ੍ਹਾਈ ਕਰ ਗਿਆ।ਕਿਰਨ ਸੂਰਜ ਵਿੱਚ ਸਮਾ ਗਈ। ਉਸੇ ਸਮੇਂ ਦਾਸ ਨੇ ਪਾਤਸ਼ਾਹ ਦੇ ਚਰਨਾਂ ’ਚ ਖੜ੍ਹੇ ਮੱਥੇ ਅਰਜ਼ੋਈ ਕੀਤੀ ਕਿ ਇਸ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ । 17 ਜੁਲਾਈ ਨੂੰ ਚੰਡੀਗੜ੍ਹ ਵਿਖੇ ਦੇਹ ਦਾ ਸਸਕਾਰ ਕੀਤਾ ਗਿਆ ਅਤੇ 23 ਜੁਲਾਈ ਨੂੰ ਸਾਰੇ ਰਿਸ਼ਤੇਦਾਰਾਂ, ਸਨੇਹੀਆਂ ਅਤੇ ਸਟੱਡੀ ਸਰਕਲ ਦੇ ਸਮੂੰਹ ਸੇਵਾਦਾਰਾਂ ਦੀ ਹਾਜ਼ਰੀ ਵਿੱਚ ਗੁਰਦੁਆਰਾ ਸਾਹਿਬ ਸੈਕਟਰ 35 ਵਿਖੇ ਸਮਾਗਮ ਰਚਾਏ ਗਏ ਅਤੇ ਆਏ ਹੋਏ ਸਮੂੰਹ ਪਤਵੰਤੇ ਸੱਜਣਾਂ ਨੇ ਸਟੇਜ ’ਤੇ ਹਾਜ਼ਰੀਆਂ ਲਗਵਾਈਆ। ਦਾਸ ਨੇ ਵੀ ਉਸ ਵਿਛੜੀ ਰੂਹ ਨੂੰ ਸ਼ਰਧਾਜਲੀ ਦਿੰਦੇ ਹੋਏ ਉਸੇ ਬਾਰੇ ਹੀ ਆਪਣੀ ਲਿਖੀ ਹੋਈ ਕਵਿਤਾ ਧੀਰਜ ਤੇ ਚੜ੍ਹਦੀ ਕਲਾ ਨਾਲ ਸੁਣਾਈ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਇਆ।

ਸਮਾਂ ਆਪਣੀ ਚਾਲੇ ਚਲਦਾ ਰਿਹਾ। ਗ੍ਰਿਹਸਤੀ ਜੀਵਨ, ਜਥੇਬੰਦਕ ਜੀਵਨ, ਦਫ਼ਤਰ ਦੇ ਸਾਰੇ ਕਾਰਜ ਬੜੀ ਚੜ੍ਹਦੀ ਕਲਾ ਨਾਲ ਚੱਲਦੇ ਰਹੇ।ਕਵਿਤਾਵਾਂ ਲਿਖੀਆਂ ਵੀ ਜਾਂਦੀਆ ਰਹੀਆਂ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਸੁਣਾਈਆਂ ਵੀ ਜਾਂਦੀਆਂ ਰਹੀਆਂ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ, ਤਖ਼ਤ ਸ੍ਰੀ ਦਮਦਮਾ ਸਾਹਿਬ, ਸਾਬੋ ਕੀ ਤਲਵੰਡੀ ਵਿਖੇ ਮਨਾਉਂਦੇ ਹੋਏ 28 ਤੋਂ 30 ਅਗਸਤ 2006 ਤੱਕ ਗੁਰਮਤਿ ਸਮਾਗਮ ਕੀਤੇ ਗਏ ਜਿਸ ਵਿੱਚ 28 ਅਗਸਤ ਰਾਤ ਨੂੰ ਕਵੀ ਦਰਬਾਰ ਕੀਤਾ ਗਿਆ। ਇਸ ਇਤਿਹਾਸਕ ਕਵੀ ਦਰਬਾਰ ਵਿੱਚ ਦਾਸ ਨੇ ਵੀ ਕਵਿਤਾਵਾਂ ਰਾਹੀਂ ਹਾਜ਼ਰੀਆ ਲਗਵਾਈਆਂ ਅਤੇ ਸ਼੍ਰੋਮਣੀ ਕਮੇਟੀ ਵਲੋਂ ਸਨਮਾਨਿਤ ਕੀਤੇ ਜਾਣ ’ਤੇ ਆਪਣੇ ਆਪ ਨੂੰ ਵਡਭਾਗਾ ਸਮਝਿਆ। ਸਮੇਂ ਨੇ ਕਰਵਟ ਬਦਲੀ। 15 ਸਤੰਬਰ 2006 ਨੂੰ ਮੇਰੀ ਬਦਲੀ ਚੰਡੀਗੜ੍ਹ ਤੋਂ ਲੁਧਿਆਣਾ ਸਹਾਇਕ ਲੇਖਾ ਅਫ਼ਸਰ, ਗੈਰੀਸਨ ਇੰਜਨੀਅਰ, ਜਗਰਾਉਂ ਬਰਿਜ, ਲੁਧਿਆਣਾ ਦੇ ਦਫ਼ਤਰ ਵਿਖੇ ਹੋ ਗਈ।ਕਿਉਂਕਿ ਬੱਚੇ ਚੰਡੀਗੜ੍ਹ ਵਿਖੇ ਹੀ ਪੜ੍ਹ ਰਹੇ ਸਨ, ਇਸ ਲਈ 12.04.2007 ਤੱਕ ਪਰਵਾਰ ਉਥੇ ਹੀ

ਰਹਿਣ ਦਿੱਤਾ ਅਤੇ ਆਪ ਆਪਣੇ ਭਰਾਵਾਂ, ਭੈਣਾਂ ਕੋਲ ਲੁਧਿਆਣੇ ਆ ਗਿਆ। ਦਫ਼ਤਰ ਵਿੱਚ ਮਿਲੇ ਸਟਾਫ਼ ਦੀ ਜਿੰਨੀ ਸਿਫ਼ਤ ਕਰਾਂ, ਉਤਨੀ ਥੋੜੀ ਹੈ। ਖ਼ਾਸ ਤੌਰ ਤੇ ਸ੍ਰੀ ਮਤੀ ਗੁਰਮੀਤ ਕੌਰ, ਸੀਨੀਅਰ ਆਡੀਟਰ ਅਤੇ ਸ੍ਰੀ ਮਤੀ ਸੁਦੇਸ਼ ਕੁਮਾਰੀ, ਸੀਨੀਅਰ ਆਡੀਟਰ ਸਾਫ਼ ਸੁਥਰੇ ਅਕਸ ਵਾਲੀਆਂ ਪਾਕ ਪਵਿੱਤਰ ਰੂਹਾਂ ਹਨ ਅਤੇ ਬੜੀ ਲਗਨ ਅਤੇ ਮਿਹਨਤ ਨਾਲ ਦਫ਼ਤਰੀ ਕਾਰਜ ਚਲਾ ਰਹੀਆਂ ਹਨ। ਪਰਿਵਾਰਕ ਤੇ ਦਫ਼ਤਰੀ ਜੀਵਨ ਨਾਲ ਕਵੀ ਦਰਬਾਰ ਵੀ ਚੱਲਦੇ ਰਹੇ। ਇਨ੍ਹਾਂ ਹੀ ਦਿਨਾਂ ਵਿੱਚ ਬਾਬਾ ਬੁੱਢਾ ਜੀ ਦਾ 500 ਸਾਲਾ ਜਨਮ ਦਿਹਾੜਾ ਸ਼੍ਰੋਮਣੀ ਕਮੇਟੀ ਵਲੋਂ ਬੜੀ ਸ਼ਰਧਾ ਅਤੇ ਸਤਿਕਾਰ ਸਹਿਤ 25 ਅਕਤੂਬਰ 2006 ਨੂੰ, ਉਨ੍ਹਾਂ ਨਾਲ ਸਬੰਧਿਤ ਪਾਵਨ ਨਗਰ, ਰਮਦਾਸ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਵਿਸ਼ਾਲ ਪੱਧਰ 'ਤੇ ਮਨਾਇਆ ਗਿਆ। 24 ਅਕਤੂਬਰ ਰਾਤ ਨੂੰ ਕਵੀ ਦਰਬਾਰ ਹੋਇਆ ਅਤੇ ਦਾਸ ਨੂੰ ਵੀ ਇਸ ਵਿੱਚ ਹਾਜ਼ਰੀ ਲਗਵਾਉਣ ਦਾ ਸੁਭਾਗ ਪ੍ਰਾਪਤ ਹੋਇਆ। ਸ਼੍ਰੋਮਣੀ ਕਮੇਟੀ ਵਲੋਂ ਹੋਏ ਕਵੀ ਦਰਬਾਰਾਂ ਦੀ ਸਟੇਜ ਦੀ ਸੇਵਾ ਸ੍ਰ. ਗੁਰਬਚਨ ਸਿੰਘ ਜੀ 'ਮਾਹੀਆ' ਖੇਮਕਰਨੀ ਬਾ-ਖ਼ੂਬੀ ਨਿਭਾਉਂਦੇ ਰਹੇ।

ਹੁਣ ਜ਼ਿੰਦਗੀ ਵਿੱਚ ਇਕ ਹੋਰ ਮੋੜ ਆਇਆ, ਨੌਕਰੀ ਲੱਗਣ ਉਪਰੰਤ 1988 ਤੋਂ ਬਾਅਦ ਚੰਡੀਗੜ੍ਹ ਵਿਖੇ ਲਗਾਤਾਰ 19 ਸਾਲ ਸਰਕਾਰੀ ਰਿਹਾਇਸ਼ ਵਿੱਚ ਰਹਿ ਕੇ ਹੀ ਬਿਤਾਏ। ਗੁਰੂ ਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸਦਕਾ, ਵੱਡੇ ਵੀਰ ਸ੍ਰ. ਕੁਲਵੰਤ ਸਿੰਘ ਐਡਵੋਕੇਟ ਅਤੇ ਭਰਜਾਈ ਇੰਦਰਜੀਤ ਕੌਰ ਜੀ ਦੀ ਪ੍ਰੇਰਨਾ, ਵੀਰ ਸ੍ਰ. ਇਕਬਾਲ ਸਿੰਘ, ਸ੍ਰ. ਅਜੀਤ ਸਿੰਘ ਬਤਰਾ ਦੀ ਭੱਜ ਨੱਠ ਅਤੇ ਛੋਟੇ ਵੀਰ (ਸਾਂਢੂ ਸਾਹਿਬ) ਸ੍ਰ. ਮਹਿੰਦਰਪਾਲ ਸਿੰਘ ਅਤੇ ਜਸਬੀਰ ਕੌਰ (ਪੱਪੀ) ਸ੍ਰ. ਚਰਨਜੀਤ ਸਿੰਘ (ਵਿੱਕੀ) ਅਤੇ ਗੁਰਵਿੰਦਰ ਕੌਰ (ਗੋਲਡੀ) ਅਤੇ ਰਵਿੰਦਰ ਪ੍ਰੀਤ ਕੌਰ (ਡਿੱਲੀ) ਆਦਿ ਦੇ ਸਹਿਯੋਗ ਸਦਕਾ 22 ਮਾਰਚ 2007 ਨੂੰ ਮਾਡਲ ਗ੍ਰਾਮ, ਲੁਧਿਆਣਾ ਵਿਖੇ 277 ਨੰਬਰ ਕੋਠੀ ਖਰੀਦ ਲਈ। 8 ਅਪ੍ਰੈਲ 2007 ਨੂੰ ਗ੍ਰਹਿ ਪ੍ਰਵੇਸ਼ ਲਈ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਵਿੱਤਰ ਚਰਨ ਪੁਆਏ ਗਏ। ਸਾਰੇ ਭੈਣ ਭਰਾ, ਰਿਸ਼ਤੇਦਾਰ, ਚੀਫ਼ ਸਕੱਤਰ ਡਾ. ਚਰਨ ਕਮਲ ਸਿੰਘ ਜੀ ਦੀ ਅਗਵਾਈ ਵਿੱਚ ਸਟੱਡੀ ਸਰਕਲ ਦੀ ਸੁਪਰੀਮ ਕੌਂਸਲ ਦੇ ਸਮੂੰਹ ਵੀਰ ਭੈਣਾਂ ਅਤੇ ਲੁਧਿਆਣਾ ਦੇ ਸਮੂਹ ਜਥੇਬੰਦਕ ਸੇਵਾਦਾਰ, ਗੁਰਦੁਆਰਾ ਸ੍ਰੀ ਗੁਰੂਸਿੰਘ ਸਭਾ, ਮਾਡਲ ਗਰਾਮ ਦੀ ਪ੍ਰਬੰਧਕ ਕਮੇਟੀ ਦੇ ਸਮੂੰਹ ਸੇਵਾਦਾਰ, ਇਲਾਕੇ ਦੇ ਕੌਂਸਲਰ, ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਅਹੁੱਦੇਦਾਰ ਅਤੇ ਦਫ਼ਤਰ ਦੇ ਸਹਿਯੋਗੀ ਵਧਾਈਆਂ ਦੇਣ ਲਈ ਆਏ।

ਸਟੱਡੀ ਸਰਕਲ ਦੇ ਕੀਰਤਨੀ ਜੱਥੇ ਵਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਸ੍ਰ. ਕਰਮਜੀਤ ਸਿੰਘ 'ਨੂਰ' ਪ੍ਰਧਾਨ, ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਨੇ ਇਸ ਮੁਬਾਰਕ ਮੌਕੇ ਤੇ ਖਾਲਸੇ ਦੀ ਚੜ੍ਹਦੀ ਕਲਾ ਅਤੇ ਗ੍ਰਹਿ ਪ੍ਰਵੇਸ਼ ਬਾਰੇ ਕਵਿਤਾਵਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਚੰਡੀਗੜ੍ਹ ਤੋਂ ਪਰਵਾਰ ਸਮੇਤ ਖਾਲਸੇ ਦੇ ਜਨਮ ਦਿਹਾੜੇ ਭਾਵ ਵਿਸਾਖੀ ਵਾਲੇ ਦਿਨ ਇਸ ਕੋਠੀ ਵਿਖੇ ਗ੍ਰਹਿ ਪ੍ਰਵੇਸ਼ ਕੀਤਾ।

ਜੂਨ ਮਹੀਨੇ ਦੇ ਅਖ਼ੀਰਲੇ ਹਫ਼ਤੇ ਮਨ ਵਿੱਚ ਇਹ ਭਾਵਨਾ ਉਤਪੰਨ ਹੋਈ ਕਿ ਕਿਉਂ ਨਾ ਪਰਮਦੀਪ ਸਿੰਘ 'ਦੀਪ' ਦੀ 16.07.2007 ਨੂੰ ਆ ਰਹੀ ਪਹਿਲੀ ਬਰਸੀ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇ। ਇਸ ਲਈ ਸੋਚ ਆਈ ਕਿ ਉਸ ਦੀ ਯਾਦ ਵਿੱਚ ਯਾਦਗਾਰੀ ਸੋਸਾਇਟੀ ਬਣਾ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾਣ, ਜਿਹੜੇ ਕਵੀ ਆਪਣੀਆਂ ਕਿਤਾਬਾਂ ਨਹੀਂ ਛਪਵਾ ਸਕਦੇ ਉਨ੍ਹਾਂ ਦੀਆਂ ਕਿਤਾਬਾਂ ਬਿਨਾਂ ਲਾਭ ਹਾਣ ਦੇ ਆਧਾਰ 'ਤੇ ਛਪਵਾਈਆਂ ਜਾਣ ਅਤੇ ਪੁੰਗਰਦੇ ਬਾਲ ਕਵੀਆਂ ਅਤੇ ਲਿਖਾਰੀਆਂ ਨੂੰ ਹਰ ਸਾਲ ਹੌਂਸਲਾ ਅਫ਼ਜ਼ਾਈ ਕਰਨ ਅਤੇ ਮਾਣ ਸਨਮਾਨ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਇਆ ਜਾਵੇ। ਨਸ਼ਿਆਂ ਰਹਿਤ ਸਮਾਜ ਦੀ ਸਿਰਜਨਾ ਲਈ ਉਦਮ ਉਪਰਾਲੇ ਕੀਤੇ ਜਾਣ। ਇਨ੍ਹਾਂ ਆਸ਼ਿਆਂ ਨੂੰ ਮੁੱਖ ਰੱਖ ਕੇ 'ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੋਸਾਇਟੀ' ਬਣਾਈ ਗਈ ਅਤੇ 'ਦੀਪ' ਦੇ ਮਾਤਾ ਦਲਬੀਰ ਕੌਰ ਵਲੋਂ ਉਸੇ ਦੀ ਹੀ ਕਿਰਤ ਕਮਾਈ ਨੂੰ ਸਫ਼ਲ ਕਰਦੇ ਹੋਏ 51000 ਰੁਪਏ ਮੁੱਢਲੀ ਰਾਸ਼ੀ ਦੇ ਰੂਪ ਵਿੱਚ ਦਿੱਤੇ ਗਏ ਹਨ। ਇਸ ਸੋਸਾਇਟੀ ਵਲੋਂ ਪ੍ਰਕਾਸ਼ਿਤ ਹੋ ਰਹੀ ਹੱਥਲੀ ਪੁਸਤਕ ਬੇਟੇ 'ਦੀਪ' ਨੂੰ ਹੀ ਸਮਰਪਿਤ ਹੈ। ਇਸ ਪੁਸਤਕ ਨੂੰ ਪ੍ਰਕਾਸ਼ਤ ਕਰਨ ਲਈ ਲੋੜੀਂਦੇ ਕਦਮ ਚੁੱਕਣੇ ਸ਼ੁਰੂ ਕੀਤੇ। ਅਜੇ ਕਵਿਤਾਵਾਂ ਦੀ ਸੋਧ ਸੁਧਾਈ ਦਾ ਕੰਮ ਚਲ ਹੀ ਰਿਹਾ ਸੀ ਕਿ ਪਾਤਸ਼ਾਹ ਨੇ ਇਕ ਹੋਰ ਅਪਾਰ ਬਖ਼ਸ਼ਿਸ਼ ਕੀਤੀ। 7-7-07 ਨੂੰ ਜਦੋਂ ਸਕੂਟਰ 'ਤੇ ਦਫ਼ਤਰ ਜਾ ਰਿਹਾ ਸੀ ਉਸ ਵਕਤ ਇਕ ਨੌਜਵਾਨ ਬੱਚੇ ਨੇ ਇਕ ਗਲੀ ਵਿੱਚੋਂ 70-80 ਕਿਲੋਮੀਟਰ ਦੀ ਸਪੀਡ 'ਤੇ ਮੋਟਰ ਸਾਈਕਲ ਸਰਪਟ ਦੁੜਾਉਂਦੇ ਹੋਏ ਮੇਰੇ ਸਕੂਟਰ ਦੀ ਵੱਖੀ ਵਿੱਚ ਲਿਆ ਮਾਰਿਆ। ਪਲਕ ਝਪਕਦੇ ਹੀ ਸਕੂਟਰ ਮੇਰੇ ਥੱਲਿਉਂ ਨਿਕਲ ਕੇ ਖੱਬੇ ਪਾਸੇ ਚਲਾ ਗਿਆ ਅਤੇ ਮੈਂ ਸੱਜੇ ਪਾਸੇ ਸੜਕ ਤੇ ਮੂੰਹ ਪਰਨੇ ਜਾ ਡਿਗਿਆ। ਸਿਰ 'ਤੇ ਸਜੀ ਹੋਈ ਦਸਤਾਰ ਨੇ ਦਿਮਾਗੀ ਸੱਟ ਤੋਂ ਬਚਾ ਲਿਆ। ਪ੍ਰਮਾਤਮਾ ਨੇ ਅਜੇ ਇਸ ਨਿਮਾਣੇ ਜਿਹੇ ਸੇਵਕ ਦੀ ਕਲਮ ਤੋਂ ਹੋਰ ਸੇਵਾਵਾਂ ਲੈਣੀਆਂ ਸਨ ਇਸ ਲਈ ਵਾਲ ਵੀ ਵਿੰਗਾ ਨਾ ਹੋਇਆ। ਚੋਟਾਂ ਕਾਰਣ ਮੱਥੇ ਅਤੇ ਬੁਲ੍ਹ ਤੇ ਸਿਰਫ਼ ਦੋ ਚਾਰ ਟਾਂਕੇ ਹੀ ਲੱਗੇ। ਪੰਜ-ਸੱਤ ਦਿਨ ਪੱਟੀਆਂ ਬੰਨ੍ਹੀ ਰੱਖੀਆਂ। ਮੈਂ ਤਾ ਸਮਝਦਾ ਹਾਂ ਕਿ ਇਹ ਬਹੁਤ ਵਧੀਆ ਹੋਇਆ। ਇਨ੍ਹਾਂ ਦਿਨਾਂ ਵਿੱਚ ਜਿਥੇ ਦਫ਼ਤਰੀ ਕੰਮ ਕਰਦਾ ਰਿਹਾ ਉਥੇ ਕੰਮਪਿਊਟਰ ਦੇ ਅੱਗੇ ਬੈਠ ਕੇ ਜੀਵਨ ਸਫ਼ਰ ਵੀ ਟਾਈਪ ਕਰਨਾ ਸ਼ੁਰੂ ਕਰ

ਦਿੱਤਾ। ਮੈਂ ਮਹਿਸੂਸ ਕਰਦਾ ਹਾਂ ਕਿ ਜੇਕਰ ਇਹ ਐਕਸੀਡੈਂਟ ਨਾ ਹੁੰਦਾ ਤਾਂ ਕਿਤਾਬ ਵਿੱਚ ਆਪਣੇ ਵਲੋਂ ਆਪਣੇ ਬਾਰੇ ਕੁਝ ਵੀ ਨਾ ਹੁੰਦਾ ਸਿਰਫ਼ ਇਕ ਅੱਧ ਪੰਨੇ 'ਤੇ ਕਿਸੇ ਵੀਰ ਵਲੋਂ ਲਿਖੇ ਹੋਏ 'ਦੋ ਸ਼ਬਦ ਜਾਚਕ ਬਾਰੇ' ਹੀ ਪੜ੍ਹਨ ਨੂੰ ਮਿਲਦੇ।

ਜੀਵਨ ਦਾ ਸਫ਼ਰ ਚੱਲ ਰਿਹਾ ਹੈ ਅਤੇ ਇਸ ਗ੍ਰਹਿਸਤ ਗੱਡੀ ਨੂੰ ਚਲਾਉਣ ਵਿੱਚ ਮੇਰੀ ਸੁਪਤਨੀ ਦਲਬੀਰ ਕੌਰ ਪਿਛਲੇ 24 ਸਾਲ ਤੋਂ ਨਿਰੰਤਰ ਸਾਥ ਦੇ ਰਹੀ ਹੈ ਪਾਤਸ਼ਾਹ ਰਹਿਮਤ ਕਰਨ ਇਹ ਸਫ਼ਰ ਇਸੇ ਤਰ੍ਹਾਂ ਹੀ ਨਿਰੰਤਰ ਦੁੱਖਾਂ ਸੁੱਖਾਂ ਵਿੱਚ ਇਕਸਾਰ ਚਲਦਾ ਰਹੇ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਵੀ ਜਥੇਬੰਦੀ ਦੇ ਡਿਪਟੀ ਚੀਫ਼ ਸਕੱਤਰ ਵਜੋਂ ਸੇਵਾ ਬਖ਼ਸ਼ੀ ਹੋਈ ਹੈ। ਡਾ. ਚਰਨ ਕਮਲ ਸਿੰਘ ਜੀ ਬੜੇ ਹੀ ਸੁਚੱਜੇ ਅਤੇ ਸੁਲਝੇ ਹੋਏ ਤਰੀਕੇ ਨਾਲ ਚੀਫ਼ ਸਕੱਤਰ ਵਜੋਂ ਜਥੇਬੰਦਕ ਕਾਰਜ ਚਲਾ ਰਹੇ ਹਨ। ਸ੍ਰੀ ਦਸ਼ਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਜਨਰਲ ਸਕੱਤਰ ਵਜੋਂ ਵੀ ਦਾਸ ਦੀਆਂ ਅੰਤਰਰਾਸ਼ਟਰੀ ਪੱਧਰ 'ਤੇ ਬਹੁਤ ਵੱਡੀਆਂ ਜ਼ੁੰਮੇਵਾਰੀਆਂ ਹਨ। ਰੇਡੀਉ ਅਤੇ ਟੀ ਵੀ ਚੈਨਲਾਂ 'ਤੇ ਵੀ ਸਮੇਂ-ਸਮੇਂ 'ਤੇ ਕਵਿਤਾਵਾਂ ਸੁਣਾਉਣ ਦਾ ਅਵਸਰ ਮਿਲ ਰਿਹਾ ਹੈ ਅਤੇ ਪੰਥਕ ਸਟੇਜਾਂ ਤੇ ਹੋਏ ਕਵੀ ਦਰਬਾਰਾਂ ਨੂੰ ਆਮ ਤੌਰ 'ਤੇ ਟੀ.ਵੀ ਚੈਨਲ ਵੀ ਰਿਲੇਅ ਕਰਦੇ ਰਹਿੰਦੇ ਹਨ। ਪੰਜਾਬੀ ਦੀਆਂ ਤਕਰੀਬਨ ਸਾਰੀਆਂ ਹੀ ਮੈਗਜ਼ੀਨਾਂ ਵਿੱਚ ਕਵਿਤਾਵਾਂ ਛਪਦੀਆਂ ਰਹਿੰਦੀਆਂ ਹਨ। ਅੱਜਕਲ੍ਹ ਵੀ ਪੰਥ ਦੇ ਨਾਮਵਰ ਤੇ ਸਟੇਜ ਦੇ ਧਨੀ ਕਵੀ ਸਾਹਿਬਾਨ ਨਾਲ ਥਾਂ-ਥਾਂ 'ਤੇ ਕਵੀ ਦਰਬਾਰਾਂ ਵਿੰਚ ਗੁਰ-ਸੰਗਤਾਂ ਦੀ ਸੇਵਾ ਕਵਿਤਾ ਰਾਹੀਂ ਹਾਜ਼ਰੀ ਲਗਵਾਉਣ ਦਾ ਸੁਭਾਗ ਪ੍ਰਾਪਤ ਹੋ ਰਿਹਾ ਹੈ। ਗੁਰੂ ਚਰਨਾਂ 'ਚ ਅਰਦਾਸ ਹੈ ਕਿ ਪਾਤਸ਼ਾਹ ਕ੍ਰਿਪਾ ਕਰਨ ਤੇ ਇਸੇ ਤਰ੍ਹਾਂ ਹੀ ਆਖਰੀ ਸੁਆਸਾਂ ਤੱਕ ਚੜ੍ਹਦੀ ਕਲਾ ਨਾਲ ਕਲਮ ਰਾਹੀਂ ਕੌਮ ਦੀ ਸੇਵਾ ਕਰਨ ਦਾ ਬਲ ਤੇ ਉੱਦਮ ਬਖ਼ਸ਼ੀ ਰੱਖਣ।


ਗੁਰੂ ਮਿਹਰ ਦਾ ਜਾਚਕ
**ਹਰੀ ਸਿੰਘ**
ਕੋਠੀ ਨੰ. 277 (ਪਾਰਕ ਦੇ ਸਾਹਮਣੇ)
ਮਾਡਲ ਗਰਾਮ, ਲੁਧਿਆਣਾ (ਪੰਜਾਬ)
ਮੋਬਾਈਲ 98722-05910

16.07.2007

# ਦੋ ਸ਼ਬਦ

'ਵਿਰਸੇ ਦੇ ਅੰਗ ਸੰਗ' ਕਾਵਿ ਸੰਗ੍ਰਹਿ ਦੂਸਰੀ ਅਤੇ ਸੋਧੀ ਹੋਈ ਐਡੀਸ਼ਨ ਹੈ। 1995 ਵਿੱਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਇਸ ਪੁਸਤਕ ਦੀ ਪਹਿਲੀ ਪ੍ਰਕਾਸ਼ਨਾ ਸਮੇਂ ਦਾਸ ਨੇ ਆਪਣੇ ਕੁਝ ਵਿਚਾਰ ਇਸ ਤਰ੍ਹਾਂ ਪਰਗਟ ਕੀਤੇ ਸਨ :-

"ਪਿਛਲੇ ਕਾਫੀ ਅਰਸੇ ਤੋਂ ਕੌਮ ਦੀਆਂ ਸਟੇਜਾਂ 'ਤੇ ਪੰਥ ਦੇ ਨਾਮਵਰ ਕਵੀਆਂ ਨਾਲ ਕਵੀ ਦਰਬਾਰਾਂ 'ਚ ਸੰਗਤਾਂ ਦੀ ਅਸੀਸ ਨਾਲ ਕਵਿਤਾਵਾਂ ਸੁਣਾਉਣ ਦਾ ਸੁਭਾਗ ਸਮਾਂ ਪ੍ਰਾਪਤ ਹੁੰਦਾ ਆ ਰਿਹਾ ਹੈ। ਮਨ ਵਿਚ ਇਹ ਪ੍ਰਬਲ ਭਾਵਨਾ ਸੀ ਕਿ ਸਿੱਖੀ ਦੇ ਮਹਾਨ ਤੇ ਗੌਰਵਮਈ ਵਿਰਸੇ ਬਾਰੇ ਆਪਣੀਆਂ ਕਵਿਤਾਵਾਂ ਨੂੰ ਕਿਤਾਬੀ ਰੂਪ ਦੇ ਕੇ ਕੌਮ ਦੇ ਨੌਨਿਹਾਲਾਂ ਦੇ ਹੱਥਾਂ ਵਿੱਚ ਪਹੁੰਚਾਇਆ ਜਾਵੇ।

ਦਸਮੇਸ਼ ਪਿਤਾ ਜੀ ਦੇ ਪਾਵਨ ਦਰਬਾਰ ਵਿਚਲੇ 52 ਕਵੀਆਂ ਦਾ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਤੇ ਜ਼ਿਕਰ ਆਉਂਦਾ ਹੈ। ਗੁਰੂ ਜੀ ਉਨ੍ਹਾਂ ਨੂੰ ਪੂਰਾ ਮਾਨ ਸਨਮਾਨ ਬਖਸ਼ਦੇ ਰਹੇ। ਸਮੇਂ-ਸਮੇਂ 'ਤੇ ਗੁਰੂ ਘਰ ਦੇ ਸ਼ਰਧਾਵਾਨ ਕਵੀਆਂ ਦੀਆਂ ਕਲਮਾਂ ਦੀ ਨੋਕ ਨੇ ਕੌਮੀ ਅਣਖ ਨੂੰ ਟੁੰਬ ਕੇ ਜਗਾਈ ਰੱਖਿਆ ਅਤੇ ਨਵਾਂ ਜੋਸ਼, ਜਜ਼ਬਾ, ਦਲੇਰੀ ਅਤੇ ਉਤਸ਼ਾਹ ਭਰਿਆ। ਮੇਰੀ ਕਲਮ ਵੀ 'ਗੁਰੂ ਪੰਥ ਦੀ ਚੜ੍ਹਦੀ ਕਲਾ ਤੇ ਸਰਬੱਤ ਦਾ ਭਲਾ ਲੋਚਦੀ ਹੈ।

ਬਚਪਨ ਤੋਂ ਹੀ ਸਿੱਖ ਸਟੇਜਾਂ 'ਤੇ ਪੰਥਕ ਕਵੀਆਂ ਦੀਆਂ ਰਚਨਾਵਾਂ ਸੁਣਾਉਣ ਤੇ ਆਪ ਕਵਿਤਾਵਾਂ ਲਿਖਣ ਦਾ ਸ਼ੌਕ ਸੀ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਸਮੇਂ-ਸਮੇ ' 'ਤੇ ਲਗਾਏ ਗੁਰਮਤਿ ਟ੍ਰੇਨਿੰਗ ਕੈਂਪ, ਗੁਰਮਤਿ ਕਿਆਰੀਆਂ, ਯੁਵਕ ਲਿਖਾਰੀ ਵਰਕਸ਼ਾਪਾਂ 'ਚ ਕੀਤੀ ਸ਼ਮੂਲੀਅਤ ਨੇ ਮੇਰੇ ਅੰਦਰਲੇ ਕਵੀ ਨੂੰ ਝੂਣ ਜਗਾਇਆ ਅਤੇ ਕਲਮ ਨੂੰ ਉਤਸ਼ਾਹਿਤ ਕਰਕੇ ਸੋਨੇ ਤੇ ਸੁਹਾਗੇ ਵਾਲਾ ਕੰਮ ਕੀਤਾ। ਜਿਥੇ ਮੈਂ ਅਰਜ਼ੋਈ ਵਿੱਚ ਆਪਣੀ ਕਲਮ ਦਾ ਉਦੇਸ਼ ਸਪੱਸ਼ਟ ਕੀਤਾ ਹੈ, ਉਥੇ ਆਖ਼ਰੀ ਤਮੰਨਾ ਵੀ ਕੁਝ ਇਸ ਤਰ੍ਹਾਂ ਹੈ :-

ਸੇਵਾ ਕਲਮ ਨਾਲ ਕੌਮ ਦੀ ਕਰ ਜਾਵਾਂ, ਪਤਾ ਨਹੀਂ ਹਨ ਕਿੰਨੇ ਕੁ ਸੁਆਸ ਬਾਕੀ।
ਥੋੜ੍ਹਾ ਜਿਹਾ ਮੈਂ ਹੁਣ ਤੱਕ ਲਿਖ ਸਕਿਆ,ਰਹਿੰਦਾ ਬੜਾ ਏ ਲਿਖਣਾ ਇਤਿਹਾਸ ਬਾਕੀ।
ਅਜੇ ਤੱਕ ਤਾਂ ਸਾਰੇ ਨੇ ਠੀਕ ਹੋਏ, ਗੁਰੂ ਕਰੂ ਅੱਗੋਂ ਕਾਰਜ ਰਾਸ ਬਾਕੀ।
ਸਦਾ 'ਵਿਰਸੇ ਦੇ ਅੰਗ ਸੰਗ' ਰਹਿ ਸਕਾਂ, ਏਹੋ ਦਿਲੀ ਤਮੰਨਾ ਏ ਖਾਸ ਬਾਕੀ।

ਉਸ ਪੁਸਤਕ ਵਿੱਚ ਮੈਂ ਇਹ ਵੀ ਲਿਖਿਆ ਸੀ ਕਿ:-

"ਜਿਥੇ ਇਸ ਕਾਵਿ-ਸਫ਼ਰ ਦੌਰਾਨ ਗੁਰਸਿੱਖ ਰੂਹਾਂ ਦਾ ਸੰਪੂਰਨ ਸਾਥ ਰਿਹਾ, ਉਥੇ ਗੁਰਮਤਿ ਵਾਤਾਵਰਣ ਵਾਲੇ ਪ੍ਰਵਾਰਕ ਮਾਹੌਲ ਨੇ ਵੀ ਮੰਜ਼ਿਲ ਵੱਲ ਵੱਧਣ ਲਈ ਪੂਰਾ ਸਹਿਯੋਗ ਦਿੱਤਾ। ਵੱਡੇ ਸਪੁੱਤਰ ਪਰਮਦੀਪ ਸਿੰਘ 'ਦੀਪ' ਨੇ ਜਦ 5 ਸਾਲ ਦੀ ਨਿੱਕੜੀ ਜਿਹੀ ਉਮਰ ਵਿੱਚ ਹੀ ਭਾਰਤ ਭਰ ਦੀਆਂ ਪੰਥਕ ਸਟੇਜਾਂ 'ਤੇ ਨਾਮਣਾ ਖੱਟਣਾ ਸ਼ੁਰੂ ਕੀਤਾ ਅਤੇ ਇਥੋਂ ਤੱਕ ਕਿ ਪੰਥ ਦੇ ਪੰਜੇ ਪਾਵਨ ਤਖ਼ਤ ਸਾਹਿਬਾਨ ਦੇ ਜਥੇਦਾਰ ਸਾਹਿਬਾਨ ਪਾਸੋਂ ਸਮੇਂ-ਸਮੇਂ 'ਤੇ ਆਸ਼ੀਰਵਾਦ ਅਤੇ ਸਿਰੋਪਾਉ ਦੀ ਬਖਸ਼ਿਸ਼ ਪ੍ਰਾਪਤ ਕੀਤੀ ਤਾਂ ਇਸ ਨਾਲ ਮੇਰੀ ਕਲਮ ਨੂੰ ਹੋਰ ਬਲ ਤੇ ਰਵਾਨਗੀ ਮਿਲੀ। ਇਸੇ ਲਈ 'ਪ੍ਰਵਾਰਕ ਫੁਲਵਾੜੀ' ਨਾਲ ਸਬੰਧਿਤ ਕੁਝ ਲਾਈਨਾਂ ਉਸੇ ਨੂੰ ਸੰਬੋਧਿਤ ਹਨ:-

ਪ੍ਰਮਦੀਪ ਸਿੰਘ 'ਦੀਪ' ਤੂੰ ਦੀਪ ਬਣਕੇ,ਘਰ ਘਰ ਸਿੱਖੀ ਦੇ ਦੀਪ ਜਗਾ ਪੁੱਤਰ।
ਭੁਪਿੰਦਰ ਸਿੰਘ "ਜ਼ਖਮੀ" ਅੱਲੇ ਜ਼ਖ਼ਮ ਇਹਦੇ, ਕੋਈ ਦੇਵੇ ਨਾ ਲੂਣ ਛਿੜਕਾ ਪੁੱਤਰ।
ਬਲਪ੍ਰੀਤ ਕੌਰ 'ਕੋਮਲ' ਕਲੀ ਮੇਰੀ, ਲਗਣ ਦੇਈਂ ਨਾ ਤੱਤੀ ਕੋਈ ਵਾ ਪੁੱਤਰ।
'ਦਲਬੀਰ ਕੌਰ'ਤਾਂ ਜਿੰਦ ਤੇ ਜਾਨ ਮੇਰੀ,ਇਹਦੇ ਸਾਹਾਂ 'ਚ 'ਜਾਚਕ'ਦੇ ਸਾਹ ਪੁੱਤਰ।

ਪਰ ਹੁਣ ਸਮਾਂ ਬਦਲ ਚੁੱਕਾ ਹੈ, ਜਿਸ 'ਦੀਪ' ਦੇ ਇਸ ਦੁਨੀਆਂ ਵਿੱਚ ਸਰੀਰਕ ਰੂਪ ਵਿੱਚ ਰਹਿਣ ਨਾਲ ਮੇਰੀ ਕਲਮ ਨੂੰ ਬਲ ਤੇ ਰਵਾਨੀ ਮਿਲੀ ਸੀ ਅਤੇ ਜਿਸ ਉਤੇ ਮੇਰਾ ਆਸਾਂ ਦਾ ਦੀਪਕ ਜਗ ਰਿਹਾ ਸੀ ਉਸੇ 'ਦੀਪ' ਨੂੰ ਹੀ ਉਸਦੇ ਇਕ ਸਾਲ ਪਹਿਲਾਂ ਸਰੀਰਕ ਤੌਰ 'ਤੇ ਸਦੀਵੀ ਵਿਛੋੜਾ ਦੇ ਜਾਣ 'ਤੇ ਇਹ ਦੂਸਰੀ ਐਡੀਸ਼ਨ ਸਮਰਪਿਤ ਕਰਕੇ ਆਪਣੇ ਅੰਦਰ ਦੀ ਦਿਲੀ ਰੀਝ ਪੂਰੀ ਕਰ ਰਿਹਾ ਹਾਂ ਕਿ ਸਕੂਲਾਂ, ਕਾਲਜਾਂ 'ਚ ਪੜ੍ਹਦੇ ਵਿਦਿਆਰਥੀ ਇਹ ਕਵਿਤਾਵਾਂ ਪੜ੍ਹਨ ਅਤੇ ਕਵਿਤਾ ਉਚਾਰਣ ਮੁਕਾਬਲਿਆਂ ਵਿੱਚ ਸਟੇਜਾਂ 'ਤੇ ਸੁਣਾਉਣ।

ਇਨ੍ਹਾਂ ਬਾਲ ਕਵੀਆਂ ਨੂੰ ਉਸ ਦੀ ਯਾਦ ਵਿੱਚ ਹਰ ਸਾਲ ਸਮਾਗਮ ਰਚਾ ਕੇ ਅਤੇ ਸਨਮਾਨਿਤ ਕਰਕੇ ਇਨ੍ਹਾਂ ਵਿੱਚੋਂ ਹੀ ਉਸ ਬਾਲ ਕਵੀ 'ਦੀਪ' ਦੇ ਦਰਸ਼ਨ ਕਰ ਸਕਾਂ ਜਿਸ ਨੇ 8 ਸਾਲ ਦੀ ਉਮਰ ਵਿੱਚ ਹੀ ਲੈਕਚਰ ਮੁਕਾਬਲਿਆਂ 'ਚ ਭਾਗ ਲੈ ਕੇ ਪਹਿਲਾ ਸਥਾਨ ਪ੍ਰਾਪਤ ਕਰ ਕੇ ਦੁਨੀਆਂ ਦੰਗ ਕੀਤੀ ਅਤੇ ਸਵਰਗੀ ਭਾਈ ਸਾਹਿਬ ਭਾਈ ਜਸਬੀਰ ਸਿੰਘੀ ਖਾਲਸਾ ਖੰਨੇ ਵਾਲਿਆਂ ਤੋਂ ਸੋਨੇ ਦਾ ਤਮਗਾ ਪ੍ਰਾਪਤ ਕੀਤਾ ਅਤੇ ਜਿਸ ਨੇ 11 ਸਾਲ ਦੀ ਨਿੱਕੜੀ ਜਿਹੀ ਉਮਰ ਵਿੱਚ ਪੰਜੇ ਤਖ਼ਤ ਸਾਹਿਬਾਨ ਤੋਂ ਇਨਾਮ ਸਨਮਾਨ ਪ੍ਰਾਪਤ ਕੀਤੇ।

ਕਵਿਤਾ ਦੇ ਖ਼ੇਤਰ ਵਿੱਚ ਮੇਰੇ ਹਮਸਫ਼ਰ ਇੰਜਨੀਅਰ ਕਰਮਜੀਤ ਸਿੰਘ 'ਨੂਰ' ਪ੍ਰਧਾਨ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਨੇ ਕਾਫ਼ੀ ਲਗਨ ਮਿਹਨਤ ਤੇ ਸਿਦਕ ਨਾਲ ਪੁਸਤਕ ਦਾ ਮੁੱਖ ਬੰਧ ਲਿਖ ਕੇ ਅਤੇ ਨਾਲ ਦੀ ਨਾਲ ਇਸ ਵਿਚਲੀਆਂ ਕਵਿਤਾਵਾਂ ਦੀ ਕਾਵਿਕ ਪੱਖ ਤੋਂ ਸੁਧਾਈ ਦਾ ਕੰਮ ਕਰਕੇ ਅਤੀ ਕ੍ਰਿਥਾਰਥ ਕੀਤਾ ਹੈ। ਫਿਰ ਵੀ ਕਾਵਿ-ਕਲਾ ਦੇ ਪੱਖੋਂ

ਧੰਨਵਾਦੀ ਹਾਂ ਵੀਰ ਸ: ਪਿਰਥੀ ਸਿੰਘ ਜੀ ਖਾਲਸਾ, ਡਿਪਟੀ ਚੀਫ਼ ਆਰਗੇਨਾਈਜ਼ਰ (ਯੋਜਨਾ ਅਤੇ ਵਿਕਾਸ), ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦਾ ਜਿਨ੍ਹਾਂ ਨੂੰ ਜਦੋਂ ਵੀ ਯਾਦ ਕੀਤਾ, ਉਦੋਂ ਹੀ ਕੀਮਤੀ ਸਮੇਂ 'ਚੋਂ ਸਮਾਂ ਕੱਢ ਕੇ ਪਹੁੰਚੇ ਅਤੇ ਲੋੜੀਂਦੇ ਕਾਰਜ ਕੀਤੇ।

ਰਿਣੀ ਹਾਂ ਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੋਸਾਇਟੀ ਦੇ ਸਮੂਹ ਸੇਵਾਦਾਰਾਂ ਦਾ ਜਿਨ੍ਹਾਂ ਦੇ ਸੰਪੂਰਨ ਸਹਿਯੋਗ ਸਦਕਾ ਹੀ ਸਿੱਖੀ ਜਜ਼ਬੇ ਨਾਲ ਭਰਪੂਰ ਕਵਿਤਾਵਾਂ ਦਾ ਇਹ ਸੰਗ੍ਰਹਿ ਆਪ ਜੀ ਦੇ ਹੱਥਾਂ ਵਿੱਚ ਪਹੁੰਚ ਸਕਿਆ ਹੈ ਤੇ ਸਭ ਤੋਂ ਵੱਧ "ਸਦਾ ਅੰਗ ਸੰਗੇ" ਅਕਾਲ ਪੁਰਖ ਦਾ, ਜਿੰਨ੍ਹਾਂ ਨੇ ਸਿਰ ਤੇ ਮਿਹਰ ਭਰਿਆ ਹੱਥ ਰੱਖਕੇ ਕਵਿਤਾ ਦੀ ਦਾਤ ਬਖ਼ਸ਼ਿਸ਼ ਕੀਤੀ।

ਲੁਧਿਆਣਾ
16.07.2007

ਗੁਰੂ ਮਿਹਰ ਦਾ 'ਜਾਚਕ'
**ਹਰੀ ਸਿੰਘ**
ਕੋਠੀ ਨੰ. 277 (ਪਾਰਕ ਦੇ ਸਾਹਮਣੇ)
ਮਾਡਲ ਗਰਾਮ, ਲੁਧਿਆਣਾ (ਪੰਜਾਬ)
ਮੋਬਾਈਲ 98722-05910

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਤੇ 'ਜਾਚਕ'

ਅਸਲ ਵਿੱਚ ਸਟੱਡੀ ਸਰਕਲ ਮੇਰੇ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਜਦੋਂ ਮੈਂ ਜੁਆਨੀ 'ਚ ਅਜੇ ਪੈਰ ਹੀ ਰੱਖਿਆ ਸੀ, ਉਦੋਂ ਤੋਂ ਅੱਜ ਤੀਕਰ ਜਥੇਬੰਦਕ ਸੋਚ ਤੋਂ ਆਪਣੇ ਆਪ ਨੂੰ ਵੱਖ ਨਹੀਂ ਕਰ ਸਕਿਆ। ਸਮੇਂ-ਸਮੇਂ 'ਤੇ ਜਥੇਬੰਦੀ ਵਲੋਂ ਲਗਾਈਆਂ ਸੇਵਾਵਾਂ ਨੂੰ ਤਨਦੇਹੀ ਨਾਲ ਅਤੇ ਬਾਖੂਬੀ ਨਿਭਾਉਣ ਦਾ ਯਤਨ ਕੀਤਾ ਹੈ ਅਤੇ ਹੁਣ ਵੀ ਡਿਪਟੀ ਚੀਫ਼ ਸਕੱਤਰ ਦੀ ਸੇਵਾ ਬਖ਼ਸ਼ੀ ਹੋਈ ਹੈ। ਪਿਛਲੇ 30 ਸਾਲ ਤੋਂ ਜਥੇਬੰਦਕ ਜੀਵਨ ਜੀਵਿਆ ਹੈ। ਇਸ ਸਮੇਂ ਦੌਰਾਨ ਵੱਡੇ ਵੀਰਾਂ ਪ੍ਰਮ ਸਤਿਕਾਰਯੋਗ ਸ੍ਰ. ਜਤਿੰਦਰਪਾਲ ਸਿੰਘ, ਸ੍ਰ. ਗੁਰਮੀਤ ਸਿੰਘ, ਸ੍ਰ. ਮਨਮੋਹਨ ਸਿੰਘ ਸੈਲਾਨੀ (ਫਾਊਂਡਰਜ਼, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ)ਸ੍ਰ. ਪਰਤਾਪ ਸਿੰਘ, ਸ੍ਰ. ਰਣਜੀਤ ਸਿੰਘ, ਸ੍ਰ. ਇੰਦਰਪਾਲ ਸਿੰਘ, ਪ੍ਰਿੰ. ਰਾਮ ਸਿੰਘ, ਪ੍ਰੋ. ਬਲਵਿੰਦਰਪਾਲ ਸਿੰਘ, ਪ੍ਰਿੰ. ਮਨਜਿੰਦਰ ਕੌਰ, ਡਾ. ਦਵਿੰਦਰ ਕੌਰ ਦੀਪ, ਡਾ. ਇੰਦਰਜੀਤ ਸਿੰਘ ਵਾਸੂ ਤੋਂ ਨਿੱਘਾ ਪਿਆਰ ਤੇ ਥਾਪੜਾ ਪ੍ਰਾਪਤ ਕਰਦਾ ਰਿਹਾ ਹਾਂ ਅਤੇ ਇਹ ਸਮੇਂ-ਸਮੇਂ ਤੇ ਮੇਰਾ ਮਾਰਗ ਦਰਸ਼ਨ ਕਰਦੇ ਆ ਰਹੇ ਹਨ। ਭਾਂਵੇਂ ਮੈਨੂੰ ਸਟੱਡੀ ਸਰਕਲ ਦੇ ਪਰਵਾਰ ਵਿੱਚ ਲਿਆਉਣ ਵਾਲੇ ਸ੍ਰ. ਦਵਿੰਦਰ ਸਿੰਘ (ਉਸ ਵਕਤ ਸੀ. ਮੀਤ ਪ੍ਰਧਾਨ, ਸਟੱਡੀ ਸਰਕਲ) ਸਦਾ ਲਈ ਵਿਛੋੜਾ ਦੇ ਗਏ ਹਨ ਪਰ ਉਨ੍ਹਾਂ ਦੇ ਇਸ ਅਹਿਸਾਨ ਨੂੰ ਮੈਂ ਸਾਰੀ ਉਮਰ ਨਹੀਂ ਭੁਲਾ ਸਕਦਾ।

ਸ੍ਰ. ਬਰਜਿੰਦਰਪਾਲ ਸਿੰਘ ਲਖਨਊ, ਸ੍ਰ. ਹਰਚਰਨਜੀਤ ਸਿੰਘ ਬੱਬ, ਸ੍ਰ. ਪਿਰਥੀ ਸਿੰਘ, ਸ੍ਰ. ਸਚਦੇਵ ਸਿੰਘ ਇੰਗਲੈਂਡ, ਸ੍ਰ. ਪ੍ਰੀਤਮ ਸਿੰਘ, ਡਾ. ਰਵੀ ਭੂਸ਼ਣ, ਡਾ. ਚਰਨ ਕਮਲ ਸਿੰਘ, ਪ੍ਰੋ. ਸਰਬਜੀਤ ਸਿੰਘ, ਸ੍ਰ. ਸੁਰਿੰਦਰਪਾਲ ਸਿੰਘ ਸਿਦਕੀ, ਪ੍ਰੋ.ਆਪਿੰਦਰ ਸਿੰਘ,ਸ੍ਰ. ਬਲਜੀਤ ਸਿੰਘ, ਸ੍ਰ. ਜਗਦੀਸ਼ ਸਿੰਘ ਬਡੋਂ ਜਲੰਧਰ, ਸ੍ਰ.ਹਰਜੀਤ ਸਿੰਘ, ਬੀਬਾ ਦਲਜੀਤ ਕੌਰ, ਬੀਬਾ ਬਲਜਿੰਦਰ ਕੌਰ, ਸ੍ਰ. ਜਗਦੀਸ਼ ਸਿੰਘ ਕਨੇਡਾ, ਸ੍ਰ. ਨਰਿੰਦਰ ਸਿੰਘ ਸਿੱਟਾ, ਐਡਵੋਕੇਟ, ਸ੍ਰ. ਆਗਿਆਪਾਲ ਸਿੰਘ, ਪ੍ਰੋ ਪਰਮਜੋਤ ਸਿੰਘ, ਸ੍ਰ. ਸਤਨਾਮ ਸਿੰਘ, ਸ੍ਰ. ਹਰਮੀਤ ਸਿੰਘ ਆਦਿ ਸਭਨਾਂ ਨਾਲ ਪਿਛਲੇ 25-30 ਸਾਲਾਂ ਤੋਂ ਇਕੱਠੇ ਕਾਰਜਾਂ ਵਿਚ ਲੱਗੇ ਆ ਰਹੇ ਹਾਂ।

ਪ੍ਰਿੰਸੀਪਲ ਕਵਲਜੀਤ ਕੌਰ, ਸ੍ਰ. ਮਿਹਰਪ੍ਰੀਤ ਸਿੰਘ, ਸ੍ਰ. ਸਰਬਜੀਤ ਸਿੰਘ ਅਮਰੀਕਾ, ਡਾ. ਪੁਸ਼ਪਿੰਦਰ ਸਿੰਘ, ਸ੍ਰ. ਜਸਪਾਲ ਸਿੰਘ, ਸ੍ਰ. ਜਸਵੰਤ ਸਿੰਘ ਅਮਨ, ਸ੍ਰ. ਮਨਜੀਤ ਸਿੰਘ,ਸ੍ਰ. ਬਲਜੀਤ ਸਿੰਘ (ਨੂਰਮਹਿਲ), ਸ੍ਰ. ਸਿੰਘ, ਸ੍ਰ. ਗੁਰਲਾਲ ਸਿੰਘ, ਡਾ. ਅਵੀਨਿੰਦਰਪਾਲ ਸਿੰਘ, ਡਾ. ਵਰਿੰਦਰਪਾਲ ਸਿੰਘ, ਸ੍ਰ. ਅਜਿੰਦਰਪਾਲ ਸਿੰਘ, ਸ੍ਰ.ਨਿਰਮਲ ਸਿੰਘ, ਸ੍ਰ. ਰਾਜਵਿੰਦਰ ਸਿੰਘ, ਸ੍ਰ.ਰਤਨਜੀਤ ਸਿੰਘ ਸ਼ੈਰੀ, ਭਾਈ ਬਲਜੀਤ ਸਿੰਘ, ਸ੍ਰ. ਕੁਲਵੰਤ ਸਿੰਘ ਬੰਬਈ, ਸ੍ਰ. ਨਰਿੰਦਰਪਾਲ ਸਿੰਘ, ਸ: ਗੁਰਚੇਤ ਸਿੰਘ, ਸ੍ਰ. ਕੰਵਲਜੀਤ ਸਿੰਘ, ਸ੍ਰ. ਤਜਿੰਦਰ ਸਿੰਘ ਖ਼ਿਜਰਾਬਾਦੀ, ਸ੍ਰ. ਹਰਬੰਸ ਸਿੰਘ, ਬੀਬਾ ਰੋਮਾ ਕੌਰ ਕੈਨੇਡਾ, ਸ੍ਰ. ਜੇ.ਪੀ.ਸਿੰਘ, ਸ੍ਰ. ਪ੍ਰੇਮਜੀਤ ਸਿੰਘ, ਸ੍ਰ. ਸਰਬਜੀਤ ਸਿੰਘ, ਸ੍ਰ. ਹਰਪ੍ਰੀਤ ਸਿੰਘ, ਬੀਬੀ ਅਮਨਜੀਤ ਕੌਰ, ਡਾ. ਦੀਪਇੰਦਰ ਸਿੰਘ, ਸ੍ਰ.ਪਰਮਜੀਤ ਸਿੰਘ, ਸ੍ਰ. ਜਸਬੀਰ ਸਿੰਘ, ਡਾ. ਲਖਵਿੰਦਰ ਸਿੰਘ, ਸ੍ਰ. ਗੁਰਸ਼ਰਨ ਸਿੰਘ, ਸ੍ਰ. ਪ੍ਰਭਜੋਤ ਸਿੰਘ, ਸ੍ਰ. ਗੁਰਪਿੰਦਰ ਸਿੰਘ, ਸ੍ਰ. ਇਕਬਾਲ ਸਿੰਘ, ਪ੍ਰੋ. ਇੰਦਰਪਾਲ ਸਿੰਘ, ਸ੍ਰ. ਗੁਰਸੰਗਤਪਾਲ ਸਿੰਘ ਆਦਿ ਸਾਡਾ ਸੁਨਿਹਰੀ ਜਥੇਬੰਦਕ ਭਵਿੱਖ ਹੈ।

ਸ੍ਰ. ਹਜ਼ੂਰ ਸਿੰਘ ਹੈਦਰਾਬਾਦ, ਬੀਬੀ ਆਗਿਆ ਕੌਰ ਜੈਪੁਰ, ਸ੍ਰ. ਹਰਬੰਸ ਸਿੰਘ, ਸ੍ਰ. ਲਾਭ ਸਿੰਘ ਸੰਗਰੂਰ, ਸ੍ਰ. ਬਲਵਿੰਦਰ ਸਿੰਘ ਫਰੀਦਕੋਟ, ਪ੍ਰਿੰ. ਹਰੀ ਸਿੰਘ, ਪ੍ਰਿੰ. ਡਾ. ਰਾਜਿੰਦਰਜੀਤ ਕੌਰ ਢੀਂਡਸਾ, ਪ੍ਰਿੰ. ਪ੍ਰਭਜੋਤ ਕੌਰ, ਸ੍ਰ. ਆਰ.ਡੀ.ਸਿੰਘ, ਸ੍ਰ. ਬਹਾਦਰ ਸਿੰਘ ਇੰਗਲੈਂਡ, ਸ੍ਰ. ਜਸਪਾਲ ਸਿੰਘ, ਡਾ. ਤੇਜਿੰਦਰਪਾਲ ਸਿੰਘ ਆਦਿ ਦੀ ਜਥੇਬੰਦਕ ਉਮਰ ਭਾਵੇਂ ਸਾਡੇ ਤੋਂ ਛੋਟੀ ਹੈ ਪਰ ਦੁਨਿਆਵੀ ਉਮਰ 'ਚ ਅਤੇ ਗੁਣਾਂ 'ਚ ਵੀ ਵੱਡੇ ਹੋਣ ਕਾਰਣ ਜ਼ਿਆਦਾ ਸਤਿਕਾਰ ਹੈ।

ਅੱਗੋਂ ਜਥੇਬੰਦਕ ਆਰ ਪਰਵਾਰ ਸਾਰੇ ਸੰਸਾਰ ਵਿੱਚ ਹੀ ਫੈਲਿਆ ਹੋਇਆ ਹੈ। ਪਾਤਸ਼ਾਹ ਬਖ਼ਸ਼ਿਸ਼ ਕਰਨ ਇਹ ਪਰਵਾਰ ਦੁੱਖਾਂ ਸੁਖਾਂ ਵਿੱਚ ਇਕਸਾਰ ਰਹਿ ਕੇ ਨਿਰੰਤਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਛਤਰ ਛਾਇਆ ਹੇਠ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਪਾਵਨ ਵਿਚਾਰਧਾਰਾ ਦਾ ਪ੍ਰਚਾਰ ਪ੍ਰਸਾਰ ਚੜ੍ਹਦੀ ਕਲਾ ਨਾਲ ਕਰਦਾ ਰਹੇ।

# ਪੰਥਕ ਸਟੇਜੀ ਸ਼ਾਇਰ ਤੇ 'ਜਾਚਕ'

ਵੱਡੇ ਭਾਗਾਂ ਨਾਲ ਪਿਛਲੇ 20 ਕੁ ਸਾਲਾ ਤੋਂ ਪੰਥਕ ਸ਼ਾਇਰਾਂ ਅਤੇ ਸੰਗੀਤਕਾਰਾਂ ਨਾਲ ਹਿੰਦੁਸਤਾਨ ਅਤੇ ਬਾਹਰਲੇ ਮੁਲਕਾਂ ਵਿੱਚ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਅਤੇ ਸਿੰਘ ਸਭਾਵਾਂ ਵਲੋਂ ਕਰਵਾਏ ਜਾ ਰਹੇ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਕਰਨ ਦਾ ਸੁਭਾਗ ਸਮਾਂ ਮਿਲਦਾ ਆ ਰਿਹਾ ਹੈ। ਜਿਨ੍ਹਾਂ ਪੰਥਕ ਕਵੀਆਂ ਨਾਲ ਸਟੇਜਾਂ 'ਤੇ ਸਜਦਾ ਰਿਹਾ ਅਤੇ ਸਜ ਰਿਹਾ ਹਾਂ, ਉਨ੍ਹਾਂ ਵਿਚੋਂ ਕੁਝ ਚੋਣਵੇ ਸ਼ਾਇਰਾਂ ਦੇ ਨਾਂ ਹੇਠ ਲਿਖੇ ਅਨੁਸਾਰ ਹਨ:-

ਸ੍ਰ. ਰਾਮ ਨਰਾਇਣ ਸਿੰਘ 'ਦਰਦੀ' (ਗੁਰਪੁਰਵਾਸੀ) ਲੁਧਿਆਣਾ<br>
ਸ੍ਰ. ਚਰਨ ਸਿੰਘ 'ਸਫ਼ਰੀ' ਦਸੂਹਾ (ਗੁਰਪੁਰਵਾਸੀ),<br>
ਸ੍ਰ.ਸੰਪੂਰਨ ਸਿੰਘ 'ਭਿਖ਼ਾਰੀ' ਡੇਹਰਾਦੂਨ (ਗੁਰਪੁਰਵਾਸੀ)<br>
ਸ੍ਰ. ਸੰਸਾਰ ਸਿੰਘ 'ਗਰੀਬ' ਦਿੱਲੀ (ਗੁਰਪੁਰਵਾਸੀ)<br>
ਸ੍ਰੀ 'ਬਚਨ' ਪਹਿਲਵਾਨ ਅੰਮ੍ਰਿਤਸਰ (ਗੁਰਪੁਰਵਾਸੀ)<br>
ਸ੍ਰ. ਮਹਿੰਦਰ ਸਿੰਘ 'ਦਮਨ' ਦਿੱਲੀ (ਗੁਰਪੁਰਵਾਸੀ)<br>
ਸ੍ਰ. ਦਲੀਪ ਸਿੰਘ 'ਬਾਵਾ' ਲੁਧਿਆਣਾ(ਗੁਰਪੁਰਵਾਸੀ)<br>
ਸ੍ਰ. ਅਜੀਤ ਸਿੰਘ 'ਅਜੀਤ' ਸ਼ਾਹਬਾਦ ਮਾਰਕੰਡਾ (ਗੁਰਪੁਰਵਾਸੀ)<br>
ਸ੍ਰ. ਪ੍ਰੀਤਮ ਸਿੰਘ 'ਕਾਸਦ' ਦਿੱਲੀ<br>
ਸ੍ਰ. ਬਲਵੰਤ ਸਿੰਘ 'ਨਿਰਵੈਰ' ਦਿੱਲੀ<br>
ਸ੍ਰ. ਦਾਨ ਸਿੰਘ 'ਕੋਮਲ' ਲੁਧਿਆਣਾ<br>
ਸ੍ਰ. ਸੰਤੋਖ ਸਿੰਘ 'ਸਫ਼ਰੀ' ਜਲੰਧਰ<br>
ਸ੍ਰ. ਸਾਧੂਸਿੰਘ 'ਦਰਦ' ਸਮਰਾਲਾ<br>
ਪ੍ਰਿੰਸੀਪਲ ਚੰਨਣ ਸਿੰਘ 'ਚਮਨ' ਹਰਿਗੋਬਿੰਦਪੁਰੀ<br>
ਸ੍ਰ. ਰਜਿੰਦਰ ਸਿੰਘ 'ਜੋਸ਼' ਸੰਗਰੂਰ<br>
ਸ੍ਰ. ਕਲਿਆਣ ਸਿੰਘ 'ਪੰਛੀ' ਲੁਧਿਆਣਾ<br>
ਡਾ. ਰਾਬਿੰਦਰ ਸਿੰਘ 'ਮਸਰੂਰ',ਯਮੁਨਾਨਗਰ<br>
ਸ੍ਰ. ਕਰਮਜੀਤ ਸਿੰਘ 'ਨੂਰ' ਜਲੰਧਰ<br>
ਸ੍ਰ. ਮਹਿੰਦਰ ਸਿੰਘ 'ਬਾਵਾ' ਦਿੱਲੀ<br>
ਸ੍ਰ. ਜੈ ਸਿੰਘ 'ਪਰਵਾਨਾ' ਸ਼ਾਹਬਾਦ ਮਾਰਕੰਡਾ<br>
ਸ੍ਰ. ਗੁਰਦਿਆਲ ਸਿੰਘ 'ਨਿਮਰ' ਯਮੁਨਾਨਗਰ<br>
ਸ੍ਰ. ਕਰਤਾਰ ਸਿੰਘ 'ਨਰਗਸ' ਬੰਬਈ<br>
ਸ੍ਰ. ਗੁਰਚਰਨ ਸਿੰਘ 'ਚਰਨ' ਦਿੱਲੀ<br>
ਸ੍ਰ. ਸਤਨਾਮ ਸਿੰਘ 'ਬੇਧੜਕ' ਮੇਰਠ<br>
ਸ੍ਰ. ਤਰਲੋਕ ਸਿੰਘ 'ਗੁੰਚਾ', ਰੋਪੜ<br>
ਸ੍ਰੀ ਯਸ਼ 'ਪੰਜਾਬੀ', ਯਮੁਨਾਨਗਰ<br>
ਸ੍ਰੀ ਫ਼ਕੀਰ ਚੰਦ 'ਤੁੱਲੀ' ਜਲੰਧਰ<br>
ਸ੍ਰ. ਅਮਰਜੀਤ ਸਿੰਘ 'ਅਮਰ' ਦਿੱਲੀ<br>
ਬੀਬੀ ਜਗਜੀਤ ਕੌਰ 'ਭੋਲੀ' ਦਿੱਲੀ<br>
ਸ੍ਰ. ਹਰਦਿਆਲ ਸਿੰਘ 'ਰਹਿਬਰ' ਜੰਮੂ<br>
ਸ੍ਰ. ਜਗਜੀਤ ਸਿੰਘ 'ਭੌਰਾ' ਬੰਬਈ<br>
ਸ੍ਰ. ਚਰਨ ਸਿੰਘ 'ਦਰਦੀ' ਬੰਬਈ<br>
ਸ੍ਰ. ਜਗਜੀਤ ਸਿੰਘ 'ਨਾਜਕ' ਦਿੱਲੀ<br>
ਸ੍ਰ.ਹਰਚਰਨਜੀਤ ਸਿੰਘ 'ਚੰਨ' ਡੇਹਰਾਦੂਨ<br>
ਸ੍ਰ. ਹਰਭਜਨ ਸਿੰਘ 'ਘਾਇਲ' ਦਿੱਲੀ<br>
ਸ੍ਰ. ਬਲਬੀਰ ਸਿੰਘ 'ਬਲ' ਮੋਰਿੰਡਾ<br>
ਸ੍ਰ. ਅਨੂਪ ਸਿੰਘ 'ਨੂਰੀ' ਸੁਲਤਾਨਪੁਰ<br>
ਸ੍ਰ. ਜਗਜੀਤ ਸਿੰਘ 'ਕੋਮਲ',ਹੁਸ਼ਿਆਰਪੁਰ<br>
ਸ੍ਰ. ਚੈਨ ਸਿੰਘ 'ਚਕਰਵਰਤੀ' ਦਸੂਹਾ<br>
ਸ੍ਰ. ਹਰਭਜਨ ਸਿੰਘ 'ਸਾਜਨ' ਟਾਂਡਾ<br>
ਸ੍ਰ. ਪਰੀਤਮ ਸਿੰਘ 'ਪੰਛੀ', ਪਟਿਆਲਾ<br>
ਮਾਸਟਰ ਅਜੀਤ ਸਿੰਘ 'ਅਜੀਤ' ਲੁਧਿਆਣਾ<br>
ਡਾ. ਇੰਦਰਜੀਤ ਸਿੰਘ 'ਵਾਸੂ' ਫ਼ਗਵਾੜਾ<br>
ਸ੍ਰ. ਬਖ਼ਸ਼ੀਸ਼ ਸਿੰਘ 'ਬਖ਼ਸ਼ੀਸ਼' ਹੁਸ਼ਿਆਰਪੁਰ<br>
ਸ੍ਰ. ਸੁਜਾਨ ਸਿੰਘ 'ਸੁਜਾਨ' ਜਲੰਧਰ<br>
ਸ੍ਰ. ਬਲਵੰਤ ਸਿੰਘ ਤੇਗੋ ਅੰਮ੍ਰਿਤਸਰ<br>
ਸ੍ਰ. ਨਰਿੰਦਰ ਸਿੰਘ 'ਕਮਲ' ਚੰਡੀਗੜ੍ਹ<br>
ਸ੍ਰ. ਜੋਗਿੰਦਰ ਸਿੰਘ 'ਕੰਗ' ਲੁਧਿਆਣਾ<br>
ਸ੍ਰ. ਇੰਦਰ ਸਿੰਘ 'ਘੁੰਮਣ' ਯਮੁਨਾਨਗਰ

# ਸੰਗੀਤਕਾਰ

ਸ੍ਰ. ਸੁਰਿੰਦਰ ਸਿੰਘ 'ਰਮਤਾ' ਜਲੰਧਰ

ਸ੍ਰ. ਸਰੂਪ ਸਿੰਘ 'ਸਰੂਪ', ਨਵਾਂਸ਼ਹਿਰ

ਬੀਬਾ ਸੁਮਨ 'ਅਨੰਦ', ਦਿੱਲੀ

ਸ੍ਰੀ ਮਤੀ ਅਮਰਜੀਤ ਕੌਰ 'ਪਰਵਾਨਾ' ਮੁੰਬਈ

ਸ੍ਰ. ਰਛਪਾਲ ਸਿੰਘ 'ਪਾਲ' ਜਲੰਧਰ

ਸ੍ਰ. ਸੁਲੱਖ਼ਣ ਸਿੰਘ 'ਨਿਰਾਲਾ' ਸੁਨਾਮ

ਸ੍ਰ. ਸੁਰਜੀਤ ਸਿੰਘ 'ਰਾਹੀ' ਦਿੱਲੀ

ਸ੍ਰ. ਅਵਤਾਰ ਸਿੰਘ 'ਤਾਰੀ' ਅੰਮ੍ਰਿਤਸਰ

ਡਾ. ਸੁਖਜਿੰਦਰ ਕੌਰ ਅੰਬਾਲਾ ਦਿੱਲੀ

ਸ੍ਰ. ਅਵਤਾਰ ਸਿੰਘ 'ਤਾਰੀ' ਅੰਮ੍ਰਿਤਸਰ

ਡਾ. ਸੁਖਜਿੰਦਰ ਕੌਰ ਅੰਬਾਲਾ

ਸ੍ਰ. ਹਰਭਜਨ ਸਿੰਘ 'ਨਾਹਲ', ਜਲੰਧਰ

ਸ੍ਰ. ਅਜੀਤ ਸਿੰਘ 'ਰਤਨ', ਪੱਟੀ

ਸ੍ਰ. ਨਿਰਮਲ ਸਿੰਘ 'ਨਿਰਮਲ' ਦਿੱਲੀ

ਸ੍ਰ. ਗੁਰਦੇਵ ਸਿੰਘ 'ਕੋਇਲ' ਜਲੰਧਰ

ਬੀਬਾ ਰਣਜੀਤ ਕੌਰ 'ਜੀਤ', ਸਾਹਿਬਾਬਾਦ

# ਸਿੰਘ ਸਾਹਿਬਾਨ, ਪੰਥਕ ਹਸਤੀਆਂ
## ਜਿਨ੍ਹਾਂ ਵਲੋਂ ਸਮੇਂ ਸਮੇਂ ਤੇ ਸਿਰੋਪਾਉ ’ਤੇ ਅਸੀਸਾਂ ਪ੍ਰਾਪਤ ਹੋਈਆਂ

16.07.2007

ਸਿੰਘ ਸਾਹਿਬ ਭਾਈ ਰਣਜੀਤ ਸਿੰਘ ਜੀ, ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ
ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ, ਸਾਬਕਾ ਜਥੇਦਾਰ, ਸ੍ਰੀ ਅਕਾਲ ਤਖ਼ਤ ਸਾਹਿਬ
ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਸਾਬਕਾ ਜਥੇਦਾਰ, ਤਖ਼ਤ ਸ੍ਰੀ ਦਮਦਮਾ ਸਾਹਿਬ
ਸਿੰਘ ਸਾਹਿਬ ਗਿਆਨੀ ਇਕਬਾਲ ਸਿੰਘ ਜੀ, ਜਥੇਦਾਰ, ਤਖ਼ਤ ਸ੍ਰੀ ਹਰੀਮੰਦਰ ਜੀ ਪਟਨਾ ਸਾਹਿਬ
ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ ਜੀ, ਜਥੇਦਾਰ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ
ਸਿੰਘ ਸਾਹਿਬ ਗਿਆਨੀ ਕੁਲਵੰਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਹਜ਼ੂਰ ਸਾਹਿਬ
ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ,ਖੰਨੇ ਵਾਲੇ
ਸ੍ਰ. ਗੁਰਚਰਨ ਸਿੰਘ ਜੀ ਟੌਹੜਾ,ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
ਸ੍ਰ. ਪ੍ਰਕਾਸ਼ ਸਿੰਘ ਜੀ ਬਾਦਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਤੇ ਮੁੱਖ ਮੰਤਰੀ, ਪੰਜਾਬ
ਸ੍ਰ.ਜਗਦੇਵ ਸਿੰਘ ਜੀ ਤਲਵੰਡੀ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ
ਬੀਬੀ ਜਗੀਰ ਕੌਰ ਜੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਸ੍ਰ. ਅਵਤਾਰ ਸਿੰਘ ਜੀ, ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਸ੍ਰ. ਪਰਮਜੀਤ ਸਿੰਘ ਜੀ ਸਰਨਾ, ਪ੍ਰਧਾਨ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ, ਦਿੱਲੀ
ਸ੍ਰ. ਸੁਖਦੇਵ ਸਿੰਘ ਜੀ ਢੀਂਡਸਾ, ਜਨਰਲ ਸਕੱਤਰ,ਸ਼੍ਰੋਮਣੀ ਅਕਾਲੀ ਦਲ
ਸ੍ਰ. ਮਨਜੀਤ ਸਿੰਘ ਜੀ ਕਲਕੱਤਾ, ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ
ਡਾ. ਖੜਗ ਸਿੰਘ, ਚੇਅਰਮੈਨ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਚੰਡੀਗੜ੍ਹ
ਬਾਬਾ ਸੇਵਾ ਸਿੰਘ ਜੀ, ਕਾਰ ਸੇਵਾ, ਖਡੂਰ ਸਾਹਿਬ
ਬਾਬਾ ਸਰਬਜੋਤ ਸਿੰਘ ਜੀ, ਪ੍ਰਧਾਨ, ਗੁਰਮਤਿ ਸਿਧਾਂਤ ਪ੍ਰਚਾਰਕ ਸੰਤ ਸਮਾਜ
ਬਾਬਾ ਜਸਵੰਤ ਸਿੰਘ ਜੀ, ਨਾਨਕਸਰ, ਸਮਰਾਲਾ ਚੌਂਕ,ਲੁਧਿਆਣਾ
ਭਾਈ ਸਾਹਿਬ ਭਾਈ ਹਰਨਾਮ ਸਿੰਘ ਜੀ ਖਾਲਸਾ, ਦਮਦਮੀ ਟਕਸਾਲ, ਮਹਿਤਾ
ਭਾਈ ਦਵਿੰਦਰ ਸਿੰਘ ਜੀ, ਅਕਾਲ ਆਸ਼ਰਮ, ਸੋਹਾਣਾ
ਬਾਬਾ ਰਣਜੀਤ ਸਿੰਘ ਜੀ,ਢਢਰੀਆਂ ਵਾਲੇ,ਗੁ. ਪ੍ਰਮੇਸ਼ਰ ਦੁਆਰ, ਸੰਗਰੂਰ
ਸੰਤ ਕਰਮਜੀਤ ਸਿੰਘ ਜੀ,ਸੇਵਾ ਪੰਥੀ, ਯਮੁਨਾਨਗਰ
ਭਾਈ ਮਹਿੰਦਰ ਸਿੰਘ ਜੀ, ਨਿਸ਼ਕਾਮ ਸੇਵਕ ਜਥਾ, ਬਰਮਿੰਘਮ, ਇੰਗਲੈਂਡ
ਸੰਤ ਬਾਬਾ ਘਾਲਾ ਸਿੰਘ ਜੀ, ਗੁਰਦੁਆਰਾ ਨਾਨਕਸਰ, ਝੋਰੜਾਂ
ਸੰਤ ਜਗਮੋਹਨ ਸਿੰਘ ਜੀ, ਗੁਰਦੁਆਰਾ ਸਾਹਿਬ,ਸੇਵਾ ਪੰਥੀ, ਯਮੁਨਾਨਗਰ,
ਸੰਤ ਨਿਰੰਜਨ ਸਿੰਘ ਜੀ, ਗੁਰਦੁਆਰਾ ਛੇਵੀਂ ਪਾਤਸ਼ਾਹੀ, ਜੰਡੂਸਿੰਘਾ
ਸ੍ਰ. ਤਰਸੇਮ ਸਿੰਘ ਜੀ, ਚੇਅਰਮੈਨ, ਧਰਮ ਪ੍ਰਚਾਰ ਕਮੇਟੀ, ਦਿੱਲੀ
ਡਾ. ਇੰਦਰਜੀਤ ਕੌਰ ਜੀ, ਭਗਤ ਪੂਰਨ ਸਿੰਘ ਪਿੰਗਲਵਾੜਾ, ਸ੍ਰੀ ਅੰਮ੍ਰਿਤਸਰ
ਸ੍ਰ. ਰਘੁਜੀਤ ਸਿੰਘ ਜੀ, ਵਾਈਸ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਸ੍ਰ. ਗੁਰਪ੍ਰਤਾਪ ਸਿੰਘ ਜੀ ਰਿਆੜ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਭਾਈ ਹਰਦੀਪ ਸਿੰਘ ਜੀ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਸ੍ਰ. ਅਜੀਤ ਸਿੰਘ ਕੋਹਾੜਕਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ
ਸ੍ਰ. ਹਜ਼ੂਰ ਸਿੰਘ ਜੀ, ਮੈਂਬਰ,ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,ਸ੍ਰੀ ਅੰਮ੍ਰਿਤਸਰ ਅਤੇ ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂਸਿੰਘ ਸਭਾ, ਸਿਕੰਦਰਾਬਾਦ,ਆਂਧਰਾ ਪ੍ਰਦੇਸ਼
ਸ੍ਰ. ਅਵਤਾਰ ਸਿੰਘ, ਵਾਈਸ ਚੇਅਰਮੈਨ, ਧਰਮ ਪ੍ਰਚਾਰ ਕਮੇਟੀ, ਦਿੱਲੀ
ਸ੍ਰ. ਇੰਦਰਜੀਤ ਸਿੰਘ ਵਿਕਾਸਪੁਰੀ, ਕਨਵੀਨਰ, ਧਰਮ ਪ੍ਰਚਾਰ ਕਮੇਟੀ, ਦਿੱਲੀ
ਪ੍ਰਿੰ. ਰਾਮ ਸਿੰਘ ਜੀ, ਚੀਫ਼ ਆਰਗੇਨਾਈਜ਼ਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ,ਲੁਧਿਆਣਾ
ਸ੍ਰ. ਪ੍ਰਿਤਪਾਲ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਦੂਖ਼ ਨਿਵਾਰਨ ਸਾਹਿਬ, ਲੁਧਿਆਣਾ
ਸ੍ਰ. ਗੁਰਬੀਰ ਸਿੰਘ ਜੀ,ਇੰਚਾਰਜ, ਸਿੱਖ ਮਿਸ਼ਨਰੀ ਕਾਲਜ, ਚੰਡੀਗੜ੍ਹ ਸਰਕਲ
ਬੀਬੀ ਹਰਜਿੰਦਰ ਕੌਰ ਜੀ, ਮੇਅਰ ਅਤੇ ਮਿਉਸਪਲ ਕੌਂਸਲਰ , ਚੰਡੀਗੜ੍ਹ
ਸ੍ਰ. ਹਰਜੀਤ ਸਿੰਘ,ਪ੍ਰਧਾਨ,ਭਾਈ ਸੰਤੋਖ ਸਿੰਘ ਯਾਦਗਾਰੀ ਕਮੇਟੀ, ਕਿਲਾ ਕਵੀ ਸੰਤੋਖ ਸਿੰਘ
ਮੇਜਰ ਨੌਰਾਤਾ ਸਿੰਘ ਜੀ ਰੰਗੀ, ਪ੍ਰਧਾਨ, ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
ਸ੍ਰ. ਅਮਰ ਸਿੰਘ ਜੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
ਸ੍ਰ. ਤਰਲੋਕ ਸਿੰਘ ਜੀ ਭੁਰਜੀ,ਚੇਅਰਮੈਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮੁੰਬਈ
ਸ੍ਰ. ਅਮਰਜੀਤ ਸਿੰਘ ਜੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
ਮੇਜਰ ਕਰਨੈਲ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਸਾਹਿਬ, ਸੈਕਟਰ 34, ਚੰਡੀਗੜ੍ਹ
ਸ੍ਰ. ਮੋਹਨ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਵਾਸ਼ੀ, ਨਿਊ ਮੁੰਬਈ
ਸ੍ਰ.ਅਮਰਜੀਤ ਸਿੰਘ ਜੀ ਵਾਸ਼ੀ, ਪ੍ਰਧਾਨ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਵਾਸ਼ੀ, ਨਿਊ ਮੁੰਬਈ

ਸ੍ਰ. ਬਲਵੰਤ ਸਿੰਘ ਜੀ ਲਾਲੀ,ਜ.ਸਕੱਤਰ,ਗੁਰਦੁਆਰਾ ਸ੍ਰੀ ਗੁਰੂਸਿੰਘ ਸਭਾ,ਵਾਸ਼ੀ, ਨਿਊ ਮੁੰਬਈ
ਭਾਈ ਜਸਬੀਰ ਸਿੰਘ ਜੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਡਰਬੀ, ਇੰਗਲੈਂਡ
ਸ੍ਰ.ਕਿਰਪਾਲ ਸਿੰਘ ਜੀ ਚੌਹਾਨ,ਇੰਚਾਰਜ, ਸਿੱਖ ਮਿਸ਼ਨ,ਹਰਿਆਣਾ,ਹਿਮਾਚਲ ਪ੍ਰਦੇਸ਼
ਸ੍ਰ.ਬਿਅੰਤ ਸਿੰਘ ਜੀ ਸਰਹੱਦੀ, ਪ੍ਰਧਾਨ, ਗੁਰਦੁਆਰਾ ਬਸਤੀ ਸ਼ੇਖ਼, ਜਲੰਧਰ
ਸ੍ਰ. ਚਰਨਜੀਤ ਸਿੰਘ ਜੀ ਭੱਲਾ,ਚੇਅਰਮੈਨ,ਗੁਰੂ ਅਮਰਦਾਸ ਸੇਵਾ ਸੋਸਾਇਟੀ,ਗੋਇੰਦਵਾਲ ਸਾਹਿਬ
ਸ੍ਰ. ਡਡਵਾਲ ਸਾਹਿਬ, ਪ੍ਰਧਾਨ,ਗੁਰਦੁਆਰਾ ਸਾਹਿਬ, ਬੈਂਕ ਮੋੜ, ਧੰਨਬਾਦ,ਛਤੀਸਗੜ੍ਹ
ਸ੍ਰ. ਦਵਿੰਦਰ ਸਿੰਘ ਜੀ ਖਾਲਸਾ, ਜਨਰਲ ਸਕੱਤਰ, ਗੁਰਦੁਆਰਾ ਮਾਈ ਥਾਨ,ਆਗਰਾ
ਸ੍ਰ. ਗਾਂਧੀ ਜੀ, ਗੁ. ਸਾਹਿਬ,ਅਰੇਰਾ ਕਲੋਨੀ, ਰਾਏਪੁਰ
ਪ੍ਰਧਾਨ ਜੀ, ਗੁਰਦੁਆਰਾ ਸਾਹਿਬ, ਬੁਲੰਦਸ਼ਹਿਰ,ਉੱਤਰ ਪ੍ਰਦੇਸ਼
ਗਿਆਨੀ ਕੇਵਲ ਸਿੰਘ ਜੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ,ਖਟੀਮਾਂ,ਉਤਰਾਂਚਲ
ਸ੍ਰ. ਜਰਨੈਲ ਸਿੰਘ ਜੀ,ਪ੍ਰਧਾਨ ਸਾਹਿਬ, ਗੁਰਦੁਆਰਾ ਸਾਹਿਬ,ਨਾਗਪੁਰ,ਮਹਾਂਰਾਸ਼ਟਰਾ
ਸ੍ਰ. ਪ੍ਰਕਾਸ਼ ਸਿੰਘ ਜੀ , ਜਨਰਲ ਸਕੱਤਰ, ਗੁਰਦੁਆਰਾ ਸਾਹਿਬ,ਨਾਗਪੁਰ,ਮਹਾਂਰਾਸ਼ਟਰਾ
ਸ੍ਰ. ਕੁਲਵੰਤ ਸਿੰਘ ਜੀ ਚੌਧਰੀ, ਮੈਨੇਜਰ ਸਾਹਿਬ, ਗੁ. ਪਾਤਸ਼ਾਹੀ ਦਸਵੀਂ,ਪਾਉਂਟਾ ਸਾਹਿਬ
ਸ੍ਰ. ਸਵਰਨ ਸਿੰਘ ਜੀ, ਜਨਰਲ ਸਕੱਤਰ, ਗੁ.ਸਾਹਿਬ, ਪੇਪਰ ਮਿੱਲ,ਯਮੁਨਾਨਗਰ

ਸ੍ਰ. ਅਵਤਾਰ ਸਿੰਘ ਜੀ,ਪ੍ਰਧਾਨ, ਗੁਰਦੁਆਰਾ ਛਾਵਣੀ, ਵਡੋਡਰਾ,ਮੱਧ ਪ੍ਰਦੇਸ਼
ਸ੍ਰ. ਬਲਵਿੰਦਰ ਸਿੰਘ ਜੀ, ਜਨਰਲ ਸਕੱਤਰ,ਗੁਰਦੁਆਰਾ ਸਾਚਾ ਧੰਨ, ਮੋਹਾਲੀ
ਸ੍ਰ. ਜਸਵਿੰਦਰ ਸਿੰਘ ਜੀ ਕੋਹਲੀ,ਚੇਅਰਮੈਨ, ਗੁਰਦੁਆਰਾ ਗੁਰੂ ਹਰਿਕ੍ਰਿਸ਼ਨ ਸਾਹਿਬ,ਮਾਨਚੈਸਟਰ
ਸ੍ਰ. ਤੇਜਿੰਦਰ ਸਿੰਘ ਜੀ ਸਮਰਾ, ਜਨਰਲ ਸਕੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ,ਸਾਊਥਾਲ
ਸ੍ਰ. ਮਹਿੰਦਰ ਸਿੰਘ ਚੀਮਾਂ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ,ਸੰਡਰਲੈਂਡ,ਇੰਗਲੈਂਡ
ਭਾਈ ਬਰਿੰਦਰ ਸਿੰਘ, ਜਨਰਲ ਸਕੱਤਰ, ਗੁ. ਸਾਹਿਬ,ਲੈਸਟਰ,ਇੰਗਲੈਂਡ
ਸ੍ਰ. ਗਿਆਨ ਸਿੰਘ ਸਹੋਤਾ, ਜਨਰਲ ਸਕੱਤਰ, ਗੁ. ਸਾਹਿਬ, ਹਰਡਸਫ਼ੀਲਡ, ਇੰਗਲੈਂਡ
ਭਾਈ ਪ੍ਰਮਿੰਦਰ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਸਾਹਿਬ, ਬਰੈਡਫੋਰਡ, ਇੰਗਲੈਂਡ
ਸ੍ਰ. ਹਰਬੰਸ ਸਿੰਘ ਜੀ ਸਗੂ,ਪ੍ਰਧਾਨ ਸਾਹਿਬ,ਗੁ.ਨਿਸ਼ਕਾਮ ਸੇਵਕ ਜੱਥਾ,ਲੀਡਜ਼,ਇੰਗਲੈਂਡ
ਸ੍ਰ.ਕੁਲਵੰਤ ਸਿੰਘ ਜੀ ਢੇਸੀ, ਜਨਰਲ ਸਕੱਤਰ, ਗੁ.ਸਾਹਿਬ,ਕੁਵੈਂਟਰੀ, ਇੰਗਲੈਂਡ
ਸ੍ਰ. ਜਰਨੈਲ ਸਿੰਘ ਜੀ, ਪ੍ਰਧਾਨ, ਗੁ. ਸਾਹਿਬ, ਨਿਊਕੈਸਲ, ਇੰਗਲੈਂਡ

ਸ੍ਰ. ਸਾਧੂ ਸਿੰਘ ਜੀ,ਜਨਰਲ ਸਕੱਤਰ, ਗੁਰਦੁਆਰਾ ਨਾਨਕਸਰ, ਵੁਲਵਰਹੈਂਪਟਨ, ਇੰਗਲੈਂਡ
ਸ੍ਰ. ਤਜਿੰਦਰ ਸਿੰਘ ਜੀ ਸਮਰਾ,ਜ.ਸਕੱਤਰ, ਗੁਰਦੁਆਰਾ ਸਾਹਿਬ, ਸਾਊਥਾਲ, ਇੰਗਲੈਂਡ
ਸ੍ਰ. ਕੁਲਵੰਤ ਸਿੰਘ ਜੀ ਮਾਨ, ਜਨਰਲ ਸਕੱਤਰ, ਗੁ.ਸਾਹਿਬ, ਫ਼ੇਜ਼ 6,ਮੋਹਾਲੀ
ਸ੍ਰ. ਗੁਰਮੀਤ ਸਿੰਘ ਜੀ, ਪ੍ਰਧਾਨ, ਗੁ. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਰਾਏਪੁਰ
ਸ੍ਰ. ਜ਼ਸਪਾਲ ਸਿੰਘ ਜੀ, ਪ੍ਰਧਾਨ, ਗੁਰਦੁਆਰਾ ਸਾਹਿਬ, ਸੈਕਟਰ 19, ਚੰਡੀਗੜ੍ਹ
ਬੀਬੀ ਦੇਵਾ ਜੀ, ਗੁਰਦੁਆਰਾ ਹਰੀਹਰ ਘਾਟ, ਮਨੀਕਰਨ,ਹਿਮਾਚਲ ਪ੍ਰਦੇਸ਼
ਸ੍ਰ. ਸੁਰਜਨ ਸਿੰਘ ਜੀ, ਜਨਰਲ ਸਕੱਤਰ, ਗੁ. ਸਾਹਿਬ,ਜੈਪੁਰ,ਰਾਜਿਸਥਾਨ
ਸ੍ਰ. ਗਰੇਵਰ ਜੀ,ਪ੍ਰਧਾਨ, ਗੁ. ਸਾਹਿਬ, ਮੁਜੱਫਰਪੁਰ ਉਤਰ ਪ੍ਰਦੇਸ਼
ਸ੍ਰ. ਈਸ਼ਰ ਸਿੰਘ, ਜਨਰਲ ਸਕੱਤਰ,ਗੁ. ਗੁਰੂ ਤੇਗ ਬਹਾਦਰ ਸਾਹਿਬ,ਜਲੰਧਰ
ਸ੍ਰ. ਭਗਵਾਨ ਸਿੰਘ ਜ਼ੋਹਲ, ਪੰਥਕ ਵਿਦਵਾਨ, ਜਲੰਧਰ
ਸ੍ਰ. ਜਗਜੀਤ ਸਿੰਘ ਜੀ ਗਾਬਾ,ਪ੍ਰਧਾਨ, ਗੁ. ਨੌਵੀਂ ਪਾਤਸ਼ਾਹੀ, ਗੁਰੂ ਤੇਗ ਬਹਾਦਰ ਨਗਰ, ਸਾਹਿਬ
ਸ੍ਰ. ਹਰਦੇਵ ਸਿੰਘ ਜੀ ਮੰਡ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਸਮੈਥਿਕ , ਇੰਗਲੈਂਡ
ਭਾਈ ਕੁਲਦੀਪ ਸਿੰਘ ਜੀ,ਪ੍ਰਧਾਨ, ਗੁ. ਸ੍ਰੀ ਗੁਰੂਤੇਗ ਬਹਾਦਰ ਜੀ,ਲੈਸਟਰ, ਇੰਗਲੈਂਡ
ਸ੍ਰ. ਭੁਪਿੰਦਰ ਸਿੰਘ ਸਮਰਾ,ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਵੁਲਵਰਹੈਂਪਟਨ ,ਇੰਗਲੈਂਡ
ਭਾਈ ਸਾਧੂ ਸਿੰਘ ਛੋਕਰ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਬਰੈਡਫ਼ੋਰਡ, ਇੰਗਲੈਂਡ
ਸ੍ਰ. ਅਮਰਜੀਤ ਸਿੰਘ ਉਪਲ ,ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਲੀਡਜ਼, ਇੰਗਲੈਂਡ
ਸ੍ਰ. ਸਤਨਾਮ ਸਿੰਘ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਸਲੋਅ, ਇੰਗਲੈਂਡ
ਸ੍ਰ. ਕੇ.ਪੀ ਸਿੰਘ, ਜਨਰਲ ਸਕੱਤਰ, ਗੁ. ਸ੍ਰੀ ਗੁਰੂ ਅਰਜਨ ਦੇਵ ਜੀ, ਪਟਿਆਲਾ
ਸ੍ਰ. ਕਲਿਆਣ ਸਿੰਘ ਜੀ, ਮੈਂਬਰ,ਪ੍ਰਬੰਧਕ ਕਮੇਟੀ, ਤਖ਼ਤ ਸ੍ਰੀ ਹਰੀਮੰਦਰ ਜੀ, ਪਟਨਾ
ਸ੍ਰ. ਕੁਲਦੀਪ ਸਿੰਘ ਜੀ ਖਾਲਸਾ,ਗੁਰੂ ਅੰਗਦ ਦੇਵ ਸੇਵਾ ਸੋਸਾਇਟੀ,ਖਡੂਰ ਸਾਹਿਬ
ਸ੍ਰ. ਸਚਦੇਵਾ ਜੀ, ਪ੍ਰਧਾਨ,ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਗਰਾਮ, ਲੁਧਿਆਣਾ
ਸ੍ਰ. ਭੁਪਿੰਦਰ ਸਿੰਘ ਜੀ ਮਨੋਚਾ, ਜਨਰਲ ਸਕੱਤਰ,ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਮਾਡਲ ਗਰਾਮ, ਲੁਧਿਆਣਾ
ਸ੍ਰ. ਮਹਿੰਦਰ ਸਿੰਘ ਢਿੱਲੋਂ, ਜ.ਸਕੱਤਰ, ਪ੍ਰ.ਕਮੇਟੀ, ਤਖ਼ਤ ਸ੍ਰੀ ਹਰੀਮੰਦਰ ਜੀ, ਪਟਨਾ ਸਾਹਿਬ
ਸ੍ਰ. ਸੂਰਤ ਸਿੰਘ, ਸੁਪਰਡੈਂਟ, ਪ੍ਰ.ਕਮੇਟੀ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ, ਮਹਾਂਰਾਸ਼ਟਰਾ
ਸ੍ਰ.ਪ੍ਰਕਾਸ਼ ਸਿੰਘ ਜੀ ਘਈ,ਪ੍ਰਧਾਨ, ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਨਾਨਕ ਦਰਬਾਰ,

ਪੂਨਾ

ਸ੍ਰ. ਕੁਲਦੀਪ ਸਿੰਘ, ਜ. ਸਕੱਤਰ, ਗੁਰਦੁਆਰਾ ਸਾਹਿਬ, ਸ੍ਰੀ ਗੁਰੂ ਨਾਨਕ ਦਰਬਾਰ, ਪੂਨਾ

ਸ੍ਰੀ. ਸੀ.ਆਰ.ਮੋਦਗਿਲ, ਡਾਇਰੈਕਟਰ, ਹਰਿਆਣਾ ਸਾਹਿਤ ਅਕੈਡਮੀ, ਹਰਿਆਣਾ

ਮੈਨੇਜਰ ਸਾਹਿਬ, ਗੁਰਦੁਆਰਾ ਸ੍ਰੀ ਨਾਨਕ ਮੱਤਾ ਸਾਹਿਬ, ਉਤਰਾਂਚਲ

ਸ੍ਰ. ਪਰਤਾਪ ਸਿੰਘ ਜੀ, ਵਾਈਸ ਚੇਅਰਮੈਨ, ਸੈਂਚੂਰੀਅਨ ਬੈਂਕ ਆਫ਼ ਪੰਜਾਬ

ਸ੍ਰ. ਪਰਵਿੰਦਰ ਸਿੰਘ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ,ਸ਼ਾਹਜਹਾਨਪੁਰ,ਯੂ.ਪੀ

ਸ੍ਰ. ਪਰਿਤਪਾਲ ਸਿੰਘ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਪੰਜਾਬੀ ਬਾਗ, ਦਿੱਲੀ

ਸ੍ਰ. ਰਣਦੀਪ ਸਿੰਘ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਲੋਧੀ ਕਾਲੋਨੀ, ਦਿੱਲੀ

ਸ੍ਰ. ਗੁਰਚਰਨ ਸਿੰਘ ਰੇਖੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ, ਸਾਕੇਤ, ਦਿੱਲੀ

ਬੀਬੀ  ਸੰਧੂ, ਪ੍ਰਧਾਨ, ਗੁਰਦੁਆਰਾ ਗੁਰੂ ਨਾਨਕ ਦਰਬਾਰ, ਸੈਕਟਰ 35,ਚੰਡੀਗੜ੍ਹ

ਸ੍ਰ. ਸੰਤ ਸਿੰਘ ਜੀ, ਜਨਰਲ ਸਕੱਤਰ, ਗੁਰਦੁਆਰਾ ਸਾਹਿਬ,ਆਲਮਬਾਗ,ਲਖ਼ਨਊ

ਸ੍ਰ. ਸਤਿਬੀਰ ਸਿੰਘ, ਜ.ਸਕੱਤਰ,ਗੁ.ਸ੍ਰੀ ਗੁਰੂਕਲਗੀਧਰ ਸਿੰਘ ਸਭਾ,ਮੁਹਾਲੀ

ਸ੍ਰ. ਸੁਖਦੇਵ ਸਿੰਘ, ਜ. ਸਕੱਤਰ, ਗੁਰਦੁਆਰਾ ਸਾਹਿਬ, ਸ਼ਾਹਕੋਟ, ਜਿਲਾ ਜਲੰਧਰ

# ਜੀਹਦੇ ਜੀਵਨ ਤੇ ਕੀਤੀ ਮੈਂ ਪੀਐਚ.ਡੀ.

ਜੀਹਦੇ ਜੀਵਨ ਤੇ ਕੀਤੀ ਮੈਂ ਪੀਐਚ.ਡੀ., ਉਹਦੇ ਜੀਵਨ ਦੀ ਗਾਥਾ ਸੁਣਾਉਣ ਆਇਆ।
ਭਾਈ ਸਾਹਿਬ ਦੇ ਜਨਮ ਸਥਾਨ ਉੱਤੇ, ਨਾਲ ਸ਼ਰਧਾ ਦੇ ਸੀਸ ਨਿਵਾਉਣ ਆਇਆ।
ਗੁਰੂਸੁਆਰੀਆਂ ਇਥੋ ਦੀਆਂ ਸੰਗਤਾਂ ਦੀ, ਧੂੜੀ ਚਰਨਾਂ ਦੀ, ਮੱਥੇ ਤੇ ਲਾਉਣ ਆਇਆ।
ਮਹਾਂਕਵੀ ਦੇ ਪਿੰਡ ਮਹਾਨ ਅੰਦਰ, ਮਹਾਂਕਵੀ ਦਰਬਾਰ ਸਜਾਉਣ ਆਇਆ।

# ਉਘਾ ਨਾ ਹੈ ਭਾਈ ਸੰਤੋਖ ਸਿੰਘ ਦਾ

ਉਘਾ ਨਾ ਹੈ ਭਾਈ ਸੰਤੋਖ ਸਿੰਘ ਦਾ, ਸਿੱਖ ਧਰਮ ਤੇ ਸਿੱਖ ਇਤਿਹਾਸ ਅੰਦਰ।
ਠਾਠਾਂ ਮਾਰਦਾ ਗੁਰਮਤਿ ਗਿਆਨ ਹੈਸੀ, ਰੋਮ ਰੋਮ ਤੇ ਸੁਆਸ ਸੁਆਸ ਅੰਦਰ।
ਪੂਰਾ ਗੁਰ ਇਤਿਹਾਸ ਮੈਂ ਲਿਖ ਸਕਾਂ, ਕਰਦੇ ਜੋਦੜੀ ਨਿਤ ਅਰਦਾਸ ਅੰਦਰ।
30 ਸਾਲ ਸੀ ਕਲਮ ਚਲਾਈ ਜਾਚਕੋ,ਲੱਗੀ ਲਗਨ ਸੀ ਧੁਰੋਂ ਕੋਈ ਖਾਸ ਅੰਦਰ।

# ਜੈਕਾਰਾ

ਚਮਕਾਂ ਮਾਰਦੈ ਜਿੱਦਾਂ ਅਕਾਸ਼ ਅੰਦਰ, ਚੰਨ ਚੌਧਵੀਂ ਦਾ ਵਿੱਚ ਤਾਰਿਆਂ ਦੇ।
ਚੜ੍ਹਦੀ ਕਲਾ ਆਉਦੀ ਦਰਸ਼ਨ ਕਰ ਜਿੱਦਾਂ, ਸੋਹਣੇ ਸਜੇ ਹੋਏ ਪੰਜਾਂ ਪਿਆਰਿਆਂ ਦੇ।
ਝੁੱਲਦੇ  ਕੇਸਰੀ  ਪਏ ਨਿਸ਼ਾਨ ਸਾਹਿਬ, ਜਿੱਦਾਂ ਸੋਂਹਦੇ ਨੇ ਨਾਲ ਗੁਰਦੁਆਰਿਆਂ ਦੇ।
ਕਲਗੀਧਰ ਦੇ ਕਵੀ ਦਰਬਾਰ ਏਦਾਂ, ਜੱਚਦੇ ਜਾਚਕੋ ਨਾਲ ਜੈਕਾਰਿਆਂ ਦੇ।

# ਪਰਮਦੀਪ ਸਿੰਘ ਦੀਪ

ਪਰਮਦੀਪ ਸਿੰਘ ਦੀਪ ਦਾ ਜਨਮ 17 ਅਕਤੂਬਰ 1984 ਨੂੰ ਮੋਹਾਲੀ ਵਿਖੇ ਹੋਇਆ। ਦਾਸ ਅਤੇ ਇਸ ਦੀ ਮਾਤਾ ਦਲਬੀਰ ਕੌਰ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਹੀਂ ਸੀ ਕਿਉਂਕਿ ਪਾਤਸ਼ਾਹ ਨੇ ਘਰ ਵਿੱਚ ਪਹਿਲੀ ਸੰਤਾਨ ਦੀ ਦਾਤ ਬਖ਼ਸ਼ਸ਼ ਕੀਤੀ ਸੀ। ਮਾਤਾ ਰਾਮ ਕੌਰ ਆਪਣੇ ਪੋਤਰੇ ਦਾ ਮੁੱਖ ਤੱਕ ਤੱਕ ਕੇ ਨਿਹਾਲ ਹੋ ਰਹੀ ਸੀ। ਬਚਪਨ ਵਿੱਚ ਇਸ ਨੂੰ ਬੜੇ ਲਾਡਾਂ ਚਾਵਾਂ ਨਾਲ ਪਾਲਿਆ ਗਿਆ। ਇਸ ਦੇ ਚਿਹਰੇ ਤੇ ਹਮੇਸ਼ਾਂ ਰੌਣਕ ਰਹਿੰਦੀ ਸੀ। ਜਿਵੇਂ ਹੀ ਤੁਰਨ ਫਿਰਨ ਜੋਗਾ ਹੋਇਆ,ਉਵੇਂ ਹੀ ਘਰ ਦੇ ਨਾਲ ਮੋਹਾਲੀ ਦੇ ਪ੍ਰਸਿੱਧ ਸਕੂਲੋ ਪੈਰਾਗਾਨ ਪਬਲਿਕ ਸਕੂਲੋ ਫ਼ੇਜ਼ ਇਕ ਵਿਖੇ ਦਾਖ਼ਲ ਕਰਵਾ ਦਿੱਤਾ। ਐਲ.ਕੇ.ਜੀ ਤੋਂ ਹੀ ਕਲਾਸ ਵਿੱਚ ਅਵਲ ਆਉਣ ਲੱਗਾ। ਜਦੋਂ ਯੂ.ਕੇ.ਜੀ ਵਿੱਚ ਸੀ ਤਾਂ ਲੜਕੀ ਦੀ ਡਰੈਸ ਵਿੱਚ ਸਟੇਜ ਸ਼ੋਅ ਕੀਤਾ ਅਤੇ ਪਹਿਲਾ ਇਨਾਮ ਪ੍ਰਾਪਤ ਕੀਤਾ। ਸਰਕਾਰੀ ਮਕਾਨ ਮਿਲ ਜਾਣ ਕਾਰਣ ਦਾਸ ਪਰਵਾਰ ਸਮੇਤ ਚੰਡੀਗੜ੍ਹ ਚਲੇ ਗਿਆ ਅਤੇ ਪਰਮਦੀਪ ਨੂੰ ਨਾਲ ਹੀਂ ਡਾਨ ਬਾਸਕੋ ਪਬਲਿਕ ਸਕੂਲੋ ਵਿੱਚ ਪਹਿਲੀ ਕਲਾਸ ਵਿੱਚ ਦਾਖ਼ਲ ਕਰਵਾ ਦਿੱਤਾ। ਇਥੇ ਵੀ ਇਸ ਨੇ ਚੰਗਾ ਨਾਮਣਾ ਖੱਟਿਆ। ਦਾਸ ਆਮ ਤੌਰ 'ਤੇ ਗੁਰਦੁਆਰਾ ਸਾਹਿਬਾਨ ਵਿੱਚ ਅਤੇ ਗੁਰੂਗੋਬਿੰਦ ਸਟੱਡੀ ਸਰਕਲ ਦੇ ਸਮਾਗਮਾਂ ਵਿੱਚ ਪੰਥ ਦੇ ਪ੍ਰਸਿੱਧ ਕਵੀਆਂ ਖ਼ਾਸ ਤੌਰ ਤੇ ਗੁਰਪੁਰਵਾਸੀ ਸ੍ਰ. ਕਰਤਾਰ ਸਿੰਘ ਬਲੱਗਣ ਜੀ ਦੀਆਂ ਲਿਖੀਆਂ ਕਵਿਤਾਵਾਂ ਜਿਵੇਂ ਕਿ ਚਮਕੌਰ ਦੀ ਗੜ੍ਹੀ ਅਤੇ ਸਰਹੰਦ ਦਾ ਸਾਕਾ ਆਦਿ ਪੜ੍ਹਿਆ ਕਰਦਾ ਸੀ। ਪਰਵਾਰ ਵੀ ਆਮ ਤੌਰ ਤੇ ਨਾਲ ਹੀ ਜਾਂਦਾ ਸੀ।

ਇਕ ਦਿਨ ਜਦੋਂ ਦਾਸ ਦਫ਼ਤਰ ਤੋਂ ਸ਼ਾਮ ਨੂੰ ਵਾਪਸ ਪਰਤਿਆ ਤਾਂ 5 ਕੁ ਸਾਲ ਦਾ ਪਰਮਦੀਪ ਸੋਫ਼ੇ ਤੇ ਲੇਟਿਆ ਹੋਇਆ ਤੋਤਲੀ ਜਿਹੀ ਜ਼ਬਾਨ ਵਿੱਚ ਕਹਿਣ ਲੱਗਾ, ਪਿਤਾ ਜੀ, ਪਿਤਾ ਜੀ, ਜਿਹੜੀ ਕਵਿਤਾ ਤੁਸੀਂ ਸਟੇਜ ਤੇ ਸੁਣਾਉਂਦੇ ਹੁੰਦੇ ਹੋ, ਉਹ ਮੈਨੂੰ ਵੀ ਆਂਦੀ ਹੈ। ਮੈਂ ਹੈਰਾਨ ਪ੍ਰੇਸ਼ਾਨ ਰਹਿ ਗਿਆ ਕਿ ਇਸ ਨੂੰ ਕਿਸ ਤਰ੍ਹਾਂ ਕਵਿਤਾ ਆ ਸਕਦੀ ਹੈ। ਇਸ ਨੂੰ ਤਾਂ ਅਜੇ ਤੱਕ ਪੰਜਾਬੀ ਲਿਖਣੀ ਜਾਂ ਪੜ੍ਹਨੀ ਵੀ ਨਹੀਂ ਆਉਂਦੀ। ਮੈਂ ਕਿਹਾ,ਬੇਟਾ ਜੀ, ਇਹ ਕਿਵੇਂ ਹੋ ਸਕਦਾ ਹੈ। ਇਕਦਮ ਖਿੜ ਖਿੜਾ ਕੇ ਹੱਸ ਕੇ ਕਹਿਣ ਲੱਗਾ ਕਿ ਆਪ ਜੀ ਨੇ ਆਪਣੀ ਜਿਹੜੀ ਕਵਿਤਾ ਕੈਸਟ ਵਿੱਚ ਭਰੀ ਹੋਈ ਹੈ ਮੈਂ ਉਹ ਕੈਸਟ ਲਗਾ ਕੇ ਰੋਜ਼ ਸੁਣਦਾ ਰਹਿੰਦਾ ਸੀ ਅਤੇ ਯਾਦ ਕਰਦਾ ਰਹਿੰਦਾ ਸੀ। ਦਾਸ ਨੇ ਕਿਹਾ ਕਿ ਪੁੱਤਰ ਜੀ, ਕਵਿਤਾ ਸੁਣਾਉ। ਦਾਸ ਦੀ ਖੁਸ਼ੀ ਦੀ ਉਸ ਸਮੇਂ ਕੋਈ ਹੱਦ ਨਾ ਰਹੀ ਜਦ ਦੀਪ ਨੇ ਲਗਾਤਾਰ ਬਿਨਾਂ ਰੁੱਕੇ 10 ਮਿੰਟ ਵਿੱਚ ਪੂਰੇ ਜਜ਼ਬੇ ਨਾਲ ਚਮਕੌਰ ਦੀ ਗੜ੍ਹੀ ਦੀ ਕਵਿਤਾ ਸੁਣਾਈ। ਉਸ ਤੋਂ ਬਾਅਦ ਇਸ ਨੇ ਪਿੱਛੇ ਮੁੜ ਕੇ ਨਾ ਦੇਖਿਆ। ਚੰਡੀਗੜ੍ਹ ਵਿਖੇ ਭਾਈ ਦਲਜੀਤ ਸਿੰਘ ਜੀ ਜੱਥੇ ਵਾਲੇ ਇਸ ਨੂੰ ਘਰ ਘਰ ਸਮਾਗਮਾਂ ਵਿੱਚ ਲਿਜਾਣ ਲੱਗ ਪਏ। ਅਗਲੇ ਸਾਲ ਚੰਡੀਗੜ੍ਹ ਦੇ ਮੰਨੇ ਪ੍ਰਮੰਨੇ ਸ਼ਿਵਾਲਿਕ ਪਬਲਿਕ ਸਕੂਲ ਵਿੱਚ ਇਸਨੂੰ ਦੂਸਰੀ ਕਲਾਸ ਵਿੱਚ ਦਾਖ਼ਲ ਕਰਵਾ ਦਿੱਤਾ ਗਿਆ। ਇਸ ਸਕੂਲ ਵਿੱਚ 4 ਮਈ 1991 ਵਿੱਚ ਜਦੋਂ ਸਾਹਿਬਜਾਦਾ ਅਜੀਤ ਸਿੰਘ ਜੀ ਦਾ ਜਨਮ ਦਿਨ ਮਨਾਇਆ ਗਿਆ ਤਾਂ ਪਰਮਦੀਪ ਸਿੰਘ ਨੇ ਸਾਢੇ ਛੇ ਸਾਲ ਦੀ ਉਮਰ ਵਿੱਚ ਹੀ ਬਹੁਤ ਚੜ੍ਹਦੀ ਕਲਾ ਨਾਲ ਜ਼ੁਬਾਨੀ ਕਵਿਤਾ ਸੁਣਾਈ ਅਤੇ ਸਕੂਲ ਦੇ ਸਾਰੇ ਸਟਾਫ਼ ਅਤੇ ਬੱਚਿਆਂ ਨੇ ਤਾੜੀਆਂ ਦੀ ਗੂੰਜ ਵਿੱਚ ਪਰਮਦੀਪ ਸਿੰਘ ਦੀ ਹੌਸਲਾ ਅਫ਼ਜਾਈ ਕੀਤੀ। ਸਕੂਲ ਦੀਂ ਟਥਰੁਛ :ਥਓਓਥਵੋ ਵਿੱਚ ਵਿਸ਼ੇਸ਼ ਤੌਰ ਤੇ ਦੀਪ ਦੀ ਫ਼ੋਟੋ ਦੇ ਕੇ ਇਸ ਬਾਰੇ ਇਸ ਤਰ੍ਹਾਂ ਜਿਕਰ ਕੀਤਾ ਗਿਆ

Celebrations- Sahibzada Ajit Singh Day

4th May; .............................. Special mention must be made of Paramdeep Singh of (II S) who recited a long epic poem in a fervent and arousing manner. All the children and the staff members were filled with admiration at the faultless performance of so young a child.

ਕਿਉਂਕਿ ਦਾਸ ਪੰਥਕ ਸਟੇਜਾਂ ਤੇ ਜਾਂਦਾ ਹੀ ਰਹਿੰਦਾ ਸੀ ਇਸ ਲਈ ਪਰਮਦੀਪ ਸਿੰਘ ਦੀਪ ਨੇ ਵੀ ਨਾਲ ਹੀ ਜਾਣਾ ਸ਼ੁਰੂਕਰ ਦਿੱਤਾ। ਖ਼ਾਸ ਤੌਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੀ ਪਾਵਨ ਸਟੇਜ ਤੇ ਤਾਂ ਇਸਨੂੰ ਬਹੁਤ ਮਾਣ ਸਨਮਾਨ ਦਿੱਤਾ ਜਾਣ ਲੱਗਾ। ਜੈਕਾਰਿਆਂ ਦੀ ਗੂੰਜ ਵਿੱਚ ਸੰਗਤਾਂ ਇਸ ਤੋਂ ਲੰਮੀਆਂ ਲੰਮੀਆਂ ਇਤਿਹਾਸਕ ਕਵਿਤਾਵਾਂ ਸੁਣਿਆ ਕਰਦੀਆਂ ਸਨ। ਇਕ ਵਾਰ ਤਾਂ ਤਖ਼ਤ ਸਾਹਿਬ ਦੇ ਮੈਨੇਜਰ ਸਾਹਿਬ ਸ੍ਰ. ਸੂਰਤ ਸਿੰਘ ਜੀ ਜੋ ਆਪ ਵੀ ਸੱਤ ਫ਼ੁੱਟ ਦੇ ਕਰੀਬ ਲੰਬੇ ਸਨ,ਪਰਮਦੀਪ ਸਿੰਘ ਦੀਪ ਨੂੰ ਆਪਣੀਆਂ ਬਾਹਾਂ ਨਾਲ ਆਪਣੇ ਸਿਰ ਤੋਂ ਵੀ ਉਪਰ ਤੱਕ ਚੁੱਕ ਕੇ ਜੈਕਾਰਿਆਂ ਦੀ ਗੂੰਜ ਵਿੱਚ ਸੰਗਤਾਂ ਨੂੰ ਇਸ ਬਾਲ ਕਵੀ ਦੇ ਦਰਸ਼ਨ ਕਰਵਾਏ। ਉਸ ਸਮੇਂ ਸਟੇਜ ਤੇ ਪੰਥ ਦੇ ਪ੍ਰਸਿੱਧ ਵਿਦਵਾਨ ਅਤੇ ਵਿਆਖਿਆਕਾਰ ਸਿੰਘ ਸਾਹਿਬ ਭਾਈ ਮਨਜੀਤ ਸਿੰਘ ਜੀ, ਜਥੇਦਾਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਐਕਟਿੰਗ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਵੀ ਸੁਸ਼ੋਭਿਤ ਸਨ। ਉਨ੍ਹਾਂ ਨੇ ਵੀ ਸਿਰੋਪਾਉ ਦੀ ਬਖ਼ਸ਼ਸ਼ ਕਰਕੇ ਦਾਸ ਅਤੇ ਦੀਪ ਨੂੰ ਮਾਣ ਸਨਮਾਨ ਦਿੱਤਾ।

ਦਸੰਬਰ 1991 ਵਿੱਚ ਦਾਸ ਪਰਵਾਰ ਸਮੇਤ ਬੰਬਈ ਗਿਆ ਅਤੇ ੋਦੀਪੋਅਤੇ ਦਾਸ ਨੇ

ਗੁਰਦੁਆਰਾ ਸ੍ਰੀ ਗੁਰੂਸਿੰਘ ਸਭਾ,ਦਾਦਰ ਅਤੇ ਗੁਰਦੁਆਰਾ ਸ੍ਰੀ ਦਸ਼ਮੇਸ਼ ਦਰਬਾਰ, ਕੋਹਲੀਵਾੜਾ ਵਿਖੇ ਹਾਜ਼ਰੀਆਂ ਲਗਵਾਈਆਂ। ਦੀਪੋ ਅਤੇ ਦਾਸ ਦੀਆਂ ਕਵਿਤਾਵਾਂ ਨੂੰ ਸੰਗਤਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਸਰਵਣ ਕੀਤਾ ਅਤੇ ਸ੍ਰ. ਤਰਲੋਕ ਸਿੰਘ ਜੀ ਭੁਰਜੀ ਪ੍ਰਧਾਨ ਸਾਹਿਬ ਨੇ ਸਿਰੋਪਾਉ ਦੀ ਬਖ਼ਸ਼ਸ਼ ਨਾਲ ਮਾਣ ਸਨਮਾਨ ਦਿੱਤਾ। ਵਾਪਸੀ ਤੇ ਤਖ਼ਤ ਸ੍ਰੀ ਹਰੀਮੰਦਰ ਜੀ, ਪਟਨਾ ਸਾਹਿਬ ਵਿਖੇ ਮਿਤੀ 1.1.1992 ਨੂੰ ਹਾਜ਼ਰੀ ਲਗਵਾਈ ਅਤੇ ਦੀਪੋ ਨੇ ਲਗਾਤਾਰ ਅੱਧਾ ਘੰਟਾ ਸਾਹਿਬ ਸ੍ਰੀ ਗੁਰੂਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀਆਂ ਪਾਵਨ ਸ਼ਹਾਦਤਾਂ ਬਾਰੇ ਕਵਿਤਾਵਾਂ ਸੁਣਾਈਆਂ ਅਤੇ ਤਖ਼ਤ ਸ੍ਰੀ ਹਰੀਮੰਦਰ ਸਾਹਿਬ ਜੀ ਦੇ ਜਥੇਦਾਰ ਸਾਹਿਬ ਸਿੰਘ ਸਾਹਿਬ ਗਿਆਨੀ ਮਾਨ ਸਿੰਘ ਜੀ ਨੇ ਸਿਰੋਪਾਉ ਬਖ਼ਸ਼ ਕੇ ਦੀਪੋ ਅਤੇ ਦਾਸ ਨੂੰ ਸਨਮਾਨਿਤ ਕੀਤਾ।

ਅਕਾਲ ਆਸ਼ਰਮ, ਸੁਹਾਣਾ ਵਿਖੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਖਾਲਸਾ ਖੰਨੇ ਵਾਲੇ ਜਿਥੇ ਸਾਲਾਨਾ ਗੁਰਮਤਿ ਸਮਾਗਮ ਕਰਵਾ ਕੇ ਗੁਰਮਤਿ ਪ੍ਰਚਾਰ ਕਰਦੇ ਸਨ ਉਥੇ ਸਕੂਲੀ ਬੱਚਿਆਂ ਦੇ ਸ਼ਬਦ ਗਾਇਣ ਅਤੇ ਵਿਖਿਆਨ ਮੁਕਾਬਲੇ ਕਰਵਾ ਕੇ ਹੋਣਹਾਰ ਬੱਚਿਆਂ ਦੀ ਹੌਸਲਾ ਅਫ਼ਜਾਈ ਵੀ ਕਰਦੇ ਸਨ। ਇਸੇ ਤਹਿਤ ਹੀ ਜੂਨੀਅਰ ਗਰੁੱਪ ਦੇ ਬੱਚਿਆਂ ਦੇ ਮੁਕਾਬਲੇ 23.3.1992 ਤੋ 26.3.1992 ਤੱਕ ਕਰਵਾਏ ਗਏ। 26.3.1992 ਨੂੰ ਲੈਕਚਰ ਮੁਕਾਬਲਾ ਹੋਇਆ ਅਤੇ ਇਸ ਵਿੱਚ ਚੰਡੀਗੜ੍ਹ, ਮੋਹਾਲੀ ਅਤੇ ਇਲਾਕੇ ਦੇ ਸਕੂਲਾਂ ਦੇ 40 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ। ਦੀਪੋ ਨੇ ਇਸ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਕੇ ਭਾਈ ਸਾਹਿਬ ਭਾਈ ਜਸਬੀਰ ਸਿੰਘ ਜੀ ਦੇ ਕਰ ਕਮਲਾਂ ਤੋਂ ਸੋਨੇ ਦਾ ਤਗਮਾ ਪ੍ਰਾਪਤ ਕੀਤਾ।

ਡਾ. ਦਰਸ਼ਨ ਸਿੰਘ ਜੀ ਚੇਅਰਮੈਨ ਗੁਰੂਨਾਨਕ ਸਿੱਖ ਸਟੱਡੀਜ਼,ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਸਿਖ ਥਾਟੋ ਮੈਗਜ਼ੀਨ ਦੇ ਮਾਰਚ-ਅਪ੍ਰੈਲ 1992 ਦੇ ਅੰਕ ਵਿੱਚ ਪਰਮਦੀਪ ਸਿੰਘ ਦੇ ਕਵਿਤਾ ਬੋਲਦੇ ਦੀ ਪ੍ਰਭਾਵਸ਼ਾਲੀ ਫ਼ੋਟੋ ਦੇ ਕੇ ਉਸ ਦੇ ਬਾਰੇ ਵਿੱਚ ਆਪਣੇ ਵਿਚਾਰ ਹੇਠ ਲਿਖੇ ਅਨੁਸਾਰ ਦਿੱਤੇ ਸਨ :

"ਚੰਡੀਗੜ੍ਹ ਦੇ ਗੁਰਦੁਆਰਿਆਂ, ਧਾਰਮਿਕ ਸਮਾਗਮਾਂ ਅਤੇ ਸਭਿਆਚਾਰਕ ਪ੍ਰੋਗਰਾਮਾਂ ਵਿੱਚ ਅੱਜਕਲ੍ਹ ਦੇ ਬਾਲ ਅਭਿਆਸ ਸੁਣਨ ਦਾ ਬਹੁਤ ਮੌਕਾ ਮਿਲਦਾ ਹੈ। ਇਹ ਬੱਚਾ ਜਿਸ ਦੀ ਉਮਰ ਕਰੀਬ 7 ਸਾਲ ਹੈ ਅਤੇ ਸ਼ਿਵਾਲਿਕ ਪਬਲਿਕ ਸਕੂਲ ਸੈਕਟਰ 41 ਵਿੱਚ ਦੂਸਰੀ ਕਲਾਸ ਦਾ ਵਿਦਿਆਰਥੀ ਹੈ ਉਸਦਾ ਨਾਮ ਪਰਮਦੀਪ ਸਿੰਘ ਹੈ ।ਇਸ ਨੇ ਆਪਣਾ ਤਖ਼ੱਲਸ ਦੀਪੋ ਰੱਖਿਆ ਹੋਇਆ ਹੈ। ਇਹ ਬੱਚਾ ਸਿੱਖ ਬਾਣੇ ਵਿੱਚ ਪੀਲੀ ਫ਼ਿਫ਼ਟੀ ਤੇ ਦਸਤਾਰ ਸਜਾਈ ਸਟੇਜ਼ ਉੱਤੇ ਬੋਲਦਾ ਭਰਤ-ਭਰਤ ਮਸਤੀ ਵਿੱਚ ਆਉਂਦਾ ਏ ਤਾਂ ਕਿਸੇ ਕਿਸਮ ਦਾ ਵਚਿੱਤਰ ਵਾਤਾਵਰਨ ਸਾਰੀ ਸੰਗਤ ਉੱਤੇ ਛਾ ਜਾਂਦਾ ਹੈ। ਕਵਿਤਾ ਉਚਾਰਣ ਕਰਦੇ ਸਮੇਂ ਉਸੇ ਤਰ੍ਹਾਂ ਦੀ ਹੀ ਹਰਕਤ ਅਤੇ ਬੋਲਣ ਦਾ ਢੰਗ ਇਸ ਕਿਸਮ ਦੇ ਗੁਣ ਹਨ ਜਿਨ੍ਹਾਂ ਦੀ ਪ੍ਰਸੰਸਾ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ। ਉਸਦਾ ਬਚਪਨ, ਉਸਦੀ ਜਵਾਨੀ ਅਤੇ ਆਉਣ ਵਾਲੇ ਬੁਢਾਪੇ ਦਾ ਵੱਡਾ ਪਰੀਚੈ ਦੇਂਦਾ ਹੈ। ਦੀਪੋ ਦੇ ਪਿਤਾ ਸਰਦਾਰ ਹਰੀ ਸਿੰਘ ਜਾਚਕ ਵੀ ਇੱਕ ਸ਼ਾਇਰ ਹਨ। ਇਹ ਬੱਚਾ ਸਟੇਜਾਂ ਉੱਤੇ ਸਿਰਫ਼ ਆਪਣੇ ਪਿਤਾ ਦੀਆਂ ਨਜਮਾਂ ਹੀ ਨਹੀਂ ਬੋਲਦਾ ਸਗੋਂ ਮਸ਼ਹੂਰ ਕਵੀਆਂ ਦੀਆਂ ਲਿਖੀਆਂ ਧਾਰਮਿਕ ਕਵਿਤਾਵਾਂ ਵੀ ਸੁਣਾਉਂਦਾ ਹੈ। ਇਸ ਨੂੰ ਗੁਰੂਸਾਹਿਬਾਨ ਅਤੇ ਸਿੱਖ ਸੂਰਬੀਰਾਂ ਬਾਰੇ 20 ਕਵਿਤਾਵਾਂ ਜ਼ੁਬਾਨੀ ਯਾਦ ਹਨ। ਮੋਹਾਲੀ ਦਾ ਜਮਪਲ ਇਹ ਬੱਚਾ ਅੱਜਕਲ੍ਹ ਚੰਡੀਗੜ੍ਹ ਵਿਖੇ ਰਹਿ ਰਿਹਾ ਹੈ। ਕੋਈ ਐਸਾ ਗੁਰਦੁਆਰਾ ਜਾਂ ਧਾਰਮਿਕ ਸੰਸਥਾ ਨਹੀਂ ਜਿੱਥੇ ਇਸ ਨੇ ਆਪਣੀ ਕਾਵਿ-ਉਚਾਰਨ ਦੀ ਪ੍ਰਤੀਭਾ ਦੇ ਜੌਹਰ ਨਾ ਵਿਖਾਏ ਹੋਣ। ਇਸ ਬੱਚੇ ਦੀ ਜਗਿਆਸਾ ਅਤੇ ਨਿਰੰਤਰ ਅਭਿਆਸ ਨੂੰ ਸੰਗਤਾਂ ਵੱਲੋਂ ਅਤੇ ਪਰਚਾਰਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਇਸ ਉਮਰ ਵਿੱਚ ਇਤਨੇ ਉੱਚੇ ਸਰੋਕਾਰ ਅਤੇ ਜਿਤਨੀਆਂ ਥਾਵਾਂ ਤੋਂ ਇਸ ਨੂੰ ਸਿਰੋਪਾਉ ਮਿਲੇ ਹਨ ਉਨ੍ਹਾਂ ਨੂੰ ਸਾਹਮਣੇ ਰੱਖਦਿਆਂ ਹੋਇਆਂ ਸੰਗਤਾਂ ਵੱਲੋਂ ਇਸ ਤੇ ਮਾਣ ਕਰਨਾ ਕੁਦਰਤੀ ਗੱਲ ਹੈ। ਕਵਿਤਾ ਉਚਾਰਨ ਮੁਕਾਬਲੇ ਜਿਤਦਾ ਹੋਇਆ ਲੋਕਾਂ ਦੇ ਦਿਲਾਂ ਵਿੱਚ ਵਸਦਾ ਹੋਇਆ ਇਹ ਬੱਚਾ ਜੈਕਾਰਿਆਂ ਦੀ ਗੂੰਜ ਵਿੱਚ ਸਿੱਖੀ ਸਰੂਪ ਅਤੇ ਸਿੱਖੀ ਮਰਿਆਦਾ ਦਾ ਪਾਬੰਦ ਲੱਗਦਾ ਹੈ।

ਮਾਤਾ ਸਾਹਿਬ ਕੌਰ ਅਕੈਡਮੀ, ਗੁਰਦੁਆਰਾ ਸੈਕਟਰ 34 ਚੰਡੀਗੜ੍ਹ, ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਲੁਧਿਆਣਾ, ਤਖ਼ਤ ਸ੍ਰੀ ਹਰੀਮੰਦਰ ਜੀ ਪਟਨਾ ਸਾਹਿਬ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ,ਅਨੰਦਪੁਰ ਸਾਹਿਬ ਆਦਿ ਤੋਂ ਸਿਰੋਪਾਉ ਪ੍ਰਾਪਤ ਕਰਨ ਵਾਲੇ ਇਸ ਉਭਰ ਰਹੇ ਕਲਾਕਾਰ ਦੇ ਸਵੈ ਭਰੋਸੇ ਅਤੇ ਲਗਨ ਦੀ ਸੰਪੂਰਨ ਤਸਵੀਰ ਹੈ। ਖਾਲਸਾ ਪੰਥ ਦੇ ਸਰਵ-ਉੱਤਮ ਸਥਾਨਾਂ ਭਾਵ ਤਖ਼ਤਾਂ ਤੇ ਇੱਜ਼ਤ ਲੈਣ ਵਾਲਾ ਇਹ ਬੱਚਾ ਆਮ ਬੱਚਾ ਨਹੀਂ ਹੋ ਸਕਦਾ। ਇਸ ਲਈ ਆਉ ਅਸੀਂ ਸਾਰੇ ਅਰਦਾਸ ਕਰੀਏ ਕਿ ਪ੍ਰਮਾਤਮਾ ਇਸ ਬੱਚੇ ਨੂੰ ਜਗਿਆਸਾ ਅਤੇ ਭਰੋਸੇ ਦੇ ਇਸ ਸਾਗਰ ਵਿੱਚੋਂ ਕਾਮਯਾਬ ਕਰਨ ਲਈ ਦ੍ਰਿੜ ਭਰੋਸੇ ਅਤੇ ਸਵੈ-ਵਿਸ਼ਵਾਸ਼ ਵਿੱਚ ਰੱਖੇ।"

ਸ੍ਰੀ ਸੁਖ਼ਮਨੀ ਸਾਹਿਬ ਸੇਵਾ ਸੋਸਾਇਟੀਆਂ ਦਾ 19ਵਾਂ ਸਰਬਹਿੰਦ ਸਾਲਾਨਾ ਸਮਾਗਮ ਮਿਤੀ 8.10.1992 ਤੋਂ 11.10.1992 ਤੱਕ ਗੁਰਦੁਆਰਾ ਪਾਤਸ਼ਾਹੀ ਦਸਵੀਂ, ਪਾਉਂਟਾ ਸਾਹਿਬ ਵਿਖੇ ਮਨਾਇਆ ਗਿਆ। ਇਸ ਸਮੇਂ ਦਰਮਿਆਨ ਇਸ ਇਤਿਹਾਸਕ ਸਥਾਨ ਤੇ ਜਿਥੇ ਦਸਵੇਂ ਪਾਤਸ਼ਾਹ ਆਪ ਕਵੀ ਦਰਬਾਰ ਸਜਾਇਆ ਕਰਦੇ ਸਨ ਮਿਤੀ 8.10.1992 ਨੂੰ ਬਾਲ ਕਵੀ ਦਰਬਾਰ ਕਰਵਾਇਆ ਗਿਆ ਜਿਸ ਵਿੱਚੋ ਦੀਪੋ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਅਤੇ ਇਸ

ਨੂੰ ਇਸ ਇਤਿਹਾਸਕ ਸਟੇਜ ਤੋਂ ਸਨਮਾਨਿਤ ਕੀਤਾ ਗਿਆ।

ਪਰਮਦੀਪ ਸਿੰਘ ਦੀਆਂ ਕਵਿਤਾਵਾਂ ਸੁਣ ਸੁਣ ਕੇ ਹੋਰ ਬੱਚਿਆਂ ਦੇ ਮਾਪੇ ਵੀ ਪ੍ਰਭਾਵਤ ਹੁੰਦੇ ਸਨ ਅਤੇ ਉਹ ਵੀ ਆਪਣੇ ਬੱਚਿਆਂ ਨੂੰ ਕਵਿਤਾਵਾਂ ਯਾਦ ਕਰਵਾਉਣ ਲੱਗੇ। ਦਾਸ ਨੇ ਆਪ ਵੀ ਇਸ ਤਰ੍ਹਾਂ ਦੀਆਂ ਸੇਵਾਵਾਂ ਦੀ ਜਿੰਮੇਵਾਰੀ ਲਈ ਅਤੇ ਦੇਖਦਿਆਂ ਹੀ ਦੇਖਦਿਆਂ ਇਨ੍ਹਾਂ ਦਿਨਾਂ ਵਿੱਚ ਚੰਡੀਗੜ੍ਹ ਅਤੇ ਮੋਹਾਲੀ ਦੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਸਾਹਿਬਾਨ ਵਲੋਂ ਬਾਲ ਕਵੀ ਦਰਬਾਰਾਂ ਦੀ ਮੰਗ ਹੋਣ ਲੱਗੀ ਅਤੇ ਖਾਸ ਤੌਰ ਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ,ਸੈਕਟਰ 34 ਚੰਡੀਗੜ੍ਹ ਵਿਖੇ ਤਾਂ ਹਰ ਗੁਰਪੁਰਬ ਦੇ ਮੌਕੇ ’ਤੇ ਬਾਲ ਕਵੀ ਦਰਬਾਰ ਹੋਣ ਲੱਗੇ।

ਬਾਲ ਕਵੀ ਦੇ ਰੂਪ ਵਿੱਚ ਪਰਮਦੀਪ ਸਿੰਘ ਦੀਪ ਦੀ ਚਰਚਾ ਹਰ ਪਾਸੇ ਸੀ।ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਮਹਾਂਰਾਸ਼ਟਰਾ ਵਿਖੇ ਹਰ ਸਾਲ ਹੀ ਗੁਰਗੱਦੀ ਦਿਵਸ ਦੇ ਮੁਬਾਰਕ ਮੌਕੇ ਤੇ ਹੋਰ ਸਮਾਗਮਾਂ ਤੋਂ ਇਲਾਵਾ ਕਵੀ ਦਰਬਾਰ ਵੀ ਕਰਵਾਇਆ ਜਾਂਦਾ ਹੈ। 1992 ਵਿੱਚ ਜਿਥੇ ਦਾਸ ਨੂੰ ਇਸ ਕਵੀ ਦਰਬਾਰ ਵਿੱਚ ਸ਼ਾਮਲ ਹੋਣ ਲਈ ਤਖ਼ਤ ਸਾਹਿਬ ਵਲੋਂ ਸਤਿਕਾਰਯੋਗ ਸ੍ਰ. ਗੁਰਚਰਨ ਸਿੰਘ ਜੀ ਸੰਘਾ ਚੀਫ਼ ਐਡੀਟਰ ਸੱਚਖੰਡ ਪੱਤਰ ਨੇ ਹੁਕਮ ਕੀਤਾ ਉਥੇ ਨਾਲ ਹੀ ਵਿਸ਼ੇਸ਼ ਤੌਰ ਤੇ ਕਾਕਾ ਪਰਮਦੀਪ ਸਿੰਘ ਦੀਪ ਨੂੰ ਨਾਲ ਲਿਆਉਣ ਦੀ ਵੀ ਦਾਸ ਨੂੰ ਤਾਗੀਦ ਕੀਤੀ।ਹੁਕਮ ਅਨੁਸਾਰ ਤਖ਼ਤ ਸਾਹਿਬ ਤੇ ਹਾਜ਼ਰੀਆਂ ਲਗਵਾਉਣ ਲਈ ਪਹੁੰਚੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾਵਾਂ ਸੁਣਾਈਆਂ।ਤਖ਼ਤ ਸਾਹਿਬ ਵਲੋਂ ਸਨਮਾਨਿਤ ਕੀਤਾ ਗਿਆ। ਇਸ ਬਾਰੇ ਦਸੰਬਰ ਮਹੀਨੇ ਦੇ ਸੱਚਖੰਡ ਪੱਤਰ ਵਿੱਚ ਕਵਿਤਾ ਸੁਣਾਉਂਦੇ ਹੋਏ ਦੀਪ ਦੀ ਫੋਟੋ ਦੇ ਕੇ ਹੇਠਾਂ ਇਸ ਤਰ੍ਹਾਂ ਲਿਖਿਆ ਸੀ :-

“ਇਸ ਸਾਲ ਕਵੀ ਦਰਬਾਰ ਦੀ ਵਿਸ਼ੇਸ਼ ਸ਼ੋਭਾ ਇਕ ਅੱਠ ਸਾਲ ਦੇ ਬੱਚੇ ਪਰਮਦੀਪ ਸਿੰਘ ਦੀਪ(ਚੰਡੀਗੜ੍ਹ) ਨੇ ਵਧਾਈ।ਇਸ ਬੱਚੇ ਨੇ ਬੜੇ ਹੀ ਜਵ੍ਹੇ ਨਾਲ ਸਿੱਖ ਇਤਿਹਾਸ ਤੇ ਕਵਿਤਾਵਾਂ ਬੋਲੀਆਂ। ਸਾਨੂੰ ਆਪਣੇ ਸੁਨਹਿਰੀ ਭਵਿੱਖ ਤੇ ਮਾਣ ਹੈ। ਪਰਮਦੀਪ ਸਿੰਘ ਦੀਪ ਗਿਆਨੀ ਹਰੀ ਸਿੰਘ ਜਾਚਕ ਦਾ ਹੋਣਹਾਰ ਸਪੁੱਤਰ ਹੈ।”

ਤਖ਼ਤ ਸਾਹਿਬ ਤੋ ਵਾਪਸ ਪੰਜਾਬ ਪਰਤਦਿਆਂ ਬਿਦਰ ਵਿਖੇ ਗੁਰਦੁਆਰਾ ਸ੍ਰੀ ਗੁਰੂਨਾਨਕ ਦੇਵ ਜੀ, ਝੀਰਾ (ਬਿਦਰ) ਅਤੇ ਗੁਰਦੁਆਰਾ ਸ੍ਰੀ ਗੁਰੂਸਿੰਘ ਸਭਾ ਸਿਕੰਦਰਾਬਾਦ ਵਿਖੇ ਵੀ ਬੜੇ ਹੀ ਵਜਦ ਵਿੱਚ ਕਵਿਤਾਵਾਂ ਸੁਣਾਈਆਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ ਸਾਹਿਬਾਨ ਵਲੋਂ ਸਨਮਾਨਿਤ ਕੀਤਾ ਗਿਆ।

ਭਾਸ਼ਾ ਵਿਭਾਗ, ਪੰਜਾਬ ਵਲੋਂ ਚੰਡੀਗੜ੍ਹ ਦੇ ਸਕੂਲੀ ਬੱਚਿਆਂ ਦੇ ਕਵਿਤਾ ਪਾਠ ਮੁਕਾਬਲੇ 29.12.1992 ਨੂੰ ਗੁਰੂਗੋਬਿੰਦ ਸਿੰਘ ਸੀ.ਸੈ. ਸਕੂਲ, ਸੈਕਟਰ 35 ਵਿਖੇ ਕਰਵਾਏ ਗਏ।ਪਰਮਦੀਪ ਸਿੰਘ ਜੋ ਸ਼ਿਵਾਲਿਕ ਪਬਲਿਕ ਸਕੂਲ ਚੰਡੀਗੜ੍ਹ ਵਿੱਚ ਤੀਸਰੀ ਕਲਾਸ ਦਾ ਵਿਦਿਆਰਥੀ ਸੀ, ਇਸ ਮੁਕਾਬਲੇ ਵਿੱਚ ਚੰਡੀਗੜ੍ਹ ਤੋਂ ਪਹਿਲੇ ਨੰਬਰ ਤੇ ਰਿਹਾ। ਫਰਵਰੀ 1993 ਵਿੱਚ ਪੰਜਾਬ ਦੇ ਸਾਰੇ ਜਿਲ੍ਹਿਆਂ ਅਤੇ ਚੰਡੀਗੜ੍ਹ ਦੇ ਸਕੂਲੀ ਬੱਚਿਆਂ ਵਿੱਚੋਂ ਪਹਿਲੇ ਸਥਾਨ ਤੇ ਰਹੇ ਬੱਚਿਆਂ ਦੇ ਕਵਿਤਾ ਪਾਠ ਮੁਕਾਬਲੇ ਲੁਧਿਆਣਾ ਵਿਖੇ ਕਰਵਾਏ ਗਏ।ਪਰਮਦੀਪ ਸਿੰਘ ਦੀਪ ਨੇ ਸਾਰੇ ਪੰਜਾਬ ਅਤੇ ਚੰਡੀਗੜ੍ਹ ਦੇ ਬੱਚਿਆਂ ’ਚੋਂ ਦੂਸਰਾ ਸਥਾਨ ਪ੍ਰਾਪਤ ਕੀਤਾ। ਸ੍ਰੀ ਭਗਵਾਨ ਦਾਸ ਜੌਹਰ ਸਿਖਿਆ ਮੰਤਰੀ ਪੰਜਾਬ(ਉਸ ਵੇਲੇ) ਨੇ ਮੋਮੈਂਟੋ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ।

1993-94 ਵਿੱਚ ਵੀ ਦੀਪ ਮੱਲਾਂ ਮਾਰਦਾ ਰਿਹਾ। ਨੈਸ਼ਨਲ ਸਕੂਲ ਆਫ਼ ਐਜੂਕੇਸ਼ਨ ਰੁੜਕੀ ਵਲੋਂ ਰਾਸ਼ਟਰੀ ਪੱਧਰ ਤੇ ਲਏ ਗਏ ਇਮਤਿਹਾਨ ਵਿੱਚੋਂ ਵੀ ਵਧੀਆ ਅੰਕ ਪ੍ਰਾਪਤ ਕੀਤੇ। ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ 13 ਜਨਵਰੀ 1994 ਤੋਂ 15 ਜਨਵਰੀ 1994 ਤੱਕ ਰਾਮੇਸ਼ਵਰਮ(ਤਾਮਿਲਨਾਡੂ) ਵਿਖੇ ਲਗਾਏ ਗਏ ਗੁਰਮਤਿ ਟ੍ਰੇਨਿੰਗ ਕੈਂਪ ਵਿੱਚ 'BEST CAMPER' ਦਾ ਖਿਤਾਬ ਹਾਸਲ ਕੀਤਾ। ਸ਼ਿਵਾਲਿਕ ਪਬਲਿਕ ਸਕੂਲ ਦ/ 'NEWS LETTER' ਦੇ ਮਈ-ਜੁਲਾਈ 1994 ਅੰਕ ਵਿੱਚ ਦੀਪ ਦੀ ਫੋਟੋ ਦੇ ਕੇ ਉਸ ਬਾਰੇ ਇਸ ਤਰ੍ਹਾਂ ਲਿਖਿਆ ਸੀ :-

ਉਭਰਦਾ ਸਿਤਾਰਾ : ਹੋਣਹਾਰ ਬਿਰਵਾਨ ਕੇ ਚਿਕਨੇ ਚਿਕਨੇ ਪਾਤ ਦੇ ਕਥਨ ਅਨੁਸਾਰ ਸ਼ਿਵਾਲਿਕ ਪਬਲਿਕ ਸਕੂਲ ਦਾ ਇਕ ਵਿਦਿਆਰਥੀ ਪਰਮਦੀਪ ਸਿੰਘ ਜਮਾਤ ਚੌਥੀ ਨੇ ਇੰਨੀ ਛੋਟੀ ਉਮਰ ਵਿਚ ਪੂਰੇ ਸਾਲ ਦੇ ਦੌਰਾਨ ਵੱਖ-ਵੱਖ ਵਾਰਸ਼ਿਕ ਸਮਾਗਮਾਂ ਵਿੱਚ ਆਪਣੀ ਬੁਲੰਦ ਆਵਾਜ਼ ਨਾਲ ਕਵਿਤਾਵਾਂ ਉਚਾਰਣ ਕੀਤੀਆਂ ਅਤੇ ਹਰੇਕ ਸਥਾਨ ਤੋਂ ਇਨਾਮ ਵਜੋਂ ਮੈਡਲ ਅਤੇ ਸਿਰੋਪਾ ਪ੍ਰਾਪਤ ਕੀਤੇ......

ਪਰਮਦੀਪ ਸਿੰਘ ਦੀ ਪ੍ਰਤਿਭਾ ਨੂੰ ਦੇਖਦੇ ਹੋਏ ਸਤਿਕਾਰਯੋਗ ਪਤਰਕਾਰ ਸਾਹਿਬਾਨ ਨੇ ਕਈ ਅਖ਼ਬਾਰਾਂ ਵਿੱਚ ਇਸ ਬਾਲ ਕਵੀ ਦੇ ਗੁਣਾਂ ਦਾ ਵਰਣਨ ਕੀਤਾ ਜਿਨ੍ਹਾਂ ਵਿੱਚੋਂ ਰੋਜ਼ਾਨਾ ਅਜੀਤ ਅਤੇ ਪੰਜਾਬੀ ਟ੍ਰੀਬਿਊਨ ਵਿੱਚ ਛਪੇ ਉਨ੍ਹਾਂ ਦੇ ਵਿਚਾਰ ਹੇਠ ਦਿੱਤੇ ਅਨੁਸਾਰ ਸਨ।

# ਰੋਜਾਨਾ ਅਜੀਤ ਜਲੰਧਰ 2 ਜੂਨ 1995 ਦਿਨ ਸ਼ੁਕਰਵਾਰ

ਵਿਲੱਖਣ ਪ੍ਰਤਿਭਾ ਦਾ ਮਾਲਕ

ਪਰਮਦੀਪ ਸਿੰਘ ਦੀਪੋ

ਉਰਦੂਜ਼ਬਾਨ ਦੀ ਇਹ ਅਖਾਣ ਕਿ ਹੋਣਹਾਰ ਬਿਰਵਾਨ ਕੇ ਚਿਕਨੇ-ਚਿਕਨੇ ਪਾਤੇ ਉਦੋਂ ਵਰਤੀ ਜਾਂਦੀ ਹੈ ਜਦੋਂ ਕਿਸੇ ਬੱਚੇ ਵਿਚ ਕੁਝ ਵਿਲੱਖਣ ਗੁਣ ਇਸ ਦੇ ਉਜਲੇ ਤੇ ਸੁਨਿਹਰੀ ਭਵਿੱਖ ਦੀ ਗਵਾਹੀ ਭਰਦੇ ਹੋਣ। ਅਜਿਹੀ ਹੀ ਅਲੋਕਿਕ ਤੇ ਨਿਵੇਕਲੀ ਪ੍ਰਤਿਭਾ ਤੇ ਮਾਨਸਿਕ ਸ਼ਕਤੀ ਦਾ ਮਾਲਕ ਹੈ ਇਸ ਜਿਲ੍ਹੇ ਦੇ ਉਦਯੋਗਿਕ ਕਸਬਾ ਮੋਹਾਲੀ ਦੇ ਕਵੀ ਭਾਈ ਹਰੀ ਸਿੰਘ ਜਾਚਕ ਦਾ 10 ਸਾਲਾ ਸਪੁੱਤਰ ਕਾਕਾ ਪਰਮਦੀਪ ਸਿੰਘ ਦੀਪੋ।

ਇਹ ਬੱਚਾ ਪੰਜ ਸਾਲ ਦੀ ਉਮਰ ਤੋਂ ਹੀ ਵੱਡੇ ਵੱਡੇ ਇਕੱਠਾਂ ਤੇ ਅਸਥਾਨਾਂ ਵਿਚ ਜਾ ਕੇ ਜਦੋਂ ਨਿਧੜਕ ਹੋ ਕੇ ਆਪਣੇ ਪਿਤਾ ਅਤੇ ਹੋਰ ਕਈ ਪ੍ਰਸਿੱਧ ਕਵੀਆਂ ਦੀਆਂ ਰਚਨਾਵਾਂ ਜ਼ਬਾਨੀ ਕੰਠ ਕਰਕੇ ਸਟੇਜ਼ 'ਤੇ ਬਾਹਵਾਂ ਖਿਲਾਰ ਕੇ ਬੜੇ ਸੁਚੱਜੇ ਢੰਗ ਤੇ ਮਿੱਠੀ ਆਵਾਜ਼ ਵਿਚ ਪੜ੍ਹਦਾ ਹੈ ਤਾਂ ਸਰੋਤੇ ਮੰਤਰ-ਮੁਗਧ ਹੋ ਜਾਂਦੇ ਹਨ ਤੇ ਖ਼ੁਸ਼ ਹੋ ਜਾਂਦੇ ਹਨ।

ਇਸ ਬੱਚੇ ਨੂੰ ਪ੍ਰਮਾਤਮਾ ਨੇ ਕੰਪਿਊਟਰ ਵਰਗੀ ਯਾਦ ਸ਼ਕਤੀ ਦੀ ਅਮੁੱਲੀ ਦਾਤ ਬਖ਼ਸ਼ੀ ਹੋਈ ਹੈ। ਇਹ ਬੜੀਆਂ ਲੰਮੀਆਂ ਲੰਮੀਆਂ ਕਵਿਤਾਵਾਂ ਜ਼ਬਾਨੀ ਸੁਣਾਉਂਦਾ ਹੈ 'ਤੇ ਕਦੇ ਇਕ ਅੱਖਰ ਵੀ ਘੱਟ ਵੱਧ ਨਹੀਂ ਕਰਦਾ। ਹੁਣ ਤੀਕ ਪਰਮਦੀਪ ਸਿੰਘ ਦੀਪੋ ਆਪਣੀ ਪ੍ਰਤਿਭਾ ਦੇ ਜੋਹਰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ,ਸਾਬੋ ਕੀ ਤਲਵੰਡੀ ਅਤੇ ਕਈ ਹੋਰ ਪ੍ਰਸਿੱਧ ਗੁਰਧਾਮਾਂ ਦੀਆਂ ਸਟੇਜਾਂ 'ਤੇ ਕਵਿਤਾ ਸੁਣਾ ਕੇ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਤੇ ਪ੍ਰਬੰਧਕਾਂ ਪਾਸੋਂ ਵਿਸ਼ੇਸ਼ ਇਨਾਮ ਤੇ ਸਨਮਾਨ ਪ੍ਰਾਪਤ ਕਰ ਚੁੱਕਾ ਹੈ। ਇਸ ਨੂੰ ਸਿੱਖ ਇਤਿਹਾਸ ਨਾਲ ਸਬੰਧਿਤ ਕਈ ਦਰਜਨ ਕਵਿਤਾਵਾਂ ਅਤੇ ਲੈਕਚਰ ਜ਼ਬਾਨੀ ਕੰਠ ਹਨ। ਪ੍ਰਮਾਤਮਾ ਨੇ ਇਸ ਨੂੰ ਕਵਿਤਾ ਉਚਾਰਣ ਤੇ ਲੈਕਚਰ ਦੇਣ ਦੇ ਗੁਣਾਂ ਨਾਲ ਮਾਲਾਮਾਲ ਕੀਤਾ ਹੋਇਆ ਹੈ।

ਸ਼ਿਵਾਲਕ ਪਬਲਿਕ ਸਕੂਲ ਸੈਕਟਰ 41 ਚੰਡੀਗੜ੍ਹ ਦਾ ਪੰਜਵੀਂ ਦਾ ਇਹ ਵਿਦਿਆਰਥੀ ਪੜ੍ਹਾਈ ਵਿਚ ਵੀ ਬੇਹੱਦ ਹੁਸ਼ਿਆਰ ਹੈ। ਭਾਸ਼ਾ ਵਿਭਾਗ ਪੰਜਾਬ ਵੱਲੋਂ ਆਯੋਜਿਤ ਕਵਿਤਾ ਉਚਾਰਣ ਮੁਕਾਬਲਿਆਂ ਵਿਚ ਚੰਡੀਗੜ੍ਹ ਦੇ ਸਾਰੇ ਸਕੂਲਾਂ ਵਿਚੋਂ ਇਹ ਪ੍ਰਥਮ ਸਥਾਨ 'ਤੇ ਪੰਜਾਬ ਪੱਧਰੀ ਮੁਕਾਬਲਿਆਂ ਵਿਚ ਦੂਜਾ ਸਥਾਨ ਪ੍ਰਾਪਤ ਕਰ ਚੁੱਕਾ ਹੈ। ਇਸ ਤੋਂ ਇਲਾਵਾ ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਤਾਮਿਲਨਾਡੂਦੇ ਸ਼ਹਿਰ ਰਾਮੇਸ਼ਵਰਮ ਵਿਖੇ ਲਗਾਏ ਵਿਦਿਆਰਥੀਆਂ ਦੇ ਸਿਖਲਾਈ ਕੈਂਪ ਵਿਚ ਵੀ ਇਸ ਨੇ ਸਰਬੋਤਮ ਕੈਂਪਰ ਹੋਣ ਦਾ ਖਿਤਾਬ ਜਿੱਤਿਆ।

ਸਾਨੂੰ ਪੂਰਨ ਆਸ ਤੇ ਵਿਸ਼ਵਾਸ਼ ਹੈ ਕਿ ਇਹ ਬਾਲਕ ਵੱਡਾ ਹੋ ਕੇ ਇਕ ਸਫ਼ਲ ਬੁਲਾਰਾ ਤੇ ਕਵੀ ਬਣ ਕੇ ਸਿੱਖ ਕੌਮ ਦੀ ਸੇਵਾ ਕਰੇਗਾ।

ਗੁਰਬਚਨ ਸਿੰਘ ਕੰਵਲ

# ਪੰਜਾਬੀ ਟ੍ਰਿਬਿਊਨ,3 ਨਵੰਬਰ 1995 ਦਿਨ ਸ਼ੁਕਰਵਾਰ

ਇਕ ਉਭਰਦਾ ਕਵੀ : ਪਰਮਦੀਪ ਸਿੰਘ ਦੀਪ

ਜੇਕਰ ਕਿਸੇ ਦਸ-ਗਿਆਰਾਂ ਸਾਲ ਦੇ ਬੱਚੇ ਨੂੰ ਵਧੀਆ ਬੁਲਾਰੋ ਉਤਮ ਕਵੀ ਅਤੇ ਗੋਲਡ ਮੈਡਲ ਵਰਗੇ ਰੁਤਬਿਆਂ ਨਾਲ ਸਨਮਾਨਿਤ ਕੀਤਾ ਜਾਵੇ ਤਾਂ ਉਸ ਬੱਚੇ ਦੀ ਪ੍ਰਤਿਭਾ ਅਤੇ ਭਵਿੱਖ ਦਾ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ।

ਮੋਹਾਲੀ ਦਾ ਜੰਮਪਲ ਅਤੇ ਸ਼ਿਵਾਲਿਕ ਪਬਲਿਕ ਸਕੂਲ ਚੰਡੀਗੜ੍ਹ ਵਿੱਚ ਛੇਵੀਂ ਜਮਾਤ ਵਿਚ ਪੜ੍ਹਦਾ ਪਰਮਦੀਪ ਸਿੰਘੋ ਦੀਪੋ ਜਦੋਂ ਪੂਰੇ ਸਿੱਖੀ ਬਾਣੇ ਵਿਚ ਸਜਿਆ ਸ੍ਰ. ਕਰਤਾਰ ਸਿੰਘ ਬਲੱਗਣ,ਰਾਮ ਨਰਾਇਣ ਸਿੰਘੋ ਦਰਦੀ,ਦਾਨ ਸਿੰਘੋ ਕੋਮਲੋ ਅਤੇ ਪਿਆਰਾ ਸਿੰਘ ੋਨਿਰਛਲੋ ਵਰਗੇ ਨਾਮਵਰ ਕਵੀਆਂ ਦੀਆਂ ਕਵਿਤਾਵਾਂ ਉਚੀ ਬਾਂਹ ਕਰਕੇ ਬੋਲਦਾ ਹੈ ਤਾਂ ਪੰਡਾਲ ਵਿਚ ਅਜਿਹੀ ਚੁੱਪ ਛਾ ਜਾਂਦੀ ਹੈ ਕਿ ਸਾਹ ਲੈਣ ਦੀ ਵੀ ਵਿੜਕ ਨਹੀਂ ਆਉਂਦੀ।ਅਜੇ ਉਹ ਪੰਜ ਸਾਲਾਂ ਦਾ ਹੀ ਸੀ ਜਦੋਂ ਉਸ ਨੇ ਆਪਣੇ ਕਵੀ ਪਿਤਾ ਸ੍ਰ. ਹਰੀ ਸਿੰਘ ਜਾਚਕ ਦੀਆਂ ਲਿਖੀਆਂ ਕਵਿਤਾਵਾਂ ਨੂੰ ਘਰ ਵਿਚ ਹੀ ਨਹੀਂ ਬਲਕਿ ਸਟੇਜਾਂ ’ਤੇ ਬੋਲਣਾ ਸ਼ੁਰੂਕੀਤਾ, ਫੇਰ ਉਹ ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਦੀਆਂ ਸਟੇਜਾਂ ’ਤੇ ਆਇਆ।ਉਸ ਦੀ ਉਮਰ ਨਾਲੋਂ ਚਾਰ ਚਾਰ ਗੁਣਾਂ ਵੱਡੇ ਵਿਦਿਆਰਥੀਆਂ ਦੇ ਜਦੋਂ ਕਵਿਤਾ ਉਚਾਰਣ ਮੁਕਾਬਲੇ ਹੁੰਦੇ ਤਾਂ ਉਹ ਹਮੇਸ਼ਾਂ ਪਹਿਲੇ ਸਥਾਨ ’ਤੇ ਆਉਂਦਾ।

ਭਾਸ਼ਾ ਵਿਭਾਗ ਵਲੋਂ 1993-94 ਵਿੱਚ ਆਯੋਜਿਤ ਕਵਿਤਾ ਗਾਇਣ ਮੁਕਾਬਲਿਆਂ ਵਿੱਚ ਉਸ ਨੇ ਚੰਡੀਗੜ੍ਹ ਵਿਚੋਂ ਪਹਿਲਾ ਅਤੇ ਪੰਜਾਬ ਭਰ ਵਿੱਚੋਂ ਦੂਜਾ ਸਥਾਨ ਪ੍ਰਾਪਤ ਕੀਤਾ। ਪਾਉਂਟਾ ਸਾਹਿਬ, ਅੰਮ੍ਰਿਤਸਰ,ਬੰਬਈ,ਕਲਕੱਤਾ,ਧੰਨਬਾਦ, ਬਿਦਰ, ਦੁਰਗਾਪੁਰ, ਦਿੱਲੀ ਅਤੇ ਸਿਕੰਦਰਾਬਾਦ ਸਮੇਤ ਹੋਰ ਕਈ ਪ੍ਰਮੁੱਖ ਸ਼ਹਿਰਾਂ ਵਿੱਚ ਆਯੋਜਿਤ ਕਵੀ ਦਰਬਾਰਾਂ ਦੌਰਾਨ ਪਰਮਦੀਪ ਆਪਣੀ ਕਵਿਤਾ ਉਚਾਰਣ ਦੇ ਜੌਹਰ ਦਾ ਆਪਣਾ ਸਿੱਕਾ ਮਨਵਾ ਚੁੱਕਾ ਹੈ।

ਤਾਮਿਲਨਾਡੂਦੇ ਸ਼ਹਿਰ ਰਾਮੇਸ਼ਵਰਮ ਵਿੱਚ ਆਯੋਜਿਤ 15 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਦੇ ਰਾਸ਼ਟਰੀ ਪੱਧਰ ਦੇ ਕੈਂਪ ਵਿੱਚ ਉਸ ਨੂੰ ਸਭ ਤੋਂ ਉੱਤਮ ਕੈਂਪਰੋ(ਬੈਸਟ ਕੈਂਪਰ) ਦੇ ਖਿਤਾਬ ਨਾਲ ਸਨਮਾਨਿਤ ਕੀਤਾ ਗਿਆ।ਪਰਮਦੀਪ ਦੀਆਂ ਕਵਿਤਾਵਾਂ ਦੀ ਚੋਣ ਵੀ ਬੜੀ ਉਤਮ ਦਰਜੇ ਦੀ ਹੈ।ਗੁਰੂਸਾਹਿਬਾਨ,ਸਿੱਖ ਸੂਰਬੀਰਾਂ, ਦੇਸ਼ ਭਗਤਾਂ ਅਤੇ ਸਿੱਖ ਇਤਿਹਾਸ ਨਾਲ ਸਬੰਧਿਤ ਲਗਪਗ 40 ਕਵਿਤਾਵਾਂ ਤਾਂ ਉਸ ਨੂੰ ਜ਼ਬਾਨੀ ਯਾਦ ਹਨ। ਹਲਕੀ ਸ਼ਾਇਰੀ ਤੋਂ ਉਹ ਕੋਹਾਂ ਦੂਰ ਹੈ। ਪਰਮਦੀਪ ਜਿਥੇ ਕਵਿਤਾ ਉਚਾਰਣ ਵਿੱਚ ਏਨੀ ਮੁਹਾਰਤ ਰਖਦਾ ਹੈ ਉਥੇ ਸਕੂਲ ਦੀ ਪੜ੍ਹਾਈ ਵਿੱਚ ਵੀ ਕਿਸੇ ਤੋਂ ਘਟ ਨਹੀਂ ਹੈ।ਪਿਛਲੇ ਸਾਲ 94 ਫੀ ਸਦੀ ਨੰਬਰ ਪ੍ਰਾਪਤ ਕਰ ਕੇ ਉਸ ਨੇ ਆਪਣੀ ਜਮਾਤ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਬਲਬੀਰ ਸਿੰਘ

ਗੁਰੂਅਰਜਨ ਸੇਵਾ ਮਿਸ਼ਨ ਵਲੋਂ ਨਵੰਬਰ 1995 ਵਿੱਚ ਲਏ ਗਏ ਗੁਰਮਤਿ ਲਿਖਤੀ ਪੇਪਰ ਵਿੱਚ 84× ਨੰਬਰ ਲੈ ਕੇ ਸਫ਼ਲਤਾ ਹਾਸਲ ਕੀਤੀ। ਸ਼ਿਵਾਲਿਕ ਪਬਲਿਕ ਸਕੂਲ ਵਿੱਚ ਪੜ੍ਹਦਿਆਂ ਹੀ ਪਰਮਦੀਪ ਨੇ .ਥ:ਸ਼ ਙੰਵਥ ਛ+ਙਜ਼ਥਓਢ ਜੋ ਕਿ ਸਾਰੇ ਹਿੰਦੁਸਤਾਨ ਵਿੱਚ ਬੇਸਹਾਰਾ ਅਤੇ ਲੋੜਵੰਦ ਲੜਕੀਆਂ ਦੀ ਭਲਾਈ ਲਈ ਕਾਰਜਸ਼ੀਲ ਹੈ, ਲਈ ਫੰਡ ਇਕੱਤਰ ਕਰਕੇ ਦਿੱਤੇ ਅਤੇ ਸੋਸਾਇਟੀ ਵਲੋਂ ਇਸ ਨੂੰ, ਇਸ ਵਲੋਂ ਸਮਾਜ ਸੇਵਾ ਲਈ ਕੀਤੀਆਂ ਸੇਵਾਵਾਂ ਲਈ ਪ੍ਰਸੰਸਾ ਪੱਤਰ ਪ੍ਰਦਾਨ ਕੀਤਾ ਗਿਆ।
ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਮਿਤੀ 17.5.97 ਤੋ 21.5.97 ਤੱਕ ਲਗਾਏ ਗਏ ਗੁਰਮਤਿ ਟ੍ਰੇਨਿੰਗ ਕੈਂਪ ਵਿੱਚ ਸ਼ਮੂਲੀਅਤ ਕੀਤੀ ਅਤੇ ਕਵਿਤਾ ਮੁਕਾਬਲੇ ਵਿੱਚ ਪਹਿਲੇ ਸਥਾਨ ਤੇ ਰਹਿ ਕੇ ਤਖ਼ਤ ਸਾਹਿਬ ਤੇ ਮਾਣ ਸਨਮਾਨ ਪ੍ਰਾਪਤ ਕੀਤਾ। ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਵਲੋਂ 1997 ਵਿੱਚ ਲਈ ਗਈ ਧਾਰਮਿਕ ਪ੍ਰੀਖਿਆ ਵੀ ਅੱਛੇ ਨੰਬਰ ਲੈ ਕੇ ਪਾਸ ਕੀਤੀ। ਗੁਰਮਤਿ ਵਿਦਿਆਲਾ ਧਨਬਾਦ ਵਲੋਂ ਕੇਂਦਰੀ ਗੁਰਦੁਆਰਾ ਸਾਹਿਬ ਧਨਬਾਦ (ਬਿਹਾਰ) ਵਿਖੇ ਮਿਤੀ 27 ਦਸੰਬਰ 1997 ਤੋਂ 1 ਜਨਵਰੀ 1998 ਤੱਕ ਲੱਗੇ ਗੁਰਮਤਿ ਟ੍ਰੇਨਿੰਗ ਕੈਂਪ ਵਿੱਚ ਭਾਗ ਲਿਆ ਅਤੇ ਕਵਿਤਾ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਸ੍ਰੀ ਗੁਰੂਸਿੰਘ ਸਭਾ ਬੰਬਈ ਦੇ ਸੱਦੇ ਤੇ ਨਵੰਬਰ 1999 ਵਿੱਚ ਸ੍ਰੀ ਗੁਰੂਨਾਨਕ ਦੇਵ ਜੀ ਦੇ ਪਾਵਨ ਪ੍ਰਕਾਸ਼ ਉਤਸਵ ਦੇ ਮੌਕੇ ਦਾਸ ਦੇ ਨਾਲ ਦੀਪ ਨੇ ਬੰਬਈ ਪਹੁੰਚ ਕੇ ਹਾਜ਼ਰੀਆਂ ਲਗਵਾਈਆਂ ਅਤੇ ਮਾਣ ਸਨਮਾਨ ਪ੍ਰਾਪਤ ਕੀਤਾ। ਇਸੇ ਤਰ੍ਹਾਂ ਹੀ ਸ੍ਰੀ ਗੁਰੂ ਸਿੰਘ ਸਭਾ ਵਾਸ਼ੀ, ਨਵੀਂ ਬੰਬਈ ਵਿਖੇ 24 ਦਸੰਬਰ ਤੋਂ 26 ਦਸੰਬਰ 1999 ਤੱਕ ਚੌਹਾਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਹੋਏ ਕਵੀ ਦਰਬਾਰ ਵਿੱਚ ਜੈਕਾਰਿਆਂ ਦੀ ਗੂੰਜ ਵਿੱਚ ਪੰਥਕ ਜਜ਼ਬੇ ਨਾਲ ਭਰਪੂਰ ਕਵਿਤਾਵਾਂ ਸੁਣਾਈਆਂ ਅਤੇ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ ਅਤੇ ਸਨਮਾਨ ਪੱਤਰ ਵੀ ਦਿੱਤਾ ਗਿਆ।

ਸਮੇਂ ਸਮੇਂ ਤੇ ਮੰਜੀ ਸਾਹਿਬ ਦੀਵਾਨ ਹਾਲ, ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਵੀ ਕਵੀ ਦਰਬਾਰਾਂ ਵਿੱਚ ਸ਼ਮੂਲੀਅਤ ਕੀਤੀ ਅਤੇ ਮਾਣ ਸਨਮਾਨ ਹਾਸਲ ਕੀਤੇ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵਲੋਂ ਲਗਾਏ ਜਾਂਦੇ ਗੁਰਮਤਿ ਟ੍ਰੇਨਿੰਗ ਕੈਂਪਾਂ ਅਤੇ ਗੁਰਮਤਿ ਕਿਆਰੀਆਂ ਵਿੱਚ ਵੀ ਸ਼ਾਮਲ ਹੋ ਕੇ ਗੁਰਮਤਿ ਗਾਡੀ ਰਾਹ ਤੇ ਚੱਲਦਾ ਰਿਹਾ।

ਜਿਥੇ ਕਵਿਤਾ ਦੇ ਖੇਤਰ ਵਿੱਚ ਮੱਲਾਂ ਮਾਰਦਾ ਰਿਹਾ ਉਥੇ ਪੜ੍ਹਾਈ ਵਿੱਚ ਵੀ ਕਿਸੇ ਤੋਂ ਪਿੱਛੇ ਨਹੀਂ ਸੀ ਅਤੇ ਵਧੀਆ ਨੰਬਰਾਂ ਨਾਲ ਪਾਸ ਹੁੰਦਾ ਰਿਹਾ। ਮੇਰੇ ਮਨ ਵਿੱਚ ਏਹੋ ਹੀ ਰੀਝ ਸੀ ਕਿ ਇਸ ਨੂੰ ਇੰਜਨੀਅਰਿੰਗ ਦੀ ਡਿਗਰੀ ਕਰਵਾਈ ਜਾਵੇ। ਵਿਚਾਰਾਂ ਕੀਤੀਆਂ ਗਈਆਂ ਅਤੇ ਅਖੀਰ ਇਹ ਫੈਸਲਾ ਲਿਆ ਗਿਆ ਕਿ ਪਹਿਲਾਂ ਕੰਮਪਿਊਟਰ ਇੰਜਨੀਅਰਿੰਗ ਦਾ ਡਿਪਲੋਮਾ ਕਰ ਲਿਆ ਜਾਵੇ ਤੇ ਫੇਰ ਡਿਗਰੀ ਕੀਤੀ ਜਾਵੇ। ਦਸਵੀਂ ਕਰਨ ਉਪਰੰਤੋ ਦੀਪੋ ਨੇ ਕੰਮਪਿਊਟਰ ਇੰਜਨੀਅਰਿੰਗ ਦਾ ਡਿਪਲੋਮਾ ਕਰਨ ਲਈ ਦਾਖ਼ਲਾ ਲੈ ਲਿਆ। ਅਤੇ ਆਪਣੀ ਪੜ੍ਹਾਈ ਵੱਲ ਹੀ ਪੂਰਾ ਸਮਾਂ ਧਿਆਨ ਦੇਣ ਲੱਗਾ।

ਅਜੇ ਇਸ ਨੇ ਆਖਰੀ ਸਮੈਸਟਰ ਦੇ ਪੇਪਰ ਦਿੱਤੇ ਹੀ ਸਨ ਕਿ ਪਤਾ ਨਹੀਂ ਕਿਉਂ ਮਨ ਵਿੱਚ ਨੌਕਰੀ ਕਰਨ ਤੇ ਅੱਗੇ ਵਧਣ ਦੀ ਠਾਣ ਲਈ ਅਤੇ ਉਹ ਆਪਣੇ ਆਪ ਹੀ ਆਪਣਾ ਕੈਰੀਅਰ ਬਣਾਉਣ ਲਈ ਸੰਘਰਸ਼ ਦੇ ਰਸਤੇ ’ਤੇ ਪੈ ਗਿਆ। ਮੈਂ ਚਾਹੁੰਦਾ ਸੀ ਕਿ ਉਸਨੂੰ ਅੱਗੋਂ ਡਿਗਰੀ ਦੀ ਪੜ੍ਹਾਈ ਲਈ ਕਿਸੇ ਇੰਜਨੀਅਰਿੰਗ ਕਾਲਜ ਵਿੱਚ ਪਾ ਦੇਵਾਂ ਪਰ ਡਿਪਲੋਮੇ ਦਾ ਰਿਜ਼ਲਟ ਆਉਣ ਤੋਂ ਪਹਿਲਾਂ ਹੀ ਅਗਸਤ 2003 ਵਿੱਚ ਕੇਵਲ 19 ਕੁ ਸਾਲ ਦੀ ਉਮਰ ਵਿੱਚ ਏਅਰਟੈਲ ਦੇ ਚੰਡੀਗੜ੍ਹ ਦੇ ਕਾਲ ਸੈਂਟਰ ਆਈ-ਟੂ-ਆਈ ਵਿੱਚ ਚਾਰ ਕੁ ਹਜ਼ਾਰ ਰੁਪਏ ਤਨਖਾਹੋ ਤੇ ਲੱਗ ਗਿਆ। ਨਾਲ ਦੀ ਨਾਲ ਅਗਸਤ 2004 ਵਿੱਚ ਕੰਪਿਊਟਰ ਇੰਜਨੀਅਰਿੰਗ ਦੀ ਡਿਗਰੀ ਦੀ ਪੜ੍ਹਾਈ ਪੱਤਰ ਵਿਹਾਰ ਰਾਹੀਂ ਇੰਸਟੀਚਿਊਟ ਆਫ਼ ਇੰਜਨੀਅਰਸ ਕਲਕੱਤਾ ਤੋਂ ਕਰਨ ਲੱਗ ਪਿਆ। ਫਿਰ ਸਾਢੇ ਵੀਹ ਕੁ ਸਾਲ ਦੀ ਉਮਰ ਵਿੱਚ ਇਕ ਹੋਰ ਮਲਟੀਨੈਸ਼ਨਲ ਕੰਪਨੀ ਵਿੱਚ 9000 ਰੁਪਏੋ ਤੇ ਸਰਵਿਸ ਤੇ ਲੱਗ ਗਿਆ। ਰਾਤ ਦਿਨ ਸੰਘਰਸ਼ ਕਰਦਾ ਰਿਹਾ ਅਤੇ ਅਖੀਰ ਉਸਦੀ ਦਿਨ ਰਾਤ ਦੀ ਮਿਹਨਤ ਰੰਗ ਲਿਆਈ। 5 ਜੂਨ 2006 ਨੂੰ ਕੰਪਿਊਟਰ ਬਨਾਉਣ ਵਾਲੀ ਇਕ ਅਮਰੀਕਨ ਕੰਪਨੀ ੋਡੈਲੋ ਦੀ ਮੋਹਾਲੀ ਬਰਾਂਚ ਵਿੱਚ ਸੀਨੀਅਰ ਟੈਕਨੀਕਲ ਸੁਪੋਰਟ ਐਸੋਸੀਏਟ ਦੀ ਨੌਕਰੀ ਮਿਲ ਗਈ ਜਿਸ ਦੀ ਤਨਖ਼ਾਹ 1,95,000 ਰੁਪਏ ਸਾਲਾਨਾ ਸੀ ਭਾਵ 16,250 ਰੁਪਏ ਮਹੀਨਾ+ਬੋਨਸ ਆਦਿ। ਵੱਡੀ ਪ੍ਰਾਪਤੀ ਇਹ ਸੀ ਕਿ ਕਿਸੇ ਕਿਸਮ ਦੀ ਸਿਫ਼ਾਰਿਸ਼ ਜਾਂ ਮੇ ਰੀ ਸਹਾਇਤਾ ਤੋਂ ਬਿਨਾਂ ਹੀ ਉਹ ਆਪਣੀ ਮੰਜ਼ਿਲੋ ਤੇ ਪਹੁੰਚਿਆ ਸੀ ਅਤੇ ਉਸ ਤੋਂ ਵੀ ਵੱਡੀ ਗੱਲ ਇਕ ਹੋਰ ਸੀ ਕਿ ਸਾਰੀ ਤਨਖ਼ਾਹ ਲਿਆ ਕੇ ਆਪਣੀ ਮਾਤਾ ਦਲਬੀਰ ਕੌਰ ਦੀ ਤਲੀਂੋ ਤੇ ਰੱਖ ਦਿੰਦਾ ਸੀ।

ਇਹ ਗੁਰੂਪਾਤਸ਼ਾਹ ਦੀ ਅਪਾਰ ਬਖ਼ਸ਼ਿਸ਼ ਸੀ। ਘਰ ਆ ਕੇ ਖੁਸ਼ੀ ਨਾਲ ਫੁਲਿਆ ਨਹੀਂ ਸਮਾ ਰਿਹਾ ਸੀ। ਕਹਿਣ ਲੱਗਾ, ਪਿਤਾ ਜੀ, ਮੇਰੀ ਤਨਖ਼ਾਹ ਦਾ ਸਕੇਲ ਮੇਰੇ ਤਜ਼ਰਬੇ ਦੇ ਆਧਾਰ ਤੇ ਡਿਗਰੀ ਕਰ ਕੇ ਲੱਗੇ ਮੇਰੇ ਸਾਥੀਆਂ ਤੋਂ ਵੀ ਜ਼ਿਆਦਾ ਹੈ। ਸਾਰਾ ਪਰਵਾਰ ਮੱਥਾ ਟੇਕਣ ਅਤੇ ਵਾਹਿਗੁਰੂਜੀ ਦਾ ਸ਼ੁਕਰਾਨਾ ਕਰਨ ਲਈ ਗੁਰਦੁਆਰਾ ਸਾਹਿਬ ਗਏ ਅਤੇ ਉਸ ਨੂੰ ਸ਼ੁੱਭ ਇਛਾਵਾਂ ਦਿੱਤੀਆਂ ਕਿ ਜਿਥੇ ਤੂੰ ਬਾਲ ਕਵੀ ਦੇ ਰੂਪ ਵਿੱਚ ਪੰਥ ਦੇ ਪੰਜੇ ਤਖ਼ਤ ਸਾਹਿਬਾਨ ਤੋਂ 11 ਸਾਲ ਦੀ ਨਿੱਕੜੀ ਜਿਹੀ ਉਮਰ ਵਿੱਚ ਹੀ ਬਾਲ ਕਵੀ ਦੇ ਰੂਪ ਵਿੱਚ ਸਿਰੋਪਾਉ ਤੇ ਮਾਣ ਸਨਮਾਨ ਪ੍ਰਾਪਤ ਕਰ ਕੇ ਆਪਣੇ ਮਾਤਾ ਪਿਤਾ ਦਾ ਨਾਂ ਰੌਸ਼ਨ ਕੀਤਾ ਹੈ ਉਥੇ ਹੁਣ ਦੁਨਿਆਵੀ ਤੌਰ'ਤੇ ਵੀ ਆਪਣੇ ਪੈਰਾਂ ਤੇ ਖੜ੍ਹਾ ਹੋ ਕੇ ਆਪਣੀ ਮੰਜ਼ਿਲ ਵੱਲ ਵਧਣ'ਚ ਸਫ਼ਲ ਹੋ ਗਿਆ ਹੈਂ। ਪਰਮਦੀਪ ਸਿੰਘ ਨੂੰ ਜਦੋਂ ਡੈੱਲੋ ਕੰਪਨੀ 'ਚੋਂ ਜੁਲਾਈ ਦੇ ਪਹਿਲੇ ਹਫ਼ਤੇ ਪਹਿਲੀ ਤਨਖ਼ਾਹ ਮਿਲੀ ਤਾਂ ਉਸ ਨੇ ਉਹ ਵੀ ਲਿਆ ਕੇ ਆਪਣੀ ਮਾਤਾ ਨੂੰ ਦਿੱਤੀ। 11 ਜੁਲਾਈ ਨੂੰ ਮੇਰੇ ਕੋਲ ਆ ਕੇ ਮੇਰੇ ਤੋਂ ਪਿਆਰ ਲੈ ਕੇ ਮੈਨੂੰ ਬੜੇ ਸਤਿਕਾਰ ਸਹਿਤ ਕਹਿਣ ਲੱਗਾ, ਪਿਤਾ ਜੀ, ਤੁਸੀਂ ਹੁਣ ਘਰ ਦਾ ਫਿਕਰ ਨਾ ਕਰਿਆ ਕਰੋ ਇਹ ਸਾਰੇ ਕੰਮ ਮੈਂ ਨਿਭਾਵਾਂਗਾ। ਪ੍ਰਮਾਤਮਾ ਨੇ ਤੁਹਾਨੂੰ ਜੋ ਕਵਿਤਾ ਦੀ ਦਾਤ ਬਖ਼ਸ਼ੀ ਹੈ ਤੁਸੀਂ ਹੁਣ ਸਾਰਾ ਸਮਾਂ ਉਸ ਵੱਲ ਲਗਾਉ। ਮੈਂ ਆਪਣੇ ਬੇਟੇ ਦੇ ਮੁੱਖੋਂ'ਚੋਂ ਇਹ ਸ਼ਬਦ ਸੁਣ ਕੇ ਗਦ-ਗਦ ਹੋ ਗਿਆ ਅਤੇ ਪਹਿਲੀ ਵਾਰ ਮਹਿਸੂਸ ਕੀਤਾ ਕਿ ਸੱਚਮੁੱਚ ਮੇਰੀ ਸੱਜੀ ਬਾਂਹ ਹੋਰ ਮਜ਼ਬੂਤ ਹੋ ਗਈ ਹੈ। ਪ੍ਰੰਤੂਅਗਲੇ ਚੰਦ ਦਿਨਾਂ'ਚ ਕੀ ਭਾਣੇ ਵਾਪਰਨੇ ਹਨ, ਇਹ ਤਾਂ ਵਾਹਿਗੁਰੂਹੀ ਜਾਣਦੇ ਸਨ।

8 ਜੁਲਾਈ ਨੂੰ ਆਪਣੇ ਭਤੀਜੇ ਹਰਪ੍ਰੀਤ ਸਿੰਘ ਦੀ ਵਕਾਲਤ ਦੀ ਪੜ੍ਹਾਈ ਦੇ ਦਾਖ਼ਲੇ ਲਈ ਦਾਸ ਸ੍ਰੀ ਗੰਗਾਨਗਰ ਪਹੁੰਚਿਆ ਅਤੇ ਕਾਰਜ ਦੀ ਪੂਰਤੀ ਉਪਰੰਤ ਪ੍ਰੋ. ਨਗਿੰਦਰ ਕੌਰ ਜੀ, ਜੋ ਕਿ ਮੈਨੂੰ ਪਾਕਿਸਤਾਨ ਮਿਲੇ ਸਨ ਅਤੇ ਕਈ ਵਾਰ ਕਹਿ ਚੁੱਕੇ ਸਨ ਕਿ ਤੁਸੀਂ ਸਾਡੇ ਗ੍ਰਹਿ ਵਿਖੇ ਗੰਗਾਨਗਰ ਜ਼ਰੂਰ ਆਉਣਾ, ਦੇ ਘਰ ਪਹੁੰਚਿਆ। ਰਾਤ ਨੂੰ ਉਨ੍ਹਾਂ ਨੇ ਗੁਰਦੁਆਰਾ ਸਾਹਿਬ ਵਿਖੇ ਕਵਿਤਾ ਸੁਣਾਉਣ ਦਾ ਪ੍ਰੋਗਰਾਮ ਵੀ ਰਖਵਾ ਦਿੱਤਾ ਅਤੇ ਦਾਸ ਨੇ ਗੁਰਦੁਆਰਾ ਸਾਹਿਬ ਹਾਜ਼ਰੀ ਲਗਵਾਈ। ਦੋਵਾਂ ਜੀਆਂ ਨੇ ਬਹੁਤ ਪਿਆਰ ਸਤਿਕਾਰ ਦਿੱਤਾ ਅਤੇ ਰਾਤ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਬਿਸਰਾਮ ਕੀਤਾ। ਅੰਮ੍ਰਿਤ ਵੇਲੇ ਹੀ ਦੀਪੇ ਦੇ ਦੋਸਤ ਰਵੀ ਦਾ ਮੋਬਾਈਲ'ਤੇ ਫ਼ੋਨ ਆਇਆ ਕਿ ਅੰਕਲ ਜੀ, ਦੀਪ ਦਾ ਐਕਸੀਡੈਂਟ ਹੋ ਗਿਆ ਹੈ। ਜਲਦੀ ਚੰਡੀਗੜ੍ਹ ਪਹੁੰਚੋ। ਚੌਪਈ ਸਾਹਿਬ ਦਾ ਲਗਾਤਾਰ ਪਾਠ ਕਰਦੇ-ਕਰਦੇ 8 ਘੰਟੇ ਦਾ ਸਫ਼ਰ ਖ਼ਤਮ ਕਰਕੇ ਚੰਡੀਗੜ੍ਹ ਪੀ.ਜੀ.ਆਈ. ਪੁੱਜਾ। ਮੇਰੇ ਤੋਂ ਪਹਿਲਾਂ ਦੀਪ ਦੇ ਮਿੱਤਰ-ਦੋਸਤ, ਮੇਰੇ ਪਰਿਵਾਰ ਦੇ ਮੈਂਬਰ, ਚੰਡੀਗੜ੍ਹ ਅਤੇ ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੇ ਸਟੱਡੀ ਸਰਕਲ ਦੇ ਸਾਰੇ ਪਰਿਵਾਰਾਂ ਨੇ ਲਗਾਤਾਰ ਸਾਡਾ ਹੌਂਸਲਾ ਬਣਾਈ ਰੱਖਿਆ ਤੇ ਹਰ ਪ੍ਰਕਾਰ ਦੀ ਸੇਵਾ ਲਈ ਤੱਤਪਰਤਾ 'ਤੇ ਰਹੇ।

ਪੀ.ਜੀ.ਆਈ. ਪੁੱਜ ਕੇ ਮੈਂ ਆਪਣੇ ਬੁਰੀ ਤਰ੍ਹਾਂ ਜਖ਼ਮੀ ਹੋ ਚੁੱਕੇ ਅਤੇ ਲਗਾਤਾਰ ਬੇ ਹੋਸ਼ ਪਏ ਬੇਟੇ ਦੇ ਸਿਰ 'ਤੇ ਪਿਆਰ ਦਿੱਤਾ। ਪੀ.ਜੀ.ਆਈ. ਤੋਂ ਫੋਰਟਿਜ਼ ਹਸਪਤਾਲ, ਮੋਹਾਲੀ ਲੈ ਕੇ ਗਏ। ਡਾਕਟਰ ਸਾਹਿਬਾਨ ਨੇ ਪੂਰੀ ਵਾਹ ਲਗਾਈ ਪਰ ਧੁਰ ਦਰਗਾਹ ਤੋਂ ਸੱਦਾ ਆ ਚੁੱਕਾ ਸੀ ਅਤੇ ਉਹ ਆਪਣੇ ਸੁਆਸਾਂ ਦੀ ਪੂੰਜੀ ਸਫ਼ਲੀ ਕਰਦਾ ਹੋਇਆ 16 ਜੁਲਾਈ ਸ਼ਾਮ ਦੇ 6.30 ਵਜੇ ਚੜ੍ਹਾਈ ਕਰ ਗਿਆ। ਕਿਰਨ ਸੂਰਜ ਵਿੱਚ ਸਮਾ ਗਈ। ਉਸੇ ਸਮੇਂ ਦਾਸ ਨੇ ਪਾਤਸ਼ਾਹ ਦੇ ਚਰਨਾਂ'ਚ ਖੜ੍ਹੇ ਮੱਥੇ ਅਰਜ਼ੋਈ ਕੀਤੀ ਕਿ ਇਸ ਰੂਹ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ਣਾ। 17 ਜੁਲਾਈ ਨੂੰ ਚੰਡੀਗੜ੍ਹ ਵਿਖੇ ਦੇਹ ਦਾ ਸਸਕਾਰ ਕੀਤਾ ਗਿਆ ਅਤੇ 23 ਜੁਲਾਈ ਨੂੰ ਗੁਰਦੁਆਰਾ ਸਾਹਿਬ ਸੈਕਟਰ 35 ਵਿਖੇ ਰਚਾਏ ਗਏ ਸਮਾਗਮ ਵਿੱਚ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਸਾਰੇ ਰਿਸ਼ਤੇਦਾਰ ਅਤੇ ਸਨੇਹੀ ਪਹੁੰਚੇ। ਪ੍ਰਮੁੱਖ ਤੌਰ ਤੇ ਪ੍ਰਿੰ. ਰਾਮ ਸਿੰਘ ਜੀ ਚੀਫ਼ ਆਰਗੇਨਾਈਜ਼ਰ, ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਗਵਾਈ ਵਿੱਚ ਸਮੁੱਚੀ ਸੁਪਰੀਮ ਕੌਂਸਲ, ਸ੍ਰ.ਇੰਦਰਪਾਲ ਸਿੰਘ ਜੀ ਪ੍ਰਧਾਨ ਦੀ ਅਗਵਾਈ ਵਿੱਚ ਸਮੁੱਚੀ ਪੰਜਾਬ ਸਟੇਟ ਕੌਂਸਲ,ਸ੍ਰ. ਗੁਰਪ੍ਰਤਾਪ ਸਿੰਘ ਰਿਆੜ,ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ ਅਤੇ ਮੈਂਬਰ ਸ਼੍ਰੋਮਣੀ ਕਮੇਟੀ, ਸ੍ਰ. ਹਰਦੀਪ ਸਿੰਘ ਜੀ,ਮੈਂਬਰ ਸ਼੍ਰੋਮਣੀ ਕਮੇਟੀ,ਸ੍ਰੀ ਮਤੀ ਹਰਜਿੰਦਰ ਕੌਰ ਜੀ,ਮੇਅਰ ਚੰਡੀਗੜ੍ਹ ਅਤੇ ਮੈਂਬਰ, ਅਕਾਲੀ ਦਲ ਵਰਕਿੰਗ ਕਮੇਟੀ, ਸ੍ਰ. ਕਰਮਜੀਤ ਸਿੰਘ ਨੂਰ, ਪ੍ਰਧਾਨ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੀ ਅਗਵਾਈ ਵਿੱਚ ਸਭਾ ਦੇ ਸਾਰੇ ਅਹੁੱਦੇਦਾਰ ਅਤੇ ਚੰਡੀਗੜ੍ਹ ਅਤੇ ਮੋਹਾਲੀ ਦੀਆਂ ਸਿੰਘ ਸਭਾਵਾਂ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਮੁਖੀ ਆਦਿਕ ਸ਼ਾਮਲ ਹੋਏ। ਆਏ ਹੋਏ ਸਮੂੰਹ ਪਤਵੰਤੇ ਸੱਜਣਾਂ ਨੇ ਸਟੇਜ ਤੇ ਹਾਜ਼ਰੀਆਂ ਲਗਵਾਈਆਂ ਅਤੇ ਸ਼ੋਕ ਮਤੇ ਪੜ੍ਹੇ ਗਏ। ਸਟੇਜ ਦੀ ਸੇਵਾ ਸ੍ਰ. ਪਿਰਥੀ ਸਿੰਘ ਖਾਲਸਾ,ਸਟੇਟ ਸਕੱਤਰ,ਪੰਜਾਬ ਅਤੇ ਡਿਪਟੀ ਚੀਫ਼ ਆਰਗੇ ਨਾਈਜ਼ਰ(ਯੋਜਨਾ ਅਤੇ ਵਿਕਾਸ) ਸਟੱਡੀ ਸਰਕਲ ਨੇ ਨਿਭਾਹੀ। ਦਾਸ ਨੇ ਵੀ ਉਸ ਵਿਛੜੀ ਰੂਹ ਨੂੰ ਸ਼ਰਧਾਜਲੀ ਦਿੰਦੇ ਹੋਏ ਉਸੇ ਬਾਰੇ ਹੀ ਆਪਣੀ ਲਿਖੀ ਹੋਈ ਕਵਿਤਾ ਧੀਰਜ ਤੇ ਚੜ੍ਹਦੀ ਕਲਾ ਨਾਲ ਸੁਣਾਈ ਅਤੇ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਇਆ।

ਜੂਨ 2007 ਮਹੀਨੇ ਦੇ ਅਖ਼ੀਰਲੇ ਹਫ਼ਤੇ ਮਨ ਵਿੱਚ ਇਹ ਭਾਵਨਾ ਉਤਪੰਨ ਹੋਈ ਕਿ ਕਿਉਂ ਨਾ ਪਰਮਦੀਪ ਸਿੰਘ ਂਦੀਪਂ ਦੀ 16.07.2007 ਨੂੰ ਆ ਰਹੀ ਪਹਿਲੀ ਬਰਸੀ ਨੂੰ ਯਾਦਗਾਰੀ ਢੰਗ ਨਾਲ ਮਨਾਇਆ ਜਾਵੇ। ਇਸ ਲਈ ਸੋਚ ਆਈ ਕਿ ਉਸ ਦੀ ਯਾਦ ਵਿੱਚ ਯਾਦਗਾਰੀ ਸੋਸਾਇਟੀ ਬਣਾ ਕੇ ਸਮਾਜ ਸੇਵਾ ਦੇ ਕਾਰਜ ਕੀਤੇ ਜਾਣ। ਜਿਹੜੇ ਕਵੀ ਆਪਣੀਆਂ ਕਿਤਾਬਾਂ ਨਹੀਂ ਛਪਵਾ ਸਕਦੇ ਉਨ੍ਹਾਂ ਦੀਆਂ ਕਿਤਾਬਾਂ ਬਿਨਾਂ ਲਾਭ ਹਾਣ ਦੇ ਆਧਾਰ ’ਤੇ ਛਪਵਾਈਆਂ ਜਾਣ ਅਤੇ ਪੁੰਗਰਦੇ ਬਾਲ ਕਵੀਆਂ ਅਤੇ ਲਿਖਾਰੀਆਂ ਨੂੰ ਹਰ ਸਾਲ ਹੌਂਸਲਾ ਅਫ਼ਜ਼ਾਈ ਅਤੇ ਮਾਣ ਸਨਮਾਨ ਦੇ ਕੇ ਉਨ੍ਹਾਂ ਦਾ ਮਨੋਬਲ ਵਧਾਇਆ ਜਾਵੇ। ਨਸ਼ਿਆਂ ਰਹਿਤ ਸਮਾਜ ਦੀ ਸਿਰਜਨਾ ਲਈ ਉਦਮ ਉਪਰਾਲੇ ਕੀਤੇ ਜਾਣ। ਇਨ੍ਹਾਂ ਆਸ਼ਿਆਂ ਨੂੰ ਮੁੱਖ ਰੱਖ ਕੇ ਂਪਰਮਦੀਪ ਸਿੰਘ ਦੀਪ ਯਾਦਗਾਰੀ ਵੈਲਫੇਅਰ ਸੋਸਾਇਟੀ ਂ ਬਣਾਈ ਗਈ ਅਤੇ ਂਦੀਪਂ ਦੇ ਮਾਤਾ ਦਲਬੀਰ ਕੌਰ ਵਲੋਂ ਉਸੇ ਦੀ ਹੀ ਕਿਰਤ ਕਮਾਈ ਨੂੰ ਸਫ਼ਲ ਕਰਦੇ ਹੋਏ 51000 ਰੁਪਏ ਮੁੱਢਲੀ ਰਾਸ਼ੀ ਦੇ ਰੂਪ ਵਿੱਚ ਦਿੱਤੇ ਗਏ ਹਨ। ਇਸ ਸੋਸਾਇਟੀ ਵਲੋਂ ਪ੍ਰਕਾਸ਼ਿਤ ਹੋ ਰਹੀ ਹੱਥਲੀ ਪੁਸਤਕ ਬੇਟੇ ਂਦੀਪਂ ਨੂੰ ਹੀ ਸਮਰਪਿਤ ਹੈ।

ਲੇਖਕ ਬਿਓਰਾ ਫੋਟੋ

ਡਾ. ਹਰੀ ਸਿੰਘ ਂਜਾਚਕਂ

ਹਸਮੁੱਖ ਚਿਹਰੇ ਅਤੇ ਮਿਠਬੋਲੜੇ ਮੁੱਖ ਵਾਲਾ ਡਾ.ਹਰੀ ਸਿੰਘ ਂਜਾਚਕਂ ਸਥਾਪਤ ਪੰਥਕ ਕਵੀ ਹੈ। ਂਜਾਚਕਂ ਦਾ ਜਨਮ ਪਿੰਡ ਸੋਢੀ ਨਗਰ, ਜਿਲ੍ਹਾ ਫਿਰੋਜ਼ਪੁਰ ਵਿਖੇ ਇਕ ਗੁਰਸਿੱਖ ਘਰਾਣੇ ਵਿਚ ਭਾਈ ਮਹਿਤਾਬ ਸਿੰਘ ਅਤੇ ਰਾਮ ਕੌਰ ਜੀ ਦੇ ਘਰ 16.4.1959 ਨੂੰ ਹੋਇਆ। ਕਰੀਬ 8 ਵਰ੍ਹੇ ਦੀ ਉਮਰ ਵਿੱਚ ਹੀ ਆਪ ਗੁਰੂਗ੍ਰੰਥ ਸਾਹਿਬ ਜੀ ਦੇ ਚਰਨੀਂ ਲੱਗ ਗਏ।

ਆਪ ਨੇ ਮੁਢਲੀ ਵਿਦਿਆ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਉਪਰੰਤ ਗਰੈਜੂਏਸ਼ਨ ਆਰ.ਐਸ.ਡੀ. ਕਾਲਜ਼ ਫਿਰੋਜ਼ਪੁਰ ਤੇ ਐਮ.ਏ.(ਇੰਗਲਿਸ਼) ਗੋਰਮਿੰਟ ਕਾਲਜ, ਲੁਧਿਆਣਾ ਤੋਂ ਕੀਤੀ । 29 ਜਨਵਰ 1983 ਨੂੰ ਦਲਬੀਰ ਕੌਰ ਸਪੁੱਤਰ ਸ੍ਰ. ਜ਼ਸਵੰਤ ਸਿੰਘ ਨਾਲ ਸ਼ਾਹਕੋਟ ਜਿਲਾ ਜਲੰਧਰ ਵਿਖੇ ਵਿਆਹ ਹੋਇਆ। ਸਮੇਂ ਸਮੇਂ ਤੇ ਪਰਮਦੀਪ ਸਿੰਘ ਂਦੀਪਂ(ਗੁਰਪੁਰਵਾਸੀ), ਭੁਪਿੰਦਰ ਸਿੰਘ ਂਜਖ਼ਮੀ ਅਤੇ ਬਲਪ੍ਰੀਤ ਕੌਰ ਂਕੋਮਲਂ ਬੱਚੇ ਹੋਏ।1984 ਵਿੱਚ ਚੰਡੀਗੜ੍ਹ ਵਿਖੇ ਰੱਖਿਆ ਲੇਖਾ ਨਿਯੰਤਰਕ,ਪੱਛਮੀ ਕਮਾਨ ਦੇ ਦਫ਼ਤਰ ਵਿੱਚ ਆਡੀਟਰ ਦੀ ਨੌਕਰੀ ਲੱਗ ਗਈ। ਨੌਕਰੀ ਦੇ ਨਾਲ ਨਾਲ ਹੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ.ਏ (ਧਰਮ ਅਧਿਐਨ) ਪਹਿਲੇ ਸਥਾਨ ’ਤੇ ਰਹਿ ਕੇ ਕੀਤੀ ਅਤੇ ਸੋਨ ਤਮਗਾ ਪ੍ਰਾਪਤ ਕੀਤਾ। ਉਪਰੰਤ ਡਾ. ਹਰਪਾਲ ਸਿੰਘ ਜੀ ਪੰਨੂ,ਮੁਖੀ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਜੀ ਦੀ ਨਿਗਰਾਨੀ ਹੇਠ ਇਸੇ ਯੂਨੀਵਰਸਿਟੀ ਤੋਂ ਹੀ ਪੀਐਚ.ਡੀ. ਕੀਤੀ। ਅਜਕਲ ਸਹਾਇਕ ਲੇਖਾ ਅਫ਼ਸਰ,ਗੈਰੀਸਨ ਇੰਜਨੀਅਰ ਲੁਧਿਆਣਾ("+ਭਥ,:ਚਦੀਜ਼ਅ਼ ) ਹਨ ਅਤੇ ਪ੍ਰਵਾਰ ਸਮੇਤ ਕੋਠੀ ਨੰ: 277 (ਸਾਹਮਣੇ ਪਾਰਕ), ਮਾਡਲ ਗਰਾਮ, ਲੁਧਿਆਣਾ ਵਿਖੇ ਰਹਿ ਰਹੇ ਹਨ।

ਸਕੂਲੀ ਂ ਜੀਵਨ ਤੋਂ ਹੀ ਕਵਿਤਾ ਉਚਾਰਣ ਮੁਕਾਬਲਿਆਂ ਵਿਚ ਹਿਸਾ ਲੈ ਕੇ ਇਨਾਮ ਸਨਮਾਨ ਪ੍ਰਾਪਤ ਕਰਦੇ ਰਹੇ। ਕਾਲਜ ਵਿੱਚ ਪੜ੍ਹਦੇ ਸਮੇਂ 1977 ਵਿਚ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਨੌਜਵਾਨ ਵੀਰਾਂ ਨਾਲ ਸੰਪਰਕ ਹੋਇਆ ਜਿਸ ਨਾਲ ਜ਼ਿੰਦਗੀ ਨੇ ਇਕ ਇਤਿਹਾਸਕ ਤੇ ਸੁਨਹਿਰੀ ਮੋੜ ਕੱਟਿਆ। ਸਮੇਂ ਸਮੇਂ ਤੇ ਜੱਥੇਬੰਦੀ ਵਲੋਂ ਲਗਾਈਆਂ ਗਈਆਂ ਸੇਵਾਵਾਂ ਨੂੰ ਬਾਖੂਬੀ ਨਿਭਾਇਆ ਤੇ ਅੱਜਕੱਲ੍ਹ ਜਥੇਬੰਦੀ ਦੇ ਡਿਪਟੀ ਚੀਫ਼

ਸਕੱਤਰ ਵਜੋਂ ਸੇਵਾ ਕਰ ਰਹੇ ਹਨ।

ਹੁਣ ਤੱਕ ਪੰਜੇ ਪਾਵਨ ਤਖ਼ਤ ਸਾਹਿਬਾਨ, ਪੰਜਾਬ ਅਤੇ ਸਾਰੇ ਹਿੰਦੁਸਤਾਨ ਦੇ ਪ੍ਰਮੁੱਖ ਸ਼ਹਿਰਾਂ ਅਤੇ ਵਿਦੇਸ਼ਾਂ ਵਿੱਚ ਇੰਗਲੈਂਡ ਅਤੇ ਪਾਕਿਸਤਾਨ ਵਿਖੇ ਸੰਗਤਾਂ ਦੇ ਦਰਸ਼ਨ ਕਰਕੇ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਕਵਿਤਾਵਾਂ ਸੁਣਾ ਸੁਣਾ ਕੇ ਗੁਰੂਸੰਗਤਾਂ ਨੂੰ ਨਿਹਾਲ ਕਰ ਚੁੱਕੇ ਹਨ। ਅੱਜਕਲ੍ਹ ਵੀ ਪੰਥ ਦੇ ਨਾਮਵਰ ਤੇ ਸਟੇਜ ਦੇ ਧਨੀ ਕਵੀ ਸਾਹਿਬਾਨ ਨਾਲ ਥਾਂ ਥਾਂ ਤੇ ਕਵੀ ਦਰਬਾਰਾਂ ਦੀ ਸ਼ੋਭਾ ਵਧਾ ਰਹੇ ਹਨ।

ਆਪ ਨੇ ਹੁਣ ਤੱਕ ੋਵਿਰਸੇ ਦੇ ਅੰਗ ਸੰਗੋ(ਕਾਵਿ ਸੰਗ੍ਰਹਿ), ਲਹੂਭਿੱਜੇ ਇਤਿਹਾਸ ਦੇ ਪੰਨੇ (ਕਾਵਿ ਸੰਗ੍ਰਹਿ),ੋਧਰਮ ਕਾ ਜੈਕਾਰੋ(ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਦਾ 25 ਸਾਲਾ ਇਤਿਹਾਸ),ੋ21ਵੀਂ ਸਦੀ 'ਚ ਸਿੱਖ ਧਰਮ ਨੂੰ ਦਰਪੇਸ਼ ਚੁਣੋਤੀਓਂ(ਖੋਜ ਨਿਬੰਧ),ੋਭਾਈ ਸੰਤੋਖ ਸਿੰਘ ਦੇ ਰਚੇ ਸਿੱਖ ਸਾਹਿਤ ਦਾ ਆਲੋਚਨਾਤਮਿਕ ਅਧਿਐਨੋ(ਪੀਐਚ.ਡੀ ਥੀਸਿਸ), ਆਦਿ ਰਚਨਾਵਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ ਹਨ।ਸ਼ਤਾਬਦੀਆਂ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਸਮੇਂ ਸਮੇਂ ਤੇ ਸਨਮਾਨਿਤ ਕੀਤਾ ਗਿਆ।ਸਟੱਡੀ ਸਰਕਲ ਵਲੋਂੋਭਾਈ ਵੀਰ ਸਿੰਘ ਯਾਦਗਾਰੀ ਕਾਵਿ-ਪ੍ਰਤਿਭਾ ਪੁਰਸਕਾਰੋ ਨਾਲ ਸਨਮਾਨਿਤ ਕੀਤਾ ਗਿਆ।ਆਪ ਸ੍ਰੀ ਦਸਮੇਸ਼ ਇੰਟਰਨੈਸ਼ਨਲ ਪੰਜਾਬੀ ਕਵੀ ਸਭਾ ਦੇ ਜਨਰਲ ਸਕੱਤਰ ਹਨ।

ਗੁਰੂਚਰਨਾਂ ਚ ਅਰਦਾਸ ਕਰਦੇ ਹਾਂ ਕਿ ਪਾਤਸ਼ਾਹ ਇਹਨਾਂ ਤੇ ਹੋਰ ਕ੍ਰਿਪਾ ਕਰਨ ਤੇ ਇਹ ਇਸੇ ਤਰ੍ਹਾਂ ਹੀ ਚੜ੍ਹਦੀ ਕਲਾ ਨਾਲ ਕਲਮ ਰਾਹੀਂ ਕੌਮ ਦੀ ਸੇਵਾ ਕਰਦੇ ਰਹਿਣ।

ਡਾ. ਖੜਗ ਸਿੰਘ ਚੇਅਰਮੈਨ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼, ਚੰਡੀਗੜ੍ਹ

ਹਵਾਲਦਾਰ ਗੁਰਦਿਆਲ ਸਿੰਘ ਜੀ
ਸਾਰੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ

ਜੂਨ 1971 ਵਿੱਚ

15 ਜੁਲਾਈ ਦੀ ਥਾਂ ਤੇ 8 ਜੁਲਾਈ ਕਰਨੀ ਹੈ

ਸ੍ਰ. ਸਵਦੇਸ਼ ਸਿੰਘ ਜੀ ਚੱਡਾ , :੍+(ਂ) ਡ਼ਿਅਦਜਪ੍ਗੀ ਦੀ ਛਤਰਛਾਇਆ ਹੇਠ ਦਫ਼ਤਰ ਦਾ ਕੰਮ ਬਾਖੂਬੀ ਚੱਲ ਰਿਹਾ ਹੈ।

ਸ੍ਰ. ਸੁਰਜਨ ਸਿੰਘ ਅਤੇ ਸ੍ਰ. ਸਾਧੂਸਿੰਘ ਜੀ ਬਸਤੀ ਕਰਤਾਰਪੁਰ ਬਹੁਤ ਮਾਣ ਦਿੰਦੇ ਸਨ ਅਤੇ ਜਿਥੇ ਕਿਤੇ ਵੀ ਅਖੰਡ ਪਾਠ ਸਾਹਿਬ ਹੁੰਦੇ ਸਨ, ਮੈਨੂੰ ਨਾਲ ਲੈ ਕੇ ਜਾਇਆ ਕਰਦੇ ਸਨ। ਜਦੋਂ ਦਾਸ ਛੋਟੀ ਜਿਹੀ ਉਮਰ ਵਿੱਚ ਸ੍ਰੀ ਗੁਰੂਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਕੇ ਪਾਠ ਕਰਦਾ ਸੀ ਤਾਂ ਛੋਟਾ ਹੋਣ ਕਾਰਣ ਥੱਲੇ ਸਿਰਹਾਣਾ ਰੱਖਿਆ ਜਾਂਦਾ ਸੀ ਅਤੇ ਹੁਕਮਨਾਮਾ ਲੈਣ ਲਈ ਵੀ ਦਾਸ ਨੂੰ ਹੁਕਮ ਕੀਤਾ ਜਾਂਦਾ ਸੀ ਅਤੇ ਸੰਗਤਾਂ ਬਹੁਤ ਸਤਿਕਾਰ ਦਿੰਦੀਆਂ ਸਨ। ਇਸ ਬਸਤੀ ਦੇ ਹੋਰ ਵਸਨੀਕ ਸ੍ਰ. ਚੰਨਣ ਸਿੰਘ ਜੀ, ਸ੍ਰ. ਸੰਪੂਰਨ ਸਿੰਘ ਜੀ ਆਦਿ ਵੀ ਬਹੁਤ ਮਾਣ ਦਿੰਦੇ ਸਨ। ਅਸਲੀਅਤ ਇਹ ਹੈ ਕਿ ਇਹ ਸਾਰੇ ਪਰਵਾਰ ਮੈਨੂੰ ਵੀ ਆਪਣਾ ਹੀ ਬੱਚਾ ਸਮਝਦੇ ਸਨ।

ਕੱਟਣਾਂ ਹੈ

ਕਵਿਤਾਵਾਂ ਵਿੱਚ ਵੱਧ ਘੱਟ ਮਾਤ੍ਰਾਵਾਂ ਅਤੇ ਵਜ਼ਨ ਤੋਲ ਪੂਰਾ ਕਰਨ ਅਤੇ ਕੁਝ ਹੌਲੇ /ਭਾਰੇ ਸ਼ਬਦਾਂ ਵਿੱਚ ਅਦਲਾ-ਬਦਲੀ ਕਰਕੇ ਇਨ੍ਹਾਂ ਨੂੰ ਨਿਖਾਰਨ ਅਤੇ ਸ਼ਿੰਗਾਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਜੋ ਪਾਠਕ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਨੂੰ ਪੜ੍ਹ ਕੇ ਅਨੰਦ ਮਾਣ ਸਕਣ। ਬੜੇ ਸੀਮਿਤ ਸਮੇਂ ਵਿੱਚ ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਟੀਚਾ ਪੂਰਾ ਕਰਨ ਕਰਕੇ ਬਹੁਤ ਜਲਦੀ-ਜਲਦੀ ਵਿੱਚ ਸੁਧਾਈ ਦਾ ਕੰਮ ਕੀਤਾ ਗਿਆ ਹੈ, ਜਿਸ ਕਰਕੇ

ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਦੇ ਪਲੇਟ ਫਾਰਮ ਤੋਂ ਇਹ ਸਾਂਝ ਸ਼ੁਰੂਹੋਈ, ਜਿੱਥੇ ਗੁਰਮਤਿ ਕੈਂਪਾਂ, ਕਾਰਜਸ਼ਾਲਾਵਾਂ ਅਤੇ ਸਾਲਾਨਾ ਸਮਾਗਮਾਂ ਵਿਚ ਇਕੱਠੇ ਹੋ ਕੇ ਸੇਵਾ ਦੇ ਕਾਰਜਾਂ ਵਿੱਚ ਹਿੱਸਾ ਲੈਣ ਅਤੇ ਕਵਿਤਾਵਾਂ ਰਾਹੀਂ ਸੰਗਤਾਂ ਨੂੰ ਅਤੇ ਕੇਡਰ ਦੇ ਵੀਰਾਂ ਨੂੰ ਅਮੀਰ ਸਿੱਖ ਵਿਰਸੇ ਦੀ ਜਾਣਕਾਰੀ ਸਾਂਝੀ ਕਰਨ ਦੇ ਖੁੱਲ੍ਹੇ ਮੌਕੇ ਮਿਲਦੇ ਰਹੇ। ਇਸ ਤੋਂ ਉਪਰੰਤ ਅਸੀਂ ਪੰਜਾਬ ਅਤੇ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਦੇ ਵੱਡੇ-ਵੱਡੇ ਸ਼ਹਿਰਾਂ, ਦਿੱਲੀ, ਬੰਬਈ, ਕਲਕੱਤਾ, ਪੂਨਾ, ਰਾਏਪੁਰ (ਮੱਧ ਪ੍ਰਦੇਸ਼), ਹਜ਼ੂਰ ਸਾਹਿਬ (ਨਾਂਦੇੜ), ਯਮੁਨਾ ਨਗਰ, ਪਾਉਂਟਾ ਸਾਹਿਬ, ਪਟਨਾ ਸਾਹਿਬ, ਕਰਨਾਲ, ਪਾਣੀਪਤ ਅਤੇ ਹੋਰ ਕਈ ਸ਼ਹਿਰਾਂ ਵਿੱਚ ਗੁਰਪੁਰਬ ਸਮਾਗਮਾਂ ਦੀਆਂ ਸਟੇਜਾਂ 'ਤੇ ਇਕੱਠੇ ਕਵੀ ਦਰਬਾਰ ਕੀਤੇ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਖਾਲਸੇ ਦੀ ਸਾਜਣਾ ਦੀ ਤੀਜੀ ਸ਼ਤਾਬਦੀ (1999) ਤੋਂ ਲੈ ਕੇ ਹੁਣ ਤੱਕ ਮਨਾਈਆਂ ਗਈਆਂ ਸਾਰੀਆਂ ਸ਼ਤਾਬਦੀਆਂ ਵਿੱਚ ਕੀਤੇ ਗਏ ਕਵੀ ਦਰਬਾਰਾਂ ਵਿੱਚ ਇਕੱਠੇ ਸ਼ਮੂਲੀਅਤ ਕੀਤੀ ਅਤੇ ਮਾਣ ਸਨਮਾਨ ਹਾਸਲ ਕੀਤੇ। ਇਥੇ ਹੀ ਬੱਸ ਨਹੀਂ ਸਾਲ 2005 ਵਿੱਚ ਜਨਵਰੀ 2005 ਤੋਂ ਅਪ੍ਰੈਲ 2005 ਤੱਕ ਚਾਰ ਮਹੀਨੇ ਇੰਗਲੈਂਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਇਕੱਠਿਆਂ ਕਵੀ ਦਰਬਾਰ ਕੀਤੇ। ਪਾਕਿਸਤਾਨ ਦੇ ਮਹਾਨ ਗੁਰਧਾਮ, ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਅਤੇ ਪੰਜਾ ਸਾਹਿਬ ਵਿਖੇ ਵੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਕਰਵਾਏ ਗਏ ਵਿਸ਼ੇਸ਼ ਕਵੀ ਦਰਬਾਰਾਂ ਵਿੱਚ ਹਿੱਸਾ ਲਿਆ।

ਇਸ ਪੁਸਤਕ ਦੀ ਪ੍ਰਕਾਸ਼ਨਾ ਦਾ ਕੰਮ ਜਾਚਕ ਜੀ ਵਲੋਂ ਸਮਾਂ-ਬੱਧ ਕੀਤੇ ਜਾਣ ਕਾਰਣ ਇਹ ਸਾਰਾ ਕਾਰਜ ਬੜੇ ਸੀਮਤ ਸਮੇਂ ਵਿੱਚ ਕਰਨਾ ਪਿਆ ਹੈ।

ਚਹੁੰ ਕੁ ਦਿਨਾਂ 'ਚ ਖਰੜਾ ਪੜਚੋਲਿਆ ਮੈਂ, ਸਾਰਾ ਸੋਧ ਕੇ ਕਾਵਿ ਪ੍ਰਬੰਧ ਲਿਖਿਐ।
ਛੰਦਾਬੰਦੀ ਦੀ ਸੀਮਾ ਵਿੱਚ ਬੰਦ ਕਰਕੇ, ਕਾਂਟ ਛਾਂਟ ਕੇ ਇਕ ਇਕ ਛੰਦ ਲਿਖਿਐ।
ਕਿਥੋਂ ਤੁਰੀ ਸੀ,ਕਿੰਨਾ ਕੁ ਮੁਕਿਆ ਹੈ, ਪੂਰਾ ਜਾਚਕ ਦੀ ਕਵਿਤਾ ਦਾ ਪੰਧ ਲਿਖਿਐ।
ਭੁੱਖੇ ਭਾਣਿਆਂ ਬੈਠ ਕੇ ਕਈ ਘੰਟੇ, ਮੁੱਖ, ਬੰਦ ਕਰਕੇ,ੋਮੁੱਖ-ਬੰਦੋ ਲਿਖਿਐ।

ਇਸ ਕਰਕੇ ਹਾਲੇ ਵੀ ਬਹੁਤ ਸਾਰੀਆਂ ਉਕਾਈਆਂ ਰਹਿ ਗਈਆਂ ਹੋਣਗੀਆਂ।ਉਮੀਦ ਹੈ ਪਾਠਕ ਉਨ੍ਹਾਂ ਨੂੰ ਨਜ਼ਰ-ਅੰਦਾਜ਼ ਕਰਦੇ ਹੋਏ ਇਸ ਪੁਸਤਕ ਨੂੰ ਪ੍ਰਵਾਨ ਕਰਨਗੇ।

ਘਰ ਦੇ ਨਾਲ ਹੀ ਸ੍ਰ. ਕੁੰਦਨ ਸਿੰਘ ਜੀ ਦੇ ਗ੍ਰਹਿ ਵਿਖੇ ਵੀ ਖੇਡਦਾ ਰਹਿੰਦਾ ਸਾਂ।ਉਨ੍ਹਾਂ ਦੇ ਵਿਹੜੇ ਵਿੱਚ ਪੱਠੇ ਕੁਤਰਣ ਵਾਲਾ ਟੋਕਾ ਲੱਗਾ ਹੋਇਆ ਸੀ ਦੇਖਦਾ ਰਹਿੰਦਾ ਸਾਂ ਕਿ ਪੱਠੇ ਕਿਸ ਤਰ੍ਹਾਂ ਕੁਤਰੇ ਜਾਂਦੇ ਹਨ। ਇਕ ਦਿਨ ਜਦ ਟੋਕੇ ਕੋਲ ਕੋਈ ਵੀ ਨਹੀਂ ਸੀ,ਮੈ ਪ੍ਰੈਕਟੀਕਲ ਕਰਨ ਲੱਗਾ ਅਤੇ ਸੱਜੇ ਅਗੂੰਠੇ ਦਾ ਅਗਲਾ ਪਾਸਾ ਟੋਕੇ ਦੀ ਧਾਰ ਦੇ ਵਿੱਚਕਾਰ ਰੱਖਕੇ ਤੇ ਖੱਬੇ ਹੱਥ ਨਾਲ ਟੋਕਾ ਚਲਾ ਦਿੱਤਾ। ਪਲਕ ਝਪਕਦੇ ਹੀ ਅੰਗੂਠੇ ਨਾਲੋਂ ਮਾਸ ਲਟਕਦਾ ਦਿਖਾਈ ਦਿੱਤਾਅਤੇ ਖ਼ੂਨ ਦੀ ਤਤੀਰੀ ਚਲਦੀ ਤੱਕੀ। ਘਰ ਵੱਲ ਭੱਜਾ ਅਤੇ ਵੱਡੇ ਵੀਰ ਸ੍ਰ. ਇੰਦਰ ਸਿੰਘ ਪਿੰਡ ਦੇ ਡਾਕਟਰ ਕੋਲ ਲੈ ਗਏ ਉਸ ਨੇ ਉਸੇ ਤਰ੍ਹਾਂ ਹੀ ਲਟਕਦਾ ਮਾਸ ਅੰਗੂਠੇ ਤੇ ਬੰਨ੍ਹ ਕੇ ਪੱਟੀ ਕਰ ਦਿੱਤੀ। ਅਜ ਵੀ ਜਦੋਂ ਸਹਿਜ ਸੁਭ੍ਹਾ ਅੰਗੂਠੇ ਤੇ ਨਿਗ੍ਹਾਂ ਜਾਂਦੀ ਹੈ ਤਾਂ ਉਹ ਘਟਨਾ ਯਾਦ ਆ ਜਾਂਦੀ ਹੈ ਅਤੇ ਜਦੋਂ ਕਦੀ ਕਿਸੇ ਦਸਤਾਵੇਜ਼ ਤੇ ਕੋਈ ਪਹਿਚਾਨ ਲਿਖਣਾ ਹੁੰਦਾ ਹੈ ਤਾਂ ਙਚਵ ਙ਼ਗਾ ਰਅ ਵੀਕ ਗਜਪੀਵ ਵੀਚਠਲੋ ਹੀ ਲਿਖਿਆ ਜਾਂਦਾ ਹੈ ।

ਛੋਟੇ ਵੀਰ (ਸਾਂਢੂਸਾਹਿਬ) ਸ੍ਰ. ਮਹਿੰਦਰਪਾਲ ਸਿੰਘ ਅਤੇ ਜਸਬੀਰ ਕੌਰ (ਪੱਪੀ) ਸ੍ਰ. ਚਰਨਜੀਤ ਸਿੰਘ (ਵਿੱਕੀ) ਅਤੇ ਗੁਰਵਿੰਦਰ ਕੌਰ (ਗੋਲਡੀ) ਅਤੇ ਰਵਿੰਦਰ ਪ੍ਰੀਤ ਕੌਰ (ਦਿੱਲੀ) ਦੇ ਸਹਿਯੋਗ ਨਾਲ

2002 ਵਿੱਚ ਗੁਰੂਗੋਬਿੰਦ ਸਿੰਘ ਸਟੱਡੀ ਸਰਕਲ ਦੇ 30ਵੇਂ ਸਾਲਾਨਾ ਸਮਾਗਮ ਦੇ ਕਨਵੀਨਰ ਵਜੋਂ ਸੇਵਾ ਬਖ਼ਸ਼ੀ ਗਈ ਜਿਸ ਨੂੰ ਸਟੱਡੀ ਸਰਕਲ ਦੇ ਸਮੂਹ ਸੇਵਾਦਾਰਾਂ ਦੇ ਸਹਿਯੋਗ ਨਾਲ ਬਾਖ਼ੂਬੀ ਨਿਭਾਹਿਆ।

ਜੇਕਰ ਵਿਅਕਤੀਗਤ ਖ਼ੂਬੀਆਂ ਦੀ ਗੱਲ ਕਰਾਂ ਤਾਂ ਇਹ ਬਿਲਕੁਲ ਸੱਚ ਹੈ ਕਿ ਬਹੁਤ ਹੀ ਆਗਿਆਕਾਰੀ ਸਪੁੱਤਰ ਸੀ। ਕੋਈ ਵੀ ਗੱਲ ਕਰਨੀ ਤਾਂ ਕਦੇ ਵੀ ਮੱਥੇ ਤੇ ਵੱਟ ਨਾ ਪਾਉਣਾ ਸਗੋਂ ਹਰ ਗੱਲ ਦੇ ਜਵਾਬ ਵਿੱਚੋ ਜੀ ਪਿਤਾ ਜੀ ਅਤੇੋ ਜੀ ਮਾਤਾ ਜੀ ਹੀ ਕਹਿੰਦਾ ਸੀ। ਰਾਤ ਦਿਨ ਮਿਹਨਤ ਕਰਦਾ ਰਹਿੰਦਾ ਸੀ। ਜੇਕਰ ਰਾਤ ਦੀ ਡਿਊਟੀ ਕਰ ਕੇ ਆਉਂਦਾ ਸੀ ਤਾਂ 5-6 ਘੰਟੇ ਸੌਣ ਤੋਂ ਬਾਅਦ ਕੰਪਿਊਟਰ ਹਾਰਡਵੇਅਰ ਦਾ ਕੋਰਸ ਕਰਨ ਲਈ ਏਥਓਂਜ਼ਟਭ ਚਲੇ ਜਾਂਦਾ ਸੀ। ਉਸ ਦਾ ਇੰਗਲਿਸ਼ ਬੋਲਣ ਦਾ ਬਹੁਤ ਫਲੋਅ ਸੀ। ਅਮਰੀਕਨ ਅਤੇ ਆਸਟਰੇਲੀਅਨ ਇੰਗਲਿਸ਼ ਬੋਲਣ ਦੀ ਮੁਹਾਰਤ ਹਾਸਲ ਸੀ। ਯਾਰੀ ਦੋਸਤੀ ਇਤਨੀ ਜਿਆਦਾ ਸੀ ਕਿ ਕੋਈ ਹੀ ਦਿਨ ਭਾਂਵੇ ਹੋਵੇ ਜਿਸ ਦਿਨ ਦੋਸਤ ਮਿੱਤਰ ਨਾ ਆਏ ਹੋਣ। ਸਭ ਨਾਲ ਖਿੜੇ ਮੱਥੇ ਗੱਲਬਾਤ ਕਰਦਾ ਸੀ ਅਤੇ ਜੇਕਰ ਕਿਸੇ ਦਾ ਕੋਈ ਵੀ ਕੰਮ ਹੋਣਾ, ਭਾਵੇਂ ਕਿੰਨੀ ਵੀ ਥਕਾਵਟ ਹੁੰਦੀ ਸੀ ਫਿਰ ਵੀ ਕੰਮ ਕਰਕੇ ਹੀ ਸਾਹ ਲੈਂਦਾ ਸੀ।ਆਪਣੇ ਨਾਲ ਹੀ ਕੰਮ ਕਰਦੀ ਲੜਕੀ ਅਮਨਜੋਤ ਕੌਰ ਨਾਲ ਪਿਛਲੇ 4 ਸਾਲ ਤੋਂ ਬੜੀ ਪਾਕ ਪਵਿੱਤਰ ਦੋਸਤੀ ਸੀ।